# ਬੀਤੇ ਦੀਆਂ ਪੈੜਾਂ

[ਭਾਗ -16]

ਪ੍ਰੀਤਮ ਸਿੰਘ ਕਵੀ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਬੀਤੇ ਦੀਆਂ ਪੈੜਾਂ

## ਭਾਗ-16

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਬੀਤੇ ਦੀਆਂ ਪੈੜਾਂ
## ਭਾਗ-16

(26 ਅਕਤੂਬਰ 1985 ਤੋਂ 15 ਜਨਵਰੀ 1986)

ਪ੍ਰੀਤਕ ਸਿੰਘ ਕਵੀ

ਆਰਸੀ ਪਬਲਿਸ਼ਰਜ਼
ਦਿੱਲੀ

Sri Satguru Jagjit Singh Ji Elibrary NamdhariElibrary@gmail.com

**BEETE DIYAN PAIRAN (Part-16)**
**by**
**Pritam Singh Kavi**

ARSEE PUBLISHERS, CHANDNI CHOWK, DELHI-110006
Branch office: 51, Parda Bagh, Darya Ganj, New Delhi-110002
email: arseepublishers@rediffmail.com

*All rights reserved. No part of this book be reproduced, stored in a retrievel system, or transmitted in any form or by any means, electronic, mechanical, photocopying, recording or otherwise without prior written permission from both the Author and the Publisher.*

ISBN - 978-81-8299-308-2

© ਲੇਖਕ
ਸੰਸਕਰਣ : 2013

*ਪ੍ਰਕਾਸ਼ਕ :* ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ-110016
51, ਪਰਦਾ ਬਾਗ, ਦਰਿਆਗੰਜ ਦਿੱਲੀ-110002
ਫ਼ੋਨ ਨੰ: 011-23280657, 011-65966481
*ਪ੍ਰਿੰਟਰ :* ਰਚਨਾ ਪ੍ਰਿੰਟਰਜ਼
*ਕੀਮਤ :* 375 ਰੁਪਏ

Sri Satguru Jagjit Singh Ji Elibrary NamdhariElibrary@gmail.com

ਪਰਮ ਪੂਜ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਨੂੰ

Sri Satguru Jagjit Singh Ji Elibrary NamdhariElibrary@gmail.com

# ਤਤਕਰਾ


| | | |
|---|---|---|
| 1. | 26 ਅਕਤੂਬਰ 1985, ਸ਼ਨੀਵਾਰ, ਸ੍ਰੀ ਜੀਵਨ ਨਗਰ (ਅੱਸੂ ਦਾ ਮੇਲਾ) | 11 |
| 2. | 27 ਅਕਤੂਬਰ 1985, ਐਤਵਾਰ, ਸ੍ਰੀ ਜੀਵਨ ਨਗਰ (ਅੱਸੂ ਦਾ ਮੇਲਾ) | 18 |
| 3. | 28 ਅਕਤੂਬਰ 1985, ਸੋਮਵਾਰ, ਸ੍ਰੀ ਜੀਵਨ ਨਗਰ (ਅੱਸੂ ਮੇਲੇ ਦਾ ਅੰਤਮ ਦਿਨ) | 26 |
| 4. | 30 ਅਕਤੂਬਰ 1985, ਬੁੱਧਵਾਰ, ਨਵੀਂ ਦਿੱਲੀ | 32 |
| 5. | 31 ਅਕਤੂਬਰ 1985, ਵੀਰਵਾਰ, ਨਵੀਂ ਦਿੱਲੀ | 33 |
| 6. | 1 ਨਵੰਬਰ, 1985, ਸ਼ੁੱਕਰਵਾਰ, ਨਵੀਂ ਦਿੱਲੀ | 35 |
| 7. | 2 ਨਵੰਬਰ 1985, ਸ਼ਨੀਵਾਰ, ਨਵੀਂ ਦਿੱਲੀ | 37 |
| 8. | 3 ਨਵੰਬਰ 1985, ਐਤਵਾਰ, ਨਵੀਂ ਦਿੱਲੀ | 40 |
| 9. | 4 ਨਵਬੰਰ1985, ਸੋਮਵਾਰ, ਨਵੀਂ ਦਿੱਲੀ | 44 |
| 10. | 5 ਨਵੰਬਰ, 1985, ਮੰਗਲਵਾਰ, ਨਵੀਂ ਦਿੱਲੀ | 48 |
| 11. | 6 ਨਵੰਬਰ 1985, ਬੁੱਧਵਾਰ, ਨਵੀਂ ਦਿੱਲੀ | 52 |
| 12. | 7 ਨਵੰਬਰ 1985, ਵੀਰਵਾਰ, ਨਵੀਂ ਦਿੱਲੀ | 57 |
| 13. | 8 ਨਵੰਬਰ 1985 ਸ਼ੁਕਰਵਾਰ, ਨਵੀਂ ਦਿੱਲੀ | 59 |
| 14. | 10 ਨਵੰਬਰ 1985 ਐਤਵਾਰ, ਸ੍ਰੀ ਭੈਣੀ ਸਾਹਿਬ ਪੰਜਾਬ | 59 |


Sri Satguru Jagjit Singh Ji Elibrary NamdhariElibrary@gmail.com

| | | |
|---|---|---|
| 15. | 11 ਨਵੰਬਰ 1985, ਸੋਮਵਾਰ, ਸ੍ਰੀ ਭੈਣੀ ਸਾਹਿਬ | 62 |
| 16. | 12 ਨਵੰਬਰ 1985, ਮੰਗਲਵਾਰ,<br>ਸ੍ਰੀ ਭੈਣੀ ਸਾਹਿਬ, ਦੀਵਾਲੀ | 68 |
| 17. | 13 ਨਵੰਬਰ 1985, ਬੁੱਧਵਾਰ,<br>ਸ੍ਰੀ ਭੈਣੀ ਸਾਹਿਬ ਦੀਵਾਲੀ ਦਾ ਭੋਗ | 72 |
| 18. | 14 ਨਵੰਬਰ 1985, ਵੀਰਵਾਰ, ਸ੍ਰੀ ਭੈਣੀ ਸਾਹਿਬ | 82 |
| 19. | 15 ਨਵੰਬਰ 1985, ਸ਼ੁੱਕਰਵਾਰ, ਚੰਡੀਗੜ੍ਹ | 83 |
| 20. | 17 ਨਵੰਬਰ 1985, ਐਤਵਾਰ, ਨਵੀਂ ਦਿੱਲੀ | 84 |
| 21. | 18 ਨਵੰਬਰ 1985, ਸੋਮਵਾਰ, ਨਵੀਂ ਦਿੱਲੀ | 85 |
| 22. | 19 ਨਵੰਬਰ 1985, ਮੰਗਲਵਾਰ, ਨਵੀਂ ਦਿੱਲੀ | 85 |
| 23. | 21 ਨਵੰਬਰ 1985, ਵੀਰਵਾਰ, ਨਵੀਂ ਦਿੱਲੀ | 86 |
| 24. | 22 ਨਵੰਬਰ 1985, ਸ਼ੁਕਰਵਾਰ, ਨਵੀਂ ਦਿੱਲੀ | 89 |
| 25. | 23 ਨਵੰਬਰ 1985, ਸ਼ਨੀਵਾਰ, ਨਵੀਂ ਦਿੱਲੀ | 95 |
| 26. | 24 ਨਵੰਬਰ 1985, ਐਤਵਾਰ, ਨਵੀਂ ਦਿੱਲੀ | 101 |
| 27. | 25 ਨਵੰਬਰ 1985, ਸੋਮਵਾਰ,<br>ਨਵੀਂ ਦਿੱਲੀ - ਭੈਣੀ ਸਾਹਿਬ | 102 |
| 28. | 26 ਨਵੰਬਰ 1985 , ਮੰਗਲਵਾਰ,<br>ਸ੍ਰੀ ਭੈਣੀ ਸਾਹਿਬ (ਰਾਈਆਂ ਵਿਖੇ) | 114 |
| 29. | 27 ਨਵੰਬਰ1985, ਬੁੱਧਵਾਰ, ਸ੍ਰੀ ਭੈਣੀ ਸਾਹਿਬ | 122 |
| 30. | 28 ਨਵੰਬਰ 1985, ਵੀਰਵਾਰ, ਸ੍ਰੀ ਭੈਣੀ ਸਾਹਿਬ | 126 |
| 31. | 29 ਨਵੰਬਰ 1985, ਸ਼ੁਕਰਵਾਰ, ਜਲੰਧਰ | 128 |
| 32. | 1 ਦਸੰਬਰ 1985, ਐਤਵਾਰ, ਨਵੀਂ ਦਿੱਲੀ | 133 |


Sri Satguru Jagjit Singh Ji Elibrary NamdhariElibrary@gmail.com

| | | |
|---|---|---|
| 33. | 3 ਦਸੰਬਰ 1985, ਮੰਗਲਵਾਰ, ਨਵੀਂ ਦਿੱਲੀ | 135 |
| 34. | 6 ਦਸੰਬਰ 1985, ਸ਼ੁਕਰਵਾਰ, ਨਵੀਂ ਦਿੱਲੀ | 135 |
| 35. | 13 ਦਸੰਬਰ 1985, ਸ਼ੁਕਰਵਾਰ, ਨਵੀਂ ਦਿੱਲੀ | 136 |
| 36. | 15 ਦਸੰਬਰ 1985, ਐਤਵਾਰ, ਨਵੀਂ ਦਿੱਲੀ | 136 |
| 37. | 16 ਦਸੰਬਰ 1985, ਸੋਮਵਾਰ, ਨਵੀਂ ਦਿੱਲੀ | 141 |
| 38. | 17 ਦਸੰਬਰ 1985, ਮੰਗਲਵਾਰ, ਨਵੀਂ ਦਿੱਲੀ | 145 |
| 39. | 18 ਦਸੰਬਰ 1985, ਬੁੱਧਵਾਰ, ਨਵੀਂ ਦਿੱਲੀ | 150 |
| 40. | 23 ਦਸੰਬਰ 1985, ਸੋਮਵਾਰ, ਨਵੀਂ ਦਿੱਲੀ | 151 |
| 41. | 24 ਦਸੰਬਰ 1985, ਮੰਗਲਵਾਰ, ਨਵੀਂ ਦਿੱਲੀ | 153 |
| 42. | 25 ਦਸੰਬਰ 1985, ਬੁੱਧਵਾਰ, ਨਵੀਂ ਦਿੱਲੀ ਗਵਾਲੀਅਰ | 158 |
| 43. | 26 ਦਸੰਬਰ 1985, ਵੀਰਵਾਰ, ਗਵਾਲੀਅਰ | 171 |
| 44. | 27 ਦਸੰਬਰ, ਸ਼ੁੱਕਰਵਾਰ, 1985, ਗਵਾਲੀਅਰ, ਮੱਧ ਪ੍ਰਦੇਸ਼ | 182 |
| 45. | ਰਹਿਤਪੁਰਾ, ਜਿ: ਭਿੰਡ, ਮੱਧ ਪ੍ਰਦੇਸ਼ | 184 |
| 46. | 28 ਦਸੰਬਰ 1985, ਸ਼ਨੀਵਾਰ, ਰਹਿਤਪੁਰਾ, ਐਮ.ਪੀ. | 189 |
| 47. | 29 ਦਸੰਬਰ 1985, ਐਤਵਾਰ, ਗਵਾਲੀਅਰ ਡਬਰਾ ਐਮ. ਪੀ. | 195 |
| 48. | 30 ਦਸੰਬਰ 1985, ਸੋਮਵਾਰ, ਡਬਰਾ ਮੰਡੀ ਛਤ੍ਰਪੁਰ ਐਮ.ਪੀ. | 199 |
| 49. | 31 ਦਸੰਬਰ 1985, ਮੰਗਲਵਾਰ, ਦਿੱਲੀ ਨੂੰ ਧਾਈ | 208 |
| 50. | 1 ਜਨਵਰੀ 1986, ਬੁੱਧਵਾਰ, ਨਵੀਂ ਦਿੱਲੀ | 210 |


Sri Satguru Jagjit Singh Ji Elibrary NamdhariElibrary@gmail.com

| | | |
|---|---|---|
| 51. | 6 ਜਨਵਰੀ 1986 ਸੋਮਵਾਰ, ਨਵੀਂ ਦਿੱਲੀ | 217 |
| 52. | 7 ਜਨਵਰੀ 1986 ਮੰਗਲਵਾਰ, ਨਵੀਂ ਦਿੱਲੀ | 219 |
| 53. | 8 ਜਨਵਰੀ 1896, ਬੁੱਧਵਾਰ, ਨਵੀਂ ਦਿੱਲੀ | 220 |
| 54. | 10 ਜਨਵਰੀ 1986 ਸ਼ੁਕਰਵਾਰ, ਨਵੀਂ ਦਿੱਲੀ | 223 |
| 55. | 11 ਜਨਵਰੀ 1986, ਸ਼ਨੀਵਾਰ, ਨਵੀਂ ਦਿੱਲੀ | 225 |
| 56. | 12 ਜਨਵਰੀ 1986, ਐਤਵਾਰ, ਹਰਿਦਵਾਰ ਯੂ.ਪੀ. | 228 |
| 57. | 13 ਜਨਵਰੀ 1986, ਸੋਮਵਾਰ , ਹਰਿਦੁਵਾਰ, ਯੂ.ਪੀ. | 231 |
| 58. | 14 ਜਨਵਰੀ 1986, ਮੰਗਲਵਾਰ, ਨਵੀਂ ਦਿੱਲੀ | 233 |
| 59. | 15 ਜਨਵਰੀ 1986, ਬੁੱਧਵਾਰ, ਨਵੀਂ ਦਿੱਲੀ | 236 |

Sri Satguru Jagjit Singh Ji Elibrary NamdhariElibrary@gmail.com

## 26 ਅਕਤੂਬਰ 1985, ਸ਼ਨੀਵਾਰ
## ਸ੍ਰੀ ਜੀਵਨ ਨਗਰ (ਅੱਸੂ ਦਾ ਮੇਲਾ)

ਬੰਸਰੀ, ਤਾਰ ਸ਼ਹਿਨਾਈ, ਸਾਰੰਗੀ, ਦਿਲਰੁਬਾ, ਤਬਲਾ, ਮ੍ਰਿਦੰਗ ਆਦਿ ਦੀਆਂ ਆਵਾਜ਼ਾਂ ਨਾਲ ਜੀਵਨ ਨਗਰ ਦਾ ਸਾਰਾ ਮੰਡਲ ਆਸਾ ਦੀ ਵਾਰ ਦੇ ਸ਼ਲੋਕਾਂ ਦਾ ਅਨੰਦ ਮਾਣ ਰਿਹਾ ਹੈ। ਵੱਡੇ ਭਾਗਾਂ ਵਾਲੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਪੰਡਾਲ ਵਿਚ ਹਾਜ਼ਰ ਹੋ ਦਿਵਾਨ ਵਿਖੇ ਕਰ ਰਹੇ ਹਨ। ਉੱਤਮ ਕਰਮੀ ਸਾਧ ਸੰਗਤ ਦੀ ਸੇਵਾ ਸੰਭਾਲ ਵਿਚ ਜੁਟੇ ਹੋਏ ਹਨ। ਆਲਸੀਆਂ ਨੂੰ ਬਿਸਤਰਿਆਂ ਵਿਚ ਕੀਰਤਨ ਦੀਆਂ ਧੁਨਾਂ ਨਸੀਬ ਹੁੰਦੀਆਂ ਹਨ।

7 ਵਜੇ ਆਸਾ ਦੀ ਵਾਰ ਦੀ ਸਮਾਪਤੀ ਹੋਈ।

ਸ. ਹਰੀ ਸਿੰਘ ਨਾਲ ਸਾਈਕਲਾਂ ਤੇ ਜਾ ਕੇ ਟਿਬੇ ਵਾਲੇ ਖੂਹ ਤੇ ਸ੍ਰੀ ਸਤਿਗੁਰੂ ਜੀ ਦੇ 9.30 ਵਜੇ ਦਰਸ਼ਨ ਕੀਤੇ। ਆਪ ਸੰਗੀਤਕਾਰਾਂ ਦੇ ਤੰਬੂ ਵੱਲ ਪਧਾਰੇ, ਕਲਾਕਾਰ ਆਸਾ ਦੀ ਵਾਰ ਤੋਂ ਵਿਹਲੇ ਹੋ ਆਰਾਮ ਫ਼ਰਮਾ ਰਹੇ ਸਨ। ਸਤਿਗੁਰੂ ਜੀ ਉਨ੍ਹਾਂ ਨੂੰ ਘੂਕ ਸੁਤਿਆਂ ਵੇਖ ਪਰਤੇ ਤਾਂ ਸਾਨੂੰ ਨਮਸਕਾਰ ਕਰਨ ਦਾ ਅਵਸਰ ਮਿਲਿਆ।

ਟਾਹਲੀ ਹੇਠ ਡੱਠੇ ਤਖਤਪੋਸ਼ ਤੇ ਪਿਆ ਟੈਲੀਫੋਨ ਧੜਕ ਰਿਹਾ ਸੀ। ਅੱਜ ਵੀ ਇੰਗਲੈਂਡ ਅਫਰੀਕਾ ਨੂੰ ਕਾਲਾਂ ਕਰਨ ਲਈ ਬੁਕਿੰਗ ਦੀ ਕੋਸ਼ਿਸ਼ ਸੀ। ਤੰਬੂ ਭਾਵੇਂ ਵਲ੍ਹੇਟੇ ਜਾ ਰਹੇ ਸਨ ਤਾਂ ਵੀ 5-7 ਏਥੇ ਹੀ ਪਰਸੋਂ ਤਕ ਰਹਿਣਗੇ। ਸਾਧ ਸੰਗਤ ਆ-ਜਾ ਰਹੀ ਹੈ। 40-50 ਵਿਅਕਤੀ ਏਥੇ ਖੁਲ੍ਹੀ ਔਖੇ ਨਜ਼ਰ ਪੈਂਦੇ ਹਨ। ਸੇਠ ਜੀ ਦਾ ਡੇਰਾ ਸਤਿਗੁਰੂ ਜੀ ਦੇ ਕੋਲ ਹੀ ਲਗਦਾ ਹੈ।

ਤਰਸੇਮ ਸਿੰਘ ਸਕੱਤਰ ਤੰਬੂ ਕੱਠੇ ਕਰ-ਕਰਵਾ ਰਿਹਾ ਹੈ। ਸੱਚੇ ਪਾਤਸ਼ਾਹ ਜੀ ਵਾਸਤੇ ਗੱਡੀ ਆਈ, ਆਪ ਮਸਤਾਨਗੜ੍ਹੋਂ ਹੋ ਕੇ ਜੀਵਨ ਨਗਰ ਦਰਸ਼ਨ ਦੇਣਗੇ। ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਅਵਤਾਰ ਸਿੰਘ ਘੁੰਮਣ ਅ ਤੇ ਕਰਨੈਲ ਸਿੰਘ ਅੰਗ ਰਖਿਅਕ 3-4 ਹੋਰ ਸਾਥੀਆਂ ਨਾਲ ਆਏ ਹਨ। ਗੱਡੀ ਵਿਚ ਬੈਠਿਆਂ ਹੀ ਆਪ ਨੇ ਅਵਤਾਰ ਹੁਰਾਂ ਨਾਲ ਬਚਨ ਕੀਤੇ ਹਨ।

ਮੈਨੂੰ ਲਗਿਆ ਹੈ ਇਕ ਤਾਂ ਜਸਬੀਰ ਸਿੰਘ ਅੰਗ ਰਖਿਅਕ ਦੀ ਪਤਨੀ ਦਾ ਵੀ ਛੱਡ-ਛਡੱਈਆ ਕਰਨ ਲਈ ਸਤਿਗੁਰਾਂ ਜ਼ਿਕਰ ਕੀਤਾ ਹੈ ਕਿਉਂਕਿ ਉਸ ਦਾ ਪਿਤਾ ਹਰਜੀਤ ਸਿੰਘ ਚੇਲੇਕਾ ਏਥੇ ਮੌਜੂਦ ਹੈ - ਇਹ ਗੱਲ ਉਸੇ ਦੀ ਬੇਨਤੀ ਦਾ ਪ੍ਰਤੀਫਲ ਹੈ। ਦੂਜੇ ਸ.ਹਰੀ ਸਿੰਘ ਨੂੰ ਭਾਵੇਂ 10 ਮਿੰਟ ਪਹਿਲਾਂ ਛੁਟੀ ਦੇ ਦਿਤੀ ਗਈ ਸੀ ਪਰ



Sri Satguru Jagjit Singh Ji Elibrary NamdhariElibrary@gmail.com

ਜਾਪਿਆ ਹੈ ਕਿ ਉਸਦੀ ਪੁੱਤਰੀ ਦੀ ਸ਼ਾਦੀ ਵਾਸਤੇ ਵੀ ਅਵਤਾਰ ਹੁਰਾਂ ਨਾਲ ਗੱਲ ਸਾਂਝੀ ਕੀਤੀ ਗਈ ਹੈ।

ਅਚਾਨਕ ਮੈਨੂੰ ਮੁਖਾਤਿਬ ਹੋਏ ਹਨ: ਆਓ ਕਵੀ ਜੀ ਕਿਵੇਂ ਆਏ? ਹੁਣ ਹੀ ਵਿਹਲ ਮਿਲਿਆ ਹੈ ਤੁਹਾਡੇ ਨਾਲ ਗੱਲ ਕਰਨ ਦਾ।

"ਦੀਨ ਦਿਆਲ ਕੇਵਲ ਦਰਸ਼ਨ ਕਰਨ ਆਇਆ ਸਾਂ। ਆਸਾ ਦੀ ਵਾਰ ਵਿਚ ਤਾਂ ਮੇਰੀ ਗ਼ੈਰ ਹਾਜ਼ਰੀ ਸੀ।"

"ਮੇਰੇ ਪਾਸ ਤਾਂ ਹਾਜ਼ਰੀ ਹੀ ਰਹੀ ਹੈ। ਕਿਸੇ ਨੇ ਗ਼ੈਰਹਾਜ਼ਰੀ ਵੀ ਨੋਟ ਨਹੀਂ ਕਰਵਾਈ।"

"ਆਪ ਜੀ ਦੇ ਰਜਿਸਟਰ ਵਿਚ ਹਾਜ਼ਰੀ ਲਗਦੀ ਰਹੇ ਤਾਂ ਹੋਰ ਕੀ ਚਾਹੀਦਾ ਏ।"

ਸੱਚੇ ਪਾਤਸ਼ਾਹ ਜੀ ਸੇਠ ਜੀ ਨੂੰ ਨਾਲ ਬੈਠਾ, ਹੰਸਪਾਲ ਜੀ ਦੀ ਕਾਰ ਤੇ ਟਿੱਕਾ ਸੁਰੰਮ੍ਰਿਤ ਸਿੰਘ ਦੀ ਚਲਾਈ ਨਾਲ ਮਸਤਾਨ ਗੜ੍ਹ ਨੂੰ ਮੂਵ ਕਰ ਗਏ।

ਮੈਨੂੰ ਅਵਤਾਰ ਸਿੰਘ ਘੁੰਮਣ ਨੇ ਦੱਸਿਆ ਕਿ ਕੱਲ ਸੱਚੇ ਪਾਤਸ਼ਾਹ ਜੀ ਨੇ ਉਸਨੂੰ ਇਹ ਗੱਲ ਚੇਤੇ ਕਰਵਾਂਦੇ ਰਹਿਣ ਲਈ ਬਚਨ ਕੀਤਾ ਹੈ ਕਿ ਇਕ ਪੂਰਾ ਸਾਲ 50 ਨੌਜੁਆਨਾਂ ਨਾਲ ਸ੍ਰੀ ਭੈਣੀ ਸਾਹਿਬ ਵਿਖੇ ਘਟੋ-ਘਟ 8 ਘੰਟੇ ਰੋਜ਼ਾਨਾ ਭਜਨ ਕਰਨ ਕਰਵਾਣ ਦਾ ਸੰਯੋਜਨ ਕਰਨਾ ਹੈ।

ਮੈਂ ਜੀਵਨ ਨਗਰ ਵਾਪਸ ਆਇਆ ਤਾਂ ਇਸਦੇ ਪੱਛਮ ਵਲ ਛੱਪੜ ਵਿਚੋਂ ਐਲਨਾਬਾਦ ਮਿਊਨਸਪੈਲਿਟੀ ਦੀ ਅਗਨੀ ਸ਼ਮਨ ਸੇਵਾ ਦੀ ਲਾਲ ਮੋਟਰ ਆਪਣੇ ਜ਼ਬਰਦਸਤ ਪਾਈਪਾਂ ਰਾਹੀਂ ਪਾਣੀ ਚੂਸ ਰਹੀ ਸੀ ਜੀਵਨ ਨਗਰ ਦੇ ਰਾਹਾਂ ਮੈਦਾਨਾਂ ਦਾ ਘੱਟਾ ਬੈਠਾਣ ਲਈ।

ਮਹੰਤ ਆਤਮਾ ਸਿੰਘ ਸਨਖਤਰਾ ਤੋਂ ਮਾਲੂਮ ਹੋਇਆ ਕਿ ਹੇਠ ਲਿਖੇ ਜਥੇਦਾਰਾਂ ਨੇ ਕੱਲ ਦਿਵਾਨ ਸਜਾਏ ਹਨ:

1. ਜਥੇਦਾਰ ਸ਼ੇਰ ਸਿੰਘ ਭਗਵਾਨ ਸਿੰਘ ਭੜੋਲਿਆਂ ਵਾਲੀ (ਸਰਸਾ)
2. ਜਥੇਦਾਰ ਹਜ਼ਾਰਾ ਸਿੰਘ ਲਖਨਊ ਵਾਲੇ।
3. ਜਥੇਦਾਰ ਗੁਰਬਚਨ ਸਿੰਘ ਚਰਾਣ (ਹੁਸ਼ਿਆਰਪੁਰ)
4. ਜਥੇਦਾਰ ਸੂਬਾ ਮੇਲਾ ਸਿੰਘ ਜੀ ਰਛੀਨ (ਲੁਧਿਆਣਾ)
5. ਜਥੇਦਾਰ ਇੰਦਰ ਸਿੰਘ ਗਿੱਲ
6. ਜਥੇਦਾਰ ਸੁਰਿੰਦਰ ਸਿੰਘ ਗਵਾਲੀਅਰ
7. ਜਥੇਦਾਰ ਗੁਰਬਚਨ ਸਿੰਘ ਸੰਤ ਨਗਰ (ਸਰਸਾ)

ਅੱਜ ਸ਼ਾਮ ਤਕ ਹੇਠ ਲਿਖੇ ਮਹਾਨੁਭਾਵ ਹੱਲੇ ਦੇ ਦਿਵਾਨ ਲਗਾਣਗੇ:

8. ਜਥੇਦਾਰ ਸੁਰਜੀਤ ਸਿੰਘ ਜੋੜਕੀਆਂ (ਰਾਜਸਥਾਨ)
9. ਜਥੇਦਾਰ ਗੁਰਦੀਪ ਸਿੰਘ ਤੈ: ਸਾ:



Sri Satguru Jagjit Singh Ji Elibrary NamdhariElibrary@gmail.com

10. ਜਥੇਦਾਰ ਪ੍ਰੀਤਮ ਸਿੰਘ ਪੱਧਰੀ

11. ਪੰਡਿਤ ਗੋਪਾਲ ਸਿੰਘ

ਪ੍ਰਬੰਧ ਇਸ ਤਰ੍ਹਾਂ ਹੈ - ਜੀਵਨ ਨਗਰ ਐਲਨਾਬਾਦ ਵਾਲੀ ਸੜਕੋਂ ਉਤਰਦਿਆਂ ਸੱਜੇ ਹੱਥ ਸਕੂਲ ਅਹਾਤੇ ਵਿਚ, ਜਿਸਦੇ ਪਿਛਲੇ ਪਾਸੇ ਸਫੈਦਿਆਂ ਦਾ ਘਣਾ ਜੰਗਲ ਹੈ ਤੰਬੂਆਂ ਦੀਆਂ ਕਤਾਰਾਂ ਹਨ। ਛੱਪੜ ਦੇ ਚੜ੍ਹਦੇ ਪਾਸੇ ਟ੍ਰੱਕਾਂ, ਟ੍ਰਾਲੀਆਂ, ਟ੍ਰੈਕਟਰਾਂ, ਬੱਸਾਂ, ਕਾਰਾਂ, ਜੀਪਾਂ ਆਦਿ ਦੇ ਖਲਿਹਾਰਨ ਦੀ ਜਗਹ ਹੈ। ਜੀਵਨ ਨਗਰ ਪ੍ਰਵੇਸ਼ ਬਾਜ਼ਾਰ ਵਿਚ ਬੈਰੀਅਰ ਲੱਗਾ ਹੋਇਆ ਹੈ - ਅੱਗੇ ਬਿਨਾਂ ਗੁਰੂ ਕੀਆਂ ਸਵਾਰੀਆਂ ਤੋਂ ਕੋਈ ਨਹੀਂ ਜਾ ਸਕਦੀ। ਇਸ ਗੱਲ ਦੀ ਜ਼ਿੰਮੇਵਾਰੀ ਕਰੀਵਾਲੇ ਦੇ ਸਿੰਘਾਂ ਨੂੰ ਸੌਂਪੀ ਗਈ ਹੈ। ਇਹਨਾਂ ਚੋਂ ਮੁਖੀ ਹਨ ਸੰਤ ਤਾਰਾ ਸਿੰਘ ਸਪੁਤ੍ਰ ਸੰਤ ਸੁੰਦਰ ਸਿੰਘ ਪਾੜੀ ਵਾਲੇ (ਮੇਰੇ ਮਾਮਾ ਜੀ), ਸੰਤ ਅਨੋਖ ਸਿੰਘ, ਸੰਤ ਸੂਰਤ ਸਿੰਘ, ਸੰਤ ਸੁਖਦੇਵ ਸਿੰਘ ਝੱਬਰ ਆਦਿ। ਗੱਡੀਆਂ ਟ੍ਰਾਲੀਆਂ ਦੀ ਇਸ ਇਲਾਕੇ ਵਿਚ ਭਰਮਾਰ ਹੈ। ਕਰੀਵਾਲੇ, ਐਲਨਾਬਾਦ ਅਤੇ ਰਾਣੀਆਂ ਤਕ ਦੇ ਪਿੰਡਾਂ ਦੇ ਲੋਕ ਰਾਤ ਘਰੋ ਘਰੀ ਜਾ ਸੌਂਦੇ ਹਨ, ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਸੁਣਨ ਅਤੇ ਸ਼ਾਮ ਦੇ ਦਿਵਾਨ ਦੁਬਾਰਾ ਆਕੇ ਸੁਣਦੇ ਰਹੇ ਹਨ। ਹੁਣ ਬਹੁਤੇ ਜੀਵਨ ਨਗਰ ਰਹਿਣਗੇ। ਥੋੜ੍ਹੇ ਘਰ ਬਾਰ ਦੀ ਸੰਭਾਲ ਨੂੰ ਜਾਣਗੇ। ਗਲੀਆਂ ਬਾਜ਼ਾਰ ਮਨੁਖੀ ਚਹਿਲ ਪਹਿਲ ਨਾਲ ਭਰੇ-ਭਰੇ ਲਗਦੇ ਹਨ। ਨਾਮਧਾਰੀ ਤਾਂ ਹਨ ਹੀ, ਰੰਗਦਾਰ ਕੱਪੜਿਆਂ ਤੇ ਟੇਢੀਆਂ ਪੱਗਾਂ ਵਾਲਿਆਂ ਦੀਆਂ ਵੀ ਖਾਸ ਰੌਣਕਾਂ ਹਨ। ਦੁਕਾਨਾਂ ਦਾ ਪ੍ਰਬੰਧ ਵੀ ਹੈ। ਇਕ ਅਹਾਤੇ ਵਿਚ ਸੰਤਰੇ, ਕੇਲੇ, ਮਾਲਟੇ, ਸੇਬ ਆਦਿ ਦੀਆਂ ਦੁਕਾਨਾਂ ਵੀ ਹਨ ਅਤੇ ਦੇਸੀ ਘਿਉ ਦੀਆਂ ਜਲੇਬੀਆਂ, ਪਕੌੜੇ, ਬਰਫ਼ੀ, ਬਾਲੂਸ਼ਾਹੀਏ ਆਦਿ ਦੁਕਾਨਾਂ ਤੇ ਵੀ ਖੂਬ ਰੌਣਕ ਰਹਿੰਦੀ ਹੈ। ਅਗੇ ਚਲ ਕੇ ਕੋਠੀ ਵਾਲੇ ਮੁਖ ਬਾਜ਼ਾਰ ਦੇ ਸੱਜੇ ਹੱਥ ਉਜੜੇ ਬਾਗ ਦੇ ਨਾਲ ਲਗਦੇ ਅਹਾਤੇ ਵਿਚ ਲੰਗਰ ਛਕਾਣ ਦਾ ਅੱਠੇ ਪਹਿਰ ਦਾ ਪ੍ਰਬੰਧ ਹੈ। ਖੱਬੇ ਹੱਥ ਪੱਕੇ ਲੰਗਰ ਨੂੰ ਦਰਵਾਜ਼ਾ ਹੈ। ਇਸਦੀ ਡਿਉਢੀ ਵਿਚ ਆਮ ਗਰੀਬ ਗੁਰਬੇ ਨੂੰ ਦਿਨ ਰਾਤ ਪ੍ਰਸ਼ਾਦਾ ਛਕਾਣ-ਦਾ ਪ੍ਰਬੰਧ ਹੈ।

ਆਓ ਭਗਤ ਵਾਲਾ ਮਕਾਨ ਲੰਘ ਕੇ, ਕੋਠੀ ਦੇ ਪਰਵੇਸ਼ ਦੁਆਰ ਤੋਂ ਉਤਰ ਵਾਲੇ ਪਾਸੇ ਦਿਵਾਨ ਲਈ ਸ਼ਾਨਦਾਰ ਤੇ ਵਿਸ਼ਾਲ ਪੰਡਾਲ ਹੈ। ਪਹਿਲੀ ਵਾਰ ਏਨਾ ਜਚਵਾਂ ਤੇ ਖੁਲ੍ਹਾ ਪੰਡਾਲ ਵੇਖਿਆ ਹੈ। ਇਹਦੇ ਵਿਚ ਜਾਣ ਤੋਂ ਪਹਿਲਾਂ ਜੋੜੇ ਜਮ੍ਹਾਂ ਕਰਵਾਣ ਦਾ ਪ੍ਰਬੰਧ ਹੈ। ਇਹ ਸੰਤ ਨਗਰ ਦੇ ਜਵਾਨ ਸ੍ਰੀ ਸਵਰਨ ਸਿੰਘ ਸਪੁਤ੍ਰ ਸੰਤ ਕਰਨੈਲ ਸਿੰਘ ਦੇ ਜਿੰਮੇ ਹੈ। ਇਸਤ੍ਰੀਆਂ ਪੁਰਸ਼ ਏਥੇ ਜੋੜੇ ਜਮ੍ਹਾਂ ਕਰਵਾ ਕੇ ਦਿਵਾਨ ਵਿਚ ਜਾਂਦੇ ਹਨ। ਬਹੁਤ ਸਾਰੇ ਬੱਚੇ ਅਤੇ ਜਵਾਨ ਇਸ ਪ੍ਰਬੰਧ ਵਿਚ ਰੁਝੇ ਹੋਏ ਹਨ।

ਕੋਠੀ ਦੀ ਦੀਵਾਰ ਦੇ ਅੰਦਰ ਲੰਗਰ ਵਾਲੇ ਪਾਸੇ, ਲਕੜ ਬਾਲਣ, ਗੋਲ ਬਹੁ ਮੂੰਹੇ ਚੁਲ੍ਹੇ, ਦੁੱਧ, ਦਾਲਾਂ ਵਾਸਤੇ ਅਤੇ ਅਨੇਕਾਂ ਲੋਹਾਂ ਲਈ ਵਡੇ ਵਡੇ ਭੱਠ ਹਨ। ਸਹਿਰ ਰਾਣੀਆਂ, ਸੰਤ ਨਗਰ, ਕਰੀਵਾਲਾ, ਦਮਦਮਾ, ਬੁਢੀ ਮਾੜੀ, ਅੰਮ੍ਰਿਤਸਰ



Sri Satguru Jagjit Singh Ji Elibrary NamdhariElibrary@gmail.com

ਕਲਾਂ ਆਦਿ ਦੀਆਂ ਬੀਬੀਆਂ ਅਤੇ ਮਨੁੱਖ ਲੰਗਰ ਦੀ ਸੇਵਾ ਸਰੰਜਾਮ ਦੇ ਰਹੇ ਹਨ। ਬੇਬੇ ਦਲੀਪ ਕੌਰ ਜੀ ਦੀ ਸਿੱਧੀ ਜ਼ਿਮੇਵਾਰੀ ਹੈ। ਸੰਤ ਪਿਆਰਾ ਸਿੰਘ ਰਾਸ਼ਨ ਇਨਚਾਰਜ ਹਨ।

ਠਾਕਰ ਦਲੀਪ ਸਿੰਘ ਨੇ ਕਿਸੇ ਪ੍ਰਕਾਰ ਦੀ ਜ਼ਿੰਮੇਵਾਰੀ ਨਹੀਂ ਲਈ ਹੋਈ ਜਾਪਦੀ। ਪਹਿਲਾਂ ਜਦੋਂ ਕਦੇ ਵੀ ਇਸ ਇਲਾਕੇ ਵਿਚ ਵੱਡਾ ਮੇਲਾ ਹੁੰਦਾ ਸੀ, ਉਹ ਸ੍ਰੀ ਸਤਿਗੁਰੂ ਜੀ ਪਾਸ ਲਗਾਤਾਰ ਹਾਜ਼ਰੀ ਭਰਦੇ, ਆਗਿਆ ਲੈ ਕੇ ਪ੍ਰਬੰਧ ਕਾਰਜਾਂ ਵਿਚ ਅਗਵਾਈ ਕਰਦੇ। ਐਤਕਾਂ ਨਾ ਤਾਂ ਉਨ੍ਹਾਂ ਟਿੱਬੇ ਵਾਲੇ ਖੂਹ ਉਤੇ ਅਜਿਹੀਆਂ ਜ਼ਿਮੇਵਾਰੀਆਂ ਲਈਆਂ ਜਾਂ ਪਹੁੰਚੇ ਹਨ।

ਪਿਛਲੇ ਦਿਨੀਂ 3-4 ਦਿਨ ਦਿੱਲੀ ਲਾ ਆਏ ਹਨ। ਅਜਿਹੇ ਜ਼ਿਮੇਵਾਰੀ ਭਰੇ ਦਿਨਾਂ ਦਾ ਉਨ੍ਹਾਂ ਦਾ ਫੋਟੋਗ੍ਰਾਫ਼ੀ ਦੇ ਫੰਕਸ਼ਨਾਂ ਵਿਚ ਰੁਝਿਆ ਰਹਿਣਾ ਦਰਸਾਂਦਾ ਹੈ ਕਿ ਜਾਂ ਤਾਂ ਉਹ ਆਪਣੇ ਪਿਤਾ ਅਤੇ ਸਤਿਗੁਰੂ ਜੀ ਵਿਚਾਲੇ ਮੂਲ ਸੰਘਰਸ਼ ਕਾਰਨ ਨਿਰਪੱਖ ਬਣੇ ਰਹਿਣਾ ਚਾਹੁੰਦੇ ਹਨ ਜਾਂ ਦ੍ਰਿਸ਼ਟੀਕੋਣ ਨੇ ਫ਼ਰਕ ਲੈ ਆਂਦਾ ਹੈ। ਹੋ ਸਕਦਾ ਹੈ ਕਿਸੇ ਗੱਲੋਂ ਸ੍ਰੀ ਸਤਿਗੁਰੂ ਜੀ ਨੇ ਥੋੜ੍ਹੀ ਪਹੁੰਚ ਘਟਾ ਦਿਤੀ ਹੋਵੇ।

ਸ. ਜਗਦੀਸ਼ ਸਿੰਘ 'ਵਰਿਆਮ' ਨੇ ਮੈਨੂੰ ਨਾਮਧਾਰੀਆਂ ਦੇ ਇਕ ਅਜੋਕੇ ਲੇਖਕ ਸ੍ਰੀ ਸਵਰਨ ਸਿੰਘ ਸਨੇਹੀ ਬਾਰੇ ਦਸਿਆ ਹੈ ਕਿ ਉਸ ਨੇ ਪਿਛਲੇ ਦਿਨੀਂ ਆਲ ਇੰਡੀਆ ਰੇਡੀਓ ਜਲੰਧਰ ਦੇ ਕਿਸੇ ਵਤੀਰੇ ਤੋਂ ਤੰਗ ਆ ਵਰਿਆਮ ਨਾਲ ਬਾਜ਼ਾਰ ਵਿਚ ਹੀ ਝੜਪ ਲਈ ਹੈ। ਸੁਰਜੀਤ ਸਿੰਘ ਸਕੂਟਰ ਮਕੈਨਿਕ ਜਲੰਧਰ ਦੀ ਦੁਕਾਨ ਤੇ ਉਚੀ ਉਚੀ ਬੋਲ ਕੇ ਲੋਕਾਂ ਨੂੰ ਦੱਸਿਆ ਕਿ ਮੈਂ ਕਿਸੇ ਮਹਾਰਾਜ ਦੀ ਮਾਇਆ ਨਾਲ ਨਹੀਂ ਪੜ੍ਹਿਆ। ਐਮ. ਏ.ਤਕ ਦੀ ਪੜ੍ਹਾਈ ਮੈਂ ਬਲ ਬੁਧ ਤੇ ਰਕਮ ਨਾਲ ਕੀਤੀ ਹੈ। ਬਖੇੜਾ ਜਗਦੀਸ਼ ਦੇ ਬਸੰਤ ਪੁਰਖ 'ਤੇ ਜਾਂ ਮਲੇਰ ਕੋਟਲੇ ਦੇ ਮੇਲੇ ਬਾਰੇ ਰੇਡੀਓ ਵਿਚ ਰਿਲੇਅ ਹੋਏ ਕਿਸੇ ਪ੍ਰੋਗਰਾਮ ਬਾਰੇ ਉਠਿਆ - ਇਸਦਾ ਲੇਖਕ ਜਗਦੀਸ਼ ਸਿੰਘ ਵਰਿਆਮ ਹੈ। ਸਨੇਹੀ ਦੇ ਕੋਰੇ ਤੇ ਰੁਖੇ ਵਤੀਰੇ ਤੋਂ ਐਮ. ਐਸ.ਮੀਸ਼ਾ, ਜਲੰਧਰ ਰੇਡੀਓ ਅਧਿਕਾਰੀ ਨੇ ਸਨੇਹੀ ਨੂੰ ਪ੍ਰੋਗਰਾਮ ਨਹੀਂ ਦਿਤਾ ਜਾਂ ਘੱਟ ਦਿਤਾ ਹੈ।

ਜਗਦੀਸ਼ ਸਿੰਘ ਨੇ ਤਾਂ ਸਤਿਗੁਰੂ ਜੀ ਨੂੰ ਇਹ ਘਟਨਾ ਦੱਸੀ ਨਹੀਂ ਸੀ ਪਰ ਕਿਸੇ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੇ ਕੰਨੀ ਇਹ ਗੱਲ ਪੈ ਗਈ ਤਾਂ ਆਪਸੀ ਤੇ ਵਿਸ਼ੇਸ਼ ਤੌਰ ਤੇ 'ਵਰਿਆਮ' ਨੂੰ ਬੁਲਾ ਕੇ ਉਸ ਤੋਂ ਸਾਰੀ ਗੱਲ ਸੁਣੀ ਸਮਝੀ ਹੈ ਅਤੇ ਵਿਸ਼ੇਸ਼ ਦਿਲਚਸਪੀ ਲਈ ਹੈ।

ਜਗਦੀਸ਼ ਸਿੰਘ ਦਾ ਖਿਆਲ ਹੈ ਕਿ ਇਹ ਗੱਲ ਸ. ਹਰਵਿੰਦ ਸਿੰਘ ਹੰਸਪਾਲ ਵਲੋਂ ਆਈ ਹੈ ਸ੍ਰੀ ਸਤਿਗੁਰੂ ਜੀ ਪਾਸ। ਜਗਦੀਸ਼ ਸਿੰਘ ਨੇ ਹੰਸਪਾਲ ਜੀ ਨਾਲ ਕੀਤੀ ਸੀ।

ਅੱਜ ਮੈਨੂੰ ਸ.ਹਰੀ ਸਿੰਘ ਵਡਾਣੀਆਂ ਨੇ ਸੰਤ ਅਜੈਬ ਸਿੰਘ ਸਪੁਤ੍ਰ ਸੰਤ ਧਾਰਾ ਸਿੰਘ ਦੋਪੀ ਬਾਰੇ ਦੱਸਿਆ। ਹਰੀ ਸਿੰਘ ਦੇ ਦੱਸਣ ਮੁਤਾਬਕ ਸਾਧ ਸੰਗਤ ਇਲਾਕਾ



Sri Satguru Jagjit Singh Ji Elibrary NamdhariElibrary@gmail.com

ਜੀਵਨ ਨਗਰ ਤੇ ਸ੍ਰੀ ਸਤਿਗੁਰੂ ਜੀ ਦੇ ਪੱਖ ਵਿਚ ਅਜੈਬ ਸਿੰਘ ਨੇ ਕੁਰਬਾਨੀ ਤੇ ਰਿਸਕ ਭਰੀ ਸੇਵਾ ਕੀਤੀ ਹੈ। ਉਸਦਾ ਲੜਕਾ ਦਇਆ ਸਿੰਘ ਕ਼ਤਲ ਹੋ ਗਿਆ ਹੈ। ਇਸ ਬਾਰੇ ਵਿਚ ਸਤਿਗੁਰਾਂ ਤੋਂ 50,000 ਰੁਪਏ ਦੀ ਸਹਾਇਤਾ ਮੰਗੀ ਗਈ, ਜਿਹੜੀ ਉਸਨੂੰ ਗੁਰੂ ਜੀ ਵਲੋਂ ਪ੍ਰਾਪਤ ਨਹੀਂ ਹੋਈ। ਹੁਣ ਉਸਦੀਆਂ ਕੰਧਾਂ ਤਕ ਕਰਜ਼ਾ ਚੜ੍ਹ ਆਇਆ ਹੈ। ਹਰੀ ਸਿੰਘ ਨੇ ਸਤਿਗੁਰਾਂ ਨੂੰ ਅਰਜ਼ ਕੀਤੀ ਹੈ ਉਸਨੂੰ ਨੇੜੇ ਲਾਇਆ ਜਾਏ।

ਅਜੈਬ ਸਿੰਘ (ਕਰੀਵਾਲਾ ਉਸਦਾ ਰਿਹਾਇਸ਼ੀ ਪਿੰਡ ਹੈ) ਨੇ ਕਿਸੇ ਸਮੇਂ ਇਕ ਲੜਕੀ ਸਤਿਗੁਰੂ ਜੀ ਦੁਆਰਾ ਵਿਆਹੇ ਜਾਣ ਦੀ ਅਰਜ਼ ਕੀਤੀ ਸੀ। ਪਰ ਉਹ ਇਕ ਸ਼ਰਤ ਲਗਾਂਦਾ ਸੀ ਕਿ ਇਹ ਗੁਰਦੇਵ ਸਿੰਘ ਮਦਾਰ ਦੇ ਭਰਾਵਾਂ ਵੱਲ ਨਾ ਵਿਆਹੀ ਜਾਵੇ, ਹੋਰ ਚਾਹੇ ਜਿਥੇ ਵਿਆਹ ਦੇਣ। ਸ੍ਰੀ ਸਤਿਗੁਰੂ ਜੀ ਨੇ ਅਜੈਬ ਸਿੰਘ ਨੂੰ ਨੇੜੇ ਕਰਨ ਲਈ ਇਹ ਗੱਲ ਮੰਨ ਲਈ ਹੈ ਅਤੇ ਹਰੀ ਸਿੰਘ ਨੂੰ ਲੜਕੀ ਲੈ ਆਉਣ ਲਈ ਆਖਿਆ ਹੈ - ਅਜੈਬ ਸਿੰਘ ਭਾਵੇਂ ਵਿਆਹ ਤੇ ਨਹੀਂ ਆਵੇਗਾ।

ਪਰ ਹਰੀ ਸਿੰਘ ਦੇ ਕਹਿਣ ਅਨੁਸਾਰ ਅ੍ਵਤਾਰ ਸਿੰਘ ਘੁੰਮਣ ਨੇ ਇਸ ਕਾਰਜ ਵਿਚ ਲੱਤ ਮਾਰੀ ਹੈ। ਗੱਲ ਬਣੀ ਬਣੀ ਵਿਗੜੀ ਹੈ। ਹੁਣ ਨਾਲ ਇਹ ਗੱਲ ਹੈ ਕਿ ਜਿਥੇ ਜੀ ਕਰੇ ਲੜਕੀ ਵਿਆਹੀਏ, ਭਾਵੇਂ ਮਦਾਰੀਆਂ ਵੱਲ ਹੀ।

ਮੇਰਾ ਕੈਮਰਾ ਕੱਲ ਤੋਂ ਖ਼ਰਾਬ ਹੋ ਗਿਆ ਹੈ। ਇਸ ਲਈ ਇਹ ਮੇਲਾ ਮੇਰੀ ਫੋਟੋ ਐਲਬਮ ਦਾ ਸ਼ਿੰਗਾਰ ਨਹੀਂ ਬਣ ਸਕੇਗਾ।

ਮੇਲੇ ਦੇ ਜੀਵਨ ਨਗਰ ਆਇਆ ਪ੍ਰੋਗਰਾਮ ਇਸ ਤਰ੍ਹਾਂ ਚਲਦੇ ਹਨ। ਸਵੇਰੇ 4 ਤੋਂ 6.45 ਜਾਂ 7 ਤਕ ਆਸਾ ਦੀ ਵਾਰ ਦਾ ਕੀਰਤਨ। 9 ਤੋਂ 2.30 ਤਕ ਹੱਲੇ ਦੇ ਦਿਵਾਨ। 3 ਤੋਂ 4 ਵਜੇ ਤਕ ਸਮੂਹਕ ਨਾਮ ਸਿਮਰਨ। 4 ਤੋਂ 5.15, 5.30 ਤਕ ਰਾਗੀਆਂ ਵਲੋਂ ਕੀਰਤਨ। ਫੇਰ ਰਾਤ ਨੂੰ ਜਥੇਦਾਰਾਂ ਦੇ ਹੱਲੇ ਦੇ ਦਿਵਾਨ।

3 ਤੋਂ 4 ਵਜੇ ਤਕ ਭਰਪੂਰ ਸੰਗਤਾਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਦਿਆਂ, ਸਵਰਗਵਾਸੀ ਸਤਿਗੁਰੂ ਜੀ ਦੇ ਟੇਪ-ਬਚਨ ਸੁਣਦਿਆਂ ਨਾਮ ਸਿਮਰਨ ਕੀਤਾ। ਅੱਜ ਇਸ ਸਮੇਂ 5000 ਤਕ ਦੀ ਹਾਜ਼ਰੀ ਸੀ। ਆਮ ਕਰਕੇ ਨਾਮ ਸਿਮਰਨ ਸਮੇਂ ਮਨ-ਮੱਲਵਾਂ ਇਕੱਠ ਹੁੰਦਾ ਹੈ। ਉਪ੍ਰੰਤ ਕੁਛ ਹਿਲਜੁਲ ਹੋ ਜਾਂਦੀ ਹੈ। ਕੁਛ ਦੂਰ ਦੇ ਲੋਕ ਸਿਮਰਨ ਬਾਦ ਦੂਰ ਜਾਣ ਹਿਤ ਬੱਸਾਂ ਟ੍ਰੱਕਾਂ ਦੀ ਭਾਲ ਵਿਚ ਹੁੰਦੇ ਹਨ। ਕੁਛ ਇਕ ਨੇ ਸੇਵਾ ਕਾਰਜਾਂ ਵਿਚ ਹੱਥ ਵਟਾਣਾ ਹੁੰਦਾ ਹੈ।

ਸੰਗੀਤ ਦੁਆਰਾ ਕੀਰਤਨ ਆਰੰਭ ਹੋਇਆ ਤਾਂ ਬੰਸਰੀ, ਸਿਤਾਰ, ਸਾਰੰਗੀ ਦੋ ਦਿਲਰੁਬਾ, ਤਾਰ ਸ਼ਹਿਨਾਈ, ਦੋ ਜੋੜੀਆਂ ਤਬਲੇ ਅਤੇ ਮ੍ਰਿਦੰਗ ਵਾਦ ਸ੍ਰੋਤਿਆਂ ਲਈ ਆਕਰਸ਼ਨ ਬਣੇ। ਪਹਿਲਾ ਸ਼ਬਦ ਹੈ: "ਮੈਂ ਅੰਧੁਲੇ ਕੀ ਟੇਕ ਤੇਰਾ ਨਾਮ ਖੁੰਦਕਾਰਾ" ਦੂਜਾ: "ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ।"

ਮੰਚ ਵਲ ਇਕ ਘੋਖਵੀਂ ਨਜ਼ਰ ਮੈਂ ਨਾਮ ਸਿਮਰਨ ਸਮੇਂ ਹੀ ਮਾਰ ਲਈ ਸੀ। ਮੰਚ ਉਪਰ ਸਤਿਕਾਰਤ ਵਿਅਕਤੀਆਂ ਵਿੱਚ ਤਿੰਨ ਚਿਹਰੇ ਨਵੇਂ ਮਿਲੇ। ਇਕ ਤਾਂ ਲੰਮੇ



Sri Satguru Jagjit Singh Ji Elibrary NamdhariElibrary@gmail.com

ਦਾਹੜੇ, ਹੱਸੂ ਹੱਸੂ ਮੁਖੜੇ ਤੇ ਸੁਹਣੇ ਨਾਮਧਾਰੀ ਸਫੈਦ ਦਸਤਾਰੇ ਵਾਲੇ ਸ.ਹਰਚਰਨ ਸਿੰਘ ਰੰਧਾਵਾ, ਜੋ ਇੰਗਲੈਂਡ ਵਿਚ ਸਤਿਗੁਰੂ ਜੀ ਦੀ ਹਾਟ ਲਾਈਨ ਹਨ, ਮੰਚ ਤੇ ਬਿਰਾਜਮਾਨ ਸਨ। ਦੂਜੇ, ਇਕ ਵੇਦਾਂਤੀ ਵਿਦਿਵਾਨ ਤੇ ਫਲਸਫ਼ੇ ਦਾ ਪ੍ਰੋ.ਹਾਕਮ ਸਿੰਘ (ਰੂਪਾਣਾ ਜਿ: ਫਰੀਦਕੋਟ) ਤੀਜੇ ਸਤਿਜੁਗ ਦੇ ਸਾਬਕਾ ਸੰਪਾਦਕ ਸ.ਰਾਜਿੰਦਰ ਸਿੰਘ ਗੁਰੂਸਰ (ਗਦੋਂ ਡੋਬ)। ਇਹ ਸ੍ਰੀ ਸਤਿਗੁਰੂ ਜੀ ਦੇ ਮਾਮੇ ਦੇ ਪੁਤ ਭਰਾ ਵੀ ਹਨ ਤੇ ਸਾਡੇ ਸਹਿਪਾਠੀ ਵੀ ਹਨ। ਇਹਨਾਂ ਨੂੰ ਮਿਲ ਕੇ ਸਤਿਗੁਰੂ ਜੀ ਨੂੰ ਸਦਾ ਵਧੇਰੇ ਪ੍ਰਸੰਨਤਾ ਹੁੰਦੀ ਹੈ। ਇਹ ਤਿਨੇ ਅੱਜ ਹੀ ਕਿਸੇ ਸਮੇਂ ਏਥੇ ਪਹੁੰਚੇ ਹਨ।

ਮੈਨੂੰ ਵਿਸ਼ੇਸ਼ ਵਿਅਕਤੀਆਂ ਵਿਚ ਬੈਠੇ ਸ. ਕੁਲਦੀਪ ਸਿੰਘ ਸ਼ੁਤਰਾਣਾ ਮੰਡੀ ਗੋਨੇਆਣਾ ਦੇ ਵਸਨੀਕ ਅਤੇ ਇਕ ਪੰਦਰਾ ਰੋਜ਼ਾ ਅਖਬਾਰ 'ਭਰੋਸੇ ਦਾ ਪ੍ਰਤੀਕ' ਮੰਡੀ ਗੋਬਿੰਦਗੜ੍ਹ ਦੇ ਸੰਪਾਦਕ ਵੀ ਮਿਲੇ। ਇਹਨਾਂ ਨੂੰ ਇਹ ਮਾਣ ਜਾਂਦਾ ਹੈ ਕਿ ਇਹਨਾਂ ਦੇ ਪਹਿਲੇ ਪਰਚੇ ਨੂੰ ਰੀਲੀਜ਼ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤਾ ਸੀ। ਇਕ ਹੋਰ ਗੱਲ ਸਾਡੇ ਖਾਸ ਕੰਮ ਦੀ ਕਿ ਇਹਨਾਂ ਦਾ ਅਖਬਾਰ ਗੁਰੂ ਬਾਲਕ ਸਿੰਘ ਜੀ ਦੇ ਜੀਵਨ ਦਾ ਇਕ ਸਫ਼ਾ ਵੀ ਹਰ ਅਖਬਾਰ ਵਿਚ ਛਾਪ ਰਹੇ ਹਨ। ਮੈਨੂੰ ਮਿਲੇ 16 ਅਕਤੂਬਰ ਦੇ ਪਰਚੇ ਵਿਚ ਪੰਜਵੇਂ ਸਫ਼ੇ ਤੇ ਸਤਿਗੁਰੂ ਬਾਲਕ ਸਿੰਘ ਜੀ ਦੀ ਜੀਵਨੀ ਹੈ। ਅਖਬਾਰ ਦੀ ਪਾਲਿਸੀ ਮਿਲੀ-ਜੁਲੀ ਪ੍ਰਤੀਤ ਹੁੰਦੀ ਹੈ।

ਸ. ਮਹਿੰਦਰ ਸਿੰਘ ਬਲ ਜੁ ਵਿਸ਼ੇਸ਼ ਵਿਅਕਤੀਆਂ ਵਿਚ ਹੀ ਬੈਠੇ ਸਨ ਮੇਰੇ ਨਾਲ ਗੱਲ ਬਾਤ ਕਰਦਿਆਂ ਦੱਸਿਆ ਕਿ ਹੰਸਪਾਲ ਜੀ ਮਿੱਲ ਨੂੰ ਬੰਦ ਕਰ ਰਹੇ ਹਨ। ਇਸ ਸੀਜ਼ਨ ਵਿਚ ਕੰਮ ਨਹੀਂ ਹੋਵੇਗਾ। ਇਹ ਉਹਨਾਂ ਪਹਿਲਾਂ ਹੀ ਦੱਸ ਦਿਤਾ ਸੀ ਕਿ ਨਾਮਧਾਰੀ ਜਿਨਿੰਗ ਤੇ ਰਾਈਸ ਮਿੱਲ ਪਹਿਲਾਂ ਤੋਂ ਹੀ ਏਨੀ ਕਰਜ਼ਾਈ ਸੀਕਿ ਢਾਈ ਤਿੰਨ ਵਾਰ ਵਿਕਣ ਤੇ ਹੀ ਕਰਜ਼ਾ ਚੁਕਾ ਸਕੇਗੀ।

ਪੂਰਬੇ ਦੀ ਅਰਦਾਸ ਨਾਲ ਸ਼ਾਮ ਦਾ ਦਿਵਾਨ ਸਮਾਪਤ ਹੋਇਆ ਤਾਂ ਮੈਂ ਅਤੇ ਸ. ਰਾਜਿੰਦਰ ਸਿੰਘ ਗੁਰੂਸਰ ਇਕੱਠੇ ਖਲੋਤੇ ਸਾਂ। ਕੋਲੋਂ ਦੀ ਲੰਘਦਿਆਂ ਸ੍ਰੀ ਸਤਿਗੁਰੂ ਜੀ ਨੇ ਕੋਈ ਐਸਾ ਬਚਨ ਕੀਤਾ ਕਿ ਮੈਂ ਸ੍ਰੀ ਸਤਿਗੁਰੂ ਜੀ ਦੇ ਪਿਆਰ ਵਿਚ ਹੋ ਉਨ੍ਹਾਂ ਦੇ ਬਾਜੂਆਂ ਨੂੰ ਜੱਫੀ ਪਾ ਉਨ੍ਹਾਂ ਦੇ ਘੁੱਟ ਕੇ ਨਾਲ ਲਗ ਗਿਆ। ਜਦੋਂ ਕਦੇ ਮੈਂ ਆਨੰਦ ਦੇ ਹੁਲਾਰ ਵਿਚ ਆ ਜਾਵਾਂ ਉਸ ਵੇਲੇ ਗਲਵਕੜੀ, ਰੂਹ ਪਿਆਰ ਭਿੱਜੀ ਜਾਂ ਕਿਸੇ ਆਨੰਦ ਸਿਰਜਦੇ ਸ਼ਬਦ ਤੋਂ ਕਿਸੇ ਦਾ ਬਚ ਰਹਿਣਾ ਮੁਸ਼ਕਲ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਜੇ ਮੇਰੇ ਪਿਆਰ ਨੂੰ ਪਰਵਾਨ ਨਾ ਕਰਦੇ ਹੋਣ ਤਾਂ ਆਪਣੇ ਬਚਨ ਜਾਂ ਕਰਮ ਨਾਲ ਏਥੋਂ ਤਕ ਪੁਜਣ ਹੀ ਨਾ ਜਿਥੋਂ ਮੈਂ ਉਨ੍ਹਾਂ ਨੂੰ ਘੁੱਟਣ ਜਾਂ ਗਲ ਲਗਣ ਤੋਂ ਉਰਾਂ ਪਰਤ ਆਵਾਂ।

ਸਾਧ ਸੰਗਤ ਪ੍ਰਸ਼ਾਦ ਪਾਣੀ ਵੱਲ ਜੁਟ ਗਈ ਤੇ ਜਾਂ ਵਾਪਸੀਆਂ ਲਈ - ਪਰ ਅੱਜ ਵਾਪਸੀ ਘੱਟ ਹੋਵੇਗੀ ਕਿਉਂਕਿ ਰਾਤੀਂ 8 ਤੋਂ 10 ਤਕ ਕਵੀ ਦਰਬਾਰ ਹੋਣਾ ਹੈ।

ਸ. ਸਾਧੂ ਸਿੰਘ ਕਿਸਾਨ ਅਤੇ ਮਾਸਟਰ ਅਮਰੀਕ ਸਿੰਘ ਦੇ ਮਿਲਵੇਂ ਜਤਨਾਂ ਸਦਕਾ ਕਵੀ ਦਰਬਾਰ ਕਰਨ ਦੀ ਪਰਵਾਨਗੀ ਮਿਲ ਗਈ ਸੀ। ਇਨ੍ਹਾਂ ਮੇਰੇ ਕੰਨਾਂ



Sri Satguru Jagjit Singh Ji Elibrary NamdhariElibrary@gmail.com

ਵਿਚ ਵੀ ਫੂਕ ਮਾਰ ਦਿਤੀ ਸੀ ਕਿ ਮੈਂ ਦਰਬਾਰ ਜ਼ਰੂਰ ਆ ਕੇ ਸੁਣਾਂ। ਮੈਂ ਅਤੇ ਸ.ਰਾਜਿੰਦਰ ਸਿੰਘ - ਜਗਦੀਸ਼ ਸਿੰਘ ਵਰਿਆਮ 7.45 ਰਾਤ ਤਕ ਸਟੇਜ ਤੇ ਪਹੁੰਚ ਗਏ। ਕਵੀ ਦਰਬਾਰ ਦਾ ਆਰੰਭ ਕਰਦਿਆਂ ਸ. ਸਾਧੂ ਸਿੰਘ ਨੇ ਮੈਨੂੰ ਹੀ ਪ੍ਰਧਾਨ ਸਥਾਪਤ ਕਰ ਦਿਤਾ। ਮੈਂ ਵੀ ਚੁਪ ਕਰਕੇ ਪਰਵਾਨ ਕਰ ਲਿਆ ਕਿਉਂਕਿ ਇਸ ਬਹਾਨੇ ਮੈਂ ਜੀਵਨ ਨਗਰ ਇਲਾਕੇ ਤੇ ਆਮ ਜਨਤਾ ਨੂੰ ਮੁਖਾਤਬ ਹੋ ਸਕਣਾ ਸੀ। ਉਂਜ ਏਧਰ ਮੇਰੇ ਬੋਲਣ ਤੇ ਖਾਮੋਸ਼ ਪਾਬੰਦੀ ਹੈ। ਇਕ ਵਾਰ ਠਾਕਰ ਦਲੀਪ ਸਿੰਘ ਨੇ ਦਸਿਆ ਸੀ ਕਿਉਂਕਿ ਮਹਾਰਾਜ ਜੀ ਮੈਨੂੰ ਪਸੰਦ ਨਹੀਂ ਕਰਦੇ ਜੇ ਨਾ ਹੀ ਬੋਲਾਂ ਤਾਂ ਅੱਛਾ ਹੈ।

ਕਵੀ ਦਰਬਾਰ ਸਮੱਸਿਆ ਤੇ ਸੀ : "ਗੁਰੂ ਹਰੀ ਸਿੰਘ ਸਾਰਾ ਤੇਰਾ ਪ੍ਰਤਾਪ ਏ।" ਹੇਠ ਲਿਖੇ ਕਵੀਆਂ ਸ.ਸਾਧੂ ਸਿੰਘ ਕਿਸਾਨ ਦੀ ਸਕੱਤਰੀ ਹੇਠ ਕਵੀ ਦਰਬਾਰ ਵਿਚ ਭਾਗ ਲਿਆ:

1. ਸ੍ਰੀ ਗੁਰਦਿਆਲ ਸਿੰਘ ਮੌਜੀ ਰਾਣੀਆਂ
2. ਮਾਸਟਰ ਹਰਸਾ ਸਿੰਘ
3. ਸ੍ਰੀ ਹਰਭਜਨ ਸਿੰਘ ਸੰਤ ਨਗਰ
4. ਸ੍ਰੀ ਬਲਬੀਰ ਸਿੰਘ ਢਿੱਲੋਂ, ਰਾਣੀਆਂ
5. ਸ੍ਰੀ ਗੁਰਦਿਆਲ ਸਿੰਘ ਪ੍ਰੀਤ
6. ਸ੍ਰੀ ਤਾਰਾ ਸਿੰਘ ਅਨਜਾਣ ਦਿੱਲੀ
7. ਸੰਤ ਗੁਰਬਖਸ਼ ਸਿੰਘ ਬੁਢੀ ਮਾੜੀ
8. ਸ. ਸਾਧੂ ਸਿੰਘ ਕਿਸਾਨ
9. ਸ੍ਰੀ ਜੁਗਿੰਦਰ ਸਿੰਘ ਮੁਕਤਾ ਸੰਤ ਨਗਰ
10. ਸ੍ਰੀ ਹਰਭਜਨ ਸਿੰਘ ਪਰਵਾਨਾ ਸੰਤ ਨਗਰ
11. ਸ੍ਰੀ ਪ੍ਰੀਤਮ ਸਿੰਘ ਮੰਡੀ ਹਿਮਾਚਲ
12. ਸੰਤ ਆਤਮਾ ਸਿੰਘ ਸਨਖਤਰਾ

ਜੁਗਿੰਦਰ ਸਿੰਘ ਮੁਕਤਾ ਨੇ ਪਹਿਲਾ ਗੀਤ ਬੜਾ ਸੁੰਦਰ ਗਾਇਆ। ਸ.ਢਿਲੋਂ, ਪ੍ਰੀਤ, ਮਾ.ਹਰਸਾ ਸਿੰਘ, ਮੌਜੀ ਦੀਆਂ ਕਵਿਤਾਵਾਂ ਚੰਗੀਆਂ ਸਨ। ਮੇਰੀ ਲਿਖੀ ਕਵੀਆਂ ਦੀ ਫਹਿਰਿਸਤ ਅਧੂਰੀ ਹੋ ਸਕਦੀ ਹੈ ਕਿਉਂਕਿ ਮੈਂ ਯਾਦੋਂ ਹੀ ਨਾਮ ਲਿਖੇ ਹਨ। ਸਾਹਿਤ, ਸਭਾ, ਸਕੂਲ ਆਦਿ ਦਾ ਕਈ ਸ੍ਰੋਤਿਆਂ ਨੇ ਰੁਪਏ ਦੇ ਕੇ ਸਤਿਕਾਰ ਕੀਤਾ। ਸੰਤ ਤਰਲੋਕ ਸਿੰਘ ਐਲਨਾਬਾਦੀ ਹਰੇਕ ਵਾਸਤੇ ਉਦਾਰ ਸਨ। ਹੋਰ ਵੀ ਕਈ ਧਿਰਾਂ ਹੋ ਸਕਦੀਆਂ ਹਨ ਜਿਨ੍ਹਾਂ ਸਭ ਨੂੰ ਤੇ ਵਧੇਰੇ ਪੈਸੇ ਦਿਤੇ ਹੋਣ। ਪਰ ਜਦੋਂ ਮੈਂ 4-5 ਕਵੀਆਂ ਨੂੰ ਭੁਗਤਦਿਆਂ ਵੇਖਿਆ ਤੇ ਨੋਟ ਕੀਤਾ ਦਿੱਲੀਓਂ ਦੱਖਣੋਂ ਤਾਂ ਪੈਸੇ ਕਵੀਆਂ ਨੂੰ ਮਿਲ ਰਹੇ ਹਨ ਪਰ ਜੀਵਨ ਨਗਰ ਦੇ ਇਲਾਕੇ ਦੇ ਲੋਕ ਚੁਪ ਬੈਠੇ ਹਨ ਤਾਂ ਮੈਂ ਪ੍ਰਧਾਨਗੀ ਦਾ ਫੈਦਾ ਉਠਾ ਕੇ ਬੋਲਿਆ ਤੇ ਜੀਵਨ ਨਗਰ ਇਲਾਕੇ ਨੂੰ ਵੰਗਾਰ ਪਾਈ। ਫੇਰ ਤਾਂ ਜਿਵੇਂ ਮਾਇਆ ਨੂੰ ਹੜ੍ਹ ਆ ਗਿਆ। ਸੰਤ ਦਲੀਪ ਸਿੰਘ ਨਿਰੀਖਿਅਕ



Sri Satguru Jagjit Singh Ji Elibrary NamdhariElibrary@gmail.com

ਜੁ ਕਵੀ ਦਰਬਾਰ ਦਾ ਰਕਮ-ਲੇਖੂ ਸਹਾਇਕ ਸੀ ਨੂੰ ਏਨੀ ਰਕਮ ਤੇ ਨਾਂ ਲਿਖਣੇ ਮੁਸ਼ਕਲ ਹੋ ਗਏ ਪਰ ਇਹ ਸਾਰੀ ਰਕਮ ਮੇਰੇ ਸਰਨਾਵੀਏਂ ਪ੍ਰੀਤਮ ਸਿੰਘ ਦੇ ਹਿਸੇ ਆ ਗਈ - ਜਿਸ ਦਾ ਗੀਤ ਸਾਧਾਰਨ ਤੇ ਕਾਫੀਏ ਅਜੋੜ ਸਨ। ਪੂਰੇ 250 ਰੁਪਏ ਉਸਨੂੰ ਪ੍ਰਾਪਤ ਹੋਏ।

ਕਵੀ ਦਰਬਾਰ ਸਮੇਂ ਸ੍ਰੀ ਸਤਿਗੁਰੂ ਜੀ ਨੇ ਭੀ ਕ੍ਰਿਪਾ ਕੀਤੀ। ਅਚਾਨਕ ਆ ਦਰਸ਼ਨ ਦਿਤੇ। ਉਸ ਵੇਲੇ ਸ੍ਰੀ ਅਨਜਾਣ ਕਵਿਤਾ ਪਾਠ ਕਰ ਰਹੇ ਸਨ। ਸਾਰੇ ਦਿਵਾਨ ਵਿਚ ਆਨੰਦ ਵਰਸਿਆ। ਨਾਲ ਆਏ ਸ. ਹੰਸਪਾਲ ਜੀ ਨੇ ਧਿਆਨ ਦੁਆਇਆ: ਕੌਣ ਕਹਿੰਦਾ ਹੈ ਕਵੀ ਦਰਬਾਰ ਵਿਚ ਲੋਕ ਨਹੀਂ ਆਉਂਦੇ। ਮਹਾਰਾਜ ਜੀ ਨੂੰ ਆ ਕੇ ਵੇਖ ਲੈਣਾ ਚਾਹੀਦਾ ਹੈ। ਪਿੰਡਾਲ ਵਿਚ ਤਿਲ ਧਰਨ ਨੂੰ ਥਾਂ ਨਹੀਂ।

ਦੋ ਕੁ ਹੋਰ ਕਵੀਆਂ ਨੂੰ ਸੁਣਕੇ ਸੱਚੇ ਪਾਤਸ਼ਾਹ ਜੀ ਉਠ ਕੇ ਜਾਣ ਲੱਗੇ ਤਾਂ ਮੈਂ ਅੱਧ ਵਰਿੱਤੇ ਉਠਿਆਂ ਨੂੰ ਛੇਤੀ ਨਾਲ ਬੇਨਤੀ ਕੀਤੀ: ਅਜੇ ਦੋ ਮਿੰਟ ਹੋਰ ਬੈਠੋ। ਆਪਣੀ ਉਦਾਰਤਾ ਵਸ ਜਾਂ ਮੇਰੀ ਪ੍ਰਧਾਨਗੀ ਦਾ ਮਾਣ ਰਖਦਿਆਂ ਜਾਂ ਮੇਰੇ ਲਈ ਸੁਭਾਵਕ ਕ੍ਰਿਪਾ ਸਦਕਾ ਸੱਚੇ ਪਾਤਸ਼ਾਹ ਮੁੜ ਸਸ਼ੋਭਤ ਹੋ ਗਏ। ਮੈਂ ਮਾਈਕ ਸਾਹਵੇਂ ਜਾ ਸ੍ਰੀ ਸਤਿਗੁਰੂ ਜੀ ਨੂੰ ਰਿਪੋਰਟ ਕੀਤੀ ਕਿ ਇਲਾਕਾ ਜੀਵਨ ਨਗਰ ਨੇ ਰਖ ਵਖਾਈ ਹੈ। ਮੇਰੀ ਬੇਨਤੀ ਨੂੰ ਖ਼ੂਬ ਫਲ ਚਾਹੜੇ ਹਨ।

ਇਕੋ ਖਰਾਬਾ ਹੋਇਆ, ਅਸੀਂ 10 ਵਜੇ ਕਵੀ ਦਰਬਾਰ ਦੀ ਸਮਾਪਤੀ ਦਾ ਐਲਾਨ ਕੀਤਾ ਤਾਂ ਦਿੱਲੀ ਵਾਲੇ ਡਾ. ਬਲਵੰਤ ਸਿੰਘ ਵਲੋਂ ਉਨ੍ਹਾਂ ਦੀ ਕਵਿਤਾ ਸੁਣਨ ਲਈ ਰੁੱਕਾ ਆ ਗਿਆ ਪਰ ਮੈਂ ਤਾਂ ਮਜਬੂਰ ਸਾਂ। ਜਥੇਦਾਰ ਅਮਰ ਸਿੰਘ ਨਕੋੜਾ ਦੇ ਜਥੇ ਦੇ ਆਦਮੀ ਢੋਲਕੀ ਛੈਣੇ ਲੈਕੇ ਆ ਗਏ ਤੇ ਮੈਦਾਨ ਛੱਡ ਦੇਣ ਲਈ ਜ਼ੋਰ ਮਾਰ ਰਹੇ ਸਨ।

## 27 ਅਕਤੂਬਰ 1985, ਐਤਵਾਰ
## ਸ੍ਰੀ ਜੀਵਨ ਨਗਰ (ਅੱਸੂ ਦਾ ਮੇਲਾ)

ਸਮਾਪਤੀ ਤੋਂ ਇਕ ਦਿਨ ਪਹਿਲਾਂ ਦਾ ਆਰੰਭ, ਉਸੇ ਵਿਸ਼ਾਲ ਪੰਡਾਲ ਵਿਚ ਸਵੇਰੇ 4 ਵਜੇ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਇਆ। ਸ਼ਾਸਤਰੀ ਸੰਗੀਤ ਨਾਲ ਸੰਬੰਧਤ ਸ਼ਬਦ। ਅਗਵਾਈ ਅਤੇ ਦਰਸ਼ਨ ਸ੍ਰੀ ਸਤਿਗੁਰੂ ਜੀ ਦੇ। ਪ੍ਰਤੀ ਜੁਆਨ ਕਲਾਕਾਰਾਂ ਵਲੋਂ ਜਿਨ੍ਹਾਂ ਵਿਚ ਮਹਾਰਾਜ ਜੀ ਦਾ ਮ੍ਰਿਦੰਗ, ਖਜ਼ਾਨ ਸਿੰਘ ਜੀ ਅਤੇ ਸ੍ਰੀ ਸੁਖਦੇਵ ਸਿੰਘ ਭੈ:ਸਾ:ਦਾ ਤਬਲਾ, ਵਜਦਿਆਂ ਸਰਧਾਮਾਂ, ਤਾਨਾਂ ਤੇ ਤਿਹਾਈਆ ਦੀ ਭਰਮਾਰ ਹੈ। ਇਸ ਸ਼ਾਂਤ ਸੁਖਦ ਵਾਤਾਵਰਨ ਵਿਚ ਸਵੇਰੇ ਸਵੇਰੇ 5000 ਤੋਂ ਵੱਧ ਸੰਗਤ ਦਾ ਇਕਤਰ ਹੋ ਕੇ ਬੈਠਣਾ-ਸੁਣਨਾ ਕਲਿਯੁਗ ਵਿਚ ਤਾਂ ਕਰਾਮਾਤ ਹੀ ਹੈ।



Sri Satguru Jagjit Singh Ji Elibrary NamdhariElibrary@gmail.com

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।*
*ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।*

ਦਿਵਾਨ ਵਿਚ ਮੇਰੇ ਬੈਠਣ ਦਾ ਸਥਾਨ ਨਿਸ਼ਚਿਤ ਹੈ। ਜੇ ਕੀਰਤਨਕਾਰ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਫਰਸ਼ ਤੇ ਹੋਣ ਤਾਂ ਉਨ੍ਹਾਂ ਦੇ ਸੱਜੇ ਜਾਂ ਕਦੇ ਕਦੇ ਖੱਬੇ ਤਾਂ ਕਿ ਮੈਂ ਗੁਰੂ ਦਰਸ਼ਨ ਨਿਰੰਤਰ ਕਰ ਸਕਾਂ; ਜਦੋਂ ਕਿਤੇ ਵੱਡਾ ਮੰਚ ਤਿਆਰ ਹੋਵੇ ਤਾਂ ਮੈਂ ਮੰਚ ਤੇ ਰਾਗੀਆਂ ਕੋਲ ਨਾ ਬੈਠ ਕੇ ਵਿਸ਼ੇਸ਼ ਵਿਅਕਤੀਆਂ ਦੇ ਖੇਤਰ ਵਿਚ ਅਗਲੀ ਕਤਾਰ ਵਿਚ ਬੈਠਦਾ ਹਾਂ। ਉਂ. ਮੇਰੇ ਲਈ ਸਾਰੀਆਂ ਪੁਰੀਆਂ ਵਿਚ ਜਾਣ ਅਤੇ ਬੈਠਣ ਦੀ ਆਜ਼ਾਦੀ ਹੈ। ਪਰ ਮੇਰਾ ਸੁਖ 'ਗੁਰ ਮੁਖ ਦੇਖਿ ਗੁਰੁਸੁਖ ਪਾਇਓ' ਵਿਚ ਹੈ।

ਵਿਸ਼ੇਸ਼ ਵਿਅਕਤੀਆਂ ਵਾਲਾ ਸਥਾਨ ਵੀ ਭਰਪੂਰ ਹੈ। ਪਿਛਲੇ ਦਿਨਾਂ ਦੇ ਦੱਸੇ ਸਾਰੇ ਵਿਸ਼ੇਸ਼ ਤਾਂ ਹੈਨ ਹੀ, ਮੇਰੀ ਜਾਣਕਾਰੀ ਤੋਂ ਇਲਾਵਾ ਵੀ ਬਹੁਤ ਹਨ, ਅੱਜ ਇਸ ਖਾਨੇ ਵਿਚ ਸ੍ਰੀ ਨੱਥੂ ਰਾਮ (ਦਾਮਾਦ ਸ੍ਰੀ ਬੁੱਧ ਰਾਮ ਤਨਜ਼ਾਨੀਆ), ਸ੍ਰੀ ਮਹੇਸ਼, ਅਹੂਜਾ, ਤਨਜ਼ਾਨੀਆ, ਹੈਦਰਾਬਾਦ ਦੇ ਸ. ਬਲਵਿੰਦਰ ਪਾਲ ਸਿੰਘ, ਸ. ਲਾਭ ਸਿੰਘ, ਸ. ਤ੍ਰਿਲੋਕ ਸਿੰਘ, ਸੁਪਤਨੀ ਸੇਠ ਸੰਤੋਖ ਸਿੰਘ, ਬੀਬੀ ਪ੍ਰਕਾਸ਼ ਤੇ ਹੋਰ, ਸ. ਹਰਭਜਨ ਸਿੰਘ ਠੇਕੇਦਾਰ, ਸੰਤ ਮੋਹਣ ਸਿੰਘ, ਕਰਤਾਰ ਸਿੰਘ ਅਤੇ ਡਾ. ਭਗਵਾਨ ਦਾਸ ਔਰੰਗਾਬਾਦ, ਸ. ਕੁਲਦੀਪ ਸਿੰਘ ਸ਼ੁਤਰਾਣਾ, ਸੰਪਾਦਕ 'ਭਰੋਸੇ ਦਾ ਪ੍ਰਤੀਕ' ਮੰਡੀ ਗੋਬਿੰਦਗੜ੍ਹ।

7.10 ਤੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪ੍ਰੰਤ ਡਾ. ਭਗਵਾਨ ਦਾਸ ਵਰਮਾ, ਜਿਹੜੇ ਹਿੰਦੀ ਸੰਸਕ੍ਰਿਤ ਦੇ ਪ੍ਰਸਿਧ ਵਿਦਵਾਨ ਹਨ ਅਤੇ ਔਰੰਗਾਬਾਦ ਤੋਂ ਆਏ ਹਨ, ਦੀ ਤਕਰੀਰ ਸ਼ੁਰੂ ਹੋਈ। ਵਕਤਾ ਮੰਚ ਉਤੇ ਬੈਠਾ ਮਾਈਕ ਸਾਹਵੇਂ ਖ਼ੂਬਸੂਰਤ ਅੰਦਾਜ਼ ਵਿਚ ਮੁਖੜਾ, ਹੱਥ ਅਤੇ ਬਾਜ਼ੂ, ਉਂਗਲਾਂ ਨੂੰ ਸ਼ਬਦ-ਸੁਖਾਵੀਂ ਹਰਕਤ ਦਿੰਦਾ, ਆਪਣੇ ਵਿਚਾਰ ਵਿਅਕਤ ਕਰ ਰਿਹਾ ਸੀ। ਅੱਗੇ ਹਜ਼ਾਰਾਂ ਦੀ ਤਾਦਾਦ ਵਿਚ ਸ੍ਰੋਤੇ ਉਸਦੇ ਕਥਨ ਨਾਲ ਆਨੰਦ ਵਿਭੋਰ ਹੋਏ ਬੈਠੇ ਸਨ। ਵਰਮਾ ਦਾ ਸੰਖੇਪ : (ਹਿੰਦੀ ਅਸਲ ਵਿਚੋਂ)

= 400 ਵਰ੍ਹਿਆਂ ਦੇ ਸਮਿਆਂ ਵਿਚ ਸਿਖੀ 3 ਵਾਰ ਖ਼ਤਰੇ ਵਿਚ ਆਈ। ਸਭ ਤੋਂ ਪਹਿਲੋਂ ਜਦੋਂ ਗੁਰੂ ਨਾਨਕ ਦੇਵ ਜੀ ਨੇ ਸਿਖ ਪਰੰਪਰਾ ਦੀ ਨੀਂਹ ਰੱਖੀ। ਉਸ ਸਮੇਂ ਧਰਮ ਆਮ ਆਦਮੀ ਵਾਸਤੇ ਨਹੀਂ ਸੀ ਰਹਿ ਗਿਆ - ਬਹੁਤ ਉਚੇ ਲੋਕ ਹੀ ਇਸਨੂੰ ਆਪਣੇ ਕਬਜ਼ੇ ਦੀ ਵਸਤੂ ਸਮਝਦੇ ਸਨ।

ਦੂਜੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਤੋਂ ਪਹਿਲੋਂ ਸਿਖੀ ਬਹੁਤ ਜ਼ਿਆਦਾ ਖ਼ਤਰੇ ਵਿਚ ਸੀ। ਕਿਉਂਕਿ ਵਿਦੇਸ਼ੀ ਲੋਕਾਂ — ਮੁਸਲਮਾਨਾਂ ਤੇ ਇਸਾਈਆਂ ਦੇ ਭਾਰਤ ਤੇ ਹਮਲੇ ਹੋ ਰਹੇ ਸਨ ਤੇ ਉਹ ਧਰਮ ਕੇਂਦਰਾਂ ਦੇ ਆਗੂਆਂ ਨੂੰ ਆਪਣੇ ਕਬਜ਼ੇ ਵਿਚ ਲੈ ਲੈਂਦੇ ਰਹੇ। ਸਿਆਸੀ ਅਤੇ ਧਾਰਮਿਕ ਆਜ਼ਾਦੀ ਦੇ ਸੰਗਰਾਮ ਹਿਤ ਗੁਰੂ ਜੀ ਨੇ ਸਿਖਾਂ ਨੂੰ ਵੱਖਰੀ ਪਹਿਚਾਣ ਦਿਤੀ - ਕੇਸਾਂ ਅਤੇ ਕਿਰਪਾਨ ਦੀ।



Sri Satguru Jagjit Singh Ji Elibrary NamdhariElibrary@gmail.com

ਤੀਜੀ ਵਾਰ ਫਿਰ ਸਮਾਜਕ ਆਜ਼ਾਦੀ ਤੇ ਧਰਮ ਪਰੰਪਰਾ ਨੂੰ ਸਥਾਪਤ ਕਰਨ ਦੀ ਲੋੜ ਪਈ ਜਦੋਂ ਗੁਰੂ ਰਾਮ ਸਿੰਘ ਜੀ ਪਰਗਟ ਹੋਏ। ਸਿਖਾਂ ਦੇ ਹੱਥ ਆਈ ਰਾਜਸੀ ਸ਼ਕਤੀ ਨੇ ਸਿਖ ਪੰਥ ਦਾ ਤੇ ਜਨ ਜੀਵਨ ਦੇ ਵਨਾਹ ਦਾ ਰੁਖ ਅਖ਼ਤਿਆਰ ਕਰ ਲਿਆ। ਗੁਰੂ ਰਾਮ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਮਾਲਾ, ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਅਤੇ ਅੰਗਰੇਜ਼ਾਂ ਤੋਂ ਆਜ਼ਾਦੀ ਲਈ ਮਨੋਬਲ - ਸਮਾਜਿਕ ਆਜ਼ਾਦੀ - ਇਹ ਤਿਨ ਗੱਲਾਂ ਲੈ ਕੇ ਗੁਰੂ ਰਾਮ ਸਿੰਘ ਚੱਲੇ। ਗ੍ਰੰਥ ਸਾਹਿਬ ਦੀ ਗੁਰਤਾ ਸਥਾਪਤ ਕਰਕੇ ਅੰਗਰੇਜ਼ ਨਿਰਭੈ ਹੋ ਗਿਆ ਸੀ। ਗੁਰੂ ਰਾਮ ਸਿੰਘ ਜੀ ਨੇ ਸੰਸਕ੍ਰਿਤੀ, ਪ੍ਰੰਪਰਾ, ਰਾਜਨੀਤੀ ਅਤੇ ਧਰਮ ਸਭ ਨੂੰ ਉਠਾਇਆ। ਸੰਤ ਖਾਲਸਾ ਵਿਚ ਬਹਾਦਰੀ, ਤਿਆਗ ਦੂਜਿਆਂ ਲਈ ਮਰ ਮਿਟਣ ਦੀ ਭਾਵਨਾ ਜਗਾਈ। ਆਪ ਨੂੰ ਮਲੂਮ ਹੋਵੇ ਕਿ ਸਾਡੀ ਆਜ਼ਾਦੀ ਦੀ ਲਹਿਰ ਜਿਨ੍ਹਾਂ ਨਕਸ਼ੇ ਕਦਮਾਂ 'ਤੇ ਚੱਲੀ, ਇਹ ਗੁਰੂ ਰਾਮ ਸਿੰਘ ਜੀ ਦੇ ਹੀ ਸਨ। ਬਾਈਕਾਟ ਦਾ ਮੰਤਰ ਗੁਰੂ ਰਾਮ ਸਿੰਘ ਜੀ ਨੇ ਦਿਤਾ ਜਿਸ ਨੂੰ ਆਪਣਾ ਕੇ ਗਾਂਧੀ ਜੀ ਨੇ ਆਪਣੇ ਦੇਸ਼ ਦੀ ਪਹਿਚਾਨ ਕਰਵਾਈ।

ਜਦੋਂ ਧਰਮ ਵਿਅਕਤੀ ਵਿਚੋਂ ਨਿਕਲ ਬਾਹਰ ਆ ਜਾਂਦਾ ਹੈ ਤਾਂ ਸਮਾਜ ਦਾ ਬਣ ਜਾਂਦਾ ਹੈ। ਇਹ ਕਰਾਮਾਤ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ, ਆਮ ਆਦਮੀ ਨੂੰ ਧਰਮ ਦਿਤਾ। ਸਾਰਾ ਦੇਸ਼ ਜਾਗ੍ਰਤ ਹੋ ਉਠਿਆ। ਮੁਕਤੀ ਦਾ ਦੁਆਰ ਖੁਲ੍ਹ ਗਿਆ।

ਨਾਮਧਾਰੀ ਪੰਥ ਹੀ ਇਕ ਐਸਾ ਪੰਥ ਹੈ ਜੋ ਆਪਣੇ ਦੇਸ਼ ਦੇ ਪ੍ਰਤੀ ਆਪਣੇ ਸਮਾਜ ਦੇ ਪ੍ਰਤੀ ਪ੍ਰੇਮ ਦੀ ਭਾਵਨਾ ਰਖਦਾ ਹੈ। ਅੱਜ ਅੰਗ੍ਰੇਜ਼ ਵੀ ਨਹੀਂ, ਹੋਰ ਬਾਹਰੀ ਆਕ੍ਰਮਣ ਵੀ ਨਹੀਂ, ਅੱਜ ਦੁਸ਼ਮਣ ਸਾਡੇ ਅੰਦਰ ਹੈ। ਉਹ ਹੋਰ ਗੱਲਾਂ ਦੇ ਨਾਲ ਕਰਮ ਕਾਂਡ ਦਾ ਵੀ ਦੁਸ਼ਮਣ ਹੈ। ਮੈਨੂੰ ਆਸ਼ਾ ਹੈ, ਵਿਸ਼ਵਾਸ ਹੈ ਕਿ ਨਾਮਧਾਰੀ ਗੁਰੂ ਨਾਨਕ ਦੇਵ ਜੀ ਦੀ ਮਾਲਾ, ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਨ ਅਤੇ ਗੁਰੂ ਰਾਮ ਸਿੰਘ ਜੀ ਦੀ ਸਮਾਜਕ ਚੇਤਨਾ ਨੂੰ ਸਖੱਨਵਤ ਕਰਕੇ ਅਗੇ ਵਧਦੇ ਰਹਿਣਗੇ।

ਨਿਰਸੰਦੇਹ ਸਤਿਗੁਰੂ ਜਗਜੀਤ ਸਿੰਘ ਜੀ ਹੀ ਇਸ ਸਮਾਜ ਨੂੰ ਸਹੀ ਸੇਧ ਪਰਦਾਨ ਕਰਨਗੇ। ਮਾਨਵਤਾ ਨੂੰ ਐਸਾ ਮੰਤਰ ਦੇਣਾ ਹੈ ਜਿਸ ਨਾਲ ਭੌਤਿਕਤਾ ਤਾਂ ਬਣੀ ਹੀ ਰਹੇ ਪਰ ਧਰਮ ਦਾ ਸਾਰ ਅੰਸ਼ ਵੀ ਪ੍ਰਫੁਲਤ ਹੁੰਦਾ ਰਹੇ।

ਵਰਮਾ ਜੀ ਕੁਰਤਾ, ਪਜ਼ਾਮਾ ਅਤੇ ਮਾਲਾਂ ਨਾਲ ਸਜ ਰਹੇ ਸਨ। ਉਨ੍ਹਾਂ ਦੀ ਚੱਦਰ ਵੀ ਗਲੇ ਦੁਆਲੇ ਵਲੀ ਹੋਈ ਸੀ। ਉਨ੍ਹਾਂ ਦੀ ਉਂਗਲੀ ਕਦੇ ਆਕਾਸ਼ ਵਲ, ਕਦੇ ਸਤਿਗੁਰੂ ਜੀ ਵਲ ਤੇ ਕਦੇ ਸਾਰੇ ਪਿੰਡਾਲ ਨੂੰ ਆਪਣੇ ਕਲਾਵੇ ਵਿਚ ਲੈਂਦੀ ਰਹੀ ਜਿਵੇਂ ਕਹਿ ਰਹੇ ਹੋਣ ਓਅੰਕਾਰ ਸਤਿਗੁਰੂ ਜੀ ਵਿਚ ਤੇ ਸਤਿਗੁਰੂ ਸਾਰੇ ਸਮਾਜ ਵਿਚ ਹਨ।

ਮੰਚ ਉਪਰ ਬੈਠਿਆਂ ਮੈਨੂੰ ਇਕ ਹੋਰ ਵਿਸ਼ੇਸ਼ ਵਿਅਕਤੀ ਵੀ ਨਜ਼ਰ ਪਿਆ - ਜਲੰਧਰ ਦਾ ਅੱਜ ਕਲ ਡਲਹੌਜ਼ੀ ਵਾਲਾ ਵੀ ਸ.ਸਾਧੂ ਸਿੰਘ। ਇਹ ਕੱਲ ਸ਼ਾਮੀ ਆਪਣੀ ਸੁਪਤਨੀ ਸੰਪੂਰਨ ਨਾਲ ਮੈਨੂੰ ਜੀਵਨ ਨਗਰ ਬਾਜ਼ਾਰ ਵਿਚ ਮਿਲਿਆ ਸੀ। ਸਤਿਗੁਰੂ ਜੀ ਦਾ ਅੰਤਰੀਵ ਪ੍ਰੇਮੀ ਤੇ ਮੇਰਾ ਮਿੱਤਰ।



Sri Satguru Jagjit Singh Ji Elibrary NamdhariElibrary@gmail.com

7.30 ਵਜੇ ਦਿਵਾਨ ਦੀ ਸਮਾਪਤੀ ਹੋ ਗਈ।

ਮਾਤਾ ਭੂਪਿੰਦਰ ਕੋਰ ਜੀ, ਵਰਤਮਾਨ ਸਤਿਗੁਰੂ ਜੀ ਦੇ ਸ੍ਰੀ ਮਾਤਾ, ਸਾਡੇ ਮਿੱਤਰ ਰਾਜਿੰਦਰ ਸਿੰਘ ਦੇ ਭੂਆ ਜੀ ਲਗਦੇ ਸਨ। ਉਸਨੇ ਆਪਣੇ ਭੂਆ ਜੀ ਦੇ ਵਿਆਹ ਦੀ ਇਕ ਗਾਥਾ ਲਿਖੀ ਹੈ। ਉਸਦੇ ਆਗ੍ਰਹਿ ਤੇ ਅਸੀਂ ਤ੍ਰੈਵੇ ਦੋ ਅਸੀਂ, ਤੀਜਾ ਜਗਦੀਸ਼ ਸਿੰਘ ਵਰਿਆਮ - ਵਰਿਆਮ ਦੇ ਡੇਰੇ, ਡਰਾਈਵਰ ਪ੍ਰੀਤਮ ਸਿੰਘ ਦੇ ਘਰ, ਜੀਵਨ ਨਗਰ ਬੈਠ ਕੇ ਪੜ੍ਹੀ ਅਤੇ ਵਿਚਾਰੀ - ਮੈਂ ਭੀ ਸੰਖੇਪ ਜੀਵਨੀ ਮਾਤਾ ਭੂਪਿੰਦਰ ਕੋਰ ਜੀ ਦੀ ਲਿਖੀ ਹੋਈ ਹੈ - ਤੱਥਾਂ ਦੀ ਇਕਸਾਰਤਾ ਜਾਨਣ ਤੇ ਕਰਨ ਲਈ ਜਗਦੀਸ਼ ਸਿੰਘ ਦੇ ਹਵਾਲੇ ਰਾਜਿੰਦਰ ਸਿੰਘ ਲਿਖਤ ਕਰ ਦਿਤੀ। ਸਾਨੂੰ 10.30 ਹੋ ਗਏ ਸਨ।

ਓਧਰ ਮਹਾਰਾਜ ਬੀਰ ਸਿੰਘ ਜੀ ਦੀ ਕੋਠੀ ਦੀ ਤੀਜੀ ਛੱਤੇ ਨਾਮਧਾਰੀ ਦਰਬਾਰ ਦੀ ਇਕ ਮੀਟਿੰਗ ਜਾਰੀ ਸੀ 10 ਵਜੇ ਤੋਂ ਹੀ। ਅਸਾਂ ਤ੍ਰੈਹਾਂ ਓਥੇ ਵੀ ਪਹੁੰਚਣਾ ਸੀ। ਜਾ ਕੇ ਵੇਖਿਆ ਮਹਾਰਾਜ ਜੀ ਦੀ ਅਗਵਾਈ ਤੇ ਪੰਥ ਰਤਨ ਮਾ.ਨਿਹਾਲ ਸਿੰਘ ਜੀ ਦੀ ਪ੍ਰਧਾਨਗੀ ਹੇਠਾਂ ਦਰਬਾਰ ਦੇ ਸਕੱਤਰਾਂ ਦੁਆਰਾ ਕਾਰਵਾਈ ਜਾਰੀ ਸੀ। ਗਿਣਤੀ ਵਿਚ ਸਾਰੇ 25 ਮੈਂਬਰ। 1. ਸ. ਹਰਵਿੰਦਰ ਸਿੰਘ ਹੰਸਪਾਲ, 2. ਸੰਤ ਆਤਮਾ ਸਿੰਘ ਸਨਖਤਰਾ, 3. ਸ.ਜਗਦੀਸ਼ ਸਿੰਘ ਵਰਿਆਮ, 4. ਸੰਤ ਬਲਵੰਤ ਸਿੰਘ ਬਾਲੀ ਨਗਰ, 5. ਸੰਤ ਬਲਵੰਤ ਸਿੰਘ ਸੋਖੀ ਸੋਧੀ, 6. ਸੰਤ ਬਲਵੰਤ ਸਿੰਘ ਜਮਨਾਨਗਰ, 7. ਸੰਤ ਹਜ਼ਾਰਾ ਸਿੰਘ ਜਥੇਦਾਰ ਲਖਨਊ, 8. ਸੰਤ ਦਲੀਪ ਸਿੰਘ ਨਿਰੀਖਿਅਕ ਲੁਧਿਆਣਾ, 9. ਸੂਬਾ ਮੇਲਾ ਸਿੰਘ ਰਛੀਨ, 10. ਸ.ਹਰੀ ਸਿੰਘ ਵਡਾਣੀਆਂ, 11. ਸ. ਮਹਿੰਦਰ ਸਿੰਘ ਬਲ, 12. ਸ.ਰਜਿੰਦਰ ਸਿੰਘ ਗਦੋਂਡੋਬ, 13. ਸ. ਗੁਰਭਜਨ ਸਿੰਘ, ਦਿੱਲੀ ਦੇ ਨਾਮ ਮੈਨੂੰ ਯਾਦ ਰਹੇ ਹਨ। ਇੰਗਲੈਂਡ ਤੋਂ ਸ.ਹਰਚਰਨ ਸਿੰਘ ਰੰਧਾਵਾ ਵੀ ਦਰਬਾਰ ਵਿਚ ਹਾਜ਼ਰੀ ਭਰ ਰਿਹਾ ਸੀ।

1. ਵਿਚਾਰ ਯੋਗ ਵਿਸ਼ਿਆਂ ਵਿਚ, ਸ.ਹੰਸਪਾਲ ਵਲੋਂ ਸਵਰਗਵਾਸੀ ਪ੍ਰਧਾਨ ਮੰਤਰੀ ਇੰਦ੍ਰਾ ਗਾਂਧੀ ਦੇ ਵਗ੍ਹੀਣੇ ਵਿਚ ਨਾਮਧਾਰੀਆਂ ਵਲੋਂ ਯੋਗਦਾਨ, ਦਿੱਲੀ ਦੀਆਂ ਸੰਗਤਾਂ ਬੋਟ ਕਲੱਬ ਵਿਚ ਵੀ ਜਾਣ ਤੇ ਪਾਠ ਕਰਕੇ ਭੋਗ ਵੀ ਪੁਆਣ। ਇੰਦ੍ਰਾ ਗਾਂਧੀ ਦੀ ਮ੍ਰਿਤੂ ਵੀ, ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਮ੍ਰਿਤੂ ਤੇ ਵੀ ਮਤਾ, ਅਮਨ ਸਨੇਹੀ ਤਾਕਤਾਂ ਨਾਲ ਏਕਤਾ ਤੇ ਦੇਸ਼ ਦੀ ਅਖੰਡਤਾ ਬਾਰੇ ਮਤਾ ਪਾਸ ਕੀਤਾ ਗਿਆ।

2. ਜਥੇਦਾਰ ਹਜ਼ਾਰਾ ਸਿੰਘ ਵਲੋਂ ਨਾਮਧਾਰੀਆਂ ਦੀ ਹੋ ਰਹੀ ਜਨਗਣਨਾ ਪਰਵਾਨ ਕਰਕੇ ਇਹਦੇ ਕੰਮ ਦੀ ਸ਼ਲਾਘਾ ਅਤੇ ਹੋਰ ਇਲਾਕਿਆਂ ਵਿਚ ਜਨਗਣਨਾ ਦੀਆਂ ਜ਼ਿਮੇਵਾਰੀਆਂ ਦੀ ਵੰਡ ਕੀਤੀ ਗਈ। ਜਨਗਣਨਾਂ ਦਾ ਕੇਂਦਰੀ ਦਫਤਰ ਸ. ਹੰਸਪਾਲ ਅਧੀਨ 40, ਅਸ਼ੋਕਾ ਰੋਡ ਨਿਸ਼ਚਿਤ ਕੀਤਾ ਗਿਆ। ਜਨਗਣਨਾਂ ਦੇ ਫਾਰਮਾਂ ਦੀ ਸਪੁਰਦਗੀ ਗੁਰੂ ਜੀ ਦੇ ਸਾਬਕਾ ਸਕਤ੍ਰ ਗੁਰਭਜਨ ਸਿੰਘ ਦੇ ਜ਼ਿਮੇ ਲੱਗੀ। ਇਸੇ ਨੇ ਕੁਲ ਜੋੜ ਦਾ ਪ੍ਰਬੰਧ ਕਰਨਾ ਸੀ।



Sri Satguru Jagjit Singh Ji Elibrary NamdhariElibrary@gmail.com

3. ਇਕ ਗਿਲਾ ਸੰਤ ਬਲਵੰਤ ਸਿੰਘ ਜਮਨਾਨਗਰ ਵਲੋਂ ਸੀ ਕਿ ਕੁਛ ਲੋਕ ਇਲਾਕਿਆਂ ਵਿਚ ਵਿਆਹ ਕਰਵਾ ਜਾਂਦੇ ਹਨ ਇਲਾਕੇ ਵਾਲਿਆਂ ਦੀ ਜ਼ਿੰਮੇਵਾਰੀ ਤੇ, 3-4 ਮਹੀਨੇ ਬਾਦ ਛੱਡ ਛਡੌਦੀਆ ਕਰਕੇ ਸਿੱਧੀ ਅਪਰੋਚ ਸਤਿਗੁਰੂ ਜੀ ਨੂੰ ਕਰਕੇ ਹੋਰ ਵਿਆਹ ਕਰ ਕੇ ਸਮੱਸਿਆ ਪੈਦਾ ਕਰ ਦਿੰਦੇ ਹਨ - ਦਾ ਮਸਲਾ ਵਿਚਾਰਿਆ ਗਿਆ ਤੇ ਸ੍ਰੀ ਸਤਿਗੁਰੂ ਜੀ ਦੇ ਧਿਆਨ ਵਿਚ ਲਿਆਉਣ ਲਈ ਜ਼ਿਮੇ ਲਿਆ ਗਿਆ।

4. ਵਿਆਹ ਉਪ੍ਰੰਤ ਲੋਕਾਚਾਰੀ ਖਰਚ ਵਧਦੇ ਜਾ ਰਹੇ ਹਨ ਤੇ ਇਹ ਸਾਡੀ ਸਾਦਾ ਰਸਮ ਨੂੰ ਦੂਸ਼ਤ ਕਰ ਰਹੇ ਹਨ। ਇਹ ਗੱਲ ਚਲਦੇ ਚਲਦੇ ਏਥੋਂ ਤਕ ਵਧ ਗਈ ਕਿ ਹੰਸਪਾਲ ਜੀ ਨੇ ਮਹਾਰਾਜ ਜੀ ਨੂੰ ਕਹਿ ਦਿਤਾ ਕਿ ਜੀਵਨ ਨਗਰ ਇਲਾਕੇ ਵਿਚ ਅਜਿਹਾ ਲੋਕਾਚਾਰ 100 ਫੀ ਸਦੀ ਹੋ ਰਿਹਾ ਹੈ। ਮਹਾਰਾਜ ਜੀ ਨੇ ਇਹੋ ਗੱਲ ਦਿੱਲੀ ਜ਼ਿਮੇ ਲਾ ਦਿਤੀ। ਪ੍ਰਮਾਣ ਦੇ ਤੌਰ ਤੇ ਦੋਵੇਂ ਧਿਰਾਂ ਇਕ ਵੀ ਮਿਸਾਲ ਪੇਸ਼ ਨਾ ਕਰ ਸਕੀਆਂ। ਇਲਾਕੇ ਦਾ ਸੁਆਲ ਬਣਨ ਤੇ ਸ. ਹਰੀ ਸਿੰਘ, ਸ.ਮਹਿੰਦਰ ਸਿੰਘ ਵੀ ਮਹਾਰਾਜ ਜੀ ਨਾਲ ਖਲੋਤੇ ਸਨ। ਤਾਂ ਵੀ ਇਕ ਗੱਲ ਨਿਸ਼ਚਿਤ ਹੋ ਗਈ ਕਿ ਨਾਮਧਾਰੀ ਜੱਟ ਪਰਵਾਰ ਵੀ ਅਤੇ ਸ਼ਹਿਰੀ ਖਾਂਦੇ-ਪੀਂਦੇ ਪਰਵਾਰ ਵੀ ਮੁਕਲਾਵੇ-ਮਿਲਣੀਆਂ ਕਰਕੇ ਉਹੋ ਕਾਰਜ ਕਰਦੇ ਹਨ ਜੋ ਵਿਵਰਜਤ ਹਨ। ਜੋ ਵਿਵਰਜਤ ਤਿਸ ਸਿਉ ਨੇਹੁ ਵਾਲੀ ਗੱਲ ਹੋ ਰਹੀ ਹੈ। ਇਸ ਗੱਲ ਤੇ ਏਕਤਾ ਸੀ ਕਿ ਅਜਿਹੇ ਲੋਕਾਚਾਰ ਨੂੰ ਸਖਤੀ ਨਾਲ ਰੋਕ ਪਾਈ ਜਾਇ।

5. ਇਕ ਪੁਆਇੰਟ ਤੇ ਮੈਂ ਭੀ ਗੱਲ ਕੀਤੀ ਕਿ ਨਾਮਧਾਰੀਆਂ ਦੀ ਪਾਲਿਸੀ ਦੀ ਸੇਧ ਹਰ ਮੌਕੇ ਦੇਸ਼ ਭਗਤਕ ਤੇ ਸੈਕੂਲਰ ਹੋਣੀ ਚਾਹੀਦੀ ਹੈ। ਸਿਖਾਂ ਦੀਆਂ ਗਲਤ ਪਾਲਿਸੀਆਂ ਨੇ ਉਨ੍ਹਾਂ ਨੂੰ ਮਰਵਾਇਆ ਵੀ ਤੇ ਅਕਾਲ ਤਖਤ ਵੀ ਢੁਹਾਇਆ, ਮਨੋਬਲ ਵੀ ਕਮਜ਼ੋਰ ਕੀਤਾ ਤੇ ਪਦਾਰਥਕ ਉਨਤੀ ਵੀ ਰੋਕੀ। ਭਾਵੇਂ ਨਾਮਧਾਰੀ ਸਤਿਗੁਰੂ ਜੀ ਦੀ ਅਗਵਾਈ ਵਿਚ ਪਹਿਲਾਂ ਹੀ ਠੀਕ ਸੇਧ ਰਖਦੇ ਹਨ ਪਰ ਦਰਬਾਰ ਵਿਚ ਮੇਰੇ ਦੋਵੇਂ ਨੁਕਤੇ ਪਰਵਾਨ ਹੋਏ ਸਰਬਸੰਮਤੀ ਨਾਲ।

ਇਕ ਘੰਟੇ ਲਈ ਨਿਸ਼ਚਿਤ ਮੀਟਿੰਗ ਦੋ ਘੰਟੇ ਚਲੀ ਤੇ ਮਹਾਰਾਜ ਜੀ ਨੇ ਇਤੀ ਬਰਫੀ ਦੀਆਂ ਟੁਕੜੀਆਂ ਤਕਸੀਮ ਕਰਕੇ ਕੀਤੀ। ਉਨ੍ਹਾਂ ਕਿਹਾ: ਸਾਧ ਸੰਗਤ ਨਵੀਂ ਕੋਠੀ ਵਿਚ ਆਈ ਹੈ, ਮੂੰਹ ਮਿੱਠਾ ਕਰਵਾ ਦੇਈਏ।

ਅੱਜ ਦੇ ਹੱਲੇ ਦੇ ਦਿਵਾਨ ਇਸ ਪਰਕਾਰ ਸਜੇ:

9.30 ਤੋਂ 10.15 ਦਿਨੇ ਜਥੇਦਾਰ ਗੁਰਬਚਨ ਸਿੰਘ ਬਿਗੜ

10.15 ਤੋਂ 11 ਦਿਨੇ ਜਥੇਦਾਰ ਮੋਹਨ ਸਿੰਘ ਭਗਤਾ

11 ਤੋਂ 12 ਦਿਨੇ ਜਥੇਦਾਰ ਨਿਰੰਜਨ ਸਿੰਘ ਕੱਕੜ

12 ਤੋਂ 1.30 ਦੁਪਹਿਰ ਜਥੇਦਾਰ ਗਿਆਨ ਸਿੰਘ ਵੀਰੋ ਕੇ

ਇਸ ਤੋਂ ਉਪ੍ਰੰਤ ਨਾਮਧਾਰੀ ਵਿਦਿਅਕ ਜਥੇ ਨੂੰ ਉਨ੍ਹਾਂ ਤਕਰੀਰਾਂ ਦੀ ਲੋੜ ਸੀ, ਜੋ ਦੋ ਦਿਨ ਪਹਿਲਾਂ ਦਿਤੇ ਮਜ਼ਮੂਨ ਤੇ ਕਿਸੇ ਨੂੰ ਵੀ ਇਨਾਮ ਨਾ ਦਿਵਾ ਸਕੀਆਂ। ਵਿਸ਼ਾ



Sri Satguru Jagjit Singh Ji Elibrary NamdhariElibrary@gmail.com

ਸੀ ਸਿਖੀ ਪ੍ਰੰਪਰਾ ਦੇ ਪ੍ਰਤੀਕ ਨਾਮਧਾਰੀ। ਸੰਤ ਦਲੀਪ ਸਿੰਘ ਨਿਰੀਖਅਕ ਪ੍ਰਧਾਨ ਵਿਦਿਅਕ ਜਥੇ ਨੇ ਹੇਠ ਲਿਖੇ ਸੱਜਣਾਂ ਤੋਂ ਭਰਵੇਂ ਦਿਵਾਨ ਵਿਚ ਤਕਰੀਰਾਂ ਕਰਵਾਈਆਂ:

1. ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ, ਜਲੰਧਰ
2. ਮਾ. ਅਜੀਤ ਸਿੰਘ ਚੀਮਾ
3. ਮਾ. ਨਿਹਾਲ ਸਿੰਘ ਜੀ ਪੰਥ ਰਤਨ
4. ਸੰਤ ਗੁਰਭਜਨ ਸਿੰਘ ਸਾਬਕਾ ਸਕੱਤਰ
5. ਸ. ਹਰਵਿੰਦਰ ਸਿੰਘ ਹੰਸਪਾਲ
6. ਡਾ. ਭਗਵਾਨ ਦਾਸ ਵਰਮਾ ਔਰੰਗਾਬਾਦੀ

ਮੈਂ ਇਸ ਮੌਕੇ ਤੋਂ ਲਾਭ ਨਹੀਂ ਉਠਾ ਸਕਿਆ - ਨਾ ਸੁਣਨ ਦਾ, ਨਾ ਬੋਲਣ ਦਾ।

ਨਾਮਧਾਰੀ ਦਰਬਾਰ ਦੀ ਮੀਟਿੰਗ ਸਮੇਂ ਮਾ:ਅਜੀਤ ਸਿੰਘ ਚੀਮਾ ਆਪਣੇ ਛੋਟੇ ਭਰਾ ਸ. ਗੁਰਮੇਲ ਸਿੰਘ ਚੀਮਾ ਨਾਲ ਆਇਆ ਜਿਸ ਨੂੰ ਕਾਂਗ੍ਰਸ ਵਲੋਂ ਨਾਮਧਾਰੀ ਕੈਂਡੀਡੇਟ ਵਜੋਂ ਸੁਲਤਾਨਪੁਰ (ਪੰਜਾਬ) ਸੀਟ ਤੇ ਖੜ੍ਹਿਆਰਿਆ ਗਿਆ ਸੀ। ਭਾਵੇਂ ਇਹ ਢਾਈ ਕੁ ਹਜ਼ਾਰ ਦੇ ਫਰਕ ਨਾਲ ਕਾਂਗ੍ਰਸ ਪਾਰਟੀ ਦੇ ਮੁਖੀ ਦੇ ਜ਼ਤਨਾਂ ਨਾਲ ਹਰ ਗਿਆ ਪਰ ਇਹ ਕਾਗ੍ਰਸੀਆਂ ਦੀਆਂ ਪਹਿਲਾਂ ਕਦੇ ਲਈਆਂ ਵੋਟਾਂ ਤੋਂ ਵੱਧ ਸਨ। ਗੁਰਮੇਲ ਸਿੰਘ ਦੀ ਤਸੱਲੀ ਸੀ ਤੇ ਉਹ ਨਾਮਧਾਰੀ ਦਰਬਾਰ ਦਾ ਧੰਨਵਾਦ ਕਰਨ ਆਇਆ ਸੀ।

3 ਵਜੇ ਤੋਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਹੋਇਆ। ਇਸ ਵੇਲੇ ਪਿੰਡਾਲ ਵਿਚ ਵੀ 5000 ਦੀ ਹਾਜ਼ਰੀ ਜਾਪਦੀ ਸੀ। ਬਾਹਰ ਬਾਜ਼ਾਰਾਂ ਡੇਰਿਆਂ ਵਿਚ ਵੀ ਮੋਢੇ ਨਾਲ ਮੋਢਾ ਖਹਿੰਦਾ ਸੀ। ਦਰਸ਼ਨ ਕਰਨ ਵਾਲਿਆਂ ਤੇ ਨਮਸਕਾਰਾਂ ਵਾਲਿਆਂ ਦੀਆਂ ਵੀ ਦੋਵਲੀਓਂ ਕਤਾਰਾਂ ਗੁਰੂ ਚਰਨਾਂ ਵਲ ਵਹਿ ਰਹੀਆਂ ਸਨ।

ਦਿੱਲੀਓਂ ਦੋ ਬੱਸਾਂ ਹੀ ਐਤਕੀਂ ਆਈਆਂ ਹਨ। ਇਹਨਾਂ 'ਚੋਂ ਵਿਸ਼ੇਸ਼ ਹਨ ਸ. ਸੁਲੱਖਣ ਸਿੰਘ ਮੈਟਰੋਪਾਲੀਟਨ ਕਾਊਂਸਲ ਦੇ ਮੈਂਬਰ। ਸ. ਸੰਤ ਸਿੰਘ ਡਿਪਟੀ ਜਨਰਲ ਮੈਨੇਜਰ ਭਾਰਤ ਹੈਵੀ ਇਲੈਕਟ੍ਰੀਸ਼ਨਜ਼ ਲਿਮਟਿਡ, ਬੀਬੀ ਬੇਅੰਤ ਕੌਰ ਪ੍ਰਿੰਸੀਪਲ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ - ਨਿਰਮਾਣ ਪਰਵਾਰ, ਸੰਤ ਮਹਿੰਦਰ ਸਿੰਘ ਬਾਲੀ ਨਗਰ, ਠੇਕੇਦਾਰ ਗੁਰਬਚਨ ਸਿੰਘ, ਸ. ਬਖਸ਼ੀਸ਼ ਸਿੰਘ ਆਦਿ ਹੋਰ ਅਨੇਕਾਂ।

ਰਾਜਸਥਾਨ ਦੇ ਸੂਬਾ ਜੀ ਦੇ ਸਹਾਇਕ ਬਿਰਧ ਸੰਤ ਜਵੰਦ ਸਿੰਘ, ਬੈਂਕੋਕ ਵਿਚੋਂ ਗਿਆਨੀ ਹਰਬੰਸ ਸਿੰਘ ਮੇਰੇ 45 ਸਾਲ ਪੁਰਾਣੇ ਮਿੱਤਰ, ਇਹਨਾਂ ਦਾ ਭਣੇਵਾਂ ਸ. ਓਅੰਕਾਰ ਸਿੰਘ, ਸ. ਸੁਰਜੀਤ ਸਿੰਘ, ਬੀਬੀ ਪ੍ਰਕਾਸ਼ ਕੌਰ ਸੁਪਤਨੀ ਸੇਠ ਪਿਆਰਾ ਸਿੰਘ ਅਤੇ ਕੁਝ ਹੋਰ ਬੀਬੀਆਂ - ਬੀਬੀ ਜਸਮੀਤ ਕੌਰ ਕਲਕੱਤਾ, ਬੀਬੀ ਪ੍ਰਕਾਸ਼ ਕੌਰ ਹੈਦਰਾਬਾਦ ਤੇ ਇਸਦਾ ਪਰਵਾਰ, ਬੀਬੀ ਸ਼ਕੁੰਤਲਾ ਭੂਟਾਨੀ ਦਿੱਲੀ, ਬੀਬੀ ਮਹਿੰਦਰ



Sri Satguru Jagjit Singh Ji Elibrary NamdhariElibrary@gmail.com

ਕੱਲ੍ਹਾ, ਬੀਬੀ ਸ਼ਾਂਤੀ, ਬੀਬੀ ਜੀਤਾਂ ਆਦਿ ਕੁਛ ਭੈਣਾਂ ਡਾਲਟਨ ਗੰਜ ਤੋਂ। ਡਾਲਟਨ ਗੰਜ ਦੇ ਕਿਰਪਾਲ ਸਿੰਘ, ਸੰਤ ਅਮਰ ਸਿੰਘ, ਸ. ਸੁਰਿੰਦਰ ਸਿੰਘ, ਸ੍ਰ. ਅਜੀਤ ਸਿੰਘ ਵਿਸ਼ੇਸ਼ਾਂ ਵਿਚ ਹਨ।

ਸ੍ਰੀ ਸਤਿਗੁਰੂ ਜੀ ਦੇ ਮੰਚ ਨੂੰ ਵੇਖਿਆ ਤਾਂ ਉਸ ਵਿਚ ਦੀਨ ਦਿਆਲ ਹੇਠ ਲਿਖੇ ਵਿਅਕਤੀਆਂ ਦੁਆਰਾ ਪਰਵਾਰੇ ਹੋਏ ਸਨ: ਸ੍ਰੀ ਮਹਾਰਾਜ ਬੀਰ ਸਿੰਘ, ਠਾਕੁਰ ਦਲੀਪ ਸਿੰਘ, ਠਾਕੁਰ ਉਦੈ ਸਿੰਘ, ਸੇਠ ਤ੍ਰਿਲੋਕ ਸਿੰਘ ਚੌਰੀ ਕਰਦਿਆਂ, ਸਕੱਤਰ ਸੰਤ ਤਰਸੇਮ ਸਿੰਘ ਖਜ਼ਾਨਚੀ ਸੰਤ ਮਹਿੰਦਰ ਸਿੰਘ ਪੂਰਬਾ, ਸੰਤ ਦਿਆਲ ਸਿੰਘ ਢਗਵਾੜਾ, ਸੰਤ ਬਲਦੇਵ ਸਿੰਘ - ਸਤਨਾਮ ਸਿੰਘ ਹਜ਼ੂਰੀ ਸੇਵਕ, ਸ. ਹੰਸਪਾਲ, ਸ੍ਰੀ ਮਨਚੰਦਾ, ਸ. ਸਾਧੂ ਸਿੰਘ ਡਲਹੌਜ਼ੀ, ਸ. ਹਰਚਰਨ ਸਿੰਘ ਰੰਧਾਵਾ ਇੰਗਲੈਂਡ ਤੋਂ, ਸ. ਪ੍ਰੀਤਮ ਸਿੰਘ ਕੈਨੇਡਾ ਤੋਂ, ਸੰਤ ਹਰਭਜਨ ਸਿੰਘ ਔਰੰਗਾਬਾਦ, ਡਾ. ਭਗਵਾਨ ਦਾਸ ਵਰਮਾ, ਸ. ਜਸਵੰਤ ਸਿੰਘ ਕੱਲ੍ਹਾ, ਸੰਤ ਹਟਬੰਸ ਸਿੰਘ ਡੇਰਾ ਸੰਤ ਨਗਰ, ਸੰਤ ਚਤਰ ਸਿੰਘ ਚੁੱਪ, ਸ. ਰਾਮ ਰਤਨ ਸਿੰਘ ਦਿੱਲੀ, ਸੰਤ ਬਲਵੰਤ ਸਿੰਘ ਸੋਖੀ, ਸੰਤ ਬਲਵੰਤ ਸਿੰਘ ਬਾਲੀ ਨਗਰ, ਸਾਬਕਾ ਸੇਵਕ ਸੰਤ ਬਲਕਾਰ ਸਿੰਘ, ਸਾਬਕਾ ਸਕੱਤਰ ਸੰਤ ਗੁਰਭਜਨ ਸਿੰਘ।

ਬੀਬੀਆਂ ਵਾਲੇ ਪਾਸੇ ਸ੍ਰੀ ਮਾਤਾ ਜੀ, ਬੀਬਾ ਜੀ, ਬੀਬੀ ਗੁਰਮੀਤ ਕੌਰ, ਬੀਬੀ ਗੁਰਸ਼ਰਨ ਕੌਰ, ਮਾਤਾ ਰਾਮ ਰੱਖੀ, ਮਾਤਾ ਗੋਬਿੰਦਨੀ ਤੇ ਹੋਰ।

ਨਾਮ ਸਿਮਰਨ ਉਪ੍ਰੰਤ ਕੀਰਤਨ ਵਿਚ *'ਭਗਤਿ ਵਛਲੁ ਸੁਨਹੋਤ ਹੋ ਨਿਰਾਜ ਰਿਦੇ'* ਤੇ *'ਗੋਬਿੰਦ ਕੇ ਗੁਨ ਗਾਓ'* ਕਾਨੜੇ ਦੇ ਪ੍ਰਕਾਰ ਨੂੰ ਮਾਨਤਾ ਮਿਲੀ। ਕਲਾਕਾਰਾਂ ਦਾ ਗਰੁੱਪ ਪਹਿਲਾਂ ਵਾਲਾ ਹੀ। ਸ੍ਰੀ ਸਤਿਗੁਰੂ ਜੀ ਵਲੋਂ ਅਗਵਾਈ, ਮਹਾਰਾਜ ਜੀ ਵਲੋਂ ਮ੍ਰਿਦੰਗ ਤੇ ਦਿਲਰੁਬਾ ਵਾਦਨਾ।

ਐਲਾਨ ਕੀਤਾ ਗਿਆ ਕਿ ਦਿਵਾਨ ਸਮਾਪਤੀ ਪਿਛੋਂ ਬੀਬੀਆਂ ਦੀ ਇਕੱਤਰਤਾ ਏਥੇ ਮੰਚ ਪਾਸ ਹੀ ਹੋਵੇਗੀ।

ਸੰਤ ਸਨਖਤਰਾ ਨੇ ਉਨ੍ਹਾਂ ਜਥੇਦਾਰਾਂ ਦੀ ਟਾਈਮਬੰਦੀ ਸੁਣਾਈ ਜਿਨ੍ਹਾਂ ਅੱਜ ਸਾਰੀ ਰਾਤ ਕੀਰਤਨ ਕਰਨਾ ਸੀ:

| | |
|---|---|
| 7 ਤੋਂ 8 ਵਜੇ ਰਾਤੀਂ | ਜਥੇਦਾਰ ਧਰਮ ਸਿੰਘ ਦਿੱਲੀ |
| 8 ਤੋਂ 9.30 --''-- | ਨਿਰੰਜਨ ਸਿੰਘ ਕੱਕੜ |
| 9.30 ਤੋਂ 11 --''-- | ਬਾਬਾ ਛਿੰਦਾ ਸਿੰਘ |
| 11 ਤੋਂ 11.45 --''-- | ਗੁਰਦੀਪ ਸਿੰਘ ਦਿੱਲੀ |
| 11.45 ਤੋਂ 12.30 --''-- | ਅਜੀਤ ਸਿੰਘ ਬਟਾਲਾ |
| 12.30 ਤੋਂ 1.15 --''-- | ਮੇਵਾ ਸਿੰਘ ਸੰਤ ਨਗਰ |
| 1.15 ਤੋਂ 2 --''-- | ਬਲਬੀਰ ਸਿੰਘ ਰਾਣੀਆਂ |
| 2 ਤੋਂ 3 ਅੰਮ੍ਰਿਤ ਵੇਲਾ --''-- | ਅਮਰ ਸਿੰਘ ਨਕੋਦਰ |



Sri Satguru Jagjit Singh Ji Elibrary NamdhariElibrary@gmail.com

ਦਿਵਾਨ ਤੋਂ ਬਾਅਦ ਮੈਨੂੰ ਥਾਈਲੈਂਡ ਦੇ ਗਿਆਨੀ ਹਰਬੰਸ ਸਿੰਘ ਸਚਦੇਵ ਮਿਲੇ। ਨਾਲ ਉਨ੍ਹਾਂ ਦਾ ਭਤੀਜਾ ਸ. ਓਅੰਕਾਰ ਵੀ ਸੀ। ਮੇਰੇ ਅਤੇ ਸ. ਜਗਦੀਸ਼ ਸਿੰਘ ਵਰਿਆਮ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦਸਿਆ ਕਿ 17.10.1985 ਨੂੰ ਸੰਤ ਮੋਹਨ ਸਿੰਘ (70) ਇੰਫਾਲ ਵਾਲੇ ਦਿੱਲੀ ਵਿਖੇ ਪੂਰੇ ਹੋ ਗਏ ਹਨ। ਸੰਤ ਮੋਹਣ ਸਿੰਘ ਬੜੇ ਗੁਰਮੁਖ, ਤਹੰਮਲ ਮਿਜਾਜ਼, ਸਦਾ ਮੁਸਕ੍ਰਾਂਦੇ ਰਹਿਣ ਤੇ ਗੁਰਬਾਣੀ ਦੇ ਪ੍ਰਮਾਣਾਂ ਦੀ ਭਰਮਾਰ ਲਾਈ ਰੱਖਣ ਵਾਲੇ ਗੁਰ ਚਰਨ ਭੌਰੇ ਸਨ। ਸ਼ਾਮੀ 5 ਵਜੇ ਉਹਨਾਂ ਦਾ ਕੋਠੇ ਤੋਂ ਅਚਾਨਕ ਤਿਲਕਣਾ ਹੀ ਮ੍ਰਿਤੂ ਦਾ ਕਾਰਨ ਬਣ ਗਿਆ। ਸੰਤ ਮੋਹਣ ਸਿੰਘ ਸੰਤ ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਦੇ ਸਾਲਾ ਸਨ। ਉਨ੍ਹਾਂ ਦਾ ਭੋਗ ਦਿੱਲੀ ਵਿਖੇ 25.10.1985 ਨੂੰ ਰਮੇਸ਼ ਨਗਰ ਵਿਖੇ ਪਾਇਆ ਗਿਆ। ਗਿ: ਹਰਬੰਸ ਸਿੰਘ ਏਸੇ ਕਾਰਣ ਬੈਂਕੌਕ ਤੋਂ ਭਾਰਤ ਆਏ ਸਨ। ਜੀਵਨ ਨਗਰ ਮੇਲੇ ਵਿਚ ਪਹੁੰਚ ਵੀ ਭਾਰਤ ਹੋਣ ਕਰਕੇ ਆਸਾਨ ਹੋ ਗਈ।

ਸੰਤ ਮੋਹਣ ਸਿੰਘ ਜੀ ਦਾ ਪਿੱਛੇ ਪਰਵਾਰ ਹੈ ਸੁਪਤਨੀ, ਇਕ ਲੜਕੀ ਅਤੇ ਛੇ ਪੁੱਤਰ।

ਸੰਤ ਖਜ਼ਾਨ ਸਿੰਘ ਰਾਗੀ ਨੇ ਅੱਜ ਦੀਵਾਨ ਵਿਚ ਇਕ ਕਰਾਮਾਤ ਵਿਖਾਈ। ਉਨ੍ਹਾਂ ਗਾਉਂਦਿਆਂ ਗਾਉਂਦਿਆਂ ਅਚਾਨਕ ਅਨਾਊਂਸਮੈਂਟ ਕਰ ਦਿਤੀ: ਲੰਗਰ ਵਿਚ ਅੱਗ ਲੱਗ ਗਈ ਹੈ। ਸਾਧ ਸੰਗਤ ਜਲਦੀ ਹੀ ਉਠ ਕੇ ਜਾਵੇ ਅਤੇ ਅੱਗ ਬੁਝਾਵੇ। ਸਾਧ ਸੰਗਤ ਨੇ ਮਸਲੇ ਦੀ ਨੌਈਅਤ ਸਮਝ ਕੇ ਉਠ ਕੇ ਜਾਣਾ ਸ਼ੁਰੂ ਕੀਤਾ। ਅਜੇ ਐਲਾਨ ਨੂੰ ਅੱਧਾ ਮਿੰਟ ਹੀ ਹੋਇਆ ਸੀ ਕਿ ਦੂਜੀ ਸੂਚਨਾ ਮਿਲ ਗਈ: ਸਾਧ ਸੰਗਤ ਦਿਵਾਨ ਦਾ ਰਸ ਖਰਾਬ ਨਾ ਕਰੇ। ਅੱਗ ਬੁਝ ਗਈ ਏ। ਸਿੰਘਾਂ ਆਣ ਦਸਿਆ ਏ।

ਅੱਜ ਦੇ ਦਿਵਾਨ ਵਿਚ ਮੈਨੂੰ ਗਿ: ਗੁਰਚਰਨ ਸਿੰਘ ਪੰਛੀ ਨੇ ਇਕ ਪਤਲੇ ਜਿਹੇ ਹਿੰਦੂ ਜੁਆਨ ਨਾਲ ਮਿਲਾਇਆ। ਇਹ ਸਰਸੇ ਇਕ ਮਹਾਨ ਹਿੰਦੀ ਕਵੀ ਹੈ ਜਿਸਨੂੰ ਗਿ: ਜ਼ੈਲ ਸਿੰਘ ਭਾਰਤ ਦੇ ਰਾਸ਼ਟਰਪਤੀ ਨੇ ਸਨਮਾਨਤ ਕੀਤਾ ਹੈ ਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਵੀ। ਇਸ ਪਾਸ ਉਹ ਐਲਬਮ ਵੀ ਸੀ ਜਿਸ ਰਾਹੀਂ ਇਹਨੇ ਵਖ ਵਖ ਮੁਖੀ ਲੋਕਾਂ ਨਾਲ ਫੋਟੋਗ੍ਰਾਫ਼ ਲਏ ਸਨ। ਇਸ ਦਾ ਸ਼ੁਭ ਨਾਮ ਹੈ ਸ੍ਰੀ ਸ਼ਰਨਚੰਦ ਮੁਕਤੇਸ਼। ਅੱਜ ਵੀ ਗਿ: ਪੰਛੀ ਨਾਲ ਸੰਤ ਅਜੀਤ ਸਿੰਘ ਹੈਰਤ ਅਤੇ ਵੇਦਾਂਤੀ ਸ੍ਰੀ ਰਾਮ ਨਿਵਾਸ ਮੈਨੇਜਰ ਸਟੇਟ ਬੈਂਕ ਰਾਣੀਆਂ ਦਿਵਾਨ ਸਮੇਂ ਉਪਸਥਿਤ ਰਹੇ।

ਹਜ਼ਾਰਾਂ ਦੀ ਤਾਦਾਦ ਵਿਚ ਇਕੱਤਰ ਸਾਧ ਸੰਗਤ ਦੇ ਜੋੜਿਆਂ ਦੀ ਸੇਵਾ ਸੰਭਾਲ ਦੀ ਜ਼ਿਮੇਵਾਰੀ ਆਪਣੇ ਸਾਥੀਆਂ ਨਾਲ ਸ. ਸਵਰਨ ਸਿੰਘ ਸਪੁਤ੍ਰ ਸੰਤ ਕਰਨੈਲ ਸਿੰਘ ਸੰਤ ਨਗਰ ਨੇ ਤਨਦੇਹੀ ਨਾਲ ਨਿਭਾਈ।



Sri Satguru Jagjit Singh Ji Elibrary NamdhariElibrary@gmail.com

# 28 ਅਕਤੂਬਰ 1985, ਸੋਮਵਾਰ
# ਸ੍ਰੀ ਜੀਵਨ ਨਗਰ (ਅੱਸੂ ਮੇਲੇ ਦਾ ਅੰਤਮ ਦਿਨ)

ਖੂਹੀਆਂ, ਨਲਕਿਆਂ, ਸਰੋਵਰ 'ਤੇ 3 ਵਜੇ ਅੰਮ੍ਰਿਤ ਵੇਲੇ ਤੋਂ ਸਕੇਸ਼ ਸ਼ਨਾਨ ਕਰਨ ਵਾਲਿਆਂ ਦੀਆਂ ਭੀੜਾਂ। ਆਸਾ ਦੀ ਵਾਰ ਦਾ ਵਾਰੇ ਢੰਗ ਦਾ ਆਯੋਜਨ - ਪਹਿਲਾਂ ਤੋਂ ਵੀ ਖੁਲ੍ਹੇ ਪੰਡਾਲ ਵਿਚ। ਸ੍ਰੀ ਸਤਿਗੁਰੂ ਜੀ ਦੇ ਜ਼ਿੰਦਗੀ ਬਖਸ਼ ਪਾਵਨ ਦਰਸ਼ਨ। ਸਾਧ ਸੰਗਤ ਦੀਆਂ, ਨਰ ਨਾਰੀ ਦੇ ਰੂਪ ਵਿਚ ਦਵਲੀਓਂ ਨਮਸਕਾਰ ਕਰਨ ਹਿਤ ਕਤਾਰਾਂ। ਦੁਆਲਾ ਰੋਕਦੀਆਂ ਕਤਾਰਾਂ ਅਜ ਵਿਛ ਗਈਆਂ ਹਨ। ਕੀਰਤਨ ਦੀ ਸਮਿਲਤ ਆਵਾਜ਼ ਭਾਵੇਂ ਏਨੀ ਸੁਮਧੁਰ ਨਹੀਂ ਪਰ ਉੱਚੀ, ਭਖਵੀਂ ਜ਼ੋਰ ਲਾਵੀਂ ਤੇ ਸਿੱਧੀ ਸਾਦੀ ਹੈ ਤਾਂ ਵੀ ਇਸ ਵਿਚ ਸਾਰੰਗੀ, ਬੰਸਰੀ, ਤਾਰ ਸ਼ਹਿਨਾਈ ਦੀਆਂ ਧੁਨਾਂ ਕਲਾਕਾਰਾਂ ਦੇ ਮੰਚ ਤੇ ਉਪਸਥਿਤ ਹੋਣ ਦਾ ਸਬੂਤ ਹਨ।

ਮੇਰੀ ਗੁਰੂ ਚਰਨਾਂ ਤਕ ਪਹੁੰਚ 6.15 ਵਜੇ ਹੀ ਹੋ ਸਕੀ ਹੈ। ਇਸ ਵੇਲੇ 'ਤੁਮ ਘਰ ਆਵਹੁ ਮੇਰੇ ਮੀਤ' ਦੀਆਂ ਸੁਰਾਂ ਮੰਡਲ ਵਿਚ ਵਿਆਪਤ ਹਨ। ਸ੍ਰੀ ਸਤਿਗੁਰੂ ਜੀ ਵਾਲੇ ਮੰਚ ਦੇ ਸਨਮੁਖ, ਥੋੜ੍ਹਾ ਫਾਸਲਾ ਛਡ ਕੇ, ਚਿੱਟੇ ਖੱਦਰ ਨਾਲ ਖੰਭਿਆਂ ਨੂੰ ਜੋੜਦੀ ਵਿਸ਼ਾਲ ਵੇਦੀ ਹੈ, ਜਿਸ ਦੇ ਵਿਚਕਾਰੇ ਹਵਨ ਕੁੰਡ ਪ੍ਰਜਵਲਤ ਹੈ। ਅੰਮ੍ਰਿਤ ਤਿਆਰ ਹੋ ਚੁਕਾ ਹੈ। ਹਵਨ ਦੀਆਂ ਬਾਣੀਆਂ ਵੀ ਪੜ੍ਹੀਆਂ ਜਾ ਚੁਕੀਆਂ ਹਨ। ਬਿਰਧ ਪਾਠੀ ਨਿਜੀ ਨਿਤਨੇਮ ਲਈ ਗੁਟਕੇ ਖੋਲ੍ਹੀ ਦਿਸਦੇ ਹਨ। ਇਹਨਾਂ ਦੇ ਚੌਪਾਸੇ 8000 ਦੀ ਗਿਣਤੀ ਵਿਚ ਸੰਗਤ ਦੇ ਖਾਮੋਸ਼ ਦਰਸ਼ਨ ਹਨ। ਬੀਬੀਆਂ ਦੇ ਪਾਸੇ ਹਾਜ਼ਰੀ ਵਧੇਰੇ ਹੈ ਮੁਕਾਬਲਤਨ।

ਚੌਥੇ ਪੌੜੇ, ਸੋਧੀਆਂ ਤੇ ਵਿਸ਼ੇਸ਼ ਵਿਅਕਤੀਆਂ ਵਾਲਾ ਖੇਤਰ ਵੀ ਭਰਪੂਰ ਹੈ।

ਆਸਾ ਦੀ ਵਾਰ ਦੀ ਸਮਾਪਤੀ ਸੂਰਜ ਚੜ੍ਹੇ ਨਾਲ ਹੋ ਗਈ ਹੈ ਤੇ ਭੈਰਵੀ ਦੀ ਚੌਂਕੀ ਰਾਗੀ ਸਿੰਘ ਅਤੇ ਗਾਇਕਾਂ ਜਾਰੀ ਕਰ ਦਿਤੀ ਹੈ। ਏਨੇ ਵਿਚ ਹਵਨ ਕੁੰਡ ਦੇ ਇਕ ਪਾਸੇ ਸ੍ਰੀ ਸਤਿਗੁਰੂ ਜੀ ਨੂੰ ਮੁਖ ਕਰਕੇ 36 ਜੋੜੇ ਬੈਠ ਚੁਕੇ ਹਨ। ਸਭ ਨੂੰ ਅੰਮ੍ਰਿਤ ਛਕਾ ਕੇ ਕੰਨ ਵਿਚ ਭਜਨ ਦਿਤਾ ਜਾ ਰਿਹਾ ਹੈ।

ਮੈਨੂੰ ਜਾਪਦਾ ਹੈ ਏਨਾ ਸੁਖਾਵਾਂ, ਸ਼ਾਨਦਾਰ ਤੇ ਵਿਸ਼ਾਲ ਇਕੱਠ ਇਸ ਜਗਹ ਤੇ ਪਹਿਲਾਂ ਕਦੇ ਨਹੀਂ ਹੋਇਆ। ਸ੍ਰੀ ਸਤਿਗੁਰੂ ਜੀ ਦਾ ਹੀ ਸਾਰਾ ਪੁੰਨ ਪਰਤਾਪ ਹੈ। ਆਪ ਜੀ ਦੇ ਦਰਸ਼ਨ ਦਾ ਆਕਰਸ਼ਣ ਤੇ ਨਾਮ ਬਾਣੀ ਦਾ ਇਹ ਅੰਮ੍ਰਿਤ ਕੁੰਡ ਹਰ ਕਿਸੇ ਨੂੰ ਪ੍ਰਭਾਵਤ ਕਰਦਾ ਹੈ।

ਭੈਰਵੀ ਦੀ ਚੌਂਕੀ ਚਲਦਿਆਂ ਹੀ ਗਵਾਲੀਅਰ ਦੇ ਸੰਤ ਸਰਬਜੀਤ ਸਿੰਘ ਦੇ ਭਤੀਜੇ ਹਰਪ੍ਰੀਤ ਸਿੰਘ ਤੋਂ ਤਬਲਾ ਸੁਣਿਆ ਗਿਆ ਹੈ। 9 ਸਾਲ ਦੇ ਬੱਚੇ ਨੇ ਕਈ ਗਤਾਂ ਵਜਾਈਆਂ ਹਨ। ਬੋਲਾਂ ਦੀ ਸਪਸ਼ਟਤਾ ਮੋਹਕ ਹੈ।



Sri Satguru Jagjit Singh Ji Elibrary NamdhariElibrary@gmail.com

ਮੰਚ ਦੀ ਭਰਪੂਰ ਵਰਤੋਂ ਹੋ ਰਹੀ ਹੈ। ਇਕ ਮਧਰਾ ਜਿਹਾ, ਮਾੜਚੂ ਜਿਹਾ ਹਿੰਦੂ ਜੈਂਟਲਮੈਨ ਬੜੇ ਆਦਰ ਨਾਲ ਸ੍ਰੀ ਸਤਿਗੁਰੂ ਜੀ ਦੇ ਨੇੜੇ ਕਰਕੇ ਬੈਠਾਇਆ ਗਿਆ ਹੈ। ਇਸਨੂੰ ਸੇਠ ਸੁਖਦਰਸ਼ਨ ਸਿੰਘ ਦਿੱਲੀ ਵਾਲਿਆਂ ਦਾ ਵਡਾ ਸਪੁਤ੍ਰ ਸ. ਸਚਿੰਦਰ ਸਿੰਘ ਪੱਪੂ ਸ਼ਾਇਦ ਬਨਾਰਸੋਂ ਹੀ ਲਿਆਇਆ ਹੈ ਆਪਣੀ ਗੱਡੀ ਤੇ। ਇਹ ਸਵਰਗਵਾਸੀ ਪ੍ਰਸਿਧ ਤਬਲਾ ਵਾਦਕ ਸ੍ਰੀ ਅਨੋਖੇ ਲਾਲ ਜੀ ਦਾ ਸਪੁਤ੍ਰ ਸ੍ਰੀ ਰਾਮ ਜੀ ਮਿਸ਼ਰਾ ਹੈ।

ਸਤਿਗੁਰੂ ਜੀ ਦੇ ਸਨਮੁਖ ਗਾਇਕ ਬੈਠੇ ਹਨ - ਇਕੋ ਮੰਚ ਉਤੇ। ਸ੍ਰੀ ਮਹਾਰਾਜ ਜੀ, ਉਸਤਾਦ ਹਰਭਜਨ ਸਿੰਘ, ਸ੍ਰੀ ਚੰਦ੍ਰਹਾਸ, ਸ੍ਰੀ ਹਰਬੰਸ ਸਿੰਘ ਘੁੱਲਾ, ਸੰਤ ਖਜ਼ਾਨ ਸਿੰਘ ਰਾਗੀ, ਸ੍ਰੀ ਗੁਰਦੇਵ ਸਿੰਘ ਸਰੋਦ, ਸ੍ਰੀ ਬਲਜੀਤ ਸਿੰਘ, ਸ੍ਰੀ ਮੋਹਣ ਸਿੰਘ-ਸੁਖਦੇਵ ਸਿੰਘ, ਸ੍ਰੀ ਸੁਖਦੇਵ ਸਿੰਘ ਸੁਖੀ, ਸ੍ਰੀ ਸੁਜਾਨ ਸਿੰਘ, ਸ੍ਰੀ ਸਤਪਾਲ ਸਿੰਘ। *'ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ'* ਦੀ ਟੇਕ ਤੇ ਤਿਹਾਈਆਂ, ਸਰਗਮਾਂ, ਤਾਨਾਂ ਅਤੇ ਪ੍ਰਮਾਣਾਂ ਦਾ ਇਕ ਜੰਗ ਹੀ ਤਾਂ ਹੈ, ਪਰ ਸੁਰੀਲਾ, ਕੰਨਾਂ ਲਈ ਅਨੰਦਦਾਇਕ, ਹਿਰਦੇ ਨੂੰ ਸੰਤੁਸ਼ਟ ਕਰਨ ਵਾਲਾ।

7.50 ਤੇ ਸ਼ਬਦ ਸਮਾਪਤੀ ਉਪ੍ਰੰਤ ਸੰਤ ਦਲੀਪ ਸਿੰਘ ਪ੍ਰਧਾਨ ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ ਉਠਦਾ ਹੈ। ਉਸਨੇ ਨਵ ਸਥਾਪਤ ਜਾਂ ਨਵਗਠਿਤ ਵਿਦਿਅਕ ਜਥਿਆਂ ਦੇ ਪ੍ਰਧਾਨਾਂ ਸਕਤਰਾਂ ਦੀ ਸੂਚੀ ਪੇਸ਼ ਕੀਤੀ ਹੈ। ਕੱਲ ਹੀ ਕਿਸੇ ਮੌਕੇ ਇਨ੍ਹਾਂ ਦਾ ਫੈਸਲਾ ਹੋਇਆ ਹੈ। ਸੂਚੀ ਬਹੁਤ ਲੰਮੀ ਹੈ। ਸੂਚੀ ਪੱਤਰ ਮੇਰੇ ਪਾਸ ਨਹੀਂ - ਸੋ ਨੋਟ ਨਹੀਂ ਹੋ ਰਹੇ।

8 ਵਜੇ ਮਹਾਰਾਜ ਬੀਰ ਸਿੰਘ ਨੇ ਸੰਬੋਧਨ ਕੀਤਾ ਹੈ : (ਨੁਕਤੇ)

40 ਸਾਲ ਪਹਿਲਾਂ ਇਹ ਇਲਾਕਾ ਜੰਗਲ ਬੀਆਬਾਨ ਸੀ, ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਏਥੇ ਇੰਨੀ ਵੱਡੀ ਇਕੱਤਰਤਾ ਵੀ ਕਦੇ ਹੋਵੇਗੀ।

ਇਹ ਪਰਿਵਰਤਨ ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਹੀ ਹੋਇਆ ਹੈ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਇਹ ਮੇਲਾ ਨਿਮਾਣੀ ਇਕਾਦਸ਼ੀ ਦੇ ਰੂਪ ਵਿਚ ਮਨਾਇਆ ਜਾਂਦਾ ਸੀ। ਫਿਰ ਗੁਰੂ ਹਰੀ ਸਿੰਘ ਜੀ ਦੇ ਭੋਗਾਂ ਨਮਿਤ ਮੰਨਿਆ ਜਾਣ ਲੱਗਾ। ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਨੇ ਇਸ ਮੇਲੇ ਨੂੰ ਅੱਸੂ ਦੇ ਮਹੀਨੇ ਵਿਚ ਕਰਕੇ ਅੱਸੂ ਦਾ ਮੇਲਾ ਬਣਾ ਦਿਤਾ। ਇਹ ਮੇਲਾ ਹੁਣ ਦੋਹਾਂ ਪੂਰਵ ਸਤਿਗੁਰੂਆਂ ਦੀ ਯਾਦ ਵਿਚ ਹੈ।

ਸ੍ਰੀ ਸਤਿਗੁਰੂ ਜੀ ਨੇ ਅਪਾਰ ਕਿਰਪਾ ਕੀਤੀ ਹੈ ਕਿ ਮੇਲੇ ਦਾ ਸਮਾਗਮ ਏਥੇ ਕੀਤਾ ਹੈ। ਲੋਕਲ ਲੋਕਾਂ ਨੂੰ ਤਾਂ ਏਥੇ ਮੇਲੇ ਨਾਲ ਸਹੂਲਤ ਰਹੀ ਹੈ ਪਰ ਸਾਧ ਸੰਗਤ ਨੇ ਦੇਸ਼ ਦੇ ਦੂਰ ਦੂਰ ਕੋਨਿਆਂ ਵਿਚੋਂ ਆ ਕੇ ਏਥੇ ਦਰਸ਼ਨ ਦਿਤੇ ਹਨ। ਵਿਦੇਸ਼ਾਂ ਵਿਚੋਂ ਵੀ ਸੰਗਤ ਆਈ ਹੈ।



Sri Satguru Jagjit Singh Ji Elibrary NamdhariElibrary@gmail.com

ਮੇਲਾ ਸਫਲਤਾ ਨਾਲ ਨਾ ਹੋ ਸਕੇ ਜੇ ਪ੍ਰਬੰਧਕ ਸੱਜਣ ਪ੍ਰਬੰਧ ਨਾ ਕਰਨ ਤੇ ਸੇਵਾ ਕਰਨ ਵਾਲੇ ਸਹਿਯੋਗ ਨਾ ਦੇਣ। ਇਸ ਮੇਲੇ ਵਿਚ ਹਰ ਕਿਸੇ ਨੇ ਭਰਪੂਰ ਸਹਿਯੋਗ ਦਿਤਾ ਹੈ।

ਦਿੱਲੀ ਵਾਲਿਆਂ ਨੇ ਸਾਰੀਆਂ ਥਾਵਾਂ ਤੋਂ ਬਿਜਲੀ ਦਾ ਠੀਕ ਪ੍ਰਬੰਧ ਰਖਿਆ ਹੈ, ਕਮੀ ਆਉਣ ਨਹੀਂ ਦਿਤੀ, ਧੰਨਵਾਦ।

ਟੈਲੀਫੋਨ ਵਾਲਿਆਂ ਦੇ ਮਨਾਂ ਵਿਚ ਵੀ ਚੰਗਾ ਫ਼ਰਕ ਆਇਆ ਹੈ, ਸਾਡੀਆਂ ਲੋੜਾਂ ਠੀਕ ਤਰ੍ਹਾਂ ਪੂਰੀਆਂ ਹੋਈਆਂ ਹਨ।

ਐਸ. ਡੀ. ਓ (ਸਿਵਲ) ਸਾਹਿਬ ਸ੍ਰੀ ਮੜ੍ਹੀਆ, ਹੁਣੇ ਹੁਣੇ ਪਧਾਰੇ ਹਨ। ਇਹ ਸਾਡੇ ਵਿਆਹ ਵੇਖਣ ਆਏ ਹਨ।

ਸਾਡੀ ਹਾਕੀ ਦੀ ਟੀਮ ਨੇ ਹਰਿਆਣੇ ਵਿਚ, ਜਿੱਤਾਂ ਹਾਸਲ ਕਰਕੇ ਦੇਸ਼ ਅਤੇ ਦੁਨੀਆਂ ਵਿਚ ਥਾਂ ਬਣਾਈ ਹੈ। ਖੇਡਾਂ ਨਾਲ ਸੰਬੰਧਤ ਲੋਕਾਂ ਨੂੰ ਪਤਾ ਹੈ ਕਿ ਨਾਮਧਾਰੀ ਹਾਕੀ ਟੀਮ ਨੇ ਮਾਣਯੋਗ ਪੁਰਸਕਾਰ ਪ੍ਰਾਪਤ ਕੀਤੇ ਹਨ। ਏਨੀ ਛੇਤੀ ਅਜਿਹੀਆਂ ਪ੍ਰਾਪਤੀਆਂ ਵਿਰਲਿਆਂ ਨੂੰ ਹੁੰਦੀਆਂ ਹਨ।

ਦਿੱਲੀ ਦੇ ਸਤਨਾਮ ਸਿੰਘ ਸਪੁਤ੍ਰ ਸੰਤ ਨੱਥਾ ਸਿੰਘ ਨੇ ਭਾਰ ਚੁਕਣ ਦਾ ਇਨਾਮ ਜਿੱਤਿਆ ਹੈ। 110 ਕਿਲੋ ਇਸਦਾ ਆਪਣਾ ਵਜ਼ਨ ਹੈ ਪਰ ਇਸਨੇ 162 ਕਿਲੋਗ੍ਰਾਮ ਭਾਰ ਉਠਾ ਕੇ ਸਵਰਨ ਪਦਕ ਤੇ ਸਰਟੀਫੀਕੇਟ ਜਿੱਤਿਆ ਹੈ।

(ਨੌਜਵਾਨ ਸਤਨਾਮ ਸਿੰਘ ਦੇ ਮੰਚ ਤੇ ਖਲ੍ਹਿਆਰ ਕੇ ਦਰਸ਼ਨ ਕਰਵਾਏ ਗਏ। ਸੰਤ ਸਤਨਾਮ ਸਿੰਘ ਨੇ ਸੋਨੇ ਦਾ ਮੈਡਲ ਤੇ ਸਰਟੀਫੀਕੇਟ ਵੀ ਸਾਧ ਸੰਗਤ ਨੂੰ ਵਖਾਏ।)

ਏਥੇ ਦਬਵਾਲੀ ਦੇ ਸ. ਗੁਲਾਬ ਸਿੰਘ ਵੀ ਆਏ ਸਨ। ਸਤਿਗੁਰੂ ਜੀ ਦੇ ਦਰਸ਼ਨ ਕਰਨ। ਉਨ੍ਹਾਂ ਨੇ 80 ਸਾਲ ਦੀ ਉਮਰ ਤਕ ਦੌੜ ਕੇ 29 ਸੋਨੇ ਦੇ 6 ਤਾਂਬੇ ਦੇ ਤੇ ਕੁਛ ਕਾਂਸੀ ਪਦਕ ਜਿੱਤੇ ਹਨ। ਤਿੰਨ ਉਲੰਪਿਕ ਰਿਕਾਰਡ ਤੋੜੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਦਾ ਜੀ ਕਰਦਾ ਹੈ ਉਹ ਕੁਛ ਨਾਮਧਾਰੀ ਬੱਚਿਆਂ ਨੂੰ ਅਜਿਹੀਆਂ ਖੇਡਾਂ ਵਿਚ ਤਾਕ ਕਰਨ।

1911-12 ਦੇ ਕਰੀਬ ਜਾਰਜ ਪੰਚਮ ਦਿੱਲੀ ਆਇਆ ਸੀ। ਓਦੋਂ ਰੱਸਾ ਖਿੱਚ ਕੇ ਨਾਮਧਾਰੀਆਂ ਦੀ ਚੋਟੀਆਂ ਵਾਲੀ ਟੀਮ ਨੇ ਸਾਰੀਆਂ ਹੋਰ ਟੀਮਾਂ ਨੂੰ ਜਿੱਤ ਲਿਆ ਸੀ। ਉਹ ਸਾਰੇ ਹੀ ਭਜਨ ਬਾਣੀ ਕਰਨ ਤੇ ਸੰਜਮੀ ਜੀਵਨ ਬਿਤਾਣ ਵਾਲੇ ਬੰਦੇ ਸਨ।

ਰਾਣੀਆਂ ਵਾਲੀ ਤੇ ਸੰਤ ਨਗਰ ਦੀ ਸੰਗਤ ਨੇ ਮੇਲੇ ਸਮੇਂ ਲੰਗਰ ਦੀ ਬਹੁਤ ਸੇਵਾ ਕੀਤੀ। ਸਾਰਿਆਂ ਦਾ ਹੀ ਬਹੁਤ ਬਹੁਤ ਧੰਨਵਾਦ ਹੈ।

ਮਹਾਰਾਜ ਜੀ ਦੇ 20-25 ਮਿੰਟ ਦੇ ਭਾਸ਼ਣ ਉਪ੍ਰੰਤ ਮੈਂਬਰ ਪਾਰਲੀਮੈਂਟ ਸ. ਹਰਵਿੰਦਰ ਸਿੰਘ ਹੰਸਪਾਲ ਨੇ ਥੋੜ੍ਹੇ ਪਰ ਚੋਣਵੇਂ ਸ਼ਬਦਾਂ ਦੁਆਰਾ ਸ੍ਰੀਮਤੀ ਇੰਦ੍ਰਾ ਗਾਂਧੀ ਪ੍ਰਧਾਨ ਮੰਤਰੀ, ਸੰਤ ਹਰਚੰਦ ਸਿੰਘ ਲੌਂਗੋਵਾਲ, ਤਰਨਾ ਦਲ ਦੇ ਮੁਖੀ



Sri Satguru Jagjit Singh Ji Elibrary NamdhariElibrary@gmail.com

ਜਥੇਦਾਰ ਕਾਨ੍ਹ ਸਿੰਘ ਨਿਹੰਗ ਦੇ ਕਤਲਾਂ ਪਿੱਛੋਂ [illegible]
ਰਾਜੀਵ ਗਾਂਧੀ ਦੇ ਇਕ ਸਾਲ ਦੇ ਸ਼ਾਸਨ ਦੀ [illegible]
ਉਸਦੇ ਲਾਗੂ ਹੋਣ ਦੇ ਪ੍ਰਭਾਵਾਂ ਨੂੰ [illegible]
ਸਫ਼ਲਤਾ ਦਾ ਜ਼ਿਕਰ ਕੀਤਾ। ਅਤੇ ਫਿਰ [illegible]
ਦੀ ਏਕਤਾ, ਅਖੰਡਤਾ ਤੇ ਸ਼ਹੀਦ ਹੋ ਚੁੱਕੇ [illegible]

8.35 ਹੋ ਗਏ। ਸੰਤ ਬਲਵੰਤ ਸਿੰਘ ਸੋਖੀ [illegible] ਨਾਮਧਾਰੀ ਪਹਿਰਾਵਾ ਧਾਰਨ, ਚਾਹ [illegible] ਕੇਵਲ ਮਹੀਨੇ ਭਰ ਸੋਧ ਰਖਣ ਲਈ ਵੰਗਾਰਿਆ:

ਫਿਰ ਸੰਤ ਸਿੰਘ ਜੀ ਬਾਜਾ ਨੇ [illegible] ਕਰਨ ਲਈ ਕਿਹਾ - ਪਰ ਹੁੰਗਾਰਾ ਨਾ ਮਿਲਿਆ ਜਿਵੇਂ [illegible] ਹੋਵੇ। 4-5 ਬਾਹਾਂ ਹੀ ਉਪਰ ਉਠੀਆਂ।

ਹਾਂ, ਸੋਖੀ ਸੋਧੀ ਦੀ ਅਪੀਲ ਨੂੰ ਫਲ ਲੱਗਾ। [illegible] ਇਕ ਇਕ ਮਹੀਨਾ ਸੋਧ ਰਖਣਗੇ।

ਹੁਣ 8.45 ਹੋ ਚੁਕੇ ਸਨ। ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤ [illegible] (ਸੰਖੇਪ)

ਜੀਵਨ ਨਗਰ ਵਿਖੇ ਅੱਸੂ ਦਾ ਮੇਲਾ ਕਰਨ [illegible] ਇਹ ਕੇਵਲ, ਪਸਰਦੇ ਜਾ ਰਹੇ ਆਸੁਰੀ ਸੰਪਦਾ ਦੇ [illegible] ਕੀਤਾ ਹੈ।

ਸਤ, ਸੰਤੋਖ, ਦਇਆ, ਧਰਮ, ਸੁਚ ਸੋਧ ਦੈਵੀ ਗੁਣ ਸਾਡੇ ਅੰਦਰ ਆਉਣ ਤਾਂ ਹੀ ਸਾਡਾ ਭਲਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੀਆਂ, ਏਥੇ [illegible] ਆਈਆਂ ਤਸਵੀਰਾਂ ਵਿਚੋਂ ਅਜੇ ਤਕ 150 ਹੀ ਵਿਕੀਆਂ ਹਨ। ਮੇਰੀ ਲੋਚ ਤਾਂ ਰਹਿੰਦੀ ਹੈ ਜੇ ਇਹ ਸਾਰੀਆਂ ਤਸਵੀਰਾਂ ਵਿਕ ਜਾਣ। ਮੇਰੀ ਤਸਵੀਰ ਭਾਵੇਂ ਨਾ ਵੀ ਹੋਵੇ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ ਹਰ ਘਰ ਵਿਚ ਹੋਣੀ ਚਾਹੀਦੀ ਹੈ।

ਸੰਤ ਬਲਵੰਤ ਸਿੰਘ ਸੋਖੀ ਨੇ ਸੋਧ ਰਖੀ ਹੋਈ ਹੈ, ਭਜਨ ਬੰਦਗੀ ਕਰਦੇ ਹਨ; ਇਹਨਾਂ ਨੂੰ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੁੰਦੇ ਹਨ। ਵੱਡੇ ਕਿਲੇ ਚੰਗੀ ਸੋਝੀ ਦੇ ਮਾਲਕ ਹਨ।

ਜੇ ਸੱਚੇ ਮਨ ਨਾਲ ਸੋਚੀਏ ਤਾਂ ਪਤਾ ਲੱਗੇਗਾ ਕਿ ਕਿੰਨੇ ਕੁ ਪਰਵਾਰ ਹਨ ਜੋ ਦਸਵੰਧ ਕੱਢਦੇ ਹਨ। ਜਿੰਨੇ ਲੋਕ ਇਸ ਇਲਾਕੇ ਵਿਚ ਰਹਿੰਦੇ ਹਨ, ਇਹਨਾਂ ਤੋਂ ਦਸਵਾਂ ਹਿੱਸਾ ਵੀ ਦਸਵੰਧ ਕਢਣ ਵਾਲੇ ਨਹੀਂ।

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨ ਵੰਞਾਇਆ ਸੇ ਕਿਤ ਫੇਰਹਿ ਚਿਤ ॥*



Sri Satguru Jagjit Singh Ji Elibrary NamdhariElibrary@gmail.com

ਦਸਵੰਧ ਦੀ ਅਦਾਇਗੀ ਸਾਨੂੰ ਗੁਰੂ ਮੁਖੀ ਕਰਦੀ ਹੈ ਤੇ ਮਨ ਮਤ ਤੇ ਬੁਰੀਆਂ ਗੱਲਾਂ ਵਲ ਜਾਣੋਂ ਰੋਕਦੀ ਹੈ।

ਜੇ ਮਹਾਰਾਜ ਜੀ ਰਾਮ ਲੀਲਾ ਦੀ ਗੱਲ ਕਰਨ ਤਾਂ ਤੁਸੀਂ ਭੱਜੇ ਜਾਓਗੇ, ਕਹੋਗੇ ਮਹਾਰਾਜ ਜੀ ਨੇ ਹੁਕਮ ਕੀਤਾ ਹੈ। ਜੇ ਉਹ ਸੁੱਚ ਸੋਧ ਰਖਣ ਦੀ ਗੱਲ ਕਰਦੇ ਹਨ ਤਾਂ ਮੰਨੀ ਨਹੀਂ ਜਾਂਦੀ। ਕਿਉਂ? ਕਿਉਂਕਿ ਸਾਡੇ ਅੰਦਰ ਐਸੇ ਤੱਤਾਂ ਦੀ ਭਰਮਾਰ ਹੈ ਜੁ ਨੀਵਾਂ ਪਾਸਾ ਪਸੰਦ ਕਰਦੇ ਹਨ। ਨਿਵਾਣ ਨੂੰ ਰੁਚਿਤ ਰਹਿੰਦੇ ਹਨ।

ਸਾਨੂੰ ਦਾਜ ਦੇ ਲਾਲਚ ਤੋਂ ਬਚਣਾ ਚਾਹੀਦਾ ਹੈ। ਸਾਡੇ ਵਿਚ ਕਈ ਐਸੇ ਬਹਾਦਰ ਸਿੱਖ ਵੀ ਹਨ ਜੋ ਗੱਡੇ ਦਾਜਾਂ ਦੇ ਵਾਪਸ ਮੋੜ ਦਿੰਦੇ ਹਨ। ਸਾਨੂੰ ਅਜਿਹੇ ਸਿੰਘਾਂ ਦੀ ਰੀਸ ਕਰਨੀ ਚਾਹੀਦੀ ਹੈ।

(ਸਤਿਗੁਰੂ ਜੀ ਨੇ ਅਨੇਕਾਂ ਮਿਸਾਲਾਂ ਦੇ ਕੇ ਪ੍ਰੇਰਿਆ ਕਿ ਸਾਨੂੰ ਲੜਕੀ ਨਾਲ ਕਿਸੇ ਪਰਵਾਰ ਦੇ ਦਾਜ ਦੀ ਸੋਚ ਹੀ ਨਹੀਂ ਆਉਣੀ ਚਾਹੀਦੀ।)

ਪਾਠਾਂ ਅਤੇ ਨਾਮ ਸਿਮਰਨ ਲਈ ਘੜੀ ਮੁੜੀ ਆਖੀਦਾ ਹੈ ਪਰ ਇਸ ਇਲਾਕੇ ਤੇ 'ਕਿਰਪਾ' ਹੈ ਇਹ ਜਿਨਾ ਕਰਦੇ ਸਨ ਉਹ ਵੀ ਛੱਡੀ ਜਾਂਦੇ ਹਨ। ਇਹ ਤਾਂ ਇਹੋ ਜਾਨਣ ਕਿ ਐਸਾ ਕਿਉਂ ਹੋ ਰਿਹਾ ਹੈ।

. ਸੰਤ ਰਛਪਾਲ ਸਿੰਘ ਤੇ ਸੰਤ ਸਿੰਘ ਬਾਜਾ ਜਦੋਂ ਵੀ ਦਿਵਾਨ ਵਿਚ ਆਉਂਦੇ ਹਨ 100/- ਰੁਪਏ ਮੱਥਾ ਟੇਕਦੇ ਹਨ। ਐਤਕਾਂ ਰਛਪਾਲ ਸਿੰਘ ਆਪ ਤਾਂ ਆ ਨਹੀਂ ਸਕਿਆ ਪਰ 100/- ਰੁ: ਉਸਨੇ ਭੇਜ ਦਿਤਾ ਹੈ।

ਨਾਮਧਾਰੀਆਂ ਵਿਚੋਂ ਜੋ ਲੋਕ ਧਾਗੇ ਤਵੀਤ ਦਿੰਦੇ ਹਨ, ਉਹ ਕਿਰਪਾ ਕਰਕੇ ਬੰਦ ਕਰਨ। ਨਾਮਧਾਰੀਆਂ ਵਿਚ ਤਾਵੀਜ਼ ਦੇਣਾ ਵੀ ਗ਼ਲਤ ਗੱਲ ਹੈ ਤੇ ਬਾਹਰ ਦੇ ਲੋਕਾਂ ਨੂੰ ਦੇਣਾ ਵੀ ਠੀਕ ਨਹੀਂ। ਜਿਨ੍ਹਾਂ ਦਾ ਗੁਜ਼ਾਰਾ ਇਹਨਾਂ ਬਿਨਾ ਨਹੀਂ ਹੁੰਦਾ, ਉਹ ਕਿਰਪਾ ਕਰਕੇ ਭੈਣੀ ਸਾਹਿਬ ਚਲੇ ਜਾਣ। ਉਹਨਾਂ ਦੇ ਛਕਣ ਛਕਾਣ ਤੇ ਰਿਹਾਇਸ਼ ਦਾ ਪ੍ਰਬੰਧ ਹੋ ਜਾਵੇਗਾ। ਨਾਮਧਾਰੀਆਂ ਲਈ ਧਾਗੇ ਤਵੀਤ ਲੈਣਾ ਜਾਂ ਦੇਣਾ ਮਾੜੀ ਗੱਲ ਹੈ। ਸ਼ੋਭਾਦਾਇਕ ਨਹੀਂ।

ਪਹਿਲਾਂ ਇਸ ਇਲਾਕੇ ਵਿਚ 7-7 ਸਾਲ ਬਾਰਸ਼ ਨਹੀਂ ਸੀ ਹੁੰਦੀ। ਹੁਣ ਹਰ ਤਰ੍ਹਾਂ ਦੀ ਮੌਜ ਬਣੀ ਹੋਈ ਹੈ, ਅੰਨ ਧਨ ਵਾਫ਼ਰ ਹੋਇਆ ਪਿਆ ਹੈ। ਜਿਸ ਸਤਿਗੁਰੂ ਦੀ ਕਿਰਪਾ ਨਾਲ ਇਹ ਬਹਾਰਾਂ ਐਸ ਸੁਕੀ ਸੜੀ ਧਰਤੀ ਤੇ ਆਈਆਂ ਹਨ, ਉਹਦੀ ਯਾਦ ਇਹ ਤਸਵੀਰਾਂ ਆਪਣੇ ਘਰੀਂ ਜ਼ਰੂਰ ਲਾਓ।

*ਜਿਸ ਕਾ ਦੀਆ ਪੈਨੈ ਖਾਇ॥*
*ਤਿਸੁ ਸਿਉ ਆਲਸੁ ਕਿਉ ਬਨੈ ਮਾਇ॥*

ਸ੍ਰੀ ਸਤਿਗੁਰੂ ਜੀ ਨੇ ਸਮਾਪਤੀ ਕੀਤੀ ਤਾਂ ਮਹਾਰਾਜ ਜੀ ਨੇ ਐਲਾਨ ਕੀਤਾ ਕਿ ਐਤਕਾਂ ਦੀਵਾਲੀ 12-13 ਨਵੰਬਰ ਨੂੰ ਭੈਣੀ ਸਾਹਿਬ ਮਨਾਈ ਜਾ ਰਹੀ ਹੈ ਸਾਧ ਸੰਗਤ ਦਰਸ਼ਨ ਦੇਵੇ।



Sri Satguru Jagjit Singh Ji Elibrary NamdhariElibrary@gmail.com

ਬਹੁਤ ਸਮਾਂ ਹੋ ਚੁਕਾ ਸੀ। ਮਹਾਰਾਜ ਜੀ ਨੂੰ ਸ਼ਾਇਦ ਸਤਿਗੁਰੂ [illegible] ਦਾ ਉਹ ਫੁਰਮਾਨ ਚੇਤੇ ਨਹੀਂ ਸੀ ਰਿਹਾ ਕਿ ਵਿਆਹ ਵਾਲੇ ਜੋੜਿਆਂ ਨੂੰ [illegible] ਫੇਰਿਆਂ ਲਈ ਬਹਾਇਆ ਨਾ ਜਾਏ। ਪਿਸ਼ਾਬ ਆਦਿ ਦੀ [illegible] ਬਹੁਤ ਪਰੇਸ਼ਾਨ ਕਰਦੀ ਹੈ। ਸੁ ਮੈਂ ਮਾਈਕ ਦੇ ਅੱਗੇ ਆ ਕੇ ਛੇਤੀ ਨਾਲ [illegible] ਅਨੰਦ ਕਾਰਜਾਂ ਵਾਲੇ ਜੋੜਿਆਂ ਦਾ ਖਿਆਲ ਕੀਤਾ ਜਾਵੇ ਤੇ [illegible] ਜਾਣ। ਸਤਿਗੁਰੂ ਪ੍ਰਤਾਪ ਸਿੰਘ ਜੀ ਏਨੀ ਦੇਰ ਨਹੀਂ ਸੀ ਲਗਾਣ ਦਿੰਦੇ। [illegible] ਆਦੇਸ਼ ਮਿਲ ਗਿਆ ਜੋੜੇ ਉਠ ਖਲੋਤੇ ਲਾਵਾਂ ਦੇ ਸਲੋਕ ਪੜ੍ਹੇ ਜਾਣ ਲੱਗੇ। [illegible] ਚੁਕੇ ਸਨ। 36 ਜੋੜਿਆਂ ਨੂੰ ਤਿਨ ਵਾਰ ਕਰਕੇ ਵੇਦੀ ਵਿਚ ਹਵਨ ਦੁਆਲੇ [illegible] ਦਿਤੀਆਂ ਗਈਆਂ।

100 ਤਸਵੀਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੰਤ ਸੁਰਿੰਦਰ ਸਿੰਘ [illegible] ਨੇ ਖਰੀਦ ਲਈ। ਬਾਅਦ ਵਿਚ ਮੈਨੂੰ ਮਾਲੂਮ ਹੋਇਆ ਕਿ ਕੁਲ [illegible] ਤਸਵੀਰ ਹਥੋ ਹਥ ਵਿਕ ਗਈ। 800 ਹੋਰ ਵੀ ਵਿਕ ਜਾਂਦੀਆਂ ਪਰ [illegible] ਨਹੀਂ ਆਏ ਸਨ।

ਅਨੰਦ ਕਾਰਜਾਂ ਵਿਚ ਮੇਰੀ ਜਾਣਕਾਰੀ ਦੇ ਦੋ ਜੋੜੇ ਸਨ। [illegible] ਸਿੰਘ - ਬਿਅੰਤ ਕੌਰ ਦੇ ਸਪੁਤਰ ਤੇਜਬੀਰ ਸਿੰਘ ਦਾ ਅਨੰਦ ਕਾਰਜ [illegible] ਅਮਰ ਕੌਰ ਢੋਟੀਆਂ ਦੇ ਭਰਾ ਜਗਤਾਰ ਸਿੰਘ ਕੰਗਣਪੁਰ ਦੇ ਵੱਡੇ ਲੜਕੇ [illegible]

ਅਨੰਦਾਂ ਉਪ੍ਰੰਤ ਭੋਗਾਂ ਦੇ ਸਲੋਕ ਪੜ੍ਹੇ ਜਾਣ ਲੱਗੇ। ਅੱਜ ਦੋ ਪਾਠ [illegible] ਦੇ ਵੀ ਭੋਗ ਪਾਏ ਗਏ। ਸੰਤ ਮਹਿੰਦਰ ਸਿੰਘ ਪੂਰਬੇ ਨੇ ਪੂਰੇ 10 ਵਜੇ [illegible] ਸਮਾਪਤੀ ਦੀ ਅਰਦਾਸ ਕੀਤੀ। ਭੋਗਾਂ ਦਾ ਵੇਰਵਾ ਇਸ ਪਰਕਾਰ ਹੈ:

| | |
|---|---|
| ਕੁੱਲ ਪਾਠਾਂ ਦੇ ਭੋਗ | = [illegible] |
| ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਦਸਮ ਦੇ ਭੋਗ | = [illegible] |
| | [illegible] |

ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ 60 ਪਾਠ
ਗੁਰੂ ਹਰੀ ਸਿੰਘ ਜੀ ਦੀ ਯਾਦ ਵਿਚ 12 ਪਾਠ
ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ 26 ਪਾਠ
ਸਤਿਗੁਰੂ ਜਗਜੀਤ ਸਿੰਘ ਜੀ ਦੀ ਚੜ੍ਹਦੀ ਕਲਾ ਲਈ 21 ਪਾਠ
ਠਾਕਰ ਦਲੀਪ ਸਿੰਘ ਦੀ ਦੇਹ ਅਰੋਗਤਾ ਹਿਤ 2 ਪਾਠ
ਅਨੰਦ ਕਾਰਜਾਂ ਵਾਲਿਆਂ ਵਲੋਂ 60 ਪਾਠ
ਦੇਹਾਂ ਦੀ ਅਰੋਗਤਾ ਬਾਰੇ 10 ਪਾਠ



Sri Satguru Jagjit Singh Ji Elibrary NamdhariElibrary@gmail.com

ਸੰਤ ਜਗਜੀਤ ਸਿੰਘ ਬੈਂਕੋਕ ਨਮਿਤ 1 ਪਾਠ
ਬੀਬੀ ਗੁਰਮੀਤ ਕੌਰ ਨਮਿਤ 1 ਪਾਠ
ਬੀਬੀ ਮਹਿੰਦਰ ਕੌਰ ਨਮਿਤ 1 ਪਾਠ
ਸੰਤ ਲਾਭ ਸਿੰਘ ਮੰਡੀ ਵਾਲਿਆਂ ਨਮਿਤ 1 ਪਾਠ
ਸ੍ਰੀ ਅਰਜਨ ਸਿੰਘ ਨਮਿਤ 1 ਪਾਠ
ਇਕ ਹੋਰ ਸਰੀਰ ਨਮਿਤ 1 ਪਾਠ
ਸੁਖਣਾ ਨਮਿਤ 5 ਪਾਠ

ਇਕ ਮਾਤਾ ਜੀ ਵਲੋਂ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ 185 ਮਾਲਾ ਭਗੌਤੀਆਂ ਦੀਆਂ।

ਅਰਦਾਸ ਹੁੰਦਿਆਂ ਸਾਰ ਚਲੋ ਚਲੀ ਹੋ ਗਈ। ਲੰਗਰ ਦੇ ਛਕਾਣ ਤੇ ਪਕਾਣ ਵਾਲੇ ਅਹਾਤਿਆਂ ਵਿਚ ਗਹਿਮਾ ਗਹਿਮ ਹੋ ਗਈ। ਮੋਟਰਾਂ ਟ੍ਰੱਕ ਟ੍ਰਾਲੀਆਂ ਕਾਰਾਂ ਬੱਸਾਂ ਵਾਲੀਆਂ ਸਵਾਰੀਆਂ ਦਬਾ ਦਬ ਵਾਹਨਾਂ ਕੋਲ ਜਾਣ ਲੱਗੀਆਂ। ਮੈਂ ਵੀ 11 ਵਜੇ ਬੱਸ ਸਟੈਂਡ ਜੀਵਨ ਨਗਰ 'ਤੇ ਸਾਂ।

## 30 ਅਕਤੂਬਰ 1985, ਬੁੱਧਵਾਰ
## ਨਵੀਂ ਦਿੱਲੀ

ਆਪਣੇ ਛੋਟੇ ਲੜਕੇ ਸੁਖਬੀਰ ਸਿੰਘ ਦੀ ਸਿਫਾਰਸ਼ ਸ. ਬੂਟਾ ਸਿੰਘ ਖੇਤੀਬਾੜੀ ਮੰਤਰੀ ਤੋਂ ਕਰਵਾਣ ਲਈ ਸ. ਹਰਵਿੰਦਰ ਸਿੰਘ ਹੰਸਪਾਲ ਨੂੰ ਮਿਲਿਆ, ਕੇ-17 ਰਾਜੌਰੀ ਗਾਰਡਨ ਵਿਚ। ਮੇਰੀ ਗੱਲ ਸੁਣ ਕੇ ਉਨ੍ਹਾਂ ਸੁਖਬੀਰ ਸਿੰਘ ਨੂੰ ਸ਼ਾਮੀ 5 ਵਜੇ ਅਸ਼ੋਕਾ ਰੋਡ 40 ਨੰ: ਕੋਠੀ ਵਿਚ ਮਿਲਣ ਲਈ ਆਖਿਆ।

ਹੰਸਪਾਲ ਜੀ ਨੇ ਮੈਨੂੰ ਦੱਸਿਆ ਕਿ ਕੱਲ ਪ੍ਰਧਾਨ ਮੰਤਰੀ ਇੰਦ੍ਰਾ ਗਾਂਧੀ ਦੀ ਪ੍ਰਥਮ ਪੁੰਣ ਸਿਮ੍ਰਤੀ ਬਾਰੇ ਬੋਟ ਕਲੱਬ ਵਿਖੇ ਜੋ ਦੇਸ਼ ਭਰ ਦੇ ਲੋਕਾਂ ਦਾ ਭਾਰੀ ਇਕੱਠ ਹੋ ਰਿਹਾ ਹੈ, ਉਸ ਵਿਚ ਨਾਮਧਾਰੀ ਸਿੰਘ ਵੀ ਸ਼ਾਮਲ ਹੋਣਗੇ, ਸੋ ਮੈਂ ਕਲ 10 ਵਜੇ ਜ਼ਰੂਰ ਨਾਮਧਾਰੀ ਕਾਲੋਨੀ ਪਹੁੰਚਾਂ। ਕਾਲੋਨੀ ਚੋਂ 2 ਬੱਸਾਂ ਬੋਟ ਕਲੱਬ ਨੂੰ ਜਾਣਗੀਆਂ।

ਦੂਜੀ ਭਿਆਨਕ ਖਬਰ ਹੰਸਪਾਲ ਜੀ ਨੇ ਦੱਸੀ ਕਿ ਜਿਸ ਪਰਵਾਰ ਦੇ ਪਿਛਲੇਰੇ ਮਹੀਨੇ ਸ. ਕੇਹਰ ਸਿੰਘ ਰਮੇਸ਼ ਨਗਰੋਂ ਵਿਛੜੇ ਸਨ, ਉਸੇ ਦਾ ਇਕ ਹੋਰ ਮੈਂਬਰ ਕੱਲ੍ਹ 8ਵੀਂ ਛੱਤੋਂ ਡਿਗ ਕੇ 1 ਵਜੇ ਦੁਪਹਿਰ ਗੁਜ਼ਰ ਗਿਆ ਹੈ। ਇਹਨਾਂ ਭਰਾਵਾਂ ਦਾ ਸਭ ਤੋਂ ਛੋਟਾ ਭਾਈ ਸੀ। ਅੱਜ ਉਸੇ ਦੀ ਇਕ ਭਰਜਾਈ ਬੀਬੀ ਪ੍ਰਕਾਸ਼ ਕੌਰ ਸੁਪਤਨੀ ਸੰਤ ਅਮਰੀਕ ਸਿੰਘ ਦਾ ਰਮੇਸ਼ ਨਗਰ ਧਰਮਸ਼ਾਲਾ ਵਿਚ ਭੋਗ ਪੈ ਰਿਹਾ ਸੀ।



Sri Satguru Jagjit Singh Ji Elibrary NamdhariElibrary@gmail.com

ਸ. ਗਿਆਨ ਸਿੰਘ ਹੰਸਪਾਲ ਅਤੇ ਉਨ੍ਹਾਂ ਦੀ ਪਤਨੀ ਤੇ ਹੰਸਪਾਲ ਐਮ ਪੀ ਦਾ ਲੜਕਾ ਟਿੱਕਾ ਸੁਰੰਮ੍ਰਿਤ ਸਿੰਘ, ਅੱਜ ਸਾਰੇ ਹੀ ਆਪਣੇ ਘਰ ਮਿਲੇ। ਪਰਵਾਰ ਦਾ ਇਕੋ ਮੈਂਬਰ ਬਾਹਰ ਹੈ, ਸ. ਗਿਆਨ ਸਿੰਘ ਦਾ ਛੋਟਾ ਸਪੁਤ੍ਰ ਸ. ਜਗਮੋਹਨ ਸਿੰਘ ਉਹ ਇੰਗਲੈਂਡ ਗਿਆ ਹੋਇਆ ਹੈ। ਸੁਣਿਐ ਨੌਕਰੀ ਦੀ ਭਾਲ ਵਿਚ ਗਿਆ ਹੈ।

ਸ਼ਾਮੀ ਰਮੇਸ਼ ਨਗਰ ਨਾਮਧਾਰੀ ਕਾਲੋਨੀ ਗਿਆ ਤਾਂ ਸੰਤ ਬਲਵੰਤ ਸਿੰਘ (ਟੇਢੀ ਪੱਗ) ਢੋਲਕੀ ਲਈ ਆਉਂਦੇ ਮਿਲੇ। ਉਨ੍ਹਾਂ ਕਿਹਾ: ਚਲੋ ਕਵੀ ਜੀ ਸੰਤ ਪਿਆਰਾ ਸਿੰਘ ਦੀ ਭਰਜਾਈ ਪ੍ਰਕਾਸ਼ ਕੌਰ ਦਾ ਭੋਗ ਪੈਣ ਲਗਾ ਹੈ।

ਅਸੀਂ ਪਹਿਲਾਂ ਅੱਜ ਪਿਆਰਾ ਸਿੰਘ ਦਾ ਸਸਕਾਰ ਕਰਕੇ ਆਏ ਹਾਂ, ਆਉਂਦਿਆਂ ਹੀ ਉਹਦੀ ਭਰਜਾਈ ਦਾ ਭੋਗ ਪਾਉਣ ਦਾ ਸਮਾਂ ਹੋ ਗਿਆ ਹੈ। ਮੈਂ ਬਲਵੰਤ ਸਿੰਘ ਜੀ ਦੇ ਨਾਲ ਹੀ ਹੋ ਤੁਰਿਆ। ਨਾਮਧਾਰੀ ਧਰਮਸਾਲਾ ਦੇ ਹਾਲ ਵਿਚ ਸੰਤ ਕਰਤਾਰ ਸਿੰਘ (ਨਾਬੀਨਾ) ਕੀਰਤਨ ਕਰ ਰਹੇ ਸਨ। ਉਹਨਾਂ ਵਿਚ ਬੀਬੀ ਪ੍ਰਕਾਸ਼ ਕੌਰ ਸਪੁਤਨੀ ਸੰਤ ਅਮਰੀਕ ਸਿੰਘ ਦੀ ਉਦਾਰਤਾ ਸੇਵਾ ਭਾਵਨਾ ਤੇ ਸਾਧ ਸੰਗਤ ਦੇ ਪ੍ਰੇਮ ਦੀ ਚਰਚਾ ਕੀਤੀ।

ਸੰਤ ਸੇਵਾ ਸਿੰਘ - ਜੁਗਿੰਦਰ ਸਿੰਘ ਸਰਸਿਓਂ ਆਏ ਹੋਏ ਸਨ। ਸੇਵਾ ਸਿੰਘ ਹੁਰਾਂ ਵੀ 5-7 ਮਿੰਟ ਬੀਬੀ ਪ੍ਰਕਾਸ਼ ਕੌਰ ਬਾਰੇ ਦਸਿਆ। ਮੈਨੂੰ ਵੀ ਸੰਤ ਗੁਰਦੀਪ ਸਿੰਘ ਢੋਡਾ ਨੇ ਕੁਝ ਆਖਣ ਲਈ ਕਿਹਾ। ਮੈਂ ਤਾਂ ਕੁਦਰਤ ਦੀ ਕਰੋਪੀ ਦਾ ਜ਼ਿਕਰ ਕੀਤਾ ਜਿਸ ਪਰਵਾਰ ਚੋਂ ਤਿੰਨ ਮਹੀਨਿਆਂ ਵਿਚ ਤਿੰਨ ਵਿਅਕਤੀ ਉਠਾ ਲਏ ਹਨ। ਸਭਨਾਂ ਨੂੰ ਇਕ ਦਿਨ ਦਾ ਭਜਨ ਬਾਣੀ ਇਸ ਪਰਵਾਰ ਨਮਿਤ ਦੇਣ ਦੀ ਬੇਨਤੀ ਕੀਤੀ ਤਾਕਿ ਮੁੜ ਛੇਤੀ ਕੀਤਿਆਂ ਮੌਤ ਦਾ ਵਿਕਰਾਲ ਪੈਰ ਇਹਨਾਂ ਦੇ ਘਰ ਨਾ ਪਏ।

ਫਿਰ ਬੀਬੀ ਨਮਿਤ ਸਧਾਰਨ ਪਾਠ ਦਾ ਭੋਗ ਪਾਇਆ ਗਿਆ।

## 31 ਅਕਤੂਬਰ 1985, ਵੀਰਵਾਰ
## ਨਵੀਂ ਦਿੱਲੀ

9.30 ਵਜੇ ਨਾਮਧਾਰੀ ਕਾਲੋਨੀ ਰਮੇਸ਼ ਨਗਰ ਗਿਆ। ਏਥੇ ਨਾ ਤਾਂ ਨਾਮਧਾਰੀ ਸੰਗਤਾਂ ਦਾ ਇਕੱਠ ਸੀ ਤੇ ਨਾ ਹੀ ਕੋਈ ਮੋਟਰ; ਪ੍ਰਬੰਧਕਾਂ ਨੇ 11.30 ਤਕ ਦੋ ਬੱਸਾਂ ਲੈ ਆਂਦੀਆਂ, ਪਰ ਦਿਹਾੜੀਆਂ ਕਰਨ ਵਾਲੇ ਨਾਮਧਾਰੀ 9 - 9.30 ਆ ਕੇ ਏਥੇ ਕੁਝ ਨਾ ਵੇਖ ਕੇ ਚਲੇ ਜਾਂਦੇ ਰਹੇ।

ਪ੍ਰਬੰਧਕਾਂ ਦੀ ਨਾ-ਅਹਿਲੀਅਤ ਏਸੇ ਗੱਲੋਂ ਜਾਣੀ ਜਾ ਸਕਦੀ ਹੈ ਕਿ ਮਸਾਂ 20 ਵਿਅਕਤੀ ਮੌਕੇ ਤੇ ਉਪਲਬਧ ਹੋ ਸਕੇ। ਵੈਲਫੇਅਰ ਸਭਾ ਦੇ ਪ੍ਰਧਾਨ ਤੇ ਕਾਂਗਰਸ ਕਾਰਜ ਕਰਤਾ ਸੁਰਿੰਦਰ ਸਿੰਘ ਮਾਲੂਵਾਲ ਕਹਿ ਰਹੇ ਸਨ ਕਿ ਪਿਆਰਾ ਸਿੰਘ ਦੀ ਮੌਤ



Sri Satguru Jagjit Singh Ji Elibrary NamdhariElibrary@gmail.com

ਤੇ ਉਹਦੀ ਭਰਜਾਈ ਦੇ ਭੋਗ ਕਾਰਨ ਦੋ ਦਿਹਾੜੀਆਂ ਲੋਕਾਂ ਦੀਆਂ ਟੁੱਟੀਆਂ ਹਨ, ਸੋ ਅੱਜ ਸਿੱਘ ਅਟਕੇ ਨਹੀਂ। ਸ. ਸੁਲੱਖਣ ਸਿੰਘ ਮੈਟਰੋਪਾਲੀਟਨ ਕੌਂਸਲ ਅਤੇ ਕਾਂਗ੍ਰਸ ਕਾਰਜ ਕਰਤਾ ਸ. ਬਲਦੇਵ ਸਿੰਘ ਚਾਨਾ ਤੇ ਸੁਰਿਦਰ ਸਿੰਘ ਇਕ ਦੂਜੇ ਨੂੰ ਕੋਸ ਰਹੇ ਸਨ। ਸ. ਹਰਵਿੰਦਰ ਸਿੰਘ ਹੰਸਪਾਲ ਅੱਜ, ਐਮ ਪੀ ਹੋਣ ਕਾਰਨ ਸਿੱਧੇ ਹੀ ਬੋਟ ਕਲੱਬ ਵਿਚ ਪਹੁੰਚੇ ਹੋਣਗੇ ਜਿਥੇ ਇੰਦ੍ਰਾ ਜੀ ਦੀ ਪਹਿਲੀ ਪੁੰਨ ਸਿਮ੍ਰਤੀ ਅਰਥਾਤ ਵਰ੍ਹੀਣੇ ਦਾ ਮਹਾਨ ਇਕੱਠ ਹੋ ਰਿਹਾ ਹੈ।

ਬੱਸ ਨੰ: ਡੀ ਈ ਪੀ 7139 ਨਾਲ ਅਸੀਂ 12.15 ਵਜੇ ਡੀ ਪਾਰਕ ਵਿਚ ਜਾ ਉਤਰੇ। ਲੱਖਾਂ ਹਿੰਦੂਆਂ ਵਿਚ ਅਸੀਂ 20 ਨਾਮਧਾਰੀ ਅਮਰ ਜਵਾਨ ਜਿਓਤੀ, ਇੰਡੀਆ ਗੇਟ ਕੋਲੋਂ ਜਿਉਂ ਅਗੇ ਵਧਦੇ ਲੋਕਾਂ ਦੀ ਭੀੜ ਵਿਚ ਹਥੀਂ ਨਿਮੰਤ੍ਰਣ ਪਤ੍ਰ ਲਈ ਅਗੇ ਵਧਣ ਲਗੇ, ਸਾਨੂੰ ਇਕ ਘੰਟਾ ਤੁਰਦਿਆਂ ਨੂੰ ਹੋ ਗਿਆ। ਮਸਾਂ 1.15 ਵਜੇ ਅਸੀਂ ਮੰਚ ਦੇ 200 ਮੀਟਰ ਦੇ ਫਾਸਲੇ ਤੇ ਪੁੱਜੇ।

ਖੱਬੇ 88 ਫੁਟ ਉੱਚੀ ਸਵਰਗਵਾਸੀ ਪ੍ਰਧਾਨ ਮੰਤਰੀ ਇੰਦ੍ਰਾ ਗਾਂਧੀ ਦੀ ਦੁਆਲਾ ਕਾਟਵੀਂ ਤਸਵੀਰ ਸੀ, ਖੱਦਰ ਦੀ ਕਾਂਗ੍ਰਸੀ ਝੰਡੇ ਦੇ ਬਾਰਡਰ ਵਾਲੀ ਸਾਹੜੀ ਪਹਿਨੀਂ, ਹੱਥ ਜੋੜੀ ਬੀਬੀ ਜੀ ਖਲੋਤੇ ਸਨ। ਬਰਾਬਰ ਹੀ ਸੱਜੇ ਕੋਈ 50 ਮੀਟਰ ਦੀ ਵਿਥ ਤੇ 30 ਫੁਟ ਉੱਚਾ ਸਫੈਦ ਅਤੇ ਚਿਟੇ ਚੰਦੋਏ ਨਾਲ ਸੁਸਜਿਤ ਮੰਚ ਸੀ, ਜਿਸਤੇ ਦਰਜਨ ਭਰ ਕੁਰਸੀਆਂ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ, ਉਹਦੀ ਪਤਨੀ ਤੇ ਕੁਛ ਕੇਂਦਰੀ ਮੰਤਰੀ, ਕੁਛ ਵਿਸ਼ੇਸ਼ ਪ੍ਰਾਂਤਾਂ ਦੇ ਮੁੱਖ ਮੰਤਰੀ, ਸਿੱਕਮ ਦਾ ਮੁੱਖ ਮੰਤਰੀ ਬੈਠੇ ਹੋਏ ਸਨ।

ਤਕਰੀਰਾਂ ਜਾਰੀ ਸਨ। 5 ਲਖ ਲੋਕਾਂ ਦਾ ਇਕੱਤਰ ਹੋਣਾ ਸੁਭਾਵਕ ਸੀ। ਪੁਲਿਸ ਦੁਆਰਾ ਖਾਨੇਦਾਰ ਇਲਾਕਿਆਂ ਵਿਚ ਸੈਂਕੜੇ ਮੰਤਰੀ, ਸੈਂਕੜੇ ਐਮ ਪੀਜ਼ ਅਤੇ ਲੱਖਾਂ ਆਮ ਆਦਮੀ, ਹਰ ਖੰਭੇ ਨਾਲ ਲਗੇ ਸਪੀਕਰ ਤੇ ਵਖ ਵਖ ਟੈਲੀਵੀਜ਼ਨਾਂ ਤੋਂ ਨੇਤਾਵਾਂ ਨੂੰ ਸੁਣ ਅਤੇ ਵੇਖ ਰਹੇ ਸਨ।

ਨਾਮਧਾਰੀਆਂ ਦਾ ਇਸ ਇਕੱਠ ਵਿਚ ਬਹੁਤ ਘੱਟ ਹੋਣਾ ਅਫਸੋਸਨਾਕ ਹੈ। ਜੇ ਆਮ ਸਿੱਖਾਂ ਦਾ ਆਪਣੀਆਂ ਗ਼ਲਤ ਪਾਲਸੀਆਂ ਸਦਕਾ ਦੇਸ਼ ਦੀ ਮੁਖਧਾਰਾ ਤੋਂ ਅਲਹਿਦਾ ਹੋ ਖਲੋਣਾ ਚੰਗਾ ਲਛਣ ਨਹੀਂ ਤਾਂ ਸਾਡਾ ਵੱਡੀ ਗਿਣਤੀ ਵਿਚ ਹਾਜ਼ਰ ਨਾ ਹੋ ਸਕਣਾ ਵੀ ਗਲਤ ਗੱਲ ਹੀ ਹੋ ਗਈ। ਨਾਮਧਾਰੀ ਸਰਵ ਪ੍ਰਥਮ ਦੇਸ਼ ਭਗਤ ਹਨ - ਫੇਰ ਸੈਕੂਲਰ ਅਤੇ ਫੇਰ ਆਪਣੇ ਧਰਮ ਪ੍ਰਤੀ ਵਫ਼ਾਦਾਰ। ਇਸ ਸਮੇਂ ਘਟੋ ਘਟ 500 ਨਾਮਧਾਰੀ ਸਿੱਖਾਂ ਦੀ ਹੋਂਦ ਜ਼ਰੂਰੀ ਸੀ।

ਮੈਂ ਹੁਣ ਤਕਰੀਰਾਂ ਦਾ ਅਨੰਦ ਲਵਾਂਗਾ।



Sri Satguru Jagjit Singh Ji Elibrary NamdhariElibrary@gmail.com

## 1 ਨਵੰਬਰ, 1985, ਸ਼ੁੱਕਰਵਾਰ
## ਨਵੀਂ ਦਿੱਲੀ

ਹੰਸਪਾਲ ਜੀ ਦੇ ਘਰੋਂ ਸੁਖਬੀਰ ਸੰਧੂ ਦੁਆਰਾ ਸੁਨੇਹਾ ਮਿਲ ਗਿਆ ਕਿ ਸ੍ਰੀ ਸਤਿਗੁਰੂ ਜੀ 10 ਵਜੇ (ਦਿਨੇ) ਤਕ ਦਿੱਲੀ ਵਿਖੇ ਦਰਸ਼ਨ ਦੇ ਰਹੇ ਹਨ। ਮੈਂ ਜਦੋਂ ਸ੍ਰੀ ਹਰੀ ਪ੍ਰਤਾਪ ਨਿਵਾਸ, ਪੂਸਾ ਰੋਡ ਵਿਖੇ ਪਹੁੰਚਾ, ਸ੍ਰੀ ਸਤਿਗੁਰੂ ਜੀ ਆਪਣੇ ਜਥੇ ਸਮੇਤ ਪਹੁੰਚ ਚੁੱਕੇ ਸਨ। 11.20 ਦਾ ਵਕਤ ਹੋਵੇਗਾ ਜਦੋਂ ਮੈਂ ਪੁੱਜਾ। ਡਾ. ਮੂਸਾ ਇਕ ਹੋਰ ਆਦਮੀ ਨਾਲ ਪੌੜੀਆਂ ਚੜ੍ਹ ਰਹੇ ਸਨ। ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਮੈਂ ਨਮਸਕਾਰ ਜਾ ਕੀਤੀ। ਆਪ ਜੀ ਬੈਠਣ ਕਮਰੇ ਵਿਚ ਇਕ ਕੁਰਸੀ ਤੇ ਬੈਠੇ ਸਾਹਮਣੇ ਫਰਸ਼ ਤੇ ਉਪਸਥਿਤ ਡਾ. ਮੂਸਾ ਨਾਲ ਆਪਣੀ ਸਿਹਤ ਦੇ ਕੁਛ ਲਛਣਾਂ ਦੀ ਚਰਚਾ ਕਰ ਰਹੇ ਸਨ। ਸਤਿਗੁਰੂ ਜੀ ਪ੍ਰਸ਼ਾਦ ਛਕ ਕੇ ਆਏ, ਸੁੱਚੇ ਕਪੜਿਆਂ ਨਾਲ, ਪਿਛੇ ਕੇਸ ਖਿਲਾਰੀ ਉਪਰ ਦਸਤਾਰ ਦਾ ਪੱਲਾ ਲਈ ਨੰਗੀਂ ਲੱਤੀਂ ਹੀ ਵਿਰਾਜਮਾਨ ਸਨ।

ਸਤਿਗੁਰੂ ਜੀ ਨੇ ਮੈਨੂੰ ਫੇਰ ਸਮਾਂ ਦੇਣ ਲਈ ਬਚਨ ਕੀਤਾ। ਮੈਂ ਬਾਹਰ ਆ ਗਿਆ। ਏਥੇ ਹੀ ਮੈਨੂੰ ਆਪਣਾ ਦਾਮਾਦ ਸ. ਕੇਹਰ ਸਿੰਘ ਹਮਰਾਹੀ ਮਿਲ ਪਿਆ। ਉਹ ਸ. ਹਰਨਾਮ ਸਿੰਘ ਇਨਸਪੈਕਟਰ ਹਰਟੀਕਲਚਰ ਕੁੱਲੂ ਨੂੰ ਲੈ ਕੇ ਆਇਆ ਸੀ। ਉਸ ਦੱਸਿਆ ਕਿ ਉਹ ਦੋਵੇਂ 29.10.85 ਦੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਹਨ। ਟਿੱਬੇ ਵਾਲੇ ਖੂਹ ਤੇ ਬਾਗਬਾਨੀ ਦਾ ਪਲੈਨ ਤਿਆਰ ਹੋਇਆ ਹੈ। ਟਿੱਬੇ ਵਾਲੇ ਤੇ ਗੁਰੂ ਕੀ ਕੁੱਲ ਜ਼ਮੀਨ 130 ਏਕੜ ਹੈ। ਇਸ ਵਿਚੋਂ ਇਸ ਸਾਲ 60 ਏਕੜ ਵਿਚ ਬਾਗ ਲਗੇਗਾ - ਹੌਲੀ ਹੌਲੀ ਸਾਰੀ ਵਿਚ ਹੀ ਫਲਦਾਰ ਬੂਟੇ ਲਗ ਜਾਣਗੇ।

40 ਏਕੜ ਵਿਚ ਕਿਨੂ ਜਾਂ ਸੰਤਰੇ ਲਗਾਏ ਜਾਣਗੇ। ਹੁਣ ਤੋਂ ਹੀ ਟੋਏ ਪੁੱਟਣੇ ਜਾਰੀ ਹੋ ਗਏ ਹਨ। ਬੂਟਿਆਂ ਦਾ ਫਾਸਲਾ, ਗਿਣਤੀ ਆਦਿ ਹਰਨਾਮ ਸਿੰਘ ਨੇ ਤੈਅ ਕਰ ਦਿਤੀ ਹੈ। ਸੇਉ ਬੇਰੀਆਂ ਪਹਿਲਾਂ ਹੀ 3 ਏਕੜ ਵਿਚ ਹਨ 7 ਏਕੜ ਵਿਚ ਹੋਰ ਲਗਾ ਕੇ, 10 ਏਕੜ ਪੂਰੇ ਕੀਤੇ ਜਾਣਗੇ। ਏਸੇ ਟਿੱਬੇ ਤੇ 10 ਏਕੜ ਅੰਗੂਰ ਲਗਾਏ ਜਾਣਗੇ।

ਪਹਿਲਾਂ ਲੱਗੇ ਹੋਏ ਸਫੈਦੇ ਦੇ ਬੂਟਿਆਂ ਵਿਚੋਂ ਮਾੜੇ ਤਾਂ ਹੁਣੇ ਖਤਮ ਕੀਤੇ ਜਾਣਗੇ। ਦੂਜੇ ਸਾਰੇ ਅਗਲੇ ਸਾਲ ਕਟਾਈ ਦਾ ਸ਼ਿਕਾਰ ਹੋ ਜਾਣਗੇ। ਟਿੱਬੇ ਵਾਲੇ ਖੂਹ ਤੇ ਬਹੁਤ ਵੱਡੀ ਡਿੱਘੀ ਵਿਚ ਜਲ ਪ੍ਰਵਾਹਤ ਹੁੰਦਾ ਹੈ। ਇਕ ਖੂਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦਾ ਭੀ ਹੈ ਜਿਸ ਨੂੰ ਹੁਣ ਫੇਰ ਚਾਲੂ ਕੀਤਾ ਗਿਆ,ਹੈ।

ਸ. ਹਰਨਾਮ ਸਿੰਘ ਅਤੇ ਇਸਦੇ ਨਾਲ ਇਮਦਾਦੀ ਸਾਬਤ ਹੋਣ ਵਾਸਤੇ ਠਾਕਰ ਉਦੈ ਸਿੰਘ ਸਮੇਤ ਬੀਬੀ ਗੁਰਸ਼ਰਨ ਕੌਰ ਆਏ ਹੋਏ ਹਨ। ਇਹ ਏਥੇ ਵੋਲਟਾਸ ਕੰਪਨੀ ਵਾਲਿਆਂ ਦੇ ਸਪ੍ਰਿੰਕਲ ਸਿਸਟਮ ਤੋਂ ਵਾਕਫ਼ ਹੋਣਗੇ। ਸਤਿਗੁਰੂ



Sri Satguru Jagjit Singh Ji Elibrary NamdhariElibrary@gmail.com

ਜੀ ਦਾ ਇਰਾਦਾ ਹੈ ਕਿ ਇਲਾਕੇ ਦੇ ਕਿਸਾਨਾਂ ਨੂੰ ਇਥੇ ਸਪ੍ਰਿੰਕਲ ਸਿਸਟਮ ਜਾਰੀ ਕਰਕੇ ਅਗਵਾਈ ਦਿਤੀ ਜਾਵੇ।

ਕੋਈ ਪੰਦਰਾਂ ਮਿੰਟਾਂ ਬਾਅਦ ਮੈਂ ਸਤਿਗੁਰੂ ਜੀ ਦੇ ਬੈਠਣ ਕਮਰੇ ਵਲ ਗਿਆ ਤਾਂ ਸ. ਬਲਤੇਜ ਸਿੰਘ ਭਾਈ ਕਾ ਕੋਠਾ (ਠਾਕਰ ਦਲੀਪ ਸਿੰਘ ਦੇ ਸਹੁਰੇ) ਆਪਣੀ ਛੋਟੀ ਪੁੱਤਰੀ ਨਾਲ ਅੰਦਰ ਗਏ। ਪਿਛੇ ਪਿਛੇ ਬੀਬੀ ਗੁਰਮੀਤ ਕੌਰ ਜੀ ਛੋਟੀ ਪੁੱਤਰੀ ਨੂੰ ਮੋਢੇ ਲਾਈ ਜਾ ਪਹੁੰਚੇ। ਜਾਪਦਾ ਹੈ ਡਾ. ਮੂਸਾ ਨਾਲ ਛੋਟੀ ਪੁੱਤਰੀ ਦੇ ਕਿਸੇ ਰੋਗ ਦੇ ਨਿਦਾਨ ਵਾਸਤੇ ਇਹ ਬੈਠਕ ਹੋਵੇਗੀ।

ਅੱਜ ਮੈਨੂੰ ਦੋ ਅਹਿਮ ਗੱਲਾਂ ਦੀ ਜਾਣਕਾਰੀ ਆਪਣੇ ਦਾਮਾਦ ਤੋਂ ਮਿਲੀ। ਪਹਿਲੀ ਕਿ ਮਿਲ ਗੁਰੂ ਕੇ ਹਵਾਲੇ ਕਰਕੇ ਹੰਸਪਾਲ ਪਰਵਾਰ ਛੁੱਟੀ ਕਰ ਆਇਆ ਹੈ। ਸਤਿਗੁਰੂ ਜੀ ਨੇ ਮਿਲ ਬਾਰੇ ਗੁਰਦੇਵ ਸਿੰਘ ਨੰਬਰਦਾਰ ਸੰਤ ਨਗਰ, ਅਵਤਾਰ ਸਿੰਘ ਘੁੰਮਣ, ਰਤਨ ਸਿੰਘ ਸੰਤ ਨਗਰ, ਮਨੋਹਰ ਸਿੰਘ ਅਤੇ ਸਤਨਾਮ ਸਿੰਘ ਮੁਕਤਾ ਤੇ ਨਿਰਭਰ ਇਕ ਕਮੇਟੀ ਬਣਾ ਦਿਤੀ ਹੈ। ਜੋ ਨਾਮਧਾਰੀ ਜਿਨਿੰਗ ਮਿੱਲ ਦਾ ਕੁਝ ਲੈਣ-ਦੇਣ ਵਿਚਾਰੇਗੀ ਤੇ ਉਸਦੇ ਨਬੇੜੇ ਦਾ ਪ੍ਰਯਤਨ ਕਰੇਗੀ।

ਸ੍ਰੀ ਸਤਿਗੁਰੂ ਜੀ ਨੂੰ ਅੱਜ ਆਰਾਮ ਦਾ ਸਮਾਂ 12.30 ਤੋਂ ਬਾਅਦ ਹੀ ਮਿਲਿਆ ਹੋਵੇਗਾ।

ਠਾਕਰ ਉਦੈ ਸਿੰਘ ਹਰਨਾਮ ਸਿੰਘ ਹਾਰਟੀਕਲਚਰ ਇਨਸਪੈਕਟਰ ਨਾਲ 'ਵੋਲਟਾਸ' ਦੇ ਗਏ।

5 ਵਜੇ ਰਮੇਸ਼ ਨਗਰ ਵਿਖੇ ਗੁਰੂ ਕੀ ਹਜ਼ੂਰੀ ਵਿਚ ਨਾਮ ਸਿਮਰਨ ਅਤੇ ਫੇਰ ਦਿਵਾਨ ਸਜਿਆ। ਸ੍ਰੀ ਸਤਿਗੁਰੂ ਜੀ ਤੋਂ ਇਲਾਵਾ ਕੇਵਲ ਬਲਜੀਤ ਸਿੰਘ ਗਾਇਕ ਅਤੇ ਸੁਖਦੇਵ ਸਿੰਘ ਤਬਲਾ ਵਾਦਕ ਸਨ। ਸ੍ਰੀ ਸਤਿਗੁਰੂ ਜੀ ਨੇ ਹਰਭਜਨ ਸਿੰਘ ਸਿਤਾਰ ਬਾਰੇ ਕਿਹਾ ਕਿ 'ਉਹਨੂੰ ਪਤਾ ਨਹੀਂ ਹੋਵੇਗਾ'। ਮੈਂ ਦੱਸਿਆ ਕਿ ਉਸਤਾਦ ਹਰਭਜਨ ਸਿੰਘ ਅਤੇ ਗੁਰਦੇਵ ਸਿੰਘ ਸਰੋਦ ਆਪਣੇ ਉਸਤਾਦ ਅਮਜਦ ਅਲੀ ਜੀ ਨੂੰ ਮਿਲਣ ਗਏ ਹਨ।

ਅੱਜ ਦਾ ਸ਼ਬਦ ਰਾਗ ਬਿਹਾਗ ਵਿਚ ਸੀ *'ਕਬ ਲਾਗੈ ਮਸਤਕ ਚਰਨ ਰਜ'*। ਸ੍ਰੀ ਸਤਿਗੁਰੂ ਜੀ ਨੇ ਦਸਿਆ ਇਹ ਸ਼ਬਦ ਐਤਕਾਂ ਟਿੱਬੇ ਵਾਲੇ ਖੂਹ (ਜੀਵਨ ਨਗਰ) ਤੇ ਹੀ ਬੱਚਿਆਂ ਨੂੰ ਸਿਖਾਇਆ ਹੈ।

ਇਕ ਸ਼ਬਦ ਹੋਰ ਪੜ੍ਹ ਕੇ ਦਿਵਾਨ ਦੀ ਸਮਾਪਤੀ ਦੀ ਅਰਦਾਸ ਹੋਈ।

ਉਪਰੰਤ ਦੀਨ ਦਿਆਲ ਜੀ ਆਪਣੇ ਸਕੱਤਰ ਸੰਤ ਤਰਸੇਮ ਸਿੰਘ, ਖਜ਼ਾਨਚੀ ਮਹਿੰਦਰ ਸਿੰਘ ਪੁਰਬਾ, ਸੇਵਕ ਬਲਦੇਵ ਸਿੰਘ, ਕੇਹਰ ਸਿੰਘ ਹਮਰਾਹੀ, ਅੰਗ ਰਖਿਅਕਾਂ ਅਤੇ ਕਾਲੋਨੀ ਵਾਲਿਆਂ ਨਾਲ ਮਿਲ ਕੇ ਸਵਰਗਵਾਸੀ ਸੰਤ ਪਿਆਰਾ ਸਿੰਘ ਦੇ ਘਰ ਪਧਾਰੇ। ਪਰਵਾਰ ਨੂੰ ਧੀਰਜ ਬਖ਼ਸ਼ਿਆ, ਨਿਵਾਜਿਆ। 10 ਮਿੰਟ ਬਾਅਦ ਕੋਠੀ ਨੂੰ ਪ੍ਰਸਥਾਨ।



Sri Satguru Jagjit Singh Ji Elibrary NamdhariElibrary@gmail.com

## 2 ਨਵੰਬਰ 1985, ਸ਼ਨੀਵਾਰ
## ਨਵੀਂ ਦਿੱਲੀ

ਗੁਰੂ ਕੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਕਾਲੋਨੀ ਰਮੇਸ਼ ਨਗਰ ਦੀ ਧਰਮਸ਼ਾਲਾ ਵਿਚ।

ਮੈਂ ਕੋਠੀ 10.30 ਵਜੇ ਪੁੱਜਾ। ਸ੍ਰੀ ਸਤਿਗੁਰੂ ਜੀ ਵਰਾਂਡੇ ਵਿਚ ਆਪਣੇ ਲੰਮੇ ਬੈਂਚ ਪਾਸ ਖਲੋਤੇ ਦਰਸ਼ਨ ਦੇ ਰਹੇ ਸਨ। ਪਾਸ ਖਲੋਤੇ ਸਨ ਬੀਬੀ ਸਿਮਰਜੀਤ ਕੌਰ ਸਪੁਤ੍ਰੀ ਸ. ਸੰਤੋਖ ਸਿੰਘ ਠੇਕੇਦਾਰ ਦਿੱਲੀ, ਸੁਪਤਨੀ ਸ. ਸਤਵਿੰਦਰ ਸਿੰਘ ਮੰਡੀ, ਸ. ਪ੍ਰੇਮ ਸਿੰਘ (ਭਾਈ) ਇਸ ਦੀ ਸੁਪਤਨੀ, ਸ. ਪ੍ਰੀਤਮ ਸਿੰਘ ਮੰਡੀ, ਉਸਦੀ ਸੁਪਤਨੀ। ਮੇਰਾ ਲੜਕਾ ਸੁਖਬੀਰ ਸਿੰਘ ਅਤੇ ਸ. ਕੇਹਰ ਸਿੰਘ ਹਮਰਾਹੀ। ਸ੍ਰੀ ਸਤਿਗੁਰੂ ਜੀ ਨਿਕੇ ਨਿਕੇ ਬਚਨਾਂ ਦੁਆਰਾ ਹਰੇਕ ਨੂੰ ਆਨੰਦ ਬਖਸ਼ ਰਹੇ ਸਨ। ਮੇਰੇ ਕਾਕੇ ਦੀ ਕੁੰਜੀ ਦਾੜ੍ਹੀ ਵਲ ਵੇਖ ਆਖਿਆ: ਮੈਨੂੰ ਅੱਜ ਕਵੀ ਜੀ ਦੀ ਦਾੜ੍ਹੀ ਵਿਸ਼ੇਸ਼ ਕਰ ਚੰਗੀ ਲਗ ਰਹੀ ਹੈ। ਦੂਜੇ ਪਾਸੇ ਸਦਾ ਬੱਧੀ ਦਾੜੀ ਵਾਲੇ ਪ੍ਰੇਮ ਸਿੰਘ ਦੀ ਖੁਲ੍ਹੀ ਦਾੜ੍ਹੀ ਸੀ ਉਹਨੂੰ ਵਡਿਆਕੇ ਪ੍ਰੀਤਮ ਸਿੰਘ ਦੀ ਬੱਧੀ ਦਾੜ੍ਹੀ ਚਿਤਾਈ ਗਈ। ਸਤਿਗੁਰੂ ਜੀ ਨੇ ਪ੍ਰੇਮ ਸਿੰਘ ਨਾਲ ਖਾਸ ਪ੍ਰੇਮ ਕਰਦਿਆਂ ਉਸਨੂੰ ਦਸਿਆ ਕਿ ਉਹ 7 ਤਾਰੀਖ ਤਕ ਏਥੇ ਜ਼ਰੂਰ ਆਇਆ ਕਰੇ।

ਮੈਂ ਆਪ ਜੀ ਨੂੰ ਅੰਦਰ ਲੈ ਜਾ ਕੇ ਦੋ ਅਰਜ਼ਾਂ ਤਿੰਨ ਮਿੰਟ ਵਿਚ ਕੀਤੀਆਂ। ਪਹਿਲੀ ਕਿ ਮੇਰੀ ਪੁਤਰੀ 22ਵੇਂ ਸਾਲ ਵਿਚ ਜਾਣ ਲੱਗੀ ਹੈ। ਆਪ ਜੀ ਵਿਦੇਸ਼ ਵਿਚ ਵਿਆਹ ਦਾ ਖਿਆਲ ਛੱਡ ਕੇ ਦੇਸ਼ ਵਿਚ ਹੀ ਕਿਸੇ ਸਾਊ-ਕਮਾਊ ਮੁੰਡੇ ਨਾਲ ਵਿਆਹ ਦੇਣ। ਸਤਿਗੁਰੂ ਜੀ ਬਚਨ ਕੀਤਾ: ਮੈਂ ਤਰਸੇਮ ਸਿੰਘ ਅਤੇ ਪੂਰਬੇ ਨੂੰ ਆਖਦਾ ਰਹਾਂ।

ਦੂਜੀ : ਸਵਰਗਵਾਸੀ ਦੇਸ਼ ਭਗਤ ਕਵੀ ਮੁਨਸ਼ਾ ਸਿੰਘ ਦੁਖੀ ਦੀ ਵਡੀ ਨੂੰਹ ਸੁਖਰਾਜ ਦਾ ਪਤੀ ਮਨਰਾਜ ਸਿੰਘ 7 ਬੱਚਿਆਂ ਦਾ ਪਿਤਾ ਬਾਲ ਬੱਚੇ ਤੇ ਪਤਨੀ ਦੀ ਪਰਵਾਹ ਨਾ ਕਰ ਆਪ ਬੰਬਈ ਜਾਂ ਦੁਬਈ ਹੈ। ਪਿਛੇ ਬਾਲ ਬੱਚੇ ਦੀ ਕੋਈ ਸੰਭਾਲ ਵਾਲਾ ਨਹੀਂ, ਬੀਬੀ ਨੇ ਕੁਛ ਸਹਾਇਤਾ ਦੀ ਅਰਜ਼ ਕੀਤੀ ਸੀ, ਭਾਵੇਂ ਖ਼ਜ਼ਾਨਾ ਗੁਰੂ ਕਾ ਭੀ ਕਰਜ਼ਾਈ ਹੈ ਪਰ 'ਸਭ ਕੋ ਆਸੈ ਤੇਰੀ ਬੈਠਾ।' ਕੁਛ ਨਾ ਕੁਛ ਨਿਸ਼ਚਿਤ ਕਰੀਏ? ਸਤਿਗੁਰੂ ਜੀ ਦਾ ਜੀ ਭਾਵੇਂ 500 ਰੁਪਏ ਮਹੀਨਾ ਦੇਣ ਤੇ ਕਰਦਾ ਸੀ ਪਰ ਵਰਤਮਾਨ ਹਾਲਾਤ ਵਿਚ 200 ਰੁਪਏ ਮਹੀਨਾ ਦੀ ਪਰਵਾਨਗੀ ਦਿਤੀ। ਫੁਰਤ ਉਠ ਕੇ ਆਪ ਸਕਤਰ ਤਰਸੇਮ ਸਿੰਘ ਨੂੰ ਮਿਲ, ਖ਼ਜ਼ਾਨਚੀ ਨੂੰ ਬੁਲਾ ਮੈਨੂੰ 1200 ਰੁਪਏ ਦਿਵਾ ਦਿਤੇ ਤਾ ਕਿ ਮੈਂ 200 ਰੁਪਏ ਮਹੀਨਾ ਉਸ ਪਰਵਾਰ ਨੂੰ ਨਿਰੰਤਰ ਦਿੰਦਾ ਰਹਾਂ।

ਸ. ਹਮਰਾਹੀ ਦਾ ਪਤਾ ਕਰਦਿਆਂ ਮੈਨੂੰ ਅਜ ਸ. ਜਗਤਾਰ ਸਿੰਘ ਨੇ ਵੀ ਆਪਣੇ ਕਮਰੇ ਵਿਚ ਬੁਲਾ ਲਿਆ। ਬੀਬਾ ਜੀ ਤੇ ਬੀਬੀ ਗੁਰਮੀਤ ਕੌਰ ਵੀ ਅੰਦਰ ਹੀ



Sri Satguru Jagjit Singh Ji Elibrary NamdhariElibrary@gmail.com

ਸਨ। ਮੈਂ ਗੁਰਮੀਤ ਕੌਰ ਨੂੰ ਪੁਛ ਹੀ ਲਿਆ ਕਿ ਐਤਕਾਂ ਠਾਕਰ ਦਲੀਪ ਸਿੰਘ ਨੇ ਅੱਸੂ ਦੇ ਮੇਲੇ ਦੀ ਸੇਵਾ ਵਿਚ ਕੋਈ ਜ਼ਿਮੇਵਾਰੀ ਦਾ ਭਾਗ ਨਹੀਂ ਲਿਆ। ਉਤਰ ਸੀ : ਉਹ ਸਿਹਤ ਵਲੋਂ ਵਧੇਰੇ ਢਿੱਲੇ ਸਨ।

ਸ. ਜਗਤਾਰ ਸਿੰਘ ਤੋਂ ਨਾਮਧਾਰੀ ਕਾਟਨ ਮਿਲਜ਼ ਦੇ ਕੁਛ ਹੋਰ ਹਾਲਾਤ ਮਾਲੂਮ ਹੋਏ। ਉਨ੍ਹਾਂ ਦੱਸਿਆ ਕਿ ਰਾਈਸ ਮਿਲ ਤਾਂ ਸ਼ਾਇਦ ਸ. ਮਹਿਂਦਰ ਸਿੰਘ ਬਲ ਖਰੀਦ ਲਵੇ -- 7-8 ਲਖ ਰੁਪੈਆ ਵਟਾ ਜਾਵੇਗੀ। ਦੂਜੀ ਮਿਲ ਦਾ ਜੈਨਰੇਟਰ ਜਾਂ ਵਾਪਸ ਕਰਕੇ ਜਾਂ ਵੇਚ ਕੇ 4 ਲੱਖ ਰੁਪੈਆ ਕਰਜ਼ ਅਦਾ ਕੀਤਾ ਜਾਵੇਗਾ। ਮਿਲ ਕਿਸੇ ਨੂੰ ਵੇਚ ਦਿਤੀ ਜਾਵੇਗੀ। ਜੀਵਨ ਨਗਰ ਮਾਰਕੀਟ ਦੀਆਂ ਦੁਕਾਨਾਂ ਵੇਚ ਕੇ ਵੀ ਕਰਜ਼ ਵਿਚ ਝੋਕਿਆ ਜਾਵੇਗਾ। ਸਤਿਗੁਰੂ ਜੀ ਨੇ ਕਮੇਟੀ ਬਣਾ ਕੇ ਉਹਦੇ ਜ਼ਿਮੇ ਲਾ ਦਿਤਾ ਹੈ ਕਿ ਜਿਨਿੰਗ ਮਿਲ ਦਾ ਕੁਲ ਕਰਜ਼ ਅਦਾ ਕਰਨ ਲਈ ਜੋ ਵੀ ਹੋ ਸਕੇ ਕਰ ਦਿਓ।

ਇਹਨਾਂ ਤੋਂ ਇਕ ਹੋਰ ਭਿਆਨਕ ਖ਼ਬਰ ਸੁਣਨ ਨੂੰ ਮਿਲੀ : ਸੇਠ ਤਰਲੋਕ ਸਿੰਘ ਵੀ ਕਰਜ਼ੇ ਦੇ ਭਾਰ ਹੇਠ ਚੋਖੇ ਦੱਬੇ ਹੋਏ ਹਨ। ਕੁਇਕ ਟ੍ਰੈਵਲ ਮਾਸਿਕ 10,000 ਰੁ: ਤਕ ਹੇਠ ਰਹਿੰਦੀ ਹੈ। ਅਮਰੀਕਾ ਵਿਚ ਵੀ ਕੁਛ ਵਿਸ਼ੇਸ਼ ਪ੍ਰਗਤੀ ਨਹੀਂ। ਸੰਤੋਖ ਸਿੰਘ ਫੈਮਿਲੀ ਅਮਰੀਕਾ ਭਰਾਵਾਂ ਕੋਲ ਜਾ ਰਹੀ ਹੈ। ਦੁਕਾਨਦਾਰੀ ਕਰਨ ਦੀਆਂ ਵਿਉਂਤਾਂ ਹਨ।

ਸ. ਜਗਤਾਰ ਸਿੰਘ ਤੇ ਬੀਬਾ ਜੀ ਇਸ ਗੱਲੋਂ ਵੀ ਹੈਰਾਨ ਸਨ ਕਿ ਸੁਰਿੰਦਰ ਸਿੰਘ ਮਨਚੰਦਾ ਜੁ ਹਰ ਮਹੀਨੇ ਲਗਭਗ ਲਖ ਰੁਪੈਆ ਖਰਚ ਕਰਦਾ ਹੈ, ਇਹ ਕਿਥੋਂ ਪੈਦਾ ਕਰਦਾ ਹੈ। ਕਿਹੜਾ ਕਾਰੋਬਾਰ ਹੈ ਇਸ ਕੋਲ। ਕਾਰੋਬਾਰ ਤਾਂ ਮਨਚੰਦਾ ਕਰਦਾ ਹੀ ਹੈ ਭਾਵੇਂ ਉਸਦੇ ਸਹੁਰਿਆਂ ਵਲੋਂ ਮਾਸਿਕ 25000 ਰੁ: ਦੇਣ ਵਾਲੀ ਅਸ਼ੋਕਾ ਬਿਸਕੁਟ ਏਜੰਸੀ ਹੈ, ਜ਼ਮੀਨਾਂ ਤੇ ਕਾਰਾਂ ਦੀ ਖ਼ਰੀਦੋ ਫਰੋਖਤ ਹੈ ਜਾਂ ਸਤਿਗੁਰੂ ਜੀ ਦੀ ਭੇਟਾ ਹੋਈ ਰਕਮ ਦੀ ਵਿਨਿਮਯ ਦਰ।

ਸ੍ਰੀ ਸਤਿਗੁਰੂ ਜੀ ਆਰਾਮ ਕਰਕੇ ਪਧਾਰੇ ਤਾਂ ਆਪਣੇ ਸਕੱਤਰ ਤਰਸੇਮ ਸਿੰਘ ਨੂੰ ਹੁਕਮ ਹੋਇਆ ਕਿ ਉਹ ਜੀਵਨ ਨਗਰ ਨੂੰ ਲਾਈਟਨਿੰਗ ਕਾਲ ਕਰਕੇ ਸੰਤ ਨਗਰ ਵਾਲੇ ਨੰਬਰਦਾਰ ਗੁਰਦੇਵ ਸਿੰਘ ਅਤੇ ਸੰਤ ਸਤਨਾਮ ਸਿੰਘ ਨੂੰ ਦਿੱਲੀ ਕੱਲ੍ਹ ਹੀ ਪਹੁੰਚਣ ਦੀ ਪੱਕੀ ਕਰੇ। ਗੁਰਦੇਵ ਸਿੰਘ ਟਿੱਬੇ ਵਾਲੇ ਖੂਹ ਦਾ ਕਪੜੇ ਉੱਤੇ ਬਣਿਆਂ ਨਕਸ਼ਾ ਜ਼ਰੂਰ ਲਈ ਆਵੇ। ਮੈਨੂੰ ਜਾਪਿਆ ਕਿ ਠਾਕਰ ਉਦੈ ਸਿੰਘ ਅਤੇ ਸ. ਹਰਨਾਮ ਸਿੰਘ ਨੂੰ ਹਾਰਟੀਕਲਚਰ ਇਨਸਪੈਕਟਰ ਜੁ 'ਵੋਲਟਾਸ' ਵਾਲਿਆਂ ਦੇ 'ਸਕਿਲ' ਸਕੀਮ ਲਈ ਲਏ ਸਨ, ਇਹ ਉਨ੍ਹਾਂ ਦੀ ਲੋੜ ਹੈ।

ਇਕ ਕੈਮਰਾ ਸਤਿਗੁਰੂ ਜੀ ਵਲੋਂ ਉਸਨੂੰ ਬਖਸ਼ਿਆ ਗਿਆ ਹੈ, ਦੂਜਾ ਠਾਕਰ ਦਲੀਪ ਸਿੰਘ ਨੇ ਅਨਾਇਤ ਕਰ ਦਿਤਾ ਹੈ। ਸ. ਹਰਨਾਮ ਸਿੰਘ ਦੀ ਸਿਫਤ ਹੈ ਜਦੋਂ ਸਤਿਗੁਰੂ ਜੀ ਨੇ ਉਸਨੂੰ ਯਾਦ ਫਰਮਾਇਆ ਹੈ, ਉਸਨੂੰ ਤਦੋਂ ਹੀ ਹਾਜ਼ਰ ਪਾਇਆ ਹੈ। ਹਮਰਾਹੀ ਜੀ ਦੁਆਰਾ ਉਸਦਾ ਆਉਣ ਜਾਣ ਨਿਸ਼ਚਿਤ ਹੈ।



Sri Satguru Jagjit Singh Ji Elibrary NamdhariElibrary@gmail.com

ਸੰਤ ਤਰਸੇਮ ਸਿੰਘ ਨੇ ਮੈਨੂੰ ਪੱਕੀ ਕੀਤੀ ਹੋਈ ਸੀ ਕਿ ਅੱਜ 3 ਵਜੇ ਸ੍ਰੀ ਸਤਿਗੁਰੂ ਜੀ ਨੇ ਸ਼ਾਸਤਰੀ ਨਗਰ ਵਿਚ ਕੁਛ ਘਰੀਂ ਚਰਨ ਪਾਉਣ ਜਾਣਾ ਹੈ, ਮੈਂ ਜ਼ਰੂਰ ਨਾਲ ਹੋਵਾਂ। 3 ਵਜੇ ਤਕ ਮੈਂ ਹਮਰਾਹੀ ਨਾਲ ਕੋਠੀ ਪਹੁੰਚ ਗਿਆ ਤਾਂ ਤਿੰਨ ਗੱਡੀਆਂ ਸ਼ਾਸਤਰੀ ਨਗਰ ਨੂੰ ਚਲੀਆਂ। ਪਹਿਲੀ ਵਿਚ ਸ. ਰਾਮ ਰਤਨ ਸਿੰਘ ਸਪੁਤ੍ਰ ਸ. ਆਤਮਾ ਸਿੰਘ ਰਾਵਲਪਿੰਡੀ ਆਪਣੇ ਸਾਲਾ ਸ. ਦਸਵਿੰਦਰ ਸਿੰਘ, ਅਸਾਂ ਦੋਹਾਂ ਤੇ ਦੂੰਹ ਅੰਗ ਰਖਿਅਕਾਂ ਨਾਲ ਸਵਾਰ ਸਨ ਤੇ ਪ੍ਰੋਗਰਾਮ ਦੀ ਅਗਵਾਈ ਵੀ ਰਾਮ ਰਤਨ ਸਿੰਘ ਨੇ ਕਰਨੀ ਸੀ। ਦੂਜੀ ਮਾਰੂਤੀ-ਮਾਟਾਡੋਰ (ਛੋਟੀ) ਸ੍ਰੀ ਜੁਗਿੰਦਰ ਸਿੰਘ ਬਾਲੀ ਨਗਰ ਲੈ ਕੇ ਚਲੇ ਜਿਸ ਵਿਚ ਸ੍ਰੀ ਸਤਿਗੁਰੂ ਜੀ ਉਨ੍ਹਾਂ ਦਾ ਸਕੱਤਰ, ਖਜ਼ਾਨਚੀ ਅਤੇ ਸੇਵਕ ਸਨ, ਤੀਸਰੀ ਵਿਚ ਅੰਗ ਰਖਿਅਕ ਜਥਾ ਸੀ।

ਸਾਰੀਆਂ ਗੱਡੀਆਂ ਪਹਿਲਾਂ ਸ਼ਾਸਤਰੀ ਨਗਰ ਦੀ ਬਾਹਰ ਵੱਲ ਜਾਂਦੀ ਦੱਖਣੀ ਸੜਕ ਤੇ ਇਕ ਦੁਕਾਨ ਤੇ ਮਕਾਨ ਵਿਚ ਸਤਿਗੁਰੂ ਜੀ ਨੇ ਚਰਨ ਪਾਏ। ਸ੍ਰੀ ਭਗਵਾਨ ਦਾਸ ਜੀ ਇਸ ਦੁਕਾਨ ਮਕਾਨ ਦੇ ਮਾਲਿਕ ਸਨ। ਸ. ਰਾਮ ਰਤਨ ਸਿੰਘ ਦਾ ਸਾਰਾ ਪਰਵਾਰ, ਬੀਬੀ ਰਤਨਾਂ ਤੇ ਗੁਰਮੁਖ ਸਿੰਘ ਅਤੇ ਤਿੰਨ ਬੱਚੀਆਂ ਦੇਖੇ ਮੌਜੂਦ ਸਨ, ਬੀਬੀ ਬਲਬੀਰ ਕੌਰ ਸਪੁਤ੍ਰੀ ਸੰਤ ਮੰਗਲ ਸਿੰਘ ਲਾਇਲਪੁਰੀ ਆਪਣੇ ਬੱਚੇ ਦਲਜੀਤ ਸਿੰਘ ਅਤੇ ਹੋਰ ਪਰਵਾਰ ਨਾਲ ਹਾਜ਼ਰ ਸੀ। ਸ. ਹਰਬੰਸ ਸਿੰਘ ਤੇ ਹੋਰ ਕੁਛ ਸਰੀਰ। ਸੌੜੀ ਅਤੇ ਲੰਮੀ ਦੁਕਾਨ ਵਿਚ ਚਰਨ ਪਾਏ ਤਾਂ ਅੱਗੇ ਘਰ ਵੀ ਅਜਿਹਾ ਹੀ ਜਾਪਿਆ। ਸੇਵਕਾਂ ਨੇ ਨਕਦੀ ਅਤੇ ਫਲਫਰੂਟ ਭੇਟ ਕੀਤੇ।

ਸ. ਰਾਮ ਰਤਨ ਸਿੰਘ ਨੇ ਦਸਿਆ ਕਿ ਸ੍ਰੀ ਭਗਵਾਨ ਦਾਸ ਦੇ ਪਹਿਲੇ ਵਿਆਹ ਵਿਚੋਂ 4 ਲੜਕੀਆਂ ਹੀ ਲੜਕੀਆਂ ਸਨ। ਉਸਦੇ ਗੁਜ਼ਰਨ ਉਪਰੰਤ ਦੂਜੀ ਸ਼ਾਦੀ ਬੀਬੀ ਪੁਸ਼ਪਾ ਨਾਲ ਕਰਵਾਈ, ਜਿਸਨੂੰ ਸਰਦਾਰਨੀ ਲੀਲਾ ਵੰਤੀ ਸਪੁਤਨੀ ਸ. ਆਤਮਾ ਸਿੰਘ ਨੇ ਭਜਨ ਦਿਤਾ ਅਤੇ ਗੁਰੂ ਕੇ ਸਿਖ ਬਣਵਾਇਆ। ਇਸ ਦੇ ਘਰ ਨਰ ਸੰਤਾਨ ਲਈ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਗਈ। ਅੱਜ ਬੀਬੀ ਦੇ ਘਰ 4 ਲੜਕੇ ਹਨ। ਬੀਬੀ ਪੁਸ਼ਪਾ ਨੇ ਇਹ ਦੁਕਾਨ 6 ਦਿਨਾਂ ਤੋਂ ਤਿਆਰ ਹੋਈ ਬੰਦ ਕਰਵਾ ਰਖੀ ਸੀ ਕਿ ਗੁਰੂ ਕੇ ਚਰਣ ਪੈਣਗੇ ਤਾਂ ਹੀ ਕਾਰੋਬਾਰ ਲਈ ਖੋਲ੍ਹੀ ਜਾਵੇਗੀ, ਸੋ ਅੱਜ ਕਿਰਪਾ ਹੋ ਗਈ ਹੈ।

ਏਥੋਂ ਜਾ ਕੇ ਸ. ਹਰਬੰਸ ਸਿੰਘ (ਚਿਟੀ ਟੇਢੀ ਪੱਗ) ਦੇ ਘਰ ਸ੍ਰੀ ਸਤਿਗੁਰੂ ਜੀ ਪਧਾਰੇ। ਬੈਠਕ ਵਿਚ ਸੋਫ਼ੇ ਤੇ ਬੈਠ ਕੇ ਦਰਸ਼ਨ ਦਿਤੇ। ਸਤਿਗੁਰੂ ਜੀ ਨੇ ਮੈਨੂੰ ਹਰਬੰਸ ਸਿੰਘ ਦੇ ਲੜਕੇ ਤੇ ਝਾਤ ਪੁਆਈ ਉਹ ਸਫੇਦ ਨਾਮਧਾਰੀ ਪਹਿਰਾਵੇ ਵਿਚ ਸੀ। ਇਹ ਬੱਚਾ ਸਿੱਧੀ ਦਸਤਾਰ ਸਜਾਂਦਾ ਹੈ। ਸਤਿਗੁਰੂ ਜੀ ਨੇ ਅਨੇਕਾਂ ਪਰਵਾਰਾਂ ਵਿਚ ਐਸਾ ਕੀਤਾ ਹੋਇਆ ਹੈ ਕਿ ਜੇ ਪਿਤਾ ਦੀ ਡਿੰਗੀ ਪੱਗ ਹੈ ਅਤੇ ਉਹ ਸੰਕੋਚ ਵੱਸ ਪਗ ਬਦਲਦਾ ਨਹੀਂ ਤਾਂ ਉਸਦੇ ਬੱਚਿਆਂ ਨੂੰ ਮੁਢ ਤੋਂ ਸਿਧੀ ਦਸਤਾਰ ਕਰਵਾ ਰਖੀ ਹੈ। ਕ੍ਰਿਸ਼ਮਾ ਸਤਿਗੁਰੂ ਜੀ ਦੇ ਨਿਜੀ ਸਨੇਹ ਦਾ ਹੀ ਹੈ। ਸ. ਹਰਬੰਸ ਸਿੰਘ ਦੇ ਸਾਰੇ ਜੀਆਂ



Sri Satguru Jagjit Singh Ji Elibrary NamdhariElibrary@gmail.com

ਨੇ ਮਥਾ ਟੇਕਿਆ ਤੇ ਮਾਇਆ, ਫਲ ਪ੍ਰਸ਼ਾਦ ਆਦਿ ਸਵੀਕਾਰ ਕਰ ਅਗਲਾ ਘਰ ਸ਼ਾਸਤਰੀ ਨਗਰ ਦੇ ਅੰਦਰ ਜਾ ਨਿਵਾਜਿਆ।

ਸ੍ਰੀ ਬਿਸ਼ਨ ਸਰੂਪ ਨਾਮਧਾਰੀ ਪਰਵਾਰ ਦੇ ਗੁਆਂਢੀ ਹਨ। ਇਹਨਾਂ ਦੇ ਘਰ ਚਰਨ ਪਾ ਕੇ ਨਾਲ ਹੀ ਮੰਗਲ ਸਿੰਘ ਲਾਇਲਪੁਰੀ ਦੀ ਸਪੁਤ੍ਰੀ ਬੀਬੀ ਬਲਬੀਰ ਕੌਰ ਨੂੰ ਨਿਵਾਜਿਆ। ਇਸਦੇ ਖੁਲ੍ਹੇ ਵਿਹੜੇ ਨੂੰ ਲੰਘ ਬੈਠਕ ਵਿਚ ਬੈਠ ਦਰਸ਼ਨ ਦਿਤੇ। ਭੇਟਾ ਪਰਵਾਨ ਕਰ ਉਠੇ ਤਾਂ ਬੀਬੀ ਨੇ ਆਪਣੇ ਵੀਰ ਐਸ. ਐਸ. ਮਨਧੀਰ ਦੀ ਦੁਕਾਨ ਦਾ ਜੰਦਰਾ ਖੋਲ੍ਹ ਚਰਨ ਪੁਆਏ। ਸ੍ਰੀ ਮਨਧੀਰ ਇਥੇ ਡਾਇਰੀਆਂ, ਨੋਟ ਬੁਕਾਂ ਦਾ ਬਿਜ਼ਨਸ ਕਰਦਾ ਹੈ।

ਫੇਰ ਸ. ਰਾਮ ਰਤਨ ਸਿੰਘ ਨੇ ਬੇਨਤੀ ਕੀਤੀ ਕਿ ਉਸਦੇ ਪ੍ਰਤਾਪ ਬਾਗ ਵਿਚਲੇ ਨਿਵਾਸ ਤੇ ਕਿਰਪਾ ਕੀਤੀ ਜਾਇ। ਬੇਨਤੀ ਪਰਵਾਨ ਕੀਤੀ ਗਈ। ਤਿੰਨੇ ਗੱਡੀਆਂ ਪ੍ਰਤਾਪ ਬਾਗ ਨੂੰ ਤੁਰ ਪਈਆਂ। ਏਥੇ ਸ. ਰਾਮ ਰਤਨ ਸਿੰਘ ਦੀ ਤਕੜੀ ਜਾਇਦਾਦ ਹੈ। ਕਿਰਾਏਦਾਰਾਂ ਦੇ ਕਬਜ਼ਿਆਂ ਨੇ ਰਾਮ ਰਤਨ ਸਿੰਘ ਨੂੰ ਮੁਕਦਮੇਬਾਜ਼ੀ ਦਾ ਵਾਧੂ ਕੰਮ ਦਿਤਾ ਹੋਇਆ ਹੈ। ਉਹ ਵਿਸ਼ਾਲ ਜਾਇਦਾਦ ਤੋਂ ਗੁਜ਼ਾਰੇ ਜੋਗਾ ਰੁਪੈਆ ਪ੍ਰਾਪਤ ਕਰਦਾ ਹੈ। ਇਕ ਪੁਰਾਣੀ ਸਾਬਤ ਕੋਠੀ ਵਿਚ ਰਿਹਾਇਸ਼ ਹੈ। ਜਗਹ ਖੁਲ੍ਹੀ ਹੈ। ਸ੍ਰੀ ਸਤਿਗੁਰੂ ਜੀ ਨੇ ਏਥੇ 15-20 ਮਿੰਟ ਦਰਸ਼ਨ ਦਿਤੇ।

ਏਥੇ 26 ਰੁ: ਕਿਲੋ ਦੇ ਹਿਸਾਬ ਨਾਲ 1,00,000 ਰੁ: ਦਾ ਘਿਉ ਖਰੀਦਣ ਦਾ ਹਿਸਾਬ ਕਿਤਾਬ ਵੀ ਚਲਦਾ ਰਿਹਾ। ਪਤਾ ਨਹੀਂ ਇਹ ਕਿਥੋਂ ਆਉਣਾ ਤੇ ਕਿਥੇ ਖਰਚ ਕਰਨਾ ਹੈ। ਸ. ਰਾਮ ਰਤਨ ਸਿੰਘ ਤੇ ਬੀਬੀ ਰਤਨਾ, ਇਹਨਾਂ ਦਾ ਗੋਲ ਮਟੋਲ ਬੇਟਾ ਗੁਰਮੁਖ ਸਿੰਘ ਫਲ ਪਰਸ਼ਾਦ ਅਤੇ ਮਾਇਆ ਲੈ ਕੇ ਹਾਜ਼ਰ ਹੋਏ।

ਏਥੋਂ ਰਾਮ ਰਤਨ ਸਿੰਘ ਦੀ ਅਗਵਾਈ ਨਾਲ ਹੀ ਰਿੰਗ ਰੋਡ ਤੇ ਪੈ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਪਧਾਰੇ ਜਿਥੇ ਸਾਧ ਸੰਗਤ ਨਾਲ ਮਿਲ ਕੇ ਇਕ ਘੰਟਾ ਨਾਮ ਸਿਮਰਨ ਅਤੇ ਫਿਰ ਕੀਰਤਨ ਹੋਣਾ ਸੀ। ਮੈਂ ਤਾਂ ਦੀਵਾਨ ਵਿਚ ਹਾਜ਼ਰ ਹੋ, ਮੱਥਾ ਟੇਕ, ਫਿਰ ਘਰ ਨੂੰ ਹੀ ਆ ਗਿਆ।

## 3 ਨਵੰਬਰ 1985, ਐਤਵਾਰ
## ਨਵੀਂ ਦਿੱਲੀ

ਇਹ ਨਿਸ਼ਚਿਤ ਹੋ ਗਿਆ ਹੈ ਕਿ ਸ੍ਰੀ ਸਤਿਗੁਰੂ ਜੀ ਨੇ ਦਿੱਲੀ ਵਿਖੇ 7 ਨਵੰਬਰ ਤਕ ਦਰਸ਼ਨ ਦੇਣੇ ਹਨ।

ਅੱਜ ਦੇ ਦਿਨ ਅੰਗਰੇਜ਼ੀ ਤਾਰੀਖ ਅਨੁਸਾਰ 1920 ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਾਤਾ ਭੁਪਿੰਦਰ ਕੌਰ ਜੀ ਦੀ ਕੁਖੋਂ ਜਨਮ ਲਿਆ



Sri Satguru Jagjit Singh Ji Elibrary NamdhariElibrary@gmail.com

ਸੀ। ਸੁ ਅੱਜ ਸਤਿਗੁਰੂ ਜੀ ਪੂਰੇ 65 ਸਾਲਾਂ ਦੇ ਹੋ ਗਏ ਹਨ, 66ਵਾਂ ਸ਼ੁਰੂ ਹੋਵੇਗਾ।

ਆਸਾ ਦੀ ਵਾਰ ਦਾ ਆਯੋਜਨ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਗੁਰੂ ਕੀ ਹਜ਼ੂਰੀ ਵਿਚ ਹੋਇਆ।

ਮੇਰੀ ਸਪੁਤਨੀ ਗੁਰਬਚਨ ਕੌਰ ਅੱਜ ਮੇਰੇ ਨਾਲ ਹੀ ਚਲ ਪਈ। ਸ੍ਰੀ ਸਤਿਗੁਰੂ ਜੀ ਦੇ ਚਰਨ ਪਰਸਨ ਅਤੇ ਅਸੀਂ 10.30 ਵਜੇ 1-6 ਬੀ ਪੂਸਾ ਰੋਡ ਕੋਠੀ ਪਹੁੰਚ ਗਏ। ਸ੍ਰੀ ਸਤਿਗੁਰੂ ਜੀ, ਸਾਡੇ ਜਾਂਦਿਆਂ ਨੂੰ ਪੂਸਾ ਇੰਸਟੀਚੂਟ ਵੇਖਣ ਲਈ ਪਧਾਰੇ ਹੋਏ ਸਨ। ਆਪ ਜੀ ਦੀ ਸੇਵਾ ਵਿਚ ਹੋਰਨਾਂ ਤੋਂ ਇਲਾਵਾ ਪਰਮੁਖ ਰੂਪ ਵਿਚ ਠਾਕਰ ਉਦੈ ਸਿੰਘ ਅਤੇ ਸ. ਹਰਨਾਮ ਸਿੰਘ ਹਾਰਟੀਕਲਚਰ ਇਨਸਪੈਕਟਰ ਵੀ ਸੀ। ਸਤਿਗੁਰੂ ਜੀ ਨੇ ਇਨਸਟੀਚਿਊਟ ਦੀ ਕਾਰਕਰਦਗੀ ਨੂੰ ਖਾਸੀ ਦਿਲਚਸਪੀ ਨਾਲ ਵੇਖਿਆ।

ਅੱਜ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੇ ਪੰਜਾਬ ਦੇ ਇਕ ਅਹਿਮ ਆਗੂ ਕਾ. ਜਗਜੀਤ ਸਿੰਘ ਆਨੰਦ ਅਤੇ ਬੀਬੀ ਉਰਮਿਲਾ ਆਨੰਦ ਪਤਨੀ ਆਏ ਹੋਏ ਸਨ। ਇਹਨਾਂ ਦੇ ਦੋ ਅੰਗ ਰਖਿਅਕ ਬਾਹਰ ਤੈਨਾਤ ਸਨ। ਇਹ ਅੰਦਰ ਬੈਠਕ ਵਿਚ ਸਨ।

ਸ੍ਰੀ ਸਤਿਗੁਰੂ ਜੀ 11.30 ਵਜੇ ਤਕ ਕੋਠੀ ਆਏ ਤਾਂ ਪਹਿਲਾਂ ਆਪ ਨੇ ਆਨੰਦ ਦੰਪਤੀ ਨਾਲ ਹੀ ਇਕਾਂਤ ਲਈ ਹੇਠਲੇ ਹਾਲ ਵਿਚ। ਮੈਨੂੰ ਪਤਾ ਨਹੀਂ ਹੋਰ ਕੌਣ ਕੌਣ ਕੋਲ ਸੀ ਪਰ ਇਹ ਜ਼ਰੂਰੀ ਲਗਦਾ ਹੈ ਕਿ ਪੰਜਾਬ ਵਿਚਲੀ ਬਰਨਾਲਾ ਸਰਕਾਰ ਦਾ ਲੇਖਾ ਜੋਖਾ ਸਤਿਗੁਰੂ ਜੀ ਅਗੇ ਰਖਿਆ ਗਿਆ ਹੋਵੇ। ਸੱਚੇ ਪਾਤਸ਼ਾਹ ਜੀ ਸ. ਬਾਦਲ ਬਾਰੇ ਰੁਚੀ ਲੈਂਦੇ ਹੋਣ। ਬਾਅਦ ਵਿਚ ਮਾਲੂਮ ਹੋਇਆ ਕਾ: ਅਨੰਦ ਐਨਜਾਈਨਾਂ ਰੋਗ ਦੇ ਸ਼ਿਕਾਰ ਹਨ ਤੇ ਉਹ ਇਸਦਾ ਸਰਕਾਰੀ ਤੌਰ ਤੇ ਪ੍ਰਸਿੱਧ ਹਸਪਤਾਲਾਂ ਵਿਚ ਇਲਾਜ ਕਰਵਾਣਾ ਚਾਹੁੰਦੇ ਹਨ। ਸ੍ਰੀ ਸਤਿਗੁਰੂ ਜੀ ਚਾਹੁੰਦੇ ਹਨ ਕਿ ਇਹਨਾਂ ਦੀ ਮੈਡੀਕਲ ਚੈੱਕ ਅੱਪ ਦੀ ਰਿਪੋਰਟ ਡਾ: ਮੂਸਾ ਦੇ ਧਿਆਨ ਵਿਚੋਂ ਵੀ ਲੰਘ ਜਾਵੇ - ਤਾ ਕਿ ਜੇ ਕਦੇ ਅਕੂਪੈਂਚਰ ਜਾਂ ਕੁਦਰਤੀ ਇਲਾਜ ਦੀ ਲੋੜ ਪਵੇ ਤਾਂ ਡਾ. ਮੂਸਾ ਨੂੰ ਵੀ ਪਤਾ ਹੋਵੇ।

ਹਾਲ ਤੋਂ ਬਾਹਰ ਦਰਸ਼ਨ ਕਰਨ ਵਾਲਿਆਂ ਦਾ ਇਕੱਠ ਵਧਦਾ ਜਾ ਰਿਹਾ ਸੀ। ਇਹਨਾਂ ਵਿਚ ਮੈਨੂੰ ਇਕੋ ਪਰਵਾਰ ਦੀਆਂ ਚਾਰ ਪੀੜ੍ਹੀਆਂ ਨੂੰ ਵੇਖਣ ਦਾ ਇਤਫਾਕ ਹੋਇਆ। ਸਾਡੇ ਸਵਰਗਵਾਸੀ ਸਹਿਪਾਠੀ ਸੇਠ ਸੰਤੋਖ ਸਿੰਘ ਹੈਦਰਾਬਾਦ ਵਾਲੇ ਦੀ ਛੋਟੀ ਭੈਣ ਬੀਬੀ ਜਿੰਦਰ ਕੌਰ ਸਪੁਤਨੀ ਸ. ਸੁਜਾਨ ਸਿੰਘ ਗ੍ਰੇਟਰ ਕੈਲਾਸ਼ ਨਵੀਂ ਦਿੱਲੀ। (ਠਾਕੁਰ ਸ਼ਮਸ਼ੇਰ ਸਿੰਘ ਦੇ ਗੁਆਂਢੀ) ਆਪਣੀ ਧੀ ਬੀਬੀ ਤੇਜਿੰਦਰ ਕੌਰ ਸਪੁਤਨੀ ਸੇਠ ਹਰਭਜਨ ਸਿੰਘ ਕੋਮਲ 'ਬੈਂਕੋਕ' ਥਾਈਲੈਂਡ ਨਾਲ ਆਈ ਸੀ। ਬੀਬੀ ਦੇ ਹੱਥ ਵਿਚ ਭੇਟਾ ਯੋਗ-ਸਾਮਾਨ ਦਾ ਥੈਲਾ ਸੀ। ਬੀਬੀ ਤੇਜਿੰਦਰ ਦੀ ਲੜਕੀ ਵੀ ਨਾਲ ਸੀ ਤੇ ਫਿਰ ਇਸ ਲੜਕੀ ਦੀ ਲੜਕੀ ਵੀ ਆਈ ਹੋਈ ਸੀ।



Sri Satguru Jagjit Singh Ji Elibrary NamdhariElibrary@gmail.com

ਬੀਬੀ ਤੇਜਿੰਦਰ ਨੇ ਦਸਿਆ ਕਿ ਇਕ ਵਾਰ ਉਸਨੇ ਅਚਾਨਕ ਕਿਸੇ ਦੇ ਘਰ 'ਵਰਿਆਮ' ਉਠਾ ਲਿਆ। ਉਹਦੇ ਵਿਚੋਂ ਬੀਤੇ ਦੀਆਂ ਪੈੜਾਂ ਪੜ੍ਹਨ ਲੱਗੀ ਤਾਂ ਆਪਣਾ ਨਾਂ ਹੀ ਪਹਿਲਾਂ ਵੇਖਕੇ ਉਹ ਬੜੀ ਅਸਚਰਜ ਤੇ ਆਨੰਦ ਵਿਭੋਰ ਹੋਈ। ਮੈਂ ਅੱਜ ਭਾਵੇਂ ਉਸਨੂੰ ਪਛਾਣ ਨਹੀਂ ਸਕਿਆ ਪਰ ਮੇਰੀ ਘਾਲਣਾ ਸਫਲ ਹੋਈ।

ਸ੍ਰੀ ਸਤਿਗੁਰੂ ਜੀ ਕਾ: ਅਨੰਦ ਵਲੋਂ ਵਿਹਲੇ ਹੋ ਕੇ ਆਏ ਤਾਂ ਉਪਰ ਚੜ੍ਹਦੀਆਂ ਪੌੜੀਆਂ ਵਿਚ ਖਲੋ ਕੇ ਸਾਰੀ ਇਕੱਤਰ ਹੋਈ ਸੰਗਤ ਦੀ ਨਮਸਕਾਰ ਅਤੇ ਭੇਟਾ ਸਵੀਕਾਰ ਕਰਕੇ ਤੇਜ਼ੀ ਨਾਲ ਪੌੜੀਆਂ ਚੜ੍ਹ ਕੇ ਇਸ਼ਨਾਨ ਕਮਰੇ ਵਿਚ ਪਹੁੰਚ ਗਏ ਜਿਥੇ ਸੇਵਕ ਇਸ਼ਨਾਨ ਲਈ ਉਡੀਕਦੇ ਸਨ। ਲਾਂਗਰੀ ਸਤਨਾਮ ਸਿੰਘ ਵੀ ਪ੍ਰਸ਼ਾਦ ਪਾਣੀ ਦੀ ਸਮਗਰੀ ਜੁਟਾਈ ਬੈਠਾ ਸੀ।

ਅਸੀਂ ਪਤੀ-ਪਤਨੀ ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਰਜ਼ ਦੇ ਸਪੁਤ੍ਰ ਸੰਤ ਦੀਪ ਸਿੰਘ ਨੂੰ ਫੈਜ਼ ਰੋਡ ਗਲੀ ਨੰ: 10 ਵਿਚ ਮਿਲਣ ਗਏ। ਕਾਰੋਬਾਰ ਵਿਚ ਕਿਸੇ ਬੇਸੁਆਦੀ ਦਾ ਮਸਲਾ ਸੀ। ਗੁਰਦੀਪ ਸਿੰਘ ਮਿਲਿਆ ਤਾਂ ਉਸ ਮੈਨੂੰ ਬੇਫਿਕਰ ਕਰ ਦਿਤਾ। ਉਸਨੇ ਆਪਣੇ ਭਰਾ ਗੁਰਚਰਨ ਸਿੰਘ ਨਾਲ ਮੁੜ ਤੋਂ ਬੋਲ ਬਾਣੀ ਸ਼ੁਰੂ ਕਰ ਦਿਤਾ ਸੀ।

ਦੀਪ (34) ਸਤਿਗੁਰੂ ਜੀ ਦੇ ਸਨੇਹ ਰੰਗ ਵਿਚ ਗੜੁੱਚ ਰਹਿੰਦਾ ਹੈ। 1971 ਤੋਂ ਮੈਂ ਉਸਨੂੰ ਵੇਖਦਾ ਆ ਰਿਹਾ ਹਾਂ। ਕਹਿਣ ਲਗਾ ਮੈਂ ਆਪਣੇ (ਜੋੜਿਆਂ) ਰਾਮ ਅਤੇ ਸ਼ਾਮ ਨੂੰ 50-50 ਰੁਪਏ ਦੇ ਕੇ ਮੱਥਾ ਟਿਕਵਾਂਦਾ ਹਾਂ ਤਾ ਕਿ ਗੁਰੂ ਘਰ ਵੱਲ ਬੱਚਿਆਂ ਦੀ ਉਦਾਰਤਾ ਤੇ ਨਮਨਤਾ ਮੁੱਢ ਤੋਂ ਹੀ ਬਣੀ ਰਹੇ। ਆਪ ਮੈਂ 100 ਰੁਪਏ ਤੋਂ ਘੱਟ ਕੀ ਮੱਥਾ ਟੇਕਾਂ। ਮੈਂ ਜਾਣਦਾ ਹਾਂ ਕਿ ਮੇਰਾ ਸਭ ਕੁਝ ਸਤਿਗੁਰਾਂ ਦੀ ਕ੍ਰਿਪਾ ਨਾਲ ਹੀ ਹੈ। ਉਨ੍ਹਾਂ ਦੀ ਮੇਰੇ ਤੇ ਬਖਸ਼ਸ਼ ਹੈ, ਬੜੇ ਮਜ਼ੇ ਨਾਲ ਦਿਨ ਤੋੜ ਰਿਹਾ ਹਾਂ। ਇਸ ਵਾਰ 3-4 ਦਿਨ, ਜੀਵਨ ਨਗਰ ਮੇਲੇ ਤੋਂ ਪਹਿਲਾਂ ਹੀ ਗੁਰੂ ਕੇ ਚਰਨਾਂ ਵਿਚ ਟਿੱਬੇ ਵਾਲੇ ਬਿਤਾ ਕੇ ਆਇਆ। ਹੁਣ ਮੈਂ 100 ਥਾਲੀ ਸਟੀਲ ਦੀ ਭੇਟਾ ਕਰਨ ਦਾ ਮਨ ਬਣਾਇਆ ਹੈ। ਵੇਖੋ, ਕਿਸੇ ਵੇਲੇ ਵੀ ਥਾਲੀਆਂ ਜਾ ਹਾਜ਼ਰ ਹੋਣਗੀਆਂ।

ਜਾਂ ਅਸੀਂ ਦੋਵੇਂ 2.15 ਵਜੇ ਦੁਬਾਰਾ ਕੋਠੀ ਪਹੁੰਚੇ ਤਾਂ ਨੰਬਰਦਾਰ ਗੁਰਦੇਵ ਸਿੰਘ ਅਤੇ ਸੰਤ ਸਤਨਾਮ ਸਿੰਘ ਮੁਕਤਾ ਸੰਤ ਨਗਰੋਂ ਆਏ ਹੋਏ ਸਨ। ਉਨ੍ਹਾਂ ਪਾਸ ਚੱਦਰ ਉਤੇ ਟਿੱਬੇ ਵਾਲੇ ਖੇਤਾਂ ਦਾ ਨਕਸ਼ਾ ਵੀ ਸੀ। ਠਾਕਰ ਉਦੈ ਸਿੰਘ ਨੇ ਨਕਸ਼ੇ ਦੀਆਂ 4 ਫੋਟੋ ਸਟੇਟ ਕਾਪੀਆਂ ਵਾਸਤੇ ਓਸੇ ਵੇਲੇ ਅਜੀਤ ਸਿੰਘ ਸਪੁਤ੍ਰ ਸੰਤ ਪਿਆਰਾ ਸਿੰਘ ਮੰਡੀ ਨੂੰ ਭੇਜਿਆ। ਪ੍ਰਤੀਤ ਹੁੰਦਾ ਹੈ ਗੁਰਦੇਵ ਸਿੰਘ ਨੰਬਰਦਾਰ ਨੂੰ ਟਿੱਬੇ ਵਾਲੇ ਖੂਹ ਦੀ ਬਾਗ ਉਸਾਰੀ ਦੀ ਜ਼ਿਮੇਵਾਰੀ ਸਤਿਗੁਰੂ ਜੀ ਵਲੋਂ ਮਿਲੀ ਹੈ।

ਸਕੱਤਰ ਤਰਸੇਮ ਸਿੰਘ ਨੇ ਮੇਰੇ ਕੰਨੀ ਗੱਲ ਪਾਈ ਕਿ ਕੱਲ ਸਤਿਗੁਰੂ ਜੀ ਨੇ ਮੇਰੀ ਪੁੱਤਰੀ ਜਸਕਿਰਨ ਵਾਸਤੇ, ਸ. ਜੁਗਿੰਦਰ ਸਿੰਘ ਪੀਤਮਪੁਰੇ (ਦਿੱਲੀ) ਦਾ ਛੋਟਾ ਲੜਕਾ ਸੁਝਾਇਆ ਹੈ। ਮੈਂ ਸ੍ਰੀ ਸਤਿਗੁਰੂ ਜੀ ਦੀ ਵਿਚੋਲਗੀ ਵਿਚ ਕਿਸੇ ਤਰ੍ਹਾਂ ਦਾ



Sri Satguru Jagjit Singh Ji Elibrary NamdhariElibrary@gmail.com

ਦਖਲ ਜਾਂ ਸੋਚਣਾ-ਵਿਚਾਰਨਾ ਯੋਗ ਨਹੀਂ ਜਾਤਾ। ਆਪਣੇ ਵਲੋਂ ਕਹਿ ਦਿਤਾ ਹੈ ਕਿ ਸਤਿਗੁਰੂ ਜੀ ਦੇ ਸੁਭਾਓ ਪ੍ਰਤੀ ਸਾਡੇ ਪਰਵਾਰ ਦੀ "ਹਾਂ" ਮਿਥੀ ਜਾਇ।

2.30 ਵੱਜੇ ਤਾਂ ਸ੍ਰੀ ਸਤਿਗੁਰੂ ਹੇਠਲੇ ਦਫਤਰ ਵਿਚ ਟੇਬਲ ਤੇ ਬੈਠ ਕੇ, ਕੁਰਸੀ ਤੇ ਚਰਨ ਰਖ ਫੋਨ ਸੁਣਦੇ ਵੇਖੇ। ਲੰਘਦਿਆਂ ਵੇਖ ਸਤਿਗੁਰੂ ਜੀ ਬੁਲਾ ਲਿਆ। ਮੈਂ ਅਤੇ ਹਮਰਾਹੀ ਅੰਦਰ ਹਾਜ਼ਰ ਹੋਏ। ਡਾਕਟਰ ਮੂਸਾ ਨਾਲ ਫੋਨ ਦੁਆਰਾ ਗੱਲਬਾਤ ਹੋ ਰਹੀ ਸੀ। ਜੋ ਕੁਛ ਸੁਣਿਆ ਉਸਦੇ ਆਧਾਰ ਤੇ ਮਾਜਰਾ ਇਸ ਪਰਕਾਰ ਹੈ:

ਕੱਲ ਦੀ ਡਾ: ਮੂਸਾ ਨਾਲ ਸਤਿਗੁਰੂ ਜੀ ਦੀ ਜੁ ਗੱਲਬਾਤ ਹੋਈ ਉਸ ਅਨੁਸਾਰ ਖੂਨ, ਟੱਟੀ, ਪਿਸ਼ਾਬ, ਨਾਖੁਨ, ਬਲੱਡ ਪ੍ਰੈਸ਼ਰ, ਈ ਸੀ ਜੀ ਆਦਿ ਦੇ ਸਮੂਚੇ ਟੈਸਟਾਂ ਦੀ ਰਿਪੋਰਟ ਵੇਖ ਕੇ ਦੂਜੇ ਡਾਕਟਰ ਵੀ ਹੈਰਾਨ ਹਨ ਕਿ 65 ਸਾਲ ਆਯੂ ਦੇ ਵਿਅਕਤੀ ਵਿਚ ਜੁਆਨਾਂ ਨਾਲੋਂ ਵੀ ਵਧੇਰੇ ਸਿਹਤਯਾਬੀ ਦੇ ਗੁਣ ਹਨ। ਸਤਿਗੁਰੂ ਜੀ ਨੇ ਡਾ. ਮੂਸਾ ਨੂੰ ਕਿਹਾ ਸੀ: ਮੈਂ ਤਾਂ ਜੋ ਹਾਂ ਸੋ ਹਾਂ ਪਰ ਤੁਹਾਡੀ ਗੱਲ ਬਾਤ ਤੇ ਇਹਨਾਂ ਰਿਪੋਰਟਾਂ ਨੂੰ ਵੇਖ ਕੇ ਹੌਸਲਾ ਬੜਾ ਵਧ ਜਾਂਦਾ ਹੈ। ਸਤਿਗੁਰੂ ਜੀ ਨੇ ਮੈਨੂੰ ਦਸਿਆ ਕਿ ਡਾ. ਮੂਸਾ ਦਾ ਵਿਚਾਰ ਸੀ ਕਿ ਉਹ ਸ੍ਰੀ ਹਜ਼ੂਰ ਦੀ ਸਿਹਤ ਦੀ ਫਾਈਲ ਬਣਾ ਰਖੇ ਤੇ ਘਟਦੀ ਵਧਦੀ ਸਿਹਤ ਦਾ ਇਸ ਆਧਾਰ ਤੇ ਠੀਕ ਜਾਇਜ਼ਾ ਰਖਿਆ ਜਾ ਸਕੇ।

ਹੇਠਲੇ ਹਾਲ ਦੇ ਥੋੜ੍ਹੇ ਕੁ ਰਹਿ ਗਏ ਖੁਲ੍ਹੇ ਬੂਹੇ 'ਚੋਂ ਮੈਂ ਵੇਖ ਲਿਆ। ਅੰਦਰ ਕੋਈ ਕਾਰੋਬਾਰੀ ਮੀਟਿੰਗ ਹੈ। ਅੰਦਰ ਸੇਠ ਸੁਰੰਮ੍ਰਿਤ ਸਿੰਘ ਬੈਂਕੋਕ, ਸੇਠ ਤ੍ਰਲੋਕ ਸਿੰਘ, ਸ. ਹਰਵਿੰਦਰ ਸਿੰਘ ਹੰਸਪਾਲ ਤੇ ਸ. ਮਨਚੰਦਾ ਬੈਠੇ ਹੋਏ ਸਨ। ਸ੍ਰੀ ਸਤਿਗੁਰੂ ਜੀ ਭੀ ਟੈਲੀਫੋਨ ਛਡ ਕੇ ਅੰਦਰ ਚਲੇ ਗਏ। ਬਾਹਰ, ਮੈਂ ਤਰਸੇਮ ਸਿੰਘ ਨੂੰ ਠਾਕਰ ਉਦੈ ਸਿੰਘ ਨਾਲ ਗੱਲ ਸਾਂਝੀ ਕਰਦਿਆਂ ਸੁਣਿਆ : ਇਹ ਤਾਂ ਸਾਰੀਆਂ ਪਾਰਟੀਆਂ ਹੀ ਹਨ - ਇਹਨਾਂ ਵਿਚ ਨਿਰਣਾਇਕ ਤਾਂ ਕੋਈ ਵੀ ਨਹੀਂ, ਗੱਲ ਕਿਵੇਂ ਮੁੱਕੂ! ਅਤੇ ਸ਼ਾਮੀ ਦਿਵਾਨ ਵਿਚ ਜਦੋਂ ਮੈਂ ਤਰਸੇਮ ਸਿੰਘ ਤੋਂ ਇਸ ਮੀਟਿੰਗ ਬਾਰੇ ਸਪਸ਼ਟਤਾ ਚਾਹੀ ਤਾਂ ਉਸ ਦੱਸਿਆ : ਮਸਲਾ ਗੁੜਗਾਵਾਂ ਫਾਰਮ ਦੇ ਲੈਣ ਦੇਣ ਦਾ ਹੈ। ਸੁਰੰਮ੍ਰਿਤ ਸਿੰਘ ਤਾਂ ਇਸ ਲੈਣ-ਦੇਣ ਕਾਰਨ ਉੱਠ ਹੀ ਚੱਲਿਆ ਸੀ। ਸਤਿਗੁਰੂ ਜੀ ਬਚਨ ਕੀਤਾ ਘਾਟਾ ਜਰ ਕੇ ਵੀ ਸੁਰੰਮ੍ਰਿਤ ਨੂੰ ਜਾਣ ਨਹੀਂ ਦੇਣਾ।

ਸ੍ਰੀ ਸਤਿਗੁਰੂ ਜੀ ਅਤੇ ਨਾਲ ਦੇ ਜਥੇ ਦਾ ਜਲ ਪਾਣੀ ਸੰਤ ਸਾਧਾ ਸਿੰਘ ਰਮੇਸ਼ ਨਗਰ ਵਲ ਹੋਇਆ। ਸਤਿਗੁਰੂ ਜੀ ਏਥੋਂ ਹੀ 5 ਵਜੇ ਨਾਮ ਸਿਮਰਨ ਵਾਸਤੇ ਧਰਮਸ਼ਾਲਾ ਪਧਾਰੇ ਜਿਥੇ ਸੈਂਕੜੇ ਨਰ ਨਾਰ ਆਪ ਜੀ ਦੀ ਇੰਤਜ਼ਾਰ ਵਿਚ ਸਨ।

ਨਾਮ ਸਿਮਰਨ ਦੀ ਸਮਾਪਤੀ ਸਮੇਂ ਇਕ ਪਾਠ ਦਾ ਭੋਗ ਪਿਆ। ਸੰਤ ਹੀਰਾ ਸਿੰਘ ਸਾਹਿਬਪੁਰਾ ਨੇ ਆਪਣੀ ਮਾਤਾ ਪਿਆਰ ਕੌਰ ਨਮਿਤ ਇਹ ਭੋਗ ਪੁਆਇਆ ਸੀ। ਇਸ ਅਵਸਰ ਤੇ ਪਰਵਾਰ ਨੇ ਮਾਇਆ, ਬਸਤਰ, ਬਿਸਤਰ, ਬਰਤਨ ਵੀ ਭੇਟ ਕੀਤੇ।

ਦਿਵਾਨ ਵਿਚ ਸ. ਸੰਤ ਸਿੰਘ, ਬਿਅੰਤ ਕੌਰ, ਸ. ਗੁਰਦਰਸ਼ਨ ਸਿੰਘ ਡਿਪਟੀ ਜਨਰਲ ਮੈਨੇਜਰ ਭਾਰਤ ਹੈਵੀਇਲੈਕਟ੍ਰੀਕਲਜ਼ ਲਿਮਟਿਡ ਨੂੰ ਸਮੇਤ ਪਤਨੀ ਲੈ ਕੇ



Sri Satguru Jagjit Singh Ji Elibrary NamdhariElibrary@gmail.com

ਆਏ। ਸ੍ਰੀ ਸਤਿਗੁਰੂ ਜੀ ਨੇ ਆਦਰ ਨਾਲ ਕੋਲ ਬੈਠਾਇਆ। ਇਹ ਸਰਦਾਰ ਜੀ ਸ. ਲਹਿਣਾ ਸਿੰਘ ਘਰਜਾਖੀਏ ਦੀ ਅੰਸ ਬੰਸ ਵਿਚੋਂ ਹਨ। ਬੀਬੀ ਬੇਅੰਤ ਆਪਣੀਆਂ ਨੂੰਹਾਂ ਪੁੱਤਰਾਂ ਨਾਲ ਗੁਰੂ ਕੇ ਚਰਨਾਂ ਵਿਚ ਹਾਜ਼ਰ ਹੋਈ।

6 ਵਜੇ ਕੀਰਤਨ ਦੀ ਅਰਦਾਸ ਹੋ ਗਈ।

## 4 ਨਵੰਬਰ1985, ਸੋਮਵਾਰ
## ਨਵੀਂ ਦਿੱਲੀ

ਆਸਾ ਦੀ ਵਾਰ ਦਾ ਅੱਜ ਦਾ ਆਯੋਜਨ ਦਿੱਲੀਓਂ ਹਿਸਾਰ ਰੋਡ ਤੇ 33 ਕਿ.ਮੀ. ਦੇ ਫਾਸਲੇ ਤੇ ਬਹਾਦਰਗੜ੍ਹ ਸੀ। ਕਲ ਸ਼ਾਮੀ ਸੰਗਤ ਨੂੰ ਸੂਚਨਾ ਕਰ ਦਿਤੀ ਗਈ ਸੀ। ਸੰਤ ਮਹਿੰਦਰ ਸਿੰਘ ਪੂਰਨ ਕੌਰ ਕੀ ਜੋੜੀ ਡਾਢੀ ਗੁਰੂ ਸਨੇਹੀ ਹੈ। ਸਾਧ ਸੰਗਤ ਦੀ ਸੇਵਾ ਦਾ ਜਿਥੇ ਵੀ ਅਵਸਰ ਮਿਲੇ ਦੋਨੋਂ ਜੀ ਹਾਜ਼ਰ। ਬੀਬੀ ਪੂਰਨ ਤਾਂ ਪੂਸਾ ਰੋਡ ਕੋਠੀ ਪਹੁੰਚ ਅਨੇਕਾਂ ਵਾਰ ਲੰਗਰ ਦੀ ਸੇਵਾ ਕਰਦੀ ਹੈ। ਸੰਤ ਮਹਿੰਦਰ ਸਿੰਘ ਹੁਰੀਂ ਮੇਲਿਆਂ ਹੋਲਿਆਂ ਵਿਚ ਅਖੰਡ ਪਾਠਾਂ ਵਿਚ ਸ਼ਾਮਲ ਹੋ ਸੇਵਾ ਲਾਭ ਲੈਂਦੇ ਹਨ। ਅਤੇ ਇਸ ਤੋਂ ਇਲਾਵਾ ਸਾਲ ਵਿਚ ਇਕ ਦੋ ਅਵਸਰ ਬਣਾ ਹੀ ਲੈਂਦੇ ਹਨ ਜਦੋਂ ਸ੍ਰੀ ਸਤਿਗੁਰੂ ਜੀ ਤੇ ਨਾਲ ਦੇ ਜਥੇ, ਅਤੇ ਲੋਕਲ ਸੰਗਤ ਦੇ ਚਰਨ ਪੁਆਂਦੇ ਪ੍ਰਸ਼ਾਦ ਛਕਾਂਦੇ ਹਨ।

ਇਸ ਵਾਰ ਇਹਨਾਂ ਅਖੰਡ ਪਾਠ ਰਖਵਾਇਆ ਹੋਇਆ ਸੀ ਜਿਸਦਾ ਅੱਜ ਭੋਗ ਪੈਣਾ ਸੀ। ਭਾਵੇਂ ਦਿੱਲੀਓਂ ਆਮ ਸੰਗਤ ਤਾਂ ਨਹੀਂ ਜਾ ਸਕੀ ਪਰ ਕਾਰਾਂ ਮੋਟਰਾਂ ਵਾਲੇ ਪ੍ਰੇਮੀ ਬਹਾਦਰਗੜ੍ਹ ਪਹੁੰਚ ਹੀ ਗਏ। ਸੰਤਾਂ ਦਾ ਲੜਕਾ ਜਸਬੀਰ ਸਿੰਘ ਵੀ ਸਾਧ ਸੰਗਤ ਅਤੇ ਸਤਿਗੁਰੂ ਜੀ ਦਾ ਸੇਵਕ ਹੈ।

ਪ੍ਰਸ਼ਾਦ ਪਾਣੀ ਬਹਾਦਰਗੜ੍ਹ ਤੋਂ ਹੀ ਲੈ ਆਂਦਾ ਗਿਆ ਜੁ ਦੀਨ ਦਿਆਲ ਜੀ ਨੂੰ ਪੂਸਾ ਰੋਡ ਕੋਠੀ ਵਿਖੇ ਛਕਾਇਆ ਗਿਆ। ਮੇਰੀ ਪਹੁੰਚ 10.30 ਵਜੇ ਹੋਈ। ਇਸ ਮੌਕੇ ਤੇ ਸੱਚੇ ਪਾਤਸ਼ਾਹ ਪ੍ਰਸ਼ਾਦ ਛਕ ਰਹੇ ਸਨ। ਆਰਾਮ ਕਰਨ ਜਾਣ ਤੋਂ ਪਹਿਲੋਂ ਮੈਨੂੰ ਨਮਸਕਾਰ ਕਰਨ ਦਾ ਸੁਅਵਸਰ ਮਿਲ ਗਿਆ।

ਅੱਜ ਕੋਠੀ ਵਿਚ ਸੰਪੂਰਨ ਸ਼ਾਂਤੀ ਅਤੇ ਇਕਾਂਤ ਹੈ। ਬਿਨਾ ਹਜ਼ੂਰੀ ਸੇਵਕਾਂ ਅਤੇ ਅੰਗ ਰਖਿਅਕਾਂ ਤੋਂ ਕੋਈ ਕਿਧਰੇ ਨਜ਼ਰ ਨਹੀਂ ਪਿਆ। ਮੈਂ ਭੀ ਵਿਘਨ ਨਹੀਂ ਪਾਇਆ। ਅਡੋਲ ਹੇਠਾਂ ਲਹਿ ਆਇਆ।

ਦੁਬਾਰਾ ਉੱਪਰ ਗਿਆ ਘੰਟੇ ਕੁ ਪਿਛੋਂ ਤਾਂ ਸ. ਜਗਤਾਰ ਸਿੰਘ ਮਿਲ ਪਏ। ਅੱਜ ਖਾਂਸੀ ਤੇ ਜ਼ੁਕਾਮ ਨਾਲ ਅਸਵਸਥ ਜਿਹੇ ਸਨ। ਇਨ੍ਹਾਂ ਤੋਂ ਤਿੰਨ ਗੱਲਾਂ ਦੀ ਜਾਣਕਾਰੀ ਮਿਲੀ :



Sri Satguru Jagjit Singh Ji Elibrary NamdhariElibrary@gmail.com

1. ਸ. ਜਗਤਾਰ ਸਿੰਘ ਬੀਬਾ ਜੀ ਦੇ ਨਾਂ ਤੇ ਜੋ ਸੰਤ ਨਗਰ (ਦੱਖਣੀ ਦਿੱਲੀ) ਗੈਸ ਸਿਲੰਡਰਾਂ ਦਾ ਪਰਮਿਟ ਲਿਆ ਸੀ, ਉਹ ਮੁਢ ਵਿਚ ਘਾਟੇ ਦਾ ਹੀ ਸੌਦਾ ਸੀ। ਸ. ਸੁਰਿੰਦਰ ਸਿੰਘ ਉਹਦਾ ਮੁੰਤਜ਼ਿਮ ਸੀ ਤੇ ਉਹਦਾ ਧਿਆਨ ਏਨਾ ਕੁ ਹੀ ਸੀ ਕਿ ਓਥੇ ਦੁਕਾਨ ਵਗੈਰਾ ਤੇ ਨੌਕਰ ਚਾਕਰ ਹੈਗੇ ਸਨ ਪਰ ਪੈਸਾ ਕੋਈ ਨਹੀਂ ਸੀ ਬਚਦਾ। ਕੋਲੋਂ ਪਾ ਕੇ ਜਾਨ ਛੁਟਦੀ ਸੀ।

ਸੰਤ ਮਹਿੰਦਰ ਸਿੰਘ ਬਾਲੀ ਨਗਰ ਇਸ ਖੇਤਰ ਵਿਚ ਸਹਾਇਕ ਹੋਏ। ਉਨ੍ਹਾਂ ਨੇ ਪਰਮਿਟ ਦੀ ਕੀਮਤ 3 ਲੱਖ ਰੁਪਏ ਪਾ ਕੇ, ਅੱਧੀ ਰਕਮ ਸ੍ਰ: ਜਗਤਾਰ ਸਿੰਘ ਨੂੰ ਦੇਣੀ ਸੀ, ਇਸੇ ਰਕਮ ਨਾਲ ਦੁਕਾਨ ਅਤੇ ਸਟੋਰ ਸੰਤ ਨਗਰ ਵਿਖੇ ਖਰੀਦ ਲਏ ਅਤੇ ਪੂਰੀ ਡਿਊਟੀ ਗੈਸ ਸਿਲੰਡਰਾਂ ਦੀ ਦੁਕਾਨ ਤੇ ਦੇ ਕੇ ਕਾਰੋਬਾਰ ਮੁਨਾਫ਼ੇਯੋਗ ਕਰ ਦਿਤਾ। ਸਰਕਾਰ ਵਲੋਂ ਜੋ ਗੈਸ ਕੁਨੈਕਸ਼ਨ ਮਿਲਦੇ ਹਨ ਉਨ੍ਹਾਂ ਦੀ ਵੀ ਸਹੀ ਵਰਤੋਂ ਹੁੰਦੀ ਹੈ। ਕਿਸੇ ਤੋਂ ਵੀ ਬਲੈਕ ਦਾ ਪੈਸਾ ਨਹੀਂ ਲਿਆ ਜਾਂਦਾ। ਸੰਤ ਮਹਿੰਦਰ ਸਿੰਘ ਦੀ ਮਿਹਨਤ ਤੇ ਇਮਾਨਦਾਰੀ ਦੀ ਸ. ਜਗਤਾਰ ਸਿੰਘ ਨੇ ਖੁਲ੍ਹੇ ਦਿਲ ਪ੍ਰਸੰਸਾ ਕੀਤੀ।

2. ਅੱਜ ਜਗਤਾਰ ਸਿੰਘ ਸ੍ਰੀ ਸਤਿਗੁਰੂ ਜੀ ਦਾ ਉਠਣਾ ਉਡੀਕ ਰਹੇ ਸਨ। ਉਨ੍ਹਾਂ ਦੱਸਿਆ : ਸੰਤ ਪਿਆਰਾ ਸਿੰਘ ਸਚਦੇਵ, ਪਵਿਤਰ ਕੌਰ ਬੈਂਕੋਕ ਵਾਲਿਆਂ ਦਾ ਉੱਤਮ ਨਗਰ (ਪੱਛਮੀ ਦਿੱਲੀ) ਵਿਖੇ ਇਕ ਪਲਾਟ ਸੀ, ਜਿਹੜਾ ਉਹਨਾਂ ਬੀਬਾ ਜੀ ਦੇ ਵਿਆਹ ਉਪ੍ਰੰਤ ਉਨ੍ਹਾਂ ਨੂੰ ਭੇਟਾ ਕਰਨਾ ਸੀ, ਇਹ ਵਿਚਾਰ ਖਰੀਦ ਸਮੇਂ ਹੀ ਬਣਾ ਲਿਆ ਗਿਆ ਸੀ।

ਸੰਤ ਪਿਆਰਾ ਸਿੰਘ ਸਚਦੇਵ ਤਾਂ ਮੇਰੇ ਵਿਆਹ ਤੋਂ ਵੀ ਸਾਲ ਖੰਡ ਪਹਿਲਾਂ ਪੂਰੇ ਹੋ ਗਏ। ਸਚਦੇਵ ਜੀ ਦੇ ਸੁਪੁਤ੍ਰਾਂ ਨੇ ਉਹ ਕਾਗਜ਼ਾਤ ਆਪਣੀ ਮਾਤਾ ਜੀ ਦੇ ਹਵਾਲੇ ਕਰ ਦਿਤੇ। ਪਿਛਲੇ ਸਾਲ ਬੀਬੀ ਜੀ ਦੀ ਨੁਮਾਇੰਦਗੀ ਕਰਦਿਆਂ ਉੱਤਮ ਨਗਰ ਪਲਾਟ ਦੇ ਕਾਗਜ਼ਾਤ ਸ੍ਰੀ ਸਤਿਗੁਰੂ ਜੀ ਦੇ ਹਵਾਲੇ ਕਰ ਦਿਤੇ ਗਏ ਕਿ ਇਹ ਪਲਾਟ ਉਹਨਾਂ ਦੇ ਮਾਤਾ-ਪਿਤਾ ਵਲੋਂ ਬੀਬਾ ਸਾਹਿਬ ਕੌਰ ਜੀ ਦੇ ਵਾਸਤੇ ਹੈ, ਆਪ ਆਪਣੀ ਰਜ਼ਾ ਅਨੁਸਾਰ ਜਿਵੇਂ ਚਾਹੋ ਵਰਤੋਂ।

ਸਾਨੂੰ ਦਸਿਆ ਗਿਆ ਕਿ ਇਸ ਵੇਲੇ ਉਸ ਪਲਾਟ ਦੀ ਕੀਮਤ 80,000 ਰੁਪਏ ਹੈ ਪਰ ਤੁਹਾਨੂੰ 20,000 ਰੁਪਏ ਹੋਰ ਵਾਧੂ ਦੇਣ ਤੇ ਹੀ ਮਿਲੇਗਾ। ਅਸਾਂ 80,000 ਰੁ: ਰਕਮ ਤਾਂ ਪਹਿਲਾਂ ਹੀ ਸਤਿਗੁਰੂ ਜੀ ਦੀ ਸੇਵਾ ਵਿਚ ਕੋਈ ਮਕਾਨ ਖਰੀਦ ਦੇਣ ਲਈ ਦਿਤੀ ਹੋਈ ਸੀ, 20,000 ਰੁ: ਆਪਣੀ ਹਰੀ ਗੱਡੀ ਵੇਚ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਰਖ ਦਿਤੀ। ਹੁਣ ਸਾਡੇ ਪਲਾਟ ਦੇ ਕਾਗਜ਼ ਮਿਲਣੇ ਦੁਸ਼ਵਾਰ ਹੋ ਗਏ। ਕਿਤੇ ਰਖੇ ਗਏ ਸਨ। ਮਾਤਾ ਜੀ ਨੇ ਵੀ ਦੋ ਚਾਰ ਵਾਰ ਆਖਿਆ, ਅਸਾਂ ਵੀ ਕਿਹਾ। ਸਤਿਗੁਰੂ ਜੀ ਦੇ ਇਕ ਦੋ ਵਾਰ ਪੁਛਣ ਤੇ ਹੁਣ ਉਹ ਕਾਗਜ਼ ਮਿਲੇ ਹਨ।

ਉਂਜ ਵੀ ਜਦੋਂ ਸੰਤ ਦਿਆਲ ਸਿੰਘ ਮਾਹੂਵਾਲ ਨੂੰ ਭੇਜਕੇ ਪਲਾਟ ਦਾ ਪਤਾ ਕੀਤਾ ਤਾਂ ਉਹ ਦੋ ਤਿੰਨ ਵਾਰ ਜਾਅਲੀ ਤੌਰ 'ਤੇ ਵਿਕ ਚੁਕਾ ਸੀ। ਉਸਤੇ ਬਾਉਂਡਰੀ ਵੀ



Sri Satguru Jagjit Singh Ji Elibrary NamdhariElibrary@gmail.com

ਵਲੀ ਗਈ ਸੀ। ਦਿਆਲ ਸਿੰਘ ਦੀ ਪੁਛਗਿਛ ਸਮੇਂ ਪ੍ਰਾਪਰਟੀ ਏਜੈਂਟ ਵੀ ਆ ਗਿਆ। ਉਸ ਨੇ ਆਖਿਆ : ਗੱਲ ਕਰੋ, ਵਿਕਵਾ ਦਿਆਂ? ਤੇ ਅਸਾਂ ਫੈਸਲਾ ਕਰ ਲਿਆ ਹੈ ਉਸਦਾ ਵਿਕਣਾ ਹੀ ਭਲਾ ਹੈ। ਅਸਾਂ ਦਿੱਲੀ ਵਿਚ ਥਾਂ ਤਾਂ ਬਣਾਣੀ ਹੈ ਪਰ ਕਿਸੇ ਸਾਵੀਂ ਆਬਾਦੀ ਤੇ ਮੁਨਾਸਬ ਜਗਹ। ਹੁਣ ਸਤਿਗੁਰੂ ਜੀ ਦੀ ਉਡੀਕ ਕਰ ਰਿਹਾ ਹਾਂ ਕਿ ਬਲਦੇਵ ਸਿੰਘ ਚਾਨਾ ਦੇ ਪਿਤਾ ਸੰਤ ਰਤਨ ਸਿੰਘ ਨੂੰ ਉਸਦੀ ਵਿਕਰੀ ਲਈ ਕਾਗਜ਼ ਦਿਤੇ ਜਾਣ।

3. ਸਾਡੀ ਗੱਲਬਾਤ ਵਿਚ ਮੇਰੀ ਪੁੱਛ ਵੀ ਆ ਗਈ ਕਿ ਕੱਲ ਹੋਈ ਖੁਫ਼ੀਆ ਮੀਟਿੰਗ, ਜਿਸ ਵਿਚ ਪ੍ਰਮੁਖ ਕਾਰੋਬਾਰੀ ਸ਼ਾਮਲ ਹੋਏ ਕੀ ਸਿੱਟੇ ਨਿਕਲੇ। ਸ਼ੇਰ ਸਿੰਘ ਚਾਵਲਾ ਅਨੁਸਾਰ ਮੈਨੂੰ ਜਗਤਾਰ ਸਿੰਘ ਜੀ ਨੇ ਦਸਿਆ। ਸੁਰੰਮ੍ਰਿਤ ਸਿੰਘ ਨਾਲ ਤਾਂ ਲੇਖਾ ਨਿਬੜ ਗਿਆ ਹੈ। ਉਸਨੇ ਅੱਧਾ ਫਾਰਮ ਵੰਡਾ ਲਿਆ ਹੈ। ਪਰ ਸੇਠ ਜੀ ਬੈਂਕ ਦੇ ਕਰਜ਼ਾਈ ਹਨ, ਉਹਨਾਂ ਨੂੰ ਰਕਮ ਲੋੜੀਂਦੀ ਹੈ, ਇਹ ਕਦੋਂ ਤੇ ਕਿਵੇਂ ਮਿਲੇ, ਇਹ ਤਾਂ ਸਤਿਗੁਰੂ ਹੀ ਜਾਣੇ।

ਏਨੇ ਨੂੰ ਬਲਦੇਵ ਸਿੰਘ ਸੇਵਕ ਅੰਦਰ ਆ ਗਿਆ। ਜਗਤਾਰ ਸਿੰਘ ਨੇ ਜਾਂ ਸਤਿਗੁਰ ਜੀ ਬਾਰੇ ਪੁਛਿਆ ਤਾਂ ਉਸ ਕਿਹਾ ਅੱਧਾ ਘੰਟਾ ਹੋਰ ਬਿਰਾਜਣਗੇ। ਉਸ ਵੇਲੇ 1 ਵਜੇ ਦਾ ਵਕਤ ਸੀ। ਦੋ ਮਿੰਟ ਬਾਅਦ ਸ੍ਰੀ ਸਤਿਗੁਰੂ ਜੀ ਸੀਸ ਤੇ ਜੀਵਨ ਨਗਰੀਆਂ ਵਾਂਗੂੰ ਦਸਤਾਰ ਵਲ੍ਹੇਟੀ, ਨੰਗੀਂ ਲੱਤੀਂ, ਸਲੀਪਰ ਪਹਿਨੀਂ ਬੂਹੇ ਵਿਚ ਆ ਖਲੋਤੇ। ਮੈਂ ਉਠ ਕੇ ਆਖਿਆ : ਆਪ ਜੀ ਨੇ ਤਾਂ ਅੱਜ ਜੀਵਨ ਨਗਰ ਅਰਥਾਤ ਆਪਣੇ ਇਲਾਕੇ ਵਾਲਿਆਂ ਵਾਂਗ ਦਸਤਾਰ ਸਜਾਈ ਹੈ। ਮੁਸਕ੍ਰਾ ਪਏ ਅਤੇ ਜਗਤਾਰ ਸਿੰਘ ਨੇ ਉਠ ਕੇ ਆਪਣੀ ਅਰਜ਼ ਕਰ ਦਿਤੀ।

ਸ੍ਰੀ ਸਤਿਗੁਰੂ ਜੀ ਤੋਂ ਹੀ ਪਤਾ ਲੱਗਾ ਕਿ ਅੱਜ ਸੰਤ ਪਿਆਰਾ ਸਿੰਘ ਨਮਿਤ 2.30 ਵਜੇ ਭੋਗ ਪੈਣਾ ਹੈ, ਦੋ ਵਜੇ ਨਾਮ ਸਿਮਰਨ ਵੀ ਉਥੇ ਹੋਵੇਗਾ, ਸੋ ਮੈਂ ਘਰ ਨੂੰ ਚਲਾ ਆਇਆ।

2.20 ਤਕ ਅਸੀਂ ਦੋਵੇਂ ਜੀ ਪੈਦਲ ਰਾਜੌਰੀਓਂ ਚਲ ਕੇ ਨਾਮਧਾਰੀ ਕਾਲੋਨੀ ਸ. ਪਿਆਰਾ ਸਿੰਘ ਦੇ ਘਰ ਪਹੁੰਚ ਗਏ। ਸੜਕ ਵਿਚ ਲਗੀਆਂ ਚਾਨਣੀਆਂ, ਕਨਾਤਾਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਭਾਸ਼ਣ, ਸਾਧ ਸੰਗਤ ਦੀ ਚੰਗੀ ਇਕਤਰਤਾ ਨੇ ਸਪਸ਼ਟ ਕਰ ਦਿਤਾ ਕਿ ਸ੍ਰੀ ਸਤਿਗੁਰੂ ਜੀ ਏਥੇ ਦਰਸ਼ਨ ਦੇ ਰਹੇ ਹਨ। ਨਾਮ ਸਿਮਰਨ ਸਮੇਂ ਹੀ ਸਾਧਾਰਨ ਪਾਠ ਦਾ ਭੋਗ ਪੈ ਗਿਆ। ਪਿਆਰਾ ਸਿੰਘ ਦੀ ਵਿਧਵਾ ਅਧੇੜ ਉਮਰ ਦੀ ਖੂਬਸੂਰਤ ਇਸਤਰੀ ਗਹਿਰੇ ਗ਼ਮ ਵਿਚ ਡੂਬੀ ਸਤਿਗੁਰੂ ਜੀ ਦੇ ਸਨਮੁਖ ਹੀ ਬੈਠੀ ਸੀ। ਇਕ ਪਾਸੇ ਇਸਤਰੀਆਂ ਦੂਜੇ ਪਾਸੇ ਪੁਰਸ਼। ਅਰਦਾਸ ਉਪਰੰਤ, ਬੀਬੀ ਦੀ ਮਾਂ ਇਕ ਮਨੁਖ ਨਾਲ ਸਤਿਗੁਰੂ ਜੀ ਦੀ ਸੇਵਾ ਵਿਚ ਖਿਮਾ ਯਾਚਨਾ ਕਰਨ ਆਈ : ਗ਼ਲਤੀ ਹੋ ਗਈ ਹੈ ਜੀ, ਅਸੀਂ ਰੰਗਦਾਰ ਪੱਗ ਲੈ ਆਏ। ਸਾਨੂੰ ਮਾਫ਼ ਕਰਨਾ ਜੀ। ਪਤਾ ਨਹੀਂ ਸੀ।



Sri Satguru Jagjit Singh Ji Elibrary NamdhariElibrary@gmail.com

ਸੋ ਦਸਤਾਰਬੰਦੀ ਤਾਂ ਭਾਈਚਾਰਕ ਹੋਈ। ਸ. ਹੰਸਪਾਲ ਜੀ ਆਦਿ ਨਾਲ ਸੱਚੇ ਪਾਤਸ਼ਾਹ ਜੀ ਨੇ ਘਰ ਚਰਨ ਪਾ ਕੇ ਫੇਰ ਸੰਤ ਕਿਹਰ ਸਿੰਘ ਜੀ ਦੇ ਘਰ ਵੀ ਚਰਨ ਪਾਏ। ਉਹ ਵੀ ਤਿਨ ਮਹੀਨੇ ਹੋਏ ਪੂਰੇ ਹੋ ਚੁਕੇ ਹਨ। ਪਿਆਰਾ ਸਿੰਘ ਦੇ ਵਡੇ ਭਾਈ ਸਨ।

ਦਿਵਾਨ ਦਾ ਆਯੋਜਨ ਗੁਰਦੁਆਰੇ ਵਿਖੇ ਹੋਇਆ।

ਸੰਤ ਸੇਵਾ ਸਿੰਘ ਜਥੇਦਾਰ ਦਾ ਕੀਰਤਨ ਜਾਰੀ ਸੀ। "ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ" ਦੀ ਟੇਕ ਤੇ ਵਿਆਖਿਆ ਕਰਦਿਆਂ ਉਨ੍ਹਾਂ ਕਿਹਾ ਕਬੀਰ ਜੀ ਦੀ ਆਯੂ 120 ਸਾਲ ਸੀ ਤੇ ਉਨ੍ਹਾਂ ਨੇ ਉਸਦਾ ਜਨਮ ਤੇ ਮਰਨ ਸੰਮਤ ਦੱਸਿਆ। ਇਹ ਡੀਟੇਲ ਸੁਣ ਕੇ ਮੈਂ ਸ੍ਰੀ ਸਤਿਗੁਰੂ ਜੀ ਨੂੰ ਸੁਣਾ ਕੇ ਉੱਚੀ ਸਾਰੀ ਆਖਿਆ : ਕੇਵਲ ਪੰਡਿਤ (ਗੋਪਾਲ ਸਿੰਘ) ਜੀ ਹੀ ਥਿੱਤ ਵਾਰ ਦਾ ਪਤਾ ਨਹੀਂ ਦਿੰਦੇ, ਸੇਵਾ ਸਿੰਘ ਜੀ ਵੀ ਧਿਆਨ ਰਖਦੇ ਹਨ।

ਸੱਚੇ ਪਾਤਸ਼ਾਹ ਜੀ ਨੇ ਬੋਲਣਾ ਨਹੀਂ ਸੀ, ਆਪਣਾ ਨਿਤਨੇਮ ਕਰ ਰਹੇ ਸਨ।

ਥੋੜ੍ਹੇ ਚਿਰ ਬਾਦ ਇਕ ਰੁੱਕਾ ਲਿਖਿਆ ਸਕੱਤਰ ਨੂੰ ਵਖਾਇਆ ਗਿਆ : ਚਿੱਤਰ ਗੁਪਤ ੧ ਹੀ ਹੈ ਜਾਂ ਦੋ ਦੋ ਨੇ? (ਜਥੇਦਾਰ ਜੀ ਦੀ ਵਿਆਖਿਆ ਚੋਂ ਇਹ ਸਵਾਲ ਉਭਰਿਆ ਸੀ। ਹੰਸਪਾਲ ਜੀ ਸਕੱਤਰ ਸਾਹਿਬ ਹੀ ਕੋਲ ਸਨ - ਸਣੇ ਮੇਰੇ ਸਾਰੇ ਚੁੱਪ ਸਨ। ਸਤਿਗੁਰੂ ਜੀ ਨੇ ਦੂਜੀ ਵਾਰ ਲਿਖਿਆ। ਏਸੇ ਲਈ ਜੀ ਕਰਦਾ ਹੈ ਕਿ ਪੰਡਤ ਜੀ ਦਿਵਾਨ ਵਿਚ ਦਿਸਦੇ ਰਹਿਣ।)

ਹੰਸਪਾਲ ਜੀ : ਆਪ ਜੀ ਦੀ ਕਿਰਪਾ ਨਾਲ ਹੀ ਉਹਨਾਂ ਨੂੰ ਪਤਾ ਹੈ ਕਿ ਚਿਤ੍ਰ ਗੁਪਤ ਕਿੰਨੇ ਹਨ?

ਸਕੱਤਰ : ਉਹਨਾਂ ਕਿਹੜਾ ਕੋਲ ਜਾ ਕੇ ਵੇਖਿਆ ਹੈ ਚਿਤ੍ਰ ਗੁਪਤ ਇਕ ਹੈ ਜਾਂ ਦੋ?

ਮੈਂ ਕਿਹਾ : ਇਹ ਉੱਤਰ ਕੇਵਲ ਮੇਰੇ ਲਈ ਹੈ ਕਿ ਪੰਡਿਤ ਜੀ ਦੀ ਸਿਖ ਅਤੇ ਭਾਰਤੀ ਕਲਚਰ ਦੀ ਜਾਣਕਾਰੀ ਹੋਣ ਕਰਕੇ ਤੁਰੰਤ ਉਤਰ ਦੇ ਸਕਦੇ ਹਨ। ਇਹ ਪੰਡਿਤ ਜੀ ਦੀ ਤਰਫ਼ਦਾਰੀ ਸਿਰਫ਼ ਮੇਰੀ ਛੇੜ ਤੋਂ ਹੀ ਸੀ। ਇਸ ਵੇਲੇ ਹੋਰ ਸੰਦਰਭ ਕੋਈ ਨਹੀਂ ਸੀ।

ਪਰ ਸ੍ਰੀ ਸਤਿਗੁਰੂ ਜੀ ਦੇ ਸ਼ਬਦ ਪੰਡਿਤ ਜੀ ਪ੍ਰਤੀ ਭਾਵਨਾ ਦਾ ਪਤਾ ਦਿੰਦੇ ਸਨ।

4 ਵਜੇ ਦਿਵਾਨ ਸਮਾਪਤੀ ਦੀ ਅਰਦਾਸ ਹੋ ਗਈ।

ਬਲਜੀਤ ਸਿੰਘ ਤਾਰ ਸ਼ਹਿਨਾਈ ਨੂੰ ਸੱਚੇ ਪਾਤਸ਼ਾਹ ਜੀ ਨੇ ਕੋਲ ਬੁਲਾ ਕੇ ਬਚਨ ਕੀਤਾ : 6.15 ਵਜੇ ਸਾਰੇ ਜਣੇ, ਸੁਰ ਸਾਜ਼ਾਂ ਨਾਲ ਤਿਆਰ ਰਹਿਓ। ਮੇਰੇ ਆਇਆਂ ਤੋਂ ਨਾ ਇਕੱਠੇ ਹੋਣਾ ਤੇ ਸਾਜ਼ ਸੁਰ ਕਰਨਾ ਸ਼ੁਰੂ ਕਰਿਓ।

ਸ. ਪਿਆਰਾ ਸਿੰਘ ਨਮਿਤ ਕੜਾਹ ਪ੍ਰਸ਼ਾਦ ਵਰਤਦਿਆਂ ਮੇਲਾ ਵਿਛੜ ਗਿਆ।

ਅਜ ਇਕ ਨਵੀਂ ਸੰਭਾਵਨਾ ਪਰਗਟ ਹੋਈ ਹੈ। ਸੰਤ ਜੀਉਣ ਸਿੰਘ ਕਵੀਸ਼ਰ (ਸਰਸਾ) ਦਾ ਸਾਥੀ ਅਰਵੇਲ ਸਿੰਘ ਸੋਧ ਦਾ ਕੜਾਹ ਪ੍ਰਸ਼ਾਦ ਬਣਾ ਕੇ ਲਿਆ ਭੋਗ ਦੇ



Sri Satguru Jagjit Singh Ji Elibrary NamdhariElibrary@gmail.com

ਸਲੋਕਾਂ ਸਮੇਂ। ਸੰਤ ਦਸਵਿੰਦਰ ਸਿੰਘ ਨੇ ਭੋਗ ਦੇ ਸਲੋਕ ਪੜ੍ਹੇ। ਪਾਸੋਂ ਪ੍ਰਧਾਨ ਸੁਰਿੰਦਰ ਸਿੰਘ ਗੱਲ ਕਰ ਰਿਹਾ ਸੀ ਕਿ 6 ਸਾਲ ਦਸਵਿੰਦਰ ਸਿੰਘ ਨੇ ਗੁਰਦੁਆਰੇ ਗ੍ਰੰਥੀ ਦੀ ਸੇਵਾ ਕੀਤੀ ਹੈ, ਉਸਦੇ ਜ਼ਿੰਮੇ ਕਿਸੇ ਤਰ੍ਹਾਂ ਦਾ ਕੋਈ ਇਲਜ਼ਾਮ ਨਹੀਂ – ਬੋਲ ਬਾਣੀ ਦਾ ਕੁਰਖਤ ਹੈ। ਪਰ ਸੰਤ ਬਲਵੰਤ ਸਿੰਘ ਬਾਲੀ ਨਗਰ ਹੋਰਾਂ ਉਨ੍ਹਾਂ ਦੀ ਖਿਲਾਫ਼ਤ ਕਰ ਕਰ ਕੇ ਹੁਣ ਗੁਰਦੁਆਰੇ ਸੇਵਾ ਲਈ ਕਵੀਸ਼ਰੀ ਜਥੇ ਨੂੰ ਬੁਲਾ ਲਿਆ ਹੈ।

## 5 ਨਵੰਬਰ, 1985, ਮੰਗਲਵਾਰ
## ਨਵੀਂ ਦਿੱਲੀ

ਆਸਾ ਦੀ ਵਾਰ ਦਾ ਆਯੋਜਨ ਗੁਰੂ ਕੀ ਹਜ਼ੂਰੀ ਵਿਚ ਰਮੇਸ਼ ਨਗਰ ਧਰਮਸ਼ਾਲਾ ਵਿਖੇ ਹੋਇਆ।

ਮੈਂ 9.15 ਵਜੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ, ਮਾਨਸਰੋਵਰ ਗਾਰਡਨ, ਇਸ ਦੀ ਪ੍ਰਿੰਸੀਪਲ ਨੂੰ ਮਿਲਣ ਗਿਆ ਤਾਂ ਅਗੇ ਅੱਜ ਇਸ ਸਕੂਲ ਦੀ ਚੌਥੀ ਸਾਲਗਿਰਹ ਦਾ ਅਯੋਜਨ ਸੀ - ਅਸਲੋਂ ਸਾਦਾ, ਜਿਸ ਵਿਚ ਸਕੂਲ ਸਟਾਫ਼ ਅਤੇ ਸਕੂਲ ਦੇ ਬੱਚੇ ਸਨ। ਨਾਲ ਲਗਦਾ, ਏਥੇ ਪ੍ਰਾਈਜ਼ ਡਿਸਟ੍ਰੀਬਿਊਸ਼ਨ ਵੀ ਹੋ ਰਿਹਾ ਸੀ, ਜੁ ਬੱਚਿਆਂ ਨੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਇੰਡੀਆ ਗੇਟ ਦੇ ਸੰਗੀਤ ਮੁਕਾਬਲੇ ਵਿਚ ਭਾਗ ਲਿਆ ਸੀ। ਉਸਦੇ ਜਿੱਤੇ ਮੈਡਲ ਅੱਜ ਬੱਚਿਆਂ ਨੂੰ ਮਿਲਣੇ ਸਨ। ਪ੍ਰਿੰਸੀਪਲ ਬੇਅੰਤ ਕੌਰ ਨੇ ਮੇਰੀ ਬਜ਼ੁਰਗੀ ਨੂੰ ਵੇਖਦਿਆਂ ਇਹ ਅਵਸਰ ਮੈਨੂੰ ਅਦਾ ਕੀਤਾ ਕਿ ਮੈਂ ਬੱਚਿਆਂ ਨੂੰ ਮੈਡਲ ਪਹਿਨਾਵਾਂ।

ਹੇਠ ਲਿਖੇ ਬੱਚਿਆਂ ਨੂੰ ਮੇਰੇ ਦੁਆਰਾ ਮੈਡਲ ਪਹਿਨਾਏ ਗਏ :

1. ਤੇਜਾ ਸਿੰਘ ਸਪੁਤ੍ਰ ਸੰਤ ਤਰਸੇਮ ਸਿੰਘ ਸਕੱਤ੍ਰ, ਜਮਾਤ 7 ਬੀ-1
2. ਲਵਰਿੰਦਰ ਸਿੰਘ, ਜਮਾਤ 5
3. ਰੁਪਿੰਦਰ ਸਿੰਘ-2, ਜਮਾਤ-4
4. ਕਮਲਪ੍ਰੀਤ ਕੌਰ, ਜਮਾਤ 2 ਏ
5. ਜਗਦੇਵ ਸਿੰਘ, ਯੂ.ਕੇ.ਜੀ.ਬੀ.
6. ਹਰਪ੍ਰੀਤ ਕੌਰ, ਜਮਾਤ-2

ਹੇਠ ਲਿਖੇ ਬੱਚਿਆਂ ਨੂੰ ਪਹਿਲਾਂ ਹੀ ਪ੍ਰਿੰਸੀਪਲ ਸਾਹਿਬਾਂ ਵਲੋਂ ਮੈਡਲ ਤਕਸੀਮ ਕੀਤੇ ਗਏ ਸਨ:

1. ਬਲਵੰਤ ਸਿੰਘ, ਜਮਾਤ 5
2. ਸ਼ੇਰ ਸਿੰਘ, ਜਮਾਤ 3
3. ਪ੍ਰਿਤਪਾਲ ਕੌਰ, ਜਮਾਤ 7 ਏ



Sri Satguru Jagjit Singh Ji Elibrary NamdhariElibrary@gmail.com

4. ਸ਼ਿਖਾ ਹਸੀਜਾ, ਜਮਾਤ 7 ਏ

5. ਸਰਬਜੀਤ ਕੌਰ, ਜਮਾਤ 5

6. ਨਰਿੰਦਰ ਸਿੰਘ, ਯੂ ਕੇ ਜੀ ਬੀ

7. ਹਰਪ੍ਰੀਤ ਕੌਰ, ਜਮਾਤ 5

ਇਸ ਗੱਲ ਦਾ ਮੈਨੂੰ ਖਾਸ ਅਨੰਦ ਆਇਆ ਕਿ ਆਪਣੇ ਵਲੋਂ ਮੈਂ ਮੌਕੇ ਤੇ ਉਪਸਥਿਤ ਪ੍ਰਿੰਸੀਪਲ ਦੇ ਪਤੀ ਸ. ਸੰਤ ਸਿੰਘ ਜੀ ਨੂੰ ਮੈਡਲ ਪਹਿਨਾਂਦਿਆਂ ਦੀਆਂ ਤਸਵੀਰਾਂ ਲੁਹਾਈਆਂ - ਪਰ ਬਾਅਦ ਜਾ ਕੇ ਮੈਨੂੰ ਪਤਾ ਲਗਾ ਕੈਮਰਾ ਖਾਲੀ ਹੀ ਸੀ। ਮੇਰੀ ਚੌਧਰ ਵਖਾਣ ਦੀ ਬ੍ਰਿਤੀ ਕੋਈ ਚੋਟ ਨਹੀਂ ਪਹੁੰਚੀ।

10.45 ਵਜੇ ਮੈਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਕੋਠੀ ਪੂਸਾ ਰੋਡ ਪੁੱਜਾ। ਸ੍ਰੀ ਸਤਿਗੁਰੂ ਜੀ ਪ੍ਰਸ਼ਾਦ ਛਕ ਕੇ ਲੰਗਰ ਕਮਰਿਓਂ ਆ ਆਰਾਮ ਕਮਰੇ ਵਿਚ ਜਾਣ ਲੱਗੇ ਤਾਂ ਅਗੇ ਸਾਡਾ ਦਰਸ਼ਨਾਰਥੀਆਂ ਦਾ ਇਕ ਝੁੰਡ ਖਲਾ ਸੀ। ਰਾਜੌਰੀ ਗਾਰਡਨ ਦੇ ਸੰਤ ਜਸਵੰਤ ਸਿੰਘ - ਬੇਅੰਤ ਸਿੰਘ, ਲੁਧਿਆਣੇ ਦੇ ਸ੍ਰੀ ਗੁਰਪਾਲ ਸਿੰਘ ਸਪੁਤ੍ਰ ਸ. ਕਰਤਾਰ ਸਿੰਘ ਲੁਧਿਆਣਾ, ਸੰਤ ਮਨਜਿੰਦਰ ਸਿੰਘ ਲੁਧਿਆਣਾ, ਸ੍ਰੀ ਗੁਰਦੀਪ ਸਿੰਘ ਲੁਹਾਰਾਂ (ਜਲੰਧਰ) ਬੀਬੀ ਸਤਵੰਤ ਕੌਰ ਨੂੰਹ ਸੰਤ ਝੰਡਾ ਸਿੰਘ ਰੋਸ਼ਨ ਆਰਾ ਰੋਡ ਦਿੱਲੀ - ਇਕ ਬੀਬੀ ਹੋਰ ਤੇ ਸਿਖ ਸੇਵਕ। ਅਸਾਂ ਸਭ ਨੇ ਯਥਾਯੋਗ ਭੇਟਾ ਧਰ ਨਮਸਕਾਰ ਕੀਤੀ।

ਸ੍ਰੀ ਸਤਿਗੁਰੂ ਜੀ ਨੇ ਬਿਨਾਂ ਪਜਾਮਿਓਂ ਜਰਾਬਾਂ ਤੇ ਸਲੀਪਰ ਪਹਿਨ ਰਖੇ ਸਨ, ਕੁਰਤਾ ਸੁੱਚਾ ਗਲੇ ਸੀ ਤੇ ਸੁੱਚੀ ਦਸਤਾਰ ਦਾ ਇਕ ਲੜ ਹਰੇ ਕੀਤੇ ਜਾ ਰਹੇ ਕੇਸਾਂ ਉਪਰ। ਸਭ ਤੋਂ ਪਹਿਲਾਂ ਬੀਬੀ ਨੇ ਨਾਲ ਆਈ ਸਹੇਲੀ ਦੀ ਪੁੱਤਰੀ ਵਲ ਤਕ ਕੇ ਅਰਜ਼ ਕੀਤੀ - ਸੱਚੇ ਪਾਤਸ਼ਾਹ, ਇਸ ਲੜਕੀ ਨੂੰ ਤਕਲੀਫ ਹੈ ਸਾਹ ਦੀ, ਕ੍ਰਿਪਾ ਕਰੋ, ਆਰਾਮ ਆਵੇ। ਸਤਿਗੁਰੂ ਜੀ ਨੇ ਡਾ. ਮੂਸਾ ਨੂੰ ਵਖਾਣ ਲਈ ਬਚਨ ਕੀਤਾ।

ਫਿਰ ਹੱਡੀਆਂ ਦੀ ਮੁੱਠ ਬਣਿਆਂ ਗੁਰਦੀਪ ਸਿੰਘ ਹੱਥ ਜੋੜ ਕੇ ਹਾਜ਼ਰ ਹੋਇਆ : ਗਰੀਬ ਨਿਵਾਜ, ਮੇਰੇ ਤੇ ਕਿਰਪਾ ਕਰੋ, ਪੀੜਾਂ, ਦਰਦਾਂ ਤੇ ਪਤਾ ਨਹੀਂ ਕਿੰਨੇ ਕਿੰਨੇ ਰੋਗਾਂ ਦਾ ਗ੍ਰਸਿਆ ਮੇਰਾ ਸਰੀਰ ਹੈ। ਸ੍ਰੀ ਸਤਿਗੁਰੂ ਜੀ ਨੇ ਡਾ. ਮੂਸਾ ਦਾ ਨਾਂ ਲਿਆ।

"ਨਾ ਸੱਚੇ ਪਾਤਸ਼ਾਹ, ਮੈਨੂੰ ਡਾਕਟਰਾਂ ਦੇ ਚੱਕਰ ਵਿਚੋਂ ਕੱਢੋ। ਦਵਾਈਆਂ ਖਾ ਖਾ ਕੇ ਅੱਕ ਗਿਆ ਹਾਂ। ਅਗੇ ਆਪ ਜੀ ਨੇ... ਡਾਕਟਰ ਵਲ ਭੇਜਿਆ ਸੀ, 6 ਮਹੀਨੇ ਦੀਆਂ ਪੁੜੀਆਂ ਨੇ ਵੀ ਕੋਈ ਫ਼ਰਕ ਨਾ ਪਾਇਆ।"

"ਦੱਸਣਾ ਤੇ ਸੀ ਨਾ, ਆਪਾਂ ਹੋਰ ਪ੍ਰਬੰਧ ਕਰ ਲੈਂਦੇ।"

"ਦੀਨ ਦਿਆਲ, ਹੁਣ ਤਾਂ ਉਂ ਹੀ ਕਿਰਪਾ ਕਰੋ, ਡਾਕਟਰਾਂ ਤੋਂ ਬਚਾਓ!"

ਸ੍ਰੀ ਸਤਿਗੁਰੂ ਜੀ ਨੇ 40 ਦਿਨ ਭਜਨ ਭਗੌਤੀਆਂ ਦੀ ਮਾਲਾ ਫੇਰ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਦੇਹ ਅਰੋਗਤਾ ਦੀ ਅਰਦਾਸ ਕਰਨ ਦਾ ਬਚਨ ਕੀਤਾ।

ਫੇਰ ਸੂਬਾ ਰੰਡਾ ਸਿੰਘ ਜੀ ਦਾ ਸਪੁਤ੍ਰ ਸ. ਬੇਅੰਤ ਸਿੰਘ ਹੱਥ ਜੋੜ ਅਗੇ ਹੋਇਆ। ਕਲਫ ਲੱਗੀ ਖੁਲ੍ਹੀ ਦਾੜ੍ਹੀ ਉਹਦੀ ਚੁਗਲੀ ਕਰ ਰਹੀ ਸੀ।



Sri Satguru Jagjit Singh Ji Elibrary NamdhariElibrary@gmail.com

"ਸੱਚੇ ਪਾਤਸ਼ਾਹ, ਆਪ ਨੂੰ ਵਧਾਈ ਹੋਵੇ! ਲੜਕੇ ਘਰ ਲੜਕਾ ਹੋਇਆ ਏ ਤੇ ਇਹ ਆਪ ਜੀ ਦੇ ਬਚਨ ਕਰਕੇ ਹੀ ਹੋਇਆ ਏ।"

ਸਤਿਗੁਰੂ ਜੀ ਟਾਲਿਆ : ਅੱਗੇ ਗੱਲ ਕਰੋ। ਮੁਬਾਰਕ ਤਾਂ ਦੇ ਲਈ।

"ਉਹਦਾ ਨਾਮ ਰਖਣਾ ਏ ਜੀ!"

ਅਜੇ ਮਾਤਾ ਪਿਤਾ ਦਾ ਨਾਮ ਪੁਛਿਆ ਹੀ ਜਾ ਰਿਹਾ ਸੀ ਕਿ ਹੱਥ ਜੋੜ ਕੇ ਖਲੋਤੇ ਗਿਆਨੀ ਜਸਵੰਤ ਸਿੰਘ ਨੇ ਕਿਹਾ : ਸੱਚੇ ਪਾਤਸ਼ਾਹ, ਇੰਜ ਨਾਮ ਨਹੀਂ ਰਖਣਾ। ਘਰ ਚਰਨ ਪਾਉਣੇ ਹਨ। ਜਲ ਪਾਨ ਦਾ ਮੌਕਾ ਦੇਣਾ ਹੈ, ਫਿਰ ਨਾਮ ਰਖਣਾ ਏ।

ਤੇ ਦੀਨ ਦਿਆਲ ਜੀ ਨੇ ਇਹ ਗੱਲ ਆਪਣੇ ਸਕੱਤ੍ਰ ਤਰਸੇਮ ਸਿੰਘ ਨਾਲ ਕਰਨ ਲਈ ਕਿਹਾ ਜਾਣ ਆਉਣ ਦਾ ਵਕਤ ਉਸੇ ਨਿਸ਼ਚਿਤ ਕਰਨਾ ਏ। ਅਜ ਤਾਂ ਪ੍ਰੋਗਰਾਮ ਪਹਿਲਾਂ ਹੀ ਬੜਾ ਪੀਚਵਾਂ ਸੀ।

ਸਤਿਗੁਰੂ ਜੀ ਨੇ ਗਿਆਨੀ ਜੀ ਨੂੰ ਸ. ਅਵਤਾਰ ਸਿੰਘ ਅੰਮ੍ਰਿਤਸਰੀ ਦਾ ਹਾਲ ਪੁੱਛਿਆ ਤੇ ਜ਼ਿਕਰ ਕੀਤਾ : ਡਾ. ਮੂਸਾ ਕਾਫ਼ੀ ਸਿਆਣਾ ਹੈ। ਅਵਤਾਰ ਸਿੰਘ ਵਕਤ ਖੁੰਝਾ ਕੇ ਆਇਆ। ਨਹੀਂ ਤੇ ਅਵਤਾਰ ਵਾਲੀ ਤਕਲੀਫ਼, ਪੱਸਲੀਆਂ 'ਚ ਪਾਣੀ ਪੈਣ ਦੀ... ਇਕ ਸਿੰਘ ਨੂੰ ਸੀ ਉਹ ਮਹੀਨੇ ਭਰ ਦੇ ਇਲਾਜ ਨਾਲ ਠੀਕ ਹੋ ਕੇ ਚਲਾ ਗਿਆ। ਅਵਤਾਰ ਨੇ ਪਹਿਲਾਂ ਡਾਕਟਰੀ ਇਲਾਜ ਕਰਵਾਏ, ਫਿਰ ਇਸ ਆਕੂਪੰਕਚਰਿਸਟ ਪਾਸ ਆਇਆ, ਫਿਰ ਮੋਗਿਓਂ ਦਵਾਈ ਜਾ ਲਈ। ਹੁਣ ਮਨੀਲਾ ਜਾਣਾ ਚਾਹ ਰਿਹਾ ਹੈ।

ਏਥੇ ਕੁ ਜਾ ਕੇ ਗਿਆਨੀ ਜਸਵੰਤ ਸਿੰਘ ਨੇ ਆਪਣੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਸ਼ ਦਾ ਜ਼ਿਕਰ ਕੀਤਾ। ਉਸਦੀਆਂ ਪੱਸਲੀਆਂ ਵਿਚ ਪਾਣੀ ਪੈ ਗਿਆ ਅਤੇ ਇਕ ਫੇਫੜਾ ਤਾਂ ਐਕਸਰੇ ਵਿਚ ਵੀ ਨਜ਼ਰ ਨਾ ਪਿਆ। ਸਤਿਗੁਰੂ ਜੀ ਨੇ ਮਿਹਰ ਦੀ ਨਜ਼ਰ ਕੀਤੀ। ਕੁਛ ਮਾਲਾ ਭਜਨ ਭਗੌਤੀਆਂ ਦੀਆਂ ਦੱਸੀਆਂ, ਉਹ ਨੌਂ ਬਰ ਨੌਂ ਹੋਇਆ, ਅੱਜ ਤਕ ਦਊਂ-ਦਊਂ ਕਰਦਾ ਚਲਾ ਆ ਰਿਹਾ ਹੈ।

ਫਿਰ ਮੈਂ ਵੀ ਵਾਰੀ ਵਾਹ ਲਈ : ਦੀਨ ਦਿਆਲ, ਆਪ ਜੀ ਨੇ ਜੁ ਕਿਰਪਾ ਪੂਰਵਕ ਜ਼ਿਆਦਤੀ ਮੇਰੇ ਨਾਲ ਸ਼ੁਰੂ ਕੀਤੀ ਹੋਈ ਹੈ, ਉਸਦਾ ਇਕ ਅਸਰ ਤਾਂ ਮੈਨੂੰ ਲਭਣ ਲੱਗਾ ਹੈ। ਨਿਰੰਤਰ ਨਾਮ ਜਪਦਿਆਂ ਮੇਰੀ ਯਾਦਦਾਸ਼ਤ ਬਹਾਲ ਹੋ ਰਹੀ ਜਾਪਦੀ ਹੈ।

ਸਤਿਗੁਰੂ ਜੀ ਮੁਸਕਾਏ। ਬਚਨ ਕੀਤਾ : ਅਮਰੀਕਨ ਵਿਗਿਆਨੀਆਂ ਨੇ ਤੱਤ ਕਢਿਆ ਹੈ 'ਡੀਪ ਮੈਡੀਟੇਸ਼ਨ' ਵਿਚ ਬੰਦੇ ਦਾ ਦਿਮਾਗ 95% ਕੰਮ ਕਰਦਾ ਹੈ ਜਦੋਂ ਕਿ ਆਮ ਗੱਲੀ ਬਾਤੀਂ ਪਿਆਂ ਕੇਵਲ 5%

ਅਤੇ ਥੋੜ੍ਹਾ ਚਿਰ ਕੋਸੀ ਕੋਸੀ ਧੁੱਪ ਦਾ ਨਿੱਘ ਮਾਣਦਿਆਂ ਆਪ ਜੀ ਆਰਾਮ ਫ਼ਰਮਾਣ ਲਈ ਆਪਣੇ ਕਮਰੇ ਵਲ ਵਧ ਤੁਰੇ।

ਸ੍ਰੀ ਸਤਿਗੁਰੂ ਜੀ ਤੋਂ ਪਤਾ ਲਗਾ ਕਿ ਡਾ. ਮੂਸਾ ਮੰਤਰ ਸ਼ਕਤੀ ਤੇ ਵੀ ਵਿਸ਼ਵਾਸ ਰਖਦਾ ਹੈ। ਅੱਜ 2 ਵਜੇ ਤੋਂ ਉਸ ਨਾਲ ਬੈਠਣ ਦਾ ਵਿਚਾਰ ਹੈ।



Sri Satguru Jagjit Singh Ji Elibrary NamdhariElibrary@gmail.com

ਰਮੇਸ਼ ਨਗਰੋਂ ਸ. ਸੁਰਿੰਦਰ ਸਿੰਘ ਮਲੂਵਾਲ ਦੇ ਉਦਮ ਨਾਲ, ਉਹਦੇ ਸਹੁਰੇ ਪਰਵਾਰ ਵਿਚ, ਉਸਦੀ ਸਾਲੇਹਾਰ ਬੀਬੀ ਅਮਰ ਕੌਰ ਨਮਿਤ ਭੋਗ ਪਾਉਣ ਸਮੇਂ ਸ੍ਰੀ ਸਤਿਗੁਰੂ ਜੀ ਨੇ 3 ਤੋਂ 5 ਵਜੇ ਦੇ ਦਰਮਿਆਨ ਕਿਸੇ ਸਮੇਂ ਦਰਸ਼ਨ ਦੇਣੇ ਸਨ ਤੇ ਏਸੇ ਕਾਰਜ ਲਈ 2.15 ਵਜੇ ਇਕ ਬਸ ਭਰਪੂਰ ਹੋ ਕੇ ਕਾਲੂ ਸਰਾਇ (ਦੱਖਣੀ ਦਿੱਲੀ) ਨੂੰ ਚਲੀ। ਕਾਲੂ ਸਰਾਇ ਪਿੰਡ ਦੀ ਦਖਣ ਪੱਛਮੀ ਨੁਕਰੇ ਸ. ਦੇਵਾ ਸਿੰਘ ਦੇ ਸਪੁਤ੍ਰਾਂ ਸ. ਅਜੀਤ ਸਿੰਘ, ਸ. ਸਾਧੂ ਸਿੰਘ ਨੇ ਸ਼ਾਨਦਾਰ ਵਿਸ਼ਾਲ ਪਿੰਡਾਲ ਬਣਾ ਰਖਿਆ ਸੀ। 3 ਵਜੇ ਪਹੁੰਚ ਕੇ ਜਥੇਦਾਰ ਸੇਵਾ ਸਿੰਘ ਦਿੱਲੀ ਵਾਲਿਆਂ *"ਸਭ ਕਿਛੁ ਜੀਵਤ ਕੋ ਬਿਵਹਾਰ"* ਦੀ ਟੇਕ ਤੇ ਘੰਟਾ ਭਰ ਕੀਰਤਨ ਕੀਤਾ। ਸਾਧ ਸੰਗਤ, ਰਿਸ਼ਤੇਦਾਰ ਪਿੰਡ ਦੇ ਆਦਮੀ ਕਾਫ਼ੀ ਆਏ ਸਨ।

2 ਵਜੇ ਨਾਮ ਸਿਮਰਨ ਜਾਰੀ ਹੋ ਗਿਆ ਤਾਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿਤੇ। ਬਣੇ ਹੋਏ ਆਹਮੋ ਸਾਹਮਣੇ ਬੈਂਚਾਂ ਤੇ ਸ੍ਰੀ ਸਤਿਗੁਰੂ ਜੀ ਅਤੇ ਕੀਰਤਨਕਾਰ ਸਜ ਗਏ। ਨਾਮ ਸਿਮਰਨ ਦੇ ਅੰਤਮ 20 ਮਿੰਟਾਂ ਵਿਚ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ। ਇਸ ਪਿੰਡ ਵਾਲਿਆਂ ਪਹਿਲੀ ਵਾਰ ਹੀ ਨਾਮ ਸਿਮਰਨ ਅਤੇ ਐਸਾ ਇਕੱਠ ਵੇਖਿਆ। ਸ. ਸੁਰਿੰਦਰ ਸਿੰਘ ਦੀ ਅਗਵਾਈ ਵਿਚ ਸੰਤ ਦੇਵਾ ਸਿੰਘ ਸੁਰਗਵਾਸੀ ਦੀ ਸੰਤਾਨ ਪਰਵਾਰਾਂ ਸਮੇਤ ਗੁਰੂ ਕੇ ਚਰਨਾਂ ਵਿਚ ਮਾਇਆ, ਬਸਤਰ, ਬਰਤਨ, ਬਿਸਤਰ ਲੈ ਕੇ ਹਾਜ਼ਰ ਹੋਈ। ਸੁਰਿੰਦਰ ਸਿੰਘ ਦੇ ਸਹੁਰਾ ਸਾਹਿਬ ਬਾਬਾ ਗਣੇਸ਼ਾ ਸਿੰਘ ਸਨ। ਬੀਬੀ ਅਮਰ ਕੌਰ ਸੁਰਗਵਾਸੀ ਦੀ ਵੱਡੀ ਨੂੰਹ ਸੰਤ ਹਰਬੰਸ ਸਿੰਘ ਮੁਹਾਰਾਂ ਵਾਲਿਆਂ ਦੀ ਸਾਲੀ ਹੋਣ ਕਰਕੇ ਉਸ ਪਰਵਾਰ ਦੇ ਭਗਵੰਤ ਸਿੰਘ ਜਸਬੀਰ ਸਿੰਘ ਹੁਰੀਂ ਵੀ ਸੇਵਾ ਵਿਚ ਸਹਾਇਕ ਰਹੇ। ਭੋਗ ਪਿਛੋਂ ਸਾਜ਼ ਆਦਿ ਸੁਰ ਕਰਦਿਆਂ ਸ੍ਰੀ ਸਤਿਗੁਰੂ ਜੀ, ਮਾਤਾ ਜੀ ਤੇ ਗੁਰੂ ਕੇ ਜਥੇ ਨੇ ਕੁਛ ਫਲੋਹਾਰ ਕਰ ਲਿਆ ਤੇ ਫਿਰ ਇਕ ਘੰਟਾ ਸੰਤ ਹਰਭਜਨ ਸਿੰਘ ਤੇ ਸਾਥੀਆਂ ਨੇ *"ਕਿਆ ਮਾਗਉ ਕਿਛੁ ਥਿਰ ਨ ਰਹਾਈ"* ਦੀ ਟੇਕ ਤੇ ਅਨੰਦਮਈ ਕੀਰਤਨ ਕੀਤਾ।

ਅਜ ਸਤਿਗੁਰੂ ਜੀ ਪਾਸ ਬੈਠੇ ਕੁਛ ਹੋਰ ਵਿਅਕਤੀਆਂ ਦੇ ਨਾਮ ਹਨ : ਸੰਤ ਸੇਵਾ ਸਿੰਘ ਜਮਨਾ ਪਾਰ ਵਾਲੇ, ਸੰਤ ਪ੍ਰੀਤਮ ਸਿੰਘ, ਸੰਤ ਬਲਵੰਤ ਸਿੰਘ, ਸੁਖਦੇਵ ਸਿੰਘ ਬਾਲੀ ਨਗਰ, ਸੰਤ ਹਰਬੰਸ ਸਿੰਘ, ਭਗਵੰਤ ਸਿੰਘ, ਜਸਬੀਰ ਸਿੰਘ ਪੰਜਾਬੀ ਬਾਗ, ਸੰਤ ਸੁਖਦਰਸ਼ਨ ਸਿੰਘ ਆਰਕੀਟੈਕਟ ਤੇ ਉਨ੍ਹਾਂ ਦਾ ਸਾਰਾ ਪਰਵਾਰ, ਸੰਤ ਮਹਿੰਦਰ ਸਿੰਘ ਰਘੁਬੀਰ ਨਗਰ, ਸੰਤ ਗੋਪਾਲ ਸਿੰਘ ਕੌਮੀ, ਸੰਤ ਸੇਵਾ ਸਿੰਘ ਢੋਲਕੀ ਵਾਲੇ, ਸ੍ਰੀ ਕਰਤਾਰ ਸਿੰਘ ਪਾਰਲੇ ਬੈਜ ਨਾਥ ਵਾਲੇ, ਸੰਤ ਗੁਰਦੀਪ ਸਿੰਘ ਢੇਡਾ, ਸੰਤ ਅਮਰ ਸਿੰਘ, ਸੰਤ ਤੇਜਾ ਸਿੰਘ ਜਮਨਾ ਨਗਰ ਵਾਲੇ, ਸ. ਬਲਦੇਵ ਸਿੰਘ ਚਾਨਾ, ਸ. ਸੁਲੱਖਣ ਸਿੰਘ, ਸ. ਹੰਸਪਾਲ ਜੀ, ਸ. ਮਨਚੰਦਾ, ਸੰਤ ਗੁਰਬਖਸ਼ ਸਿੰਘ ਸ਼ਾਸਤਰੀ ਨਗਰ ਆਦਿ।

ਦਿਵਾਨ ਦੀ ਸਮਾਪਤੀ ਉਪਰੰਤ ਰੱਜਵਾਂ ਕੜਾਹ ਪ੍ਰਸ਼ਾਦ ਤੇ ਗੁਰੂ ਕਾ ਲੰਗਰ ਵਰਤਿਆ।



Sri Satguru Jagjit Singh Ji Elibrary NamdhariElibrary@gmail.com

ਸ. ਅਜੀਤ ਸਿੰਘ ਦਾ ਇਕ ਖ਼ੂਬਸੂਰਤ ਲੜਕਾ, ਸਿੰਧੀ ਦਸਤਾਰ ਨਾਲ ਸਜਦਾ, ਆਪਣੇ ਬਿਸਤਰ ਤੋਂ ਉਠ ਨਹੀਂ ਸਕਿਆ। ਤਿੰਨ ਮਹੀਨੇ ਤੋਂ ਹਾਦਸੇ ਨਾਲ ਹੱਡੀਆਂ ਵਗੈਰਾ ਦੇ ਫਰੈਕਚਰ ਨਾਲ ਪਿਆ ਹੈ। ਸ੍ਰੀ ਸਤਿਗੁਰੂ ਜੀ ਉਠ ਕੇ ਦਰਸ਼ਨ ਦੇਣ ਆਏ। ਇਸ ਪਰਵਾਰ ਦਾ ਸੰਤ ਸੇਵਾ ਸਿੰਘ ਜਰਮਨੀ ਵਾਲਿਆਂ ਨਾਲ ਵੀ ਘਨਿਸ਼ਟ ਸੰਬੰਧ ਹੈ, ਕੁਲਦੀਪ ਸਿੰਘ ਉਨ੍ਹਾਂ ਦਾ ਛੋਟਾ ਭਾਈ, ਲੜਕੀ ਅਤੇ ਉਸਦੀ ਮਾਤਾ ਵੀ ਏਥੇ ਆਏ ਹੋਏ ਮਿਲੇ।

500 ਨਰ ਨਾਰ ਦੇ ਯੋਗ ਸਾਰਾ ਪ੍ਰਬੰਧ ਠੀਕ-ਠਾਕ ਸੀ।

ਘਰ ਵਿਚ, ਸ. ਦਰਸ਼ਨ ਸਿੰਘ ਪਾਸ ਬੈਠਿਆਂ, ਸੰਤ ਹਰਬੰਸ ਸਿੰਘ ਮੁਹਾਰਾਂ ਵਾਲਿਆਂ ਇਕ ਅਖਾਣ ਪਾਇਆ। ਇਸ ਪੰਜਾਬੀ ਅਖਾਣ ਦੀ ਸੰਭਾਲ ਵਾਸਤੇ ਏਥੇ ਨੋਟ ਕਰ ਰਿਹਾ ਹਾਂ :

ਭਰਜਾਈ ਦੀ ਭਰਜਾਈ
ਉਸਦੀ ਨਣਾਨ ਨੇ ਕੁੜੀ ਜਾਈ
ਉਹਦਾ ਲਗੇ ਬਾਬਾ
ਕੀ ਲੱਗੇ ਸਾਕ ਤੁਹਾਡਾ?

ਜਵਾਬ ਹੈ, ਪਿਤਾ। ਹਿਸਾਬ ਕਿਤਾਬ ਲਾ ਕੇ ਤੁਸੀਂ ਪਤਾ ਕਰ ਲਓ।

ਅਜਿਹੀ ਇਕ ਬੁਝਾਰਤ ਜਥੇਦਾਰ ਸੇਵਾ ਸਿੰਘ ਦਿੱਲੀ ਵਾਲਿਆਂ ਸੁਣਾ ਦਿਤੀ :

ਸੌ ਕੋਹਾਂ ਤੇ ਦਿੱਲੀ
ਕੋਹ ਕੋਹ ਤੇ ਕਿੱਲੀ
ਇਕ ਇਕ ਕਿੱਲੀ ਨਾਲ ਸੌ ਸੌ ਬਿੱਲੀ
ਇਕ ਇਕ ਬਿੱਲੀ ਦੇ ਮੂੰਹ ਸੌ ਸੌ ਚੂਹਾ
ਇਕ ਇਕ ਚੂਹੇ ਦੇ ਮੂੰਹ ਪਾ ਪਾ ਕਪਾਹ
ਦਸੋ ਕਪਾਹ ਕਿੰਨੀ ਹੋਈ?
ਜਵਾਬ ਹੈ.. .. ..। ਪਰ ਤੁਸੀਂ ਆਪ ਸਮਝ ਕੇ ਵੇਖੋ।

## 6 ਨਵੰਬਰ 1985, ਬੁੱਧਵਾਰ
## ਨਵੀਂ ਦਿੱਲੀ

"ਅੰਮ੍ਰਿਤ ਵੇਲਾ, ਸਚੁ ਨਾਉ, ਵਡਿਆਈ ਵੀਚਾਰੁ" ਦੇ ਅਨੁਸਾਰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਉਸਤਾਦ ਹਰਭਜਨ ਸਿੰਘ ਤੇ ਕਲਾਕਾਰ ਜਥੇ ਨੇ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਹੈ। ਅਨੰਦ ਕਾਰਜਾਂ ਦਾ ਦਿਨ ਹੋਣ ਕਰਕੇ 4 ਵਜੇ ਤੋਂ ਹੀ ਦਰਸ਼ਨਾਰਥੀ ਲਗਾਤਾਰ ਗੁਰੂ ਚਰਨਾਂ



Sri Satguru Jagjit Singh Ji Elibrary NamdhariElibrary@gmail.com

ਵਿਚ ਹਾਜ਼ਰੀ ਲੁਆ, ਮਿਲਦੇ ਸਥਾਨ ਤੇ ਬੈਠੀ ਜਾਂਦੇ ਹਨ। ਪਰ ਅਜ ਪਹੁੰਚੀ ਲੋਕਾਈ ਨਾਲੋਂ ਜਗਹ ਥੋੜ੍ਹੀ ਹੈ। ਲੰਗਰ ਵੱਲ ਨੂੰ ਦਰਵਾਜ਼ੇ ਤੋਂ ਇਲਾਵਾ ਧਰਮਸ਼ਾਲਾ ਹਾਲ ਦੇ ਥੰਮਲੇ ਛਡ ਬਾਕੀ ਇੱਟਾਂ ਕਢ ਦਿਤੀਆਂ ਗਈਆਂ ਹਨ। ਇਸ ਨਾਲ ਬੇ-ਤਾਕ ਦੋ ਦਰਵਾਜ਼ੇ ਹੋਰ ਬਣ ਗਏ ਹਨ। ਬਾਹਰ ਵਿਹੜੇ ਵਿਚ ਚਾਨਣੀ ਤਣੀ ਹੋਈ ਹੈ ਤੇ ਏਥੇ ਹੀ ਪ੍ਰਥਮ ਗੇਟ ਦੇ ਸਾਹਮਣੇ ਗੁਰੂ ਕੀ ਨਜ਼ਰ ਵਿਚ, ਅੰਮ੍ਰਿਤ ਤਿਆਰ ਹੋ ਗਿਆ ਤੇ ਹਵਨ ਦੀਆਂ ਬਾਣੀਆਂ ਪੜ੍ਹੀਆਂ ਗਈਆਂ ਹਨ। ਅਗਨੀ ਪ੍ਰਜਵਲਤ ਹੈ। ਵੇਦੀ ਗੱਡ ਕੇ ਉਸ ਉਪਰ ਫੁੱਲਾਂ ਦੀਆਂ ਲੜੀਆਂ ਲਮਕਾ ਦਿੱਤੀਆਂ ਗਈਆਂ ਹਨ। ਇਸ ਨਾਲ ਖੂਬਸੂਰਤੀ ਅਤੇ ਵਿਸ਼ੇਸ਼ਤਾ ਦੋਵੇਂ ਪਰਗਟ ਹੋ ਗਈਆਂ ਹਨ। ਥਾਂ ਦੀ ਥੁੜ੍ਹ ਕਰਕੇ ਕੁਛ ਸੰਗਤ ਲੰਗਰ ਨਾਲ ਦੀ ਛਤ ਉਤੇ ਵੀ ਬੈਠ ਗਈ ਹੈ। ਸੜਕ ਦੇ ਨਾਲ ਦਾ ਪਹਿਲਾ ਫਾਟਕ ਬੰਦ ਹੈ ਦੂਜੇ ਵਿਚੋਂ ਵੀ ਲੰਘਣ ਦੀ ਗੁੰਜਾਇਸ਼ ਨਹੀਂ। ਇਕੱਠ ਤਕੜਾ ਹੈ।

6.15 ਵਜੇ ਆਸਾ ਦੀ ਵਾਰ ਦੀ ਸਮਾਪਤੀ ਹੋ ਗਈ ਹੈ। ਏਨੇ ਚਿਰ ਨੂੰ ਹਵਨ ਕੁੰਡ ਸਾਹਵੇਂ ਬੈਠੇ 15 ਜੋੜੇ ਭਜਨ ਪੁੱਛ, ਅੰਮ੍ਰਿਤ ਛਕ, ਕਮਰ ਕੱਸੇ ਲਾ, ਗੰਢ ਚਿਤਰਾਵਿਆਂ ਦੁਆਰਾ ਤਿਆਰ ਹੋ ਗਏ ਹਨ। ਪਾਠੀ ਸਿੰਘਾਂ ਨੇ ਤਿੰਨ ਵਾਰ ਲਾਵਾਂ ਦਾ ਉਚਾਰਨ ਕਰਕੇ 5-5 ਦੇ ਤਿੰਨ ਥੋਚਾਂ ਦੇ ਆਨੰਦ ਕਾਰਜ ਪੜ੍ਹਾ ਦਿਤੇ ਹਨ।

6.30 ਵਜੇ *"ਗੁਣ ਗੋਬਿੰਦ ਗਾਇਓ ਨਹੀਂ"* ਦੀਆਂ ਹੇਕਾਂ ਸੰਤ ਦਸਵਿੰਦਰ ਸਿੰਘ, ਸੰਤ ਅਰਵੇਲ ਸਿੰਘ, ਸੰਤ ਸੇਵਾ ਸਿੰਘ, ਕਿਰਪਾਲ ਸਿੰਘ, ਸਤਨਾਮ ਸਿੰਘ ਆਦਿ ਨੇ ਲਾਉਣੀਆਂ ਸ਼ੁਰੂ ਕਰ ਦਿਤੀਆਂ ਹਨ। ਸੰਤ ਬਾਲ ਸਿੰਘ ਨੇ ਕੜਾਹ ਪ੍ਰਸ਼ਾਦ ਦੀ ਤਾਬਿਆ ਸੰਭਾਲੀ ਹੋਈ ਹੈ। ਅੱਜ ਅਨੰਦ ਕਾਰਜਾਂ ਵਾਲਿਆਂ ਵਲੋਂ 17 ਪਾਠਾਂ ਦੇ ਭੋਗ ਪਾਏ ਗਏ ਹਨ।

ਸ੍ਰੀ ਸਤਿਗੁਰੂ ਜੀ ਜੋ ਸਾਡੇ ਅਨੰਦਾਂ, ਸੁਖਾਂ ਤੇ ਖੁਸ਼ੀਆਂ ਦਾ ਆਧਾਰ ਹਨ, ਪ੍ਰਸੰਨ ਮੁਖ ਪਹਿਲਾਂ ਆਸਾ ਦੀ ਵਾਰ ਵਿਚ ਭਾਗ ਲੈਂਦੇ ਰਹੇ ਫੇਰ ਨਿੱਜੀ ਸਿਮਰਨ ਤੇ ਬਾਣੀਆਂ ਦੇ ਪਾਠ ਵਿਚ ਮਗਨ ਹਨ। ਉਹ ਨਾਲੋ-ਨਾਲ ਆਪਣੇ ਸਕਤਰ ਸੰਤ ਤਰਸੇਮ ਸਿੰਘ ਨੂੰ ਆਦੇਸ਼ ਵੀ ਲਿਖ ਲਿਖ ਕੇ ਦੇ ਰਹੇ ਹਨ। ਸੂਰਜ ਚੜ੍ਹਨ ਨਾਲ ਚੰਡੀ ਦੀ ਵਾਰ ਦਾ ਪਾਠ ਵੀ ਹੋ ਗਿਆ ਹੈ।

ਹੇਠ ਲਿਖੇ ਵਿਅਕਤੀ ਸ੍ਰੀ ਸਤਿਗੁਰੂ ਜੀ ਦੇ ਗਿਰਦ ਤਾਰਾ ਮੰਡਲ ਵਾਂਗ ਸ਼ੋਭਾ ਪਾ ਰਹੇ ਹਨ : ਠਾਕਰ ਉਦੇ ਸਿੰਘ, ਸੰਤ ਜਗਤਾਰ ਸਿੰਘ, ਸ੍ਰੀ ਵਲਭ ਵਿਸ਼ੇਸ਼ਰ ਸਿੰਘ, ਇੰਗਲੈਂਡ ਵਾਲੇ, ਸ. ਹਰਚਰਨ ਸਿੰਘ ਰੰਧਾਵਾ, ਸੇਠ ਤ੍ਰਿਲੋਕ ਸਿੰਘ, ਸ. ਹੰਸਪਾਲ, ਸੂਬਾ ਗੰਡਾ ਸਿੰਘ, ਸ. ਸੁਲੱਖਣ ਸਿੰਘ ਮੈਟਰੋਪਾਲੀਟਨ ਕਾਊਂਸਲਰ, ਸ. ਸੁਰਿੰਦਰ ਸਿੰਘ ਮਲੂਵਾਲ, ਸ. ਗਿਆਨ ਸਿੰਘ ਹੰਸਪਾਲ, ਸ. ਸੁਰਿੰਦਰ ਸਿੰਘ ਮਨਚੰਦਾ, ਸੰਤ ਮਹਿੰਦਰ ਸਿੰਘ ਪੂਰਬਾ, ਸੰਤ ਮਹਿੰਦਰ ਸਿੰਘ ਬਾਲੀ ਨਗਰ, ਸੰਤ ਬਲਵੰਤ ਸਿੰਘ ਬਾਲੀ ਨਗਰ ਤੇ ਸੰਤ ਬਲਬੀਰ ਸਿੰਘ ਸੋਖੀ, ਸੰਤ ਦਿਆਲ ਸਿੰਘ ਫਗਵਾੜਾ, ਸ. ਸੰਤ ਸਿੰਘ ਡਿਪਟੀ ਜੈਨਰਲ ਮੈਨੇਜਰ ਤੇਲ।



Sri Satguru Jagjit Singh Ji Elibrary NamdhariElibrary@gmail.com

ਫੋਟੋਗ੍ਰਾਫਰ ਵਿਵਾਹਤ ਜੋੜਿਆਂ ਨਾਲੋਂ ਵਧੇਰੇ ਹਨ। ਪਹਿਲਾਂ ਉਹ ਬੈਠੇ ਹੋਏ ਜੋੜਿਆਂ ਦੀ ਫਿਰ ਲਾਵਾਂ ਸਮੇਂ ਫੋਟੋ ਗ੍ਰਾਫ਼ ਲੈਂਦੇ ਰਹੇ ਹਨ। ਸਾਡਾ ਬੱਚਾ ਸ. ਗੁਰਸ਼ਰਨ ਸਿੰਘ ਸਪੁਤ੍ਰ ਸੰਤ ਲਾਲ ਸਿੰਘ ਮਿਟਗੁਮਰੀ ਵੀ ਵੀਡੀਓਗ੍ਰਾਫ਼ੀ ਕਰ ਰਿਹਾ ਹੈ - ਫੇਰ ਸਾਰਾ ਫੋਟੋਗ੍ਰਾਫ਼ਰ ਸਮੂਹ ਸ੍ਰੀ ਸਤਿਗੁਰੂ ਜੀ ਦੁਆਲੇ ਜੁੜ ਗਿਆ ਤੇ ਕਲਿਕ ਕਲਿਕ ਕਰ ਰਿਹਾ ਹੈ।

ਕੰਨਾਂ ਨੂੰ ਵਡੇਰੀ ਗਿਣਤੀ ਦੀ ਹਾਜ਼ਰੀ ਦਾ ਅਹਿਸਾਸ ਅੱਖਾਂ ਨਾਲੋਂ ਵੀ ਵਧੇਰੇ ਹੋ ਰਿਹਾ ਹੈ। ਅੱਜ ਦੀਆਂ ਦੋ ਸ਼ਾਦੀਆਂ ਮੇਰੀ ਵਾਕਫ਼ੀ ਵਿਚੋਂ ਵੀ ਹਨ। ਇਕ ਤਾਂ ਗਿਆਨੀ ਜਸਵੰਤ ਸਿੰਘ ਸਪੁਤ੍ਰ ਸੂਬਾ ਗੰਡਾ ਸਿੰਘ ਦੇ ਲੜਕੇ ਨਾਰਾਇਣ ਸਿੰਘ ਬਿੱਟੂ ਦੀ, ਦੂਜੇ ਨਵਜੀਤ ਸਿੰਘ ਸਪੁਤ੍ਰ ਸ. ਬਖਸ਼ੀਸ਼ ਸਿੰਘ ਸਪੁਤ੍ਰ ਸੰਤ ਮੰਗਲ ਸਿੰਘ ਲਾਇਲਪੁਰੀ ਦੀ।

ਸ੍ਰੀ ਸਤਿਗੁਰੂ ਜੀ 6.50 ਤੇ ਬਚਨਾਂ ਦੀ ਕਿਰਪਾ ਕਰ ਰਹੇ ਹਨ, ਸੋ ਮੱਥਾ ਟੇਕਣ ਵਾਲਿਆਂ ਨੂੰ ਰੋਕ ਦਿਤਾ ਗਿਆ ਹੈ।

ਸ੍ਰੀ ਸਤਿਗੁਰੂ ਜੀ ਦੇ ਕਥਨ ਦਾ ਸੰਖੇਪ :

ਅਸੀਂ ਗੁਨਾਹ ਤਾਂ ਹਰ ਵੇਲੇ ਹੀ ਕਰਦੇ ਰਹਿੰਦੇ ਹਾਂ, ਗੁਰਬਾਣੀ ਅਨੁਸਾਰ -- *ਅਸੀ ਖਤੇ ਬਹੁਤ ਕਮਾਵਦੇ ਅੰਤ ਨ ਪਾਰਾਵਾਰ।* ਪਰ ਇਹਨਾਂ ਦੀ ਤਲਾਫ਼ੀ ਲਈ ਹਰ ਵੇਲੇ ਅਰਦਾਸ ਦੇ ਮੂਡ ਵਿਚ ਵੀ ਰਹਿਣਾ ਸਾਡਾ ਕਰਤਵ ਹੈ - *ਹਰਿ ਕਿਰਪਾ ਕਰ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰ।* ਅਤੇ *ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ* ਦੇ ਵਾਕ ਅਨੁਸਾਰ ਅੰਤ ਅਸੀਂ ਸਹੀ ਮਾਰਗ ਤੇ ਅਪੜ ਹੀ ਪੈਂਦੇ ਹਾਂ। ਪ੍ਰਾਰਥਨਾ ਦਾ ਆਸਰਾ ਲੈਣਾ ਸਾਨੂੰ ਭਲੇ ਪਾਸੇ ਨੂੰ ਤੋਰਨ ਦੀ ਗਾਰੰਟੀ ਹੈ।

ਲੋਕਾਚਾਰ ਨੂੰ ਛੁਡਾਣ ਦਾ ਮਤਲਬ ਹੈ ਕਿ ਅਸੀਂ ਸਾਦਾ ਸਰਲ ਤਰੀਕੇ ਨਾਲ ਜੀਵਨ ਮਾਰਗ ਵਲ ਅਗਰਸਰ ਹੋਈਏ। ਜੇ ਅਸੀਂ ਵਿਆਹਾਂ ਤੋਂ ਪਹਿਲੋਂ ਹੀ ਗੁਰਮਤ ਹੀਨ ਗਿੱਧੇ, ਭੰਗੜੇ ਅਤੇ ਲੈਣ ਦੇਣ ਦੇ ਚੱਕਰ ਵਿਚ ਪੈਣਾ ਹੈ ਤਾਂ ਇਹ ਸਾਧ ਸੰਗਤ ਵਾਲੀ ਗੱਲ ਨਹੀਂ। ਸਾਧ ਸੰਗਤ ਸਿਖਾਂ ਦੀ ਹੈ। ਦੁਖ ਸੁਖ ਵਿਚ ਸਮਾਨ ਰਹਿਣਾ। ਜਿਹੜੇ ਵਿਆਹ ਸ਼ਾਦੀਆਂ ਵਿਚ ਬਹੁਤ ਨਚਦੇ ਟੱਪਦੇ ਹਨ ਉਹ ਦੂਜਾ ਵਰਕਾ ਖੁਲ੍ਹਿਆਂ ਰੋਂਦੇ ਕੁਰਲਾਂਦੇ ਵੀ ਤਕੜਾ ਹਨ।

ਇਸ ਵਾਰ ਜਾਪਦਾ ਹੈ ਸਕਰੂਟਨੀ ਵਾਲਿਆਂ ਨੇ ਪੂਰੀ ਤਰ੍ਹਾਂ ਗਹਿਰਾਈ ਵਿਚ ਜਾ ਕੇ ਲੜਕਿਆਂ ਦੀਆਂ ਦਾੜ੍ਹੀਆਂ ਅਤੇ ਲੜਕੀਆਂ ਦੀਆਂ ਭੇਹਾਂ ਵੱਲ ਧਿਆਨ ਨਹੀਂ ਦਿਤਾ - ਸਾਰਾ ਧਿਆਨ ਹੋਰ ਹੋਰ ਗੱਲਾਂ ਵਲ ਰਿਹਾ ਹੈ। ਅਨੰਦ ਕਾਰਜਾਂ ਤੋਂ ਪਹਿਲਾਂ ਘਰਾਂ ਵਿਚ ਗਿਧਿਆਂ ਦਾ ਆਯੋਜਨ ਸਾਨੂੰ ਨੀਵੇਂ ਪਾਸੇ ਹੀ ਲਜਾਵੇਗਾ, ਇਹ ਠੀਕ ਨਹੀਂ।

ਬਾਜ਼ੇ ਲੋਕ ਅਰਦਾਸ ਸੁਣਾਨ ਤੋਂ ਬੜਾ ਕਤਰਾਂਦੇ ਹਨ। ਜਿਨ੍ਹਾਂ ਨੂੰ ਅਰਦਾਸ ਵੀ ਕੰਠ ਨਾ ਹੋਵੇ, ਜਾਂ ਅਰਦਾਸ ਸੁਣਾਨੋਂ ਡਰਨ, ਉਹ ਸਿੱਖੀ ਵਾਲੇ ਪਾਸੇ ਕਿੰਨਾ ਕੁ ਧਿਆਨ ਦਿੰਦੇ ਹਨ, ਆਪ ਹੀ ਸੋਚਣ ਦੀ ਗੱਲ ਹੈ।



Sri Satguru Jagjit Singh Ji Elibrary NamdhariElibrary@gmail.com

ਆਉਂਦਿਆਂ-ਜਾਂਦਿਆਂ, ਉੱਠਣ ਬੈਠਣ ਲਗਿਆਂ ਸਾਧ ਸੰਗਤ ਵਿਚ ਨਿਮਰਤਾ ਪੂਰਵਕ ਰਹਿਣਾ ਹੀ ਚੰਗਾ ਹੈ। ਸਦਾ ਦੂਸਰਿਆਂ ਦਾ ਹਿਤ ਤੇ ਧਿਆਨ ਸਾਡੇ ਦਿਮਾਗ ਵਿਚ ਰਹਿਣਾ ਚਾਹੀਦਾ ਹੈ। ਕੁਛ ਸਿੰਘ ਉਠਦੇ ਬੈਠਦੇ ਦੂਜਿਆਂ ਦੇ ਲੱਤਾਂ ਗੋਡੇ ਭੰਨਦੇ ਹਨ - ਇਹ ਠੀਕ ਨਹੀਂ। ਸੁਖਾਵੀਆਂ ਆਦਤਾਂ ਪਾਓ ਤੇ ਸਿਖੋ।

ਮਾਈਆਂ ਜਦੋਂ ਵੀ ਮੱਥਾ ਟੇਕਣ ਆਉਂਦੀਆਂ ਹਨ ਲਾਈਨ ਬਣਾ ਕੇ ਆਉਂਦੀਆਂ ਹਨ, ਪਰ ਭਾਈਆਂ ਦੀ ਭੀੜ ਹੀ ਮੱਥਾ ਟੇਕਣ ਲਈ ਉਠ ਤੁਰਦੀ ਹੈ। ਜੁਗਤ ਨਾਲ ਕੀਤਾ ਹਰ ਕਾਰਜ ਸੁਹਣਾ ਲਗਦਾ ਹੈ।

ਵਿਆਹਾਂ ਤੋਂ ਪਿਛੋਂ ਘਰ ਜਾ ਕੇ ਮਨ ਮਤ ਨਹੀਂ ਕਰਨੀ।

ਖੁਸ਼ੀਆਂ ਤਾਂ ਸਤਿਗੁਰਾਂ ਦੇ ਬਚਨਾਂ ਵਿਚ ਹਨ। ਸਾਡੀਆਂ ਖੁਸ਼ੀਆਂ ਅਵੈੜੀਆਂ ਹਨ, ਜਿਨ੍ਹਾਂ ਦੇ ਸਿੱਟੇ ਕਰਜ਼ਿਆਂ ਦੇ ਰੂਪ ਵਿਚ ਹੀ ਨਿਕਲਦੇ ਹਨ। ਬੈਂਗਲੋਰ ਵਾਲਾ ਫਾਰਮ ਸਾਨੂੰ ਮਾਲਕ ਦੀਆਂ ਦੋ ਕੁੜੀਆਂ ਦੇ ਵਿਆਹ ਵਿਚ ਕਰਜ਼ਾਈ ਹੋ ਜਾਣ ਕਰਕੇ ਹੀ ਮਿਲਿਆ।

ਮੈਨੂੰ ਬਹੁਤ ਖੁਸ਼ੀ ਹੈ ਕਿ ਸਾਧ ਸੰਗਤ ਆਸਾ ਦੀ ਵਾਰ ਵਿਚ ਵੱਡੀ ਗਿਣਤੀ ਵਿਚ ਆਉਂਦੀ ਹੈ। ਇਹ ਬਹੁਤ ਵਧੀਆ ਗੱਲ ਹੈ। ਪਰ ਹੋਰ ਵੀ ਚੰਗੀ ਗੱਲ ਹੋਵੇ ਜੇ ਅਸੀਂ ਮਨ ਚਿਤ ਬਿਰਤੀ ਦੀ ਇਕਾਗਰਤਾ ਪ੍ਰਾਪਤ ਕਰ ਸਕੀਏ, ਏਥੇ ਬੈਠਿਆਂ।

(ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਦੇ ਸਾਹਮਣੇ ਲੁਧਿਆਣੇ ਵਾਲੇ ਨਵਯੁਗ ਫੈਕਟਰੀ ਦੇ ਮਾਲਿਕ ਸ. ਗੁਰਦਿਆਲ ਸਿੰਘ ਅਤੇ ਉਨ੍ਹਾਂ ਦੇ ਸਪੁਤ੍ਰ ਸ. ਰਵਿੰਦਰ ਸਿੰਘ ਨੂੰ ਖਲੋਣ ਲਈ ਆਗਿਆ ਕੀਤੀ। ਉਹ ਇਕ ਪਾਸੇ ਹੋ ਕੇ ਖਲੋਤੇ ਤਾਂ ਬਚਨ ਕੀਤਾ)

ਸ. ਗੁਰਦਿਆਲ ਸਿੰਘ ਆਪਣੇ ਦਫ਼ਤਰੀ ਕੰਮਾਂ ਵਿਚ ਕੋਟ ਪੈਂਟ ਦੀ ਵਰਤੋਂ ਕਰਦੇ ਹਨ, ਪਰ ਸਾਧ ਸੰਗਤ ਵਿਚ ਉਨ੍ਹਾਂ ਕਦੇ ਉਨ੍ਹਾਂ ਕੱਪੜਿਆਂ ਦਾ ਵਖਾਲਾ ਨਹੀਂ ਪਾਇਆ। ਨਾਲ ਹੀ ਉਨ੍ਹਾਂ ਜੋ ਵੱਡੀ ਗੱਲ ਕੀਤੀ ਹੈ, ਉਹ ਹੈ ਆਪਣੇ ਬੱਚੇ ਨੂੰ ਨਾਮਧਾਰੀ ਪਹਿਰਾਵੇ ਦੀ ਪ੍ਰੇਰਨਾ ਦੇਣਾ ਤੇ ਸਿਖੀ ਵਿਚ ਪਾਰੰਗਤ ਕਰਨਾ। ਰਵਿੰਦਰ ਸਿੰਘ ਆਪਣਾ ਗੜਵਾ ਸਦਾ ਕੋਲ ਰਖਦਾ ਹੈ। ਅੰਨ ਜਲ ਜਹਾਂ-ਕਹਾਂ ਦਾ ਨਹੀਂ ਛਕਦਾ। ਦਰਸ਼ਨ ਕੀਤਿਆਂ ਗੁਰਮਤ ਉਪਜਦੀ ਹੈ। ਪਰ ਸਾਡੇ ਪਾਸ ਕਈ ਅਜਿਹੇ ਮਾਪੇ ਹਨ ਜਿਹੜੇ ਆਪ ਤਾਂ ਨਾਮਧਾਰੀ ਵਸਤਰ ਪਹਿਨਦੇ ਹਨ ਪਰ ਬੱਚਿਆਂ ਨੂੰ ਪੈਂਟਾਂ ਬੁਸ਼ਰਟਾਂ ਵਾਲੇ ਰਸਤੇ ਤੇ ਪਾਂਦੇ ਹਨ। ਸਿੱਟਾ ਬੱਚਿਆਂ ਦੇ ਸਿੱਖੀ ਤੋਂ ਦੂਰ ਚਲੇ ਜਾਣਾ ਹੈ।

ਫਰੀਦ ਜੀ ਦਾ ਕਥਨ ਯਾਦ ਆਉਂਦਾ ਹੈ :

*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ।*
*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥*

ਸ੍ਰੀ ਸਤਿਗੁਰੂ ਜੀ ਦੇ ਉਪਦੇਸ਼ ਦੇ ਨਾਲ ਹੀ ਸੰਤ ਪੂਰਬਾ ਦੁਆਰਾ ਅਰਦਾਸ ਹੋ ਕੇ ਦਿਵਾਨ ਦਾ ਭੋਗ ਪੈ ਗਿਆ। ਵਿਆਹ ਵਾਲੇ ਜੋੜੇ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰ ਆਸ਼ੀਰਵਾਦ ਲੈਣ ਆਏ। ਮਰਿਆਦਾ ਹੈ ਕਿ ਕੜਾਹ ਪ੍ਰਸ਼ਾਦ ਦੇ ਗੱਫੇ ਪਹਿਲਾਂ



Sri Satguru Jagjit Singh Ji Elibrary NamdhariElibrary@gmail.com

ਜਲ-ਭੇਟ, ਫੇਰ ਪੰਜ ਪਿਆਰੇ ਉਪ੍ਰੰਤ ਵਿਵਾਹਤ ਬੱਚਿਆਂ ਨੂੰ ਦੇ ਕੇ ਸਾਧ ਸੰਗਤ ਵਿਚ ਵੰਡੇ ਜਾਂਦੇ ਹਨ। ਫੋਟੋਗ੍ਰਾਫ਼ਰਾਂ ਨੇ ਆਪਣੇ ਜੋੜਿਆਂ ਦੇ ਨਮਸਕਾਰ ਕਰਨ ਸਮੇਂ ਫੋਟੋ ਲਏ ਤੇ ਸ੍ਰੀ ਸਤਿਗੁਰੂ ਜੀ 7.15 ਵਜੇ ਤਕ ਦਿਵਾਨ ਸਥਾਨ ਤੋਂ ਪ੍ਰਸਥਾਨ ਕਰ ਗਏ।

ਮੈਂ ਤੁਰੇ-ਤੁਰੇ ਜਾਂਦਿਆਂ ਸੰਤ ਗੁਰਦੀਪ ਸਿੰਘ ਢੋਡਾ ਦੀ ਮਾਈਕ ਤੇ ਆਵਾਜ਼ ਸੁਣੀ। ਉਹ ਐਲਾਨ ਕਰ ਰਿਹਾ ਸੀ ਕਿ ਗੁਰਦੁਆਰੇ ਦੇ ਦੋ ਵੱਡੇ ਬੂਹਿਆਂ ਅਤੇ ਕੁਛ ਹੋਰ ਉਸਾਰੀ ਲਈ ਖਰਚੇ ਦੀ ਜ਼ਰੂਰਤ ਹੈ - ਸਾਧ ਸੰਗਤ ਕਿਰਪਾ ਕਰੇ। ਮੈਂ ਸੁਣਿਆਂ ਪਟਨੇ ਦੇ ਸ. ਸਵਰਨ ਸਿੰਘ ਨੇ ਇਕ ਪੂਰੇ ਵਡ-ਦੁਆਰ ਦਾ ਸਾਰਾ ਖਰਚਾ ਦੇਣਾ ਪਰਵਾਨ ਕੀਤਾ ਅਤੇ ਸੰਤ ਬਲਵੰਤ ਸਿੰਘ ਬਾਲੀ ਨਗਰ ਨੇ 5000 ਰੁਪਏ ਦੇਣ ਦਾ ਬਚਨ ਦਿਤਾ ਤੇ ਫਿਰ ਹੌਲੀ ਹੌਲੀ ਰਕਮਾਂ ਉਘਰਨ ਲਗੀਆਂ।

ਧਰਮਸ਼ਾਲਾ ਵਿਚ 8 ਵਜੇ ਤਕ ਵੀ ਕਾਫ਼ੀ ਰੌਣਕ ਸੀ।

ਮੈਂ ਸਵੇਰੇ 10.45 ਵਜੇ ਪੂਸਾ ਰੋਡ ਗਿਆ। ਪਰ ਸ੍ਰੀ ਸਤਿਗੁਰੂ ਜੀ ਤਾਂ ਡਾ. ਮੂਸਾ ਨਾਲ ਕਿਸੇ ਹਸਪਤਾਲ ਗਏ ਹੋਏ ਸਨ। ਸ੍ਰੀ ਜੀ ਦੀ ਚੈੱਕ ਅੱਪ ਚਲ ਰਹੀ ਹੈ। ਨੇਤ੍ਰਾਂ ਅਤੇ ਸ੍ਰਵਣਾਂ ਦੀ ਚੈੱਕਅੱਪ ਵੀ ਕਰਵਾਣੀ ਹੈ। ਮੈਨੂੰ ਪੂਰਬਾ ਨੇ ਦੱਸਿਆ ਕਿ ਐਤਕਾਂ ਦਿੱਲੀ ਨਿਵਾਸ ਦਾ ਜ਼ਰੂਰੀ ਕੰਮ ਡਾ. ਮੂਸਾ ਲਈ ਲੋੜੀਂਦੀ ਫਾਈਲ ਦਾ ਪੇਟ ਭਰਨ ਵਾਸਤੇ ਹਰ ਪਰਕਾਰ ਦੀ ਸਰੀਰਕ ਪੁਣ-ਛਾਣ ਹੋ ਰਹੀ ਹੈ।

ਸੰਤ ਤਰਸੇਮ ਸਿੰਘ ਨੂੰ ਅਚਾਨਕ ਵੇਖ ਕੇ ਮੈਂ ਪੁਛਿਆ ਕਿ ਉਹ ਦੋ ਦਿਨ ਦਿੱਲੀ ਨਜ਼ਰ ਨਹੀਂ ਪਏ, ਕਿਥੇ ਰਹੇ? ਸਕੱਤਰ ਨੇ ਦੱਸਿਆ ਕਿ ਗੁਰੂ ਕੇ ਹੁਕਮ ਨਾਲ ਉਹ ਜੀਵਨ ਨਗਰ ਗਏ ਸਨ, ਬੀਬੀ ਗੁਰਮੀਤ ਕੌਰ ਨੇ ਜੀਵਨ ਨਗਰ ਜਾਣਾ ਸੀ। ਇਕ ਤਾਂ ਉਨ੍ਹਾਂ ਦੀ ਦੇਖ ਰੇਖ ਮੇਰੇ ਜ਼ਿਮੇ ਸੀ, ਦੂਜੇ ਮਹਾਰਾਜ ਜੀ ਦੀ ਇਕ ਚਿੱਠੀ ਨੇ ਸਮੱਸਿਆ ਪੈਦਾ ਕਰ ਦਿਤੀ ਸੀ। ਸਤਿਗੁਰੂ ਜੀ ਨੇ ਜੋ ਜੀਪ ਮਹਾਰਾਜ ਜੀ ਨੂੰ ਲੈ ਕੇ ਦਿਤੀ ਸੀ - ਉਸ ਦਾ ਕੋਈ ਮਸ਼ੀਨੀ ਭਾਗ ਸੜ ਗਿਆ ਸੀ ਤੇ ਮਹਾਰਾਜ ਜੀ ਉਸ ਨੂੰ 1 ਲਖ 10 ਹਜ਼ਾਰ ਰੁਪਏ ਵਿਚ ਵੇਚ ਦੇਣਾ ਚਾਹ ਰਹੇ ਸਨ ਤੇ ਸੌਦਾ ਵੀ ਕਰ ਲਿਆ ਸੀ। ਪਰ ਸਤਿਗੁਰੂ ਜੀ ਨੇ ਜਿਸ ਜੀਪ ਦੀਆਂ ਕਿਸ਼ਤਾਂ ਦੇਣੀਆਂ ਸਨ, ਉਸਨੂੰ ਅਗੇ ਵੇਚਣਾ ਅੱਛਾ ਨਹੀਂ ਸਨ ਸਮਝਦੇ। ਇਸ ਜੀਪ ਦਾ ਫੌਰੀ ਤੌਰ ਅਦਾਯੋਗ 45000 ਰੁ: ਦੀ ਥਾਂ 50,000 ਰੁ: ਇਕੱਠਾ ਕਰਨ ਦਾ ਹੁਕਮ ਤਰਸੇਮ ਸਿੰਘ ਨੂੰ ਸੀ, ਜੋ ਉਹ ਰਕਮ ਦੇ ਆਏ ਹਨ। ਮਹਾਰਾਜ ਜੀ ਨੇ ਲਿਖਿਆ ਸੀ ਕਿ ਜੀਪ 16000 ਕਿਲੋ ਮੀਟਰ ਚਲ ਚੁੱਕੀ ਹੈ, ਬੇਢੰਗੀ ਚਲਾਈ ਗਈ ਹੈ ਤਾਂ ਹੀ ਖਰਾਬ ਹੋਈ ਹੈ। ਜੋ ਸਕੱਤਰ ਜਾ ਕੇ ਪਤਾ ਕੀਤਾ ਤਾਂ ਗੱਲ ਕੋਈ ਖਾਸ ਨਹੀਂ ਸੀ ਪਰ ਮਹਾਰਾਜ ਜੀ ਨੂੰ 50,000 ਰੁ: ਦੇ ਕੇ ਜੀਪ ਭੈ: ਸਾ: ਭੇਜ ਦੇਣ ਲਈ ਆਖਿਆ ਗਿਆ ਹੈ।

ਸੰਤ ਤਰਸੇਮ ਸਿੰਘ ਤੋਂ ਇਹ ਵੀ ਪਤਾ ਲੱਗਾ ਕਿ ਬਾਬਾ ਕਰਨ ਸਿੰਘ (80 ਤੋਂ ਉਪਰ) ਮਿਰਜ਼ਾਪੁਰ ਖੇੜ ਵਾਲਾ 3.11.1985 ਨੂੰ ਗੁਜ਼ਰ ਗਿਆ ਹੈ। ਮਿਰਜ਼ਾਪੁਰ ਵਿਖੇ ਹੀ।



Sri Satguru Jagjit Singh Ji Elibrary NamdhariElibrary@gmail.com

ਮੈਂ ਅੱਜ ਦੋ ਵਾਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਕੋਸ਼ਸ਼ ਕੀਤੀ ਪਰ ਸਫਲਤਾ ਨਾ ਮਿਲੀ। ਸ਼ਾਮਾਂ ਦੇ ਦਿਵਾਨ ਵਿਚ ਮੈਂ ਰਮੇਸ਼ ਨਗਰ ਨਹੀਂ ਜਾ ਸਕਿਆ - ਅੱਜ ਰਾਤੀਂ ਕੋਈ ਸੰਗੀਤ ਦਾ ਪ੍ਰੋਗਰਾਮ ਸੀ ਪਰ ਮੈਂ ਉਸ ਤਕ ਵੀ ਉਡੀਕ ਨਾ ਕਰ ਸਕਿਆ ਕਿਉਂਕਿ ਮੁਖ ਕਲਾਕਾਰ ਨਹੀਂ ਆ ਰਹੇ ਸਨ।

## 7 ਨਵੰਬਰ 1985, ਵੀਰਵਾਰ
## ਨਵੀਂ ਦਿੱਲੀ

ਆਸਾ ਦੀ ਵਾਰ ਦਾ ਕੀਰਤਨ ਕਲਾਕਾਰਾ ਵਲੋਂ ਕੋਠੀ ਪੂਸਾ ਰੋਡ ਵਿਖੇ ਹੀ ਹੋਇਆ। ਸ੍ਰੀ ਸਤਿਗੁਰੂ ਜੀ ਨੇ 6.45 ਸਵੇਰ ਦਾ ਜਹਾਜ਼ ਭੋਪਾਲ ਵਾਸਤੇ ਫੜਨਾ ਹੈ। ਸ. ਅਤਿੰਦਰਪਾਲ ਸਿੰਘ ਨੇ ਬਿਜਲੀ-ਸਮਾਨ ਦੀ ਨਵੀਂ ਦੁਕਾਨ ਦਾ ਉਦਘਾਟਨ ਸ੍ਰੀ ਸਤਿਗੁਰੂ ਜੀ ਦੇ ਹਸਤ ਕਵਲਾਂ ਦੁਆਰਾ ਕਰਵਾਣਾ ਹੈ। ਸਤਿਗੁਰੂ ਜੀ ਦੀ ਤਾਬਿਆ ਸੰਤ ਪੂਰਬਾ ਤੇ ਸ. ਮਨਚੰਦਾ ਹਨ। ਸ਼ਾਮ ਤਕ ਸ੍ਰੀ ਸਤਿਗੁਰੂ ਜੀ ਦੀ ਵਾਪਸੀ ਹੈ।

ਮੈਨੂੰ ਸੰਤ ਤਰਸੇਮ ਸਿੰਘ ਨੇ 6 ਵਜੇ ਕੋਠੀ ਬੁਲਾਇਆ ਹੈ। ਪਰ ਆਪਣੇ ਘਰ ਅਚਾਨਕ ਆਪਣੇ ਦਾਮਾਦ ਕੇਹਰ ਸਿੰਘ ਹਮਰਾਹੀ ਨੂੰ ਵੇਖਕੇ ਹੈਰਾਨੀ ਹੋਈ, ਅਜੇ ਤਾਂ ਪਰਸੋਂ ਹੀ ਉਹ ਘਰ ਪਰਤਿਆ ਸੀ। ਹਮਰਾਹੀ ਨੇ ਕਿਹਾ: ਮੇਰੇ ਪਾਸ ਅੱਜ ਬਹੁਤ ਸਵਖਤੇ ਹੀ ਮੁਹਾਲੀ 890 ਫੇਜ 7 ਵਿਚ ਸੰਤ ਮੰਗਲ ਸਿੰਘ ਚੰਡੀਗੜ੍ਹ ਵਾਲੇ ਆਏ। ਹੁਕਮ ਸੁਣਾਇਆ , ਸੱਚੇ ਪਾਤਸ਼ਾਹ ਦਿੱਲੀ ਯਾਦ ਕਰ ਰਹੇ ਹਨ-6 ਵਜੇ ਤਕ ਜ਼ਰੂਰ ਪਹੁੰਚ ਜਾਓ- ਤੇ ਮੈਂ ਆ ਗਿਆ ਹਾਂ। ਅਸੀਂ ਦੋਵੇਂ ਹੀ 6 ਵਜੇ ਮਿਲਣ ਦੇ ਅਰਥ ਕਢਦੇ ਰਹੇ, ਕੀ ਗੱਲ ਹੋਵੇ! ਫੇਰ ਅਸਾਂ ਛੇਤੀ ਹੀ ਸ਼ਾਂਤ ਹੋ ਗਏ, ਇਹ ਸੋਚਕੇ ਕਿ ਜਦ ਤਕ ਦਰਸ਼ਨ ਨਹੀਂ ਕਰਦੇ ਤਦ ਤਕ ਕੁਛ ਵਾਧੂ ਸੋਚਣ ਦੀ ਲੋੜ ਨਹੀਂ।

ਸ੍ਰੀ ਸਤਿਗੁਰੂ ਜੀ ਸਮੇਂ ਸਿਰ ਪਾਲਮ ਆਣ ਉਤਰੇ, ਪਰ ਜਨਤਾ ਕਾਲੋਨੀ ਰਘਬੀਰ ਨਗਰ ਵਿਚ ਸੰਤ ਪ੍ਰਤਾਪ ਸਿੰਘ ਦੇ ਘਰ ਚਰਨ ਪਾਉਣ ਕਰਕੇ ਰਾਤ ਦੇ 6.45 ਵਜੇ ਹੀ ਕੋਠੀ ਪਧਾਰੇ। ਅਸਾਂ ਦਰਸ਼ਨ ਕਰਕੇ ਅੱਖੀਆਂ ਠਾਰੀਆਂ, ਮਸਤਕ ਨਿਵਾਕੇ ਤਨ ਮਨ ਪਵਿੱਤਰ ਤੇ ਪ੍ਰਫੁਲਤ ਕੀਤਾ। ਮੇਰੇ ਕੈਮਰੇ ਨੂੰ ਸੱਚੇ ਪਾਤਸ਼ਾਹ ਨਿਵਾਜਿਆਂ ਦੁਰਲੱਭ ਸਿਖਾਂ ਨਾਲ ਤਸਵੀਰ ਲੁਹਾਕੇ ਇਕ ਪਾਸੇ ਸੇਠ ਤ੍ਰਲੋਕ ਸਿੰਘ ਦੂਜੇ ਪਾਸੇ ਇੰਗਲੈਂਡ ਵਾਲੇ ਸ. ਹਰਚਰਨ ਸਿੰਘ ਰੰਧਾਵਾ।

ਉੱਪਰ ਪਧਾਰੇ, ਤਾਂ ਆਪ ਜੀ ਨੂੰ, ਨਾਲ ਆਏ ਸ. ਹੰਸਪਾਲ ਜੀ ਅਤੇ ਸ੍ਰੀ ਹਮਰਾਹੀ ਨੂੰ ਆਪਣੇ ਆਰਾਮ ਕਮਰੇ ਵਿਚ ਬੁਲਾਕੇ, ਹਮਰਾਹੀ ਨੂੰ ਆਖਿਆ: ਬਹੁਤ ਲੋਕ ਐਸੇ ਹਨ ਜੁ ਕਹਿੰਦੇ ਹਨ ਕਿ ਮੈਂ ਕੇਹਰ ਸਿੰਘ ਦੀ ਬਹੁਤ ਸਹਾਇਤਾ ਕਰਦਾ ਹਾਂ, ਹਾਲਾਂ ਕਿ ਮੈਨੂੰ ਪਤਾ ਹੈ ਮੈਂ ਓਨਾ ਕੁਛ ਕਰ ਨਹੀਂ ਸਕਿਆ ਜਿਨਾ ਕੁਝ ਮੇਰਾ ਜੀ



Sri Satguru Jagjit Singh Ji Elibrary NamdhariElibrary@gmail.com

ਕਰਦਾ ਸੀ ਅਤੇ ਹੰਸਪਾਲ ਜੀ ਤੋਂ ਕਾਮਰੇਡ ਜਗਜੀਤ ਸਿੰਘ ਅਨੰਦ ਦੇ ਮੋਹਾਲੀ ਵਿਚਲੇ ਇਕ ਪਲਾਟ ਦੀ ਵਿਕਰੀ ਬਾਰੇ ਜ਼ਿਮੇਵਾਰੀ ਸੌਂਪੀ। ਦੋ ਪਲਾਟ ਮਾਤਾ ਜੀ ਦੇ ਨਾਮ ਤੇ ਚੰਡੀਗੜ੍ਹ ਹਨ ਉਨ੍ਹਾਂ ਦੀ ਵਿਕਰੀ ਲਈ ਵੀ ਆਦੇਸ਼ ਦਿੱਤੇ। ਨਾਲ ਹੀ ਹੁਕਮ ਕੀਤਾ: ਮੈਂ ਮੰਗਲ ਸਿੰਘ ਨੂੰ ਚੰਡੀਗੜ੍ਹ ਫੋਨ ਕਰ ਰਿਹਾ ਹਾਂ, ਉਹ ਤੈਨੂੰ ਇਨ੍ਹਾਂ ਪਲਾਟਾਂ ਦੇ ਕਾਗਜ਼ਾਤ ਦੇ ਦੇਵੇਗਾ। ਉਨ੍ਹਾਂ ਦੀਆਂ ਜ਼ਿਮੇਵਾਰੀਆਂ ਤੂੰ ਸੰਭਾਲਣੀਆਂ ਹਨ।

ਸ੍ਰੀ ਸਤਿਗੁਰੂ ਜੀ ਨੇ ਮੈਨੂੰ ਬੁਲਾਕੇ ਸ੍ਰੀਮਤੀ ਉਰਮਿਲਾ- ਲਲਿਤ ਸ਼ੰਕਰ ਭਾਰਦਵਾਜ ਜੋੜੀ, ਜੋ ਆਰ-691 ਨਿਊ ਰਾਜਿੰਦਰ ਨਗਰ ਚੋਂ ਆਏ ਸਨ, ਨੂੰ ਬੈਠਣ ਅਤੇ ਲੋੜੀਂਦਾ ਜਲਪਾਨੀ ਦਾ ਪ੍ਰਬੰਧ ਕਰਵਾਣ ਲਈ ਫਰਮਾਇਆ।

ਹੇਠਲੇ ਹਾਲ ਵਿਚ ਸੰਗੀਤ ਸਭਾ ਦਾ ਪ੍ਰਬੰਧ ਹੋ ਗਿਆ। ਬੀਬੀ ਉਮਾ ਸੰਗੀਤਕਾਰ ਹੈ ਉਹਦਾ ਜੀ ਕਰਦਾ ਸੀ ਕਿ ਸਤਿਗੁਰੂ ਜੀ ਉਸਨੂੰ ਸੁਣਨ ਦੀ ਕ੍ਰਿਪਾ ਕਰਨ ਪਰ ਸੱਚੇ ਪਾਤਸ਼ਾਹ ਜੀ ਨੇ ਏਨਾ ਹੀ ਕਿਹਾ: ਪਹਿਲਾਂ ਸਾਨੂੰ ਹੀ ਸੁਣਨ ਦਾ ਕਸ਼ਟ ਕਰੋ।

7.30 ਵਜੇ ਮੈਂ ਹੇਠਲੇ ਹਾਲ ਵਿਚ ਪਹੁੰਚਾ ਤਾਂ ਸ੍ਰੀ ਸਤਿਗੁਰੂ ਜੀ ਦੇ ਵਿਸ਼ੇਸ਼ ਕਲਾਕਾਰ ਬਲਜੀਤ-ਮੋਹਨ-ਸੁਖਦੇਵ ਚਾਂਦਨੀ ਕੇਦਾਰ ਵਿਚ ਗਾ ਰਹੇ ਸਨ : *ਦੀਕੋ ਧਰ ਕਰ ਲਿਲਾਟ।* ਸਮੇਂ ਨੂੰ ਹੋਰ ਵੀ ਮੁਲਵਾਨ ਕਰ ਰਹੀ ਸੀ ਸ੍ਰੀ ਰਾਜਨ ਸਾਜਨ ਮਿਸ਼ਰਾ ਬੰਧੂਆਂ ਦੀ ਜੋੜੀ। ਜਿਉਂ ਜਿਉਂ ਮੈਂ ਨਜ਼ਰ ਮਾਰਦਾ ਗਿਆ ਸਭ ਦਾ ਮਹੱਤਵ ਹੋਰ ਵੀ ਉਜਾਗਰ ਹੁੰਦਾ ਗਿਆ। ਉਂਜ ਤਾਂ ਸ੍ਰੀ ਸਤਿਗੁਰੂ ਜੀ ਦੀ ਮੌਜੂਦਗੀ ਹੀ ਸਭਨਾਂ ਤੋਂ ਸਿਰਮੌਰ ਹੁੰਦੀ ਹੈ ਪਰ ਜੇ ਆਪ ਜੀ ਨਾਲ ਉਸਤਾਦ ਹਰਭਜਨ ਸਿੰਘ, ਸ੍ਰ. ਗੁਰਦੇਵ ਸਿੰਘ ਸਰੋਦ ਤੇ ਹੋਰ ਗੁਣੀ ਜਨ ਹੋਣ ਤਾਂ ਗੱਲ ਸਭਨਾਂ ਲਈ ਲਾਭਦਾਇਕ ਹੋ ਨਿਬੜਦੀ ਹੈ। ਪਿੰਕੀ ਦੀ ਅਣਹੋਂਦ ਰੜਕਦੀ ਸੀ। ਸੰਗੀਤ ਦੀਆਂ ਅਨੇਕਾਂ ਬੰਦਸ਼ਾਂ ਅਨੇਕਾਂ ਰਾਗ ਅਤੇ ਵਖ ਵਖ ਤਾਲਾਂ ਦਾ ਇਕ ਪਰਵਾਹ ਚਲ ਪਿਆ। ਤਬਲਾ ਕਦੇ ਸੁਖਦੇਵ ਸਿੰਘ ਦੇ ਹੱਥਾਂ ਵਿਚ ਕਦੇ ਹਰਭਜਨ ਸਿੰਘ ਪਾਸ। ਸ੍ਰੀ ਸਤਿਗੁਰੂ ਜੀ ਨੇ ਬੰਦਸ਼ਾਂ ਦੀ ਸੂਚੀ ਅਗੇ ਰੱਖੀ ਹੋਈ ਸੀ। ਉਸਤਾਦ ਭਾਈ ਨਸੀਰ ਜੀ ਦੀਆਂ ਬੰਦਸ਼ਾਂ, ਉਸਤਾਦ ਪਿਆਰਾ ਸਿੰਘ ਦੀਆਂ ਤੇ ਉਸਤਾਦ ਵਲਾਇਤ ਖਾਂ ਦੀਆਂ ਦਿਲਚਸਪ ਸੰਗੀਤ, ਉਠਾਨ ਤੇ ਸ਼ਬਦਾਂ ਵਲੋਂ ਰੰਗ ਬੱਝੀ ਰੱਖਿਆ। 9 ਵੱਜ ਗਏ। ਸਤਿਗੁਰੂ ਜੀ ਇਕ ਨਾਲ ਦੇ ਕਮਰੇ ਵਿਚੋਂ ਫੋਨ ਸੁਣਕੇ ਆਏ ਤਾਂ ਹਰਭਜਨ-ਗੁਰਦੇਵ ਸਿੰਘ ਨੇ ਮਾਲ ਕੌਂਸ ਵਿਚ ਇਕ ਧਰੁਪੱਟ ਪੇਸ਼ ਕੀਤਾ: ਸਬ ਸਾਸਤਕ ਕੋ ਮਤ... ਫੇਰ ਤਾਂ ਜਿਵੇਂ ਸ੍ਰੀ ਸਤਿਗੁਰੂ ਜੀ ਦੀਆਂ ਐਂਟੀਕ ਬੰਦਸ਼ਾਂ ਦੀ ਪਟਾਰੀ ਖੁਲ ਗਈ। ਰਾਜਨ ਨੇ ਕਿਹਾ: ਜਬ ਭੀ ਸਤਿਗੁਰੂ ਜੀ ਕੇ ਪਾਸ ਆਤੇ ਹੈਂ। ਨਈ ਸੇ ਨਈ ਬੜੀਆ ਬੰਦਸ਼ ਸੁਨਨੇ ਕੋ ਮਿਲਤੀ ਹੈ।

ਭਾਰਗਵ ਦੰਪਤੀ ਗਦ ਗਦ ਹੋ ਗਈ। ਜਦ ਤੱਕ ਸੰਗੀਤ ਜਾਰੀ ਰਹਿੰਦਾ ਹੈ ਕੁਛ ਸਰੋਤੇ ਵੀ ਗਿਣ ਲਈਏ: ਠਾਕਰ ਉਦੇ ਸਿੰਘ ਸ੍ਰ. ਐਚ ਐਸ ਰੰਧਾਵਾ ਇੰਗਲੈਂਡ, ਥੋੜ੍ਹੀ ਦੇਰ ਬਾਦ ਸ੍ਰੀ ਭਗਵਾਨ ਦਾਸ ਵਰਮਾ ਔਰੰਗਾਬਾਦ, ਉਪਰੰਤ ਸ੍ਰ. ਹਰਭਜਨ



Sri Satguru Jagjit Singh Ji Elibrary NamdhariElibrary@gmail.com

ਸਿੰਘ ਔਰੰਗਾਬਾਦ ਭੀ ਸ੍ਰ: ਰਾਮ ਰਤਨ ਸਿੰਘ ਤੇ ਉਹਦਾ ਪਰਿਵਾਰ, ਸ੍ਰ. ਜਸਬੀਰ ਸਿੰਘ ਤੇ ਉਹਦਾ ਪਰਵਾਰ ਬੈਂਕੋਕ ਤੋਂ ਬੀਬੀ ਸੁਰਜੀਤ ਤੇ ਪ੍ਰਕਾਸ਼ ! ਸ੍ਰ. ਪ੍ਰੇਮ ਸਿੰਘ ਸੰਤੋਖ ਸਿੰਘ ਦਾ ਸੰਤ ਸੁਖਦਰਸ਼ਨ ਸਿੰਘ ਸਰਸਵਤੀ ਗਾਰਡਨ ਦਾ ਸਾਰਾ ਹੀ ਪਰਵਾਰ। ਸੰਤ ਦਲੀਪ ਸਿੰਘ ਤੇ ਉਹਦਾ ਲੜਕਾ।

ਰਾਤ ਦੇ 10 ਵਜੇ ਹੀ ਇਸ ਕਮਰੇ ਨੂੰ ਸਾਡੇ ਤੋਂ ਛੁੱਟੀ ਮਿਲੀ।

## 8 ਨਵੰਬਰ 1985 ਸ਼ੁਕਰਵਾਰ
## ਨਵੀਂ ਦਿੱਲੀ

ਆਸਾ ਦੀ ਵਾਰ ਅੱਜ ਵੀ ਲਗ ਗਈ ਭਾਵੇਂ ਸ੍ਰੀ ਸਤਿਗੁਰੂ ਜੀ ਹਵਾਈ ਸਫਰ ਦੁਆਰਾ ਲੁਧਿਆਣਾ ਜਾਣ ਵਾਲੇ ਸਨ। ਜਥੇਦਾਰ ਸੇਵਾ ਸਿੰਘ ਦਿੱਲੀ ਵਾਲਿਆਂ ਦਾ ਜਥਾ, ਉਨ੍ਹਾਂ ਦੀ ਅਗਵਾਈ ਵਿਚ ਵਾਰੇ ਢੰਗ ਦਾ ਕੀਰਤਨ ਖ਼ੂਬ ਕਰ ਸਕਿਆ। ਸਵੇਰੇ 6 ਵਜੇ ਇਸਦੀ ਸਮਾਪਤੀ ਹੋਈ ਤਾਂ ਸ੍ਰੀ ਸਤਿਗੁਰੂ ਜੀ ਦੇ ਇਸ ਲਿਖਤੀ ਹੁਕਮ ਦਾ , ਆਪਣੇ ਸ਼ਬਦਾਂ ਵਿਚ ਸ੍ਰ. ਹੰਸਪਾਲ ਜੀ ਨੇ ਵਰਣਨ ਕੀਤਾ:

ਸਾਰੀ ਦਿੱਲੀ ਵਿਚ ਕਾਲੋਨੀਵਾਰ ਜਥੇਬੰਦ ਹੋ ਕੇ ਪਾਠ ਕਰੋ।

ਇਕ ਦੂਜੇ ਨੂੰ ਉਤਸ਼ਾਹਤ ਕਰੋ ਪਾਠਾਂ ਲਈ। ਹਰ ਮਹੀਨੇ ਜੋੜ ਕਰਕੇ ਜਿਸ ਕਾਲੋਨੀ ਦੇ ਵੱਧ ਹੋਣ ਉਸਨੂੰ ਇਨਾਮ ਜਾਂ ਸਤਿਕਾਰਿਆ ਜਾਵੇ।

ਕਿਸ ਕਾਲੋਨੀ ਵਿਚ ਕਿਨੇ ਪਾਠੀ ਹਨ। ਇੱਕ ਸਤਿਕਾਰ, ਦੂਜੇ ਕਿਨੇ ਪਾਠ ਕੀਤੇ।

ਉਪਰੰਤ ਕੁਛ ਮਿੰਟ ਸ੍ਰ. ਹੰਸਪਾਲ ਜੀ ਨੇ ਦਿੱਲੀ ਦੇ ਮੁਖੀ ਸਿੰਘਾਂ ਨਾਲ ਬੈਠਕੇ ਕਲੋਨੀ ਵਾਰ ਪ੍ਰੋਗਰਾਮ ਉਲੀਕੇ।

ਸ੍ਰੀ ਸਤਿਗੁਰੂ ਜੀ ਉਠਦਿਆਂ ਸਾਰ ਹੀ ਏਅਰ ਪੋਰਟ ਵਲ ਪਧਾਰੇ ਅਤੇ ਹੁਣ 13-14 ਨਵੰਬਰ ਤਕ ਸ੍ਰੀ ਭੈਣੀ ਸਾਹਿਬ ਨੂੰ ਨਿਵਾਜਣਾ ਹੈ।

## 10 ਨਵੰਬਰ 1985 ਐਤਵਾਰ
## ਸ੍ਰੀ ਭੈਣੀ ਸਾਹਿਬ ਪੰਜਾਬ

ਕਲ ਬਾਅਦ ਦੁਪਹਿਰ ਅਚਾਨਕ ਆਪਣੇ ਘਰ ਗੁਰੂ ਕੇ ਡਰਾਈਵਰ ਗੁਰਮੁਖ ਸਿੰਘ ਤੇ ਨਾਮਧਾਰੀ ਕਾਲੋਨੀ ਨੰ: 7 ਦੇ ਸੰਤ ਦਿਆਲ ਸਿੰਘ ਨੂੰ ਵੇਖਕੇ ਮੈਂ ਹੈਰਾਨ ਰਹਿ ਗਿਆ ਤੇ ਨਾਲ ਹੀ ਪ੍ਰਸੰਨ ਵੀ ਹੋਇਆ। ਤੁਹਾਡਾ ਆਉਣਾ ਮੁਬਾਰਕ, ਪਰ ਸੁਖ ਤੇ ਹੈ ਨ?



Sri Satguru Jagjit Singh Ji Elibrary NamdhariElibrary@gmail.com

"ਜੀ ਸਭ ਸੁਖ ਹੈ। ਕਲ ਸੱਚੇ ਪਾਤਸ਼ਾਹ ਜਾਂਦੀ ਵਾਰ ਤੁਹਾਨੂੰ 10 ਤਾਰੀਖ ਭੈਣੀ ਸਾਹਿਬ ਪੁੱਜਣ ਦੀ ਪੱਕੀ ਕਰ ਗਏ ਹਨ। ਮੈਨੂੰ ਇਹ ਸੁਨੇਹਾ ਦੇਣ ਲਈ ਬਲਦੇਵ ਸਿੰਘ ਹਜ਼ੂਰੀ ਸੇਵਕ ਪੱਕੀ ਕਰ ਗਿਆ ਸੀ।"

ਤੇ ਅੱਜ ਸਵੇਰੇ 6.30 ਵਜੇ ਦਾ ਘਰੋਂ ਨਿਕਲਿਆ ਹੋਇਆ 3 ਵਜੇ ਬਾਅਦ ਦੁਪਹਿਰ ਕਟਾਣੀ ਦੇ ਅੱਡੇ ਤੇ ਆਣ ਉਤਰਿਆ। ਸਬੱਬ ਨਾਲ ਸ. ਗੁਰਬਚਨ ਸਿੰਘ ਜਲੰਧਰ ਦਾ ਸਪੁੱਤਰ ਮਹਿੰਦਰ ਸਿੰਘ ਜੀਪ ਲਈ ਆਉਂਦਾ ਮਿਲ ਪਿਆ ਤੇ ਮੈਂ ਅਗਲੇ 10 ਮਿੰਟਾਂ ਵਿਚ ਸ੍ਰੀ ਭੈਣੀ ਸਾਹਿਬ ਜਾ ਪਹੁੰਚਾ। ਸਾਰਾ ਸੰਤ ਗੁਰਬਚਨ ਸਿੰਘ ਪਰਵਾਰ ਗੁਰੂ ਕੇ ਦਰਸ਼ਨ ਪਰਸਨ ਆਇਆ ਹੋਇਆ ਸੀ।

ਸੰਤ ਪੂਰਬਾ ਦੇ ਘਰ-ਬੂਹੇ ਪਾਸ ਖਲੋਤੇ ਮੈਨੂੰ ਪੰ: ਗੋਪਾਲ ਸਿੰਘ ਵੀ ਮਿਲ ਪਏ। ਉਹ ਕਾਫ਼ੀ ਪ੍ਰਸੰਨ ਸਨ। ਕੋਲ ਸਨ ਉਨ੍ਹਾਂ ਦੇ ਸਪੁੱਤਰ ਸ੍ਰੀ ਜਗਮੋਹਣ ਸਿੰਘ ਅਤੇ ਸ੍ਰੀ ਨਰਿੰਦਰ ਸਿੰਘ।

ਸਤਿਗੁਰੂ ਜੀ ਦੇ ਏਥੇ ਦਰਸ਼ਨ ਦੇਣ ਕਾਰਨ ਕਾਫ਼ੀ ਚਹਿਲ ਪਹਿਲ ਹੈ। ਹੋਰ ਵੀ ਕਈ ਸਰੀਰ ਦਰਸ਼ਨਾਂ ਲਈ ਆਏ ਹੋਏ ਸਨ।

ਜਿਉਂ ਹੀ ਮੈਂ ਆਗਤ-ਭਾਗਤ ਵਾਲੇ ਵਰਾਂਡੇ ਵਿਚ ਗਿਆ। ਬੀਬੀ ਸਵਰਨ ਕੌਰ ਸੁਪਤਨੀ ਸਵਰਗਵਾਸੀ ਸੰਤ ਸ਼ਿੰਗਾਰਾ ਸਿੰਘ ਨੇ ਮੇਰਾ ਸੁਆਗਤ ਮੁਸਕਰਾ ਕੇ ਕੀਤਾ। ਤਿੰਨ ਮਹੀਨੇ ਪਹਿਲਾਂ ਉਸਦਾ ਪਤੀ ਪੂਰਾ ਹੋ ਗਿਆ ਸੀ। ਉਹ ਚਾਹੁੰਦੀ ਸੀ ਉਹਨੂੰ ਹੁਣ ਆਗਤ-ਭਾਗਤ ਦੀ ਸੇਵਾ ਨਾ ਮਿਲੇ ਪਰ ਮਾਤਾ ਜੀ ਨੂੰ ਪਤਾ ਸੀ ਕਿ ਉਹਦੇ ਲਈ ਇਹੋ ਥਾਂ ਠੀਕ ਰਹੇਗੀ। ਅਤੇ ਹੁਣ ਉਹ ਸੰਤਾਂ ਦੀ ਯਾਦ ਵਿਚ ਰਹਿੰਦੀ ਸੇਵਾ ਕਾਰਜ ਕਰ ਰਹੀ ਹੈ। ਪਹਿਲੀ ਵਾਰ ਤਾਂ ਮੈਨੂੰ ਵੀ ਇੰਜ ਲਗਾ ਜਿਵੇਂ ਸੰਤ ਜੀ ਕਰਨਾਲ ਗਏ ਹੋਣ।

ਬੀਬੀ ਨੇ ਮੇਰਾ ਸੁਆਗਤ ਗਰਮ ਗਰਮ ਦੁੱਧ ਤੇ ਕੜਾਹ ਪ੍ਰਸ਼ਾਦ ਨਾਲ ਕੀਤਾ। ਬੀਬੀ ਨੇ ਦੱਸਿਆ ਭੈਣੀ ਸਾਹਿਬ ਦੀਆਂ ਬੀਬੀਆਂ ਨੇ ਐਤਕਾਂ ਪੂਰੇ 40 ਦਿਨ ਜਾਪ ਪ੍ਰਯੋਗ ਕੀਤਾ ਹੈ। ਵੇਲੇ ਸਿਰ ਉਠ, ਸਕੇਸ ਸ਼ਨਾਨ ਕਰ ਬੀਬੀਆਂ 2 ਵਜੇ ਸਵੇਰ ਨਾਮ ਸਿਮਰਨ ਲਈ ਬੈਠ ਜਾਂਦੀਆਂ। ਉਹਦੀ ਭਤੀਜੀ ਬੀਬੀ ਵੀਰਾਂ ਇਸ ਜਥੇ ਦੀ ਆਗੂ ਸੀ। ਅੱਜ ਹੀ ਉਸ ਪ੍ਰਯੋਗ ਦਾ ਭੋਗ ਪਾਇਆ ਗਿਆ ਹੈ। ਸਵੇਰੇ 27 ਕਿਲੋ ਦੇਸੀ ਘਿਉ ਦਾ ਕੜਾਹ ਪ੍ਰਸ਼ਾਦ ਤਿਆਰ ਕਰਵਾਇਆ ਸੀ। ਖੂਬ ਵੰਡਿਆ ਗਿਐ। ਤੁਹਾਡੇ ਕਰਮਾਂ ਨੂੰ ਇਹ ਪਿਆ ਸੀ। ਬੀਬੀਆਂ ਨੇ ਸਤਿਗੁਰੂ ਜੀ ਨੂੰ 500 ਰੁਪਏ ਅਤੇ ਕੁਛ ਬਸਤਰ ਵੀ ਭੇਟ ਕੀਤੇ ਹਨ।

ਇਸ ਤਰ੍ਹਾਂ ਐਤਕਾਂ ਜਪ ਪ੍ਰਯੋਗ ਦਾ ਘੇਰ੍ਹਾ ਪਹਿਲਾਂ ਵਾਂਗ ਹੀ ਵਿਸ਼ਾਲ ਰਿਹਾ।

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਨਾਮ ਸਿਮਰਨ ਸਮੇਂ ਦਿਵਾਨ ਵਿਚ ਜਾ ਕੀਤੇ। ਸੱਚੇ ਪਾਤਸ਼ਾਹ ਸਫੈਦ ਬਸਤਰਾਂ ਵਿਚ ਸਜੇ ਆਸਣ ਤੇ ਸੋਭਾਇਮਾਨ ਸਨ। ਕੋਲ ਤਰਸੇਮ ਸਿੰਘ ਸਕੱਤਰ ਪੰ: ਗੋਪਾਲ ਸਿੰਘ ਅਤੇ ਸੰਤ ਪੂਰਬਾ ਹਾਜ਼ਰ ਸਨ। ਹੋਰ ਸਿਖਾਂ ਤੋਂ ਇਲਾਵਾ ਅੱਜ ਸ੍ਰ: ਸੂਰਤ ਸਿੰਘ ਅੰਮ੍ਰਿਤਸਰੀ ਅਤੇ ਉਨ੍ਹਾਂ ਦਾ ਸਪੁੱਤਰ ਸ੍ਰ ਅਵਤਾਰ



Sri Satguru Jagjit Singh Ji Elibrary NamdhariElibrary@gmail.com

ਸਿੰਘ ਤਬਲਾਵਾਦਕ ਵੀ ਮੌਜੂਦ ਸਨ। ਅਵਤਾਰ ਸਿੰਘ ਸਰੀਰ ਵਲੋਂ ਸੁਤਿਆ ਹੋਇਆ ਮਾੜਾ-ਮਾੜਾ ਜਿਹਾ ਲਗਦਾ ਸੀ। ਮਾਤਾ ਜੀ ਬੀਬੀਆਂ ਵਿਚ ਸਸ਼ੋਭਤ ਸਨ। ਹੋਰ ਸੰਗਤ ਦੀ ਗਿਣਤੀ 200 ਹੋਵੇਗੀ।

4 ਵਜੇ ਨਾਮ ਸਿਮਰਨ ਦੀ ਅਰਦਾਸ ਹੋਈ ਤਾਂ ਅੱਜ ਸੰਤ ਹਰਦੇਵ ਸਿੰਘ ਮਸਤਾਨਾ ਦੀ ਅਰਜ਼ ਤੇ ਛੋਟੇ ਬੱਚਿਆਂ ਤੋਂ ਕੀਰਤਨ ਸੁਣਿਆ ਗਿਆ। 13 ਸਾਲ ਤੋਂ ਘੱਟ ਉਮਰ ਦੇ ਲਗਭਗ ਢਾਈ ਦਰਜਨ ਬੱਚਿਆਂ ਨੇ ਸ੍ਰੀ ਸਤਿਗੁਰੂ ਜੀ ਦੇ ਸੌਹੇਂ ਬੈਠ ਸ਼ਬਦ ਸੁਣਾਏ। ਇਹਨਾਂ ਦੀਆਂ 12 ਜੋੜੀਆਂ ਸਨ। ਉਤਸਾਦ ਮਹਿੰਦਰ ਸਿੰਘ ਦੇ ਸਿਖਾਏ ਹੋਏ, ਹਰਦੇਵ ਸਿੰਘ ਦੇ ਪ੍ਰਬੰਧ ਵਿਚ ਆਏ ਹੋਏ ਬੱਚਿਆਂ ਨੇ ਚੰਗੀ ਦਿਲਚਸਪੀ ਬਣਾਈ ਰੱਖੀ। ਇਹਨਾਂ ਚੋਂ ਵਧੇਰੇ ਸੁਰ ਇਕੋ ਹਰਮੋਨੀਅਮ ਤੇ ਦੋਹਾਂ ਸਮਤਲਾਂ ਨੂੰ ਨਾਲ ਨਾਲ ਵਜਾਂਦੇ, ਅਰਥਾਤ ਦੋਵੇਂ ਬੱਚੇ ਇਕੋ ਸਮੇਂ ਇਕੋ ਵਾਜੇ ਦਾ ਇਸਤਮਾਲ ਕਰਦੇ। ਇਹ ਬੱਚੇ ਭੈਣੀ ਸਾਹਿਬ ਵਿਚ ਰਹਿੰਦੇ, ਸੇਵਾ ਕਰਦੇ ਮਾਤਾ ਪਿਤਾਵਾਂ ਦੇ ਸਨ। ਸਤਿਗੁਰੂ ਜੀ ਨੇ ਪੂਰਾ ਘੰਟਾ ਬੱਚਿਆਂ ਦਾ ਨਿਰੀਖਿਆਣ ਕੀਤਾ, ਸੁਣਿਆ।

ਆਰੰਭ ਗੁਰੂ ਕੇ ਡਰਾਈਵਰ ਗੁਰਮੁਖ ਸਿੰਘ ਦੇ ਲੜਕੇ ਗੁਰਦਿਤ ਸਿੰਘ ਤੋਂ ਹੋਇਆ। ਉਸਦਾ ਸ਼ਬਦ ਮਾਲਕੌਂਸ ਵਿਚ ਸੀ:

ਦੂਜਾ ਜਥਾ ਗੁਰਮੇਲ ਸਿੰਘ ਤੇਜਿੰਦਰ ਸਿੰਘ ਦਾ, ਜਿਸ ਨਾਲ ਸ੍ਰੀ ਦੀਦਾਰ ਸਿੰਘ ਨੇ ਤਬਲਾ ਵਜਾਇਆ। ਸ਼ਬਦ ਸੀ: ਸਾਧੋ ਮਨ ਕਾ ਮਾਨ ਤਿਆਗੋ। ਰਾਗ ਇਹਨਾਂ ਦਾ ਵੀ ਮਾਲਕੌਂਸ ਸੀ।

ਤੀਜਾ ਜਥਾ ਡਰਾਈਵਰ ਰਘੁਬੀਰ ਸਿੰਘ ਦਾ ਲੜਕਾ ਪੂਰਨ ਸਿੰਘ ਉਮਰ 13 ਸਾਲ ਅਤੇ ਸ੍ਰੀ ਪੂਰਨ ਸਿੰਘ ਦਾ ਗੁਰਮੇਲ ਸਿੰਘ। ਇਹਨਾਂ ਗੰਵਿਆਂ, *"ਰਾਮ ਸਿਮਰਿ ਰਾਮ ਸਿਮਰਿ ਇਹੈ ਤੇਰੈ ਕਾਜਿ ਹੈ।"*

ਚੌਥਾ ਜਥਾ, ਗੁਰਮੁਖ ਸਿੰਘ ਸਪੁੱਤਰ ਗੁਰਬਚਨ ਸਿੰਘ ਤੇ ਇਕ ਹੋਰ ਲੜਕਾ। ਇਕੋ ਵਾਜੇ ਤੇ ਦੋਹਾਂ ਨੇ ਦੋ ਵੱਖ ਵਖ ਸਪਤਕਾਂ ਵਜਾਂਦਿਆਂ ਮਾਲਕੌਂਸ ਵਿਚ ਹੀ ਪੜ੍ਹਿਆ: *ਬਿਸਰ ਗਈ ਸਭ ਤਾਤ ਪਰਾਈ।*

ਪੰਜਵਾਂ ਜਥਾ ਬਲਤੇਜ ਸਿੰਘ ਸੇਵਕ ਦਾ ਸੀ ਗੁਰਦੀਪ ਸਿੰਘ ਅਤੇ ਇਕ ਹੋਰ ਸਾਥੀ: ਸ਼ਬਦ ਗੰਵਿਆਂ: *ਕਰਿ ਕਿਰਪਾ ਪੂਰਨ ਕਿਰਪਾਲਾ।*

ਛੇਵੇਂ ਜਥੇ ਨੇ ਵੀ ਡਬਲ ਸਪਤਕ ਦੀ ਵਰਤੋਂ ਕਰਦਿਆਂ ਗਾਇਆ: *"ਊਠਤ ਸੁਖੀਆ, ਬੈਠਤ ਸੁਖੀਆ।"*

ਸਤਵਾਂ ਜਥਾ: ਸੰਤ ਦਰਸ਼ਨ ਸਿੰਘ ਮਹੰਤ (ਵਿਰਕਾਂ ਵਲ ਵਿਵਾਹਤ) ਦਾ ਲੜਕਾ ਅਤੇ ਇਕ ਹੋਰ। ਸ਼ਬਦ *"ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ।"*

ਅਠਵਾਂ ਜਥਾ ਸਤਨਾਮ ਸਿੰਘ ਲਾਂਗਰੀ, ਗੁਰਦੇਵ ਸਿੰਘ ਅਤੇ ਸੰਤ ਮਹਿੰਦਰ ਸਿੰਘ ਪੂਰਬੇ ਦੇ ਲੜਕੇ। ਅੰਗ ਰਖਿਅਕ ਕਰਨੈਲ ਸਿੰਘ ਦਾ ਲੜਕਾ ਹਰੇਕ ਨਾਲ ਤਬਲਾ ਵਜਾਂਦਾ ਰਿਹਾ।



Sri Satguru Jagjit Singh Ji Elibrary NamdhariElibrary@gmail.com

ਨਾਵਾਂ ਜਥਾ: ਅਵਤਾਰ ਸਿੰਘ ਟੈਲੀਫੂਨ ਦਾ ਸਪੁੱਤਰ। ਇਸਨੇ ਪੜ੍ਹਿਆ : *ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ।*

ਦਸਵਾਂ ਜਥਾ: ਆਓ ਭਾਗਤ ਵਾਲੇ ਕਸ਼ਮੀਰ ਸਿੰਘ ਦਾ ਲੜਕਾ। *ਕਵਨ ਸੰਜੋਗ ਮਿਲਉ ਪ੍ਰਭ ਅਪਨੇ,* ਇਹਦਾ ਸ਼ਬਦ ਸੀ।

ਗਿਆਰਵਾਂ ਜਥਾ: ਬੀਬੀ ਸਰਹਾਲੀ ਵਾਲੀ ਦਾ ਲੜਕਾ ਸਿਘ ਅਤੇ ਹੋਰ।

ਸ੍ਰੀ ਸਤਿਗੁਰੂ ਜੀ ਉਸਤਾਦ ਮਹਿੰਦਰ ਸਿੰਘ 'ਤੇ ਬੜੇ ਪ੍ਰਸੰਨ ਸਨ ਕਿਉਂਕਿ ਲਗਭਗ ਢਾਈ ਦਰਜਨ ਬੱਚੇ ਸੰਗੀਤ ਨੂੰ ਮੂੰਹ ਮਾਰਨ ਲਗ ਪਏ ਸਨ। ਬੱਚੇ ਸੁਰ ਤਾਲ ਅਤੇ ਲੈਅ ਵਿਚ ਗਾਉਂਦੇ ਰਹੇ। ਮਹਿੰਦਰ ਸਿੰਘ ਨੂੰ ਆਵਾਜ਼ ਪਈ, ਪਰ ਉਹ ਮੌਕੇ ਤੇ ਨਹੀਂ ਸੀ। ਪਰ ਉਸਦੇ ਸ਼ਾਗਿਰਦਾਂ ਦੇ ਕੰਮ ਨੇ ਸਹੀ ਹਾਜ਼ਰੀ ਲੁਆ ਦਿੱਤੀ।

ਪੂਰੇ 5 ਵਜੇ ਦਿਵਾਨ ਸਮਾਪਤੀ ਦੀ ਅਰਦਾਸ ਹੋ ਗਈ।

ਦਿਵਾਨ ਚੋਂ ਉਠ ਕੇ ਜਾਂਦਿਆਂ ਨੂੰ ਸ੍ਰ: ਕੁਲਦੀਪ ਸਿੰਘ ਸ਼ੁਤਰਾਣਾ, ਸੰਪਾਦਕ 'ਭਰੋਸੇ ਦਾ ਪ੍ਰਤੀਕ' ਮੰਡੀ ਗੋਬਿੰਦਗੜ੍ਹ ਮਿਲ ਪਿਆ। ਉਹ ਆਪਣੀ ਸੁਪਤਨੀ ਤੇ ਛੋਟੇ ਬੱਚੇ ਨਾਲ ਗੁਰੂ ਕੇ ਦਰਸ਼ਨਾਂ ਨੂੰ ਆਇਆ ਸੀ। ਚਾਰ ਬਜ਼ੁਰਗ ਨਿਹੰਗ ਸਿੰਘ ਭੀ ਦਿਵਾਨ ਵਿਚੋਂ ਵਿਹਲੇ ਹੋ ਡੇਰੇ ਦੀ ਭਾਲ ਵਿਚ ਚੜ੍ਹ ਪਏ।

## 11 ਨਵੰਬਰ 1985, ਸੋਮਵਾਰ
## ਸ੍ਰੀ ਭੈਣੀ ਸਾਹਿਬ

ਗੁਰੂ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਸੰਤ ਹਰਬੰਸ ਸਿੰਘ ਘੁੱਲਾ ਤੇ ਉਹਦੇ ਸਹਿਯੋਗੀਆਂ ਨੇ ਲਗਾਈ। ਘੁੱਲੇ ਪਾਸ ਦਿਲਰੁਬਾ, ਸੁਖਦੇਵ ਸਿੰਘ ਤੇ ਮੋਹਣ ਸਿੰਘ ਅਤੇ ਇਕ ਹੋਰ ਜਣਾ, ਤਿਨ ਜੋੜੀਆਂ ਵਾਲੇ। ਸ੍ਰੀ ਸਤਿਗੁਰੂ ਜੀ ਆਪ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸਾਧ ਸੰਗਤ ਦੀ ਇਸ ਵੇਲੇ ਸਵੇਰੇ ਹੀ ਹਾਜ਼ਰੀ 200 ਤੋਂ ਵੱਧ ਸੀ। ਸਤਿਗੁਰੂ ਜੀ ਦਾ ਹੀ ਪ੍ਰਭਾਵ ਹੈ ਕਿ 5 ਵਜੇ ਸਵੇਰੇ ਵੀ ਭਰਪੂਰ ਹਾਜ਼ਰੀ ਹੋਵੇ।

ਮੈਨੂੰ ਸਕੱਤਰ ਸਾਹਿਬ ਵਲੋਂ ਸੁਨੇਹਾ ਮਿਲਿਆ ਕਿ ਭੋਗ ਪੈਂਦਿਆਂ ਹੀ 6.45 ਵਜੇ ਲੁਧਿਆਣੇ ਨੂੰ ਤੁਰ ਪੈਣਾ ਹੈ। ਕੈਮਰਾ ਤੇ ਟੇਪ ਰਿਕਾਰਡਰ ਨਾਲ ਲੈ ਕੇ ਚੱਲਾਂ। ਬਾਅਦ ਵਿਚ ਜੋ ਸੁਣਿਆ ਵੇਖਿਆ ਉਹਦੀ ਕਹਾਣੀ ਇਹ ਹੈ:

ਜੜਾਂ ਵਾਲੀਏ ਨਾਮਧਾਰੀ ਖਾਨਦਾਨ, ਜੋ ਲੁਧਿਆਣੇ ਵਿਚ ਵਸਦੇ ਹਨ, ਅਤੇ ਜਿਨ੍ਹਾਂ ਚੋਂ ਇਕ ਸੰਤ ਗੁਰਮੁਖ ਸਿੰਘ ਲਗਾਤਾਰ ਗੁਰੂ ਕੇ ਸੰਪਰਕ ਵਿਚ ਰਿਹਾ , ਨੇ ਸ੍ਰ ਸਾਧੂ ਸਿੰਘ ਸਤਿਗੁਰੂ ਜੀ ਦੇ ਅਨਿੰਨ ਪ੍ਰੇਮੀ, ਆਪਣੇ ਛੋਟੇ ਭਾਈ ਨਾਲ ਮਿਲਕੇ ਟਿੱਬੇ ਵਾਲੇ ਖੂਹ ਤੇ ਪ੍ਰਯੋਗ ਸਮੇਂ ਬੇਨਤੀ ਕੀਤੀ ਸੀ ਕਿ ਉਹਨਾਂ ਦੇ ਘਰੀਂ ਚਰਨ ਪਾਏ ਜਾਣ।



Sri Satguru Jagjit Singh Ji Elibrary NamdhariElibrary@gmail.com

ਸ: ਸਾਧੂ ਸਿੰਘ ਚਾਹੁੰਦਾ ਸੀ ਕਿ ਬਾਕੀ ਪਰਵਾਰ ਨੂੰ ਵੀ ਨੇੜੇ ਲਾਇਆ ਜਾਇ। ਇਸ ਬੇਨਤੀ ਦੇ ਆਧਾਰ ਤੇ ਅੱਜ ਸੱਚੇ ਪਾਤਸ਼ਾਹ ਲੁਧਿਆਣੇ ਪਧਾਰੇ। ਸਵੇਰੇ ਦੇ 7.20 ਵਜੇ ਹੋਣਗੇ। ਸੰਗੀਤ ਸਿਨਮਾ ਦੇ ਨਾਲ ਸ. ਸੰਤੋਖ ਸਿੰਘ (ਸਭ ਤੋਂ ਵੱਡੇ ਭਾਈ) ਦੇ ਪੋਰਚ ਅਤੇ ਵਰਾਂਡੇ ਵਿਚ ਨਾਮਧਾਰੀ ਨਰ-ਨਾਰੀਆਂ ਦੀ 200 ਦੇ ਲਗਭਗ ਹਾਜ਼ਰੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਹਿਤ ਢੁਕੀ ਸੀ।

ਸਕੱਤਰ ਤਰਸਮੇ ਸਿੰਘ, ਪੰ: ਗੁਪਾਲ ਸਿੰਘ ਅਤੇ ਸੰਤ ਪੂਰਬਾ, ਸੰਤ ਗੁਰਮੁਖ ਸਿੰਘ ਦੀ ਕਾਰ ਵਿਚ ਸਵਾਰ, ਮੈਨੂੰ ਵੀ ਨਾਲ ਲਈ, ਸ. ਸ਼ਰਨਜੀਤ ਸਿੰਘ ਦੀ ਡਰਾਈਵਿੰਗ ਨਾਲ ਇਸੇ ਕੋਠੀ ਪੁੱਜੇ। ਜਿਥੇ ਵਿਹੜੇ ਵਿਚ ਕਾਰਾਂ ਜੀਪਾਂ ਤੇ ਸਾਧ ਸੰਗਤ ਦਾ ਤਕੜਾ ਇਕੱਠ ਸੀ।

ਸ੍ਰੀ ਸਤਿਗੁਰੂ ਜੀ ਇਕ ਸੋਫੇ ਤੇ ਵਿਰਾਜਮਾਨ ਸਨ ਤੇ ਸ੍ਰੀ ਚਰਨਾਂ ਤੇ ਸੰਗਤ ਸ਼ਰਧਾ ਪੂਰਵਕ ਸਿਰ ਝੁਕਾਏ ਤੇ ਮਾਇਆ ਮੱਥਾ ਟੇਕੀ ਜਾ ਰਹੀ ਸੀ।

ਵਿਦਿਅਕ ਜਥਿਆਂ ਦੇ ਮੁਖੀ ਸੰਤ ਦਲੀਪ ਸਿੰਘ ਦੀ ਸੇਵਾ ਬ੍ਰਿਤੀ ਨੇ ਏਥੇ ਵੀ ਉਹਨਾਂ ਨੂੰ ਜ਼ਿਮੇਵਾਰੀ ਲੈ ਦਿੱਤੀ। ਸੰਗਤ ਨੂੰ ਉਹ ਢੰਗ ਨਾਲ ਮਥਾ ਟਿਕਵਾ ਰਹੇ ਸਨ।

ਜਣਾਂ ਵਾਲੀਏ ਭਰਾਵਾਂ ਦੇ ਵੱਡੇ ਭ੍ਰਾਤਾ ਸ: ਸੰਤੋਖ ਸਿੰਘ, 13 ਸਾਲ ਪਿਛੋਂ ਕਿਵੇਂ ਸ੍ਰੀ ਸਤਿਗੁਰੂ ਜੀ ਦੇ ਚਰਨੀਂ ਲੱਗੇ ਤੇ ਮਿਲ ਰਹੇ ਗੁਰੂ ਸਿੱਖਾਂ ਨੇ ਪਰਸਪਰ ਕੀ ਮੁਢਲੇ ਸ਼ਬਦ ਵਟਾਏ, ਇਹ ਤਾਂ ਪਤਾ ਨਹੀਂ ਲਗਾ ਪਰ ਸ. ਸੰਤੋਖ ਸਿੰਘ ਅਜ ਅੰਦਰੋਂ ਬਾਹਰੋਂ ਭਰਪੂਰ ਦਿਸਦਾ ਸੀ। ਉਹ ਓਨਾ ਚਿਰ ਅਬੋਲ ਗੁਰੂ ਕੇ ਚਰਨਾਂ ਦੇ ਆਸ ਪਾਸ ਖਲੋਤਾ ਰਿਹਾ ਜਿੰਨਾ ਚਿਰ ਸੱਚੇ ਪਾਤਸ਼ਾਹ ਏਥੇ ਰਹੇ।

ਲੁਧਿਆਣਾ ਦੇ ਸੰਤ ਦਰਸ਼ਨ ਸਿੰਘ ਤੇ ਹੋਰ ਸਾਰੀ ਸੰਗਤ, ਗਢਵੇ ਦੇ ਸੰਤ ਕੁਲਦੀਪ ਸਿੰਘ ਤੇ ਹੋਰ ਪਰਵਾਰ ਜੁ ਹੁਣ ਲੁਧਿਆਣੇ ਦੇ ਵਸਨੀਕ ਹੋਏ ਪਏ ਹਨ, ਮੰਡੀ ਦੇ ਪਰਵਾਰ ਵੀ ਜਿਨ੍ਹਾਂ ਲੁਧਿਆਣਾ ਨੂੰ ਆਪਣਾ ਨਿਵਾਸ ਬਣਾ ਲਿਆ ਹੈ- ਸਾਰੇ ਹੀ ਗੁਰੂ ਕੇ ਦਰਸ਼ਨਾਂ ਨੂੰ ਆਏ।

ਮੈਨੂੰ ਝੁਠਿਆਂ ਪਾਉਣ ਵਾਲੀ ਗੱਲ ਇਹ ਹੋਈ ਕਿ ਨਾ ਤਾਂ ਮੇਰਾ ਕੈਮਰਾ ਅਤੇ ਨਾ ਹੀ ਟੇਪ ਰਿਕਾਰਡਰ ਮੌਕੇ ਤੇ ਕੰਮ ਕਰ ਰਹੇ ਸਨ। ਨਵੇਂ ਖਰੀਦੇ ਸੈਲ ਵੀ ਬੇਅਸਰ ਹੋ ਗਏ। ਫੇਰ ਮੰਗਵਾਏ ਤਾਂ ਫਿਲਮ ਖ਼ਤਮ, ਹੋਰ ਕੋਲ ਨਹੀਂ ਸੀ। ਭਲਾ ਹੋਵੇ ਰਹਿਬਰ ਗੁਰਮੁਖ ਸਿੰਘ ਦਾ ਉਹ ਮੇਰੇ ਕੰਮ ਆਏ। ਫਿਲਮ ਆ ਗਈ ਤੇ ਮੈਂ ਕੁਛ ਸਨੈਪ ਲੈ ਸਕਿਆ।

ਨਮਸਕਾਰਾਂ ਉਪਰੰਤ ਸ੍ਰੀ ਸਤਿਗੁਰੂ ਜੀ ਨੂੰ ਸ: ਸੰਤੋਖ ਸਿੰਘ ਆਪਣੀ ਵਰਕਸ਼ਾਪ ਵਿਚ ਚਰਨ ਪੁਆਣ ਲੈ ਗਏ।

ਅਤੇ ਫਿਰ ਸ੍ਰੀ ਸਤਿਗੁਰੂ ਜੀ ਮਾਤਾ ਜੀ ਤੇ ਨਾਲ ਆਏ ਜਥੇ ਦਾ ਜਲਪਾਨ ਸੰਤ ਗੁਰਮੁਖ ਸਿੰਘ ਕੇ ਘਰ ਹੋ ਗਿਆ। ਇਸ ਮੌਕੇ ਸ. ਸਾਧੂ ਸਿੰਘ ਤੇ ਉਨ੍ਹਾਂ ਦਾ ਲੜਕਾ ਮਨਿੰਦਰ ਬੀਰ ਸਿੰਘ ਉਨ੍ਹਾਂ ਦੀ ਪਤਨੀ ਬੀਬੀ ਸੰਪੂਰਨ ਕੌਰ ਦੋਹਾਂ ਧੀਆਂ ਨਾਲ ਵੀ ਪਹੁੰਚ ਗਏ ਹੋਏ ਸਨ।



Sri Satguru Jagjit Singh Ji Elibrary NamdhariElibrary@gmail.com

ਸ.: ਅਮਰ ਸਿੰਘ (ਸੁਰਗਵਾਸੀ) ਦੇ ਸਪੁੱਤਰ ਸ. ਗੁਲਜ਼ਾਰ ਸਿੰਘ, ਸੁਖਦੇਵ ਸਿੰਘ, ਸ. ਕਰਤਾਰ ਸਿੰਘ ਦਾ ਗੁਰਪਾਲ ਸਿੰਘ, ਜਸਪਾਲ ਸਿਘ ਸ੍ਰ: ਗੁਰਮੁਖ ਸਿੰਘ ਦੇ ਸ਼ਰਨਜੀਤ ਸਿੰਘ ਆਦਿ ਨੌਜਵਾਨ ਬਾਹਰ ਦਰਸ਼ਨ ਜਾਚਕਾਂ ਵਿਚ ਸਨ। ਬਹੁਤਿਆਂ ਨੇ ਸਿੱਧੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ। ਚਿਰਾਂ ਪਿਛੋਂ ਘਰ ਆਏ ਸਤਿਗੁਰੂ ਜੀ ਦਾ ਸਨੇਹ ਜਿੱਤਣ ਦੀ ਕਾਮਨਾ ਸੀ।

ਸਤਿਗੁਰੂ ਜੀ ਦੇ ਬਾਹਰ ਆਇਆਂ, ਫਿਰ ਕਾਫ਼ੀ ਸੰਗਤ ਮੱਥਾ ਟੇਕਣ ਵਾਲੀ ਜੁੜ ਗਈ। ਏਥੇ ਖੁਲ੍ਹੇ ਵਿਚ ਬੈਠਣ ਦਾ ਪ੍ਰਬੰਧ ਸੀ। ਸ. ਗੁਰਮੁਖ ਸਿੰਘ ਤੇ ਹਜ਼ੂਰੀ ਜਥੇ ਨਾਲ ਇਕ ਫੋਟੋਗ੍ਰਾਫ਼ ਏਥੇ ਵੀ ਹੋ ਗਿਆ।

ਉਪਰੰਤ ਸਾਧ ਸੰਗਤ ਆਪਣੇ ਆਪਣੇ ਵਾਹਨਾਂ ਤੇ, ਅਤੇ ਸ੍ਰੀ ਸਤਿਗੁਰੂ ਜੀ ਤੇ ਹਜ਼ੂਰੀ ਜਥਾ 'ਚਾਚੇ ਦੇ ਗੁਰਦੁਆਰੇ' ਨੂੰ ਹੋ ਪਿਆ। ਵੱਡੇ ਖੂਹ ਵਾਲਾ ਤੇ ਵਿਹੜੇ ਵਾਲਾ ਗੁਰਦੁਆਰਾ, ਜਿਦ੍ਹੇ ਵਿਚ ਇਕ ਕਿਸੇ ਬਜ਼ੁਰਗ ਦੀ ਸਮਾਧੀ ਵੀ ਹੈ, ਅੱਜ ਸੱਚੇ ਪਾਤਸ਼ਾਹ ਜੀ ਦੇ ਜਿਵੇਂ ਇੰਤਜ਼ਾਰ ਹੀ ਕਰਦਾ ਸੀ। ਸ੍ਰੀ ਸਤਿਗੁਰੂ ਜੀ ਅੰਦਰ ਪਾਲਕੀ ਪਾਸ ਜਾ ਕੇ ਖਲੋ ਗਏ। ਵਸਤਰ ਭਾਵੇਂ ਵਿਛੇ ਹੋਏ ਸਨ। ਪਰ ਸਤਿਗੁਰੂ ਜੀ ਤੇ ਸਾਧ ਸੰਗਤ ਅੰਦਰ ਖਲੋਤੇ ਹੀ ਹੋਏ ਸਨ ਕਿ ਸ. ਸਾਧੂ ਸਿੰਘ ਜਲੰਧਰ ਨੇ ਜੜ੍ਹਾਂਵਾਲੀਏ ਭਰਾਵਾਂ ਵਲੋਂ ਹੱਥ ਜੋੜ ਬੇਨਤੀ ਕੀਤੀ: 'ਚਾਚੇ ਦਾ ਇਹ ਗੁਰਦੁਆਰਾ ਸ੍ਰੀ ਸਤਿਗੁਰੂ ਜੀ ਦਾ ਹੀ ਹੈ, ਸਾਧ ਸੰਗਤ ਦੀ ਵਰਤੋਂ ਲਈ ਹੈ। ਗੁਰਮੁਖ ਸਿੰਘ ਹੁਰੀਂ ਤਾਂ ਏਥੇ ਕੇਵਲ ਸੇਵਾ ਕਰਦੇ ਹਨ। ਮਾਲਿਕੀ ਦੇ ਪੱਖੋਂ ਕੋਈ ਭਰਮ ਨਾ ਰਹੇ, ਇਹ ਸ੍ਰੀ ਸਤਿਗੁਰੂ ਜੀ ਦਾ ਹੀ ਸਥਾਨ ਹੈ।'

ਬਾਅਦ ਵਿਚ ਮੈਨੂੰ ਸ. ਸਾਧੂ ਸਿੰਘ ਨੇ ਦੱਸਿਆ ਕਿ ਇਸ ਜਗਾਹ ਤੇ ਉਨ੍ਹਾਂ ਦੇ ਚਾਚਾ ਹਰਨਾਮ ਸਿੰਘ ਰਿਹਾ ਕਰਦੇ ਸਨ ਅਤੇ ਉਨ੍ਹਾਂ ਨੇ ਹੀ ਇਸਨੂੰ ਗੁਰਦੁਆਰੇ ਦੀ ਸ਼ਕਲ ਦਿੱਤੀ। ਏਸੇ ਕਰਕੇ ਚਾਚੇ ਦੀ ਧਰਮਸ਼ਾਲ ਜਾਂ 'ਚਾਚੇ ਦਾ ਗੁਰਦੁਆਰਾ' ਇਸਨੂੰ ਕਿਹਾ ਜਾਣ ਲਗਾ। ਏਥੇ ਸ. ਗੁਰਮੁਖ ਸਿੰਘ ਸੇਵਾ ਕਰਦੇ ਤੇ ਕਰਵਾਂਦੇ ਹਨ। ਉਹਨਾਂ ਵਲੋਂ ਹੀ ਇਕ ਸਿੰਘ 500 ਰੁਪਏ ਮਹੀਨਾ ਤੇ ਗ੍ਰੰਥੀ ਅਤੇ ਉਨ੍ਹਾਂ ਵਲੋਂ 500 ਮਹੀਨੇ ਤੇ ਰਾਗੀ ਏਥੇ ਰੋਜ਼ ਕੀਰਤਨ ਕਰਦੇ ਹਨ। ਆਪ ਦੋਵੇਂ ਜੀ ਅੰਮ੍ਰਿਤ ਵੇਲੇ 2 ਵਜੇ ਉਠ ਇਸ਼ਨਾਨ ਪਾਣੀ ਕਰ ਏਥੇ ਪਹੁੰਚ ਜਾਂਦੇ ਹਨ। ਆਏ ਗਏ ਲਈ ਲੰਗਰ ਪਾਣੀ ਆਪ ਤਿਆਰ ਕਰਦੇ ਹਨ। ਹਰ ਪਰਕਾਰ ਦੀ ਖੁਲ੍ਹੇ ਮਨ ਸੇਵਾ ਕਰਦੇ ਸਨ। ਅੱਜ ਮੈਂ ਸਾਰੇ ਭਰਾਵਾਂ ਵਲੋਂ ਇਹ ਸਥਾਨ ਸ੍ਰੀ ਸਤਿਗੁਰੂ ਜੀ ਨੂੰ ਭੇਟਾ ਕਰ ਦਿੱਤਾ ਹੈ। ਭਾਵੇਂ ਸਥਾਨ ਇਹ ਪਹਿਲਾਂ ਵੀ ਸਤਿਗੁਰਾਂ ਦਾ ਹੀ ਸੀ ਪਰ ਅਜ ਸੰਗਤ ਦੇ ਮਨ ਦਾ ਭਰਮ ਨਵਿਰਤ ਕਰ ਦਿੱਤਾ ਹੈ।

ਗੁਰਦੁਆਰੇ ਦੇ ਖੂਹ ਵੱਲ ਸੱਚੇ ਪਾਤਸ਼ਾਹ ਜੀ ਨੇ ਆਪ ਝਾਤੀ ਮਾਰੀ। ਏਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਜਲੰਧਰ ਵਿਚ ਰਹਿਣ ਵਾਲੇ ਜੜ੍ਹਾਂਵਾਲੀਏ ਭਰਾਵਾਂ, ਸਵਰਗਵਾਸੀ ਸ. ਅਮਰ ਸਿੰਘ ਤੇ ਸ. ਸਾਧੂ ਸਿੰਘ ਹੁਰਾਂ ਸੈਂਟਰਲ ਟਾਊਨ ਵਿਚ



Sri Satguru Jagjit Singh Ji Elibrary NamdhariElibrary@gmail.com

ਇਕ ਵਧੀਆ ਧਰਮਸ਼ਾਲਾ ਉਸਾਰ ਕੇ ਗੁਰੂ ਚਰਨਾਂ ਤੇ ਜਲੰਧਰ ਦੀ ਸੰਗਤ ਨੂੰ ਭੇਟ ਕਰ ਦਿੱਤੀ ਸੀ। ਅੱਜ ਕਲ ਜਿਸਦੇ ਪ੍ਰਬੰਧਕ ਸ. ਸੁਰੈਣ ਸਿੰਘ ਤੇ ਸ. ਜਗਦੀਸ਼ ਸਿੰਘ ਵਰਿਆਮ ਹਨ।

ਏਥੋਂ ਨਿਕਲ ਕੇ ਕਾਂਗਰਸੀ ਆਗੂ ਸ. ਚਰਨ ਸਿੰਘ ਦੀ ਫੈਕਟਰੀ ਅਤੇ ਦਫ਼ਤਰ ਵਿਚ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਸੰਤ ਤਰਸੇਮ ਸਿੰਘ ਸਕੱਤਰ ਨੂੰ ਸਤਿਗੁਰੂ ਜੀ ਨੇ ਦੱਸਿਆ ਕਿ ਸ. ਚਰਨ ਸਿੰਘ ਆਪਣੀ ਸੰਤਾਨ ਨੂੰ ਭਜਨ ਪੁਛਾਣਾ ਚਾਹੁੰਦਾ ਹੈ। ਇਸਨੂੰ ਕਹੋ, ਪਰਵਾਰ ਨੂੰ ਲੈ ਕੇ ਭੈਣੀ ਸਾਹਿਬ ਆਵੇ।

ਇਹ ਸਭ ਕੁਝ ਕਰਦਿਆਂ 9.15 ਹੋ ਗਏ ਸਨ। ਸ੍ਰੀ ਸਤਿਗੁਰੂ ਜੀ ਨੇ ਸਮੇਂ ਸਿਰ ਪ੍ਰਸ਼ਾਦ ਛਕਣ ਲਈ ਗੱਡੀਆਂ ਦੇ ਰੁੱਖ ਭੈਣੀ ਸਾਹਿਬ ਨੂੰ ਕਰਵਾ ਲਏ।

ਮੈਂ ਸ. ਸਾਧੂ ਸਿੰਘ ਪਰਵਾਰ ਨਾਲ ਵਾਪਸ ਭੈਣੀ ਸਾਹਿਬ ਪੁੱਜਾ। ਏਥੇ ਵੀ ਸਤਿਗੁਰੂ ਜੀ ਦੇ ਸੁਆਗਤ ਅਤੇ ਦਰਸ਼ਨਾਂ ਹਿਤ ਕਾਫ਼ੀ ਨਵੀਂ ਸੰਗਤ ਆ ਚੁੱਕੀ ਹੋਈ ਸੀ।

ਰਾਤੋ ਰਾਤ ਸ੍ਰੀ ਰਵਿੰਦਰ ਸਿੰਘ ਸਰਸਵਤੀ ਗਾਰਡਨ ਵਾਲੇ, ਸ੍ਰੀ ਰਾਮ ਜੀ ਮਿਸ਼ਰਾ, ਸ੍ਰੀ ਮੋਹਣ ਸਿੰਘ, ਸੁਖਦੇਵ ਸਿੰਘ ਆਦਿ ਪਹੁੰਚ ਗਏ ਸਨ। ਸੰਤ ਕਿਰਪਾਲ ਸਿੰਘ , ਸਤਨਾਮ ਸਿੰਘ ਜੀ ਵੀ ਨਾਮਧਾਰੀ ਸਾਹਿਤ ਸੱਭਿਆਚਾਰ ਦੀ ਦੁਕਾਨ ਲੈ ਕੇ ਆ ਗਏ। ਹੋਰ ਵੀ ਪਲੋਂ ਪਲੀ ਸੰਗਤ ਇਕਤਰ ਹੋ ਰਹੀ ਹੈ।

ਸੰਤ ਤਰਸੇਮ ਸਿੰਘ ਸਕੱਤਰ ਨੂੰ ਮੈਂ ਬੀਤੀ ਰਾਤ ਦੀ ਕੋਈ ਘਟਨਾ ਪੁੱਛੀ। ਉਸ ਦੱਸਿਆ ਕਿ ਰਾਤੀਂ ਇਕ ਸਮੇਂ ਪੰਡਿਤ ਗੋਪਾਲ ਸਿੰਘ ਆਪ ਜੀ ਦੀ ਸੇਵਾ ਵਿਖੇ ਆਏ ਅਤੇ ਬੇਨਤੀ ਕੀਤੀ: ਮੈਂ ਬੜਾ ਗੁਨਾਹਗਾਰ ਹਾਂ, ਕੀਤੇ ਵੀ ਬੜੇ ਹਨ ਤੇ ਹੋਰ ਵੀ ਹੋ ਸਕਦੇ ਹਨ, ਆਪ ਕਿਰਪਾ ਕਰੋ, ਬਖਸ਼ੋ ਤੇ ਆਪਣੇ ਲੜ ਲਾਈ ਰਖੋ। ਅੱਧੀ ਉਮਰ ਬੀਤ ਗਈ ਹੈ। ਹੁਣ ਸਰੀਰ ਰੋਗੀ ਹੈ, ਪਤਾ ਨਹੀਂ ਕਦੋਂ ਭਾਂਡਾ ਭੱਜ ਜਾਏ। ਆਪ ਜੀ ਦੀ ਬਖਸ਼ਸ਼ ਨਾਲ ਹੀ ਛੁਟਕਾਰਾ ਹੈ। ਤਰਸੇਮ ਸਿੰਘ ਨੇ ਦੱਸਿਆ ਕਿ ਪੰਡਿਤ ਜੀ ਪੰਘਰੇ ਪਏ ਸਨ। ਸੱਚੇ ਪਾਤਸ਼ਾਹ ਜੀ ਨੇ ਸਿਖ ਨੂੰ ਖਿੱਚ ਕੇ ਛਾਤੀ ਨਾਲ ਲਾ ਲਿਆ।

ਚਾਰੇ ਦੇ ਗੁਰਦੁਆਰੇ ਬਾਰੇ ਤਰਸੇਮ ਸਿੰਘ ਨੇ ਦੱਸਿਆ: ਜੜ੍ਹਾਂਵਾਲੀਆ ਪਰਵਾਰ ਗੁਰਮੁਖ ਸਿੰਘ ਤੋਂ ਇਲਾਵਾ ਦੂਰ ਹੁੰਦਾ ਜਾ ਰਿਹਾ ਸੀ। ਲੁਧਿਆਣੇ ਦੀ ਸੰਗਤ ਵਿਚ ਇਸ ਗੱਲ ਦਾ ਚਰਚਾ ਸੀ ਕਿ ਹੌਲੀ ਹੌਲੀ ਸਾਧ ਸੰਗਤ ਆਪਣਾ ਗੁਰਦੁਆਰਾ ਕਿਤੇ ਭੁੱਲ ਹੀ ਨਾ ਜਾਏ। ਕਿਉਂਕਿ ਚਾਰੇ ਦੇ ਗੁਰਦੁਆਰੇ ਵਿਚ ਰੋਜ਼ਾਨਾ ਆਸਾ ਦੀ ਵਾਰ, ਫਿਰ ਕੜਾਹ ਪ੍ਰਸ਼ਾਦ ਅਤੇ ਫਿਰ ਲੰਗਰ ਦੀ ਸੇਵਾ ਹੁੰਦੀ ਸੀ। ਲੁਧਿਆਣੇ ਦੇ ਮੁਖੀ ਇਸ ਪ੍ਰਭਾਵੋਂ ਡਰਦੇ ਸਨ। ਮੈਂ ਗੁਰਮੁਖ ਸਿੰਘ ਅਤੇ ਸ. ਸਾਧੂ ਸਿੰਘ ਜਲੰਧਰ ਨਾਲ ਗੱਲ ਕੀਤੀ। ਉਹਨਾਂ ਕਿਹਾ, ਇਹ ਸਭ ਕੁਝ ਹੈ ਹੀ ਸਤਿਗੁਰ ਦਾ। ਅਸੀਂ ਜਿਵੇਂ ਕਹੋਗੇ ਐਲਾਨ ਕਰ ਦਿਆਂਗੇ। ਇਹ ਪ੍ਰੋਗਰਾਮ ਤਾਂ ਹੀ ਬਣਿਆ ਸੀ ਲੁਧਿਆਣੇ ਜਾਣ ਦਾ।



Sri Satguru Jagjit Singh Ji Elibrary NamdhariElibrary@gmail.com

ਸ਼ਾਮ ਦੇ ਦਿਵਾਨ ਤਕ ਸੰਗਤ ਪਹਿਲਾਂ ਤੋਂ ਵੀ ਦੁਗਣੀ ਹੋ ਗਈ। ਸੰਤ ਦਰਸ਼ਨ ਸਿੰਘ ਜੀ ਦੁਆਰਾ ਕਥਾ, ਫੇਰ 2.30 ਤੋਂ 3.30 ਨਾਮ ਸਿਮਰਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਤੇ ਫਿਰ ਕੀਰਤਨ ਹੋਇਆ ਭੀਮ ਪਲਾਸੀ ਵਿਚ *'ਅਬ ਕਹੁ ਰਾਮ ਕਵਨ ਗਤਿ ਮੋਰੀ'* ਧਰੁਪਦ ਅਤੇ *'ਅਉਖੀ ਘੜੀ ਨ ਦੇਖਣ ਦੇਈ'* ਦਾ ਸ਼ਬਦ ਗਾਇਆ ਗਿਆ। ਕੀਰਤਨ ਮੁਖੀ ਤਾਂ ਸ੍ਰੀ ਸਤਿਗੁਰੂ ਜੀ ਹੀ ਸਨ ਹਾਂ ਅੱਜ ਘੁੱਲਾ ਨਾਲ ਉਹਦਾ ਚਾਚਾ ਖਜ਼ਾਨ ਸਿੰਘ ਸ. ਮਹਿੰਦਰ ਸਿੰਘ ਤੇ ਮੋਹਣ ਸਿੰਘ , ਸੁਖਦੇਵ ਸਿੰਘ ਵੀ ਸਨ।

ਦਿਵਾਨ ਵਿਚ ਸ੍ਰੀ ਸਤਿਗੁਰੂ ਜੀ ਦੇ ਬਸਤਰਾਂ ਦੀ ਸੇਵਾ ਕਰਨ ਵਾਲਾ ਸੰਤ ਗੁਰਤੇਜ ਸਿੰਘ ਮਸਾਂ ਹੀ ਹੌਲੀ ਸਹਿਜੇ ਪਹੁੰਚਿਆ। ਇਕ ਲੱਤੋਂ ਲੰਗੜਾ ਵੀ ਰਿਹਾ ਸੀ। ਉਹ ਪਿਛਲੇ ਡੇਢ ਮਹੀਨੇ ਤੋਂ ਬਿਮਾਰ ਹੈ। ਕਦੇ ਬੁਖਾਰ ਕਦੇ ਦਰਦਾਂ, ਕਦੇ ਕੁਛ ਕਦੇ ਕੁਛ। ਹੁਣ ਕੁਛ ਸੁਰਤ ਸੰਭਲੀ ਹੈ ਸਰੀਰ ਕਾਫ਼ੀ ਕਮਜ਼ੋਰ ਹੈ।

ਇਹੋ ਹਾਲ ਠਾਕਰ ਉਦੇ ਸਿੰਘ ਦੇ ਸੇਵਕ ਹਰਭਜਨ ਸਿੰਘ ਦਾ ਹੈ, ਉਹ ਵੀ ਬਲਤੇਜ ਸਿੰਘ ਦੇ ਨਾਲ ਆਇਆ। ਕਾਇਆ ਪਤਲੀ-ਡਾਢਾ ਕਮਜ਼ੋਰ। ਉਸਨੂੰ ਜਦ ਤੋਂ ਪੇਟ ਦੀ ਦਰਦ ਸ਼ੁਰੂ ਹੋਈ ਹੈ ਅਜੇ ਤਕ ਵੀ ਕੋਈ ਦਵਾਈ ਭਰਪੂਰ ਅਸਰ ਨਹੀਂ ਕਰ ਸਕੀ। ਪਰ ਇਹਨੀ ਦਿਨੀਂ ਤਾਂ ਬੁਖਾਰ ਨੇ ਬੜਾ ਭੰਨਿਆ ਹੈ।

ਸ੍ਰੀ ਸਤਿਗੁਰੂ ਜੀ ਦੋਹਾਂ ਸੇਵਕਾਂ ਵਲ ਵੇਖਕੇ ਮੁਸਕਰਾਏ। ਉਹਨਾਂ ਦੇ ਆਉਣ ਤੇ ਖੁਸ਼ੀ ਪਰਗਟ ਕੀਤੀ। ਸ. ਅਵਤਾਰ ਸਿੰਘ, ਸੂਰਤ ਸਿੰਘ ਅੰਮ੍ਰਿਤਸਰੀਏ ਅਜ ਵੀ ਕੋਲ ਹੀ ਬੈਠੇ ਹਨ।

ਦਿਵਾਨ ਉਪਰੰਤ ਮੈਂ ਵੇਖਿਆ ਕਿ ਕੋਠੀ ਦੇ ਉੱਤਰੀ ਲਾਨ ਵਿਚ ਸ੍ਰੀ ਸਤਿਗੁਰੂ ਜੀ ਨੇ ਸੰਤ ਤਰਸੇਮ ਸਿੰਘ ਅਤੇ ਲੁਧਿਆਣਾ ਦੇ ਸੁਰਿੰਦਰ ਸਿੰਘ ਨੂੰ ਕੋਲ ਬੈਠਾ ਸਵਰਨ ਸਿੰਘ ਡਾਲਟਨਗੰਜ-ਕਲਕੱਤੇ ਵਾਲਾ ਨਾਲ ਬਚਨ ਕੀਤੇ। ਪਾਸ ਉਸਦੀ ਪਤਨੀ ਵੀ ਬੈਠੀ ਸੀ।

ਫੇਰ ਸੂਬਾ ਉਦੇ ਸਿੰਘ, ਗੁਰਮੇਲ ਸਿੰਘ ਸਪੁੱਤਰ ਸਰਵਣ ਸਿੰਘ, ਸੁਖਦੇਵ ਸਿੰਘ ਸਪੁੱਤਰ ਬੱਗਾ ਸਿੰਘ ਭੈਣੀ ਸਾਹਿਬ ਤੋਂ, ਪਿੰਡ ਰਾਈਆਂ ਦਾ ਸਰਪੰਚ ਸ. ਜਸਵੰਤ ਸਿੰਘ, ਸ. ਦਰਬਾਰਾ ਸਿੰਘ ਦਾ ਸਪੁੱਤਰ ਸ. ਪਿਆਰਾ ਸਿੰਘ ਰਾਈਆਂ ਦਾ ਤੇ ਰਾਈਆਂ ਦਾ ਈ ਫੌਜੀ ਉਜਾਗਰ ਸਿੰਘ ਸ੍ਰੀ ਸਤਿਗੁਰੂ ਜੀ ਪਾਸ ਬੈਠੇ। ਸਕੱਤਰ ਤਰਸੇਮ ਸਿੰਘ ਸ੍ਰੀ ਸਤਿਗੁਰੂ ਜੀ ਦੀ ਕੁਰਸੀ ਨਾਲ ਬੈਠਾ ਸੀ। ਇਹ ਰਾਈਆਂ ਦੇ ਮਹੰਤ ਮਸਤ ਰਾਮ ਦੀ ਤਰਫ਼ੋਂ ਰਾਈਆਂ ਡੇਰੇ ਦੀਆਂ ਚਾਬੀਆਂ ਦੇਣ ਬਾਰੇ ਸਮਾਂ ਤੈਅ ਕਰਨ ਆਏ ਸਨ। ਇਹਨਾਂ ਪਰਸੋਂ ਸਵੇਰ ਬਾਰੇ ਆਖਿਆ ਤਾਂ ਤਰਸੇਮ ਸਿੰਘ ਨੇ ਦੱਸਿਆ ਕਿ ਪਰਸੋਂ ਸਵੇਰੇ ਮੇਲੇ ਦੀ ਸਮਾਪਤੀ ਹੈ, ਵਿਆਹ ਸ਼ਾਦੀਆਂ ਦੇ ਹੋਣ ਕਰਕੇ ਸਵੇਰ ਦਾ ਸਮਾਂ ਨਹੀਂ ਮਿਲੇਗਾ। ਫਿਰ ਇਹਨਾਂ ਸ਼ਾਮ ਦੇ ਸਮੇਂ ਹਾਜ਼ਰ ਹੋਣ ਦੀ ਗੱਲ ਕੀਤੀ।



Sri Satguru Jagjit Singh Ji Elibrary NamdhariElibrary@gmail.com

ਇਹ ਉਹ ਡੇਰਾ ਹੈ ਜਿਸਦੀ ਪ੍ਰਾਪਤੀ ਲਈ ਭਲਿਆਂ ਸਮਿਆਂ ਵਿਚ ਗੁਰੂ ਘਰ ਦਾ ਦੋ ਲੱਖ ਰੁਪਈਆ ਮੁਕੱਦਮੇ ਤੇ ਖਰਚ ਆ ਗਿਆ ਸੀ। ਗੱਲ ਫੈਸਲਾ ਹੋਣ ਤੇ ਆਈ ਤਾਂ ਕਿਸੇ ਨੇ ਉਸ ਵੇਲੇ ਦੇ ਮਹੰਤ ਗੋਪਾਲ ਦਾਸ ਨੂੰ ਸਮਝਾ ਦਿਤਾ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਚਾਬੀਆਂ ਰੱਖ ਕੇ ਮੱਥਾ ਟੇਕ ਦੇ, ਸ਼ਰਨ ਜਾ ਪਉ, ਤੈਨੂੰ ਬਚਾਅ ਲਵਾਂਗੇ। ਅਤੇ ਇਜ ਹੀ ਜਦੋਂ ਮਹੰਤ ਨੇ ਚਰਨਾਂ ਦੀ ਸ਼ਰਨ ਮੰਗ ਲਈ ਤਾਂ ਉਹ ਸਣੇ ਕੁੰਜੀਆਂ ਵਾਪਸ ਆ ਡੇਰੇਦਾਰ ਜਾ ਬਣਿਆ। ਸ਼ਰਨ ਪਿਆਂ ਦੀ ਲਾਜ ਰਖਿਦ ਹੈ ਤੂੰ।

ਹੁਣ ਫੇਰ ਮਹੰਤ ਨਾਲ ਮੁਕੱਦਮੇ ਬਾਜ਼ੀ ਹੋ ਰਹੀ ਸੀ। 1971 ਤੋਂ ਸ. ਪਿਆਰਾ ਸਿੰਘ ਰਾਈਆਂ ਡੇਰੇ ਨੂੰ ਭੈਣੀ ਸਾਹਿਬ ਦੇ ਹਵਾਲੇ ਕਰਨਾ ਚਾਹੁੰਦਾ ਹੈ। ਨਾਮਧਾਰੀਆਂ ਲਈ ਵੀ ਇਹ ਮਸਲਾ ਅਹਿਮ ਹੈ ਕਿਉਂਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਅਤੇ ਉਨ੍ਹਾਂ ਦੇ ਪਿਤਾ ਬਾਬਾ ਜੱਸਾ ਸਿੰਘ ਜੀ ਦਾ ਸਸਕਾਰ ਓਸੇ ਥਾਂ ਹੋਇਆ ਹੈ।

ਰਾਤੀ ਸੰਤ ਬਿਧੀ ਸਿੰਘ ਅਤੇ ਸੰਤ ਤਾਰਾ ਸਿੰਘ ਪੂਰਬੇ ਦੇ ਸੰਤ ਮਹਿੰਦਰ ਸਿੰਘ ਪੂਰਬੇ ਦੇ ਘਰ ਬੈਠੇ ਗੱਲਾਂ ਕਰਦੇ ਸਨ। ਇਹ ਕਿਸੇ ਬਜ਼ੁਰਗ ਦੀ ਯਾਦ ਵਿਚ ਸਨ। ਪਤਾ ਲੱਗਾ ਕਿ ਮਹਿੰਦਰ ਸਿੰਘ ਪੂਰਬਾ ਦਾ ਪਿਤਾ ਬਾਬਾ ਸੁੱਚਾ ਸਿੰਘ (90) ਯੂ.ਪੀ. ਦੇ ਮੁਜ਼ੱਫਰ ਨਗਰ ਆਪਣੇ ਨਵੇਂ ਪਿੰਡ ਵਿਖੇ 15 ਕੁ ਦਿਨਾਂ ਦਾ ਪੂਰਾ ਹੋ ਗਿਆ ਹੈ। ਪੂਰਬਾ ਨੂੰ ਵੀ ਪਰਸੋਂ ਭੈਣੀ ਸਾਹਿਬ ਆਇਆਂ ਪਤਾ ਲੱਗਾ। ਭੋਗ ਪਿਛਲੇ ਵੀਰਵਾਰ ਪਾਇਆ ਗਿਆ ਹੈ। ਪੂਰਬਾ ਨ ਪਿਤਾ ਗੁਜ਼ਰਨ ਤੇ ਨਾ ਉਹਦੇ ਭੋਗ ਤੇ ਜਾ ਸਕਿਆ। ਬਾਬਾ ਸੁੱਚਾ ਸਿੰਘ ਤੇ ਸੰਤਾ ਸਿੰਘ ਦੋ ਭਰਾ ਸਨ। ਸੁੱਚਾ ਸਿੰਘ ਵੱਡਾ ਸੀ। ਸੁੱਚਾ ਸਿੰਘ ਦੇ 10 ਬੱਚੇ ਹੋਏ।

ਲੜਕੇ:

1. ਸੰਗ ਸਿੰਘ 55
2. ਦਿਆਲ ਸਿੰਘ
3. ਮਹਿੰਦਰ ਸਿੰਘ ਪੂਰਬਾ 42
4. ਈਸਰ ਸਿੰਘ ਅਤੇ
5. ਅਮਰੀਕ ਸਿੰਘ

ਲੜਕੀਆਂ:

1. ਮਹਿੰਦਰ ਕੌਰ ਸੁਰਗਵਾਸ ਸੁਲਤਾਨਪੁਰ ਵਿਆਹੀ
2. ਸਰਿੰਦਰ ਕੌਰ
3. ਬਲਵਿੰਦਰ ਕੌਰ
4. ਗੁਰਨਾਮ ਕੌਰ ਸਲੋਦੀ ਸਿੰਘਾਂ ਦੇ ਵਿਆਹੀਆਂ
5. ਨਛੱਤਰ ਕੌਰ ਹਰਬੰਸ ਪੁਰੇ ਵਿਆਹੀ।

ਅੱਜ ਦੁਪਹਿਰੇ ਕਵੀਸ਼ਰੀ ਜਥਾ ਸੰਤ ਬਾਜ ਸਿੰਘ, ਪ੍ਰੀਤਮ ਸਿੰਘ ਨੇ ਸਾਧ ਸੰਗਤ



Sri Satguru Jagjit Singh Ji Elibrary NamdhariElibrary@gmail.com

ਨੂੰ ਨਿਹਾਲ ਕੀਤਾ। ਪਹਿਲਾ ਹੀ ਦਿਵਾਨ ਹੋਣ ਕਰਕੇ ਬਹੁਤ ਵੱਡੀ ਹਾਜ਼ਰੀ ਇਸ ਦੀਵਾਨ ਤੋਂ ਪ੍ਰਭਾਵਤ ਹੋਈ।

## 12 ਨਵੰਬਰ 1985, ਮੰਗਲਵਾਰ
## ਸ੍ਰੀ ਭੈਣੀ ਸਾਹਿਬ, ਦੀਵਾਲੀ

ਇਸ ਸਾਲ ਸ੍ਰੀ ਸਤਿਗੁਰੂ ਜੀ ਦੀਵਾਲੀ ਦੇ ਦਿਨ ਸ੍ਰੀ ਭੈਣੀ ਸਾਹਿਬ ਦਰਸ਼ਨ ਦੇ ਰਹੇ ਹਨ। ਇਸ ਲਈ ਨਾਮਧਾਰੀ ਸੰਗਤਾਂ ਲਈ ਇਹੋ ਹੀ ਦੀਵਾਲੀ ਯੋਗ ਤੀਰਥ ਹੈ। ਰਾਤ ਦੇ, ਦੇਸ਼ ਦੇ ਸਾਰੇ ਇਲਾਕਿਆਂ ਵਿਚੋਂ ਪ੍ਰਤੀਨਿਧੀ ਲੋਕ ਆਣ ਪਹੁੰਚੇ ਹਨ। ਸਾਰੀ ਰਾਤ ਲੰਗਰ ਪਕਾਇਆ ਤੇ ਛਕਾਇਆ ਜਾਂਦਾ ਰਿਹਾ ਹੈ। ਸਵੇਰੇ ਆਸਾ ਦੀ ਵਾਰ , ਜਿਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਗਵਾਈ ਕਰਦੇ ਦਰਸ਼ਨ ਸਨ, ਹਰੀਮੰਦਰ ਵਿਚ ਲੱਗੀ। ਹਾਲ ਤਾਂ ਸੰਗਤ ਨਾਲ ਭਰਪੂਰ ਹੀ ਸੀ, ਬਾਹਰ ਖੜ੍ਹਿਆਂ ਤੇ ਭੀ ਕਾਫ਼ੀ ਸਰੋਤੇ ਸਨ।

ਆਸਾ ਦੀ ਵਾਰ ਵਿਚ ਰਾਤ ਦੇ ਆਏ ਸੰਤ ਖ਼ਜ਼ਾਨ ਸਿੰਘ, ਮੇਜਰ ਪਿਰਥੀ ਪਾਲ ਸਿੰਘ, ਮੋਹਣ ਸਿੰਘ,ਸੁਖਦੇਵ ਸਿੰਘ, ਸੁਖਦੇਵ ਸਿੰਘ ਸੁੱਖੀ, ਸੰਤ ਹਰਬੰਸ ਸਿੰਘ ਘੁੱਲਾ ਦੇ ਸਾਥੀ ਸਨ। ਆਨੰਦ ਬਖਸ਼ ਕੀਰਤਨ ਸਤਿਗੁਰੂ ਜੀ ਦੀ ਅਗਵਾਈ ਵਿਚ 6.40 ਵਜੇ ਤਕ ਚਲਦਾ ਰਿਹਾ।

ਪੂਰਬਾ ਜੀ ਦੀ ਅਰਦਾਸ ਨਾਲ ਦਿਵਾਨ ਦੀ ਸਮਾਪਤੀ ਹੋਈ ਤਾਂ ਰਾਤ ਦੇ ਆਏ ਸਤਿਜੁਗ ਸੰਪਾਦਕ ਸਨਖਤਰਾ ਨੇ ਐਲਾਨ ਕੀਤਾ। ਹੇਠ ਲਿਖੇ ਸਰੀਰ ਦਿਤੇ ਹੋਏ ਸਮੇਂ ਅਨੁਸਾਰ ਹੱਲੇ ਦੇ ਦੀਵਾਨ ਸਜਾਣਗੇ:

9.30 ਤੋਂ 10.30 ਤਕ ਸੰਤ ਸ਼ੇਰ ਸਿੰਘ ਭੜੋਲਿਆਂ ਵਾਲੀ
10.30 ਤੋਂ 11.30 ਸੰਤ ਬਲਵੰਤ ਸਿੰਘ ਕਪੂਰਾ
11.30 ਤੋਂ 12.30 ਜਥੇਦਾਰ ਗੁਰਦੀਪ ਸਿੰਘ ਭੈਣੀ ਸਾਹਿਬ
12.30 ਤੋਂ 2.30 ਪੰ: ਗੋਪਾਲ ਸਿੰਘ .

ਮੇਲੇ ਵਿਚ ਸ੍ਰੀ ਸਤਿਗੁਰੂ ਜੀ ਦੀ ਮਸਰੂਫੀਅਤ ਵਧ ਜਾਂਦੀ ਹੈ। ਅਰਜ਼ ਬੇਨਤੀਆਂ ਕਰਨ ਵਾਲੇ ਬਹੁਤ ਜੁੜ ਜਾਂਦੇ ਹਨ। ਮੈਂ 8.30 ਕੁ ਵਜੇ ਸੁਣਿਆ ਕਿ ਸ. ਹਰਨਾਮ ਸਿੰਘ ਹਾਰਟੀਕਲਚਰ ਇਨਸਪੈਕਟਰ, ਤੇ ਸ. ਕੇਹਰ ਸਿੰਘ ਹਮਰਾਹੀ ਆਏ ਹੋਏ ਹਨ ਤੇ ਸਤਿਗੁਰੂ ਜੀ ਪਾਸ ਗਏ ਹਨ। ਮੈਂ ਵੀ ਨਵੀਂ ਕੋਠੀ ਚਲਾ ਗਿਆ। ਕੋਠੀ ਦੀ ਲਹਿੰਦੀ ਨੁੱਕਰੇ ਦੀਨ ਦਿਆਲ ਹਮਰਾਹੀ ਨਾਲ ਬਚਨ ਕਰ ਰਹੇ ਸਨ, ਥੋੜ੍ਹੇ ਫਾਸਲੇ ਤੇ ਮਾਤਾ ਜੀ ਖੜੇ ਸਨ। ਮੈਂ ਮਾਤਾ ਜੀ ਦਾ ਧਿਆਨ ਗੁਰੂ ਰਾਮ ਸਿੰਘ ਮੰਦਰ ਦੀ ਵਿਸ਼ੇਸ਼ ਸਫਾਈ ਵੱਲ ਦਿਵਾਇਆ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਹਮਰਾਹੀ ਹੁਰਾਂ ਨਾਲ ਗੱਲ ਮੁਕਾਕੇ ਇਸ਼ਨਾਨ ਵਾਸਤੇ 9.30 ਵਜੇ ਜਾਣ ਲੱਗੇ ਤਾ ਮੈਂ ਸੂਚਿਤ ਕੀਤਾ ਕਿ ਪਾਕਿਸਤਾਨ ਅਸਾਂ ਦੋਹਾਂ ਜੀਆਂ ਦਾ ਜਾਣਾ ਮਨੋਰਥ ਹੈ। "ਠੀਕ ਹੈ, ਆਪ ਜਾਓ, ਛੁੱਟੀਆਂ।" ਆਖਕੇ ਸਤਿਗੁਰੂ ਜੀ ਇਸ਼ਨਾਨ ਲਈ ਦੌੜ ਗਏ। ਅਜਿਹੇ ਸਮੇਂ ਉਹ ਸਚਮੁਚ ਇਉਂ ਭਜਕੇ ਜਾਂਦੇ ਹਨ ਜਿਵੇਂ ਹੌਲੀ ਤੁਰਿਆਂ ਸੇਵਕ ਨਾਰਾਜ਼ ਹੋ ਜਾਣਗੇ।

ਇਸ ਤੋਂ ਪਿਛੋਂ ਕੋਠੀ ਦੇ ਲਾਨ ਵਿਚੋਂ ਵੀ ਸਭ ਚੰਗੇ ਚਹੇਤਿਆਂ ਨੂੰ ਅਰਜ਼ ਕਰ ਦਿੱਤੀ ਗਈ ਕਿ ਉਹ ਅਹਾਤਿਓਂ ਬਾਹਰ ਹੋ ਜਾਣ।

ਮੈਨੂੰ ਅਜ ਸਵੇਰੇ ਸੰਤ ਖ਼ਜਾਨ ਸਿੰਘ ਰਾਗੀ ਦੇ ਕਮਰੇ ਵਿਚ ਜਾਣ ਦਾ ਅਵਸਰ ਮਿਲਿਆ। ਨਾਲ ਦੇ ਬਿਸਤਰੇ ਤੇ ਇਕ ਇਸਤਰੀ ਨੂੰ ਪਿਆ ਵੇਖ ਹੈਰਾਨ ਰਹਿ ਗਿਆ। ਇਹ ਖਜ਼ਾਨ ਸਿੰਘ ਦੀ ਪਤਨੀ ਪ੍ਰੀਤਮ ਕੌਰ ਹੀ ਸੀ। ਮੇਰਾ ਨਹੀਂ ਸੀ ਖਿਆਲ ਕਿ ਉਹ ਇਸ ਯੋਗ ਹੋਵੇਗੀ ਕਿ ਭੈਣੀ ਸਾਹਿਬ ਆ ਜਾਵੇ। ਸੰਤ ਖ਼ਜ਼ਾਨ ਸਿੰਘ ਨੇ ਦੱਸਿਆ ਕਿ ਉਹ ਇਸ ਨਾਲ ਵਿਆਹੇ ਜਾਣ ਉਪਰੰਤ ਚਾਰ ਵਾਰ ਪਹਿਲਾਂ ਵੀ ਅਜਿਹੀ ਮਰਨਊ ਦਸ਼ਾ ਵਿਚ ਪੁੱਜੀ ਹੈ। ਪਰ ਇਸਦਾ ਆਸ਼ਕਾਨਾ ਤੇ ਪਰਮ ਸੇਵਕਾਂ ਵਰਗਾ ਧਿਆਨ ਇਸਨੂੰ ਬਚਾ ਲਿਆਉਂਦਾ ਰਿਹਾ ਹੈ। ਪਾਗਲਪਣ, ਮਾਲੀਖੌਲੀਆਂ ਤੇ ਪਤਾ ਨਹੀਂ ਹੋਰ ਕਿਹੜੇ ਕਿਹੜੇ ਰੋਗ ਪ੍ਰੀਤਮ ਕੌਰ ਤੇ ਹਾਵੀ ਹੁੰਦੇ ਰਹੇ ਹਨ। ਖਜ਼ਾਨ ਸਿੰਘ ਦੀ ਧਿਆਨ ਭਰੀ ਸੇਵਾ ਤੇ ਪ੍ਰੇਮ, ਅਤੇ ਅੰਮ੍ਰਿਤਸਰ ਵਿਚ ਜਾ ਕੇ ਬਿਜਲੀ ਛੁਹਾਣ ਨੇ ਇਸਨੂੰ ਬਚਾਇਆ ਹੈ। ਖ਼ਜਾਨ ਸਿੰਘ ਨੇ ਸਬਰ ਤੇ ਸਿਦਕ ਨਾਲ ਉਹਦਾ ਗੂੰਹ-ਮੂਤ ਸੁੱਟਿਆ, ਉਹਦੇ ਤੇ ਆਪਣੇ ਲਈ ਰੋਟੀਆਂ ਪਕਾਈਆਂ, ਸਬਜ਼ੀਆਂ ਬਣਾਈਆਂ। ਉਸਨੂੰ ਖੁਆ ਕੇ ਕੁਛ ਅੰਨ ਜਲ ਮੂੰਹ ਪਾਇਆ ਹੈ। ਖਜ਼ਾਨ ਸਿੰਘ ਦੇ ਦੋ ਲੜਕੇ ਹਨ ਤੇ ਤੀਜੀ ਲੜਕੀ। ਲੜਕੀ ਦੇ ਜਨਮ ਸਮੇਂ ਵੀ ਸੰਤ ਖਜ਼ਾਨ ਸਿੰਘ ਨੇ ਰੱਜ ਕੇ ਕਸ਼ਟ ਭੋਗਿਆ ਹੈ ਅਤੇ 22 ਦਿਨਾਂ ਪਿਛੋਂ ਕਿਸੇ ਤਰ੍ਹਾਂ ਮੰਨ ਸਕੀ ਹੈ ਕਿ ਇਹ ਲੜਕੀ ਉਸੇ ਦੀ ਹੀ ਹੈ ਕਿਉਂਕਿ ਦੁਧੀਆਂ ਵਿਚ ਬੱਚੀ ਲਈ ਧਾਰਾਂ ਵੀ 22 ਦਿਨੀਂ ਆਈਆਂ ਤੇ ਹੁਣ ਜੇ ਉਹੋ ਲੜਕੀ ਆਪਣੇ ਪਸੰਦ ਦੇ ਮੁੰਡੇ ਨਾਲ ਨਿਕਲ ਗਈ ਹੈ ਤਾਂ ਵੀ ਉਹਦੀ ਚਿੰਤਾ ਪ੍ਰੀਤਮ ਕੌਰ ਦੇ ਗਲ ਰੋਗ ਬਣ ਕੇ ਚੰਬੜ ਗਈ।

ਸੰਤ ਖਜ਼ਾਨ ਸਿੰਘ ਦੇ ਪਿਆਰ ਅਤੇ ਸੇਵਾ ਨੇ ਪ੍ਰੀਤਮ ਕੌਰ ਦੀ ਕਾਇਆਂ ਨੂੰ ਨਰੋਆ ਕਰ ਦਿੱਤਾ। ਹੁਣ ਵੀ ਜਦੋਂ ਉਹ ਤਿਆਰ ਹੋ ਕੇ ਤੁਰਦੀ ਹੈ ਤਾਂ ਖਜ਼ਾਨ ਸਿੰਘ ਦੀਆਂ ਅੱਖੀਆਂ ਨੂੰ ਤਾਂ ਸੁੱਖ ਮਿਲਦਾ ਹੀ ਹੈ ਦਰਸ਼ਕ ਔਰਤਾਂ ਦੀਆਂ ਅੱਖੀਆਂ ਵੀ ਟਡੀਆਂ ਰਹਿ ਜਾਂਦੀਆਂ ਹਨ।

ਸ. ਹਰਨਾਮ ਸਿੰਘ – ਹਮਰਾਹੀ ਨੇ ਸਤਿਗੁਰੂ ਜੀ ਕੋਲੋਂ ਆਗਿਆ ਲੈ ਲਈ ਤੇ ਅਸੀਂ ਹਮਰਾਹੀ ਦੀ ਭੂਆ ਦੀ ਭੈਣ ਸੁਖਵਿੰਦਰ ਨੂੰ ਨਾਲ ਲੈ ਕੇ, ਅਜਮੇਰ ਸਿੰਘ ਦੀ ਡਰਾਈਵਿੰਗ ਨਾਲ ਮਾਰੂਤੀ ਮਾਟਾਡੋਰ ਤੇ ਮਾਛੀਵਾੜਾ ਗੁਰਦੁਆਰਾ ਦਾ ਦਰਸ਼ਨ ਕਰਨ ਚਲੇ ਗਏ ਅਤੇ 1.30 ਘੰਟੇ ਪਿੱਛੋਂ ਹੀ ਪਰਤੇ।



Sri Satguru Jagjit Singh Ji Elibrary NamdhariElibrary@gmail.com

ਦੁਨੀਆਂ ਭਾਵੇਂ ਬੜੀ ਇਕੱਤਰ ਹੋ ਗਈ ਹੈ- ਪਰ ਇਹ 1000 ਤੋਂ ਵੱਧ ਨਹੀਂ। ਜੀਵਨ ਨਗਰ ਇਲਾਕੇ ਨੇ ਇਸ ਦੀਵਾਲੀ ਨੂੰ ਤਰਜੀਹ ਨਹੀਂ ਦਿਤੀ ਕਿਉਂਕਿ 28 ਦਿਨ ਉਹ ਰੋਜ਼ਾਨਾ ਦਰਸ਼ਨਾਂ ਦਾ ਲਾਭ ਪ੍ਰਾਪਤ ਕਰਦੇ ਰਹੇ ਹਨ। ਦਿੱਲੀਓਂ ਵੀ ਵਧੇਰੇ ਸੰਗਤ ਨਹੀਂ ਆਈ। ਪਰ ਅੰਮ੍ਰਿਤਸਰ ਦੇ ਸਿੱਖਾਂ ਦਾ ਵਧੇਰੇ ਜਥਾ ਏਥੇ ਪੁੱਜਾ ਹੈ। ਭਾਈ ਸੰਤੋਖ ਸਿੰਘ ਮਹੰਤ ਅਤੇ ਸੰਤ ਬਲਬੀਰ ਸਿੰਘ ਦੀ ਅਗਵਾਈ ਵਿਚ ਦੋ ਦਰਜਨ ਸਿੰਘ ਆਏ ਲਗਦੇ ਹਨ। ਇਕ ਸੰਤ ਗੁਰਦਿਆਲ ਸਿੰਘ ਭਮਰਾ ਵਿਸ਼ੇਸ਼ ਦਿਲਚਸਪੀਆਂ ਪੈਦਾ ਕਰਦਾ ਚਲਦਾ ਹੈ। ਇਹਨਾਂ ਨੇ ਮੰਦਰ, ਸਿਮ੍ਰਤੀ ਮੰਦਰ ਦੀ ਸਫਾਈ ਵਿਫਾਈ ਆਦਿ ਦੀ ਜ਼ਿਮੇਵਾਰੀ ਲਈ ਹੈ।

ਮੈਂ ਵੀ ਨਵਾਂ ਕੁਛ ਵੇਖਣ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਵਿਚ ਪਹੁੰਚਿਆ ਹਾਂ। ਸਾਊਂਡ ਪਰੂਫਿੰਗ ਹੋ ਰਹੀ ਹੈ। ਅਜੇ ਤਕ ਕੇਵਲ ਦੋ ਕੈਂਚੀਆਂ ਦਾ ਵਾਰਾ ਛਤ ਦੀ ਰੂਫਿੰਗ ਹੋਈ ਹੈ। ਖਾਸ ਕਿਸਮ ਦੇ ਸੱਚੇ ਵਿਚ ਮਸਾਲਾ ਪਾ ਕੇ ਵਖ ਵਖ ਭਾਗ ਤਿਆਰ ਕੀਤੇ ਜਾ ਰਹੇ ਹਨ। ਜਾਪਦਾ ਹੈ ਮੰਦਰ ਦੀ ਪੂਰਨਤਾ ਲਈ ਸ਼ਾਇਦ ਅਗਲਾ ਸਾਲ ਵੀ ਦਰਕਾਰ ਹੋਵੇ। ਹੋ ਸਕਦਾ ਹੈ ਇਸ ਤੋਂ ਅਗਲਾ ਵੀ।

ਇਕ ਹੋਰ ਵਾਧਾ ਵੇਖਿਆ। ਗੋਲ ਛੱਪਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅੰਤਮ-ਆਰਾਮ ਸਥਾਨ, ਦੇ ਦੁਆਲੇ ਲਕ ਲਕ ਉੱਚੀ ਦੀਵਾਰ ਖੜੀ ਕਰਕੇ ਇਕੋ ਪਾਸੇ ਪਰਵੇਸ਼ ਦੁਆਰ ਰਖਿਆ ਗਿਆ ਹੈ। ਇਸ ਦਾ ਫਰਸ਼ ਜੋ ਪਹਿਲਾਂ ਕੇਵਲ ਸੀਮਿੰਟ ਦਾ ਸੀ, ਹੁਣ ਸੰਗਮਰਮਰੀ ਬਣਾ ਦਿੱਤਾ ਗਿਆ ਹੈ। ਰੰਗ ਰੋਗਨ ਆਦਿ ਅਪ ਟੂ ਡੇਟ ਕਰ ਲਏ ਗਏ ਹਨ। ਅਜਿਹੇ ਸਾਰੇ ਕਾਰਜ ਮਾਤਾ ਜੀ ਹੀ ਕਰਦੇ ਕਰਵਾਂਦੇ ਰਹਿੰਦੇ ਹਨ।

ਪਸ਼ੂਆਂ ਵਾਲੇ ਅਹਾਤੇ ਨੂੰ ਇਕ ਦੀਵਾਰ ਬਣਾ ਕੇ ਵਡੇ ਦਰਵਾਜ਼ੇ ਤੋਂ ਲਾਂਘੇ ਅਤੇ ਬਿਰਧਸ਼ਾਲਾ ਤੋਂ ਵਖ ਕਰ ਦਿੱਤਾ ਗਿਆ ਹੈ। ਇਹ ਪਸ਼ੂਸ਼ਾਲਾ, ਨਾਲ ਪੈਂਦੇ ਘਰਾਂ ਦੇ ਖਰੀਦ ਲੈਣ ਨਾਲ ਹੁਣ ਬਹੁਤ ਮੋਕਲੀ ਮੋਕਲੀ ਹੋ ਗਈ ਹੈ। ਗਊਆਂ ਲਈ ਸੁੰਦਰ ਬਰਾਮਦਾ ਉਪਰ ਸਿੰਘਾਂ ਲਈ ਰਿਹਾਇਸ਼ੀ ਕਮਰੇ 'ਤੇ ਪਸ਼ੂਸ਼ਾਲਾ ਦਾ ਨੰਗਾ ਖੁੱਲ੍ਹਾ ਇਲਾਕਾ ਵਧੇਰੇ ਵਰਤੋਂ ਵਿਚ ਆ ਗਿਆ ਹੈ।

ਬਿਰਧਸ਼ਾਲਾ ਵਿਚ ਰਸੋਈ ਕਮਰਾ ਨਵਾਂ ਬਣਿਆ ਹੈ ਜਿਥੇ ਗੁਰਦੇਵ ਸਿੰਘ-ਮਹਿੰਦਰ ਕੌਰ ਦੀ ਜੋੜੀ ਬਜ਼ੁਰਗਾਂ ਦੀ ਸੇਵਾ ਕਰਦੀ ਅਕਦੀ ਥਕਦੀ ਨਹੀਂ। ਇਕ ਨਵਾਂ ਬਿਰਧ ਸ਼ਾਮਲ ਹੋਇਆ ਹੈ ਜੁ ਨਾਮਧਾਰੀ ਨਹੀਂ ਸੀ, ਸਤਿਗੁਰੂ ਦੀ ਕ੍ਰਿਪਾ ਹੀ ਉਸਨੂੰ ਏਥੇ ਚੁੱਕ ਲਿਆਈ ਹੈ। ਇਹ ਬਿਰਧ ਬਲਵੰਤ ਸਿੰਘ ਹੈ। ਏਥੇ ਆ ਕੇ ਉਹ ਏਨਾ ਤਬਦੀਲ ਹੋ ਗਿਆ ਹੈ ਕਿ ਉਸਨੂੰ ਖ਼ੁਦ ਸਤਿਗੁਰੂ ਜੀ ਵੀ ਨਹੀਂ ਪਛਾਣ ਸਕੇ।

ਵਲਾਇਤ ਦੀ ਪ੍ਰਤੀਨਿੰਧਤਾ ਲੰਮੀ ਦਾੜ੍ਹੀ, ਗੋਲ ਚਿੱਟੀ ਦਸਤਾਰ ਵਾਲਾ ਉੱਚਾ ਲੰਮਾ ਸ. ਹਰਚਰਨ ਸਿੰਘ ਰੰਧਾਵਾ ਕਰ ਰਿਹਾ ਹੈ। ਉਹ ਸ੍ਰੀ ਸਤਿਗੁਰੂ ਜੀ ਦੇ ਧਿਆਨ ਦਾ ਪ੍ਰਮੁਖ ਪਾਤਰ ਹੈ। ਬਾਹਲਾ ਸਮਾਂ ਉਸਦਾ ਸਤਿਗੁਰੂ ਜੀ ਨਾਲ ਹੀ



Sri Satguru Jagjit Singh Ji Elibrary NamdhariElibrary@gmail.com

ਬੀਤਦਾ ਹੈ। ਸਬੱਬ ਨਾਲ ਅੱਜ ਰਾਤ ਮੇਰੇ ਡੇਰੇ ਵਿਚ ਸ. ਰੰਧਾਵਾ ਤੇ ਸ. ਵਰਿਆਮ ਬਿਰਾਜਣਗੇ।

ਫੇਰ ਗੁਰੂ ਕੇ ਦਰਸ਼ਨ ਸ਼ਾਮ ਦੇ ਦਿਵਾਨ ਵਿਚ ਹੋਏ। ਅੱਜ 2 ਵਜੇ ਦੁਪਹਿਰ ਤੋਂ ਹੀ ਸ੍ਰੀ ਰਾਮ ਸਰੋਵਰ ਦੀਆਂ ਪੌੜੀਆਂ ਨਾਲ ਖੁੱਲ੍ਹੇ ਆਕਾਸ਼ ਹੇਠ ਨਾਮ ਸਿਮਰਨ ਅਤੇ ਫਿਰ ਕੀਰਤਨ ਦਾ ਆਯੋਜਨ ਹੋਇਆ। 'ਫੀਰ ਕੈਸੀ ਫੀਰ ਬਧ', ਧਰੁਪਦ ਉਪਰੰਤ ਇਕ ਸ਼ਬਦ ਗਾਉਂ ਕੇ ਸਤਿਗੁਰੂ ਜੀ ਨੇ ਇਕ ਪੁਰਾਣਾ ਸ਼ਬਦ *'ਘਰ ਨਹੀਂ ਆਵੈ ਮਰੀਏ ਹਾਵੈ'* ਐਸਾ ਵੈਰਾਗ ਮਈ ਸੁਰਾਂ ਲਾ ਕੇ ਛੋੜਿਆ ਕਿ ਮਸਤ ਰੂਹਾਂ ਦੀਵਾਨ ਵਿਚ ਫੜਕ ਪਈਆਂ! ਕੀਰਤਨਕਾਰਾਂ ਵਿਚ ਅੰਮ੍ਰਿਤਸਰ ਦਾ ਰਾਗੀ ਬੂਟਾ ਸਿੰਘ ਵੀ ਆ ਬੈਠਾ, ਲੁਧਿਆਣੇ ਦਾ ਗ੍ਰੈਜੂਏਟ ਕੁਲਦੀਪ ਸਿੰਘ ਤੇ ਹੋਰ ਨੌਜਵਾਨ ਵੀ ਸੰਗੀਤ ਖੇਤਰ ਵਿਚ ਬੈਠੇ ਸਨ। ਹਲਕੇ ਦਾ ਠਾਣੇਦਾਰ ਦੋ ਸਿਪਾਹੀਆਂ ਨਾਲ, ਪੀਲੀਆਂ ਪੱਗਾਂ ਵਾਲੇ ਕੁਛ ਨੌਜੁਆਨ, ਇਕ ਦੋ ਹਿੰਦੂ ਜੈਂਟਲਮੈਨ ਉਪਸਥਿਤ ਸਨ ਵਿਸ਼ੇਸ਼ ਲੋਕਾਂ ਵਿਚ।

4 ਵਜੇ ਦੀਵਾਨ ਦੀ ਸਮਾਪਤੀ ਹੋਈ ਤਾਂ ਪ੍ਰਸਿਧ ਅਨਾਊਂਸਰ ਸੰਤ ਆਤਮਾ ਸਿੰਘ ਸਨਖਤਰਾ ਨੇ ਅੱਜ ਸਾਰੀ ਰਾਤ ਦੇ ਦਿਵਾਨ ਦੀ ਮਹੱਤਤਾ ਦਸਦਿਆਂ ਜਥੇਦਾਰਾਂ ਦੇ ਵਕਤ ਦੀ ਵੰਡ ਕੀਤੀ:

| | |
|---|---|
| 6 ਤੋਂ 7 ਤੱਕ | ਸ੍ਰੀ ਭਗਵਾਨ ਜੀ ਭੜੋਲਿਆਂ ਵਾਲੀ |
| 7 ਤੋਂ 8 | ਜਥੇਦਾਰ ਹਜ਼ਾਰਾ ਸਿੰਘ ਲਖਨਊ |
| 8 ਤੋਂ 9 | ਜਥੇਦਾਰ ਇੰਦਰ ਸਿੰਘ ਗਿੱਲਾਂ ਵਾਲੇ |
| 9 ਤੋਂ 10 | ਸੂਬਾ ਮੇਲਾ ਸਿੰਘ ਜੀ ਰਛੀਨ |
| 10 ਤੋਂ 11 | ਜਥੇਦਾਰ ਸੁਰਜੀਤ ਸਿੰਘ ਮੁਸਤਰਾਪੁਰ |
| 11 ਤੋਂ 12 | ਜਥੇਦਾਰ ਮੱਸਾ ਸਿੰਘ ਚੁਗਾਵਾਂ |
| 12 ਤੋਂ 1 | ਜਥੇਦਾਰ ਨਿਰੰਜਨ ਸਿੰਘ ਕੰਗਣਪੁਰ (ਸਰਸਾ) |
| ਅੰਮ੍ਰਿਤ ਵੇਲਾ 1 ਤੋਂ 2 | ਜਥੇਦਾਰ ਧਿਆਨ ਸਿੰਘ ਘਨੂਪੁਰ |
| 2 ਤੋਂ 3 ਤਕ | ਜਥੇਦਾਰ ਜੋਧਾ ਸਿੰਘ ਵਜੀਦਪੁਰ |
| 3 ਤੋਂ 4 ਤਕ | ਜਥੇਦਾਰ ਨਿਰੰਜਣ ਸਿੰਘ ਕੰਗ ਟਮਕੌਦੀ |

ਦਿਵਾਨ ਉਪਰੰਤ ਸਤਿਗੁਰੂ ਜੀ ਪੁਰਾਣੀ ਕੋਠੀ ਦੇ ਲਾਨ ਵਿਚ ਕੁਝ ਸਿਖਾਂ ਦੀਆਂ ਅਰਜ਼ਾਂ ਸੁਣਦੇ ਰਹੇ ਅਤੇ ਫਿਰ ਕੁਝ ਅਫਸਰ ਵਾਲੀਬਾਲ ਦੇ ਖਿਡਾਰੀਆਂ ਵਿਚ ਖੇਡਦੇ ਰਹੇ।

ਪਿਛਲੇ ਮੇਲੇ ਸਮੇਂ ਵੀ ਟੂਟੀਆਂ ਬੰਦ ਰਹੀਆਂ ਤੇ ਐਤਕਾਂ ਵੀ ਸਵੇਰ ਤੋਂ ਪਾਣੀ ਨਦਾਰਦ ਹੈ। ਛੋਟੇ ਕਾਰਿੰਦੇ ਮੁਖਤਾਰ ਸਿੰਘ, ਫੇਰ ਕਸ਼ਮੀਰ ਸਿੰਘ, ਫੇਰ ਸੂਬਾ ਉਦੈ ਸਿੰਘ ਤੇ ਅੰਤ ਉਤੇ ਸੰਤ ਦਿਆਲ ਸਿੰਘ, ਸੰਤ ਤਰਸੇਮ ਸਿੰਘ ਸਕੱਤਰ ਨੂੰ ਵੀ ਅਰਜ਼ ਕੀਤੀ ਗਈ ਕਿ ਪਹਿਲੀ ਦੂਜੀ ਮੰਜ਼ਲ ਆਓ ਭਗਤ ਵਾਲੇ ਫਲੈਟਾਂ ਵਿਚ ਪਾਣੀ ਨਹੀਂ



Sri Satguru Jagjit Singh Ji Elibrary NamdhariElibrary@gmail.com

ਆ ਰਿਹਾ, ਸਵੇਰੇ ਇਸ਼ਨਾਨ ਪਾਣੀ ਕਿਵੇਂ ਹੋਵੇਗਾ, ਪਰ ਪਤਾ ਨਹੀਂ ਕਿਥੇ ਕੀ ਨੁਕਸ ਸੀ ਸਵੇਰੇ ਨਲਕਿਆਂ ਵਿਚ ਪਾਣੀ ਦੀ ਇਕ ਤ੍ਰਿਪ ਨਹੀਂ ਸੀ।

ਭੈਣੀ ਸਾਹਿਬ ਦੇ ਮਕਾਨਾਂ ਤੇ ਦੀਪਾਵਲੀ ਦਾ ਦ੍ਰਿਸ਼ ਤੱਕਣ ਨੂੰ ਮਿਲਿਆ। ਰਾਮਸਰ ਦਾ ਇਲਾਕਾ ਬਿਜਲੀ ਦੀਆਂ ਪਹਿਲਾਂ ਤੋਂ ਲਗੀਆਂ ਬੱਤੀਆਂ ਨਾਲ ਜਗਮਗਾਂਦਾ ਸੀ, ਵਿਸ਼ੇਸ਼ ਦੀਵਾਲੀ ਆਯੋਜਨ ਕੋਈ ਨਹੀਂ ਸੀ। ਹਾਂ, ਬੱਚਿਆਂ ਦੇ ਭੂੰਡ ਪਟਾਖੇ ਅਤੇ ਫੁੱਲਝੜੀਆਂ, ਛੁਰਲੀਆਂ ਦੀ ਧੁਕ ਧੂ ਮੈਨੂੰ ਅੰਦਰ ਬੈਠੇ ਨੂੰ ਸੁਣਦੀ ਰਹੀ। ਦੀਵਾਲੀ ਤੇ ਵੀ ਨਾਮਧਾਰੀਆਂ ਦਾ ਜ਼ੋਰ ਭਜਨ ਬਾਣੀ ਤੇ ਅਤੇ ਗੁਰੂ ਕੇ ਦਰਸ਼ਨਾਂ ਉਤੇ ਹੀ ਨਿਰਭਰ ਹੁੰਦਾ ਹੈ।

ਰਾਤੀਂ 7.15 ਵਜੇ ਜਦੋਂ ਮੈਂ ਅਤੇ 'ਵਰਿਆਮ' ਪ੍ਰਸ਼ਾਦ ਛਕ ਰਹੇ ਸਾਂ ਸਤਿਗੁਰੂ ਜੀ ਵਲੋਂ ਇਕ ਸੁਨੇਹਾ ਜਗਦੀਸ਼ ਸਿੰਘ ਨੂੰ ਮਿਲਿਆ ਸ. ਜਸਵੰਤ ਸਿੰਘ ਕੱਲ੍ਹਾ ਦੇ ਘਰ ਸੰਗੀਤ ਸਭਾ ਦਾ ਆਯੋਜਨ ਸੀ ਅਤੇ ਵਰਿਆਮ ਨੇ ਉਸ ਥਾਂ ਜਾਣਾ ਸੀ। 9 ਵਜੇ ਸ. ਹਰਚਰਨ ਸਿੰਘ ਰੰਧਾਵਾ ਤੇ ਵਰਿਆਮ ਮੇਰੇ ਕਮਰੇ, ਜਿਥੇ ਉਨ੍ਹਾਂ ਲਈ ਵੀ ਰਿਹਾਇਸ਼ ਦਾ ਪ੍ਰਬੰਧ ਸੀ, ਆਏ ਤਾਂ ਜਗਦੀਸ਼ ਸਿੰਘ 'ਵਰਿਆਮ' ਨੇ ਦੱਸਿਆ ਕਿ ਰਾਮ ਜੀ ਮਿਸ਼ਰਾ ਨੇ ਏਨੀ ਸ਼ਾਨਦਾਰ ਤਬਲਾ ਜੋੜੀ ਵਜਾਈ ਹੈ ਕਿ ਸ੍ਰੀ ਸਤਿਗੁਰੂ ਜੀ ਬਹੁਤ ਹੀ ਪ੍ਰਸੰਨ ਹੋਏ।

ਮੇਰੇ ਕਮਰੇ ਦੇ ਇਹਨਾਂ ਦੋਹਾਂ ਸਾਥੀਆਂ ਰਾਤੀਂ 10.30 ਵਜੇ ਤੋਂ ਲੱਗੇ ਸੂਬਾ ਮੇਲਾ ਸਿੰਘ ਜੀ ਦਾ ਹੱਲੇ ਦਾ ਦਿਵਾਨ ਸੁਣਿਆ। ਉਹਨਾਂ ਦਾ ਕਹਿਣਾ ਸੀ ਕਿ ਨਾਮਧਾਰੀਆਂ ਦੇ ਜਥੇਦਾਰ ਹੁਣ ਆਪਣੇ ਜਥੇ ਬਣਾ ਕੇ ਨਹੀਂ ਚਲਦੇ, ਦੂਜਿਆਂ ਦੇ ਬੰਦਿਆਂ ਨਾਲ ਕੰਮ ਸਾਰਦੇ ਹਨ। ਪਰ ਇਸ ਜੋੜੀ ਨੇ ਸੂਬਾ ਮੇਲਾ ਸਿੰਘ ਜੀ ਦੇ ਕਹਿਣ ਕਥਨ ਦੀ ਸਲਾਹੁਤਾ ਕੀਤੀ।

## 13 ਨਵੰਬਰ 1985, ਬੁੱਧਵਾਰ
## ਸ੍ਰੀ ਭੈਣੀ ਸਾਹਿਬ ਦੀਵਾਲੀ ਦਾ ਭੋਗ

ਅੱਜ ਦੇ ਪ੍ਰਥਮ ਦਿਵਾਨ ਦਾ ਆਯੋਜਨ ਸਿਮ੍ਰਤੀ ਮੰਦਰ ਵਿਚ ਸੀ। ਸਿਮ੍ਰਤੀ ਮੰਦਰ ਦੇ ਵਿਸ਼ਾਲ ਹਾਲ ਵਿਚ ਭਾਵੇਂ 1500 ਨਰ ਨਾਰ ਦਾ ਇਕੱਠ ਛੋਟਾ ਛੋਟਾ ਲਗਦਾ ਹੈ ਤਾਂ ਵੀ ਸਮਾਂ ਸੁਭਾਇਮਾਨ ਹੋ ਗਿਆ। ਦੋ ਫੁਟ ਉਚੇ ਤੇ 15 ਫੁੱਟ ਚੌੜੇ ਮੰਚ ਉਤੇ ਪਿਤਲ-ਖੰਭਿਆਂ ਵਾਲੇ ਚੰਦੋਏ ਹੇਠ ਸ੍ਰੀ ਸਤਿਗੁਰੂ ਜੀ ਦੇ ਸੁਖ ਬਖਸ਼ਦੇ ਦਰਸ਼ਨ, ਭੇਟਾ ਧਰਨ ਆਉਂਦੀਆਂ ਕਤਾਰਾਂ ਲਈ ਹੋਰ ਸਭ ਕੁਝ ਤੋਂ ਕੀਮਤੀ ਸਨ।

ਮੰਚ ਦੇ ਸਾਹਵੇਂ ਹੀ ਕੁਛ ਫਾਸਲੇ ਤੇ ਹਵਨ ਹੋ ਹਟਿਆ ਸੀ, ਅੰਮ੍ਰਿਤ ਤਿਆਰ ਕੀਤਾ ਗਿਆ ਸੀ। ਸੰਤ ਸਨਖਤਰਾ ਦੀ ਪੁਣਛਾਣ ਤੋਂ ਪਾਸ ਜੋੜੇ ਅਨੰਦ ਕਾਰਜਾਂ



Sri Satguru Jagjit Singh Ji Elibrary NamdhariElibrary@gmail.com

ਵਾਲਿਆਂ ਦੇ ਲਾਵਾਂ ਲਈ ਤਿਆਰ ਸੈਠੇ ਸਨ। ਇਸ ਮੌਕੇ ਦੀ ਤਮਾਮ ਜ਼ਿਮੇਵਾਰੀ ਸੰਤ ਦਿਆਲ ਸਿੰਘ ਦੇ ਸਿਰ ਸੀ।

ਆਸਾ ਦੀ ਵਾਰ ਦਾ ਕੀਰਤਨ ਮਹੰਤ ਸੰਤੋਖ ਸਿੰਘ ਅੰਮ੍ਰਿਤਸਰੀ ਦੀ ਅਗਵਾਈ ਹੇਠ ਚਲ ਰਿਹਾ ਸੀ। ਸਮਿਲਤ ਜਥਿਆਂ ਦੁਆਰਾ ਵਾਰ ਕੀਰਤਨ ਨਿਹਾਲ ਕਰ ਰਿਹਾ ਸੀ। ਮੈਂ ਸੰਤੋਖ ਸਿੰਘ ਦੀ ਸੁਰਾਂ ਨੂੰ ਪਹਿਲੀ ਵਾਰ ਸੁਣਿਆ, ਰਸ ਭਿੰਨਾ ਤੇ ਸੁਰੀਲਾ ਕੀਰਤਨ ਗੁਰਬਾਣੀ ਦੇ ਅਰਥਾਂ ਦੀ ਗਹਿਰਾਈ ਤਕ ਪਹੁੰਚਦਾ ਸੀ। ਸੰਤੋਖ ਸਿੰਘ ਭਰਪੂਰ ਜਵਾਨ ਹੈ। ਇਸ ਨੇ ਪਹਿਲਾਂ ਕਾਫ਼ੀ ਸਾਲ ਬੈਂਗਲੌਰ ਫਾਰਮ ਤੇ ਸੇਵਾ ਕੀਤੀ ਹੈ ਹੁਣ ਉਹ ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਦਾ ਮਹੰਤ ਹੈ। ਸਾਧੂ ਸੁਭਾਉ ਹੋਣ ਕਰਕੇ ਉਹ ਧਰਮਸਾਲਾ ਵਿਖੇ ਆਏ ਗਏ ਦੀ ਦਿਲੋਂ ਜਾਨ ਨਾਲ ਸੇਵਾ ਕਰਦਾ ਹੈ ਅਤੇ ਸ਼ਹਿਰ ਦੇ ਨਾਮਧਾਰੀਆਂ ਵਿਚ ਇਕ ਪ੍ਰੇਮ ਦੀ ਤਾਰ ਦਾ ਕੰਮ ਕਰਦਾ ਹੈ।

ਵਿਆਹਾਂ ਵਾਲਾ ਦਿਨ ਹੋਣ ਕਰਕੇ ਸਵੇਰੇ 5.30 ਤਕ ਭਰਪੂਰ ਰੌਣਕ ਹੋ ਗਈ। ਇਕ ਦਰਜਨ ਤੋਂ ਵਧ ਵਾਹਨ ਮੰਦਰ ਦੁਆਰੇ ਦੇ ਕੋਲ ਹੀ ਖਲੋਤੇ ਹਨ। 6.20 ਤਕ ਆਸਾ ਦੀ ਵਾਰ ਦਾ ਭੋਗ ਪੈ ਗਿਆ ਹੈ ਤੇ ਜੋੜਿਆਂ ਨੂੰ 6 ਥੰਮੀ ਵੇਦੀ ਵਿਚ ਖਲ੍ਹਿਆਰ ਕੇ, ਕੀਰਤਨਕਾਰਾਂ ਦੇ ਸਥਾਨ ਤੇ ਪਾਲਕੀ ਸਜੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਤੋਂ ਲਾਵਾਂ ਦਾ ਉਚਾਰਨ ਸ਼ੁਰੂ ਹੋ ਗਿਆ।

ਫੋਟੋ ਤੇ ਵੀਡੀਓਗ੍ਰਾਫਰਾਂ ਨੇ ਨਵ-ਵਿਆਹਤ ਜੋੜਿਆਂ ਲਈ ਲਾਵਾਂ ਤੋਂ ਪਹਿਲੇ, ਲਾਵਾਂ ਦੇ ਸਮੇਂ ਅਤੇ ਫਿਰ ਬਾਅਦ ਵਿਚ ਵੀ ਖੂਬ ਕਲਿੱਕ ਕਲਿੱਕ ਕੀਤੀ ਹੈ।

42 ਪਾਠਾਂ ਦੇ ਭੋਗਾਂ ਦੇ ਸਲੋਕ ਪੜ੍ਹੇ ਜਾਣ ਲਗੇ ਤਾਂ ਨਾਮਧਾਰੀ ਜਗਤ ਦੇ ਕਰਣ ਧਾਰ ਸਤਿਗੁਰੂ ਜੀ ਦੇ ਸਨਮੁਖ ਫੋਟੋਗ੍ਰਾਫ਼ਰ ਹੋ ਗਏ। ਵੀਡੀਓਗ੍ਰਾਫਰਾਂ ਨੂੰ ਵੀ 5-7 ਮਿੰਟ ਰੀਝਾਂ ਲਾਹੁਣ ਦੇ ਮਿਲ ਗਏ। ਏਸੇ ਮੌਕੇ ਤੇ ਜ਼ਿਲ੍ਹਾ ਅੰਮ੍ਰਿਤਸਰ ਦੀ ਸੰਗਤ ਜਿਸਦੇ ਮੁਖੀ ਸੰਤ ਸੰਤੋਖ ਸਿੰਘ ਵਰਿਆਂਹ, ਸੰਤ ਭਗਵਾਨ ਸਿੰਘ ਭੋਇਆਲੀ, ਸੰਤ ਸੁਜਾਨ ਸਿੰਘ ਅਜਨਾਲਾ ਸ. ਸੰਤ ਸਿੰਘ ਅੰਮ੍ਰਿਤਸਰੀ ਸਨਖਤਰਾ ਦੇ ਦੱਸਣ ਅਨੁਸਾਰ ਅਤੇ ਬਾਬਾ ਛਿੰਦਾ ਜੀ ਥਾਲੀਆਂ ਵਿਚ ਵਖ ਵਖ ਪਰਕਾਰ ਦੀ ਭੇਟਾ ਲੈ ਕੇ ਹਾਜ਼ਰ ਹੋ ਗਏ। ਅਤੇ ਫਿਰ ਸੇਵਾ ਸਤਿਕਾਰ ਵਿਚ ਰਹਿ ਗਈ ਕਸਰ ਲਈ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਖਲੋ ਖਿਮਾ ਮੰਗੀ। ਸਤਿਗੁਰੂ ਜੀ ਨੇ ਅਪਾਰ ਖੁਸ਼ੀਆਂ ਬਖਸ਼ੀਆਂ।

ਪੁਰਬਾ ਨੇ ਪੂਰੇ 7 ਵਜੇ ਮੇਲਾ ਸਮਾਪਤੀ ਦੀ ਅਰਦਾਸ ਕਰ ਦਿੱਤੀ। ਪਾਠਾਂ ਦਾ ਵੇਰਵਾ ਇਜ ਦਿਤਾ:

5 ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ।
3 ਪਾਠ ਗੁਰੂ ਹਰੀ ਸਿੰਘ ਜੀ ਦੇ ਨਾਮ ਦੇ
5 ਪਾਠ ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ
1 ਪਾਠ ਮਾਤਾ ਭੁਪਿੰਦਰ ਕੌਰ ਜੀ ਨਮਿਤ
3 ਪਾਠ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਰਸ਼ਨ ਭੇਟ



Sri Satguru Jagjit Singh Ji Elibrary NamdhariElibrary@gmail.com

6 ਪਾਠ ਦੇਹ ਅਰੋਗਤਾ ਬਾਰੇ
1 ਪਾਠ ਮਨੋਕਾਮਨਾ ਦੀ ਪੂਰਤੀ ਲਈ
18 ਪਾਠ ਅਨੰਦ ਕਾਰਜਾਂ ਵਾਲਿਆਂ ਵਲੋਂ
====
42
====

ਦਮਦਮੇ ਵਾਲੀ ਮਾਦੀ, ਬੀਬੀ ਧਿਆਨ ਕੌਰ ਨੇ ਉਪਰੋਕਤ ਸਤਿਗੁਰੂਆਂ ਦੇ ਨਾਮ ਦੀਆਂ 40 ਮਾਲਾ ਭਜਨ ਭਗਉਤੀਆਂ ਦੀਆਂ ਕੀਤੀਆਂ ਸਨ, ਉਨ੍ਹਾਂ ਦੀ ਵੀ ਸਮੂਹਕ ਅਰਦਾਸ ਕੀਤੀ ਗਈ।

ਵਾਕ ਲੈਣ ਉਪਰੰਤ 9 ਲੜਕੇ ਅਤੇ 9 ਲੜਕੀਆਂ, ਜਿਨ੍ਹਾਂ ਦੇ ਹੁਣੇ ਹੁਣੇ ਅਨੰਦ ਕਾਰਜ ਹੋਏ ਸਨ। ਮੱਥਾ ਟੇਕਣ ਵਾਸਤੇ ਆਏ। ਸਤਿਗੁਰੂ ਜੀ ਇਸ ਮੌਕੇ ਕੇਵਲ 1-1 ਰੁਪੈਆ ਨਮਸਕਾਰ ਸਵੀਕਾਰ ਕਰਦੇ ਹਨ।

ਸ. ਹਰਭਜਨ ਸਿੰਘ, ਉਦੈ ਨਿਟਵੀਅਰ ਵਾਲਿਆਂ ਦਾ ਛੋਟਾ ਭਾਈ ਗੁਰਬਖਸ਼ੀਸ਼ ਸਿੰਘ ਵੀ ਅੱਜ ਵਿਆਹ ਉਪਰੰਤ ਵਧਾਈਆਂ ਲੈਣ ਹਿਤ ਮੇਰੀ ਜਾਣਕਾਰੀ ਵਾਲਾ ਵਿਅਕਤੀ ਸੀ।

ਭੋਗ ਪੈਂਦਿਆਂ ਸਾਰ ਸ੍ਰੀ ਸਤਿਗੁਰੂ ਜੀ ਉਠ ਖਲੋਤੇ, ਨਾਲ ਹੀ ਸਮੁਚੀ ਸੰਗਤ ਵੀ, ਅਜਿਹੇ ਵਿਚ ਸਪੀਕਰ ਤੇ ਕਿਸੇ ਗੱਲ ਦੀ ਸਮਝ ਵੀ ਨਾ ਪੈਂਦਿਆਂ ਸੰਤ ਦਲੀਪ ਸਿੰਘ ਪ੍ਰਧਾਨ ਸਰਬ ਹਿਂਦ ਵਿਦਿਅਕ ਜਥਾ ਦੀ ਇਹ ਸੂਚਨਾ ਸਮਝ ਆ ਗਈ ਕਿ 26 ਨਵੰਬਰ ਨੂੰ ਲੁਧਿਆਣਾ ਵਿਚ ਹੋਏ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਭੈਣੀ ਸਾਹਿਬ ਮੇਲਾ ਹੋਵੇਗਾ।

ਮੈਂ ਇਕ ਜੋੜਾ ਖੜਾਵਾਂ ਖਰੀਦਣ ਦੀ ਖੋਜ ਵਿਚ ਸਾਂ ਕਿ ਪੂਰਬਾ ਪਤਨੀ ਬੀਬੀ ਸੁਖਵਿੰਦਰ ਕੌਰ ਨੇ ਦੱਸਿਆ ਖੜਾਵਾਂ ਬਣਾਉਣ ਵਾਲਾ ਸ੍ਰੀ ਭੈਣੀ ਸਾਹਿਬ ਦਾ ਮਜ਼ਹਬੀ ਸਿਖ ਸੰਤ ਈਸ਼ਰ ਸਿੰਘ ਕੱਲ ਸੁਰਗਵਾਸ ਹੋ ਗਿਆ ਹੈ। ਇਸ ਬਾਰੇ ਮੈਂ ਉਨ੍ਹਾਂ ਦੇ ਘਰ ਗਿਆ ਤਾਂ ਉਸਦੇ ਪਰਵਾਰ ਦੇ ਮੈਂਬਰਾਂ ਨੇ ਦਸਿਆ ਕਿ ਜਦੋਂ ਤੋਂ ਉਹ ਜੀਵਨ ਨਗਰ ਮੇਲੇ ਤੋਂ ਹੋ ਕੇ ਆਇਆ ਹੈ ਬੁਖਾਰ ਨੇ ਉਸਦਾ ਖਹਿੜਾ ਨਹੀਂ ਛੱਡਿਆ। ਕਦੇ ਹੋ ਗਿਆ ਕਦੇ ਹਟ ਗਿਆ। ਕੱਲ ਉਸਨੂੰ ਬੁਖ਼ਾਰ ਦਾ ਵਧੇਰੇ ਹੀ ਜ਼ੋਰ ਸੀ। ਕਟਾਣੀ ਡਾ: ਹਰਿ ਦਾਸ ਮੱਲ ਦੇ ਹਸਪਤਾਲ ਖੜਿਆ ਗਿਆ। ਥੋੜ੍ਹੇ ਚਿਰ ਬਾਅਦ ਓਥੇ ਹੀ ਉਸਨੇ ਪ੍ਰਾਣ ਤਿਆਗ ਦਿੱਤੇ। ਸ਼ਾਮੀ 5 ਕੁ ਵਜੇ। ਸੰਤ ਈਸ਼ਰ ਸਿੰਘ ਦੀ ਆਯੂ ਕੇਵਲ 55 ਸਾਲ ਸੀ। ਉਸਦੇ ਗਿਆਰਾਂ ਬੱਚੇ ਸਨ 6 ਲੜਕੀਆਂ ਅਤੇ 5 ਲੜਕੇ। ਦੋ ਲੜਕੀਆਂ ਤੇ ਇਕ ਲੜਕੇ ਦੀ ਸ਼ਾਦੀ ਹੋਣ ਵਾਲੀ ਹੈ। ਗਰੀਬ ਆਦਮੀਆਂ ਦਾ ਕੀ ਜਿਉਣਾ ਹੈ। ਇਸ ਪਰਵਾਰ ਦਾ ਇਕ ਲੜਕਾ ਖੜਾਵਾਂ ਦੀ ਜੋੜੀ ਬਣਾ ਰਿਹਾ ਸੀ। ਭਾਵੇਂ ਅੱਜ ਹੀ ਓਸਦੇ ਪਿਤਾ ਦਾ ਸਸਕਾਰ ਕੀਤਾ ਗਿਆ ਸੀ। ਮੈਨੂੰ ਦੇਣਾ ਮੌਕਾ ਨਹੀਂ



Sri Satguru Jagjit Singh Ji Elibrary NamdhariElibrary@gmail.com

ਮਿਲ ਸਕਿਆ ਕਿ ਉਸਤੋਂ ਕੁਝ ਹੋਰ ਜਾਣਕਾਰੀ ਲੈਂਦਾ ਜਾਂ ਉਸ ਨਾਲ ਖੜਾਵਾਂ ਖਰੀਦਣ ਬਾਰੇ ਗੱਲ ਕਰਨ ਤੇ ਜੀ ਨਹੀਂ ਕੀਤਾ।

ਇਕ ਵਾਰ ਸਵੇਰੇ 8 ਵਜੇ ਮੈਨੂੰ ਪੁਰਾਣੀ ਕੋਠੀ ਵਿਚ ਜਾਣ ਦਾ ਅਵਸਰ ਮਿਲਿਆ। ਸ੍ਰੀ ਸਤਿਗੁਰੂ ਜੀ ਤੇ ਉਨ੍ਹਾਂ ਦਾ ਸਕੱਤਰ ਵਿਛੀਆਂ ਹੋਈਆਂ ਸਫਾਂ ਪਾਸ ਬੈਠੇ ਰਾਈਆਂ ਵਾਲੇ ਮਹੰਤ ਦੀ ਇੰਤਜ਼ਾਰ ਕਰ ਰਹੇ ਸਨ, ਕੋਲ ਪੰ: ਗੋਪਾਲ ਸਿੰਘ ਸਨ। ਗੱਲ ਸਮਝ ਕੇ ਮੈਂ ਉਨ੍ਹਾਂ ਨੂੰ ਦੱਸਿਆ ਕਿ ਸਕੱਤਰ ਦੀ ਗੱਲ ਨੇ ਕੁਛ ਇਸ ਤਰ੍ਹਾਂ ਦਾ ਪਰਭਾਵ ਦਿਤਾ ਹੈ ਜਿਵੇਂ ਉਨ੍ਹਾਂ ਅੱਜ 4 ਵਜੇ ਸ਼ਾਮੀ ਆਉਣਾ ਹੋਵੇ। ਭਾਵੇਂ ਸਤਿਗੁਰੂ ਜੀ ਨੇ ਫ਼ਰਮਾ ਦਿਤਾ ਸੀ ਕਿ ਉਹ ਸਾਰੇ ਕੰਮ ਵੇਲੇ ਸਿਰ ਭੁਗਤਾ ਲੈਣਗੇ ਪਰ ਪਰਸੋਂ ਵਾਲੇ ਬੰਦੇ ਇਹੋ ਸਮਝ ਕੇ ਗਏ ਹਨ ਕਿ ਅੱਜ ਸਵੇਰੇ ਮਸਾਂ ਵਿਆਹ ਸ਼ਾਦੀਆਂ ਤੇ ਭੋਗਾਂ ਦਾ ਪ੍ਰੋਗਰਾਮ ਹੀ ਨਿਪਟੇਗਾ।

ਸਾਧ ਸੰਗਤ ਸਤਿਗੁਰੂ ਜੀ ਪਾਸੋਂ ਘਰੀਂ ਜਾਣ ਦੀ ਆਗਿਆ ਲਈ ਆ ਜਾ ਰਹੀ ਹੈ।

ਏਥੇ ਖਲੋਤਿਆਂ ਹੀ ਗੁਰੂ ਸਿਖ ਦੇ ਰਿਸ਼ਤੇ, ਪ੍ਰੇਮ ਅਤੇ ਸ਼ਰਧਾ ਦਾ ਇਕ ਮਰਮ ਸਪਰਸ਼ੀ ਦ੍ਰਿਸ਼ ਦੇਖਣ ਨੂੰ ਮਿਲਿਆ। ਇਕ ਨੌਜਵਾਨ ਆਪਣੀ ਪਤਨੀ, ਮਾਤਾ ਅਤੇ ਚਾਚਾ ਜੀ ਨਾਲ ਗੁਰੂ ਕੀ ਹਜ਼ੂਰੀ ਵਿਚ ਆਇਆ। ਸ੍ਰੀ ਸਤਿਗੁਰੂ ਜੀ ਓਦੋਂ ਤੁਰਨ ਨੂੰ ਤਿਆਰ ਖਲੋਤੇ ਸਨ। ਭਰਪੂਰ ਸਰੀਰ ਦੇ ਉਚੇ ਲੰਮੇ ਗੱਭਰੂ ਨੇ ਸ੍ਰੀ ਚਰਨਾਂ ਤੇ ਸਿਰ ਧਰਕੇ ਡੁਸਕਣਾ ਸ਼ੁਰੂ ਕਰ ਦਿੱਤਾ। ਸਤਿਗੁਰੂ ਜੀ ਨੇ ਮੋਢਿਓਂ ਫੜ ਉਠਾਇਆ ਤਾਂ ਉਹ ਸਤਿਗੁਰੂ ਜੀ ਨੂੰ ਗਲਵਕੜੀ ਵਿਚ ਲੈ ਖਲੋਤਾ। ਸ੍ਰੀ ਸਤਿਗੁਰੂ ਜੀ ਨੇ ਉਹਦੇ ਪ੍ਰੇਮ ਦਾ ਪ੍ਰਤੀਉਤਰ ਦਿੱਤਾ। ਉਹਦੀ ਕਮਰ ਪਲੋਸੀ। ਉਸਦੇ ਪਿਆਰ ਦੀਆਂ ਤਰੰਗਾਂ ਨੂੰ ਸ਼ਾਂਤ ਕੀਤਾ। ਮਿੰਟ ਕੁ ਬਾਅਦ ਉਹ ਪਰਾਂ ਹਟ ਕੇ ਖਲੋਤਾ ਤਾਂ ਉਹਦੀਆਂ ਅੱਖਾਂ ਦੇ ਕੋਏ ਤੇ ਪਾਣੀ ਦੀ ਝਾਲ ਫਿਰੀ ਹੋਈ ਸੀ। ਕੁਝ ਹੰਝੂ ਪਲਕਾਂ ਤੇ ਅਟਕੇ ਖਲੇ ਸਨ।

ਕਿਸੇ ਇਸਤਰੀ ਨੂੰ ਪਿਆਰ ਕਰਦੇ ਹੋਈਦੇ, ਕੋਈ ਉਸ ਵੱਲੇ ਵੇਖੇ ਤਾਂ ਜੀ ਕਰਦਾ ਹੈ ਚਾਕੂ ਲੈ ਕੇ ਅੱਖੀਆਂ ਹੀ ਕੱਢ ਦੇਈਦੇ ਪਰ ਇਹ ਸਤਿਗੁਰੂ ਹਨ। ਸਾਰੇ ਸਿਖ ਇਹੋ ਸੋਚਦੇ ਹਨ ਕਿ ਹਰ ਕੋਈ ਸਾਡੇ ਸਤਿਗੁਰੂ ਨੂੰ ਪਿਆਰ ਕਰੇ, ਸਤਿਕਾਰ ਦੇਵੇ। ਇਸ ਵਡਭਾਗੇ ਨੌਜਵਾਨ ਨੂੰ ਵੇਖਕੇ ਸਾਡੀ ਕੋਲ ਖਲੋਤਿਆਂ ਦੀ ਆਤਮਾ ਪਸੀਜ ਗਈ। ਮੈਨੂੰ ਤਾਂ ਲੱਗਾ ਜਿਵੇਂ ਮੈਂ ਹੀ ਪ੍ਰੇਮ ਕੁਠਾ ਗਲਵਕੜੀ ਹੋ ਗਿਆ ਹਾ।

ਸ੍ਰੀ ਸਤਿਗੁਰੂ ਜੀ ਨੇ ਮੇਰੇ ਕੌਤੂਹਲ ਨੂੰ ਮੁਖ ਰਖ ਮੈਨੂੰ ਦੱਸਿਆ ਇਹ ਕਾਕਾ, ਸੰਤ ਪਿਆਰਾ ਸਿੰਘ ਗੋਰਾਇਆ-ਸਵਰਗਵਾਸੀ ਦਾ ਪੋਤਰਾ ਦੀਦਾਰ ਸਿੰਘ ਹੈ, ਅਜੀਤ ਸਿੰਘ ਦਾ ਲੜਕਾ। ਪਿਆਰਾ ਸਿੰਘ ਇੰਗਲੈਂਡ ਵਿਚ ਰਹਿੰਦਾ ਹੁੰਦਾ ਸੀ ਤੇ ਨਰੀਨਾ ਸੰਤਾਨ ਲਈ ਦਵਾਈ ਦਿਆ ਕਰਦਾ ਸੀ। ਇਹ ਬੀਬੀ ਇਸਦੀ ਪਤਨੀ ਹੈ।... ਦੀ ਲੜਕੀ ਹੈ।



Sri Satguru Jagjit Singh Ji Elibrary NamdhariElibrary@gmail.com

ਇਹ ਇਸ ਦੀ ਮਾਂ ਹੈ ਅਤੇ ਇਹ ਇਸਦਾ ਚਾਚਾ ਨਿਰਮਲ ਸਿੰਘ। ਦੀਦਾਰ ਸਿੰਘ ਹੁਣੇ ਹੁਣੇ ਡੁਬਈਓਂ ਆਇਆ ਹੈ।

ਜੁਆਨ ਲੜਕੀ ਨੇ ਸ਼ਾਇਦ ਕਾਰੋਬਾਰ ਵਿਚ ਵਾਧੇ ਦੀ ਬੇਨਤੀ ਕੀਤੀ ਸੀ। ਸਤਿਗੁਰੂ ਜੀ ਨੇ ਉਸਨੂੰ ਭਜਨ ਭਗਉਤੀਆਂ ਦੀ ਮਾਲਾ ਫੇਰ ਕੇ ਅਰਦਾਸ ਕਰਨ ਲਈ ਫ਼ਰਮਾਇਆ।

ਫੇਰ ਮਾਂ ਬੋਲੀ। ਉਸਦੇ ਗੋਡਿਆਂ ਵਿਚ ਦਰਦਾਂ ਸਨ। ਸਤਿਗੁਰੂ ਜੀ ਨੇ ਬਾਜੂ ਲਮਿਆ ਕੇ ਦੱਸਿਆ: ਇਸ ਤਰ੍ਹਾਂ ਲੱਤਾਂ ਸਿੱਧੀਆਂ ਕਰਕੇ, ਪਿੱਠ ਪਰਨੇ ਪਿਆਂ, ਪੈਰਾਂ ਨੂੰ ਪਹਿਲਾਂ ਸੱਜੇ ਫਿਰ ਖੱਬੇ ਮੋੜੋ। ਦਿਨ ਵਿਚ 3 ਵਾਰ 5-5 ਮਿੰਟ ਲਈ ਇਹ ਜਤਨ ਕਰੋ ਆਰਾਮ ਹੋ ਜਾਇਗਾ।

ਜਦੋਂ ਸਤਿਗੁਰੂ ਜੀ ਏਥੋਂ ਏਸੇ ਕੋਠੀ ਦੇ ਆਪਣੇ ਕਮਰੇ ਵਿਚ ਗਏ ਤਾਂ ਸ. ਨਿਰਮਲ ਸਿੰਘ ਅਤੇ ਉਨ੍ਹਾਂ ਦੀ ਤਰਜਾਈ ਵੀ ਪਿਛੇ ਹੋ ਲਏ।

ਅੱਜ ਮੈਨੂੰ ਹੈਰਾਨੀ ਸੀ ਕਿ ਸਾਧ ਸੰਗਤ ਜਿਵੇਂ ਜਾਣ ਨੂੰ ਕਾਹਲੀ ਨਹੀਂ ਸੀ। ਕੋਠੀ ਦੇ ਸਾਹਵੇਂ ਦਰਸ਼ਨ ਕਰਨ ਵਾਲਿਆਂ ਦੀਆਂ ਭੀੜਾਂ ਸਨ। ਸੰਗਤ ਵਖ ਵਖ ਟੋਲਿਆਂ ਵਿਚ ਪਿਪਲ ਵਾਲੇ ਇਲਾਕੇ ਵਿਚ ਖਲੋਤੀ ਸੀ ਅਤੇ ਭੈਣੀ ਸਾਹਿਬੋਂ ਵੀ ਆ ਜਾ ਰਹੀ ਸੀ।

ਨਾਮ ਸਿਮਰਨ ਸਮੇ ਤਕ ਸ. ਹੰਸਪਾਲ ਜੀ ਵੀ ਆ ਗਏ। ਮੈਨੂੰ ਉਹ ਲੁਧਿਆਣੇ ਵੱਲ ਜਾਂਦਿਆਂ ਕਾਰ ਵਿਚ ਮਿਲੇ। ਸ. ਸੁਰਿੰਦਰ ਸਿੰਘ ਲੁਧਿਆਣਾ ਨਾਲ ਸੀ। ਗੱਡੀ ਰੋਕ ਕੇ ਮੈਨੂੰ ਦੱਸਿਆ ਗਿਆ ਕਿ 4.30 ਵਜੇ ਰਾਈਆਂ ਵਾਲਾ ਮਹੰਤ ਮਸਤ ਰਾਮ ਗੁਰੂ ਜੀ ਦੇ ਚਰਨਾਂ ਵਿਚ ਆ ਰਿਹਾ ਹੈ, ਮੈਂ ਕਿਧਰੇ ਨਾ ਜਾਵਾਂ। ਸਵੇਰੇ 10.30 ਵਜੇ ਤਕ ਸਰਕਾਰੀ ਬੰਦੇ ਆਣ ਕੇ ਸਤਿਗੁਰੂ ਜੀ ਨੂੰ ਰਾਈਆਂ ਡੇਰੇ ਦੀਆਂ ਚਾਬੀਆਂ ਦੇਣਗੇ, ਉਸ ਵੇਲੇ ਵੀ ਮੈਂ ਕੋਲ ਹੋਵਾਂ।

2 ਵਜੇ ਸਤਿਗੁਰੂ ਜੀ ਨੇ ਹਰਿਮੰਦਰ ਵਿਚ 300 ਨਾਮਧਾਰੀ ਇਸਤਰੀ ਪੁਰਸ਼ਾਂ ਵਿਚ ਨਾਮ ਸਿਮਰਨ ਕੀਤਾ। ਉਪਰੰਤ 3 ਵਜੇ ਕੀਰਤਨ ਦੀਆਂ ਧੁਨਾਂ ਉਠੀਆਂ: *ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ।*

ਇਸ ਆਨੰਦ ਵਿਚ ਇਕ ਸੁੰਦਰ ਵਿਅਕਤਿਤਵ ਵਾਲੇ ਨੌਜਵਾਨ ਸੰਤ, ਜਿਸਦਾ ਸਾਰਾ ਪਹਿਰਾਵਾ ਸਫੈਦ, ਪਰ ਵਿਸ਼ੇਸ਼ ਵਿਉਂਤ ਦਾ, ਦਸਤਾਰ ਉਠਦੀ ਸਫੈਦ ਪਟਕਾ ਪਿਛਾਂ ਨੂੰ ਸੁਟਿਆ ਹੋਇਆ, ਕੋਈ ਪੌਣੇ ਦੋ ਫੁਟ ਲੰਮਾਂ, ਕਾਲਾ, ਪਤਲਾ ਦਾਹੜਾ, ਮੋਟੀਆਂ ਅੱਖਾਂ, ਭਰਪੂਰ ਭਰਾ-ਆਪਣੇ ਦੋ ਬੱਚਿਆਂ, ਪਤਨੀ ਅਤੇ 4 ਹੋਰ ਸੇਵਕਾਂ ਨਾਲ ਆਏ। ਚੋਖੀਆਂ ਸਾਰੀਆਂ ਲਾਲ ਫੁਲ ਪੱਤੀਆਂ ਉਹਨਾਂ ਦੇ ਪਾਸ ਸਨ। ਸਤਿਗੁਰੂ ਜੀ ਦੇ ਸਨਮੁਖ ਆ ਕੇ ਉਨ੍ਹਾਂ ਉਹ ਪੱਤੀਆਂ ਆਦਰ ਨਾਲ ਅਗੇ ਭੇਟ ਕੀਤੀਆਂ। ਅਰਥਾਤ ਉਛੇਲੀਆਂ, ਸਹਿਜ ਸਹਿਜ, ਖ਼ੂਬਸੂਰਤ ਤਰੀਕੇ ਨਾਲ ਅਤੇ ਫਿਰ ਅਦਬ



Sri Satguru Jagjit Singh Ji Elibrary NamdhariElibrary@gmail.com

ਨਾਲ ਮੱਥਾ ਟੇਕ ਕੇ ਸਾਰੇ ਸਾਥੀਆਂ ਸਮੇਤ, ਵਿਸ਼ੇਸ਼ਾਂ ਵਿਚ ਜਾ ਬੈਠੇ। ਸ਼ਬਦ ਦਾ ਕੀਰਤਨ ਚਲਦਾ ਰਿਹਾ।

ਅਰਦਾਸ ਉਪਰੰਤ ਸੱਚੇ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਕੋਲ ਬੁਲਾਇਆ। ਸਤਿਗੁਰੂ ਜੀ ਨੇ ਮੇਰੇ ਵਲ ਤਕ ਕੇ ਆਖਿਆ: ਸੰਤ ਮਹਿੰਦਰ ਸਿੰਘ ਨੇ, ਖੰਨੇ ਤੋਂ। ਬਹੁਤ ਗੁਰਮੁਖ ਹਨ। ...ਸੰਤ ਤਰਸਮੇ ਸਿੰਘ ਦੱਸਿਆ: ਭਜਨ ਲਿਆ ਹੋਇਆ ਨੇ। ਸਤਿਗੁਰੂ ਜੀ ਨੇ ਫਰਮਾਇਆ: ਭਜਨ ਲਿਆ ਹੋਇਆ ਹੀ ਨਹੀਂ, ਕਰਦੇ ਵੀ ਨੇ। ਸੰਤ ਮਹਿੰਦਰ ਸਿੰਘ ਜੀ ਨੇ ਨੀਵੀਂਆਂ ਨਜ਼ਰਾਂ ਕਰ ਹੱਥ ਜੋੜੇ ਹੋਏ ਸਨ। ਇਵ ਹੀ ਨਾਲ ਦੇ ਸੇਵਕਾਂ ਨੇ। ਸਤਿਗੁਰਾਂ ਬਚਨ ਕੀਤਾ: ਮਨ ਚਿਤ ਨਿਰਮਲ ਨੇ। ਲੋਕ ਇਹਨਾਂ ਨੂੰ ਮੱਥੇ ਟੇਕਦੇ ਹਨ, ਇਹ ਏਥੇ ਸਨਿਮਰ ਆਉਂਦੇ ਹਨ। ਨਹੀਂ ਤਾਂ ਜਿਸਨੂੰ ਮੱਥੇ ਟਿਕਣ ਲਗ ਪੈਣ ਉਹ ਦੂਜਿਆਂ ਪਾਸ ਨਹੀਂ ਜਾਂਦਾ। ਅਭਿਮਾਨ ਨੂੰ ਪਾਲਦਾ ਪਲੋਸਦਾ ਹੈ ਪਰ ਮਹਿੰਦਰ ਸਿੰਘ ਸਾਊ ਬ੍ਰਿਤੀ ਦੇ ਸਾਧੂ ਹਨ। ਮਹਿੰਦਰ ਜੀ ਬੋਲੇ: ਸੱਚੇ ਪਾਤਸਾਹ, ਆਪਜੀ ਦੀ ਕਿਰਪਾ ਨਾਲ ਕੋਈ ਕਿਸੇ ਭੇਖ ਦਾ ਵੀ ਹੋਵੇ, ਮੈਂ ਉਸਦੇ ਆਦਰ ਵ੍ਹਿਚ ਆਪਣੇ ਆਪ ਨੂੰ ਲਾ ਦਿੰਦਾ ਹਾਂ। ਦੀਨ ਦਿਆਲ ਜੀ ਨੇ ਮੈਨੂੰ ਦੱਸਿਆ: ਡੇਰਾ ਇਹਨਾਂ ਦਾ ਖੰਨੇ ਹੈ, ਇਕ ਜਗਹ ਹੋਰ ਵੀ ਹੁਣ ਤਿਆਰ ਕਰ ਰਹੇ ਹਨ।

ਸੰਤ ਜੀ ਨੇ ਫਿਰ ਹੱਥ ਜੋੜ ਕੇ ਅਰਜ ਕੀਤੀ ਕਿ ਕਿਸੇ ਮੌਕੇ ਖੰਨੇ ਦਰਸ਼ਨ ਦਿਓ, ਚਰਨ ਪਾਓ। ਸਤਿਗੁਰੂ ਜੀ ਨੇ ਸਕੱਤਰ ਵੱਲ ਵੇਖਿਆ। ਸਕੱਤਰ ਨੇ ਆਖਿਆ: ਸੱਚੇ ਪਾਤਸ਼ਾਹ 24 ਤੋਂ 27 ਨਵੰਬਰ ਵਿਚ ਕਿਸੇ ਦਿਨ ਦਰਸ਼ਨ ਦੇਣਗੇ, ਆਪ ਜੀ ਨੂੰ ਸੂਚਨਾ ਦੇ ਦਿੱਤੀ ਜਾਇਗੀ। ਅਤੇ ਫਿਰ ਸੰਤਾਂ ਨੇ ਸਤਿਗੁਰੂ ਜੀ ਨੂੰ ਆਪਣੇ ਦੋਹਾਂ ਡੇਰਿਆਂ ਬਾਰੇ ਵਿਸਤਾਰ ਨਾਲ ਦਸਿਆ।

ਸਾਰੇ ਸਰੀਰ ਸੁਹਣੇ ਦਿਸਦੇ ਸਨ, ਭਾਵੇਂ ਮੈਂ ਨਾਲ ਦਿਆਂ ਦੇ ਨਾਮ ਪੁੱਛ ਲਏ ਪਰ ਲਿਖਣ ਦੇ ਸਮੇਂ ਗੜਬੜ ਹੋ ਗਈ ਹੈ। 10 ਮਿੰਟ ਬਾਅਦ ਸ੍ਰੀ ਸਤਿਗੁਰੂ ਜੀ ਨੇ ਸੰਤਾਂ ਤੋਂ ਆਗਿਆ ਲੈ ਲਈ।

ਸ੍ਰੀ ਅਨੋਖੇ ਲਾਲ ਮਿਸ਼ਰਾ ਬਨਾਰਸ ਦੇ ਇਕ ਉਚ ਕੋਟੀ ਦੇ ਕਲਾਕਾਰ ਹੋਏ ਹਨ। ਉਨ੍ਹਾਂ ਦਾ ਲੜਕਾ ਰਾਮ ਜੀ ਮਿਸ਼ਰਾ 40 ਵਰ੍ਹਿਆਂ ਦਾ ਹੋਵੇਗਾ। ਸ੍ਰੀ ਰਾਜਨ ਮਿਸ਼ਰਾ ਦੇ ਅਰਜ਼ ਕਰਨ ਤੇ ਸਤਿਗੁਰੂ ਜੀ ਨੇ ਉਸ ਵਲ ਧਿਆਨ ਕੇਂਦਰਤ ਕੀਤਾ ਹੈ। ਸ੍ਰੀ ਰਾਮ ਜੀ ਮਿਸ਼ਰਾ ਦੇ ਪਰਵਾਰ ਵਿਚ ਕੇਵਲ ਉਹਨਾਂ ਦੀ ਮਾਂ ਹੈ। ਬਨਾਰਸ ਵਿਚ ਕੁਝ ਐਸੀਆਂ ਮਾਰੂ ਘਟਨਾਵਾਂ, ਜਿਨ੍ਹਾਂ ਵਿਚ ਪਿਸਤੌਲ ਤੇ ਕਿਰਪਾਨਾਂ ਚੱਲੀਆਂ, ਹੋ ਗਈਆਂ ਹਨ ਕਿ ਉਹ ਦਿਮਾਗ਼ ਤੇ ਵਸ ਗਈਆਂ ਹਨ। ਜਦੋਂ ਵੀ ਗੱਲ ਛਿੜੇਗੀ ਤੁਰੰਤ ਸੁਰਤ ਉਥੇ ਪਹੁੰਚੇਗੀ ਤੇ ਉਸ ਦਹਿਸ਼ਤ ਦਾ ਪ੍ਰਭਾਵ ਉਹਦੀ ਗੱਲ ਬਾਤ ਦੇ ਚਿਹਰੇ ਤੋਂ ਭਾਂਪਿਆ ਜਾ ਸਕਦਾ ਹੈ। ਉਂਜ ਸ੍ਰੀ ਰਾਮ ਜੀ ਮਿਸ਼ਰਾ ਗੁਣੀ ਕਲਾਕਾਰ ਹੈ। ਤਬਲਾ ਵਾਦਨ ਵਿਚ ਉਹਦੇ ਜਿਹੀ ਮਿਹਨਤ ਕਿਤੇ ਲਭਦੀ ਨਹੀਂ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਨੇ ਕੱਲ੍ਹ ਜਗਦੀਸ਼ ਸਿੰਘ ਨੂੰ ਤੇ ਮੈਨੂੰ ਡਿਊਟੀ ਲਾਈ ਸੀ ਕਿ ਅਸੀਂ ਉਸਦੇ ਮਨ ਦਾ ਪਤਾ ਕਰੀਏ, ਉਹ ਬਨਾਰਸ ਜਾਣ ਲਈ ਕਾਹਲਾ ਹੈ ਸਾਨੂੰ ਉਹਦੀ ਸਿਹਤ ਬਹਾਲੀ ਦਾ ਫਿਕਰ ਹੈ। ਅਸੀਂ ਰਾਮ ਜੀ ਮਿਸ਼ਰਾ ਪਾਸ ਗਏ। ਇਕ ਘੰਟਾ ਭਰ ਜਗਦੀਸ਼ ਸਿੰਘ ਨੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਸ੍ਰੀ ਸਤਿਗੁਰੂ ਜੀ ਉਹਦੀ ਸਿਹਤ ਠੀਕ ਕਰਵਾਣ ਦੇ ਇੱਛਕ ਹਨ ਤੇ ਉਹ ਜੀ ਲਾ ਕੇ ਉਨ੍ਹਾਂ ਦੀ ਆਗਿਆ ਵਿਚ ਰਹੇ ਪਰ ਰਾਮ ਜੀ ਹਨ ਕਿ ਉਨ੍ਹਾਂ ਨੂੰ ਬਨਾਰਸ ਵਿਚਲੀਆਂ ਦੁਖਦ ਘਟਨਾਵਾਂ ਦੀ ਯਾਦ ਨਹੀਂ ਭੁੱਲਦੀ ਤੇ ਪਿਛੇ ਮਾਂ ਕੋਲ ਜਾ ਕੇ ਸੇਵਾ ਕਰਨਾ ਚਾਹੁੰਦੇ ਹਨ।

ਕੱਲ੍ਹ ਰਾਤੀਂ ਸ੍ਰੀ ਹਜ਼ੂਰ ਨੇ ਉਸਤੋਂ ਤਬਲਾ ਸੁਣਿਆ, ਮੈਨੂੰ ਤਾਂ ਸੁਭਾਗ ਨਹੀਂ ਮਿਲਿਆ। ਅੱਜ ਦੀਨ ਦਿਆਲ ਜੀ ਨੇ ਦੱਸਿਆ ਕਿ 4-5 ਵੇਰ ਉਸਨੂੰ ਸੁਣਿਆ ਹੈ, ਹਰ ਵਾਰ ਨਵੀਨਤਾ ਹੁੰਦੀ ਹੈ। ਕੋਈ ਵਕਤਾ 3-4 ਲੈਕਚਰਾਂ ਤੋਂ ਵੱਧ ਕੁਝ ਨਹੀਂ ਜਾਣਦਾ ਹੁੰਦਾ। ਦੂਜੀਆਂ ਤਕਰੀਰਾਂ ਵਿਚ ਉਹ ਇਹ ਤਿਨਾਂ ਚਹੁੰਆਂ ਵਿਚੋਂ ਹੀ ਗੱਲਾਂ ਦਾ ਦੁਹਰਾਉ ਕਰਦਾ ਹੈ ਪਰ ਰਾਮ ਜੀ ਮਿਸ਼ਰਾ ਦਾ ਹਰ ਵਾਰ ਨਵਾਂ ਰੰਗ ਹੈ। ਬੰਦਾ ਬਚਾਣ ਵਾਲਾ ਹੈ ਪਰ ਇਹਦਾ ਜੀ ਸਾਡੇ ਨਾਲ ਲਗਦਾ ਨਹੀਂ।

. ਸੰਤ ਸੁਖਦਰਸ਼ਨ ਸਿੰਘ ਦਿੱਲੀ ਵਾਲਿਆਂ ਦਾ ਸਚਿੰਦਰ ਸਿੰਘ ਪੱਪੂ ਇਸਨੂੰ ਬਨਾਰਸੋਂ ਲਿਆਇਆ ਤੇ ਘਰ ਰੱਖਦਾ ਹੈ। ਹੁਣ ਉਸਦਾ ਛੋਟਾ ਭਰਾ ਰਵਿੰਦਰ ਸਿੰਘ ਉਹਦੀ ਸੇਵਾ ਵਿਚ ਹੈ। ਅੱਜ ਸਤਿਗੁਰਾਂ ਉਹਦਾ ਜੀ ਲਾਉਣ ਲਈ ਲੁਧਿਆਣੇ ਭੇਜਿਆ। ਹੁਣ ਉਸਨੂੰ ਕਹਿੰਦੇ ਹਨ ਬਨਾਰਸ ਤੈਨੂੰ ਲੈ ਜਾਵਾਂਗੇ ਨਾਲ ਹੀ ਲੈ ਆਵਾਂਗੇ। ਕੁੱਲੂ ਮਨਾਲੀ ਦੇ ਪਹਾੜ ਸਾਡੇ ਨਾਲ ਵੇਖ ਆ। ਸਤਿਗੁਰੂ ਜੀ ਉਹਦੀ ਦਿਮਾਗੀ ਅਵਸਥਾ ਠੀਕ ਕਰਵਾਣੀ ਚਾਹੁੰਦੇ ਹਨ।

ਦੇਖੋ, ਕੀ ਬਣਦਾ ਹੈ, ਸਤਿਗੁਰੂ ਜੀ ਉਹਦੀ ਹਰ ਪ੍ਰਕਾਰ ਮਦਦ ਚਾਹੁੰਦੇ ਹਨ।

ਮੰਡੀ ਵਾਲੀ ਬੀਬੀ ਤੇਜ ਕੌਰ ਮਿਲੀ ਤਾਂ ਕੋਲ ਸੰਤ ਸੂਰਤ ਸਿੰਘ ਅੰਮ੍ਰਿਤਸਰ ਵਾਲੇ ਵੀ ਸਨ। ਉਹਨਾਂ ਦੱਸਿਆ ਕਿ ਬੀਬੀ ਤੇਜ ਕੌਰ ਨੇ ਅੰਮ੍ਰਿਤਸਰ ਸ਼ਹਿਰ ਵਿਚ ਬੀਬੀਆਂ ਤੇ ਬੜੀ ਕਿਰਪਾ ਕੀਤੀ ਹੈ। 40-50 ਦੇ ਕਰੀਬ ਬੀਬੀਆਂ ਨੂੰ ਰੋਜ਼ਾਨਾ ਭਜਨ ਸਿਮਰਨ ਵਿਚ ਲਾ ਦਿੱਤਾ ਹੈ। ਇਹਦੀ ਸੰਗਤ ਵਿਚ ਆਈ ਬੀਬੀ ਭਜਨ ਪੁੱਛੇ ਬਿਨਾਂ ਨਹੀਂ ਰਹਿੰਦੀ। ਆਪ ਭਜਨ ਬਾਣੀ ਕਰਦੀ ਤੇ ਹੋਰਨਾਂ ਤੋਂ ਕਰਵਾਂਦੀ ਹੈ। ਤਾਂ ਅੱਜ ਕਲ ਬੀਬੀ ਦਾ ਕਰਮ ਖੇਤਰ ਅੰਮ੍ਰਿਤਸਰ ਹੀ ਹੈ।

ਰਾਈਆਂ ਵਾਲੇ ਸੱਜਣ ਲਉਢੇ ਵੇਲੇ ਵੀ ਨਹੀਂ ਆਏ। ਮੈਨੂੰ ਸਕੱਤਰ ਦੁਆਰਾ ਦਸਿਆ ਗਿਆ ਕਿ ਮਹੰਤ ਮਸਤ ਰਾਮ ਦੇ ਜੁਆਈ ਨੇ ਆ ਕੇ ਐਸਾ ਉਕਸਾਇਆ ਕਿ ਉਸਨੇ ਆਉਣੋਂ ਇਨਕਾਰ ਕਰ ਦਿਤਾ। ਸ੍ਰੀ ਸਤਿਗੁਰੂ ਜੀ ਦੀ ਇੱਛਾ ਸੀ ਕਿ ਮੁਕੱਦਮਾ ਤਾਂ ਫਤਹਿ ਹੋ ਗਿਆ ਹੈ ਤਾਂ ਮਹੰਤ ਨੂੰ ਵੀ ਸਤਿਕਾਰ ਪਿਆਰ ਦੇ ਕੇ ਸੋਚਾਂ ਵਿਚੋਂ ਮੁਕਤ ਰਖਿਆ ਜਾਇ। ਘੁਸਮੁਸੇ ਦੇ ਸਮੇਂ ਨਵੀਂ ਕੋਠੀ ਦੇ ਬੜੇ ਦੀ ਪੂਰਬੀ ਨੁੱਕਰੇ ਸ.



Sri Satguru Jagjit Singh Ji Elibrary NamdhariElibrary@gmail.com

ਹੰਸਪਾਲ ਜੀ, ਸੁਰਿੰਦਰ ਸਿੰਘ ਲੁਧਿਆਣਾ, ਸ. 'ਵਰਿਆਮ' ਅਤੇ ਸੰਤ ਗੁਰਭਜਨ ਸਿੰਘ ਹੋਰੀਂ ਮੇਰੇ ਨਾਲ ਖਲੋਤੇ ਸਨ ਕਿ ਹੰਸਪਾਲ ਜੀ ਨੇ ਦੱਸਿਆ ਕਿ ਸੁਰਿੰਦਰ ਸਿੰਘ ਲੁਧਿਆਣਾ ਨੇ ਤਿੰਨ ਕੰਮ ਵੱਡੇ ਵੱਡੇ ਕਰਵਾਏ ਹਨ। ਇਕ ਤਾਂ ਲੁਧਿਆਣਾ ਤੋਂ ਭੈਣੀ ਸਾਹਿਬ ਤਕ ਦੀ ਸੜਕ ਦਾ ਨਾਮ ਸਤਿਗੁਰੂ ਰਾਮ ਸਿੰਘ ਜੀ ਮਾਰਗ ਰਖਵਾਇਆ ਹੈ। ਦੂਜੇ ਭੈਣੀ ਸਾਹਿਬ ਨੂੰ ਕਟਾਣੀ ਅਤੇ ਕੂਮ ਦੇ ਅੱਡੇ ਚੋਂ ਆਉਂਦੀ ਸੜਕ ਨੂੰ ਚੌੜੀ ਕਰਵਾਇਆ (ਇਹ ਲਿੰਕ ਸੜਕ ਅਜ ਕਲ 5 ਫੁੱਟ ਚੌੜੀ ਹੋ ਰਹੀ ਹੈ।) ਤੇ ਤੀਜਾ ਕੰਮ ਹੈ ਰਾਈਆਂ ਵਾਲੇ ਮੁਕੱਦਮੇ ਦੀ ਫਤਹਯਾਬੀ। ਸੁਰਿੰਦਰ ਸਿੰਘ ਨੇ ਆਖਿਆ: ਇਹ ਸਭ ਇਹਨਾਂ ਹੰਸਪਾਲ ਜੀ ਦੀ ਕਿਰਪਾ ਹੈ, ਨਹੀਂ ਤਾਂ ਮੈਨੂੰ ਕੌਣ ਪੁੱਛਦਾ।

ਹੰਸਪਾਲ ਜੀ ਰਾਈਆਂ ਦੇ ਮੁਕੱਦਮੇ ਬਾਰੇ ਦੱਸਿਆ ਕਿ ਸਰਕਾਰ ਨੇ ਡੇਰੇ ਵਾਲੀ ਜਗਹ ਅਕਵਾਇਰ ਕਰਕੇ ਉਸਤੇ ਪਹਿਲਾਂ ਆਪ ਕਬਜ਼ਾ ਕੀਤਾ। ਸ਼ੁਰੂ ਵਿਚ ਇਸਦਾ ਮੁੱਲ 77,000 ਰੁਪਏ ਪਿਆ, ਪਰ ਕੇਸ ਲਟਕਦੇ ਨੂੰ ਅੱਜ ਤਕ 1,77,000 ਹੋ ਗਿਆ। ਸਰਕਾਰ ਨੇ ਇਹ ਰਕਮ ਮਹੰਤ ਮਸਤ ਰਾਮ ਨੂੰ ਦੇ ਕੇ ਚਾਬੀਆਂ ਆਪ ਸੰਭਾਲ ਲਈਆਂ ਹਨ। ਸਵੇਰੇ 10.30 ਵਜੇ ਸਰਕਾਰ ਦੇ ਨੁਮਾਇੰਦੇ ਚਾਬੀਆਂ ਸਤਿਗੁਰੂ ਜੀ ਦੀ ਭੇਟਾ ਆਣ ਕਰਨਗੇ। ਸਮਝੋ ਕੱਲ ਤੋਂ ਰਾਈਆਂ ਦੇ ਡੇਰੇ ਤੇ ਨਾਮਧਾਰੀਆਂ ਦਾ ਕਬਜ਼ਾ।

ਰਾਈਆਂ ਦੇ ਕੇਸ ਦੀ ਸੰਖੇਪ ਵਿਆਖਿਆ ਇੰਜ ਹੈ: ਉਦਾਸੀ ਸਾਧੂਆਂ ਦਾ ਇਹ ਡੇਰਾ ਡੇਢ ਪੌਣੇ ਦੋ ਸੌ ਸਾਲ ਤੋਂ ਪਿੰਡ ਰਾਈਆਂ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਵਿਚ ਸਥਿਤ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਾਦਰ ਭਾਵ ਵੀ ਬਾਬਾ ਜੱਸਾ ਸਿੰਘ ਜੀ ਦੇ ਘਰ ਏਥੇ ਹੀ ਹੋਇਆ। ਅਤੇ ਬਾਬਾ ਜੱਸਾ ਸਿੰਘ ਜੀ ਨੇ ਏਥੇ ਹੀ ਆਪਣੇ ਦਾਹ ਸੰਸਕਾਰ ਦੀ ਰੀਝ ਦੱਸੀ ਸੀ ਜੁ ਪਹਿਲੇ ਮਹੰਤ ਦੀ ਸਮਾਧੀ ਦੇ ਨਾਲ ਸਸਕਾਰੇ ਗਏ। ਇਸ ਪੱਖੋਂ ਨਾਮਧਾਰੀਆਂ ਦੀ ਇਹ ਲੋੜ ਬਣ ਗਈ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਸਥਾਨ ਜ਼ਰੂਰ ਹੀ ਉਹਨਾਂ ਦੇ ਕਬਜ਼ੇ ਵਿਚ ਹੋਵੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗੱਦੀ ਨਸ਼ੀਨੀ ਦੇ ਲਾਗ ਚਾਗ ਇਕਵਾਰ ਐਸੀ ਅਵਸਥਾ ਪੈਦਾ ਹੋ ਗਈ ਕਿ ਸਾਰੇ ਪਿੰਡ ਰਾਈਆਂ ਨੇ ਇਹ ਡੇਰਾ ਭੈਣੀ ਸਾਹਿਬ ਦੇ ਹਵਾਲੇ ਕਰ ਦੇਣਾ ਚਾਹਿਆ। ਓਦੋਂ ਇਥੋਂ ਦਾ ਮਹੰਤ ਗੋਪਾਲ ਦਾਸ ਸੀ। ਇਸਦਾ ਰਾਹ ਇਹ ਕੱਢਿਆ ਗਿਆ ਕਿ ਮਹੰਤ ਗੁਪਾਲ ਦਾਸ ਦਾ ਚੇਲਾ ਇਕ ਨਾਮਧਾਰੀ ਬਣਾਇਆ ਜਾਵੇ। ਉਸ ਨੂੰ ਕੱਛ ਲਾਹ ਕੇ ਭਗਵੇਂ ਧਾਰਨੇ ਪੈਣਗੇ। ਇਸ ਤਰ੍ਹਾਂ ਇਹ ਡੇਰਾ ਨਾਮਧਾਰੀ ਹੈੱਡ ਕੁਆਰਟਰ ਨਾਲ ਜੁੜ ਜਾਵੇ। ਇਕ ਬਹੁਤ ਇਤਬਾਰੀ ਤੇ ਨਿਸ਼ਠਾਵਾਨ ਸਿੱਖ ਨੂੰ ਜਿਸਦਾ ਨਾਮ ਵੀਰ ਸਿੰਘ ਸੀ ਉਹ ਵੀਰਮ ਦਾਸ ਦੇ ਨਾਂ ਨਾਲ ਚੇਲਾ ਜਾ ਬਣਿਆ।

ਪਰ ਏਸੇ ਦੌਰਾਨ ਪਿੰਡ ਦੇ ਦੋ ਧੜੇ ਹੋ ਗਏ। ਸ਼ਰਾਰਤ ਅੰਗਰੇਜ਼ਾਂ ਦੇ ਗੁਮਾਸ਼ਤਿਆਂ ਵਲੋਂ ਹੋਈ ਜਾਂ ਪਿੰਡ ਵਿਚੋਂ ਹੀ ਕੋਈ ਐਸੇ ਅਨਸਰ ਪੈਦਾ ਹੋ ਗਏ। ਡੇਰੇ ਦੀ ਜ਼ਮੀਨ ਪਹਿਲਾਂ ਹੀ ਨਾਮਧਾਰੀਆਂ ਦੇ ਕਬਜ਼ੇ ਵਿਚ ਸੀ। ਪਰ ਡੇਰਾ ਇਹਨਾਂ ਦੀ ਪਕੜ ਵਿਚ



Sri Satguru Jagjit Singh Ji Elibrary NamdhariElibrary@gmail.com

ਨਾ ਆਇਆ। ਫਿਰ ਕਬਜ਼ੇ ਦਾ ਮੁਕੱਦਮਾ ਚੱਲ ਪਿਆ। ਰਾਈਆਂ ਦੇ ਡੇਰੇ ਦੀ ਜ਼ਮੀਨ ਤੇ ਭੈਣੀ ਸਾਹਿਬ ਵਾਲੇ ਕਾਬਜ਼। ਮਹੰਤ ਚਾਹੇ ਕਿ ਉਹਦਾ ਕਬਜ਼ਾ ਹੋ ਜਾਏ। ਸਤਿਗੁਰੂ ਪ੍ਰਤਾਪ ਸਿੰਘ ਜੀ ਕਬਜ਼ਾ ਛਡ ਦੇਣ ਦੇ ਹੱਕ ਵਿਚ ਸਨ ਪਰ ਮਾਤਾ ਜੀਉਣ ਕੌਰ ਜੀ ਜੁ ਉਸ ਵੇਲੇ ਭੈਣੀ ਸਾਹਿਬ ਗੁਰਦੁਆਰੇ ਦੇ ਮੁਖੀ ਸਨ ਤੇ ਜਿਨ੍ਹਾਂ ਦੇ ਕੁਛ ਸਲਾਹਕਾਰ ਪਿੰਡੋਂ ਅਤੇ ਕੁਝ ਗੁਰਦੁਆਰੇ ਦੇ ਬੰਦੇ ਸਨ, ਕਬਜ਼ਾ ਬਹਾਲ ਰੱਖਣ ਦੇ ਜਤਨਾਂ ਵਿਚ ਸਨ। ਮਹੰਤ ਨੇ ਮੁਕੱਦਮਾ ਕਰ ਦਿੱਤਾ। ਪੁਲਿਸ ਅਤੇ ਮਾਲ ਦਾ ਮਹਿਕਮਾ ਗੁ: ਭੈਣੀ ਸਾਹਿਬ ਵਾਲੇ ਪਾਸੇ। ਕੋਰਟ ਤੇ ਸਰਕਾਰੀ ਅਧਿਕਾਰੀ ਮਹੰਤ ਗੋਪਾਲ ਦਾਸ ਦੇ ਪਾਸੇ। ਚੰਗੀ ਤਕੜੀ ਖੜਕ ਪਈ। ਡੇਰਾ ਗੁਰਦੁਆਰੇ ਦਾ ਰੁਪਿਆ, ਉਹਨੀ ਦਿਨੀਂ, ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੇਵਲ 27 ਵਰ੍ਹਿਆਂ ਦੇ ਜੁਆਨ ਸਨ, ਦੋ ਲੱਖ ਰੁਪਿਆ ਮੁਕੱਦਮੇ ਤੇ ਖਰਚ ਆਇਆ। ਕਬਜ਼ਾ ਇਹ ਛੱਡਣ ਨਾ ਭਾਵੇਂ ਵਾਲ ਵਾਲ ਕਰਜ਼ਾਈ ਹੋ ਗਏ।

ਅੰਤ ਨੂੰ 15 ਸਾਲਾਂ ਦੀ ਮੁਕੱਦਮੇਬਾਜ਼ੀ ਪਿਛੋਂ ਇਕ ਰਾਹ ਕਢਿਆ ਗਿਆ। ਸ. ਪਿਆਰਾ ਸਿੰਘ ਬੜਾ ਮੁਅਤਬਿਰ ਆਦਮੀ ਤੇ ਬਹੁਤ ਬਾਰਸੂਖ ਬੰਦਾ ਸੀ। ਉਸਨੇ ਵਿਚੋਲਗਿਰੀ ਕੀਤੀ। ਤਜਵੀਜ਼ ਇਹ ਕੀਤੀ ਗਈ ਕਿ ਮਹੰਤ ਗੋਪਾਲ ਦਾਸ ਗੁਰੂ ਕੀ ਸ਼ਰਨ ਆਣ ਪਵੇ। ਚਾਬੀਆਂ ਲੈ ਜਾ ਕੇ ਭੈਣੀ ਸਾਹਿਬ ਸਤਿਗੁਰੂ ਦੇ ਚਰਨਾਂ ਵਿਚ ਰਖ ਦੇਵੇ। ਸਤਿਗੁਰੂ ਜੀ ਉਹ ਵਾਪਸ ਮਹੰਤ ਨੂੰ ਦੇ ਕੇ ਥਾਪੜਾ ਦੇਣ ਅਤੇ ਜ਼ਮੀਨ ਤੋਂ ਕਬਜ਼ਾ ਛੱਡ ਦੇਣ। ਏਸੇ ਤਰ੍ਹਾਂ ਕੀਤਾ ਗਿਆ। ਅਤੇ ਇਹ ਖਹਿਬਾਜ਼ੀ ਦੇ ਮੁਕੱਦਮੇ ਬਾਜ਼ੀ ਦਾ ਝੰਜਟ ਮੁੱਕਾ।

ਤਾਂ ਵੀ ਨਾਮਧਾਰੀਆਂ ਨੂੰ ਆਪਣੇ ਸਤਿਗੁਰੂ ਜੀ ਦਾ ਜਨਮ ਸਥਾਨ ਆਪਣੇ ਕਬਜ਼ੇ ਵਿਚ ਲੈਣ ਦੀ ਤਮੰਨਾ ਰਹੀ। ਗੁਰੂ ਘਰ ਵਿਚ ਐਸੇ ਅਨੇਕਾਂ ਸੋਚਵਾਨ ਸਨ। ਪਰ ਸਤਿਗੁਰੂ ਜੀ ਨੇ ਇਹ ਕੰਮ ਰਾਈਆਂ ਦੇ ਸੰਤ ਪਿਆਰਾ ਸਿੰਘ ਪਾਸੋਂ ਕਰਵਾਣਾ ਸੀ, ਉਸਨੇ ਇਹ ਮਨ ਵਿਚ ਧਾਰ ਲਈ ਕਿ ਨਾਮਧਾਰੀ ਸੰਗਤਾਂ ਨੂੰ ਡੇਰੇ ਰਾਈਆਂ ਦਾ ਕਬਜ਼ਾ ਲੈ ਕੇ ਦੇਣਾ ਹੈ। ਸਤਿਗੁਰੂ ਜੀ ਪਾਸੋਂ ਆਸ਼ੀਰਵਾਦ ਪ੍ਰਾਪਤ ਕਰ ਲਈ। 1970 ਜਾਂ 71 ਵਿਚ ਰਾਈਆਂ ਵਾਲੇ ਡੇਰੇ ਤੇ ਅਧਿਕਾਰਾਂ ਦਾ ਕੇਸ ਕਰ ਦਿੱਤਾ ਗਿਆ। ਚਲਦੇ ਚਲਾਂਦਿਆਂ ਸਰਕਾਰ ਨਾਲ ਨੇੜਤਾ ਦੇ ਸਾਧਨਾਂ ਵਿਚ ਸ੍ਰ ਸੁਰਿੰਦਰ ਸਿੰਘ ਲੁਧਿਆਣਾ ਤੇ ਸ. ਹਰਵਿੰਦਰ ਸਿੰਘ ਹੰਸਪਾਲ ਜੀ ਐਮ.ਪੀ. ਆ ਗਏ। ਇਹਨਾਂ ਨੇ ਭੱਜ ਨੱਠ ਤੇ ਅਸਰ ਰਸੂਖ, ਜਿਸਦੇ ਪਿਛੇ ਸ੍ਰੀ ਸਤਿਗੁਰੂ ਜੀ ਦੀ ਅਖ਼ਲਾਕੀ ਤੇ ਮਾਲੀ ਮਹਾਨ ਸ਼ਕਤੀ ਸੀ, ਨਾਲ ਇਸ ਮੁਕੱਦਮੇ ਨੂੰ ਐਸੀ ਸ਼ਕਲ ਦਿੱਤੀ ਕਿ ਪੰਜਾਬ ਸਰਕਾਰ ਨੇ ਡੇਰਾ ਰਾਈਆਂ ਆਪਣੇ ਕਬਜ਼ੇ ਵਿਚ ਲੈ ਕੇ ਕੱਲ੍ਹ ਨੂੰ ਇਹਨਾਂ ਦੇ ਹਵਾਲੇ ਕਰਨਾ ਹੈ।

ਕੱਲ੍ਹ ਮੈਨੂੰ ਭੈਣੀ ਸਾਹਿਬ, ਹਰੀਮੰਦਰ ਦੇ ਨਜ਼ਦੀਕ ਸੰਤ ਜਸਵੰਤ ਸਿੰਘ ਦਰਜ਼ੀ ਦਿੱਲੀ ਤੋਂ ਆਇਆ ਮਿਲਿਆ। ਉਸਨੇ ਖ਼ਬਰ ਦਿਤੀ ਕਿ ਉਸਦੇ ਪਿਤਾ ਪੰਥ ਰਤਨ ਸੰਤ ਅਨੰਤਾ ਸਿੰਘ ਜੀ (96) ਭੈਣੀ ਸਾਹਿਬ ਜਿਨ੍ਹਾਂ ਦਾ ਘਰ ਤੇ ਕਾਰਜ ਖੇਤਰ ਰਿਹਾ ਪਰ ਜੋ ਪਿਛਲੇ ਵੀਹਾਂ-ਪੱਚੀਆਂ ਸਾਲਾਂ ਤੋਂ ਆਪਣੇ ਲੜਕਿਆਂ ਪਾਸ ਸਨ, ਖਾਸ ਕਰ ਸੇਵਾ ਦਾ ਸੁਭਾਗ ਜਸਵੰਤ ਸਿੰਘ ਨੂੰ ਛੋਟਾ ਲੜਕਾ ਹੋਣ ਕਰਕੇ ਪ੍ਰਾਪਤ ਸੀ, 9 ਅਤੇ



Sri Satguru Jagjit Singh Ji Elibrary NamdhariElibrary@gmail.com

10 ਨਵੰਬਰ 1985 ਦੀ ਰਾਤੀਂ ਪੂਰੇ 12 ਵਜੇ ਸੁਰਗਵਾਸ ਕਰ ਗਏ। ਇਕ ਦਿਨ ਉਨ੍ਹਾਂ ਨੂੰ ਬੁਖਾਰ ਰਿਹਾ ਪਰ ਹੋਸ਼ ਹਵਾਸ ਮਰਦੇ ਦਮ ਤਕ ਜਿਉਂ ਕਾ ਤਿਉਂ ਰਿਹਾ। 10.11.85 ਨੂੰ ਦਿੱਲੀ ਦੀਆਂ ਨਾਮਧਾਰੀ ਸੰਗਤਾਂ ਨੇ ਬਾਬਾ ਅਨੰਤਾ ਸਿੰਘ ਜੀ ਦੀ ਅਰਥੀ ਨੂੰ ਸਤਿਕਾਰ ਪਿਆਰ ਤੇ ਧੂਮ ਧਾਮ ਨਾਲ ਸਸਕਾਰਤ ਕੀਤਾ।

ਇਹ ਬੜਾ ਚੰਗਾ ਹੋਇਆ ਕਿ ਦਿੱਲੀ ਹੋਲਾ 1984 ਵਿਚ ਸੰਤ ਅਨੰਤਾ ਸਿੰਘ ਜੀ ਨੂੰ ਸ੍ਰੀ ਸਤਿਗੁਰੂ ਜੀ ਵਲੋਂ 'ਪੰਥ ਰਤਨ' ਦਾ ਖਿਤਾਬ 5000 ਰੁਪਏ ਨਕਦ ਅਤੇ ਬਸਤਰ ਦੇ ਕੇ ਭਰੇ ਦਿਵਾਨ ਵਿਚ ਸਤਿਕਾਰਿਆ ਗਿਆ।

ਅੱਜ ਸ਼ਾਮੀ 6.15 ਵਜੇ ਮੈਂ ਕਿਸੇ ਕੰਮ ਨਵੀਂ ਕੋਠੀ ਵਲ ਗਿਆ ਤਾਂ ਪਤਾ ਲੱਗਾ ਕਿ ਪੰਜਾਬ ਦੇ ਸਾਬਕਾ ਕਾਂਗਰਸੀ ਵਜ਼ੀਰ ਸ੍ਰੀ ਜੁਗਿੰਦਰ ਪਾਲ ਪਾਂਡੇ ਗੁਰੂ ਕੇ ਦਰਸ਼ਨਾਂ ਨੂੰ ਆਏ ਹੋਏ ਹਨ। ਮੈਂ 69 ਨੰ: ਕਮਰੇ ਵਿਚ ਗਿਆ ਤਾਂ ਸ੍ਰੀ ਸਤਿਗੁਰੂ ਜੀ ਸੋਫੇ ਉਪਰ ਚੌਕੜਾ ਲਾਈ ਅਤੇ ਹੋਰ ਸੱਜਣ ਵਿਛੇ ਹੋਏ ਫਰਸ਼ ਤੇ ਬੈਠੇ ਹੋਏ ਸਨ। ਸ੍ਰੀ ਸਤਿਗੁਰੂ ਜੀ ਪਾਂਡੇ ਜੀ ਨੂੰ ਸਾਂਤਵਨਾ ਦੇ ਰਹੇ ਸਨ। ਉਨ੍ਹਾਂ ਦਾ ਜੁਆਨ ਲੜਕਾ ਪਿਛਲੇ ਦਿਨੀਂ ਹਾਦਸੇ ਦਾ ਸ਼ਿਕਾਰ ਹੋ ਗੁਜ਼ਰ ਗਿਆ ਹੈ। ਪਾਂਡੇ ਜੀ ਨਾਲ 4 ਕੁ ਜਣੇ ਉਨ੍ਹਾਂ ਦੇ ਹੋਰ ਮਿੱਤਰ ਸਾਥੀ ਸਨ। ਏਧਰ ਕੋਲ ਸਨ ਸੰਤ ਤਰਸੇਮ ਸਿੰਘ ਨਿੱਜੀ ਸਕੱਤਰ, ਸ. ਹੰਸਪਾਲ ਜੀ, ਸੁਰਿੰਦਰ ਸਿੰਘ ਲੁਧਿਆਣਾ, ਗੁਰਭਜਨ ਸਿੰਘ, ਸ. ਜਗਦੀਸ਼ ਸਿੰਘ 'ਵਰਿਆਮ', ਸਤਿਗੁਰੂ ਜੀ ਨੇ ਨਾਮਧਾਰੀ ਜੀਵਨ ਤੇ ਸਿੱਖ ਇਤਿਹਾਸ ਵਿਚੋਂ ਅਨੇਕਾਂ ਮਿਸਾਲਾਂ ਦੇ ਕੇ ਦ੍ਰਿੜ੍ਹ ਕਰਵਾਇਆ ਕਿ ਸੰਸਾਰ ਵਿਚ ਜਨਮ ਲੈਣ ਵਾਲੇ ਹਰੇਕ ਨੇ ਮਰਨਾ ਹੈ। ਸਾਨੂੰ ਰਜ਼ਾ ਵਿਚ ਰਾਜ਼ੀ ਰਹਿਣ ਦੀ ਆਦਤ ਹੀ ਪਾਉਣੀ ਚਾਹੀਦੀ ਹੈ। ਬਚਨ ਏਨੇ ਜ਼ੋਰਦਾਰ ਤੇ ਮਿਸਾਲੀ ਸਨ ਕਿ ਮੇਰਾ ਜੀ ਕਰਦਾ ਸੀ ਉਹ ਸਾਰੇ ਸੰਭਾਲ ਲਵਾਂ, ਪਰ ਤਿਆਰੀ ਨਾਲ ਨਾ ਜਾਣ ਕਰਕੇ ਏਨਾ ਲਿਖਣਾ ਹੀ ਕਾਫ਼ੀ ਹੈ ਕਿ ਪੰਦਰਾਂ ਮਿੰਟ ਦਾ ਇਹ ਸਮਾ ਅਤਿ ਕਲਿਆਣਕਾਰੀ ਸੀ। ਸਤਿਗੁਰੂ ਜੀ ਨੇ ਪਾਂਡੇ ਜੀ ਨੂੰ ਇਹ ਕਹਿੰਦਿਆਂ ਵਿਦਾ ਕੀਤਾ: ਪਹੁੰਚਣਾ ਤਾਂ ਮੈਨੂੰ ਆਪਦੇ ਕੋਲ ਚਾਹੀਦਾ ਸੀ ਪਰ ਤੁਸਾਂ ਆਪ ਹੀ ਕਸ਼ਟ ਕੀਤਾ ਹੈ। ਇਹ ਤੁਹਾਡਾ ਵਡੱਪਣ ਹੀ ਹੈ।

7.15 ਵਜੇ ਰਾਤ ਦੇ ਤਾਂ ਸ. ਜਸਵੰਤ ਸਿੰਘ ਕੱਲ੍ਹਾ ਦੇ ਘਰ, ਜੋ ਪੁਰਾਣੀ ਕੋਠੀ ਦੇ ਨਾਲ ਕਰਕੇ ਹੀ ਹੈ ਤੇ ਜਿਸਦਾ ਬੂਹਾ ਇਕ ਏਧਰ ਹੀ ਖੁਲ੍ਹਦਾ ਹੈ, ਵਿਚ ਗੁਰੂ ਕੀ ਹਜ਼ੂਰੀ ਵਿਚ ਸੰਗੀਤ ਸਭਾ ਜਾਰੀ ਹੋ ਗਈ। ਸ. ਅਵਤਾਰ ਸਿੰਘ ਭਾਵੇਂ ਪੱਸਲੀ ਦੀ ਦਰਦ ਨਾਲ ਅਉਖਾ ਹੀ ਸੀ ਪਰ ਦੋ ਘੰਟੇ ਉਸਦੇ ਤਬਲਾ ਵਾਦਨ ਨਾਲ ਸਤਿਗੁਰੂ ਜੀ ਨੇ ਅਧੂਰੀਆਂ ਬੰਦਸ਼ਾਂ ਨਾਲ ਆਗਾਜ਼ ਕਰਕੇ ਸ੍ਰੀ ਮੋਹਣ ਸੁਖਦੇਵ ਕੂਕਾ ਬੰਧੂਆਂ ਤੋਂ ਬਿਹਾਗ ਦਾ ਇਕ ਖਿਆਲ ਸੁਣਿਆ। ਇਸ ਮੌਕੇ ਸ੍ਰੀ ਰਾਮ ਜੀ ਮਿਸ਼ਰਾ, ਇਹਨਾਂ ਦਾ ਸਹਾਇਕ ਸ੍ਰੀ ਰਵਿੰਦਰ ਸਿੰਘ ਦਿੱਲੀ, ਸ. ਵਰਿਆਮ, ਸ੍ਰੀ ਸੁਖਦੇਵ ਸਿੰਘ, ਦੀਦਾਰ ਸਿੰਘ ਅਤੇ ਬੀਬੀ ਨਰਿੰਦਰ ਕੱਲ੍ਹਾ ਸਰੋਤਿਆਂ ਵਿਚ ਸਨ।

ਰਾਤੀਂ 9.15 ਵਜੇ ਸਭਾ ਸਮਾਪਤ ਹੋਈ।



Sri Satguru Jagjit Singh Ji Elibrary NamdhariElibrary@gmail.com

## 14 ਨਵੰਬਰ 1985, ਵੀਰਵਾਰ
## ਸ੍ਰੀ ਭੈਣੀ ਸਾਹਿਬ

ਹਰੀਮੰਦਰ ਵਿਚ ਗੁਰੂ ਕੀ ਹਜ਼ੂਰੀ ਵਿਚ ਰਾਗੀਆਂ ਦਾ ਕੀਰਤਨ, 200 ਦੀ ਹਾਜ਼ਰੀ। ਫੇਰ ਬਾਹਰ ਥੜ੍ਹੇ ਦੇ ਨਾਲ ਬੋਹੜ ਵਾਲੇ ਪਾਸੇ ਦੋ ਜੋੜਿਆਂ ਦਾ ਅਨੰਦ ਕਾਰਜ। ਸਲੋਅ ਵਾਲੇ ਬਲਵੰਤ ਕੌਰ ਦਾ ਲੜਕਾ ਬੀਬੀ ਰਤਨਾ ਦਿੱਲੀ ਵਾਲੀ ਦੀ ਮਾਸੀ ਦੀ ਧੀ ਭੈਣ ਨਾਲ ਵਿਵਾਹਤ ਹੋਇਆ ਹੈ। ਇਕ ਜੋੜਾ ਨਾਵਕਲ਼ਾ ਵਿਚੋਂ।

ਸ੍ਰੀ ਸਤਿਗੁਰੂ ਜੀ ਨੇ ਆਪਣਾ ਨਿਤਨੇਮ ਕਰਦਿਆਂ ਹੀ ਲਿਖਕੇ ਸੰਤ ਦਿਆਲ ਸਿੰਘ ਫਗਵਾੜਾ ਨੂੰ ਦਸਿਆ ਕਿ ਅੱਜ ਜਦੋਂ ਰਾਈਆਂ ਵਾਲੇ ਡੇਰੇ ਦਾ ਕਬਜ਼ਾ ਲੈਣਾ ਹੈ ਤਾਂ ਨਾਲ ਹੀ ਨਿਰੰਤਰ ਭਜਨ-ਵਰਨੀ ਚਾਲੂ ਹੋ ਜਾਇ। ਛੇ ਸਿੰਘ ਏਸੇ ਸਮੇਂ ਨਿਸਚਿਤ ਕਰ ਦਿੱਤੇ ਗਏ, ਜਿਨ੍ਹਾਂ ਦਾ ਮੁਖੀ ਸੰਤ ਬਿਧੀ ਸਿੰਘ ਪੁਰਬਾ ਹੋਵੇਗਾ।

ਸ੍ਰੀ ਸਤਿਗੁਰੂ ਜੀ ਆਪਣੇ ਜਥੇ ਸਮੇਤ 7.30 ਵਜੇ ਸਵੇਰੇ ਚੰਡੀਗੜ੍ਹ ਨੂੰ ਪ੍ਰਸਥਾਨ ਕਰ ਗਏ। ਪ੍ਰਸ਼ਾਦ ਪਾਣੀ ਸੰਤ ਮੰਗਲ ਸਿੰਘ ਦੇ ਛਕ ਕੇ ਮੰਡੀ ਹਿਮਾਚਲ ਨੂੰ ਕੂਚ ਕਰਨਾ ਹੈ। ਇਸ ਦੌਰੇ ਵਿਚ ਮੰਡੀ, ਭੂੰਤਰ, ਕੁੱਲੂ, ਮਨਾਲੀ ਵਿਖੇ 10 ਦਿਨ ਨਿਵਾਸ ਰਖਣਾ ਹੈ। ਇਹੋ ਸਤਿਗੁਰੂ ਦੀ ਮੌਜ ਹੈ ਕਿ ਲੋਕ ਸਰਦੀਆਂ ਬਿਤਾਣ ਪਹਾੜੀ ਤੋਂ ਮੈਦਾਨਾਂ ਨੂੰ ਨਸਦੇ ਹਨ ਪਰ ਆਪ ਜੀ ਨਵੰਬਰ ਦੇ ਦੂਜੇ ਅੱਧ ਵਿਚ ਜੰਮੀਆਂ ਬਰਫ਼ਾਂ ਦੇ ਇਲਾਕੇ ਵਿਚ ਰਹਿਣਗੇ। 24 ਜਾਂ 25 ਨਵੰਬਰ ਨੂੰ ਵਾਪਸੀ ਹੋਵੇਗੀ।

ਅੱਜ ਸਵੇਰੇ ਰਾਮ ਜੀ ਮਿਸ਼ਰਾ ਨੂੰ ਵੀ ਬਨਾਰਸ ਜਾਣ ਦੀ ਛੁਟੀ ਮਿਲ ਗਈ ਜਾਪਦੀ ਹੈ।

26 ਨਵੰਬਰ ਨੂੰ ਲੁਧਿਆਣੇ ਵਿਖੇ ਹੋਏ ਨਾਮਧਾਰੀ ਸ਼ਹੀਦਾਂ ਦਾ ਮੇਲਾ ਸ੍ਰੀ ਭੈਣੀ ਸਾਹਿਬ ਹੋਵੇਗਾ।

29 ਨਵੰਬਰ ਨੂੰ ਸ. ਜਗਦੀਸ਼ ਸਿੰਘ ਵਰਿਆਮ ਜਲੰਧਰ ਦੀਆਂ ਸੰਗਤਾਂ ਦੇ ਉਦਮ ਤੇ ਉਤਸ਼ਾਹ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦਾ ਦੇਸੀ ਤਿਥਾਂ ਨਾਲ ਬਣਦਾ ਪ੍ਰਕਾਸ਼ ਦਿਨ ਦਾ ਮੇਲਾ ਕਰਨ ਕਰਵਾਣਗੇ, ਜਿਸ ਵਿਚ ਇਕ ਸੰਖੇਪ ਜਿਹੀ ਸੰਗੀਤ ਸਭਾ ਦਾ ਆਯੋਜਨ ਹੈ।

8 ਵਜਦੇ ਨੂੰ ਮੈਂ ਅਤੇ ਜਗਦੀਸ਼ ਸਿੰਘ ਨੇ ਵੀ ਕਟਾਣੀ ਨੂੰ ਪੈਦਲ ਮਾਰਚ ਕਰ ਦਿਤਾ। ਸ੍ਰੀ ਸੁਖਦੇਵ ਸਿੰਘ ਗਾਇਕ ਦੀ ਮਦਦ ਨਾਲ ਸਮਾਨ ਕਟਾਣੀ ਪਹੁੰਚ ਗਿਆ। ਪਿਛੋਂ ਭੈਣੀ ਸਾਹਿਬ ਵਿਚ ਹੁਣ ਏਥੋਂ ਦੇ ਵਾਸੀ ਹੀ ਰਹਿ ਗਏ ਹਨ। ਬਾਕੀ ਸਭ ਘਰੋ ਘਰੀ।



Sri Satguru Jagjit Singh Ji Elibrary NamdhariElibrary@gmail.com

## 15 ਨਵੰਬਰ 1985, ਸ਼ੁੱਕਰਵਾਰ
## ਚੰਡੀਗੜ੍ਹ

ਰਾਤ ਆਪਣੇ ਸਹੁਰੇ ਘਰ, ਪਿੰਡ ਕੰਗ ਅਰਾਈਆਂ ਵਿਖੇ ਬਿਤਾ ਮੈਂ ਚੰਡੀਗੜ੍ਹ ਜਾਣ ਲਈ ਜਾਂ ਸਮਰਾਲਾ ਚੌਂਕ ਤੋਂ 9 ਵਜੇ ਸਵੇਰੇ ਬੱਸ ਉਤਰਿਆ ਤਾਂ ਅਗੋਂ ਮੋਟਰੋਂ ਲਹਿ ਕੇ ਤੁਰੇ ਆਉਂਦੇ ਸੰਤ ਦਿਆਲ ਸਿੰਘ ਫਗਵਾੜਾ ਮਿਲੇ। ਉਨ੍ਹਾਂ ਨਾਲ ਦੋ ਜੁਆਨ ਹੋਰ ਸਨ ਸ੍ਰੀ ਹਰਜੀਤ ਸਿੰਘ ਜਲੰਧਰ ਅਤੇ ਸ੍ਰੀ ਹਰਵਿੰਦਰ ਸਿੰਘ। ਮਿਲਦਿਆਂ ਹੀ ਉਨ੍ਹਾਂ ਮੈਨੂੰ ਮੁਬਾਰਕ ਦਿੱਤੀ। ਖੁਸ਼ਖਬਰੀ ਇਹ ਸੀ ਕਿ ਕੱਲ੍ਹ ਦੋ ਵਜੇ ਸਰਕਾਰੀ ਅਧਿਕਾਰੀਆਂ, ਇਕ ਕਾਨੂੰਗੋ ਅਤੇ ਇਕ ਪਟਵਾਰੀ ਨੇ ਰਾਈਆਂ ਡੇਰੇ ਦੀਆਂ ਚਾਬੀਆਂ ਸੂਬਾ ਉਦੇ ਸਿੰਘ ਜੀ, ਮੁੱਖ ਪ੍ਰਬੰਧਕ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਅਤੇ ਸੰਤ ਦਿਆਲ ਸਿੰਘ ਨੂੰ ਸੌਂਪ ਦਿੱਤੀਆਂ। ਪੰਦਰਾਂ ਕੁ ਸਰੀਰ ਭੈਣੀ ਸਾਹਿਬ ਤੋਂ ਹੋਰ ਵੀ ਨਾਲ ਸਨ (ਮੇਰਾ ਖਿਆਲ ਹੈ ਸੰਤ ਕਪੂਰ ਸਿੰਘ , ਸ੍ਰੀ ਜਸਵੰਤ ਸਿੰਘ ਪੰਡਤ, ਸ. ਗੁਰਦੇਵ ਸਿੰਘ ਮਦਾਰ, ਸ. ਸੁਖਦੇਵ ਸਿੰਘ, ਸ. ਗੁਰਮੇਲ ਸਿੰਘ ਦੋਵੇਂ ਭੈਣੀ ਸਾਹਿਬ ਅਵੱਸ਼ ਨਾਲ ਹੋਣਗੇ।) ਮਤਲਬ ਕਿ ਜੋ ਕੁਝ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੋ ਲੱਖ ਰੁਪੈਆ ਖਰਚ ਹੋ ਕੇ ਫੇਰ ਚਾਬੀਆਂ ਗੁਰੂ ਚਰਨੀਂ ਲਗ ਪੁਰਾਣੇ ਮਾਲਕਾਂ ਕੋਲ ਚਲੀਆਂ ਗਈਆਂ, ਉਹੋ ਚਾਬੀਆਂ ਹੁਣ ਫੇਰ ਪੰਦਰਾਂ ਸਾਲਾਂ ਦੇ ਪਰਯਤਨਾਂ ਬਾਦ ਗੁਰੂ ਘਰ ਆ ਗਈਆਂ।

ਡੇਰੇ ਦੀ ਪੂਰੀ ਤਰ੍ਹਾਂ, ਸਫਾਈ ਕਰਕੇ, ਏਥੇ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਨਿਰੰਤਰ ਭਜਨ ਵਰਨੀ ਆਰੰਭ ਕਰ ਦਿੱਤੀ ਗਈ 4 ਵਜੇ ਲਉਢੇ ਪਹਿਰ। ਹੁਣ 8-10 ਸਰੀਰ ਤਾਂ ਜ਼ਰੂਰ ਹੀ ਇਸ ਕਾਰਜ ਲਈ ਏਥੇ ਰਹਿਣਗੇ ਅਤੇ ਘੰਟੇ ਘੰਟੇ ਘੜਿਆਲ ਖੜਕਿਆ ਕਰੇਗਾ।

ਸੰਤ ਦਿਆਲ ਸਿੰਘ ਨੇ ਦੱਸਿਆ ਕਿ ਵਰਨੀਆਂ ਦੇ ਆਰੰਭ ਦੇ ਨਾਲ ਹੀ ਇਕ ਪੀਪਾ ਦੇਸੀ ਘਿਊ ਦਾ ਕੜਾਹ ਪ੍ਰਸ਼ਾਦ ਕਰਕੇ ਪਿੰਡ ਦੇ ਲੋਕਾਂ ਵਿਚ ਵਰਤਾਕੇ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ।

ਏਥੇ ਏਨੀ ਗੱਲ ਦੱਸਣੀ ਬਣਦੀ ਹੈ ਕਿ ਜਦੋਂ ਸ੍ਰੀ ਸਤਿਗੁਰੂ ਜੀ ਨੇ ਰਾਈਆਂ ਵਾਲੇ ਡੇਰੇ ਨੂੰ ਆਪਣੇ ਅਖਤਿਆਰ ਵਿਚ ਲੈਣ ਬਾਰੇ ਆਪਣੀ ਸੋਚ ਮਹਾਰਾਜ ਬੀਰ ਸਿੰਘ ਜੀ ਨੂੰ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਦੱਸੀ ਤਾਂ ਉਨ੍ਹਾਂ ਇਸ ਨੂੰ ਅਨਹੋਣਾ ਖੇਲ ਦੱਸਿਆ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਵਾਕਿਆਤ ਯਾਦ ਕਰਵਾਕੇ ਇਸ ਕਿਤਾਬ ਨੂੰ ਠੱਪੀ ਹੀ ਰਹਿਣ ਦੇਣ ਦੀ ਸਲਾਹ ਦਿੱਤੀ ਪ੍ਰੰਤੂ ਸਤਿਗੁਰੂ ਜੀ ਇਰਾਦੇ ਦੇ ਬੜੇ ਬਲਵਾਨ ਹਨ ਤੇ ਜੋ ਮਨ ਵਿਚ ਧਾਰ ਲੈਣ ਕਰਕੇ ਵਖਾਲਦੇ ਹਨ। ਮੈਨੂੰ ਪੂਨੇ ਦੇ ਡਾ: ਗੋਪਾਲ ਕ੍ਰਿਸ਼ਨਨ ਦੀ ਗੱਲ ਯਾਦ ਆਈ ਹੈ। ਉਹ ਕਹਿੰਦਾ ਸੀ ਮੈਨੂੰ ਸਤਿਗੁਰੂ ਜੀ ਨਾਲ ਦੋ ਵਾਰ ਸਫਰ ਕਰਨ ਦਾ ਅਵਸਰ ਮਿਲਿਆ ਹੈ ਅਤੇ ਮੈਂ



Sri Satguru Jagjit Singh Ji Elibrary NamdhariElibrary@gmail.com

ਜਾਂਚਿਆ ਹੈ ਕਿ ਸ੍ਰੀ ਸਤਿਗੁਰੂ ਜੀ ਜੋ ਚਿਤਵ ਲੈਣ ਉਸਦੀ ਪ੍ਰਾਪਤੀ ਤੋਂ ਉਰ੍ਹਾਂ ਨਹੀਂ ਰਹਿੰਦੇ। ਨਾਮਧਾਰੀ ਜਗਤ ਵਿਚ ਅੱਜ ਦਾ ਦਿਨ ਪਰਮ ਸੁਭਾਗ ਦਾ ਦਿਨ ਹੈ ਜਦੋਂ ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਸਥਾਨ ਦੇ ਦਰਸ਼ਨ ਦੀਦਾਰੇ ਹੋਣ ਦਾ ਅਵਸਰ ਪ੍ਰਾਪਤ ਹੋਇਆ ਕਰੇਗਾ।

12 ਵਜਦੇ ਨੂੰ ਮੈਂ ਚੰਡੀਗੜ੍ਹ ਦੇ ਪਾਸ ਮੋਹਾਲੀ, ਆਪਣੀ ਪੁੱਤਰੀ ਕੁਲਵੰਤ ਹਮਰਾਹੀ ਪਾਸ ਪੁੱਜਾ ਤਾਂ ਇਸ ਤੋਂ ਪਤਾ ਲੱਗਾ ਕਿ ਸ੍ਰੀ ਸਤਿਗੁਰੂ ਜੀ, ਸੰਤ ਪੂਰਬਾ, ਸੰਤ ਬਲਦੇਵ ਸਿੰਘ ਸੇਵਕ, ਕੇਹਰ ਸਿੰਘ ਹਮਰਾਹੀ, ਸ. ਸੁਰਿੰਦਰ ਸਿੰਘ ਮਨਚੰਦਾ 11 ਵਜੇ ਦੇ ਜਹਾਜ਼ ਤੇ ਭੁੰਤਰ ਨੂੰ ਗਏ। ਜਦੋਂ ਕਿ ਸ੍ਰੀ ਸਤਿਗੁਰੂ ਜੀ ਦੀ ਕਾਰ ਤੇ ਸੰਤ ਤਰਸੇਮ ਸਿੰਘ ਸਕੱਤਰ ਅਤੇ ਸ. ਹਰਨਾਮ ਸਿੰਘ ਹਾਰਟੀਕਲਚਰ ਇਨਸਪੈਕਟਰ ਸਵੇਰ ਦੇ ਹੀ ਰਵਾਨਾ ਹੋਏ ਹੋਏ ਸਨ।

ਮੈਂ ਕੱਲ੍ਹ ਸਵੇਰੇ ਦਿੱਲੀ ਨੂੰ ਰਵਾਨਾ ਹੋ ਜਾਵਾਂਗਾ।

## 17 ਨਵੰਬਰ 1985, ਐਤਵਾਰ
## ਨਵੀਂ ਦਿੱਲੀ

ਘਰ ਆਉਂਦਿਆਂ ਹੀ ਅਨੇਕਾਂ ਪੱਤਰਾਂ ਨੇ ਸੁਆਗਤ ਕੀਤਾ। ਇਕ ਦਸਤਾਰ ਬੰਦੀ ਸਮੇਂ ਲਈ ਨਿਮੰਤ੍ਰਣ ਪੱਤਰ ਸੀ, ਸ. ਕਿਰਪਾ ਸਿੰਘ ਰਮੇਸ਼ ਨਗਰ 19 ਸੀ-1, ਵਲੋਂ। ਮੇਰੇ ਮਿੱਤਰ ਸਨ। ਅੱਜ ਪਹੁੰਚਾ। ਤਿਨ ਚਾਰ ਸ਼ਾਨਦਾਰ ਪਿੰਡਾਲਾਂ ਵਿਚ ਇਕ ਵਿਚ ਸਭ ਦਾ ਆਯੋਜਨ ਸੀ। ਜਿਨ੍ਹਾਂ ਨੂੰ ਮੈਂ ਨਾਮਧਾਰੀ ਨਹੀਂ ਸਾਂ ਸਮਝਦਾ, ਉਹਨਾਂ ਸਧਾਰਨ ਪਾਠ ਦਾ ਭੋਗ ਨਾਮਧਾਰੀਆਂ ਤੋਂ ਪੁਆਇਆ। ਅਰਦਾਸ 12 ਪਾਤਸ਼ਾਹੀਆਂ ਦੀ ਕੀਤੀ। ਕਵੀ ਦਰਬਾਰ ਹੋਇਆ ਤਾਂ ਮਹਾਂਕਵੀ ਸ੍ਰੀ ਬਰਕਤ (75) ਨੇ ਨਾਮਧਾਰੀਆਂ ਉਤੇ ਅਤੇ ਸਤਿਗੁਰੂਆਂ ਦੀ ਸ਼ਾਨਦਾਰ ਕਵਿਤਾ ਕਹੀ ਅਤੇ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਉਸ ਤੇ ਸਦਾ ਹੀ ਮਿਹਰਬਾਨ ਰਹੇ ਹਨ ਅਤੇ ਨਾਮਧਾਰੀਆਂ ਸਦਾ ਹੀ ਉਸਦੀ ਸਰਪ੍ਰਸਤੀ ਕੀਤੀ ਹੈ। ਇਕ ਇਸਤਰੀ ਗਾਇਕਾ ਸੀ ਸਜੀਲੀ ਸੁਮਨ ਆਨੰਦ ਸੀ। ਉਸਨੇ ਸੁਹਣੀ ਆਵਾਜ਼ ਵਿਚ ਹੋਰ ਕਵਿਤਾਵਾਂ ਨਾਲ ਗੁਰੂ ਜਸ ਦੀ ਕਵਿਤਾ ਵੀ ਗੰਵੀ। ਉਸਦਾ ਕਹਿਣ ਸੀ ਕਿ ਉਸਨੇ ਪ੍ਰਸਿੱਧ ਨਾਮਧਾਰਨ ਬੀਬੀ ਲੀਲਾਵੰਤੀ ਤੋਂ ਗਾਉਣ ਦਾ ਸ਼ੌਕ ਲਿਆ। ਉਹਦੀ ਸੰਗਤ ਲੰਮਾ ਸਮਾਂ ਕੀਤੀ, ਜਿਸ ਤੋਂ ਸੱਚੀ ਸੁੱਚੀ ਨਾਮਧਾਰੀ ਸੰਸਥਾ ਦਾ ਪਤਾ ਲਗਾ।



Sri Satguru Jagjit Singh Ji Elibrary NamdhariElibrary@gmail.com

## 18 ਨਵੰਬਰ 1985, ਸੋਮਵਾਰ
## ਨਵੀਂ ਦਿੱਲੀ

ਮੈਂ ਤੇ ਮੇਰੀ ਪਤਨੀ ਨਜ਼ਰ ਟੈਸਟ ਕਰਵਾਣ ਤੇ ਫਿਰ ਨਵੀਆਂ ਐਨਕਾਂ ਬਣਵਾਣ ਲਈ 'ਵੰਦਨਾ ਓਪਟੀਕਲਜ਼' ਦੇ ਮਲਹੋਤਰਾ ਜੀ ਪਾਸ ਰਮੇਸ਼ ਨਗਰ ਗਏ ਤਾਂ 'ਲਾਈਟ ਆਫ' ਦਾ ਲਾਭ ਲੈ ਕੇ ਅਸੀਂ ਸ. ਰਤਨ ਸਿੰਘ ਬਾਂਦਰਖੁਹੀ ਵਾਲਿਆਂ ਦੇ ਘਰ ਚਲੇ ਗਏ, ਉਹ ਦੋ ਮਿੰਟ ਦੇ ਫਾਸਲੇ ਤੇ ਸੀ। ਅਗੇ ਸੰਤ ਪਤਨੀ ਬੀਬੀ ਚੰਨਣ ਕੌਰ ਸਕੂਟਰ ਦੇ ਹਾਦਸੇ ਕਾਰਨ ਪੱਟੀਆਂ ਪੈਰਾਂ ਤੇ ਬੰਨ੍ਹੀ ਬਾਹਰ ਵਾਰ ਮੰਜੇ ਤੇ ਬੈਠੀ ਸੀ। ਏਥੇ ਹੀ ਸੰਤ ਪੁੱਤਰ ਕੁਲਵੰਤ ਸਿੰਘ ਆ ਮਿਲਿਆ। ਜਲਪਾਣੀ ਦੀ ਸੇਵਾ ਲਈ ਆਪਣੇ ਨਵੇਂ ਨਿੱਕੇ ਜਿਹੇ ਸੁਹਣੇ ਘਰ ਲੈ ਗਿਆ।

ਜਲ ਪਾਣੀ ਸਮੇਂ ਉਸ ਦੱਸਿਆ ਕਿ ਪਿਛਲੇ ਦਿਨੀਂ ਸੰਤ ਰਤਨ ਸਿੰਘ ਨੇ ਆਪਣੇ ਸਪੁੱਤਰਾਂ ਸ. ਮਹਿੰਦਰ ਸਿੰਘ ਪ੍ਰਧਾਨ ਤੇ ਉਹਦੇ ਸਪੁੱਤਰਾਂ, ਸੰਤ ਨਰਿੰਦਰ ਸਿੰਘ ਬਾਲੀ ਨਗਰ, ਜਸਬੀਰ ਸਿੰਘ ਮੁਹਾਰਾਂ ਵਾਲੇ, ਸ. ਬਚਨ ਸਿੰਘ ਠੇਕੇਦਾਰ ਅਤੇ ਕੁਛ ਹੋਰ ਜਵਾਨਾਂ ਦੀ ਮਦਦ ਨਾਲ ਉੱਤਮ ਨਗਰ ਦੇ 400 ਗਜ ਦੇ ਸ੍ਰੀ ਸਤਿਗੁਰੂ ਜੀ-ਨੂੰ ਭੇਟ ਹੋਏ, ਸ. ਪਿਆਰਾ ਸਿੰਘ ਸਚਦੇਵਾ ਦੇ ਪਲਾਟ ਤੇ ਕਬਜ਼ਾ ਕਰਕੇ, ਓਥੇ 2 ਵਜੇ ਤੋਂ ਪਹਿਲਾਂ ਪਹਿਲਾਂ ਕੋਠਾ ਉਸਾਰ ਲਿਆ ਹੈ। ਧੋਖੇ ਨਾਲ ਇਸੇ ਪਲਾਟ ਨੂੰ ਦਲਾਲਾਂ ਨੇ ਕਿਸੇ ਨੂੰ 1,60,000 ਦਾ ਵੇਚਿਆ ਹੋਇਆ ਸੀ। ਉਹ ਪਾਰਟੀ ਵੀ ਆਈ, ਗਿਦੜ ਦਬਕੇ ਵੀ ਮਾਰਦੀ ਰਹੀ, ਪਰ ਜਦੋਂ ਨਕਲੀ ਦੀ ਥਾਂ ਅਸਲੀ ਕਾਗਜ਼ ਉਨ੍ਹਾਂ ਮਾਲਿਕੀ ਦੇ ਸ. ਰਤਨ ਸਿੰਘ ਪਾਸ ਵੇਖ ਲਏ ਤਾਂ ਮੱਥੇ ਤੇ ਹੱਥ ਮਾਰਦੇ ਰਹਿ ਗਏ।

ਦਿੱਲੀ ਵਿਚ ਹੋਰ ਠੱਗੀਆਂ ਤੋਂ ਇਲਾਵਾ ਦੋ ਪ੍ਰਧਾਨ ਠੱਗੀਆਂ ਹਨ। ਵਿਦੇਸ਼ਾਂ ਨੂੰ ਨੌਕਰੀਆਂ ਲਈ ਭੇਜਣ ਦੀ, ਦੂਜੀ ਇਕੋ ਪਲਾਟ ਨੂੰ ਉਧਾਲੀ ਗਈ ਰੰਨ ਵਾਂਗ ਥਾਂ ਪਰ ਥਾਂ ਵੇਚਣ ਦੀ। ਸੰਤ ਰਤਨ ਸਿੰਘ ਨੇ ਵਿਸ਼ੇਸ਼ ਜੁਗਤੀ ਦੱਸ ਕੇ ਠੱਗੇ ਗਏ ਬੰਦੇ ਨੂੰ 1,30,000 ਦਿਵਾ ਦਿੱਤਾ।

## 19 ਨਵੰਬਰ 1985, ਮੰਗਲਵਾਰ
## ਨਵੀਂ ਦਿੱਲੀ

ਸਰਦੀਆਂ ਦੀ ਰਾਤ ਦੇ 8 ਕੁ ਵੱਜੇ ਹੋਏ ਸਨ ਕਿ ਅਚਾਨਕ ਉਸਤਾਦ ਹਰਭਜਨ ਸਿੰਘ ਆ ਗਿਆ। ਕਹਿਣ ਲੱਗਾ: ਸਤਿਗੁਰਾਂ ਦੀ ਕਿਰਪਾ ਨਾਲ ਪਿੰਕੀ ਉਸ ਮੁਰਤਬੇ ਤੇ ਪੁੱਜ ਗਿਆ ਹੈ ਜਦੋਂ ਬੰਦੇ ਦਾ ਮੰਡੀ ਵਿਚ ਮੁੱਲ ਬਣ ਜਾਂਦਾ ਹੈ। ਉਸਤਾਦ (ਅਮਜਦ ਅਲੀ ਖਾਂ) ਜੀ ਨੇ ਪਿਛਲੇ ਦਿਨੀਂ ਚਾਹਿਆ ਸੀ ਕਿ ਪਿੰਕੀ ਨੂੰ ਬਾਹਰ ਕੱਢਿਆ ਜਾਏ, ਅਰਥਾਤ ਉਸਦੀ ਮਾਰਕੀਟ ਵੈਲਿਊ ਬਣਾਈ ਜਾਏ। ਅੱਜ ਉਹ



Sri Satguru Jagjit Singh Ji Elibrary NamdhariElibrary@gmail.com

ਵੱਡੀਆਂ ਵੱਡੀਆਂ ਕਨਸਰਟਾਂ ਵਿਚ ਉਸਤਾਦ ਜੀ ਨਾਲ ਵਜਾ ਆਇਆ ਹੈ। ਉਸਤਾਦ ਰਾਈਸ ਖਾਂ ਨਾਲ ਵੀ ਉਸਨੇ ਦੋ'ਹ ਥਾਈਂ ਕਨਸਰਟਾਂ ਵਿਚ ਭਾਗ ਲਿਆ ਹੈ। ਅਤੇ ਨਾਲ ਹੀ ਮੈਨੂੰ ਆਖਿਆ ਕਿ ਉਸਤਾਦ ਜੀ ਉਸਦੀਆਂ ਕੁਛ ਫੋਟੋ ਚਾਹੁੰਦੇ ਹਨ ਜਿਨ੍ਹਾਂ ਨੂੰ ਅੱਗੇ 60 ਜਾਂ ਵੱਧ ਘੱਟ ਤਿਆਰ ਕਰਵਾਕੇ ਰਸਾਲਿਆਂ ਅਖ਼ਬਾਰਾਂ ਅਤੇ ਸੋਵੀਨਰਾਂ ਵਿਚ ਛਪਵਾਣਾ ਚਾਹੁੰਦੇ ਹਨ। ਉਹ ਅੱਜ ਹੀ ਸਤਿਗੁਰੂ ਜੀ ਨਾਲ ਫੋਨ ਤੇ ਸੁਖਵਿੰਦਰ ਪਿੰਕੀ ਲਈ ਵਿਦੇਸ਼ ਵਿਚ ਨਾਲ ਲਜਾਣ ਦੀ ਵੀ ਆਗਿਆ ਚਾਹੁੰਦੇ ਹਨ। ਹਰਭਜਨ ਸਿੰਘ ਨੇ ਪ੍ਰਸੰਨ ਹੋ ਕਿਹਾ: ਫੋਟੋ ਦਾ ਹੋਰ ਤਾਂ ਕਿਤੇ ਜੁਗਾੜ ਬਣਦਾ ਨਹੀਂ ਸੀ ਮੈਂ ਕਿਹਾ, ਕਵੀ ਜੀ ਕੋਲ ਜ਼ਰੂਰ ਮੁਨਾਸਬ ਫੋਟੋ ਗ੍ਰਾਫ ਹੋਣਗੇ। ਓਨੇ ਚਿਰ ਨੂੰ ਪਿੰਕੀ ਦਾ ਵੱਡਾ ਭਾਈ ਸੁਖਦੇਵ ਸਿੰਘ ਆ ਗਿਆ।

ਮੈਂ ਸਵੇਰੇ ਮਕਾਨ ਕਲੀ ਕਰਵਾਣਾ ਸੀ। ਸਮਾਨ ਦਾ ਢੇਰ ਬਾਹਰ ਵਾਰ ਲਾਇਆ ਹੋਇਆ ਸੀ। ਜਨ ਹਿਤ ਨੂੰ ਮੁੱਖ ਰਖ ਸਮਾਨ ਚੋਂ ਢੂੰਡ ਕੇ ਫੋਟੋ ਪੈਕਟ ਲੱਭੇ ਅਤੇ 2 ਫੋਟੋਗ੍ਰਾਫ ਉਨ੍ਹਾਂ ਨੂੰ ਥਮਾ ਦਿੱਤੇ: ਲੈ ਜਾਓ, ਪਰ ਵਾਪਸੀ ਜ਼ਰੂਰ ਹੋਵੇ!

ਸਵੇਰੇ ਸ਼ਹੀਦ ਬਿਸ਼ਨ ਸਿੰਘ ਸਕੂਲ ਦੀ ਪ੍ਰਿੰਸੀਪਲ ਬੀਬੀ ਬਿਅੰਤ ਕੌਰ ਨੇ ਦਸਿਆ ਕਿ ਬੀਬੀ ਜੀ ਦਾ ਕਾਕਾ ਜੈ ਸਿੰਘ ਅੱਜ ਕੱਲ ਬੀਬੀ ਸੁਰਜੀਤ ਕੌਰ (ਲਾਂਗਰੀ) ਪਾਸ ਰਹਿੰਦਾ ਹੈ ਅਤੇ ਰੋਜ਼ ਸਕੂਲੇ ਵੇਲੇ ਸਿਰ ਆਉਂਦਾ ਹੈ। ਉਸਨੇ ਅਧਿਆਪਕਾਂ ਨੂੰ 'ਜੀ' ਆਖਣਾ ਸਿਖ ਲਿਆ ਹੈ। ਠੀਕ ਚਲ ਰਿਹਾ ਹੈ।

## 21 ਨਵੰਬਰ 1985, ਵੀਰਵਾਰ
## ਨਵੀਂ ਦਿੱਲੀ

9.15 ਵਜੇ ਸਵੇਰੇ ਸ. ਹੰਸਪਾਲ ਜੀ ਦੀ ਕੋਠੀ ਕੇ-17 ਸ੍ਰੀ ਸਤਿਗੁਰੂ ਜੀ ਦਾ ਪਤਾ ਕਰਨ ਗਿਆ ਕਿ ਕਦੋਂ ਦਿੱਲੀ ਆਗਮਨ ਹੈ। ਉਹਨਾਂ ਦੀ ਮਾਤਾ ਜੀ ਹੀ ਪਹਿਲਾਂ ਮਿਲੇ: ਉਹ ਤੇ ਕੱਲ ਦੁਪਹਿਰ ਦੇ ਆਏ ਹੋਏ ਹਨ। ਕੱਲ ਨਾਮ ਸਿਮਰਨ ਸੀ ਰਮੇਸ਼ ਨਗਰ, ਅੱਜ ਆਸਾ ਦੀ ਵਾਰ ਵੀ ਨਾਮਧਾਰੀ ਧਰਮਸਾਲਾ ਵਿਚ ਸੀ।

ਅਤੇ ਫਿਰ ਹੰਸਪਾਲ ਜੀ ਨੇ ਪੁਸ਼ਟੀ ਕਰ ਦਿੱਤੀ।

ਮੈਂ 11 ਵਜੇ ਪੂਸਾ ਰੋਡ ਕੋਠੀ ਗਿਆ। ਸ੍ਰੀ ਸਤਿਗੁਰੂ ਜੀ ਬਾਰੇ ਪਤਾ ਲਗਾ ਕਿ ਉਹ ਹੁਣੇ ਹੀ ਪ੍ਰਗਤੀ ਮੈਦਾਨ ਵਿਚ ਕਿਸੇ ਨੁਮਾਇਸ਼ ਨੂੰ ਵੇਖਣ ਜਾ ਰਹੇ ਹਨ। ਸਤਿਗੁਰੂ ਜੀ ਆਪਣੇ ਆਰਾਮ ਕਮਰੇ ਵਿਚ ਕਿਸੇ ਨਾਲ ਬਚਨ ਕਰ ਰਹੇ ਸਨ। ਮੈਂ ਵੇਖਿਆ ਅੱਜ ਕਿਨੇ ਸਾਰੇ ਪਰਵਾਰ ਵਖ ਵਖ ਪਾਸਿਆਂ ਤੋਂ ਆਏ ਹੋਏ ਸਨ ਜਿਵੇਂ ਸੰਤ ਕੁਲਦੀਪ ਸਿੰਘ ਤੇ ਉਨ੍ਹਾਂ ਦੀ ਪਤਨੀ ਆਲਮ ਦੇ ਸ਼ਹਿਰ ਤੋਂ। ਸੰਤ ਅਮਰ ਸਿੰਘ ਵੈਦ ਮੁਹੱਦੀਪੁਰਾ ਜ਼ਿ: ਅੰਮ੍ਰਿਤਸਰ ਤੋਂ ਅਤੇ ਉਹਦੇ ਬੱਚੇ ਸ੍ਰੀ ਭਗਤ ਸਿੰਘ, ਸ੍ਰੀ ਜਗਤ



Sri Satguru Jagjit Singh Ji Elibrary NamdhariElibrary@gmail.com

ਸਿੰਘ ਤੇ ਸ੍ਰੀ ਮਨਜੀਤ ਸਿੰਘ, ਸ. ਹਰਭਜਨ ਸਿੰਘ ਆਗਰਾ, ਸ. ਗੁਰਮੇਲ ਸਿੰਘ ਚੀਮਾ ਬੂਮੋਵਾਲ ਇਕ ਦੋ ਆਦਮੀਆਂ ਨਾਲ। ਸ. ਰਾਮ ਰਤਨ ਸਿੰਘ ਬੀਬੀ ਰਤਨਾ ਨਾਲ। ਸ. ਜਸਵਿੰਦਰ ਸਿੰਘ ਸ਼ਕੂਰ ਬਸਤੀ ਆਪਣੀ ਪਤਨੀ ਨਾਲ, ਸ. ਕੁਲਵੰਤ ਸਿੰਘ ਸਪੁੱਤਰ ਸੂਬਾ ਦਰਸ਼ਨ ਸਿੰਘ ਨੈਰੋਬੀ, ਸੰਤ ਦਿਆਲ ਸਿੰਘ ਫਗਵਾੜਾ, ਨੰਬਰਦਾਰ ਗੁਰਦੇਵ ਸਿੰਘ ਸੰਤ ਨਗਰ, ਜਥੇਦਾਰ ਗੁਰਦੀਪ ਸਿੰਘ ਦਿੱਲੀ। ਨਿਸ਼ਾਨ ਸਿੰਘ, ਜਿੰਦਰ ਸਿੰਘ, ਗੁਰਦੇਵ ਸਿੰਘ ਅੰਗ ਰਖਿਅਕ, ਸੰਤ ਤਰਸੇਮ ਸਿੰਘ ਸਕੱਤਰ, ਸੰਤ ਬਲਦੇਵ ਸਿੰਘ ਹਜ਼ੂਰੀ ਸੇਵਕ ਅਤੇ ਸੰਤ ਮਹਿੰਦਰ ਸਿੰਘ ਪੂਰਬਾ। ਬੀਬੀ ਸੁਰਜੀਤ ਕੌਰ, ਸ. ਸਤਵੰਤ ਸਿੰਘ ਕਾਲਾ ਤੇ ਉਹਦੀ ਪਤਨੀ ਰਮੇਸ਼ ਨਗਰ। ਅਜਿਹੇ ਕੁਛ ਹੋਰ ਸੱਜਣ ਵੀ ਦਰਸ਼ਨਾਂ ਦੀ ਉਡੀਕ ਵਿਚ ਸਨ।

ਅੱਧੇ ਕੁ ਘੰਟੇ ਬਾਅਦ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਹੋਏ। ਉਹ ਬਾਹਰ ਲੰਬੀ ਪਲਾਸਟਿਕ ਕੁਰਸੀ ਤੇ ਬੈਠੇ ਤੇ ਜਗਮਗ ਜਗਮਗ ਕਰ ਰਹੇ ਸਨ ਉਹਨਾਂ ਦੀ ਸਿਹਤ ਤਿਆਰ ਬਰ ਤਿਆਰ। ਚਿਹਰਾ ਦਗਦਾ ਸੀ। ਦਰਸ਼ਨ ਦਿੰਦਿਆਂ ਹੀ ਆਪ ਜੀ ਮੈਨੂੰ ਸੁਣਾਕੇ ਸਕੱਤਰ ਨੂੰ ਦੱਸਿਆ ਕਿ ਦੋ ਥਾਈਂ ਸ. ਹਰਭਜਨ ਸਿੰਘ ਦੇ ਲੜਕੇ ਨਰਿੰਦਰ ਸਿੰਘ ਦੀ ਗੱਲ ਚਲਾਈ ਜਾ ਰਹੀ ਸੀ। ਪਰ ਇਹ 'ਨਾਂਹ ਨਾਂਹ' ਕਰਨ ਵਾਲਿਆਂ ਵਿਚ ਹੀ ਸਨ। ਬਹੁਤ ਬੀਬਾ ਘਰ ਸੀ ਡੇਹਰਾਦੂਨ ਵਾਲਿਆਂ ਦਾ ਜਿਹੜਾ ਇਹਨਾਂ ਨਾ ਪਸੰਦ ਕਰ ਦਿਤਾ। ਫਿਰ ਬੀਬੀ ਰਤਨਾ ਦੀ ਮਾਸੀ ਦੀ ਧੀ ਭੈਣ ਨਾਲ ਗੱਲ ਚਲਾਈ। ਉਹ ਹਰਭਜਨ ਸਿੰਘ ਹੁਰਾਂ ਨੂੰ ਪਸੰਦ ਆ ਗਈ। ਰਤਨਾ ਕਾ ਪਰਵਾਰ ਤਾਂ ਉਂ ਹੀ ਆਗਿਆਕਾਰ ਸੀ। ਦੀਵਾਲੀ ਤੇ ਵਿਆਹ ਕਰਨ ਦੀ ਪੱਕੀ ਕਰ ਕੇ ਗਏ ਸਨ ਪਰ ਹਰਭਜਨ ਸਿੰਘ ਕੇ ਨਹੀਂ ਆਏ। ਬੀਬੀ ਰਤਨਾ ਨੇ ਜ਼ੋਰ ਦਿਤਾ ਕਿ ਅਸੀਂ ਤਾਂ ਵਿਆਹ ਲਈ ਤਿਆਰ ਹੋ ਕੇ ਆਏ ਹਾਂ ਜਿਥੇ ਜੀ ਕਰੇ ਵਿਆਹ ਦਿਓ। ਮੈਂ ਤੁਰੰਤ ਮਹਿੰਦਰ ਸਿੰਘ ਸਲੋਅ ਵਾਲੇ ਦੇ ਮੁੰਡੇ ਨਾਲ ਵਿਆਹ ਕਰ ਦਿੱਤਾ। ਦੋਵੇਂ ਪਰਵਾਰ ਗੁਰਮੁਖ ਹਨ।

ਹੁਣ ਹਰਭਜਨ ਸਿੰਘ ਨੂੰ ਫਿਰ ਸੱਦਿਆ ਹੈ। ਉਸਨੂੰ ਰਾਹ ਵਿਚ ਬੈਠਿਆਂ ਵੇਖ ਰਤਨਾ ਆਈ ਤਾਂ ਮੈਂ ਕਿਹਾ: ਮਿਲਿਆ ਹੈ? ਬੀਬੀ ਰਤਨਾ ਬੋਲੀ: ਸੱਚੇ ਪਾਤਸ਼ਾਹ, ਕੁਛ ਨ ਕਹਿਓ ਸੂ। ਕੋਈ ਮਜਬੂਰੀ ਹੋ ਗਈ ਹੋਵੇਗੀ। ਪਰ ਹਰਭਜਨ ਸਿੰਘ ਇਸਤੇ ਵੀ ਤਰਫੋੜੇ ਸੁਟਦਾ ਹੈ। ਮੈਂ ਕੱਲ ਠਾਕਰ ਸਮਸ਼ੇਰ ਸਿੰਘ ਜੀ ਤੇ ਬੱਲੋ ਵਿਸ਼ੇਸ਼ਰ ਜੀ ਨਾਲ ਵੀ ਗੱਲ ਕਰ ਲਈ ਸੀ। ਕਿਉਂਕਿ ਗੁੱਡੀ ਹਰਭਜਨ ਸਿੰਘ ਦੇ ਘਰੋਂ ਇਨ੍ਹਾਂ ਦੀ ਭੈਣ ਲਗਦੀ ਹੈ। (ਮਹਾਰਾਜ ਨਿਹਾਲ ਸਿੰਘ ਜੀ ਨੇ ਲੈ ਕੇ ਪਾਲੀ ਸੀ) ਅੱਜ ਫਿਰ ਬੁਲਾਇਆ ਹੈ। ਦੋ ਵਜੇ ਤੋਂ ਪਿਛੋਂ ਗੱਲ ਕਰਨੀ ਹੈ।

ਸ. ਜਸਵਿੰਦਰ ਸਿੰਘ ਦੀ ਪਤਨੀ ਦੀ ਦਿਮਾਗੀ ਦਸ਼ਾ ਠੀਕ ਨਹੀਂ। ਇਹਦੇ ਲਈ ਪੂਰਬੇ ਨੂੰ ਕੋਈ ਦਵਾਈ ਦਸਣ ਲਈ ਕਿਹਾ। ਉਂਜ ਵਲਿੰਗਟਨ ਹਸਪਤਾਲ ਦਾ ਇਲਾਜ ਚਲ ਰਿਹਾ ਹੈ।



Sri Satguru Jagjit Singh Ji Elibrary NamdhariElibrary@gmail.com

ਖਿਡਾਰੀ ਮੁੰਡੇ ਦੇ ਇਕ ਉਪਰੇਸ਼ਨ ਹੋਣਾ ਹੈ। ਉਸ ਬਾਰੇ ਸਤਿਗੁਰੂ ਜੀ ਨੇ ਬੈਂਗਲੌਰ ਠਾਕਰ ਉਦੈ ਸਿੰਘ ਜੀ ਨਾਲ ਗੱਲ ਬਾਤ ਕੀਤੀ।

ਵਿਸ਼ੇਸ਼ ਦਰਸ਼ਨ ਸ. ਗੁਰਮੇਲ ਸਿੰਘ ਨੂੰ ਵੀ ਹੋਏ ਅਤੇ ਸੱਚੇ ਪਾਤਸ਼ਾਹ ਸੁਰਿੰਦਰ ਸਿੰਘ ਮਨਚੰਦਾ ਦੇ ਆਉਣ ਤੇ ਸਕੱਤਰ ਨੂੰ ਨਾਲ ਲੈ ਨੁਮਾਇਸ਼ ਨੂੰ ਚਲੇ ਗਏ।

ਮੈਨੂੰ ਸੰਤ ਅਮਰ ਸਿੰਘ ਵੈਦ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਦੇ ਨੇੜੇ ਪੈਂਦਾ ਉਹਦਾ ਪਿੰਡ ਮੁਹੱਦੀਪੁਰਾ ਹੈ। ਇਥੇ ਉਹਨਾਂ ਦੇ ਪਿਤਾ ਸੰਤ ਕਾਲਾ ਸਿੰਘ ਜੀ ਦੇ ਸਥਾਨ ਤੇ ਅੱਜ 4 ਛੱਤੀ ਬਿਲਡਿੰਗ ਦਾ ਡੇਰਾ ਹੈ। ਸੰਤ ਜੀ ਕਾਲੀ ਕੰਬਲੀ ਵਾਲੇ ਮਸਤ ਅਲਮਸਤ ਸਾਧੂ ਸਨ। ਹੁਣ ਇਹਨਾਂ ਦੇ ਪਿੰਡ ਵਾਲਿਆਂ ਸਰਕਾਰ ਤੋਂ 84,000 ਰੁਪਏ ਸਬਸਿਡੀ ਲਈ ਹੈ ਮੱਛੀ ਪਾਲਣ ਕੇਂਦਰ ਸਥਾਪਤ ਕਰਨ ਲਈ। ਪਿੰਡ ਵਾਲੇ ਤਾਂ ਖਾਣ ਪੀਣ ਦੇ ਲੋਭ ਵਿਚ ਪੈ ਗਏ ਹਨ। ਸਾਡੇ ਡੇਰੇ ਪਾਸ ਹਮੇਸ਼ਾ ਬੋਅ ਅਤੇ ਪਾਪਕਾਰੀ ਦਾ ਅੱਡਾ ਬਣ ਜਾਏਗਾ। ਅਰਜ਼ ਕੀਤੀ ਹੈ ਇਹਨਾਂ ਦੀ ਅਖਲਾਕੀ ਸਹਾਇਤਾ ਤੇ ਕਿਰਪਾ ਸਾਡੇ ਕਾਰਜ ਰਾਸ ਕਰ ਸਕਦੀ ਹੈ।

ਨਾਲ ਹੀ ਵੈਦ ਜੀ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਜੀ ਨਮਿਤ ਹਰ ਸਾਲ 19-20 ਤੇ 21 ਮੱਘਰ ਨੂੰ ਮੇਲਾ ਹੁੰਦਾ ਹੈ। ਐਤਕਾਂ ਇਹ ਮਿਤੀ 4-5-6 ਦਸੰਬਰ ਨੂੰ ਪਵੇਗੀ।

ਸੰਤ ਵੈਦ ਤੇ ਇਹਦੇ ਤਿੰਨੇ ਬੱਚੇ ਸੁਹਣੇ ਨਾਮਧਾਰੀ ਜੁਆਨ ਸਨ।

ਸ਼ਾਮ ਨੂੰ ਸੰਤ ਸੇਵਾ ਸਿੰਘ ਮੱਲੇ ਕੇ, ਰਮੇਸ਼ ਨਗਰ ਦੇ ਘਰ ਸ੍ਰੀ ਸਤਿਗੁਰੂ ਜੀ ਅਤੇ ਹਜ਼ੂਰੀ ਜਥੇ ਦਾ ਜਲਪਾਨ ਸੀ। ਸੱਚੇ ਪਾਤਸ਼ਾਹ 4 ਵਜੇ ਪਧਾਰੇ।

5 ਵਜੇ ਨਾਮਧਾਰੀ ਧਰਮਸਾਲਾ ਵਿਚ ਨਾਮ ਸਿਮਰਨ ਅਤੇ ਕੀਰਤਨ ਗੁਰੂ ਕੀ ਹਜ਼ੂਰੀ ਵਿਚ ਹੋਇਆ। ਦਿੱਲੀ ਦੇ ਪ੍ਰਤਿਸ਼ਠਤ ਵਿਅਕਤੀਆਂ ਤੋਂ ਇਲਾਵਾ ਸਾਧ ਸੰਗਤ ਵਿਚ, ਸ੍ਰੀ ਸਤਿਗੁਰੂ ਜੀ ਦੇ ਪਿੱਛੇ ਸ. ਹਰਚਰਨ ਸਿੰਘ ਰੰਧਾਵਾ ਇੰਗਲੈਂਡ, ਸ. ਕੁਲਵੰਤ ਸਿੰਘ ਸਪੁੱਤਰ ਸੂਬਾ ਦਰਸ਼ਨ ਸਿੰਘ ਨੈਰੋਬੀ, ਮੰਡੀ ਤੋਂ ਸ. ਭਜਨੀਕ ਸਿੰਘ ਭੀ ਬੈਠੇ ਹੋਏ ਸਨ।

ਨਾਮ ਸਿਮਰਨ ਸਮੇਂ ਸ੍ਰੀ ਸਤਿਗੁਰੂ ਜੀ ਵਲੋਂ ਇਕ ਸਵੈ ਲਿਖਤ ਚਿਟ ਆਈ। ਲਿਖਿਆ ਸੀ: ਕਿਰਪਾ ਕਰਕੇ ਗੁਰਦੇਵ ਸਿੰਘ ਨੂੰ ਬੁਖਾਰ ਬਾਰੇ ਮੇਰੇ ਵਲੋਂ ਪੁੱਛ ਕੇ ਆਓ। ਮੈਂ ਭਾਵੇਂ ਹੁਣੇ ਹੀ ਗੁਰਦੇਵ ਸਿੰਘ ਸਰੋਦ ਵਲੋਂ ਹੋ ਕੇ ਆਇਆ ਸਾਂ ਪਰ ਸ੍ਰੀ ਸਤਿਗੁਰੂ ਜੀ ਦਾ ਬਚਨ ਮੰਨ ਕੇ, ਉਹਨਾਂ ਦੀ ਥਾਂ ਪਤਾ ਕਰਨ ਚਲਾ ਗਿਆ। ਗੁਰਦੇਵ ਸਿੰਘ ਨੂੰ ਪਰਸੋਂ ਦਾ ਏਨਾ ਸਖਤ ਬੁਖਾਰ ਹੈ ਤੇ ਸਾਰੇ ਸਰੀਰ 'ਚੋਂ ਪੀੜਾਂ ਨਿਕਲਦੀਆਂ ਹਨ। ਜਿਉਂ ਹੀ ਹਰਭਜਨ ਸਿੰਘ ਸਿਤਾਰ ਤੋਂ ਪਤਾ ਲੱਗਿਆ ਸੱਚੇ ਪਾਤਸ਼ਾਹ ਜੀ ਨੇ ਪਹਿਲਾਂ ਸਵੇਰੇ ਸੇਵਕ ਪੂਰਬੇ ਨੂੰ ਫੇਰ ਇਕ ਹੋਰ ਨੂੰ ਤੇ ਹੁਣ ਮੈਨੂੰ ਉਹਦੀ ਖਬਰ ਲਈ ਭੇਜਿਆ। ਸਵੇਰੇ 200 ਰੁਪਏ ਵੀ ਨਾਲ ਭੇਜੇ, ਫਲ ਫਰੂਟ ਖਾਣ ਲਈ। ਸਤਿਗੁਰੂ ਜੀ ਆਪਣੇ ਕਲਾਕਾਰ ਨਾਲ ਏਨਾ ਪਿਆਰ ਤੇ ਧਿਆਨ ਕਰਦੇ ਹਨ।



Sri Satguru Jagjit Singh Ji Elibrary NamdhariElibrary@gmail.com

ਕੀਰਤਨ ਦੇ ਆਰੰਭ ਵਿਚ ਸ੍ਰੀ ਸਤਿਗੁਰੂ ਜੀ ਪਾਸ ਬੈਠੇ ਸ. ਸੇਵਾ ਸਿੰਘ ਜੀ ਤੇ ਮਾ: ਨਿਹਾਲ ਸਿੰਘ ਜੀ ਪੰਥ ਰਤਨ ਨੂੰ ਵੇਖ ਮੈਂ ਮਾਸਟਰ ਜੀ ਨੂੰ ਕਿਹਾ: ਇਕ 'ਪੰਥ ਰਤਨ' ਤਾਂ ਚਲਾ ਗਿਆ! ਸਤਿਗੁਰੂ ਜੀ ਨੇ ਬਚਨ ਕੀਤਾ: ਇਹ ਬੜੇ ਬਹਾਦਰ ਹਨ। ਇਹੋ ਜਿਹੇ ਮਨੁੱਖ ਬੜੀ ਮੁਸ਼ਕਲ ਨਾਲ ਹੀ ਬਣਦੇ ਹਨ ਅਤੇ ਨਾਲ ਹੀ ਮੈਨੂੰ ਬੀਬੀ ਰਤਨਾ ਦੀ ਗੱਲ ਦੁਹਰਾਈ ਕਿ ਹਰਭਜਨ ਸਿੰਘ ਆਗਰਾ ਨੇ ਵੇਖਕੇ ਤੈ ਕਰਕੇ ਵਿਆਹ ਬਾਰੇ ਦੀਵਾਲੀ, ਜਿਸ ਦਿਨ ਵਿਆਹ ਹੋਣਾ ਸੀ, ਤੋਂ ਇਕ ਦਿਨ ਪਹਿਲਾਂ ਕਿਸੇ ਹੱਥ ਇਨਕਾਰ ਕਰ ਭੇਜਿਆ-ਮਾਈ ਰੱਖੋ ਦੀ ਦੁਹਤੀ ਰਤਨਾਂ ਦੀ ਮਾਸੀ ਦੀ ਧੀ ਭੈਣ ਦੀ ਸ਼ਾਦੀ ਵਲੋਂ। ਇਹ ਦੱਸ ਕੇ ਆਖਿਆ: ਮੇਰਾ ਜੀ ਕਰਦਾ ਹੈ ਕਿ ਅਜਿਹੇ ਬਹਾਦਰ ਮੇਰੇ ਦੁਆਲੇ ਬੈਠਣ।

5.30 ਵਜੇ ਦਿਵਾਨ ਦਾ ਭੋਗ ਪੈ ਗਿਆ ਤਾਂ ਦੀਨ ਦਿਆਲ ਧਰਮਸ਼ਾਲਾ ਦੇ ਉਪਰਲੇ ਕਮਰੇ ਵਿਚ ਗਏ। ਏਥੇ ਆਪ ਜੀ ਦੀ ਸੇਵਾ ਵਿਚ ਸਕੱਤਰ ਤਾਂ ਸੀ ਹੀ ਪਰ ਮਾ: ਨਿਹਾਲ ਸਿੰਘ ਜੀ ਪੰਥ ਰਤਨ, ਸ. ਜਸਵਿੰਦਰ ਸਿੰਘ ਸ਼ਕੂਰ ਬਸਤੀ ਆਦਿ 5-6 ਸਰੀਰ ਹੋਰ ਸਨ ਕਿ ਸ. ਗੁਰਚਰਨ ਸਿੰਘ ਟੇਢੀ ਪਗੜੀ ਬਨਾਰਸ ਵਾਲਿਆਂ ਨੇ ਇਕ ਨਕਸ਼ਾ ਪੇਸ਼ ਕੀਤਾ। ਹਿੰਦੁਸਤਾਨ ਵਿਚ ਕਿਥੇ ਕਿਥੇ ਆਪ ਨੇ ਯਾਤਰਾ ਦੌਰਾਨ ਚਰਨ ਪਾਏ ਅਤੇ ਕਿਸ ਰਸਤੇ ਬਰਮਾ ਵਿਚ ਜਲਾਵਤਨ ਹੋਏ। ਸ. ਗੁਰਚਰਨ ਸਿੰਘ ਨੇ ਪਹਿਲਾਂ ਵੀ ਦਸਮੇਸ਼ ਗੁਰੂ ਤਕ ਨਕਸ਼ੇ ਬਣਾ ਕੇ ਉਨ੍ਹਾਂ ਦੀਆਂ ਯਾਤਰਾਵਾਂ ਤੇ ਕਰਮ ਖੇਤਰ ਅੰਕਤ ਕੀਤੇ ਹਨ। ਹੁਣ ਉਸਨੇ ਗੁਰੂ ਰਾਮ ਸਿੰਘ ਜੀ ਬਾਰੇ ਨਕਸ਼ਾ ਤਿਆਰ ਕਰਵਾ ਕੇ ਸਤਿਗੁਰੂ ਜੀ ਦੀ ਸੇਵਾ ਵਿਚ ਪੇਸ਼ ਕੀਤਾ ਤਾਕਿ ਜੇ ਕੋਈ ਗ਼ਲਤ ਗੱਲ ਹੋਵੇ ਤਾਂ ਠੀਕ ਕਰ ਲਈ ਜਾਵੇ ਅਤੇ ਪੂਰੀ ਆਗਿਆ ਮਿਲਣ ਉਪਰੰਤ ਪ੍ਰਕਾਸ਼ਤ ਕਰ ਦਿੱਤਾ ਜਾਵੇ।

ਸ. ਜਸਵਿੰਦਰ ਸਿੰਘ ਅਤੇ ਪੰਥ ਰਤਨ ਮਾਸਟਰ ਜੀ ਨੂੰ ਕੱਲ ਇਸ ਨਕਸ਼ੇ ਬਾਰੇ ਸਟੱਡੀ ਕਰਨ ਲਈ ਕਿਹਾ ਗਿਆ। ਸ. ਸੇਵਾ ਸਿੰਘ ਜੀ ਜਾਂ ਮਾਸਟਰ ਜੀ ਦੇ ਘਰ ਗੁਰਚਰਨ ਸਿੰਘ ਜੀ ਦੇ ਡੇਰੇ ਲਈ ਪੱਕੀ ਕੀਤੀ ਗਈ। ਪਹਿਲਾਂ ਉਸਨੇ ਗੁ: ਸੀਸ ਗੰਜ ਵਿਚ ਨਿਵਾਸ ਰੱਖਿਆ ਹੋਇਆ ਸੀ।

ਸ. ਗੁਰਚਰਨ ਸਿੰਘ ਦੀ ਰੀਝ ਹੈ ਕਿ ਸਾਰੇ ਗੁਰਦੁਆਰਿਆਂ ਵਿਚ ਉਹ ਨਕਸ਼ਾ ਪ੍ਰਸਥਾਪਿਤ ਹੋਵੇ।

## 22 ਨਵੰਬਰ 1985, ਸ਼ੁਕਰਵਾਰ
## ਨਵੀਂ ਦਿੱਲੀ

ਸ੍ਰੀ ਸਤਿਗੁਰੂ ਜੀ ਦੇ ਦਿਨ ਦਾ ਆਰੰਭ ਰਮੇਸ਼ ਨਗਰ ਵਿਖੇ ਆਸਾ ਦੀ ਵਾਰ ਦਾ ਸੰਕੀਰਤਨ ਸੁਣਨ ਨਾਲ ਆਰੰਭ ਹੋਇਆ। ਮੈਂ ਦਰਸ਼ਨ ਕਰਨ ਵਾਸਤੇ 11 ਵਜੇ ਪੂਸਾ ਰੋਡ ਕੋਠੀ ਗਿਆ। ਹੇਠਾਂ ਉਤੇ ਬਹੁਤ ਸਾਰੇ ਇਸਤਰੀ ਪੁਰਸ਼ ਪਾਵਨ ਦਰਸ਼ਨਾਂ ਲਈ ਲਾਲਾਇਤ ਸਨ।



Sri Satguru Jagjit Singh Ji Elibrary NamdhariElibrary@gmail.com

ਸੰਤ ਮਹਿੰਦਰ ਸਿੰਘ-ਸੁਖਵਿੰਦਰ ਕੌਰ ਪੂਰਬਾ ਨੂੰ ਢੂੰਡਦਿਆਂ ਜਾਂ ਮੈਂ ਕੋਠੀ ਦੇ ਅੰਤਮ, ਦੱਖਣ ਪੂਰਬੀ ਕਮਰੇ ਨੂੰ ਅਚਾਨਕ ਖੋਲ੍ਹਿਆ ਤਾਂ ਮਾੜੇ ਜਿਹੇ ਖੁਲ੍ਹੇ ਕਿਵਾੜ ਵਿਚੋਂ ਮੈਨੂੰ ਉਸਤਾਦ ਵਲਾਇਤ ਖਾਂ ਸਾਹਿਬ ਦਾ ਪਰਵਾਰ ਨਜ਼ਰ ਪਿਆ: ਪਤਨੀ ਸ੍ਰੀਮਤੀ ਜ਼ੁਬੈਦਾ ਖਾਨਮ, ਪੁੱਤਰੀਆਂ ਯਮਨ ਅਤੇ ਜ਼ਿਲਾ, ਪੁਤਰ ਆਇਤ!

ਖੋਲ੍ਹੋ, ਖੋਲ੍ਹੋ, ਆਓ ਲੰਘ ਆਓ! ਜ਼ਿਲਾ ਬੋਲੀ, ਕੱਲ ਰਾਤੀਂ ਤੁਸੀਂ ਆਏ ਨਹੀਂ। ਕਲ੍ਹ ਤਾਂ ਤੁਹਾਡੇ ਕੋਲ ਹੋਣ ਵਾਲਾ ਦਿਨ ਸੀ। ਸੱਚੇ ਪਾਤਸ਼ਾਹ ਜੀ ਨੇ ਕੱਲ ਅੱਬਾ ਨੂੰ ਆਪ ਕਿਹਾ ਸੀ, ਤੁਸੀਂ ਮੇਰੀ ਮਾਸ਼ੂਕ ਤੇ ਮੈਂ ਤੁਹਾਡਾ ਆਸ਼ਿਕ! ਕੱਲ ਬੜੀਆਂ ਗੱਲਾਂ ਹੋਈਆਂ, ਤੁਸੀਂ ਕਦੇ ਹੁੰਦੇ!

ਮੈਨੂੰ ਬਾਅਦ ਵਿਚ ਖਾਂ ਸਾਹਿਬ ਤੋਂ ਪਤਾ ਲੱਗਾ ਕਿ ਸ੍ਰੀ ਸਤਿਗੁਰੂ ਜੀ ਨੇ ਪਰਸੋਂ ਰਾਤੀ ਡੇਹਰਾਦੂਨ ਫੂਨ ਕੀਤਾ ਸੀ ਅਤੇ ਇਨ੍ਹਾਂ ਨੂੰ ਸਮੇਤ ਪਰਵਾਰ ਦਿੱਲੀ ਬੁਲਾਇਆ ਸੀ। ਅਤੇ ਬੀਤੀ ਰਾਤ ਅੱਛੀ ਸੰਗੀਤ ਸਭਾ ਹੋ ਗਈ ਸੀ।

ਹਰਭਜਨ ਸਿੰਘ ਸਿਤਾਰ ਤੋਂ ਮਾਲੂਮ ਹੋਇਆ ਕਿ ਖਾਂ ਸਾਹਿਬ ਨੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਅਤੇ ਉਦਾਰਤਾ ਨੂੰ ਨੇੜਿਓਂ ਪਹਿਚਾਨਿਆ ਹੈ। ਕਹਿੰਦੇ ਸਨ, 'ਆਪਦੀ ਮਿਹਰਬਾਨੀ ਅਤੇ ਦੁਆਵਾਂ ਸਦਕਾ ਮੈਂ ਬਿਮਾਰੀਉਂ ਬਚ ਰਿਹਾ ਹਾਂ। ਰਹਿੰਦੀ ਉਮਰ ਆਪ ਜੀ ਦੇ ਬੱਚਿਆਂ ਨੂੰ ਸਿਖਾਣਾ ਪਸੰਦ ਕਰਾਂਗਾ। ਜੋ ਕੁਝ ਮੇਰੇ ਤੋਂ ਸਰਕਾਰ ਦੇ ਟੀ.ਵੀ., ਰੇਡੀਓ ਅਤੇ ਸਰਕਾਰ ਨੂੰ ਨਸੀਬ ਨਹੀਂ ਹੋਇਆ ਉਹ ਆਪ ਜੀ ਬੱਚਿਆਂ ਲਈ ਮੁੱਯੱਸਰ ਹੋਵੇਗਾ। ਇਹ ਰਿਕਾਰਡਿੰਗ ਕਰ ਲੈਣ, ਵੀਡੀਓ ਦੁਆਰਾ ਸੰਭਾਲ ਲੈਣ, ਖੁਦ ਮੇਰੀ ਤਾਲੀਮ ਨੂੰ ਪਕੜ ਲੈਣ, ਜੈਸੇ ਚਾਹੇਂ ਲੇ ਲੇਂ ਮੈਂ ਆਪਕਾ ਹੂੰ!

ਬਾਅਦ ਵਿਚ ਮੈਨੂੰ ਸ੍ਰੀ ਸਤਿਗੁਰੂ ਜੀ ਨੇ ਵੀ ਦੱਸਿਆ ਕਿ ਖਾਂ ਸਾਹਿਬ ਕੱਲ੍ਹ ਰਾਤ ਬੜੇ ਮੂਡ ਵਿਚ ਸਨ, ਕਹਿਣ ਲਗੇ: ਮੈਂ ਆਸ਼ਿਕ ਹੂੰ, ਆਪ ਮਾਅਸ਼ੂਕ ਹੈਂ। ਆਸ਼ਿਕੀ ਮੇਂ ਗ਼ਲਤੀਆਂ ਹੋਨੇ ਔਰ ਕਰਨੇ ਕੀ ਗੁਜਾਇੰਸ਼ ਰਹਿਤੀ ਹੈ, ਮਾਅਸ਼ੂਕ ਬਖਸ਼ਿੰਦ ਹੋਤਾ ਹੈ। ਮੈਂ ਗੁਨਾਹੋਂ ਸੇ ਪਾਕ ਨਹੀਂ ਹੋ ਸਕੂੰਗਾ, ਆਪ ਨੇ ਫਰਾਖਦਿਲੀ ਸੇ ਮੁਝ ਆਜਿਜ਼ ਕੋ ਸ਼ਫ਼ਕਤ ਅਤਾ ਫ਼ਰਮਾਨੀ ਹੈ।

ਮੈਂ ਬਾਹਰ, ਬੀਬੀ ਜੀਤਾਂ ਨੂੰ ਤਾਂ ਕੁਰਸੀਆਂ ਤੇ ਬੈਠਿਆਂ ਵੇਖਿਆ ਸੀ, ਇਹ ਨਹੀਂ ਸੀ ਪਤਾ ਕਿ ਉਸਤਾਦ ਪਿਆਰਾ ਸਿੰਘ ਹੁਰੀਂ ਵੀ ਵਲਾਇਤੋਂ ਆਏ ਹੋਏ ਹਨ। ਉਹ ਅੰਦਰ ਹੇਠਲੇ ਹਾਲ ਵਿਚ ਆਪਣੇ ਸ਼ਾਗਿਰਦਾਂ ਨਾਲ ਬੈਠੇ ਸਨ। ਪਤਾ ਲੱਗਣ ਤੇ ਮੈਂ ਅੰਦਰ ਗਿਆ ਤਾਂ ਸ. ਹਰਚਰਨ ਸਿੰਘ ਰੰਧਾਵਾ ਇੰਗਲੈਂਡ ਵਾਲੇ ਵੀ ਪਿਆਰਾ ਸਿੰਘ ਜੀ ਨਾਲ ਗੱਲ ਬਾਤ ਕਰਦੇ ਮਿਲ ਪਏ। ਉਸਤਾਦ ਦੇ ਹੱਥ ਵਿਚ ਅਫ਼ਗਾਨੀ ਸ਼ੇਪ ਦੀ ਰਬਾਬ ਸੀ। ਉਹ ਸ੍ਰੀ ਸਤਿਗੁਰੂ ਜੀ ਨੂੰ ਮਰਦਾਨੇ ਦਾ ਸਾਜ਼ ਰਬਾਬ ਸੁਣਾਣ ਵਾਸਤੇ ਆਏ ਹੋਏ ਸਨ। ਟੇਢੀ ਚਿੱਟੀ ਪਗੜੀ, ਕੁਰਤਾ ਪਜਾਮਾ ਅਤੇ ਕੋਟੀ , ਖੁਲ੍ਹੀ, ਛੋਟੀ ਕਰੜ ਬਰੜੀ ਦਾੜ੍ਹੀ, ਚਿਹਰੇ ਤੇ ਰੌਣਕ ਤੇ ਪ੍ਰਸੰਨਤਾ।



Sri Satguru Jagjit Singh Ji Elibrary NamdhariElibrary@gmail.com

ਮੈਨੂੰ ਕਹਿਣ ਲੱਗੇ: ਇਹ ਸਤਿਗੁਰਾਂ ਦੀ ਬਖਸ਼ਸ਼ ਜਾਂ ਕੁਦਰਤ ਦਾ ਕ੍ਰਿਸ਼ਮਾ ਸਮਝੋ। ਮੈਨੂੰ ਅੰਨੇ ਨੂੰ ਸੁਜਾਖਿਆਂ ਕਰ ਦਿਤਾ ਹੈ। ਹਿੰਦੁਸਤਾਨ ਵਿਚ ਮੇਰੀ ਨਜ਼ਰ ਉੱਕਾ ਹੀ ਜਵਾਬ ਦੇ ਗਈ। ਏਥੋਂ ਦੇ ਡਾਕਟਰਾਂ ਕਹਿ ਦਿਤਾ ਕਿ ਬਿਨਾਈ ਬਹਾਲ ਹੋਣ ਦੀ ਕੋਈ ਸੰਭਾਵਨਾ ਨਹੀਂ। ਸੋਚ ਲਿਆ, ਚਲੋ ਤਾਰ ਸ਼ਹਿਨਾਈ ਤਾਂ ਵੱਜਦੀ ਹੀ ਰਹੇਗੀ। ਦਰਸ਼ਨ ਤੇ ਸੰਗਤ ਦੇ ਨਾਂ ਹੋਣਗੇ ਪਰ ਕੰਨ ਤਾਂ ਕੰਮ ਕਰਦੇ ਹੀ ਰਹਿਣਗੇ। ਤਾਂ ਵੀ ਮੈਂ ਹਿੰਮਤ ਨਾ ਹਾਰੀ ਤੇ ਇਕ ਵਾਰ ਵਲਾਇਤ ਜਾ ਕੇ ਵਖਾਣਾ ਚਾਹਿਆ। ਸਤਿਗੁਰਾਂ ਕਿਰਪਾ ਕਰ ਦਿਤੀ। ਟਿਕਟ ਦਾ ਪ੍ਰਬੰਧ ਕਰ ਮੈਨੂੰ ਇੰਗਲੈਂਡ ਭੇਜ ਦਿਤਾ। ਉਥੇ ਮੇਰਾ ਲੜਕਾ ਸੀ। ਡਾਕਟਰਾਂ ਵਲਾਇਤ ਦਿਆਂ ਵੀ ਅੱਖੀਆਂ ਚੰਗੀ ਤਰ੍ਹਾਂ ਚੈੱਕ ਕਰਕੇ ਸਿਰ ਫੇਰ ਦਿਤਾ : ਨਹੀਂ, ਹੁਣ ਨਹੀਂ, ਨਜ਼ਰ ਵਾਲੀ ਗੱਲ ਮੁੱਕੀ।

ਪਰ ਕਰਨਾ ਸਤਿਗੁਰਾਂ ਦਾ ਐਸਾ ਹੋਇਆ ਕਿ ਦੋ ਮਹੀਨੇ ਬਾਦ ਮੇਰੀ ਜੋਤ ਮੁੜ ਆਈ। ਮੈਂ ਮੁੜ ਤੋਂ ਦੁਨੀਆਂ ਵੇਖਣ ਲੱਗ ਪਿਆ। ਅੰਧ ਜਗਤ ਨੂੰ ਤਿਆਗ ਰੋਸ਼ਨ ਦੁਨੀਆਂ ਵਿਚ ਆ ਗਿਆ। ਹੁਣ ਮੈਂ ਸਮਝ ਛਡਿਆ ਹੈ ਕਿ ਮੈਂ ਸਤਿਗੁਰਾਂ ਦਾ ਬੰਦਾ ਹੀ ਹਾਂ ਮੇਰੇ ਪਾਸੋਂ ਜੀ ਆਉਂਦੀ ਸੇਵਾ ਲੈ ਲੈਣ।

ਉਸਤਾਦ ਪਿਆਰਾ ਸਿੰਘ ਦੀ ਗੱਲ ਖ਼ਤਮ ਹੋਣ ਦੇ ਨਾਲ ਹੀ ਉਨ੍ਹਾਂ ਦੇ ਦੋ ਲੜਕੇ ਸ. ਭੁਪਿੰਦਰ ਸਿੰਘ ਅਤੇ ਸ. ਬਲਰਾਜ ਸਿੰਘ ਆ ਗਏ। ਮੇਰੇ ਨਾਲ ਉਨ੍ਹਾਂ ਦੀ ਜਾਣ ਪਛਾਣ ਕਰਵਾ ਕੇ ਪਿਆਰਾ ਸਿੰਘ ਬੋਲੇ: ਕਵੀ ਜੀ, ਵਲਾਇਤ ਦੇ ਡਾਕਟਰ ਵੀ ਹੈਰਾਨ ਹੋਏ ਹਨ ਕਿ ਇਹ ਹੋ ਕਿਵੇਂ ਗਿਆ। ਬੁਝੇ ਹੋਏ ਦੀਵੇ ਮੁੜ ਅਚਾਨਕ ਕਿਵੇਂ ਰੋਸ਼ਨ ਹੋ ਗਏ! ਹੁਣ ਇਕ ਮੇਹਰਬਾਨ ਡਾਕਟਰ ਨੇ ਮੇਰਾ ਪੱਕਾ ਕਾਰਡ ਬਣਾ ਦਿੱਤਾ ਹੈ। ਹਰ ਦੋ ਤਿੰਨ ਮਹੀਨੇ ਬਾਅਦ ਮੈਨੂੰ ਚੈਕਿੰਗ ਕਰਵਾਣੀ ਪੈਣੀ ਹੈ। ਮੈਂ ਸਤਿਗੁਰੂ ਜੀ ਨੂੰ ਵਲਾਇਤੋਂ ਅਰਜ਼ ਕੀਤੀ ਸੀ ਕਿ ਹੁਣ ਤਾਂ ਏਥੇ ਹੀ ਰਹਿਣਾ ਪਊ, ਹਰ ਦੋ ਮਹੀਨੇ ਡਾਕਟਰਾਂ ਦੀ ਪੇਸ਼ੀ ਜ਼ਰੂਰੀ ਹੋ ਗਈ ਹੈ। ਸੱਚੇ ਪਾਤਸ਼ਾਹ ਹੁਕਮ ਕੀਤਾ, ਚਲੇ ਆਓ, ਜਦੋਂ ਜਾਣਾ ਹੋਇਆ ਫੇਰ ਭੇਜ ਦਿਆਂਗੇ।

ਅਤੇ ਫਿਰ ਰਬਾਬ ਦੀਆਂ ਗੱਲਾਂ, ਇਹਦੀ ਹਿਸਟਰੀ। ਉਸਤਾਦ ਹਰਭਜਨ ਸਿੰਘ ਨਾਲ ਨਵੇਕਲੇ ਰਾਗ ਵਿਚਾਰ।

ਸ੍ਰੀ ਸਤਿਗੁਰੂ ਜੀ ਇਸ਼ਨਾਨ ਆਦਿ ਕਰਕੇ 1.30 ਵਜੇ ਹੀ ਹੇਠਾਂ ਹਾਲ ਵਿਚ ਆਏ। ਉਸਤਾਦ ਪਰਿਵਾਰ ਨੇ ਚਰਨੀਂ ਲਗ ਨਮਸਕਾਰ ਕੀਤੀ। ਸੰਗੀਤਕਾਰ ਬੱਚੇ ਤਬਲਾ ਨਿਵਾਜੀ ਕਰਦੇ ਰਹੇ ਅਤੇ ਉਸਤਾਦ ਨੇ ਸੁਰ ਹੋਈ ਰਬਾਬ ਉਤੇ ਭੈਰਵੀ ਦੀ ਸਿਰਜਣਾ ਸ਼ੁਰੂ ਕਰ ਦਿਤੀ। ਇਕ ਵਾਰ ਫਿਰ ਪੰਜ ਸੌ ਸਾਲ ਪਹਿਲਾਂ ਦਾ ਸਮਾਂ ਬਝ ਗਿਆ। ਨਾਨਕ ਦੇ ਗੱਦੀ ਦਾ ਵਾਰਸ ਨਾਮ ਜਪਦਾ ਆਸਣ ਸਸ਼ੋਭਤ ਸੀ, ਪਿਆਰਾ ਸਿੰਘ ਦੇ ਰੂਪ ਵਿਚ ਮਰਦਾਨਾ ਤੇ ਰਬਾਬ ਵਿਚੋਂ ਆਵਾਜ਼ ਆ ਰਹੀ ਸੀ: ਵੇਖ ਮਰਦਾਨਿਆਂ ਰੰਗ ਕਰਤਾਰ ਦੇ ! ਸ. ਸਚਿੰਦਰ ਸਿੰਘ ਪੱਪੂ ਨੇ ਭਾਵੇਂ ਤਬਲੇ ਨੂੰ ਕਦੀ



Sri Satguru Jagjit Singh Ji Elibrary NamdhariElibrary@gmail.com

ਸਾਲਾਂ ਤੋਂ ਹੱਥ ਨਹੀਂ ਸੀ ਲਗਾਇਆ ਪਰ ਅੱਜ ਉਹ ਵੀ ਗਤਾਂ ਤੇ ਗਤਾਂ ਬਦਲ ਕੇ ਉਸਤਾਦ ਨਾਲ ਤਾਲ ਦਾ ਕਮਾਲ ਵਿਖਾ ਰਿਹਾ ਸੀ।

ਸ੍ਰੀ ਸਤਿਗੁਰੂ ਜੀ ਪਰਮ ਪ੍ਰਸੰਨ ਸਨ।

ਰਬਾਬ ਦਾ 20-25 ਮਿੰਟ ਪਰਦਰਸ਼ਨ ਕਰਕੇ ਪਿਆਰਾ ਸਿੰਘ ਜੀ ਅਰਜ਼ ਕੀਤੀ: ਰਬਾਬ ਦਾ ਵਾਇਆ ਛੋਟਾ ਹੋਣ ਕਰਕੇ ਇਹ ਭਾਰਤੀ ਤੇ ਪਰਸ਼ੀਅਨ ਸ਼ੇਅਰਾਂ-ਗ਼ਜ਼ਲਾਂ ਨਾਲ ਇਹ ਖੂਬ ਚਲਦੀ ਹੈ ਅਤੇ ਇਕ ਧੁਨ ਉਸਤਾਦ ਨੇ ਭਾਈ ਨੰਦ ਲਾਲ ਦੀਆਂ ਗਜ਼ਲਾਂ ਨੂੰ ਚੇਤੇ ਕਰਦੀ ਬਜਾਈ ਨਾਲ ਹੀ ਬੇਨਤੀ ਕਰ ਦਿੱਤੀ: ਤਿੰਨ ਚਾਰ ਸ਼ਗਿਰਦ ਬਖ਼ਸ਼ੋ, ਜੋ ਸਰੋਦ ਨੂੰ ਮੁੜ ਸੁਰਜੀਤ ਕਰ ਸਕਣ। ਆਪਜੀ ਦੇ ਦਰਬਾਰ ਵਿਚ ਸੋਭਾ ਪਾਵੇਗੀ।

ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਬਲਜੀਤ ਸਿੰਘ ਨੂੰ ਹੀ ਇਸ਼ਾਰਾ ਕੀਤਾ ਤੇ ਉਸਨੇ ਦੋ ਚਾਰ ਸੁਰਾਂ ਵਜਾਈਆਂ। ਇਸਨੇ ਵੀ ਭੈਰਵੀ ਦੀ ਧੁਨ ਹੀ ਪੈਦਾ ਕੀਤੀ।

ਫੇਰ ਬਲਰਾਜ ਸਿੰਘ ਨੂੰ ਆਗਿਆ ਹੋਈ। ਸ. ਪਿਆਰਾ ਸਿੰਘ ਦਾ ਇਹ ਲੜਕਾ ਪਛਮੀ ਧੁੰਨਾਂ ਤੇ ਪਛਮੀ ਸਾਜ਼ ਗਿਟਾਰ ਵਜਾਂਦਾ ਹੈ। ਸਤਿਗੁਰੂ ਜੀ ਵਿਨੋਦ ਕੀਤਾ: ਗਿਟਾਰ, ਸਮੁੰਦਰੋਂ ਪਾਰ। ਤੇ ਫਿਰ ਕਿਹਾ: ਗਿਟਾਰ ਤੇ ਰਬਾਬ ਦੀ ਸਾਂਝ ਹੈ ਉਹ ਵੀ ਤਿੰਨ ਅੱਖਰੀ ਤੇ ਇਹ ਵੀ ਤਿੰਨ ਅੱਖਰੀ। ਬਲਰਾਜ ਸਿੰਘ ਤਾਂ ਝੱਟ ਹੀ ਗ੍ਰਹਿਣ ਕਰ ਲਵੇਗਾ। ਬਲਰਾਜ ਸਿੰਘ ਨੇ ਵੀ ਇਕ ਧੁੰਨ ਵਜਾਈ ਤੇ 2 ਵਜੇ ਸਭਾ ਸਮਾਪਤ ਹੋ ਗਈ।

2.10 ਹੋਏ ਤਾਂ ਧਰਮ ਸਿੰਘ ਚਾਵਲਾ ਵਾਇਰਲੈਸ-ਫ਼ੋਨ ਲੈ ਕੇ ਆ ਗਿਆ। ਸ੍ਰੀ ਸਤਿਗੁਰੂ ਜੀ ਨੇ ਫੜਕੇ ਕੰਨਾਂ ਨਾਲ ਲਾਇਆ:

ਕੁਲਦੀਪ ਦਾ ਕਿਵੇਂ ਚਲ ਰਿਹਾ ਹੈ?

ਹੋਸ਼ ਹੈਗੀ ਏ?

ਦਰਦ ਜਿਥੇ ਅਗੇ ਹੁੰਦੀ ਸੀ, ਓਥੇ ਹੀ ਹੈ ਜਾਂ ਹੋਰ ਥਾਂ ਤੇ?

ਪੱਸ ਵਗੈਰਾ ਕੱਢੀ ਏ?

ਸੱਚੇ ਪਾਤਸ਼ਾਹ ਕਿਰਪਾ ਕਰਨ ! ਵਰਨੀ ਕਰਵਾਈ ਸੀ?

ਅੱਗ ਲੱਗੀ ਸੀ? ਸਤਿਗੁਰਾਂ ਦੀ ਕਿਰਪਾ ਨਾਲ ਬਚਾਅ ਹੋ ਗਿਆ।

ਗੁਆਂਢੀਆਂ ਦੇ ਲੱਗੀ ਸੀ ਅੱਗ?

ਭਜਨੀਕ ਆਇਆ ਹੈ ਦੇਖੇ। ਭਜਨੀਕ ਸਿੰਘ (ਮੰਡੀ) ਕੁਲਦੀਪ ਦਾ ਵੱਡਾ ਭਾਈ। ਭਜਨੀਕ ਸਿੰਘ ਉਠਕੇ ਕੋਲ ਹੋ ਗਿਆ।

ਸੱਚੇ ਪਾਤਸ਼ਾਹ ਕਿਰਪਾ ਕਰਨ ਰਾਜ਼ੀ ਹੋਵੇ। ਸਤਿਗੁਰੂ ਜੀ ਦੀ ਅਵਾਜ਼ ਤੋਂ ਅਗਲੇ ਪਾਸੇ ਦੀ ਸਿਹਤ ਕਮਜ਼ੋਰ ਝਲਕਦੀ ਸੀ।

ਕਿਹੜਾ ਹਸਪਤਾਲ?



Sri Satguru Jagjit Singh Ji Elibrary NamdhariElibrary@gmail.com

ਬੈਂਕੋਕ ਜਨਰਲ ਹਸਪਤਾਲ? ਵਿਟਬਾਰੀ ਰੋਡ ਤੇ??

ਮੇਰੇ ਵਲੋਂ ਕੁਲਦੀਪ ਨੂੰ ਹੌਸਲਾ ਦੇ ਕੇ ਆਈਂ।

ਸੁਰੰਮ੍ਰਿਤ! ਭਜਨੀਕ ਸਿੰਘ ਨਾਲ ਗੱਲ ਕਰ ਲਈ ਜ਼ਰਾ।

ਅਤੇ ਭਜਨੀਕ ਸਿੰਘ ਹੱਥ ਸਫੈਦ ਫੋਨ ਚਲਾ ਗਿਆ। ਪਿਛੋਂ ਪਤਾ ਲੱਗਿਆ ਕਿ ਭਜਨੀਕ ਸਿੰਘ ਦੇ ਛੋਟੇ ਭਰਾ ਕੁਲਦੀਪ ਸਿੰਘ ਨੂੰ ਕੈਂਸਰ ਹੈ। ਉਹ ਏਥੇ ਡਾ: ਮੂਸਾ ਦੇ ਇਲਾਜ ਵਿਚ ਵੀ ਆਇਆ। ਪਰ ਫਿਰ ਬੈਂਕੋਕ ਚਲਾ ਗਿਆ। ਸ. ਕੁਲਦੀਪ ਸਿੰਘ ਸੇਠ ਸੁਰੰਮ੍ਰਿਤ ਸਿੰਘ ਹੁਰਾਂ ਦਾ ਭਣਵਾਯਾ ਹੈ। ਅਤੇ ਉਸਦਾ ਅੱਜ ਜਾਂ ਕੱਲ ਹੀ ਉਪਰੇਸ਼ਨ ਹੋਇਆ ਹੈ। ਪਰ ਉਪਰੇਸ਼ਨ ਪੂਰਾ ਨਹੀਂ ਹੋ ਸਕਿਆ। ਕੋਈ ਵੀ ਮਾੜੀ ਖ਼ਬਰ ਸੁਣਨ ਦੀ ਸੰਭਾਵਨਾ ਹੈ।

ਸ੍ਰੀ ਸਤਿਗੁਰੂ ਜੀ 2.20 ਤੇ ਸ. ਰੰਧਾਵਾ ਅਤੇ ਆਪਣੇ ਜਥੇ ਨਾਲ ਪਹਿਲਾਂ ਤਾਂ ਬੜੇ ਬਿਰਧ ਸੂਬਾ ਸੇਵਾ ਸਿੰਘ ਪਟਨਾ ਵਾਲੇ ਨੂੰ ਕਰੋਲ ਬਾਗ ਵਾਲੇ ਘਰ ਦਰਸ਼ਨ ਦੇਣ ਗਏ। ਅੱਜ ਦਾ ਜਲਪਾਨ ਸਮੇਤ ਜਥੇ ਦੇ ਸ. ਰਮਣੀਕ ਸਿੰਘ ਮਾਲਕ ਟੀ.ਵੀ.ਸੈਂਟਰ ਵਾਲਿਆਂ ਦੇ ਸੀ। ਸ. ਰਮਣੀਕ ਸਿੰਘ ਸਭ ਤੋਂ ਵੱਡੇ ਕੱਦ ਕਾਠ ਵਾਲਾ ਸਾਊ ਅਤੇ ਸ਼ਰਧਾਲੂ ਉਦਮੀ ਸਿਖ ਹੈ। ਟੀ.ਵੀ. ਸੈਂਟਰ ਨਾਮ ਦੀ ਦੁਕਾਨ ਕਰੋਲ ਬਾਗ ਵਿਚ ਹੈ ਅਤੇ ਇਕ ਫੈਕਟਰੀ ਵੀ ਕੈਂਪ ਏਰੀਏ ਵਿਚ ਹੈ। ਜਿਸਦਾ ਨੁਕਸਾਨ ਨਵੰਬਰ 84 ਵਿਚ ਹੋ ਗਿਆ ਸੀ। ਸ. ਰਮਣੀਕ ਸਿੰਘ ਸਪੁੱਤਰ ਸੰਤ ਲਾਭ ਸਿੰਘ ਦਾ ਰਿਹਾਇਸ਼ੀ ਮਕਾਨ ਪਟੇਲ ਨਗਰ ਵਿਖੇ ਹੈ ਜਿਥੇ ਦਰਸ਼ਨ ਦੇਣ ਸੱਚੇ ਪਾਤਸਾਹ ਏਥੋਂ ਉਠ ਕੇ ਗਏ ਹਨ।

ਉਪਰੰਤ ਨਾਮ ਸਿਮਰਨ ਅਤੇ ਕੀਰਤਨ ਦਿਵਾਨ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿਖੇ ਹੋਇਆ।

ਰਾਤੀਂ 8.20 ਤੇ ਮੈਂ ਫੇਰ ਪੂਸਾ ਰੋਡ ਜਾ ਉਤਰਿਆ। ਕੋਠੀ ਵਿਚ ਸਮੁੱਚੇ ਤੌਰ ਤੇ ਖਾਮੋਸ਼ੀ ਸੀ। ਬੱਤੀਆਂ ਦੀ ਰੋਸ਼ਨੀ ਵਿਚ ਮਹਾਰਾਣੀ ਜਾਪਦੀ ਸੀ। ਹਾਲ ਅੰਦਰੋਂ ਉਠਦੀ ਸਿਤਾਰ-ਸੁਰਾਂ ਦੀ ਖੁਸ਼ਬੋਈ ਵਾਤਾਵਰਣ ਵਿਚ ਪਸਰੀ ਹੋਈ ਸੀ। ਅੰਦਰ ਗਿਆ ਤਾਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ 25-30 ਸਰੀਰ ਬੈਠੇ ਹੋਏ ਸੰਗੀਤ-ਸੁਆਦ ਲੁਟ ਰਹੇ ਅਤੇ ਅਸਲੋਂ ਸਮਪੁਖਤਾ ਵਿਚ 55 ਸਾਲਾ ਉਤਸਾਦ ਵਲਾਇਤ ਖਾਂ ਸਾਹਿਬ ਦੇ ਹੱਥਾਂ ਵਿਚ ਉਨ੍ਹਾਂ ਦੀ ਸਿਤਾਰ ਆਪਾ ਭੁੱਲੀ ਖਲੋਤੀ ਸੀ- ਸ੍ਰੀ ਰਾਮ ਜੀ ਮਿਸ਼ਰਾ ਦੀ ਸੂਖਮ ਜਿਹੀ ਮੂਰਤੀ ਸਿਰ ਤੇ ਲਾਲ ਪਟਕਾ ਘੁੱਟ ਕੇ ਵਲੇਟੀ ਤਬਲੇ ਦੀ ਮਿੰਠਤ ਦੀ ਵਰਖਾ ਕਰ ਰਹੀ ਸੀ। ਖਾਂ ਸਾਹਿਬ ਅਤੇ ਮਿਸ਼ਰਾ ਦੇ ਇਸ ਸੁਜੋੜ ਨੂੰ ਸੰਭਾਲਣ ਲਈ ਵੱਡੀ ਸਟੀਰੀਓ ਟੇਪ ਰਿਕਾਰਡ ਸੇਵਾ ਮਗਨ ਸੀ।

ਸ੍ਰੀ ਸਤਿਗੁਰੂ ਜੀ ਦੋਹਾਂ ਮਹਾਨ ਕਲਾਕਾਰਾਂ ਦਾ ਰਸਾ ਸਵਾਦਨ ਕਰਦੇ ਸੁਚੇਤ ਰੂਪ ਵਿਚ ਮਾਤ੍ਰਾਂ ਅਤੇ ਸੁਰ ਸ਼ੁਧੀ ਦਾ ਨਿਰੀਖਣ ਕਰ ਰਹੇ ਸਨ। ਖਾਂ ਸਾਹਿਬ ਵੀ ਪਾਰਖੂਆਂ ਦੇ ਪਾਰਖੂ, ਕੋਲ ਗੁਣਾਂ ਗੁਥਲੀ ਖੋਲੀ ਬੈਠੀ ਹਰ ਚੀਜ਼ ਦਾ ਮੋਲ-ਤੋਲ ਕਰ ਰਹੇ ਸਨ। ਉਨ੍ਹਾਂ ਦੀਆਂ ਅੱਖਾਂ, ਹੱਥ, ਚਿਹਰੇ ਦੀਆਂ ਹਰਕਤਾਂ ਤੇ ਸਾਰਾ ਸਰੀਰ ਹੀ



Sri Satguru Jagjit Singh Ji Elibrary NamdhariElibrary@gmail.com

ਸਿਤਾਰ ਵਿਚੋਂ ਇੱਛਤ ਸੁਰਾਂ ਪੈਦਾ ਕਰਨ ਲਈ ਸੁਰ ਰੂਪ ਹੀ ਹੋਇਆ ਖਲੋਤਾ ਸੀ। ਜਦੋਂ ਅੰਦਰਲੀ ਮਸਤੀ ਦੇ ਨਿਕਾਸ ਦੀ ਲੋੜ ਪੈਂਦੀ ਤਾਂ ਉਹ ਗਾਉਣ ਲਗ ਪੈਂਦੇ ਤੇ ਆਪਣੀ ਗਵਾਇਸ਼ ਦੀਆਂ ਸੁਰਾਂ ਸਿਤਾਰ ਦੁਆਰਾ ਵਖਾਲਦੇ। ਬਾਰ ਬਾਰ ਸਮ ਤੇ ਆ ਪੈਣਾ ਸਭਨਾਂ ਲਈ ਅਨੰਦ ਉਪਜਾਂਦੀ ਕਿਰਿਆ ਸੀ।

ਮੈਨੂੰ ਸ੍ਰੀ ਸਤਿਗੁਰੂ ਜੀ ਨੇ ਦੱਸਿਆ: ਰਾਮ ਜੀ ਨੇ ਅੱਜ ਚੰਗਾ ਸੁੱਖੇ ਦਾ ਗੋਲਾ ਖਾਧਾ ਹੋਇਆ ਹੈ। ਪਹਿਲਾਂ ਤਾਂ ਬਹੁਤ ਆਰਾਮ ਰਿਹਾ। ਪਰ ਅੱਜ ਫਿਰ ਪੋਟਲੀ ਹੱਥ ਲੱਗੀ ਹੈ ਜਿਸ ਵਿਚ ਭੰਗ-ਗੋਲੀਆਂ ਸੰਭਾਲੀਆਂ ਹੋਈਆਂ ਸਨ। ਅਤੇ ਮੈਨੂੰ ਬਲਦੇਵ ਸਿੰਘ ਕੋਲ ਪਈ ਉਹ ਪੋਟਲੀ ਵਿਖਾਲੀ ਗਈ। ਰਾਮ ਜੀ ਅੱਜ ਮਸਤ ਹੋਏ ਲੈਅ ਤਾਰ ਦਾ ਕਾਰਜ ਤਾਂ ਕਰ ਰਹੇ ਸਨ ਪਰ ਕਾਰਟੂਨੀ ਦ੍ਰਿਸ਼ ਵੀ ਦਿਖਾ ਜਾਂਦੇ। ਸ੍ਰੀ ਸਤਿਗੁਰੂ ਜੀ ਖੁਦ ਉਸਦੀ ਕਾਰਟੂਨੀ ਕਿਰਿਆ ਤੋਂ ਅਜਿਹੇ ਪ੍ਰਭਾਵਤ ਹੋ ਜਾਂਦੇ ਕਿ ਕਦੇ ਕਦੇ ਉਹਦੇ ਵਰਗੀ ਮੁਖਾ ਕ੍ਰਿਤੀ ਬਣਾ ਜਾਂਦੇ।

ਪਰ ਜਦੋਂ ਕਦੇ ਸੋਲੋ ਤਬਲਾ ਦੀ ਵਾਰੀ ਆਉਂਦੀ ਤਾਂ ਪਤਲੀਆਂ ਲੰਮੀਆਂ ਨਾਜ਼ਕ ਉਂਗਲੀਆਂ ਦਾ ਦਸਤਕਾਰ ਪੁੜੇ ਧਾਮੇ ਤੇ ਅਜਿਹਾ ਵਖਲਾਂਦੇ ਕਿ ਮਹਾਨ ਸ੍ਰੋਤਾ ਵੀ ਅਨੰਦ ਵਿਭੋਰ ਹੋ ਉਠਦਾ। ਲੈਅ ਤੇਜ਼ ਤੋਂ ਤੇਜ਼ ਤਰ ਹੋਈ ਜਾ ਰਹੀ ਸੀ-ਸਾਰੇ ਸ੍ਰੋਤੇ ਆਪਾ ਭੁੱਲੀ ਕਲਕਾਰਾਂ ਵਿਚ ਓਤ ਪੋਤ ਹੋਏ ਪਏ ਸਨ।

ਅੰਤਮ ਸਮ ਤੇ ਗੱਲ ਆਈ ਤਾਂ ਖਾਂ ਸਾਹਿਬ ਨੇ ਕਿਹਾ: ਹਜ਼ੂਰ ਅਨੋਖੇ ਲਾਲ ਕੇ ਇਸ ਤਬਲੇ ਕੋ ਜਾਣਨੇ ਵਾਲੇ ਤੋ ਅਬ ਬਨਾਰਸ ਮੇਂ 3-4 ਲੋਕ ਹੀ ਹੈਂ। ਅਸਲ ਮੈਂ ਸਿਤਾਰ ਨਹੀਂ ਬਜਾ ਰਹਾ ਥਾ ਮੈਂ ਤੋਂ ਤਬਲੇ ਕੇ ਸਾਥ ਸਾਥ ਚਲ ਰਹਾ ਥਾ। ਫਿਰ ਜ਼ਰਾ ਰੁਕ ਕੇ ਬੋਲੇ: ਹਜ਼ੂਰ ਯੇਹ ਸਬ ਆਪ ਕੀ ਨਜ਼ਰ ਅਨਾਇਤ ਕੇ ਬਦੌਲਤ ਹੋ ਰਹਾ ਹੈ। ਆਪ ਨੇ ਰਾਮ ਜੀ ਪਰ ਭੀ ਮਿਹਰਬਾਨੀ ਕੀ ਨਜ਼ਰ ਡਾਲੀ ਹੈ। ਅਨੋਖੇ ਭਈਆ ਕਾ ਅਲਗ ਸਾ ਤਬਲਾ ਥਾ। ਆਪ ਕੀ ਤਲਾਸ਼ ਹੈ। ਆਪ ਕੀ ਢੂੰਡ ਹੈ ਕਿ ਚੁਨ ਚੁਨ ਕੇ ਐਸੇ ਹੀਰੇ ਨਿਕਾਲ ਰਹੇ ਹੈਂ। ਔਰ ਯਾਦ ਫ਼ਰਮਾ ਰਹੇ ਹੈਂ ਹਮੇ ਭੀ। ਇਸ ਖਾਸ ਕੋ ਆਮ ਬਨਾਨੇ ਕੇ ਲੀਏ।

ਸ਼੍ਰਤਿਗੁਰੂ ਜੀ ਕੇਵਲ ਮੌਨ ਸਰੋਤਾ ਸਨ ਜਾਂ ਕਦੇ ਅਤਿ ਵੇਖਕੇ ਕੰਨਾਂ ਨੂੰ ਹੱਥ ਕਲਾਕਾਰਾਂ ਵਾਂਗ ਹੀ ਲਾ ਲੈਂਦੇ। ਅਤੇ 5 ਮਿੰਟ ਦੇ ਵਕਫ਼ੇ ਬਾਅਦ ਖਾਂ ਸਾਹਿਬ ਫਿਰ ਬੋਲੇ: ਹਜ਼ੂਰ, ਕਾਫ਼ੀ ਸੁਨਾਊਂ। ਤੇ ਸਿਤਾਰ ਦੀਆਂ ਤਰਬਾਂ ਕਾਫ਼ੀ ਠਾਠ ਤੇ ਮਿਲਣੀਆਂ ਸ਼ੁਰੂ ਹੋ ਗਈਆਂ।

ਅੱਜ ਦੇ ਸਰੋਤਿਆਂ ਵਿਚ ਸਨ ਸ੍ਰੀ ਵਲਭ ਵਿਸ਼ੇਸ਼ਰ ਸਿੰਘ ਜੀ ਮਹਾਰਾਜ ਨਿਹਾਲ ਸਿੰਘ ਜੀ ਦੇ ਛੋਟੇ ਸਪੁਤ੍ਰ , ਸ੍ਰੀ ਗੁਰਦੇਵ ਸਿੰਘ ਸਰੋਦ. ਇਸਨੇ ਆਪਣੇ ਉਤੇ ਇਕ ਕੰਬਲ ਦੀ ਬੁੱਕਲ ਮਾਰੀ ਹੋਈ ਸੀ। ਸਤਿਗੁਰੂ ਜੀ ਨੇ ਮੈਨੂੰ ਦੱਸਿਆ ਮੈਂ ਘਰ ਗਿਆ ਸਾਂ। ਗੁਰਦੇਵ ਨੂੰ ਲੰਮਿਆਂ ਪਿਆਂ ਵੇਖਕੇ ਆਖਿਆ, ਮੰਜੇ ਦਾ ਖਹਿੜਾ ਛੱਡ ਥੋੜ੍ਹਾ ਚਿਰ ਸੰਗੀਤ ਸੁਖ ਲੈ, ਆ ਕੋਠੀ ਚੱਲੀਏ ਅਤੇ ਨਾਲ ਹੀ ਗੱਡੀ ਵਿਚ ਬਹਾ ਲਿਆਂਦਾ। ਸ੍ਰ.



Sri Satguru Jagjit Singh Ji Elibrary NamdhariElibrary@gmail.com

ਅਵਤਾਰ ਸਿੰਘ ਤਬਲਾ ਵਾਦਕ ਆਪਣੀ ਭੈਣ ਨਰਿੰਦਰ ਅਤੇ ਇਕ ਹੋਰ ਸਰਦਾਰ ਜੀ ਨਾਲ ਅੱਜੇ ਅੰਮ੍ਰਿਤਸਰੋਂ ਆਏ ਸਨ। ਸੰਗੀਤਕਾਰਾਂ ਦਾ ਸਮੁਚਾ ਜਥਾ, ਸਾਰਾ ਚਾਵਲਾ ਪਰਵਾਰ, ਸੰਤ ਭਜਨੀਕ ਸਿੰਘ ਮੰਡੀ, ਸ. ਹਰਚਰਨ ਸਿੰਘ ਰੰਧਾਵਾ ਇੰਗਲੈਂਡ, ਸ. ਕੁਲਵੰਤ ਸਿੰਘ ਨੈਰੋਬੀ, ਸੰਤ ਰਤਨ ਸਿੰਘ ਬਾਂਦਰਖੂਹੀ, ਸ. ਜਸਬੀਰ ਸਿੰਘ ਕਾਨ੍ਹਪੁਰ, ਖਾਂ ਸਾਹਿਬ ਦਾ ਸਾਰਾ ਪਰਵਾਰ: ਸੁਪਤਨੀ ਜ਼ੁਬੈਦਾ ਖਾਨਮ, ਧੀਆਂ ਯਮਨ ਤੇ ਬਿਲਾ, ਛੋਟਾ ਪੁੱਤਰ ਆਦਿਤ। ਸੰਤ ਗਿਆਨ ਸਿੰਘ ਖਾਰੇਵਾਲਾ ਤੇ ਉਸਦੇ ਦੋ ਲੜਕੇ ਸ. ਮਨਮੋਹਣ ਸਿੰਘ, ਹੁਣੇ-ਹੁਣੇ ਅਮਰੀਕਾ ਵਿਚੋਂ ਆਏ ਹਨ ਤੇ ਸ. ਹਰਭਜਨ ਸਿੰਘ, ਸੰਤ ਮਹਿੰਦਰ ਸਿੰਘ ਰਘੁਬੀਰ ਨਗਰ ਕੁਝ ਹੋਰ ਬੀਬੀਆਂ ਆਦਿ।

ਸੰਗੀਤ ਦੀ ਇਹ ਸਭਾ 9.15 ਰਾਤ ਤਕ ਜਾਰੀ ਰਹੀ।

## 23 ਨਵੰਬਰ 1985, ਸ਼ਨੀਵਾਰ
## ਨਵੀਂ ਦਿੱਲੀ

ਅੱਜ ਸਾਰੇ ਦਿਨ ਦਾ ਮੇਲਾ ਪੰਥ ਰਤਨ ਸੰਤ ਅਨੰਤਾ ਸਿੰਘ ਦੀ ਯਾਦ ਵਿਚ ਹੈ। ਅੱਜ ਸ਼ਾਮ ਨੂੰ ਇਨ੍ਹਾਂ ਨਮਿਤ ਭੋਗ ਪੈਣਾ ਹੈ। ਪੰਜ ਸਾਲ ਘੱਟ ਪੂਰੀ ਸਦੀ ਵਧੀਆ, ਸੁਚੇਤ ਜਿਉਕੇ, ਨਾਮਧਾਰੀਆਂ ਅਤੇ ਸ੍ਰੀ ਸਤਿਗੁਰੂ ਜੀ ਤੇ ਪਰਵਾਰਾਂ ਦੇ ਬਸਤਰ ਸਿਉਂ ਕੇ ਨਾਮਧਾਰੀਆਂ ਲਈ ਵਿਸ਼ੇਸ਼ ਪੁਸ਼ਾਕ ਦੀ ਕਾਢ ਕੱਢ, ਭੈਣੀ ਸਾਹਿਬ ਵਿਚ ਆਯੂ ਦੇ 70 ਸਾਲ ਬਿਤਾ, 25 ਸਾਲ ਦਿੱਲੀ ਨੂੰ ਵੀ ਨਿਵਾਜਿਆ ਹੈ। ਇਸ ਸਾਲ ਦਿੱਲੀ ਹੋਲੇ ਸਮੇਂ ਸ੍ਰੀ ਸਤਿਗੁਰੂ ਜੀ ਵਲੋਂ ਪੰਥ ਰਤਨ ਦਾ ਸਨਮਾਨ ਇਕ ਪੁਸ਼ਾਕ ਤੇ 5000 ਰੁਪਏ ਨਾਲ ਅਨੰਤਾ ਸਿੰਘ ਜੀ ਨੂੰ ਸਨਮਾਨਤ ਕੀਤਾ ਗਿਆ।

ਛੋਟੇ ਸਪੁਤ੍ਰ ਜਸਵੰਤ ਸਿੰਘ ਨੇ ਸਹੀ ਫੈਸਲਾ ਕੀਤਾ ਕਿ ਘਰ ਦੀ ਚਾਰਦੀਵਾਰੀ ਵਿਚ ਬਾਪੂ ਜੀ ਦਾ ਭੋਗ ਪੁਆਣ ਦੀ ਥਾਂ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਖੇ ਆਯੋਜਨ ਕੀਤਾ ਜਾਇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਉਸਤਾਦ ਹਰਭਜਨ ਸਿੰਘ ਅਤੇ ਕਲਾਕਾਰਾਂ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਦੋ ਵਜੇ ਤੋਂ ਹੱਲੇ ਦਾ ਦਿਵਾਨ ਜਥੇਦਾਰ ਗੁਰਦੀਪ ਸਿੰਘ ਜੀ ਨੇ, ਕਵੀਸ਼ਰੀ ਜਥਾ ਸੰਤ ਜਿਉਣ ਸਿੰਘ ਨੇ, ਫਿਰ ਜਥੇਦਾਰ ਸੇਵਾ ਸਿੰਘ ਜੀ ਨੇ ਸੰਤਾਂ ਦੀ ਸਿਮ੍ਰਤੀ ਵਿਚ ਦਿਵਾਨ ਸਜਾਏ। ਪ੍ਰੀਤਮ ਸਿੰਘ ਕਵੀ ਨੂੰ ਵੀ 10-15 ਮਿੰਟ ਅਵਸਰ ਮਿਲਿਆ ਸ਼ਰਧਾਂਜਲੀ ਪੇਸ਼ ਕਰਨ ਦਾ। 4 ਵਜੇ ਨਾਮ ਸਿਮਰਨ ਦੀ ਅਰਦਾਸ ਹੋਈ ਜਿਸ ਵਿਚ ਸੱਚੇ ਪਾਤਸ਼ਾਹ ਜੀ ਨੇ ਦਰਸ਼ਨ ਦਿਤੇ। 4.40 ਤੇ ਸੰਤ ਅਨੰਤਾ ਸਿੰਘ ਨਮਿਤ ਸੰਤ ਅਰੇਵਲ ਸਿੰਘ ਅਤੇ ਦੋ ਹੋਰ ਸੱਜਣਾਂ ਵਲੋਂ ਭੋਗ ਦੇ ਸਲੋਕ ਪੜ੍ਹੇ ਜਾਣ ਲਗੇ। ਇਸੇ ਦੌਰਾਨ ਸੰਤ ਜਸਵੰਤ ਸਿੰਘ ਟੇਲਰ, ਬਲਵਿੰਦਰ ਸਿੰਘ, ਜਸਵੰਤ ਦਾ ਸਪੁਤ੍ਰ ਤੇ ਹੋਰ ਪਰਵਾਰ ਮਾਇਆ, ਬਰਤਨ,



Sri Satguru Jagjit Singh Ji Elibrary NamdhariElibrary@gmail.com

ਬਸਤਰ, ਬਿਸਤਰਾ ਲੈ ਕੇ ਹਾਜ਼ਰ ਹੋਇਆ। ਇਸ ਮੌਕੇ ਸੰਤ ਹਜ਼ਾਰਾ ਸਿੰਘ ਵਲੋਂ ਸੰਤ ਚੈਨ ਸਿੰਘ ਨਮਿਤ ਵੀ ਭੋਗ ਪੁਆਇਆ ਜਾ ਰਿਹਾ ਸੀ, ਇਹ ਵੀ ਮਾਇਆ, ਬਸਤਰ, ਬਰਤਨ ਤੇ ਬਿਸਤਰੇ ਲੈ ਕੇ ਗੁਰੂ ਚਰਨਾਂ ਵਿਚ ਹਾਜ਼ਰ ਹੋਏ।

ਅੱਜ ਸੰਤਾਂ ਨਮਿਤ ਅਰਦਾਸ, ਗੁਰੂ ਕੀ ਹਜ਼ੂਰੀ ਵਿਚ, ਉਪਸਥਿਤ ਸਾਧ ਸੰਗਤ ਜੋ ਕਿ ਲੰਗਰ ਦੀਆਂ ਦੀਵਾਰਾਂ ਤਕ ਬੈਠੀ ਹੋਈ ਸੀ ਦੇ ਸਨਮੁੱਖ, ਸ੍ਰੀ ਗੁਰਭਜਨ ਸਿੰਘ ਸਾਬਕਾ ਸਕੱਤਰ ਨੇ ਕੀਤੀ। ਅਰਦਾਸ ਭਾਵੇਂ ਇਸ ਤੋਂ ਪਹਿਲੀ ਵਾਰ ਹੀ ਸੁਣੀ ਸੀ ਪਰ ਸੁਧ ਸਪਸ਼ਟ ਤੇ ਭਾਵਨਾ ਭਰਪੂਰ ਸੀ।

ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਸੰਤਾਂ ਦੇ ਜੀਵਤ ਸਪੁਤ੍ਰ ਸੰਤ ਗੁਰਬਖਸ਼ ਸਿੰਘ, ਸੰਤ ਜਸਵੰਤ ਸਿੰਘ ਹਾਜ਼ਰ ਹੋਏ। ਸੱਚੇ ਪਾਤਸ਼ਾਹ ਜੀ ਨੇ ਚਿੱਟੀ ਟੇਢੀ ਪੱਗ ਵਾਲੇ ਗੁਰਬਖਸ਼ ਸਿੰਘ ਤੋਂ ਉਸਦੀ ਪਗੜੀ ਲੁਹਾਕੇ ਆਪ ਸਿੱਧੀ ਸਫੈਦ ਦਸਤਾਰ ਸਜਾਕੇ ਉਸਨੂੰ ਮਾਣ ਬਖਸ਼ਿਆ। ਸਤਿਗੁਰੂ ਜੀ ਨੇ ਦਸਤਾਰ ਸਿੱਧੀ ਰਖਣ ਦਾ ਆਦੇਸ਼ ਵੀ ਦਿਤਾ। ਸੰਤ ਜਸਵੰਤ ਸਿੰਘ ਵਲੋਂ ਹੀ ਸਾਰੇ ਮੇਲੇ ਦਾ ਆਯੋਜਨ ਤੇ ਸੇਵਾ ਸਤਿਕਾਰ ਸੀ।

ਏਥੇ ਏਸੇ ਸਮੇਂ ਸਮੇਂ ਮੈਨੂੰ ਇਕ ਰੁੱਕਾ ਸ. ਹੰਸਪਾਲ ਐਮ.ਪੀ. ਜੀ ਨੇ ਦਿੱਤਾ ਜਿਸਦਾ ਮੈਂ ਐਲਾਨ ਕੀਤਾ। ਰੁਕੇ ਦੇ ਸ਼ਬਦ ਸਨ:

ਦਿੱਲੀ ਦੀ ਸੰਗਤ ਅਖੰਡ ਪਾਠ, ਸਧਾਰਨ ਪਾਠ, ਵਰਨੀ, ਹਵਨ, ਅੰਮ੍ਰਿਤ ਛਕਾਣ ਵਾਸਤੇ ਗੁਰਦੁਆਰੇ ਦੀ ਕਮੇਟੀ ਨੂੰ ਮਿਲੇ। ਕਮੇਟੀ ਦੇ ਮੈਂਬਰ:

ਸੰਤ ਬਲਵੰਤ ਸਿੰਘ
ਸੰਤ ਮਹਿੰਦਰ ਸਿੰਘ
ਸੰਤ ਸਾਧਾ ਸਿੰਘ
ਸੰਤ ਗੁਰਦੀਪ ਸਿੰਘ
ਸੰਤ ਬਾਵਾ ਸਿੰਘ ਹਨ।

ਗੁਰਦੁਆਰਾ ਦੀ ਸੇਵਾ ਹੁਣ ਸੰਤ ਰਵੇਲ ਸਿੰਘ ਹੁਕਮ ਅਨੁਸਾਰ ਕਰ ਰਹੇ ਹਨ।

ਏਸੇ ਰੁੱਕੇ ਤੇ ਕਿਸੇ ਨੇ ਇਹ ਵੀ ਲਿਖਿਆ ਹੋਇਆ ਸੀ: ਬਿਸਤਰਾ ਤੇ ਭਾਂਡੇ ਨਾਲ ਢਾਈ ਸੌ ਰੁਪੈਆ ਸਵਰਗਵਾਸੀ ਸੰਤ ਭਗਤ ਸਿੰਘ ਦੀ ਯਾਦ ਵਿਚ ਉਹਨਾਂ ਦੇ ਪਰਵਾਰ ਵਲੋਂ ਭੇਟਾ ਕੀਤੇ ਜਾਂਦੇ ਹਨ।

ਉਪਰੰਤ ਇਕ ਸ਼ਬਦ ਦਾ ਕੀਰਤਨ ਉਸਤਾਦ ਹਰਭਜਨ ਸਿੰਘ ਦੇ ਜਥੇ ਨੇ ਕੀਤਾ। ਸੰਗਤ ਦਾ ਏਨਾ ਤਕੜਾ ਇਕੱਠ ਸੀ ਕਿ ਜਦ ਤਕ ਸੱਚੇ ਪਾਤਸ਼ਾਹ ਦਿਵਾਨ ਵਿਚ ਰਹੇ ਅਣਟੁੱਟ ਕਤਾਰਾਂ ਜਾਰੀ ਰਹੀਆਂ। ਸੰਤਾਂ ਦੀਆਂ ਧੀਆਂ , ਜੁਆਈ ਤੇ ਹੋਰ ਸਾਕ ਸੰਬੰਧੀ ਤਾਂ ਆਏ ਹੀ ਸਨ। ਦਿੱਲੀ ਵਾਸੀ ਨਾਮਧਾਰੀਆਂ ਨੇ ਵੀ ਸੰਤ ਅਨੰਤਾ ਸਿੰਘ ਦੀ ਯਾਦ ਵਿਚ ਜਾ ਕੇ ਸਤਿਗੁਰੂ ਜੀ ਦੇ ਚਰਨ ਪਰਸਣੇ ਸ਼ਰਧਾ ਸੰਯੁਗਤ ਕੀਤਾ।

ਸਤਿਗੁਰੂ ਜੀ ਦਾ ਨਿਜੀ ਸਕੱਤਰ ਸੰਤ ਤਰਸੇਮ ਸਿੰਘ, ਸ. ਹੰਸਪਾਲ ਜੀ, ਸ. ਹਰਚਰਨ ਸਿੰਘ ਰੰਧਾਵਾ ਇੰਗਲੈਂਡ, ਸ. ਕੁਲਵੰਤ ਸਿੰਘ ਰੂਪਰਾਇ ਨੈਰੋਬੀ, ਗਾਵੇ



Sri Satguru Jagjit Singh Ji Elibrary NamdhariElibrary@gmail.com

ਵਾਲੇ ਸੰਤ ਗੁਰਬਚਨ ਸਿੰਘ, ਲੁਧਿਆਣੇ ਦੇ ਸੰਤ ਦਲੀਪ ਸਿੰਘ ਨਿਰੀਖਿਅਕ, ਸੰਤ ਰਵਿੰਦਰ ਸਿੰਘ, ਡਾਲਟਨ ਗੰਜ ਦੇ ਸੇਠ ਕਿਰਪਾਲ ਸਿੰਘ, ਮੈਟਰੋਪਾਲੀਟਨ ਮੈਂਬਰ ਸ. ਸੁਲੱਖਣ ਸਿੰਘ ਦਿੱਲੀ ਆਦਿ ਸਾਰੇ ਪਰਮੁਖ ਦਿੱਲੀ ਵਾਸੀ ਮੌਕੇ ਤੇ ਮੌਜੂਦ ਸਨ।

ਗੁਰਭਜਨ ਸਿੰਘ ਨੇ ਹੀ ਕੀਰਤਨ ਦੀ ਅਰਦਾਸ ਵੀ ਕੀਤੀ। ਸ੍ਰੀ ਸਤਿਗੁਰੂ ਜੀ ਨੇ ਮਾਈਕ ਨੂੰ ਨੇੜੇ ਕਰਕੇ ਆਪ ਕਿਰਪਾ ਕੀਤੀ। ਆਪ ਜੀ ਦੇ ਹਸਤ ਕੰਵਲਾਂ ਵਿਚ 3-4 ਵਰਕੇ ਇਕ ਫਹਿਰਿਸਤ ਦੇ ਸਨ। ਇਸ ਵਿਚ ਦਿੱਲੀ ਵਾਲਿਆਂ ਦੇ ਕੀਤੇ ਹੋਏ ਪਾਠਾਂ ਦਾ ਵੇਰਵਾ ਸੀ। ਸਤਿਗੁਰੂ ਜੀ ਨੇ ਵਧੇਰੇ ਪਾਠ ਕਰਨ ਵਾਲਿਆਂ ਦੇ ਨਾਮ ਉਸ ਫਹਿਰਿਸਤ ਵਿਚੋਂ ਖੁਦ ਪੜ੍ਹੇ, ਜਿਵੇਂ:

60 ਪਾਠ ਸੰਤ ਸੁਖਦਰਸ਼ਨ ਸਿੰਘ ਆਰਕੀਟੈਕਟ
50 ਪਾਠ ਸੰਤ ਮੋਹਣ ਸਿੰਘ ਪਾਲਮ ਕਾਲੋਨੀ
48 ਪਾਠ ਗਿਆਨ ਸਿੰਘ ਗਿਆਨ ਕੌਰ ਗਣੇਸ਼ ਪੁਰਾ
48 ਪਾਠ ਅਮਰ ਸਿੰਘ ਨਿਰਮਾਣ
44 ਪਾਠ ਮੋਹਣ ਸਿੰਘ ਰੋਡ ਰੋਲਰ ਵਾਲਾ, ਨਰਾਇਣੇ ਤੋਂ
40 ਪਾਠ ਮੋਹਰ ਸਿੰਘ ਦਲੀਪ ਕੌਰ, ਵਿਜੇ ਨਗਰ।
37 ਪਾਠ ਸੰਤ ਕਬੀਰ ਜੀ, ਜੋ ਸੁਰਗਵਾਸ ਹੋ ਗਏ ਨੇ।
37 ਪਾਠ ਸ੍ਰ: ਗਿਆਨ ਸਿੰਘ ਹੰਸਪਾਲ, ਰਾਜੌਰੀ ਗਾਰਡਨ
37 ਪਾਠ ਨਿਰੰਜਨ ਸਿੰਘ ਚਾਂਦ ਨਗਰ
31 ਪਾਠ ਕਰਤਾਰ ਸਿੰਘ ਸ਼ਾਮ ਨਗਰ
31 ਪਾਠ ਬਲਬੀਰ ਕੌਰ ਸਵਰਨ ਸਿੰਘ ਸ਼ਾਸਤ੍ਰੀ ਨਗਰ
30 ਪਾਠ ਆਤਮਾ ਸਿੰਘ ਪੰਨਵਾਂ ਸਵਰਗਵਾਸੀ
27 ਪਾਠ ਮੇਲਾ ਸਿੰਘ ਸਾਹਿਬਪੁਰਾ
26 ਪਾਠ ਹਜ਼ਾਰਾ ਸਿੰਘ ਕੀਰਤੀ ਨਗਰ
30 ਪਾਠ ਇਕਬਾਲ ਸਿੰਘ ਸਾਧੂ ਸਿੰਘ ਸਾਹਿਬ ਪੁਰਾ
24 ਪਾਠ ਹਵੇਲਾ ਸਿੰਘ ਜੰਗ: ਬਹਾਦਰ ਦਾ ਪਿਤਾ
24 ਪਾਠ ਦਲੀਪ ਸਿੰਘ ਪੰਨਵਾਂ, ਨਾਮਧਾਰੀ ਕਾਲੋਨੀ .
23 ਪਾਠ ਸੁਰਿੰਦਰ ਕੌਰ, ਪ੍ਰੀਤਮ ਸਿੰਘ ਰਮੇਸ਼ ਨਗ:ਰ
21 ਪਾਠ ਕਿਰਪਾਲ ਸਿੰਘ ਮੰਡੀ ਨਗਰ
22 ਪਾਠ ਕਿਰਪਾਲ ਸਿੰਘ ਖੋਖਰ ਬਾਲੀ ਨਗਰ
20 ਪਾਠ ਕਰਤਾਰ ਸਿੰਘ ਸੋਢੀ
22 ਪਾਠ ਸੁਰਿੰਦਰ ਕੌਰ
21 ਪਾਠ ਪਿਆਰਾ ਸਿੰਘ
20 ਪਾਠ ਪਿਆਰਾ ਸਿੰਘ ਰਾਮਗੜ੍ਹ



Sri Satguru Jagjit Singh Ji Elibrary NamdhariElibrary@gmail.com

20 ਪਾਠ ਬਲਵੰਤ ਸਿੰਘ ਬਾਲੀ ਨਗਰ
19 ਪਾਠ ਸੰਤ ਅਜੀਤ ਸਿੰਘ ਜੀ
17 ਪਾਠ ਇੰਦਰ ਕੌਰ ਮਾ: ਚੰਦਾ ਸਿੰਘ
16 ਪਾਠ ਮਸਤਾਨਾ ਬਚਨ ਸਿੰਘ

ਹੋਰ ਵੀ ਪਾਠ ਹੈਗੇ ਨੇ। ਇਹ ਪਾਠ ਜ਼ਿਆਦਾ ਸਨ। ਜੇ ਇਹ ਸਿੰਘ ਪਾਠ ਕਰ ਸਕਦੇ ਹਨ ਤਾਂ ਹੋਰ ਸਿੰਘ ਵੀ ਪਾਠ ਕਰ ਸਕਦੇ ਸਨ। ਇਹ ਸਾਰੇ ਵਿਹਾਰੀ ਆਦਮੀ ਹਨ। ਇਨ੍ਹਾਂ ਚੋਂ ਬਿਹੰਗਮ ਕੋਈ ਨਹੀਂ ਹੋਣੇ। ਇਹ ਵਿਆਰ ਕਰਕੇ ਪਾਠ ਕਰੀ ਜਾਂਦੇ ਹਨ ਤਾਂ ਬਾਕੀ ਦੇ ਕਿਉਂ ਨਹੀਂ ਕਰਦੇ। ਚੰਗੀ ਸਿਖਿਆ ਲੈ ਲੈਣੀ ਚਾਹਦੀ ਹੈ। ਮਾੜੀ ਛਡ ਦੇਣੀ ਚਾਹੀਦੀ ਹੈ।

ਜੀਵਨ ਨਗਰ ਬਹੁਤ ਕੋਸ਼ਸ਼ ਕੀਤੀ ਸੀ। ਉਹ ਇਲਾਕਾ ਬਹੁਤ ਹੀ ਪਛੜਿਆ ਹੈ ਤੇ ਪਛੜਿਆ ਹੀ ਚਲਾ ਜਾ ਰਿਹਾ ਹੈ। ਐਤਕੀਂ ਮਹਾਰਾਜ ਜੀ ਨੂੰ ਅਰਜ਼ ਕੀਤੀ ਸੀ ਪਾਠਾਂ ਵਾਸਤੇ। ਉਹ ਆਖਣ ਲੱਗੇ ਪਾਠੀਆਂ ਨੂੰ ਸੱਦੀਦਾ ਹੈ ਪਾਠਾਂ ਵਾਸਤੇ ਉਹ ਆਉਂਦੇ ਹੀ ਨਹੀਂ ਨੋਟ: ਮਹਾਰਾਜ ਦੀ ਦਾ ਖਾਸ ਬੰਦਾ ਸੰਤ ਗੁਲਜ਼ਾਰ ਸਿੰਘ ਦਮਦਮਾ ਵੀ ਅੱਜ ਦਿਵਾਨ ਵਿਚ ਸੀ, ਜਾਪਦਾ ਹੈ ਇਹ ਸੁਨੇਹਾ ਉਸ ਦੁਆਰਾ ਮਹਾਰਾਜ ਜੀ ਤਕ ਪਹੁੰਚਾਇਆ ਜਾਣਾ ਹੈ। ਮਹਾਰਾਜ ਜੀ ਵੀ ਕੀ ਕਰਨ ਵਿਚਾਰੇ ਪਾਠੀ ਤਾਂ ਆਉਂਦੇ ਨਹੀਂ।

ਉਹ ਇਲਾਕਾ ਐਸਾ ਜਿਥੇ ਪਹਿਲਾਂ ਬਹੁਤ ਸਾਰੇ ਪਾਠ ਹੋਏ ਸਨ। ਘਟਦੇ ਘਟਦੇ ਹੁਣ ਜਾਪਦਾ ਹੈ ਜਿਵੇਂ ਮੁਕ ਹੀ ਗਏ ਹਨ। ਇਹ ਬੜੀ ਜ਼ਰੂਰੀ ਚੀਜ਼ ਹੈ ਕਿ ਮੁੰਡਿਆਂ ਨੂੰ ਟਰੈਕਟਰ ਲੈ ਦਿਓ, ਜ਼ਮੀਨ ਲੈ ਦਿਓ, ਦੁਕਾਨ ਪਾ ਦਿਓ, ਇਹ ਨਾ ਕੀਤਾ ਤਾਂ ਫੇਰ ਨਹੀਂ ਸਰਨਾ ਉਹਨਾਂ ਬਿਨਾ ਸਰ ਜਾਊਗਾ।

ਕਿਸੇ ਗੱਲ ਦਾ ਬੀ ਨਾਸ ਨਹੀਂ ਹੁੰਦਾ। ਬਾਬਾ ਗੁੱਜਰ ਸਿੰਘ ਹੈ ਓਥੇ, ਉਸ ਤੋਂ ਤੁਰਿਆ ਨਹੀਂ ਜਾਂਦਾ। ਨਿਗਾਹ ਕਮਜ਼ੋਰ ਹੋ ਗਈ ਹੈ। ਮੈਂ ਜਦੋਂ ਜਾਵਾਂ ਉਸਦੀ ਖਬਰ ਨੂੰ ਜਾਨਾਂ। ਉਹ ਜਾਂਦਿਆਂ ਨੂੰ ਕਹਿੰਦੈ, ਇਕ ਪਾਠ ਮੇਰਾ ਕੀਤਾ ਹੈ ਜੀ ਇਹ ਲਿਖ ਲਓ। ਕਿਹਾ ਜਾਂਦਾ ਹੈ ਕਿ ਉਹ ਤਾਂ ਜੀ ਲੰਡਾ ਹੈ। ਪਰ ਲੰਡੇ ਹੋਏ ਸ਼ਰਾਬਾਂ ਪੀਵੀ ਜਾਂਦੇ ਨੇ, ਹੋਰ ਹੋਰ ਕੰਮ ਕਰਦੇ ਨੇ, ਇਹ ਕਿਉਂ ਨਹੀਂ ਕਰਦੇ ਪਰ ਕਿਸੇ ਦੀ ਗੱਲ ਨੂੰ ਘਟਾਣ ਲਈ ਅਜਿਹੀਆਂ ਗੱਲਾਂ ਕਹੀਆਂ ਜਾਂਦੀਆਂ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੀ ਕਿਰਪਾ ਕੀਤੀ ਇਲਾਕਾ ਜੀਵਨ ਨਗਰ ਵਸਾਇਆ। ਪਰ ਕਿਹੜੀ ਗੱਲ ਮਾੜੀ ਹੈ ਜਿਹੜੀ ਜੀਵਨ ਨਗਰ ਵਾਲਿਆਂ ਨੇ ਸਤਿਗੁਰੂ ਨੂੰ ਨਹੀਂ ਆਖ ਛੱਡੀ। ਮੈਂ ਸਮਝਦਾ ਹਾਂ ਉਹਨਾਂ ਗੱਲਾਂ ਦਾ ਹੀ ਨਤੀਜਾ ਹੈ ਜੋ ਧਰਮ ਵਾਲੇ ਪਾਸਿਉਂ, ਭਜਨ ਬੰਦਗੀ ਵਾਲੇ ਕੰਨਿਓਂ ਡਿਗਦੇ ਜਾਂਦੇ ਹਾਂ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸਾਹ ਦੇ ਉਪਦੇਸ਼ ਵਿਚ ਰਿਕਾਰਡ ਹੋਇਆ ਹੋਇਆ ਹੈ ਜਿਉਂ ਜਿਉਂ ਅਖ਼ਬਾਰ ਵਖਿਆਨ, ਲੈਕਚਰ, ਆਦਿ ਵਧੀ ਜਾਂਦੇ ਹਨ ਤਿਉਂ ਤਿਉਂ ਅਸੀਂ ਧਰਮ ਵਲੋਂ ਪਛੜਦੇ ਜਾਂਦੇ ਹਾਂ।

ਮੈਂ ਕੱਲ੍ਹ ਵੀ ਅਖਿਆ ਸੀ..। ਅੱਜ ਸਵੇਰੇ ਵੀ ਤੇ ਹੁਣ ਵੀ ਅਰਜ ਕਰਦਾ ਹਾਂ ਕਿ ਦਿੱਲੀ ਵਾਲੇ ਕਾਲੋਨੀ ਵਾਈਜ ਪਾਠੀ ਸਿੰਘ ਦੀ ਵੰਡ ਕਰ ਲੈਣ, ਜਿਨ੍ਹਾਂ ਦੇ ਪਾਠ ਬਹੁਤੇ ਹੋਏ ਉਨ੍ਹਾਂ ਨੂੰ ਇਨਾਮਿਆ ਜਾਏਗਾ। ਸਾਧ ਸੰਗਤ ਏਸ ਪਾਸੇ ਧਿਆਨ ਦੇਵੇ।

ਜਦੋਂ ਪੈਸੇ ਦੀ ਘਾਟ ਸੀ, ਓਦੋਂ ਸਿੱਖੀ ਦਾ ਵਾਧਾ ਸੀ। ਜਿਹੜੇ ਜੀਵਨ ਨਗਰ ਦੇ ਇਲਾਕੇ ਦੇ ਬੰਦੇ ਨੇ ਕਿਸੇ ਵੇਲੇ ਤਾਂ ਉਹਨਾਂ ਅਰਜ਼ ਕੀਤੀ ਹੀ ਹੋਣੀ ਹੈ ਕਿ ਅਸੀਂ ਸਾਧ ਸੰਗਤ ਦਾ ਮੇਲਾ ਕਰੀਏ, ਸਤਿਗੁਰੂ ਦੀ ਸੇਵਾ ਕਰੀਏ, ਉਗ੍ਰਾਹੀ ਵਧੇਰੇ ਦੇਈਏ। ਹੁਣ ਜਦੋਂ ਮਾਇਆ ਆ ਗਈ ਕੋਲ ਫੇਰ ਉਹ ਦੂਜੇ ਪਾਸੇ ਨੂੰ ਹੋ ਗਏ।

ਹਰ ਇਕ ਆਦਮੀ, ਜਿੰਨਾਂ ਉਹਦਾ ਵਿਤ ਹੈ ਦਾਨ ਕਰ ਸਕਦਾ ਹੈ। ਸੇਵਾ ਦਾ ਦਾਨ, ਵਿੱਦਿਆ ਦਾ ਦਾਨ, ਪੈਸੇ ਦਾ ਦਾਨ, ..

ਅੱਜ ਅਸੀਂ ਸੰਤ ਅਨੰਤਾ ਸਿੰਘ ਦੇ ਭੋਗ ਤੇ ਇਕੱਠੇ ਹੋਏ ਹਾਂ। ਜੇ ਇਹ ਆਖ ਲਿਆ ਜਾਵੇ ਕਿ ਸਾਡੇ ਪੁਰਾਣੇ ਦਰਜ਼ੀ ਸਿੰਘਾਂ ਦਾ ਇਕ ਯੁਗ ਖ਼ਤਮ ਹੋਇਆ ਹੈ ਤਾਂ ਇਹ ਗੱਲ ਗ਼ਲਤ ਨਹੀਂ ਹੋਵੇਗੀ। ਸੰਤਾਂ ਦੀ ਤਸਵੀਰ ਵੇਖੋ ਸਾਹਮਣੇ। ਅਗੋਂ ਸਤਿਗੁਰੂ ਕਿਰਪਾ ਕਰਕੇ ਪਰਵਾਰ ਵੀ ਇਸ ਤਰ੍ਹਾਂ ਦਾ ਬਣੇ ਬਹੁਤ ਖੁਸ਼ੀ ਦੀ ਗੱਲ ਹੈ। ਜਸਵੰਤ ਸਿੰਘ ਹੁਰੀਂ ਕਾਫ਼ੀ ਉਦਮ ਵੀ ਕਰਦੇ ਨੇ ਹੁਣ ਕੁਛ ਹੋਰ ਸਰੀਰ ਉਨ੍ਹਾਂ ਤੋਂ ਸਿਖਦੇ ਹਨ।

ਸਾਡੇ ਮਨ ਵਿਚ ਇਹ ਚਾਅ ਨਹੀਂ ਰਿਹਾ ਕਿ ਕੱਪੜੇ ਸਿੱਧੇ ਪਾਏ ਜਾਣ। ਚਲੋ ਚਾਅ ਵੀ ਨਾ ਹੋਵੇ, ਸਗੋਂ ਉਹਦੇ ਉਲਟ ਗੱਲਾਂ ਕਰੀਦੀਆਂ ਹਨ। ਅਗੇ ਤਾਂ ਇਹ ਪੱਜ ਹੁੰਦਾ ਸੀ ਕਿ ਜੀ ਬੱਚੇ ਸਕੂਲ ਜਾਂਦੇ ਨੇ, ਹੁਣ ਤਾਂ ਸਕੂਲ ਵੀ ਆਪਣਾ ਹੋ ਗਿਆ ਹੈ। ਮਾਵਾਂ ਬੱਚਿਆਂ ਨੂੰ ਘਰ ਆਉਂਦਿਆਂ ਹੀ ਨਿੱਕਰਾਂ ਪੁਆਉਂਦੀਆਂ ਹਨ। ਬੱਸ ਆਦਤ ਪੈ ਗਈ ਹੈ।

ਪਰ ਅੱਗੇ ਨਾਲੋਂ ਸਤਿਗੁਰੂ ਜੀ ਦੀ ਕਿਰਪਾ ਹੈ ਐਸੇ ਕਰਨ ਵਾਲੇ ਘਟਦੇ ਜਾਂਦੇ ਨੇ। ਜੀ ਕਰਦਾ ਏ ਨਿਕਰਾਂ ਵਾਲ਼ੇ ਛੇਤੀ ਘਟ ਜਾਣ। ਕਛਹਿਰਾ ਚੰਗ੍ਹਾ ਸਮਝਿਆ ਜਾਵੇ।

ਜਿਨ੍ਹਾਂ ਮਾਈਆਂ ਨੇ ਗਜਰੇ, ਚੂੜੀਆਂ ਤੇ ਹੋਰ ਬੜਾ ਕੁਝ ਪਾਇਆ ਹੁੰਦਾ ਹੈ ਉਹਨਾਂ ਮਾਈਆਂ ਬੀਬੀਆਂ ਨੂੰ ਸਮਝਣਾ ਚਾਹੀਦਾ ਏ ਕਿ ਇਹ ਕੜਾ ਸਭ ਤੋਂ ਵਧੀਆ ਗਹਿਣਾ ਹੈ ਜੋ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਿਤਾ ਹੈ। ਜੇ ਇਹ ਸਮਝਾਂਗੇ ਤਾਂ ਗਜਰੇ, ਚੂੜੀਆਂ ਘਟੀਆ ਜਾਪਣਗੇ ਤੇ ਜੇ ਸਾਨੂੰ ਇਹੋ ਚੰਗੇ ਲਗਦੇ ਰਹੇ ਤਾਂ ਅਸੀਂ ਕੜੇ ਨੂੰ ਕੀ ਸਮਝ ਰਹੇ ਹੋਵਾਂਗੇ। ਜੇ ਕੜੇ ਨੂੰ ਅਸਾਂ ਘਟੀਆ ਸਮਝ ਲਿਆ ਤਾਂ ਕੜਾ ਕੀਹਦਾ ਦਿੱਤਾ ਹੋਇਆ ਏ, ਕੜਾ ਕੀਹਦਾ ਦਿਤਾ ਹੋਇਆ ਹੈ?



Sri Satguru Jagjit Singh Ji Elibrary NamdhariElibrary@gmail.com

ਤਕੜੇ ਹੋ ਕੇ ਉੱਦਮ ਕਰੋ। ਕਾਲੋਨੀ ਵਾਰ ਜਥੇਬੰਦੀ ਬਣਾਓ, ਕਿੰਨੇ ਪਾਠ ਐਤਕੀਂ ਹੋਏ ਨੇ। ਜੇ ਮਹੀਨੇ ਦਾ ਇਕ ਪਾਠ ਹੈ ਤਾਂ ਅਗਲਾ ਦੋ ਕਰਦਾ ਹੈ ਕਿ ਨਹੀਂ? ਤਾਂ ਇਹ ਕੰਮ ਹੋਣਾ ਹੈ। ਪ੍ਰਬੰਧਕ ਵੀ ਨਿਸ਼ਠਾ ਕਰਨ ਪਾਠ ਲਿਖਾਉਣ ਵਾਲੇ ਵੀ ਉਦਮ ਕਰਨ। ਇਕ ਦੂਜੇ ਨੂੰ ਪ੍ਰੇਰਨਾ ਦੇ ਕੇ ਅਗੇ ਤੋਰੋ।

ਸੰਤ ਅਨੰਤਾ ਸਿਘ ਹੁਰਾਂ ਨੇ ਸਾਰੀ ਉਮਰ ਸੇਵਾ ਕੀਤੀ ਏ। ਉਹਨਾਂ ਕਿੰਨੇ ਹੀ ਵਸਤਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੀਤੇ ਨੇ। ਸਾਨੂੰ ਉਹ ਸਮਾਂ ਯਾਦ ਆ ਰਿਹਾ ਹੈ ਜਦੋਂ ਸੰਤ ਅਨੰਤਾ ਸਿਘ ਜਗਤ ਸਿਘ ਹੁਰੀਂ ਅਸੀਂ ਇਕੱਠੇ ਫੁਟਬਾਲ ਖੇਡਦੇ ਹੁੰਦੇ ਸਾਂ। ਅਸੀਂ ਜ਼ਰਾ ਛੋਟੇ ਛੋਟੇ ਸਾਂ, ਇਹ ਵੱਡੇ ਸਨ। ਅੱਜ ਸਾਨੂੰ ਵਕਤ ਹੀ ਨਹੀਂ ਮਿਲਦਾ ਖੇਡਣ ਵਾਸਤੇ। ਕਿਸੇ ਨੂੰ ਉਲ੍ਹਾਮਾਂ ਦੇਣਾ ਹੋਵੇ ਤਾਂ ਸਮਾਂ ਕੱਢ ਲਵਾਂਗੇ। ਜੇ ਕਿਸੇ ਨਾਲ ਲੜਨ ਜਾਵਾਂਗੇ ਤਾਂ ਪੂਰੇ ਬੰਦੇ ਲੈ ਕੇ ਜਾਵਾਂਗੇ। ਪਰ ਜੇ ਕਿਸੇ ਨੂੰ ਪਿਆਰ ਦੇਣ ਜਾਣਾ ਹੋਵੇ, ਭਾਵੇਂ ਉਹ ਸਾਡਾ ਰਿਸ਼ਤੇਦਾਰ ਹੀ ਕਿਉਂ ਨਾ ਹੋਵੇ, ਸਾਡੇ ਪਾਸ ਵਕਤ ਹੀ ਨਹੀਂ।

ਜਿਹੜੀ ਚੀਜ਼ ਘਟਦੀ ਜਾਂਦੀ ਹੈ, ਉਹਦੇ ਲਈ ਕੋਸ਼ਸ਼ ਕੀਤੀ ਜਾਂਦੀ ਹੈ। ਸਾਡੇ ਕੋਲੋਂ ਹੁਣ ਪਿਆਰ ਘਟਦਾ ਜਾ ਰਿਹਾ ਹੈ, ਇਹਦੇ ਲਈ ਜਤਨ ਕੀਤਾ ਜਾਇ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨ ਯਾਦ ਆਉਂਦੇ ਹਨ, ਈਰਖਾ ਛੱਡੋ, ਦਵੈਤ ਛੱਡੋ। ਇਹ ਸੰਦੇਸ਼ ਗੁਲਜ਼ਾਰ ਸਿੰਘ ਦੁਆਰਾ ਮਹਾਰਾਜ ਜੀ ਨੂੰ ਭੇਜਿਆ ਜਾ ਰਿਹਾ ਹੈ ਤੇ ਜੀਵਨ ਨਗਰ ਵਿਚ ਪਾਠਾਂ ਦੀ ਕਮੀ ਬਾਰੇ ਵੀ। (ਗੁਲਜ਼ਾਰ ਸਿੰਘ ਹਰ ਜਗਹ ਮਹਾਰਾਜ ਜੀ ਦਾ ਪ੍ਰਤੀਨਿਧ ਹੈ) ਸਤਿਗੁਰੂ ਦੇ ਬਚਨ ਸਾਡੇ ਲਈ ਫਾਇਦੇਮੰਦ ਹਨ ਤੇ ਧਿਆਨ ਯੋਗ ਹਨ।

ਨਦੀ ਨੇ ਕਦੇ ਆਪਣਾ ਪਾਣੀ ਨਹੀਂ ਪੀਤਾ। ਜੇ ਮੈਂ ਕਹਾਂ ਕਿ ਤੁਹਾਡੇ ਵਿਚੋਂ ਈਰਖਾ ਕਿੰਨੇ ਕੁ ਛੱਡਦੇ ਹਨ, ਮੈਂ ਪੁੱਛਦਾ ਨਹੀਂ। ਤੁਸੀਂ ਆਪ ਹੀ ਕਿਰਪਾ ਕਰਕੇ ਛੱਡ ਦਿਓ। ਮਹਾਤਮਾ ਨੇ ਲਿਖਿਆ ਹੈ ਕਿ ਵਿਹੁ ਜਿਸ ਬਰਤਨ ਵਿਚ ਰਹਿੰਦੀ ਹੈ ਉਸਨੂੰ ਤੋੜਦੀ ਨਹੀਂ ਪਰ ਈਰਖਾ ਜਿਥੇ ਨਿਵਾਸ ਰਖਦੀ ਹੈ ਉਸੇ ਨੂੰ ਸਾੜਦੀ ਹੈ। ਇਸ ਲਈ ਵਿਹੁ ਨੂੰ ਈਰਖਾ ਨਾਲੋਂ ਚੰਗਾ ਦਸਿਆ ਹੈ। ਏਥੇ ਬੈਠਿਆਂ ਹੀ ਕਿਸੇ ਨਾਲ ਪ੍ਰੇਮ ਕਰੀ ਜਾਣਾ ਤਾਂ ਆਪਣੇ ਆਪ ਨੂੰ ਹੀ ਸਾੜਨਾ ਹੁੰਦਾ ਹੈ। ਸਤਿਗੁਰਾਂ ਦੇ ਬਚਨਾਂ ਵਲ ਧਿਆਨ ਕਰੋ। ਤਕੜੇ ਹੋ ਕੇ ਉਦਮ ਕਰੋ-ਬਚੋ ਈਰਖਾ ਦਵੈਸ਼ ਤੋਂ।

"ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਹੈ ਤਰਕ ਬੜੀ ਮਾੜੀ ਚੀਜ਼ ਹੈ। ਕਿਸੇ ਤੇ ਤਰਕ ਨਾ ਕਰੋ। ਇਹ ਤਾਂ ਜਿਉਂ ਜਿਉਂ ਚਲੈ ਚੂਕੇ ਦੁਖ ਪਾਵਹਿ ਜਮਕਾਲ ਸਰਹਿ ਸਿਰ ਡੰਡਾ ਹੈ। ਮੈਂ ਜੀਵਨ ਨਗਰ ਤੋਂ ਇਹ ਆਸ ਲੈ ਕੇ ਆਇਆ ਹਾਂ ਪਰ ਤੁਸਾਂ ਇਹ ਘਾਟ ਪੂਰੀ ਕਰਨੀ ਹੈ। ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ ਤਾਂ ਉਨ੍ਹਾਂ ਨੂੰ ਫੈਦਾ ਹੋ ਜਾਵੇਗਾ ਜਿਹੜੇ ਪਾਠ ਨਹੀਂ ਕਰਦੇ।"

ਦਿਵਾਨ ਦੀ ਇਹਨਾਂ ਸ਼ਬਦਾਂ ਨਾਲ ਸਮਾਪਤੀ ਹੋ ਗਈ।



Sri Satguru Jagjit Singh Ji Elibrary NamdhariElibrary@gmail.com

ਉਪਰੰਤ ਸਾਰੀ ਸੰਗਤ ਲਈ ਪੁਲ ਵਾਲੇ ਪਾਸੇ ਦੇ ਸਥਾਨ ਤੇ ਗੁਰੂ ਕਾ ਅਤੁੱਟ ਲੰਗਰ ਵਰਤਿਆ। ਸਾਰੀ ਸੰਗਤ, ਜੋ ਵਿਸ਼ੇਸ਼ ਕਰ ਇਕੱਤਰ ਸ੍ਰੀ ਪ੍ਰਸ਼ਾਦ ਪਾਣੀ ਛਕ ਕੇ ਵਿਦਾ ਹੋਈ। ਇੰਜ ਇਕ ਸਦੀ ਉਮਰ ਵਾਲੇ ਨੂੰ ਦਿੱਲੀ ਦੇ ਨਾਮਧਾਰੀਆਂ ਨੇ ਸਤਿਗੁਰੂ ਦੀ ਹਜ਼ੂਰੀ ਵਿਚ ਅੰਤਮ ਸ਼ਰਧਾਂਜਲੀ ਭੇਟ ਕੀਤੀ।

## 24 ਨਵੰਬਰ 1985, ਐਤਵਾਰ
## ਨਵੀਂ ਦਿੱਲੀ

ਮੈਂ 8.30 ਵਜੇ ਰਮੇਸ਼ ਨਗਰ ਧਰਮਸਾਲਾ ਦੇ ਕੋਲੋਂ ਲੰਘਿਆ ਤਾਂ ਮੈਨੂੰ ਮੰਡੀ ਹਿਮਾਚਲੋਂ ਆਏ ਦੋ ਮਾਂ ਪੁੱਤ ਮਿਲੇ। ਮਾਂ ਬੀਬੀ ਬਲਬੀਰ ਕੌਰ ਸੁਪਤਨੀ ਸੰਤ ਗੁਰਚਰਨ ਸਿੰਘ ਚੰਨ ਕਢਾਈ ਵਾਲਾ ਤੇ ਇਹਨਾਂ ਦਾ ਪੁਤਰ ਹਰਜਿੰਦਰ ਸਿੰਘ। ਦੋਵੇਂ ਰਾਤੋ ਰਾਤ ਸਫਰ ਕਰਕੇ ਮੰਡੀਓਂ ਆਏ ਸਨ ਤੇ ਦੋਵੇਂ ਸੋਧੀ ਸਨ। ਇਹਨਾਂ ਦਾ ਖਿਆਲ ਸੀ ਕਿ ਸੱਚੇ ਪਾਤਸ਼ਾਹ ਏਥੇ ਦਰਸ਼ਨ ਦੇ ਰਹੇ ਹੋਣਗੇ। ਇਹਨਾਂ ਅਜੇ ਸਵੇਰ ਦੇ ਸ਼ਨਾਨ ਸਾਧਣੇ ਸਨ। ਬੀਬੀ ਮੈਨੂੰ ਤਕ ਸਤਿ ਸ੍ਰੀ ਅਕਾਲ ਬੁਲਾ ਬੋਲੀ: ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ ਦਿਨ ਹੈ। ਅਸੀਂ ਤਾਂ ਮੰਡੀ ਵਾਲਿਆਂ ਦਾ ਇਹ ਪ੍ਰਕਾਸ਼ ਉਤਸਵ ਮੇਲਾ ਵੀ ਨਹੀਂ ਵੇਖ ਸਕੇ। ਉਹਨਾਂ ਅੱਜ ਮਨਾਣਾ ਹੈ। ਅਤੇ ਏਥੇ ਦਿੱਲੀ ਵਿਚ ਤਾਂ ਅਸਲੋਂ ਚੁਪ ਚਾਂ ਹੈ।

ਮੈਂ ਉਹਨਾਂ ਨੂੰ ਦੱਸਿਆ ਕਿ ਸੋਧ ਦਾ ਸ਼ਨਾਨ ਕਰਨ ਲਈ ਏਥੇ ਖੂਹੀ ਹੈ ਪ੍ਰਸ਼ਾਦ ਵੀ ਏਥੇ ਹੀ ਛਕੋ। ਦਰਸ਼ਨ ਕੋਠੀ ਜਾ ਕੇ ਕਰ ਲਿਓ।

ਅਤੇ ਆਪ ਕੋਠੀ ਪੂਸਾ ਰੋਡ ਬਸ ਸਟੈਂਡ ਤੇ ਜਾ ਉਤਰਿਆ। ਗੁਰੂ ਕੇ ਲਾਂਗਰੀ ਸਤਨਾਮ ਸਿੰਘ ਨੂੰ ਵੇਖ ਕੇ ਮੈਂ ਸਤਿਗੁਰੂ ਬਾਰੇ ਪੁਛਿਆ। ਸਤਨਾਮ ਸਿੰਘ ਬੋਲਿਆ: ਸਤਿਗੁਰੂ ਜੀ ਰਾਤ ਦੋ ਵਜੇ ਦੇ ਹੀ ਕੇਵਲ ਪੂਰਬੇ ਨੂੰ ਨਾਲ ਲੈ ਕੇ ਕਿਤੇ ਚਲੇ ਗਏ ਹਨ। ਪੂਰਬੇ ਨੇ ਦੋ ਇਸ਼ਨਾਨਾਂ ਦੇ ਬਸਤਰ ਨਾਲ ਲੈ ਲਏ ਸਨ। ਹੋਰ ਕੋਈ ਭਿਣਕ ਕਿਸੇ ਨੂੰ ਨਹੀਂ। ਅਸੀਂ ਵੀ ਉਕਾ ਵਿਹਲੇ ਹੋਏ ਪਏ ਹਾਂ।

ਮੈਂ ਉਹਨੀਂ ਪੈਰੀਂ ਵਾਪਸ ਰਮੇਸ਼ ਨਗਰ ਨੂੰ ਹੋ ਪਿਆ। ਮੈਨੂੰ ਡਰ ਸੀ, ਮੰਡੀ ਵਾਲੇ ਕਿਤੇ ਖੱਜਲ ਨ ਹੋਣ। ਇਹਨਾਂ ਨੂੰ ਧਰਮਸਾਲਾ ਨ ਵੇਖ ਮੈਂ ਸੰਤ ਤਰਸੇਮ ਸਿੰਘ ਕਾ ਘਰ ਤਲਾਸ਼ ਕੀਤਾ।

ਜਤਨਾਂ ਨਾਲ ਗੰਦੇ ਨਾਲ ਦੇ ਕੰਢੇ ਨਵਾਂ ਲੱਭਿਆ ਕਿਰਾਏ ਦਾ ਮਕਾਨ ਗੁਰੂ ਜੀ ਦੇ ਸਕੱਤਰ ਦਾ ਲੱਭਿਆ। ਉਪਰਲੀ ਛੱਤੇ ਤਿਨ ਕਮਰਿਆਂ ਦਾ 800 ਰੁਪਏ ਮਹੀਨੇ ਤੇ ਮਿਲਿਆ ਮਕਾਨ ਹੁਣੇ ਸਫੈਦੀ ਕਰਵਾਇਆ ਗਿਆ ਸੀ। ਮੰਡੀ ਵਾਲੇ ਮਾਂ ਪੁਤ ਏਥੇ



Sri Satguru Jagjit Singh Ji Elibrary NamdhariElibrary@gmail.com

ਹੀ ਬੈਠੇ ਮਿਲੇ। ਸਕੱਤਰ ਨੇ ਵੀ ਪਹਿਲਾਂ ਤਾਂ ਸਤਿਗੁਰੂ ਬਾਰੇ ਨਾ ਜਾਣਕਾਰੀ ਦੱਸੀ। ਫੇਰ ਵਖ ਕਰਕੇ ਦੱਸਿਆ ਕਿ ਸੱਚੇ ਪਾਤਸ਼ਾਹ ਅਤੀ ਗੁਪਤ ਯਾਤਰਾ ਤੇ ਚੜ੍ਹੇ ਹਨ। ਕੁਲਦੀਪ ਸਿੰਘ ਬੈਂਕੋਕ ਵਿਚ ਅਤਿ ਨਿਘਰਦੀ ਹਾਲਤ ਜਾਣ ਤੇ ਉਸਦੇ ਤਰਲਿਆਂ ਨੂੰ ਮੁੱਖ ਰਖ ਅਡੋਪਲੇ ਨਿਕਲ ਗਏ ਹਨ। ਨਾ ਭਾਰਤ ਵਿਚ ਕਿਸੇ ਨੂੰ ਪਤਾ ਹੈ ਨਾ ਥਾਈਲੈਂਡ ਵਿਚ। ਕੁਲਦੀਪ ਸਿੰਘ ਨੂੰ ਦਰਸ਼ਨ ਦੇ ਕੇ ਵਾਪਸ ਰਾਤ ਨੂੰ ਦਿੱਲੀ ਆ ਜਾਣਾ ਹੈ।

ਤਾਂ ਇਹ ਹੈ ਅਗਿਆਤ ਵਾਸ ਦਾ ਕਾਰਨ।

## 25 ਨਵੰਬਰ 1985, ਸੋਮਵਾਰ
## ਨਵੀਂ ਦਿੱਲੀ - ਭੈਣੀ ਸਾਹਿਬ

ਸਵੇਰੇ ਸਵੇਰੇ ਮੈਂ ਕੁਛ ਲਿਖ ਪੜ੍ਹ, 7 ਵਜੇ ਨਾਸ਼ਤੇ ਦੀ ਥਾਲੀ ਹੱਥ ਵਿਚ ਫੜ ਕੇ ਬੈਠਾ ਹੀ ਸਾਂ ਕਿ ਠੇਕੇਦਾਰ ਗੁਰਬਚਨ ਸਿੰਘ ਰਾਜੌਰੀ ਵਾਲਿਆਂ ਦਾ ਸਪੁਤ੍ਰ ਸ. ਗੁਰਨਾਮ ਸਿੰਘ ਆ ਗਿਆ : ਚੱਲੋ, ਕਵੀ ਜੀ, ਟੈਲੀਫੋਨ ਤੇ ਹੁਕਮ ਹੋਇਆ ਹੈ ਕਿ ਕਵੀ ਹੁਰਾਂ ਨੂੰ 7.30 ਤਕ ਪਾਲਮ ਏਅਰ ਪੋਰਟ ਤੇ ਲੈ ਚਲੋ। ਕੈਮਰਾ ਨਾਲ ਲੈ ਲੈਣਾ।

ਮੈਂ ਬੁਰਕੀਆਂ ਉੱਗਲ ਨਿਗਲ ਕੀਤੀਆਂ। ਪਾਣੀ ਦੀਆਂ ਤੱਤੀਆਂ ਘੁੱਟਾਂ ਅੰਦਰ ਸੁੱਟੀਆਂ ਤੇ 10 ਮਿੰਟ ਤਕ ਘਰੋਂ ਬਾਹਰ ਹੋ ਗਏ। ਗੁਰਨਾਮ ਸਿੰਘ ਨੇ ਫਿਕਰ ਨਾਲ ਮੋਟਰ ਚਲਾਈ ਤਾਂ 3 ਮਿੰਟ ਘੱਟ 7.30 ਵਜੇ ਅੰਤਰ ਰਾਜੀਯ ਏਅਰਪੋਰਟ ਦੇ ਖੇਤਰ ਦਾ ਮੋੜ ਮੁੜਿਆ। ਸਬੱਬ ਨਾਲ ਸ੍ਰੀ ਸਤਿਗੁਰੂ ਜੀ ਦੀ ਕਾਰ ਅਤੇ ਦੋ ਹੋਰ ਕਾਰਾਂ ਸਾਨੂੰ ਮੋੜ ਕਟਦਿਆਂ ਹੀ ਮਿਲ ਪਈਆਂ।

ਏਅਰਪੋਰਟ ਦੇ ਪੋਰਚ ਵਿਚ ਜਾ ਰੁਕੇ। ਛੇਤੀ ਹੀ ਪਤਾ ਲਗ ਗਿਆ ਕਿ ਹਵਾਈ ਜਹਾਜ਼ ਕਿਸੇ ਖਰਾਬੀ ਕਾਰਨ 11 ਵਜੇ ਚੱਲੇਗਾ। ਮੈਨੂੰ ਵੀ ਪਤਾ ਲਗ ਗਿਆ ਕਿ ਮੈਂ ਤਾਂ ਨਾਲ ਹੀ ਹਵਾਈ ਸਫਰ ਭੈਣੀ ਸਾਹਿਬ ਨੂੰ ਕਰਨਾ ਹੈ।

ਸ੍ਰੀ ਸਤਿਗੁਰੂ ਜੀ ਤਾਂ ਗੁੜਗਾਓਂ ਫਾਰਮ ਵਲ ਚਲੇ ਗਏ, ਏਨੇ ਸਮੇਂ ਵਿਚ ਪ੍ਰਸ਼ਾਦ ਛਕ ਲਿਆ ਜਾਏਗਾ। ਮੈਂ ਗੁਰਨਾਮ ਸਿੰਘ ਤੇ ਟਿਕਾ ਸੁਰੰਮ੍ਰਿਤ ਸਿੰਘ ਹੰਸਪਾਲ ਨਾਲ ਵਾਪਸ ਰਾਜੌਰੀ ਆ ਗਿਆ। ਸੁਰੰਮ੍ਰਿਤ ਸਿੰਘ ਨੇ ਘਰ ਤੋਂ ਵੀਡੀਓ ਨਾਲ ਹੀ ਖੜਨਾ ਸੀ, ਵਾਪਸੀ ਸਮੇਂ।

ਪਤਾ ਲੱਗਾ ਕਿ ਸੱਚੇ ਪਾਤਸ਼ਾਹ ਜੀ ਨੇ ਅੱਜ ਪਹਿਲੀ ਵਾਰ ਉਸ ਸਥਾਨ ਵਿਚ ਪ੍ਰਵੇਸ਼ ਕਰਨਾ ਸੀ ਜਿਥੇ ਆਪਜੀ ਦੇ ਮਤ ਦੇ ਪ੍ਰਵਰਤਕ ਅਤੇ ਦਾਦਾ ਸਤਿਗੁਰੂ ਗੁਰੂ ਰਾਮ ਸਿੰਘ ਜੀ ਦਾ ਪ੍ਰਾਦਰ ਭਾਵ ਅਰਥਾਤ ਜਨਮ ਹੋਇਆ ਸੀ। ਦੱਸਿਆ ਗਿਆ ਕਿ ਲੁਧਿਆਣੇ ਦੀ ਏਅਰ ਪੋਰਟ ਸਾਹਨੇਵਾਲ ਵਿਖੇ ਪਿੰਡ ਰਾਈਆਂ ਦੇ ਸਰਕਰਦਾ ਤੇ ਭੈਣੀ



Sri Satguru Jagjit Singh Ji Elibrary NamdhariElibrary@gmail.com

ਸਾਹਿਬ ਦੇ ਮੁਖੀ ਵਿਅਕਤੀ ਸਤਿਗੁਰੂ ਜੀ ਦਾ ਸੁਆਗਤ ਕਰਨ ਤੇ ਬੇਨਤੀ ਕਰਨ ਆਏ ਹੋਏ ਹਨ ਰਾਈਆਂ ਡੇਰੇ ਚਲਣ ਦੀ। ਇਸ ਇਤਿਹਾਸਕ ਦਿਨ ਦੀ ਸੰਭਾਲ ਲਈ ਸਾਨੂੰ ਚੇਤੇ ਕੀਤਾ ਗਿਆ ਹੈ।

ਜਹਾਜ਼ 11 ਵਜੇ ਤੋਂ ਵੀ ਲੇਟ ਸੀ। ਹੁਣ 1 ਵਜੇ ਚਲੇਗਾ। ਸ੍ਰੀ ਸਤਿਗੁਰੂ ਜੀ ਸਮੇਂ ਸਿਰ ਪਧਾਰੇ ਤੇ ਜਹਾਜ਼ ਨੇ ਅਜੇ ਵੀ ਕੁਝ ਮਿੰਟਾਂ ਤੇ ਚਲਣਾ ਸੀ। ਸ. ਹੰਸਪਾਲ ਜੀ., ਚਾਵਲਾ ਸੇਠ, ਬਾਲੀ ਨਗਰ ਪਰਵਾਰ, ਗਾਇਕ ਸੁਖਦੇਵ ਸਿੰਘ ਅਤੇ ਸ. ਬਲਤੇਜ ਸਿੰਘ ਭਾਈ ਕਾ ਕੋਠਾ ਆਪਣੀ ਛੋਟੀ ਪੁੱਤਰੀ ਨਾਲ ਏਅਰਪੋਰਟ ਤੇ ਸਤਿਗੁਰੂ ਜੀ ਨੂੰ ਵਿਦਾ ਕਰਨ ਆਏ।

1.30 ਵੱਜਾ ਤਾਂ ਅਸੀਂ ਸਿਕਿਊਰਿਟੀ ਚੈੱਕ ਵਿਚੋਂ ਸਾਮਾਨ ਸਮੇਤ ਲੰਘੇ। ਸ੍ਰੀ ਸਤਿਗੁਰੂ ਜੀ ਸੰਤ ਮਹਿੰਦਰ ਸਿੰਘ ਪੁਰਬਾ ਅਤੇ ਸੇਵਕ ਬਲਦੇਵ ਸਿੰਘ, ਟਿੱਕਾ ਸੁਰੰਮ੍ਰਿਤ ਸਿੰਘ ਅੰਦਰ ਆ ਗਏ। ਪਰ ਨਾ ਡਾ: ਮੁਸ਼ੱਰਫ਼ ਅਲੀ ਮੂਸਾ ਅਤੇ ਨਾ ਹੀ ਸ. ਸੁਰਿੰਦਰ ਸਿੰਘ ਮਨਚੰਦਾ ਅੰਦਰ ਆਏ। ਇਹ ਡਾ: ਮੂਸਾ ਦੀ ਰੋਟੀ ਦੇ ਪ੍ਰਬੰਧ ਵਿਚ ਸਨ। ਢੂੰਡ ਭਾਲ ਹੋ ਰਹੀ ਸੀ। ਏਅਰ ਪੋਰਟ ਦੀਆਂ ਬੱਸਾਂ ਦੂਜੀਆਂ ਸਵਾਰੀਆਂ ਛੱਡ ਆਈਆਂ ਸਨ। ਪਰ ਜਹਾਜ਼ ਵਾਲਿਆਂ ਨੂੰ ਸ੍ਰੀ ਸਤਿਗੁਰੂ ਜੀ ਦੀ ਪਾਰਟੀ ਕਰਕੇ ਇਹ ਦੇਰੀ ਪਰਵਾਨ ਕਰਨੀ ਪਈ।

ਜਹਾਜ਼ ਦੀ ਤਿਆਰੀ ਉਡਾਰੀ ਦੌਰਾਨ ਮੈਂ ਇਕ ਅਰਜ਼, ਸ੍ਰੀ ਸਤਿਗੁਰੂ ਜੀ ਨੂੰ ਕੱਲਿਆਂ ਵੇਖ ਕਰ ਦਿੱਤੀ: ਆਪ ਜੀ ਨੇ ਮੈਨੂੰ ਮਕਾਨ ਬਣਾ ਕੇ ਦੇਣ ਦਾ ਬਚਨ ਕੀਤਾ ਸੀ... ਉਹ ਅਜੇ ਕਿਸੇ ਪਾਸੇ ਨਹੀਂ ਲਗਾ। ਮਕਾਨ ਲਈ ਦਿੱਲੀ ਆਈ ਰਕਮ ਵੀ ਸ਼ਹੀਦ ਬਿਸ਼ਨ ਸਿੰਘ ਸਕੂਲ ਵਿਚ ਲਗ ਗਈ ਹੈ। ਜਿਹੜਾ ਕੰਮ ਹਥੀਂ ਕਰ ਜਾਵਾਂਗੇ ਉਹੋ ਹੋਣਾ ਹੈ। ਮੇਰੀ ਤਜਵੀਜ਼ ਹੈ, ਦੋ ਲੱਖ ਰੁਪੈਆ ਆਪ ਜੀ ਵਲੋਂ ਡਾਇਰੈਕਟ ਮੈਨੂੰ ਮਿਲ ਜਾਵੇ। ਕੋਈ ਹੋਰ ਵਿਚੋਲਾ ਨਾ ਹੋਵੇ। ਮੈਂ ਇਸ ਰਕਮ ਨੂੰ ਬੈਂਕ ਵਿਚ ਰਖ ਕੇ, ਇਹਦੇ ਸੂਦ ਤੋਂ ਦਸੰਬਰ 1985 ਤਕ ਦੀਆਂ "ਬੀਤੇ ਦੀਆਂ ਪੈੜਾਂ" ਦੀਆਂ ਪੁਸਤਕਾਂ ਛਪਵਾਵਾਂਗਾ ਤੇ ਫਿਰ ਏਸੇ ਰਕਮ ਨਾਲ ਆਪਣਾ ਮਕਾਨ ਉਸਾਰ ਲਵਾਂਗਾ। ...ਆਪ ਜੀ ਨੇ ਕਦੇ 12 ਏਕੜ ਜ਼ਮੀਨ ਦੇਣ ਦਾ ਬਚਨ ਵੀ ਕੀਤਾ ਸੀ .. ਪਰ ਸਾਰੀਆਂ ਗੱਲਾਂ ਅਜੇ ਬਚਨਾਂ ਦੇ ਰੂਪ ਵਿਚ ਕ੍ਰੈਡਿਟ ਹੋਣ ਵਾਲੀਆਂ ਹਨ।

ਅਸੀਂ ਗੁਰ ਸਿਖ ਡਾ. ਮੂਸਾ-ਮਨਚੰਦਾ ਦੀ ਉਡੀਕ ਵਿਚੇ ਛਡ ਜਹਾਜ਼ ਵਿਚ ਜਾ ਬੈਠੇ। ਥੋੜ੍ਹੇ ਚਿਰ ਬਾਅਦ ਉਹ ਵੀ ਆ ਗਏ 2 ਵਜੇ ਜਹਾਜ਼ ਨੇ ਰਨ ਵੇ ਛੱਡ ਦਿੱਤਾ।

ਪੀ ਐਫ. 101 ਫਲਾਈਟ ਨੰ: ਦਾ ਇਹ ਵਾਯੂ ਦੂਤ 48 ਸਵਾਰੀਆਂ ਵਾਲਾ (ਕਿਊ ਵਖਰਾ) ਧਰਤੀ ਤੋਂ 14000 ਫੁੱਟ ਉੱਚਾ ਉਡਦਾ 300 ਕਿ.ਮੀ. ਦੀ ਰਫ਼ਤਾਰ ਨਾਲ ਚਲਦਾ ਪੂਰੇ 3 ਵਜੇ ਸਾਹਨੇਵਾਲ ਦੀ ਧਰਤੀ ਵਿਚ ਬਣੇ ਸਾਦਾ ਪਰ ਵਧੀਆ ਏਅਰਪੋਰਟ ਤੇ ਆਣ ਉਤਰਿਆ। ਇਹ ਲੁਧਿਆਣੇ ਦੇ ਨਾਂ ਦੀ ਪੋਰਟ ਹੈ।



Sri Satguru Jagjit Singh Ji Elibrary NamdhariElibrary@gmail.com

ਅਸੀਂ ਜਹਾਜ਼ ਵਿਚ ਅਸਲੋਂ ਮੁਢਲੀਆਂ ਸਵਾਰੀਆਂ ਸਾਂ। ਸੋ ਪਿਛਲੇ ਪਾਸਿਓਂ ਸਭ ਤੋਂ ਪਿਛੋਂ ਸ੍ਰੀ ਸਤਿਗੁਰੂ ਜੀ ਦੀ ਅਗਵਾਈ ਵਿਚ ਨਿਕਲੇ। ਵਿਦਾ ਕਰਨ ਵਾਲਾ ਇਕ ਸਿੱਖ ਸਰਦਾਰ ਸੀ ਏ.ਪੀ.ਸਿੰਘ ਅਤੇ ਸਤਿਗੁਰੂ ਜੀ ਤੇ ਜਥੇ ਦੀ ਅਗਵਾਨੀ ਏ.ਕੇ.ਮਲਹੋਤਰਾ ਪਾਇਲਟ ਕਰ ਰਿਹਾ ਸੀ। ਇਸ ਨੇ ਭੈਣੀ ਸਾਹਿਬ ਤੋਂ ਵੀ ਦੋ ਚੱਕਰ ਲਾਏ ਸੱਚੇ ਪਾਤਸ਼ਾਹ ਮਾਲਾ ਫੇਰਦੇ ਮੇਰੇ ਪਾਸ ਆਏ ਸਨ : *'ਮਨ ਮੰਦਰ ਤਨ ਵੇਸ ਕਲੰਦਰ'* ਕਹਿੰਦਿਆਂ, ਉਨ੍ਹਾਂ ਦਾ ਭਾਵ ਸੀ ਕਿ ਭੈਣੀ ਸਾਹਿਬ ਵਾਲਾ ਮੰਦਰ ਦਿੱਸੇਗਾ ਪਰ ਉਹ ਦੋ ਚੱਕਰਾਂ ਦੇ ਬਾਵਜੂਦ ਮੇਰੇ ਖੱਬੇ ਪਾਸੇ ਉਹਲੇ ਵਿਚ ਹੀ ਰਿਹਾ ਸੀ।

ਏਅਰ ਪੋਰਟ ਤੇ ਸਾਨੂੰ ਦੂਰੋਂ ਹੀ ਕੁਝ ਨਾਮਧਾਰੀਆਂ ਦੇ ਚਿਹਰੇ ਦਿਖਾਈ ਦਿਤੇ ਪਰ ਰਾਈਆਂ ਵਾਲਿਆਂ ਵਿਚੋਂ ਨਜ਼ਰ ਨਾ ਪਿਆ। ਗੇਟ ਪਾਸ ਅਜੇ ਸਾਡੇ ਲਈ ਆਈਆਂ ਗੱਡੀਆਂ ਦੇ ਡਰਾਈਵਰਾਂ ਤੋਂ ਪਤਾ ਲੱਗਾ ਕਿ ਬਹੁਤ ਸਾਰੇ ਸਰਕਰਦਾ ਦਾ ਸੱਜਣ ਰਾਈਆਂ ਅਤੇ ਭੈਣੀ ਸਾਹਿਬ ਤੋਂ ਏਥੇ ਸੁਆਗਤ ਲਈ ਆਏ ਸਨ ਪਰ ਤੰਗ ਆ ਕੇ 1 ਵਜੇ ਉਹ ਘਰੋ ਘਰੀ ਚਲੇ ਗਏ।

ਅਸੀਂ ਬਾਹਰ ਨਿਕਲਦਿਆਂ ਹੀ ਕਾਰਾਂ ਤੇ ਸਵਾਰ ਹੋਏ ਅਤੇ ਸਿੱਧੇ ਰਾਈਆਂ ਨੂੰ ਹੋ ਲਏ। ਮੇਰਾ ਵੀ ਇਹ ਸੁਭਾਗ ਸੀ ਕਿ ਸੱਚੇ ਪਾਤਸ਼ਾਹ ਜੀ ਨੇ ਮੇਰੀ ਅਹਿਮੀਅਤ ਨੂੰ ਮੁੱਖ ਰਖਦਿਆਂ ਨਾਲ ਲੈ ਲਿਆ। ਇਕ ਤਾਂ ਦਿੱਲੀ-ਲੁਧਿਆਣਾ ਹਵਾਈ ਯਾਤਰਾ ਮੇਰੇ ਲਈ ਪਹਿਲਾ ਅਨੁਭਵ ਸੀ, ਦੂਜੀ ਤੇ ਮਹੱਤਵਪੂਰਨ ਗੱਲ ਸੀ ਅੱਜ ਦੇ ਰਾਈਆਂ ਡੇਰੇ ਵਿਚ ਸਤਿਗੁਰੂ ਦੇ ਪ੍ਰਥਮ ਪਰਵੇਸ਼ ਸਮੇਂ ਮੇਰਾ ਨਾਲ ਹੋਣਾ।

ਸਾਡੀਆਂ ਗੱਡੀਆਂ 5-7 ਮਿੰਟ ਗੁਰੂ ਕੇ ਬਗੀਚੇ ਵਿਚ ਅਟਕੀਆਂ ਤਾਂ ਕਿ ਹਾਲਾਤ ਦਾ ਜਾਇਜ਼ਾ ਲਿਆ ਜਾ ਸਕੇ। ਜਿਉਂ ਹੀ ਸ੍ਰੀ ਸਤਿਗੁਰੂ ਜੀ ਅਤੇ ਸਾਡੀਆਂ ਗੱਡੀਆਂ ਮਾਛੀਵਾੜਾ ਰੋਡ ਤੋਂ ਰਾਈਆਂ ਨੂੰ ਪਾਟਦੀ ਸੜਕ ਤੇ ਗਈਆਂ ਅਗੋ ਹੱਥਾਂ ਵਿਚ ਫੁਲਹਾਰ ਫੜੀ ਦਰਜਨ ਭਰ ਵਿਅਕਤੀ ਨਜ਼ਰ ਪਏ। ਇਹ ਪਹਿਲਾ ਸੁਆਗਤ ਸੀ। ਸ੍ਰੀ ਸਤਿਗੁਰੂ ਜੀ ਨੇ ਕਾਰੋਂ ਉੱਤਰ ਕੇ ਇਸ ਸੁਆਗਤ ਨੂੰ ਸਵੀਕਾਰਿਆ। ਰਾਈਆਂ ਦੇ ਸਰਪੰਚ ਸ. ਜਸਵੰਤ ਸਿੰਘ ਤੇ ਇਕ ਦੋ ਹੋਰ ਸੱਜਣ, ਸ੍ਰੀ ਭੈਣੀ ਸਾਹਿਬ ਪਿੰਡ ਦੇ ਸਾਬਕਾ ਸਰਪੰਚ ਸ. ਸੁਖਦੇਵ ਸਿੰਘ ਗੁਰਮੇਲ ਸਿੰਘ ਤੇ ਗੁਰਦੁਆਰਾ ਭੈਣੀ ਸਾਹਿਬ ਦੇ ਜ਼ਿੰਮੇਵਾਰ ਸੂਬਾ ਉਦੈ ਸਿੰਘ, ਸ. ਪਿਆਰਾ ਸਿੰਘ ਰਾਈਆਂ ਨਾਮਧਾਰੀ ਆਦਿ ਸਤਿਗੁਰੂ ਜੀ ਦੇ ਗਲੇ ਹਾਰ ਪਹਿਨਾਏ। ਸਤਿਗੁਰੂ ਜੀ ਨੇ ਮਿੱਠੀਆਂ ਮੁਸਕਾਨਾਂ ਤੇ ਨਿੱਕੇ ਨਿੱਕੇ ਸ਼ਬਦਾਂ ਨਾਲ ਸੁਆਗਤ ਸਵੀਕਾਰਿਆ।

ਦੋ ਮਿੰਟ ਦਾ ਰਸਤਾ ਫਿਰ ਕਾਰ ਸਵਾਰ ਹੋ ਤੈ ਕੀਤਾ। ਹੁਣ ਅਸੀਂ ਪਿੰਡ ਦੇ ਕੇਂਦਰੀ ਚੌਕ ਵਿਚ ਸਾਂ ਲਗਭਗ ਤਿੰਨ ਦਰਜਨ ਪਿੰਡ ਰਾਈਆਂ ਦੇ ਵਿਅਕਤੀ ਹੱਥੀਂ ਗੇਂਦੇ ਦੇ ਹਾਰ ਲਈ ਸੁਆਗਤ ਰੂਪ ਹੋਏ ਖੜ੍ਹੇ ਸਨ। ਰਾਈਆਂ ਪਿੰਡ ਦੇ ਪੁਰਾਣੇ ਦਰਵਾਜ਼ੇ ਜਿਸਦੀ ਇਮਾਰਤ ਖੰਡਹਰ ਦੇ ਤੌਰ ਤੇ ਖਲੋਤੀ ਸੀ ਅਤੇ ਜਿਸ ਦੇ ਨਾਲ ਵਾਰ



Sri Satguru Jagjit Singh Ji Elibrary NamdhariElibrary@gmail.com

ਕਰਕੇ ਹੀ ਮਹੰਤਾਂ ਦੇ ਡੇਰੇ ਦੀ ਇਮਾਰਤ ਸ਼ੁਰੂ ਹੁੰਦੀ ਸੀ-ਇਹ ਦਰਜਨਾਂ ਵਿਅਕਤੀ ਗਲੀ ਦੇ ਦੋਹੀਂ ਪਾਸੀਂ ਕਤਾਰਾਂ ਬੰਨੀ ਖੜ੍ਹੇ ਸਨ। ਇਕ ਉਮਾਹ ਤੇ ਉਤਸ਼ਾਹ ਹਰੇਕ ਦੇ ਚਿਹਰੇ ਤੇ ਖਿੜ੍ਹੇ ਹੋਏ ਦਿਸ ਰਹੇ ਸਨ। ਇਸ ਸਾਰੇ ਆਯੋਜਨ ਦੇ ਪ੍ਰਬੰਧਕਾਂ ਦੀ ਸਿਆਣਪ ਨੂੰ ਖੁਸ਼ੀਆਂ ਮਿਲ ਰਹੀਆਂ ਸਨ। ਚੌਂਕ ਵਿਚ ਗੱਡੀਆਂ ਖਲੋਣ ਤੇ ਸਤਿਗੁਰੂ ਜੀ ਸੁਆਗਤਕਾਰੀਆਂ ਵਿਚ ਆਏ ਤਾਂ ਬਚਨ ਕੀਤਾ: ਮੈਂ ਤੁਹਾਥੋਂ ਹਾਰ ਲੈ ਲੈ ਗਲੇ ਪਾਈ ਜਾਵਾਂਗਾ, ਤੁਸਾਂ ਪਕਵਾਨ ਦੀ ਖੇਚਲ ਹੀ ਕਰਨੀ ਅਤੇ ਜਾਣੂੰਆਂ ਅਣਜਾਣੂੰਆਂ ਨਾਲ ਇਕ-ਇਕ ਦੋ-ਦੋ ਸ਼ਬਦ ਸਾਂਝੇ ਕਰਕੇ ਅਗੇ ਤੁਰੀ ਗਏ ਤੇ ਪਿਛੇ ਪਿਛੇ ਸਾਰਾ ਜਥਾ ਚਲਦਾ ਆਇਆ।

ਭਾਵੇਂ ਵੀਡੀਓਗ੍ਰਾਫੀ ਲਈ ਸ. ਹੰਸਪਾਲ ਜੀ ਦੇ ਟਿੱਕਾ ਜੀ ਨੂੰ ਵਿਸ਼ੇਸ਼ ਤੌਰ ਤੇ ਭੇਜ ਕੇ ਵੀਡੀਓ ਕੈਮਰਾ ਲਿਆਂਦਾ ਗਿਆ ਸੀ ਅਤੇ ਇਸ ਦੀ ਪੂਰਣਤਾ ਲਈ ਗੱਡੀ ਸੰਤ ਗੁਰਮੁਖ ਸਿੰਘ ਲੁਹਾਰਾਂ ਨੂੰ ਵੀ ਲੈ ਆਈ ਤਾਂ ਵੀ ਦਿੱਲੀਓਂ ਆਇਆ ਕੈਮਰਾ ਚਲਿਆ ਨਾ ਅਤੇ ਇਹ ਸੰਭਾਲਣ ਯੋਗ ਇਤਿਹਾਸਕ ਵਾਕਿਆ ਵੀਡੀਓਗ੍ਰਾਫ਼ ਨਾ ਹੋ ਸਕਿਆ। ਕਿਉਂਕਿ ਗੁਰੂ ਕੇ ਕੈਮਰੇ ਦੀ ਪਹਿਲਾਂ ਤੋਂ ਹੀ ਕੋਈ ਚੂਲ ਢਿੱਲੀ ਸੀ ਸੋ ਗੁਰਮੁਖ ਸਿੰਘ ਲੁਹਾਰਾਂ ਵੀ ਮਜਬੂਰ ਸੀ। ਤਾਂ ਵੀ ਉਸਨੇ ਟੇਪਰਿਕਾਰਡਰ ਨਾਲ ਲਿਆਕੇ ਸੁਆਗਤ ਸਤਿਕਾਰ ਦੀ ਕੁਛ ਰਖਿਆ ਕਰ ਲਈ।

ਸੱਚੇ ਪਾਤਸ਼ਾਹ ਲੰਮੀਆਂ ਕਤਾਰਾਂ ਦੇ ਹਾਰ ਪਹਿਨਦੇ ਪਹਿਨਦੇ ਥੱਕਣ ਦੇ ਨੇੜੇ ਸਨ। ਆਪ ਜੀ ਦੇ ਗਲੇ ਦੁਆਲੇ ਹਾਰਾਂ ਦੇ ਇਕ ਏਨੀ ਉੱਚੀ ਖੁਸ਼ਬੂ ਭਰੀ ਸੁੰਦਰ ਫਸੀਲ ਬਣ ਗਈ ਕਿ ਕੇਵਲ ਚਿਹਰਾ ਹੀ ਦਰਸ਼ਨ ਕਰਨ ਨੂੰ ਰਹਿ ਗਿਆ ਸੀ। ਦਾਹੜੇ ਤਕ ਫੁੱਲਾਂ ਨਾਲ ਕੱਜੇ-ਢੱਕੇ ਹੋਏ ਸਨ। ਇਸ ਵੇਲੇ ਸ. ਪਿਆਰਾ ਸਿੰਘ ਅਤੇ ਸ. ਗੁਰਦੇਵ ਸਿੰਘ ਪਟਵਾਰੀ ਵਰਗੇ ਸੱਜਣ ਆਪਣੀ ਥਾਂ ਵਿਚ ਹੀ ਬੈਠੇ ਖਲੋਤੇ ਪਰਮ ਪ੍ਰਸੰਨ ਸਨ ਕਿਉਂਕਿ ਉਨ੍ਹਾਂ ਦੇ ਭਰਪੂਰ ਤੇ ਅਣਥਕ ਜਤਨਾਂ ਨੂੰ ਹੀ ਇਹ ਫਲ ਲੱਗਾ ਸੀ। ਸ. ਸੁਰਿੰਦਰ ਸਿੰਘ ਲੁਧਿਆਣਾ ਅਤੇ ਸੂਬਾ ਉਦੈ ਸਿੰਘ ਇਸ ਅਵਸਰ ਨੂੰ ਲਿਆਉਣ ਵਿਚ ਸਹਾਇਕ ਸਨ।

ਸੂਬਾ ਉਦੈ ਸਿੰਘ ਦਾ ਹੀ ਇਹ ਆਯੋਜਨ ਸੀ। ਉਹਨਾਂ ਦੁਹਾਂ ਪਿੰਡਾਂ ਦੇ ਮੁਖੀਆਂ ਨਾਲ ਸਾਂਝ ਸਥਾਪਤ ਕਰਕੇ ਵਕਤ ਦੀ ਨਜ਼ਾਕਤ ਨੂੰ ਠੀਕ ਤਰ੍ਹਾਂ ਇਸਤੇਮਾਲ ਕੀਤਾ।

ਡੇਰੇ ਦੇ ਅੰਦਰ ਜਾਣ ਤਕ ਸਤਿਗੁਰੂ ਜੀ ਨੂੰ ਇਹ ਮਾਲੂਮ ਹੋ ਗਿਆ ਕਿ ਮਹੰਤ ਸਾਹਿਬ ਮਸਤ ਰਾਮ ਜੀ ਸ੍ਰੀ ਭੈਣੀ ਸਾਹਿਬ ਵਿਖੇ ਸਮੇਤ ਪਰਵਾਰ ਆਪ ਜੀ ਦੀ ਇੰਤਜ਼ਾਰ ਕਰਦੇ ਰਹੇ ਹਨ। ਉਡੀਕ ਉਡੀਕ ਕੇ ਹੀ ਹੁਣ ਕਿਤੇ ਘਰ ਆਏ ਹਨ- ਕੱਲ ਫਿਰ ਭੈਣੀ ਸਾਹਿਬ ਜਾਣਗੇ ਅਤੇ ਰਾਈਆਂ ਆਪਣੇ ਘਰ ਵਿਖੇ ਚਰਨ ਪਾਉਣ ਦੀ ਅਰਜ਼ ਕਰਨਗੇ।

ਗਲੀਆਂ ਆਦਮ ਨਾਲ ਭਰੀਆਂ ਹੋਈਆਂ ਸਨ। ਸ੍ਰੀ ਸਤਿਗੁਰੂ ਜੀ ਆਪਣੇ ਸੇਵਕਾਂ, ਸੂਬਾ ਜੀ, ਗੁਰਮੇਲ ਸਿੰਘ, ਸੁਖਦੇਵ ਸਿੰਘ ਤੇ ਜਸਵੰਤ ਸਿੰਘ ਸਰਪੰਚ



Sri Satguru Jagjit Singh Ji Elibrary NamdhariElibrary@gmail.com

ਰਾਈਆਂ ਆਦਿ ਨਾਲ ਬਚਨ ਬਿਲਾਸ ਕਰਦਿਆਂ ਡੇਰੇ ਦੀ ਪ੍ਰਥਮ ਡਿਉਢੀ ਵਿਚ ਪਰਵੇਸ਼ ਕੀਤਾ। ਅੰਦਰ ਚੌਗਾਨ ਵੀ ਸਾਧ ਸੰਗਤ ਨਾਲ ਭਰਿਆ ਪਿਆ ਸੀ। ਏਥੇ ਇਸਤਰੀਆਂ ਦੀ ਬਹੁਤਾਤ ਸੀ। ਸਾਰੇ ਉਮਾਹ ਭਰੇ ਚਿਹਰੇ ਧੰਨ ਧੰਨ ਕਰਦਿਆਂ ਉੱਠੇ। ਸਤਿਗੁਰੂ ਜੀ, ਸਤਿਕਾਰ ਭਰੀ ਭੀੜ ਚੋਂ ਰਾਹ ਬਣਾਂਦਿਆਂ ਵਰਨੀ ਵਾਲੇ ਵੱਡੇ ਕਮਰੇ ਦੇ ਨਾਲ ਵਾਲੇ ਓਡੇ ਕਮਰੇ ਵਿਚ ਦਾਖਲ ਹੋਏ, ਜਿਥੇ ਸੰਤ ਹਰਬੰਸ ਸਿੰਘ ਘੁੱਲਾ ਤੇ ਸੰਤ ਦਰਸ਼ਨ ਸਿੰਘ, ਸੁਖਦੇਵ ਸਿੰਘ ਤਬਲੇ ਵਾਲੇ ਨਾਲ ਕੀਰਤਨ ਕਰ ਰਹੇ ਸਨ। ਸ਼ਬਦ ਸੀ: *ਹਮ ਘਰਿ ਸਾਜਨ ਆਏ। ਸਾਚੇ ਮੇਲਿ ਮਿਲਾਏ।*

ਸ੍ਰੀ ਸਤਿਗੁਰੂ ਜੀ ਨੇ ਕੀਰਤਨਕਾਰਾਂ ਨੂੰ ਨਮਸਕਾਰ ਕੀਤੀ। ਵਰਨੀ ਵਾਲਿਆਂ ਪਾਸ ਜਿਥੇ ਧੂਪ, ਦੀਪ, ਕੁੰਭ, ਹਵਨ ਸਮੇਤ ਵਰਨੀ ਹੋ ਰਹੀ ਸੀ, ਭੀ ਜਾ ਕੇ ਮੱਥਾ ਟੇਕਿਆ ਤੇ ਫਿਰ ਪਰਾਲੀ ਵਿੱਛੇ ਅੰਦਰ ਵਿਚ ਆਪਣੇ ਲਈ ਵਿਛਾਏ ਗਏ ਆਸਣ ਤੇ ਵਿਰਾਜਮਾਨ ਹੋਏ। ਕੀਰਤਨ ਦੇ ਜਾਰੀ ਰਹਿੰਦਿਆਂ ਸਾਧ ਸੰਗਤ ਆ ਆ ਨਮਸਕਾਰਾਂ ਕਰਨ ਲਗੀ। ਖੁਸ਼ੀਆਂ, ਚਾਵਾਂ, ਉਮਾਹ ਅਤੇ ਉਤਸੁਕਤਾ ਦਾ ਮਾਹੌਲ ਚੁਪਾਸੀਂ ਛਾ ਰਿਹਾ ਸੀ।

ਡਾ. ਮੂਸਾ, ਜਿਸ ਦਾ ਪੂਰਾ ਨਾ ਮੁਸ਼ੱਰਫ ਅਲੀ ਹੈ, ਸਤਿਗੁਰੂ ਜੀ ਦਾ ਮਨ-ਪਸੰਦ ਵਿਅਕਤੀ ਹੈ। ਉਹ ਆਪਣੇ ਪ੍ਰੈਕਟਿਸ ਵਿਚੋਂ ਵਕਤ ਕਢਕੇ, ਜਦੋਂ ਵੀ ਸਤਿਗੁਰੂ ਜੀ ਦਾ ਹੁਕਮ ਹੋਵੇ ਤੇ ਜਿਥੇ ਵੀ ਕਹਿਣ, ਜਾਂਦਾ ਹੈ। ਭੈਣੀ ਸਾਹਿਬ ਤਾਂ ਉਹ ਆਉਂਦਾ ਹੀ ਹੈ, ਥਾਲੀਲੈਂਡ ਅਤੇ ਅਫਰੀਕਾ ਤਕ ਵੀ ਜਾਂਦਾ ਹੈ। ਉਹ ਬੇਸ਼ਕ ਸਤਿਗੁਰੂ ਜੀ ਨੂੰ ਨਾ ਛੂੰਹਣ ਦਾ ਪਰਹੇਜ਼ ਰਖਦਾ ਹੈ ਪਰੰਤੂ ਸਤਿਗੁਰੂ ਜੀ ਵੀ ਉਸ ਲਈ ਛੂਆ ਛੂਤ ਦੇ ਵਖਾਵੇ ਦੀ ਪਰਵਾਹ ਨਹੀਂ ਕਰਦੇ। ਅੱਜ ਵੀ ਉਹ ਕੁਝ ਮਰੀਜ਼ਾਂ ਨੂੰ ਵਖਾਣ ਲਈ ਨਾਲ ਲਿਆਂਦਾ ਗਿਆ ਹੈ। ਜਦੋਂ ਅਸੀਂ 3.50 ਵਜੇ ਗੁਰੂ ਕੇ ਰਾਈਆਂ ਵਾਲੇ ਬਾਗ ਵਿਚ ਗਏ ਤਾਂ ਡਾ: ਮੂਸਾ ਨੇ ਨਾਲ ਹੋ ਕੇ ਸਾਰੇ ਖੇਤਾਂ ਵਿਚ ਛੇਤੀ ਛੇਤੀ ਫੇਰਾ ਮਾਰਿਆ। ਡਾ. ਨੂੰ ਦੱਸਿਆ: ਇਹ ਬਾਦਾਮ ਨਸਲ ਦਾ ਹੈ। ਇਸ ਦੇ ਇਕ ਕਿਲੋ ਵਿਚੋਂ 630 ਗ੍ਰਾਮ ਗਿਰੀਆਂ ਨਿਕਲਦੀਆਂ ਹਨ। ਇਹ ਨਾਸ਼ਪਾਤੀਆਂ ਦਾ ਬਾਗ ਹੈ, ਵਿਚ ਵਿਚ ਲਗੇ ਆੜੂਆਂ ਦੇ ਬੂਟੇ ਉਦੋਂ ਪੁਟ ਦਿੱਤੇ ਜਾਣਗੇ, ਜਦੋਂ ਨਾਸ਼ਪਾਤੀਆਂ ਲਹਿਣ ਲਗ ਪਈਆਂ। ਕਿੰਨੂਆਂ, ਨਿੰਬੂਆਂ ਵਲੋਂ ਫੇਰਾ ਮਾਰਦੇ ਖੂਹ ਵਲ ਆਏ ਤਾਂ ਧਰਤੀ ਵਿਚ ਪਸਰਦੀ ਸ਼ਕਰਕੰਦੀ ਅਤੇ ਮੂਲੀਆਂ ਤਕ ਦੀ ਜਾਣਕਾਰੀ ਦਿਤੀ। ਸਤਿਗੁਰੂ ਜੀ ਦੇ ਇਹਨਾਂ ਖੇਤਾਂ ਵਿਚ ਰੂੜੀ ਪਾਈ ਜਾਂਦੀ ਹੈ ਖਾਦ ਨਹੀਂ। ਡਾ. ਮੂਸਾ ਨੂੰ ਇਕ ਦੋ ਮੂਲੀਆਂ ਉਖਾੜ ਸਾਫ਼ ਕਰਵਾ ਕੇ ਦਿੱਤੀਆਂ ਗਈਆਂ ਤਾਂ ਉਹ ਤਾਜ਼ਾ ਮੂਲੀ ਦੇ ਸੁਆਦ ਅਤੇ ਨਰਮੀ ਤੋਂ ਬੜਾ ਪ੍ਰਭਾਵਤ ਹੋਇਆ। ਉਹਨੇ ਸਤਿਗੁਰਾਂ ਲਈ ਦਸਿਆ: ਆਪ ਜੀ ਐਸੀ ਮੂਲੀ ਤਾਂ ਖਾ ਸਕਦੇ ਹੋ। ਕੇਵਲ ਰੇਸ਼ੇ ਵਾਲੀ ਮੂਲੀ ਨਹੀਂ ਖਾਣੀ ਚਾਹੀਦੀ। ਉਹ ਭਾਰੀ ਹੁੰਦੀ ਹੈ। ਸਤਿਗੁਰੂ ਜੀ ਨੇ ਬਚਨ ਕੀਤਾ: ਮੈਂ ਮੂਲੀ ਦਾ ਜੂਸ ਪੀਂਦਾ ਹਾਂ। ਉਹ ਠੀਕ ਹੈ ਮੈਨੂੰ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਵਾਲੀ ਗੱਡੀ ਵਿਚ ਹੋਣ ਕਰਕੇ ਡਾ. ਮੂਸਾ ਵੀ ਇਸ ਸੁਆਗਤ ਸਤਿਕਾਰ ਸਮੇਂ ਨਾਲ ਰਿਹਾ ਅਤੇ ਹੁਣ ਇਸ ਅੰਦਰ ਵੀ ਡਾ. ਨੂੰ ਰਾਗੀਆਂ ਵਾਲੇ ਪਾਸੇ ਬੈਠਾਇਆ ਗਿਆ, ਮੇਰੇ ਨਾਲ ਕਰਕੇ। ਰਾਗੀਆਂ ਨੇ ਪਹਿਲਾ ਸ਼ਬਦ ਮੁਕਾ ਕੇ ਦੂਜਾ ਫਿਰ ਕੋਈ ਬਹੁਤ ਖੁਸ਼ੀ ਦਾ ਲਿਆ, ਮੈਨੂੰ ਯਾਦ ਨਹੀਂ ਰਿਹਾ। ਸਤਿਗੁਰੂ ਜੀ ਨੇ ਉਹਦੀ ਥਾਂ ਸ਼ੁਰੂ ਕਰਵਾਇਆ: *ਜਉ ਰਾਜ ਦੇਹਿ ਤਾ ਕਵਨ ਬਡਾਈ। ਭੀਖ ਮਗਾਈ ਤਾ ਕਿਆ ਘਟ ਜਾਈ।* ਸ੍ਰੀ ਸਤਿਗੁਰੂ ਜੀ ਨੂੰ ਆਪਣਾ ਸੁਆਗਤ ਉਹਨਾਂ ਦੀ ਸਹਿਜ ਅਵਸਥਾ ਅਤੇ ਮੂਲ ਪਰਵਿਰਤੀ ਤੋਂ ਅਲਗ ਨਹੀਂ ਕਰ ਸਕਿਆ। ਉਂਜ ਅੱਜ ਵਰਗਾ ਸੁਭਾਗਾ ਸਮਾਂ ਪਰਮ ਇਤਿਹਾਸਕ ਸੀ, ਕਿਉਂਕਿ ਜਿਸ ਸਥਾਨ ਦੀ ਪ੍ਰਾਪਤੀ ਲਈ ਪਿਤਾ ਸਤਿਗੁਰੂ ਜੀ ਦੇ ਸਮੇਂ 15 ਸਾਲ ਲੱਗੇ ਅਤੇ 2 ਵਿਅਕਤੀਆਂ ਮੀਹਾਂ ਸਪੁਤਰ ਗੁਪਾਲ, ਵਸਾਵਾ ਪੁੱਤਰ ਪ੍ਰਤਾਪਾ ਸ੍ਰੀ ਭੈਣੀ ਸਾਹਿਬ ਵਾਸੀ ਦੇ ਸਿਰ ਲੱਗੇ- ਦੋ ਲੱਖ ਰੁਪੈ ਲਗਣ ਨਾਲ ਗੁਰਦੁਆਰਾ ਕਰਜ਼ਾਈ ਹੋ ਗਿਆ- ਧੂੜ੍ਹ ਡੇਰਾ ਮਹੰਤਾਂ ਪਾਸ ਹੀ ਰਿਹਾ। ਅੱਜ 1960 ਤੋਂ ਜਾਰੀ ਹੋਏ ਮੁਕੱਦਮੇ ਅਤੇ ਚਾਰ ਵਾਰ ਮੁੜ ਮੁੜ ਹਾਈਕੋਰਟ ਵਿਚ ਗਏ ਕੇਸ ਨੇ ਐਸਾ ਫੈਸਲਾ ਪ੍ਰਾਪਤ ਕਰ ਲਿਆ ਸੀ ਕਿ ਕਬਜ਼ਾ ਸਾਧ ਸੰਗਤ ਦਾ ਹੋ ਗਿਆ ਤੇ ਭਜਨ ਵਰਨੀ ਜਾਰੀ ਹੋ ਗਈ ਅਤੇ ਇਸ ਡੇਰੇ ਵਿਖੇ ਹਜ਼ੂਰ ਦੇ ਦਰਸ਼ਨਾਂ ਲਈ ਦਿਵਾਨ ਸਜ ਗਏ।

ਇਕ ਵਾਰ, ਅੱਜ, ਗੁਰੂ ਕੇ ਪ੍ਰਥਮ ਸੁਆਗਤ ਸਮੇਂ ਸਾਬਕਾ ਸਰਪੰਚ ਸੁਖਦੇਵ ਸਿੰਘ ਨੇ ਕਿਹਾ ਸੀ: ਇਹ ਸਭ ਆਪ ਜੀ ਦੀ ਹੀ ਕਿਰਪਾ ਹੈ।

ਸਤਿਗੁਰੂ ਜੀ ਦਾ ਸਿਰ ਤੇ ਹੱਥ ਹੋਣ ਕਰਕੇ ਮੈਨੂੰ ਇਹ ਫ਼ਖ਼ਰ ਹੈ ਕਿ ਸ੍ਰੀ ਭੈਣੀ ਸਾਹਿਬ ਵਿਚ ਇਕ ਆਨੇ ਦ ਕਾਗਜ਼ ਉਤੇ ਵੀ ਨਾ ਅਦਾਲਤ ਵਿਚ ਕੇਸ ਹੈ ਨਾ ਪੰਚਾਇਤ ਵਿਚ ਕੇਸ ਹੈ। ਸਾਰਾ ਕੰਮ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਚਲ ਰਿਹਾ ਹੈ। ਏਸ ਰਾਈਆ। ਨਗਰ ਵਿਚ ਵੀ, ਇਸਦੀ ਪੰਚਾਇਤ ਨੇ ਤਹੱਈਆ ਕਰ ਲਿਆ ਹੈ ਕਿ ਜੇ ਕਿਸੇ ਦਾ ਆਪਸ ਵਿਚ ਵੀ ਵੱਟ ਸੱਟ ਹੋਵੇਗਾ ਤਾਂ ਉਹ ਵੀ ਅਸੀਂ ਬੈਠ ਕੇ ਸਤਿਗੁਰੂ ਜੀ ਦੀ ਕਿਰਪਾ ਦੇ ਨਾਲ ਏਥੇ ਹੀ ਨਬੇੜਾਂਗੇ। ਸਜਣੋਂ ਮੈਂ ਅਰਜ਼ ਕਰਾਂ, ਸਤਿਗੁਰੂ ਜੀ ਇਹਨਾਂ ਨਗਰਾਂ ਤੇ ਏਸੇ ਤਰ੍ਹਾਂ ਹੱਥ ਰਖਣ।

ਅੱਜ ਮੈਂ ਇਸ ਇਲਾਕੇ ਨੂੰ, ਸ੍ਰੀ ਭੈਣੀ ਸਾਹਿਬ ਨੂੰ ਲਖ ਲਖ ਵਧਾਈ ਦੇਨਾਂ, ਜਿਨ੍ਹਾਂ ਨੇ ਇਸ ਮਿਲਵਰਤਣ ਦੇ ਵਿਚ ਹੱਥ ਵਟਾਇਆ ਹੈ, ਉਹਨਾਂ ਦਾ ਬਹੁਤ ਬਹੁਤ ਧੰਨਵਾਦ। ਸਤਿ ਸ੍ਰੀ ਅਕਾਲ।

ਸਤਿਗੁਰੂ ਜੀ ਨੇ ਇਹ ਵੀ ਦੱਸਿਆ: ਮੈਂ ਚਿਰਾਂ ਤੋਂ ਬਲ੍ਹੋ ਜੀ ਤੇ ਸ. ਵਿਸ਼ੇਸ਼ਰ ਸਿੰਘ ਸਪੁਤਰ ਮਹਾਰਾਜ ਨਿਹਾਲ ਸਿੰਘ, ਬਲਜੀਤ (ਸ਼ਾਇਦ ਉਨ੍ਹਾਂ ਦੀ ਪਤਨੀ ਦਾ ਨਾਂ) ਵਾਸਤੇ ਇਕ ਚੰਗੇ ਮਕਾਨ ਦੀ ਕਾਮਨਾ ਕਰਦਾ ਆ ਰਿਹਾ ਸਾਂ। ਪਿਛਲੇ ਦਿਨੀਂ ਬਲ੍ਹੋ ਜੀ ਦਾ ਸੁਨੇਹਾ ਮਿਲਿਆ ਕਿ ਉਨ੍ਹਾਂ ਦਾ ਫਲੈਟ ਨਿਕਲ ਆਇਆ ਹੈ ਪਰ ਫੌਰੀ ਤੌਰ ਤੇ 34,000 ਰੁਪਏ ਚਾਹੀਦੇ ਹਨ। ਜਿਵੇਂ ਕਿਵੇਂ ਤਿਆਰ ਕਰੋ। ਇਹ ਰਕਮ ਫੜ ਫੜਾਕੇ ਬੁੱਤਾ ਸਾਰਿਆ। ਹੁਣ ਦੱਸਿਆ ਗਿਆ ਹੈ ਕਿ ਦਸੰਬਰ ਅੰਤ ਤਕ ਇਸੇ ਫਲੈਟ ਲਈ 1,00,000 ਰੁਪਏ ਹੋਰ ਚਾਹੀਦਾ ਹੈ।



Sri Satguru Jagjit Singh Ji Elibrary NamdhariElibrary@gmail.com

ਮਾਈਆਂ ਦੇ ਉਤਸ਼ਾਹ ਦਾ ਕੜ ਪਾਟਿਆ ਹੋਇਆ ਸੀ। ਉਹ ਸਵੇਰ ਤੋਂ ਹੀ ਏਥੇ ਬਾਹਰਲੇ, ਘਿਰੇ ਵਿਹੜੇ ਵਿਚ ਬੈਠੀਆਂ ਨਾਮ ਸਿਮਰਨ ਕਰ ਰਹੀਆਂ ਸਨ। ਉਹਨਾਂ ਦੀ ਨਿਕੀ ਮੋਟੀ ਘੁਸਰ ਮੁਸਰ ਉਦੋਂ ਚੁਪ ਹੋਈ ਜਦੋਂ ਸ੍ਰੀ ਸਤਿਗੁਰੂ ਜੀ ਨੇ ਸ਼ਬਦ ਕਿਰਪਾ ਕੀਤੀ।

ਪਰ ਇਕ ਰਹਿ ਗਈ ਗੱਲ ਸੂਬਾ ਊਦੈ ਸਿੰਘ ਨੂੰ ਫੇਰ ਚੇਤੇ ਆਈ ਉਹ ਬੋਲੇ:

ਸੱਜਣੋਂ, ਮੈਂ ਖਿਮਾ ਦਾ ਜਾਚਕ ਹਾਂ, ਜਿਥੇ ਮੈਂ ਪੰਚ ਸਰਪੰਚ ਪੰਚੈਤਾਂ ਨੂੰ ਤੁਲਣਾ ਦਿਤੀ ਹੈ ਸਭ ਤੋਂ ਵਧ ਹੌਂਸਲਾ ਸਾਡੇ ਮਹੰਤਾਂ ਦਾ ਹੈ। ਉਹਨਾਂ ਨੇ ਬੜੀ ਖੁਸ਼ੀ ਦੇ ਨਾਲ, ਸਵੇਰੇ, ਸਾਰਾ ਪਰਵਾਰ, ਸਾਰੇ ਰਿਸ਼ਤੇਦਾਰ, ਜਿਨੀ ਜਿਨੀ ਉਨ੍ਹਾਂ ਦੇ ਨਾਲ ਸੰਧੀ ਸੀ, ਸਰਪੰਚ ਸੁਖਦੇਵ ਸਿੰਘ ਸਾਰਿਆਂ ਨੂੰ ਲੈ ਕੇ ਸ੍ਰੀ ਭੈਣੀ ਸਾਹਿਬ ਸਵੇਰੇ 9 ਵਜੇ ਪੁੱਜੇ ਸਨ। ਕੁਦਰਤੀ ਕਾਰਨ ਹਵਾਈ ਜਹਾਜ ਦੀ ਮਸ਼ੀਨਰੀ ਖਰਾਬ ਹੋਣ ਕਾਰਨ ਲੇਟ ਹੋ ਗਿਆ। ਸਤਿਗੁਰੂ ਜੀ ਆਪਣੇ ਵੈੱਦੇ ਦੇ ਅਨੁਸਾਰ ਹਰ ਇਕ ਕੋਸ਼ਿਸ਼ ਕੀਤੀ ਏ ਏਥੇ ਪੁੱਜਣ ਦੀ। ਜਿਹੜੀ ਮਹੰਤਾਂ ਦੀ ਮਿਲਣੀ ਹੈ ਉਹ ਸੇਵਾ ਸਤਿਗੁਰੂ ਜੀ ਦੇ ਨਾਲ ਸ੍ਰੀ ਭੈਣੀ ਸਾਹਿਬ ਹੋਵੇਗੀ। ਔਰ ਸਤਿਗੁਰੂ ਜੀ ਮਹੰਤਾਂ ਦੇ ਘਰ, ਉਹਨਾਂ ਦੀ ਮੰਗ ਹੈ ਕਿ ਸਤਿਗੁਰੂ ਜੀ ਉਹਨਾਂ ਦੇ ਘਰ ਚਰਨ ਪਾਉਣ, ਉਹ ਕਿਰਪਾ ਕਰਨਗੇ। ਅਜ ਉਹਨਾਂ ਦੇ ਘਰੋਂ ਵੀ ਭੈਣੀ ਸਾਹਿਬ ਗਏ ਸਨ, ਜਨਾਨੀਆਂ ਵੀ ਗਈਆਂ ਸਨ ਸਤਿਗੁਰੂ ਦੇ ਚਰਨ ਪਰਸਣੇ ਦੇ ਵਾਸਤੇ।

ਸੂਬਾ ਊਦੈ ਸਿੰਘ ਨੇ ਦਸਿਆ ਕਿ ਭਗਵਾਨ ਸਿੰਘ ਨੂੰ ਹੁਣ ਵੀ ਮਹੰਤਾਂ ਵਲ ਭੇਜਿਆ ਹੈ ਜਿਵੇਂ ਉਹ ਚਾਹੁਣ।

ਇਸ ਤੋਂ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ:

'ਪਰਮ ਸਤਿਕਾਰਯੋਗ ਸਾਧ ਸੰਗਤ ਜੀ, ਇਕ ਵਾਰ ਫੇਰ ਗੱਜ ਕੇ ਆਖੋ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ। ਬਾਣੀ ਵਿਚ ਤੁਕ ਲਿਖੀ ਹੈ।

*ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ।*

ਉਸਦੇ ਅਨੁਸਾਰ ਸਾਡਾ ਕੀਤਾ ਕੁਛ ਹੁੰਦਾ ਨਹੀਂ। *'ਹਮਰਾ ਕੀਆ ਕਛੂ ਨ ਹੋਇ। ਕਰਿਹੈ ਰਾਮ ਹੋਇਆ ਸੋਇ।'* ਪਰ ਇਹਨਾਂ ਪਿੰਡਾਂ ਨੇ, ਮਹੰਤ ਸਾਹਿਬ ਨੇ, ਜਿਸ ਤਰ੍ਹਾਂ ਸਾਡੇ ਨਾਲ ਪ੍ਰੇਮ ਦਾ ਹੱਥ ਵਟਾਇਆ ਹੈ। ਕਿਥੋਂ ਪਾਂਘਲੀਆਂ, ਹੀਰਾਂ, ਮੰਡਲੀ, ਰਾਈਆਂ, ਭੈਣੀ ਸਾਹਿਬ ਤੇ ਹੋਰ ਜਿਥੋਂ ਜਿਥੋਂ ਦੇ ਜਿਹੜੇ ਸਿੰਘ ਵੀ ਆਏ ਨੇ, ਸਾਰਿਆਂ ਨੇ ਬਹੁਤ ਹੀ ਇਸ ਗੱਲ ਵਿਚ ਮਦਦ ਕੀਤੀ ਹੈ।

"ਤੁਸੀਂ ਜਾਣਦੇ ਹੋ ਜਦੋਂ ਗਰਮੀਆਂ ਦਾ ਮਹੀਨਾ ਹੋਵੇ ਤਾਂ ਦੂਰ ਦੂਰ ਤਕ ਪਾਣੀ ਨਾ ਲਭੇ ਪਰ ਕਿਸੇ ਦੇ ਖੇਤਾਂ ਵਿਚ ਬੋਰ ਲਗਾ ਹੋਵੇ ਤਾਂ ਕਹਿੰਦੇ ਨੇ ਚੰਗੇ ਭਾਗਾਂ ਵਾਲਾ ਏ, ਇਸ ਕੋਲ ਬੋਰ ਲਗਾ ਹੋਇਆ ਏ, ਲੋਕੀਂ ਪਾਣੀ ਪੀ ਕੇ ਜਾਂਦੇ ਨੇ। ਐਸ ਵੇਲੇ ਲੜਾਈ ਦਾ ਕਲਹ ਕਲੇਸ਼ ਦਾ ਬੜਾ ਤਕੜਾ ਜੁਗ ਹੈ। ਝਗੜੇ, ਫਸਾਦ, ਭਰਾਵਾਂ ਦੇ ਆਪਸ ਵਿਚ ਪੈਂਦੇ ਨੇ, ਪਿਉ ਪੁੱਤਰਾਂ ਦੇ, ਚਾਚੇ ਭਤੀਜਿਆਂ ਦੇ



Sri Satguru Jagjit Singh Ji Elibrary NamdhariElibrary@gmail.com

ਪੈਂਦੇ ਨੇ। ਐਸ ਸਮੇਂ ਵਿਚ ਇਕੱਠ ਦਾ ਸਬੂਤ ਦੇਣਾ, ਪ੍ਰੇਮ ਦਾ ਸਬੂਤ ਦੇਣਾ, ਇਹ ਬਹੁਤ ਔਖੀ ਗੱਲ ਹੈ।

"ਮੈਨੂੰ ਏਥੇ ਆਉਣ ਵਾਸਤੇ ਆਖਿਆ ਗਿਆ ਸੀ ਕਈ ਦਿਨਾਂ ਤੋਂ। ਪਰ ਮੇਰਾ ਜੀ ਨਹੀਂ ਸੀ ਕਰਦਾ। ਜਿਨਾ ਚਿਰ ਮਹੰਤ ਸਾਹਿਬ ਤੇ ਅਸੀਂ ਸਾਰੇ ਕੱਠੇ ਨਾ ਹੋ ਲਈਏ ਕਿਸ ਤਰ੍ਹਾਂ ਏਥੇ ਆਈਏ। ਅਸੀਂ ਉਨ੍ਹਾਂ ਤੇ ਕੋਈ ਚੜ੍ਹਾਈ ਕਰਕੇ ਨਹੀਂ ਆਉਣਾ। ਅਸੀਂ ਉਨ੍ਹਾਂ ਨਾਲ ਪਿਆਰ ਪ੍ਰੇਮ ਕਰਕੇ ਹੀ ਏਥੇ ਆਉਣਾ ਏਂ। ਉਨ੍ਹਾਂ ਨੇ ਵੀ ਬੜੀ ਕਿਰਪਾ ਕੀਤੀ ਏ, ਪਿਆਰ ਪ੍ਰੇਮ ਦਾ ਸਬੂਤ ਦਿਤਾ ਏ।

"ਜਦੋਂ ਛੋਟਾ ਜਿਹਾ ਬੂਟਾ ਉਗਦਾ ਏ ਤਾਂ ਉਹ ਬੜੀ ਚੰਗੀ ਸਿਹਤ ਵਿਚ ਹੁੰਦਾ ਹੈ, ਛੋਟਾ ਜਿਹਾ ਬੱਚਾ ਵੀ ਬੜੀ ਸਿਹਤ ਵਿਚ ਹੁੰਦਾ ਏ। ਜ਼ਰਾ ਕੁ ਵੱਡਾ ਹੁੰਦਾ ਜਾਂਦਾ ਹੈ ਤਾਂ ਉਸਨੂੰ ਤਕਲੀਫ਼ਾਂ ਆਉਂਦੀਆਂ ਜਾਂਦੀਆਂ ਹਨ। ਜਿਸ ਤਰ੍ਹਾਂ ਦਾ ਇਹ ਪਿਆਰ ਦਾ ਪ੍ਰੇਮ ਦਾ ਬੂਟਾ ਉਗਿਆ ਏ, ਕੋਸ਼ਿਸ਼ ਕਰੋ ਵਡਿਆਂ ਹੋ ਕੇ ਇਸ ਨੂੰ ਵਧੀਆ ਵਧੀਆ ਫਲ ਲਗਣ, ਇਸ ਨੂੰ ਕੋਈ ਤਕਲੀਫ ਨਾ ਆਵੇ। ਜਿਨਾ ਅਸੀਂ ਆਪਣੇ ਪਿੰਡਾਂ ਵਿਚ, ਤਹਿਸੀਲ ਤੇ ਇਲਾਕੇ ਵਿਚ ਇਹ ਕੰਮ ਫੈਲਾ ਸਕੀਏ ਸਾਡੇ ਸਾਰੇ ਦੇਸ਼ ਦਾ ਲਾਹੇਵੰਦਾ ਹੈ। ਇਸੇ ਤਰ੍ਹਾਂ ਝਗੜੇ ਪੈਂਦੇ ਨੇ। ਘਰਾਂ ਵਿਚੋਂ ਪਿੰਡਾਂ ਵਿਚੋਂ ਉਠਕੇ ਹੌਲੀ ਹੌਲੀ ਸ਼ਹਿਰਾਂ ਵਿਚ ਜਾ ਵੜਦੇ ਨੇ। ਸ਼ਹਿਰਾਂ ਤੋਂ ਆਪਣੇ ਦੇਸ਼ਾਂ ਵਿਚ ਜਾ ਵੜਦੇ ਨੇ। ਦੇਸ਼ਾਂ ਚੋਂ ਨਿਕਲ ਦੁਨੀਆਂ ਵਿਚ ਪਹੁੰਚ ਜਾਂਦੇ ਨੇ। ਕਿਥੇ ਸਿਖਰ ਨੂੰ ਛੂਹ ਰਹੇ ਨੇ ਝਗੜੇ।

ਕਰੋੜਾਂ ਅਰਬਾਂ ਰੁਪੈ ਦਾ ਬਾਰੂਦ ਏਸ ਗੱਲ ਲਈ ਤਿਆਰ ਕੀਤਾ ਜਾਂਦਾ ਏ ਕਿ ਮੈਂ ਦੂਸਰੇ ਨੂੰ ਮਾਰ ਦਿਆਂ। ਦੂਸਰਾ ਮੈਨੂੰ ਮਾਰਨ ਲਈ ਤਿਆਰੀ ਕਰਦਾ ਏ। ਦੁਨੀਆਂ ਦੇ ਆਗੂ ਸਾਡੇ ਨਾਲੋਂ ਕੁਝ ਸਿਆਣੇ ਨੇ। ਉਹ ਡਰਦੇ ਇਸ ਗੱਲੋਂ ਨੇ ਕਿ ਜੇ ਅਸਾਂ ਕੁਝ ਨ ਕੁਝ ਕਰ ਦਿਤਾ ਤਾਂ ਹੋ ਸਕਦਾ ਏ ਕਿ ਅਸੀਂ ਹੀ ਨ ਬਚੀਏ, ਇਸ ਕਰਕੇ ਰੁਕੇ ਖਲੋਤੇ ਨੇ।

ਅਖਬਾਰਾਂ ਵਿਚ ਹੁਣ ਪੜ੍ਹਦੇ ਹਾਂ ਕਿ ਰੂਸ ਅਤੇ ਅਮਰੀਕਾ ਦੀ ਮਿਲਣੀ ਹੋਈ। ਕੋਈ ਫਾਇਦਾ ਹੋਣ ਦੀ ਆਸ ਹੈ। ਏਨੇ ਏਨੇ ਵਧੀਆ ਹਥਿਆਰ ਬਣਾਏ ਨੇ ਨਿਸ਼ਾਨਿਆਂ ਤੇ ਜਾਣ ਵਾਸਤੇ ਕਿ ਜੇ ਅਮਰੀਕਾ ਵਿਚੋਂ ਉਹ ਚਲਾਇਆ ਜਾਵੇ ਤਾਂ ਪੰਜ ਮਿੰਟ ਵਿਚ ਰੂਸ ਵਿਚ ਪਹੁੰਚ ਜਾਏਗਾ। ਇਕ ਫੁਟ ਦੇ ਅੰਦਰ ਅੰਦਰ ਉਹਦਾ ਨਿਸ਼ਾਨਾ ਏ। ਜਿਹੜੇ ਅਮਰੀਕਨਾਂ ਨੇ ਯੌਰਪ ਵਿਚ ਅੱਡੇ ਫਿਟ ਕੀਤੇ ਨੇ ਉਹਨਾਂ ਤੋਂ ਢਾਈ ਤਿਨ ਮਿੰਟ ਵਿਚ ਰੂਸ ਵਿਚ ਪਹੁੰਚ ਜਾਣਗੇ। ਅਸੀਂ ਵਿਨਾਸ਼ ਦੇ ਅੱਡੇ ਹੋਏ ਮੂੰਹ ਦੇ ਸਾਹਮਣੇ ਖਲੋਤੇ ਹਾਂ। ਉਹਦੇ ਤੋਂ ਬਚਾ ਸਿਰਫ਼ ਪ੍ਰੇਮ ਪਿਆਰ ਤੇ ਭਜਨ ਕਰਨ ਨਾਲ ਹੀ ਹੋ ਸਕਦਾ ਹੈ।

ਆਪਣੇ ਆਪਣੇ ਗੁਰੂ ਤੋਂ ਜੋ ਸਿਖਿਆ ਹੈ, ਇਕ ਦੂਜੇ ਨਾਲ ਮੇਲ ਮਿਲਾਪ ਹੋਣ ਨਾਲ ਹੀ ਸਾਡਾ ਬਚਾ ਹੋ ਸਕਦਾ ਹੈ। ਮੈਨੂੰ ਬਹੁਤ ਖੁਸ਼ੀ ਹੈ ਕਿ ਮੈਂ ਏਥੇ ਪਹੁੰਚ ਸਕਿਆਂ।



Sri Satguru Jagjit Singh Ji Elibrary NamdhariElibrary@gmail.com

ਕੁਦਰਤੀ ਇਕ ਸਰੀਰ ਸਿਆਮ ਵਿਚ ਬਿਮਾਰ ਹੋ ਗਿਆ ਉਸਦੇ ਲਈ ਜਾਣਾ ਪਿਆ। ਕੱਲ ਮੈਂ ਸਵੇਰੇ ਗਿਆਂ। ਉਹਨਾਂ ਬੜਾ ਹੀ ਜ਼ੋਰ ਲਾਇਆ ਹੋਰ ਸਮਾਂ ਰਹਿਣ ਲਈ। ਡਾ: ਮੁਸ਼ੱਰਫ਼ ਅਲੀ, ਅਹਿ ਸਾਡੇ ਕੋਲ ਬੈਠੇ ਨੇ, ਇਹ ਵੀ ਉਥੇ ਸਨ। ਮੇਰੇ ਪਿਛੋਂ ਇਹਨਾਂ ਦੀ ਕਾਫ਼ੀ ਪੁੱਛ ਗਿਛ ਹੋਈ ਕਿ ਉਹ ਕਿਥੇ ਚਲਾ ਗਿਆ ਏ।

ਚੋਰਾਂ ਵਾਂਗੂ ਨਿਕਲ ਕੇ ਆਇਆਂ, ਉਹਨਾਂ ਆਉਣ ਨਹੀਂ ਸੀ ਦੇਣਾ। ਸਿਆਮ ਵਾਲੇ ਕਹਿੰਦੇ ਨੇ ਇੱਕੋ ਦਿਨ ਸਵੇਰੇ ਆ ਕੇ ਚਲਾ ਗਿਆ ਇਸ ਤਰ੍ਹਾਂ ਤਾਂ ਕਦੇ ਹਿਸਟਰੀ ਵਿਚ ਹੋਇਆ ਨਹੀਂ ਜਿਸ ਵੇਲੇ ਤੋਂ ਸੱਰੇ ਪਾਤਸ਼ਾਹ ਜਾਣ ਆਉਣ ਲਗੇ ਨੇ। ਮੈਨੂੰ ਇਹ ਪਤਾ ਸੀ ਕਿ ਐਥੇ ਮੈਂ ਜ਼ਰੂਰ ਪਹੁੰਚਣਾ ਏ ਭਾਵੇਂ ਕੁਛ ਵੀ ਕਰਨਾ ਪਵੇ। ਇਹ ਸਤਿਗੁਰੂ ਦੀ ਕਿਰਪਾ ਹੀ ਹੋਈ ਕਿ ਪਹੁੰਚਿਆ ਜਾ ਸਕਿਆ। ਹੋ ਸਕਦਾ ਸੀ ਸੀਟ ਹੀ ਨਾ ਮਿਲਦੀ। ਓਧਰੋਂ ਤਾਂ ਸਾਧਨ ਸਤਿਗੁਰੂ ਨੇ ਬਣਾ ਦਿੱਤੇ। ਜਹਾਜ਼ ਦੇ ਖਰਾਬੇ ਵਾਲਾ ਇਹ ਅਟਕਾਅ ਵੀ ਸਤਿਗੁਰੂ ਦੀ ਰਜ਼ਾ ਨਾਲ ਹੀ ਪਿਆ। ਹਵਾਈ ਜਹਾਜ਼ ਲੇਟ ਹੋਇਆ। ਪੁਰਜ਼ਾ ਹੈਦਰਾਬਾਦੋਂ ਆਉਣਾ ਸੀ। ਸੋ ਚਿਰ ਲੱਗਿਆ।

ਹਵਾਈ ਜਹਾਜ਼ ਸਾਨੂੰ ਏਥੋਂ ਦੀ ਉਤੋਂ ਦੀ ਲੈ ਕੇ ਗਿਆ ਭੈਣੀ ਸਾਹਿਬ ਤੇ ਰਾਈਆਂ ਦੇ ਨੇੜਿਓਂ ਦੀ। ਜਿਹੜੀ ਗੱਲ ਆਪਾਂ ਕਰਨੀ ਹੈ, ਇਹ ਹੈ ਕਿ ਆਪਣੇ ਆਪਣੇ ਧਰਮ ਅਨੁਸਾਰ, ਆਪਣੇ ਸਤਿਗੁਰੂ ਨੂੰ ਮੰਨਦਿਆਂ ਹੋਇਆਂ ਆਪਸ ਵਿਚ ਸਾਰਿਆਂ ਨੂੰ ਪ੍ਰੇਮ ਪਿਆਰ ਕਰਨਾ ਚਾਹੀਦਾ ਹੈ।

ਤੁਸੀਂ ਜ਼ਿਮੀਦਾਰ ਹੋ। ਇਕ ਦੂਜੇ ਦੀ ਖੇਤੀ ਵੇਖਦੇ ਹੋ ਕਿ ਉਹਦੀ ਖੇਤੀ ਕਿਸ ਤਰ੍ਹਾਂ ਚੰਗੀ ਹੋਈ ਹੈ, ਸੋਚਦੇ ਹੋ ਮੈਂ ਵੀ ਆਪਣੀ ਖੇਤੀ ਉਸੇ ਤਰ੍ਹਾਂ ਚੰਗੀ ਕਰਾਂ, ਏਸੇ ਤਰ੍ਹਾਂ ਈ ਇੱਕ ਦੂਸਰੇ ਦੇ ਧਰਮ ਤੋਂ ਚੰਗੀ ਸਿੱਖਿਆ ਲੈ ਕੇ ਆਪਣੇ ਧਰਮ ਦਾ ਵਾਧਾ ਕਰਨਾ ਚਾਹੀਦਾ ਹੈ। ਆਪਸ ਵਿਚ ਪ੍ਰੇਮ ਪਿਆਰ ਕਰਨਾ ਚਾਹੀਦਾ ਹੈ। ਵਖ ਵਖ ਦੇਸ਼ ਜਿਨ੍ਹਾਂ ਦਾ ਇਕ ਦੂਜੇ ਨਾਲ ਧਰਮ ਵੀ ਨਹੀਂ ਮਿਲਦਾ, ਆਪਸ ਵਿਚ ਪ੍ਰੇਮ ਪਿਆਰ ਦੀਆਂ ਪੀਂਘਾਂ ਪਾਉਣ ਲਈ ਹੱਦ ਤੋਂ ਵੱਧ ਕੋਸ਼ਿਸ਼ ਕਰ ਰਹੇ ਨੇ ਜੀਹਦੇ ਵਿਚ ਰੂਸ ਵਾਲੇ ਬਹੁਤ ਵਡਾ ਹੱਥ ਵਟਾ ਰਹੇ ਹਨ।

ਮੈਨੂੰ ਬੜੀ ਖੁਸ਼ੀ ਹੈ ਕਿ ਅਸੀਂ ਸਾਰੇ ਕੱਠੇ ਹਾਂ। ਇਸ ਤੋਂ ਵੱਧ ਖੁਸ਼ੀ ਹੋਰ ਹੋਵੇਗੀ ਜੇ ਅਸੀਂ ਇਸ ਇਕੱਠ ਨੂੰ ਹੋਰ ਵੀ ਵਧਾਈਏ। ਕਿੰਨੀ ਵਧੀਆ ਗੱਲ ਹੈ ਕਿ ਸਾਡੇ ਪਿੰਡ ਵਿਚ ਕੋਈ ਕੇਸ ਨਹੀਂ। ਏਧਰ ਰਾਈਆਂ ਵਾਲੇ ਸਰਪੰਚ ਸਾਹਿਬ ਵੀ ਕਹਿ ਰਹੇ ਹਨ ਕਿ ਅਸਾਂ ਏਥੇ ਮੁਕੱਦਮਾ ਕੋਈ ਨਹੀਂ ਰਹਿਣ ਦੇਣਾ। ਸੁਖਦੇਵ ਸਿੰਘ ਨੇ ਬਹੁਤ ਵੱਡਾ ਹੱਥ ਵਟਾਇਐ। ਗੁਰਮੇਲ ਸਿੰਘ ਅਤੇ ਹੋਰ ਸਾਰਿਆਂ ਨੇ ਇਸ ਕੰਮ ਵਿਚ।

ਸਭ ਤੋਂ ਬਹੁਤਾ ਧੰਨਵਾਦ ਤਾਂ ਮੈਂ ਮਹੰਤ ਹੋਰਾਂ ਦਾ ਹੀ ਕਰਾਂਗਾ ਜਿਨ੍ਹਾਂ ਨੇ ਇਹ ਕਿਰਪਾ ਕੀਤੀ ਏ ਤੇ ਸਾਡੇ ਨਾਲ ਤਾਲ ਮੇਲ ਬਣਾਈ ਰੱਖਿਐ। ਮੇਰਾ ਇਹ ਜੀ ਨਹੀਂ ਸੀ ਕਰਦਾ ਬਿਨਾ ਮਹੰਤ ਜੀ ਨਾਲ ਤਾਲ ਮੇਲ ਤੋਂ ਏਥੇ ਆਉਣ ਤੇ। ਅਸਾਂ ਝਗੜਾ ਤਾਂ ਕੋਈ ਕਰਨਾ ਹੀ ਨਹੀਂ ਸੀ। ਇਸ ਇਕੱਠ ਨੂੰ ਹੋਰ ਵੀ ਪਾਣੀ ਦੇ ਕੇ ਵਧਾਇਆ



Sri Satguru Jagjit Singh Ji Elibrary NamdhariElibrary@gmail.com

ਜਾਵੇ। ਆਪਣੇ ਇਲਾਕੇ ਵਿਚ ਸ਼ਾਂਤੀ ਹੋਵੇ, ਭਾਰਤ ਵਿਚ ਹੋਵੇ, ਭਾਰਤ ਦੇ ਮਗਰ ਲਗ ਕੇ ਦੂਸਰੇ ਦੇਸ਼ ਵੀ ਸ਼ਾਂਤੀ ਵਾਲੇ ਪਾਸੇ ਵਧਣ ਤਾਂ ਕਿ ਲੋਕ ਸੁਖ ਦਾ ਸਾਹ ਲੈ ਸਕਣ। ਕਰੋੜਾਂ ਤੇ ਅਰਬਾਂ ਰੁਪੈਆਂ ਦੇ ਜੋ ਮਾਰੂ ਹਥਿਆਰ ਤੇ ਦੁਆਈਆਂ ਬਣਦੀਆਂ ਹਨ, ਉਹਨਾਂ ਦੀ ਥਾਂ ਗਰੀਬਾਂ ਨੂੰ ਪੈਸਾ ਮਿਲੇ, ਜ਼ਮੀਨਾਂ ਮਿਲਣ, ਵਾਹੀ ਦੇ ਸੰਦ ਮਿਲਣ। ਬਾਕੀ ਦੇ ਕੰਮ ਕਰਨ ਲਈ ਫੈਕਟਰੀਆਂ ਲਗ ਜਾਣ ਤਾਕਿ ਲੋਕੀਂ ਆਰਾਮ ਨਾਲ ਕੰਮ ਕਰ ਸਕਣ।

ਆਪਣੇ ਧਰਮਾਂ ਵਿਚ ਚਲਦਿਆਂ ਅਸੀਂ ਸੁਰਖਰੂ ਜੀਵਨ ਬਿਤਾ ਸਕੀਏ। ਇਹੋ ਅਰਜ਼ ਕਰਕੇ ਆਪ ਤੋਂ ਆਗਿਆ ਲਵਾਂਗਾ।

ਪੰਜ ਵਜੇ ਸ਼ਾਮੀ ਸੰਤ ਪੂਰਬੇ ਦੀ ਅਰਦਾਸ ਨਾਲ ਇਹ ਸਭਾ ਸਮਾਪਤ ਹੋਈ। ਅੱਜ ਤਿਨ ਪੀਪੇ ਦੇਸੀ ਘਿਉ ਦਾ ਕੜਾਹ ਪ੍ਰਸ਼ਾਦ ਆਈ ਸੰਗਤ ਤੇ ਪਿੰਡ ਵਾਲਿਆਂ ਵਿਚ ਵੰਡਿਆ ਗਿਆ। ਸਭ ਪਾਸਿਓਂ ਚੰਗੇ ਚੰਗੇ ਦੀ ਭਿਣਕ ਪੈ ਰਹੀ ਸੀ।

ਏਥੋਂ ਸਾਰੀਆਂ ਗੱਡੀਆਂ ਸਤਿਗੁਰੂ ਜੀ ਦੀ ਗੱਡੀ ਦੀ ਅਗਵਾਈ ਵਿਚ ਭੈਣੀ ਸਾਹਿਬ ਨੂੰ ਤੁਰ ਪਈਆਂ। ਭੈਣੀ ਸਾਹਿਬ ਤੋਂ ਰਾਈਆਂ ਨੂੰ ਸੜਕ ਬਣਨੀ ਸ਼ੁਰੂ ਹੋਈ ਹੋਈ ਹੈ। ਫਰਸ਼ ਤੇ ਇੱਟਾਂ ਤਾਂ ਲਗ ਗਈਆਂ ਹਨ ਪਰ ਲੁਕ ਤੇ ਬੱਜਰੀ ਪੈਣੀ ਹੈ ਅਜੇ।

ਸਤਿਗੁਰੂ ਜੀ ਦੇ ਅਚਾਨਕ ਥਾਈਲੈਂਡ ਪਹੁੰਚ ਬਾਰੇ ਮਹਿੰਦਰ ਸਿੰਘ ਪੂਰਬਾ ਨੇ ਦਸਿਆ ਕਿ : ਸਤਿਗੁਰੂ ਜੀ ਤੇ ਮੈਂ ਅਕੇਲੇ ਹੀ ਤੇ ਖ਼ੁਫੀਆ ਹੀ ਬਿਨਾਂ ਕਿਸੇ ਨੂੰ ਵੀ ਭਿਣਕ ਪਿਆਂ ਜਹਾਜ਼ ਤੇ ਚੜ੍ਹੇ ਸਾਂ। ਅੱਗੇ ਬੈਂਕੋਕ ਵੀ ਅਸੀਂ ਟੈਕਸੀ ਕਰਕੇ ਗਏ। ਬੈਂਕੋਕ ਵਿਚ ਅਸਾਂ ਕੇਵਲ ਸੰਤ ਪ੍ਰਿਥੀਪਾਲ ਸਿੰਘ ਖਾਣੀਜੋਂ ਨੂੰ ਇਹ ਪੱਕੀ ਕਰਕੇ ਕਿ ਉਹ ਹੋਰ ਕਿਸੇ ਨੂੰ ਨਾ ਦੱਸੇ, ਇਕ ਚੌਂਕ ਵਿਚ ਬੁਲਾਇਆ ਤੇ ਉਸਦੇ ਸੜਕਾਂ ਦੱਸਣ ਤੇ ਜਿਸ ਹਸਪਤਾਲ ਵਿਚ ਸ. ਕੁਲਦੀਪ ਸਿੰਘ ਕੈਂਸਰ ਦੀ ਮਰਜ਼ ਨਾਲ ਪਿਆ ਸੀ, ਜਾ ਕੇ ਸ੍ਰੀ ਸਤਿਗੁਰੂ ਜੀ ਨੇ ਰੋਗੀ ਨੂੰ ਦਰਸ਼ਨ ਦਿਤੇ। ਉਸ ਦੀਆਂ ਖੁਸ਼ੀਆਂ ਦਾ ਕੋਈ ਪਾਰ ਨ ਰਿਹਾ। ਦੂਜਾ ਕੰਮ ਅੱਜ ਇਹ ਕੀਤਾ ਕਿ ਦੋ ਲਖ ਵੱਧ ਵੋਟ ਨਾਲ ਜਿਤੇ ਕਰਨਲ ਚਿਮਲਾਂਗ-ਥਾਈਲੈਂਡ ਵਿਚ ਸ਼ਾਕਾਹਾਰ ਤਹਿਰੀਕ ਦਾ ਆਗੂ-ਨੂੰ ਮੁਬਾਰਕ ਦੇਣ ਉਸਦੀ ਕੋਠੀ ਪਹੁੰਚੇ। ਉਸਨੂੰ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਬਹੁਤ ਪ੍ਰਸੰਨਤਾ ਹੋਈ। ਉਹ ਚਾਵਾਂ ਵਿਚ ਮਸਤ ਸਤਿਗੁਰੂ ਜੀ ਦੇ ਅੱਗੇ ਪਿਛੇ ਤੁਰਿਆ ਫਿਰੇ। ਰਾਤੀਂ 10 ਵਜੇ ਤਕ ਦਿੱਲੀ ਪਰਤ ਆਏ ਸਾਂ।

ਸ੍ਰੀ ਸਤਿਗੁਰੂ ਜੀ ਕੁਝ ਤੱਥਾਂ ਵਲ ਵਧੇਰੇ ਸੁਚੇਤ ਹਨ। ਰਾਈਆਂ ਵਾਲੇ ਡੇਰੇ ਤੇ ਨਾਮਧਾਰੀ ਸੰਗਤ ਦਾ ਕਬਜ਼ਾ, ਸਤਿਗੁਰੂ ਜੀ ਦਾ ਰਾਈਆਂ ਡੇਰੇ ਵਿਚ ਪ੍ਰਥਮ ਪਰਵੇਸ਼ ਅਤੇ ਮਹੰਤ ਮਸਤ ਰਾਮ ਜੀ ਨਾਲ ਮਿਲਣੀ- ਇਸ ਸਭ ਨੂੰ ਵੀਡੀਓ ਰਿਕਾਰਡਿੰਗ ਦੁਆਰਾ ਸੰਭਾਲਣਾ ਚਾਹੁੰਦੇ ਸਨ। ਸੁਰੰਮ੍ਰਿਤ ਸਿੰਘ ਹੰਸਪਾਲ ਨੂੰ ਭਾਵੇਂ ਏਸੇ ਲਈ ਹਵਾਈ ਸਫਰ ਦੁਆਰਾ ਨਾਲ ਲਿਆਂਦਾ ਗਿਆ ਸੀ, ਪਰ ਕੈਮਰੇ ਦੀ ਖਰਾਬੀ ਕਾਰਨ ਇਹ ਵੇਲਾ ਸੰਭਾਲਿਆ ਨਾ ਜਾ ਸਕਿਆ। ਸੋ ਸੰਤ ਗੁਰਮਖ ਸਿੰਘ ਲੁਹਾਰਾਂ ਦੇ ਸੁਝਾਅ


Sri Satguru Jagjit Singh Ji Elibrary NamdhariElibrary@gmail.com

'ਚ ਮੰਡੀ ਨੂੰ ਫੋਨ ਕਰਵਾਇਆ ਗਿਆ। ਸੰਤ ਤਰਲੋਕ ਸਿੰਘ ਮੰਡੀ ਤੇ ਉਨ੍ਹਾਂ ਦਾ ਲੜਕਾ ਜਸਵਿੰਦਰ ਸਿੰਘ ਵੀ ਭੈਣੀ ਸਾਹਿਬ ਹੀ ਸਨ। ਤਰਲੋਕ ਸਿੰਘ ਨੂੰ ਲੁਧਿਆਣਾ ਭੇਜ ਕੇ ਮੰਡੀ ਫੋਨ ਕਰਵਾਇਆ ਕਿ ਕੋਈ ਜ਼ਿੰਮੇਦਾਰ ਵਿਅਕਤੀ ਉਨ੍ਹਾਂ ਦਾ ਵੀਡੀਓ ਕੈਮਰਾ ਲੈ ਕੇ ਰਾਤ ਦੀ ਬੱਸੇ ਲੁਧਿਆਣੇ ਨੂੰ ਆ ਜਾਵੇ ਤੇ ਕਟਾਣੀ ਆਣ ਉਤਰੇ। ਤਾਕਿ ਕੱਲ ਮਹੰਤ ਮਸਤ ਰਾਮ ਜੀ ਨਾਲ ਮਿਲਣੀ ਰਿਕਾਰਡ ਹੋ ਸਕੇ।

ਰਾਈਆਂ ਤੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਦੀ ਕਾਰ ਬਿਰਧਸ਼ਾਲਾ ਵਿਚ ਆ ਰੁਕੀ। ਸਫੈਦ ਬਿਸਤਰਿਆਂ ਵਿਚ ਸਾਫ਼ ਕਪੜਿਆਂ ਨਾਲ ਜਚਦੇ ਬਿਰਧ ਪ੍ਰਸ਼ਾਦ ਪਾਣੀ ਛਕ ਰਹੇ ਸਨ। ਸਮੇਂ ਦੀ ਵਰਤੋਂ ਕਰਨ ਲਈ ਡਾ: ਮੂਸਾ ਨਾਲ ਆਪ ਜੀ ਗਊਸ਼ਾਲਾ ਵਿਚ ਪਧਾਰੇ। 70 ਸਾਲਾ ਸੂਬਾ ਵਰਿਆਮ ਸਿੰਘ ਜਮਸ਼ੇਰੀਆ ਗਊਸ਼ਾਲਾ ਦਾ ਮੁਖੀ ਹੈ। ਗਊ ਸੇਵਕ ਹੋਰ ਵੀ ਜੁੜ ਗਏ। ਡੇਢ ਸੌ ਦੇ ਕਰੀਬ ਗਊਆਂ ਤੇ ਉਨ੍ਹਾਂ ਦੇ ਵੱਛੇ ਪੱਕੀਆਂ ਖੁਰਲੀਆਂ ਵਿਚ ਪਏ ਤੂੜੀ ਤੰਦ ਨਾਲ ਸੰਤੁਸ਼ਟ ਆਪਣੀ ਆਪਣੀ ਖੁੰਟੀਆਂ ਨਾਲ ਬਝੀਆਂ ਬੈਠੀਆਂ ਸਨ। ਦੋਹਾਂ ਲੰਬੀਆਂ ਖੁਰਲੀਆਂ ਦਰਮਿਆਨ ਲਾਂਘਾ ਸੁਹਣਾ ਸੀ। ਸੇਵਕ ਦੋਹੀਂ ਪਾਸੀਂ ਪੱਠੇ ਤੂੜੀ ਵੰਡ ਵੜੇਵਾਂ ਆਦਿ ਪਾ ਸਕਦਾ ਹੈ। ਚੜ੍ਹਦੇ ਪਾਸੇ ਸਫ਼ੈਦ ਗਊਆਂ, ਥਾਰ ਪਾਰਕਰ ਨਸਲ ਦੀਆਂ ਪਰ ਮੁਖ ਰੂਪ ਵਿਚ ਸਾਹੀਵਾਲ ਨਸਲ ਦੀਆਂ, ਲਹਿੰਦੇ ਪਾਸੇ ਦੀ ਖੁਰਲੀ ਤੇ ਸਾਹੀਵਾਲ ਨਸਲ ਦੀਆਂ ਲਾਲ ਰੰਗੀਆਂ ਗਊਆਂ।

ਸੂਬਾ ਵਰਿਆਮ ਸਿੰਘ ਨੇ ਭੂਰੀ ਗਊ ਦੀ ਇਕ ਧੀ ਵਖਾਈ ਜਿਹੜੀ ਹੁਣ 10ਵੇਂ ਸੂਏ ਵਿਚ19 ਕਿਲੋ ਦੁੱਧ ਦੇ ਰਹੀ ਹੈ। ਚਿੱਟੀਆਂ ਹਰਿਆਣਵੀ ਗਊਆਂ ਵਿਚ ਏਨਾ ਦੁੱਧ, ਗੁਰੂ ਕੀ ਗਊਸ਼ਾਲਾ ਦੀ ਕਰਾਮਾਤ ਹੈ। ਇਸ ਦੀ ਮਾਂ ਦੇ ਦੁੱਧ ਘਿਉ ਦੀ ਬਹੁਲਤਾ ਕਾਰਨ ਹੀ 1965 ਦਾ 'ਗੋਪਾਲ ਰਤਨ' ਖਿਤਾਬ ਸਤਿਗੁਰੂ ਜੀ ਨੂੰ ਮਿਲਿਆ ਸੀ। ਪਰ ਉਸਦੀ ਧੀ ਵੀ ਕੇਹੜੀ ਘੱਟ ਸੀ।

ਪਿੰਡ ਦੀਆਂ ਇਸ ਗਊਸ਼ਾਲਾ ਨਾਲ ਲੱਗੀਆਂ ਥਾਵਾਂ ਖਰੀਦ ਕੇ ਗਊਸ਼ਾਲਾ ਦਾ ਸਥਾਨ ਗਲੀ ਤਕ ਖੁਲ੍ਹਾ ਕਰ ਦਿੱਤਾ ਗਿਆ ਹੈ। ਖੁਲ੍ਹੇ ਵਰਾਂਡਿਆਂ ਉਤੇ ਦੋ ਛੱਤਾ ਮਕਾਨ ਪਾ ਕੇ ਥਾਂ ਦੀ ਭਰਪੂਰ ਵਰਤੋਂ ਕੀਤੀ ਗਈ ਹੈ।

ਜਿਸ ਚੀਨੀ ਘੋੜੀ ਨੂੰ ਸਤਿਗੁਰੂ ਜੀ ਆਉਂਦਿਆਂ ਹੀ, ਪਸ਼ੂ ਸ਼ਾਲਾ ਵਿਚ ਘਾਹ ਚਾਰਿਆ ਸੀ ਉਹ ਦੋਬਾਰਾ ਹਿਣਕ ਟੱਪ ਕੇ ਸਤਿਗੁਰੂ ਜੀ ਨੂੰ ਬੁਲਾ ਰਹੀ ਸੀ। ਡਾ: ਮੁਸ਼ੱਰਫ਼ ਅਲੀ ਨੇ ਦਿਲਚਸਪੀ ਲਈ: ਇਹ ਤਾਂ ਆਪ ਜੀ ਨੂੰ ਫਿਰ ਬੁਲਾ ਰਹੀ ਹੈ। ਸਤਿਗੁਰੂ ਜੀ ਨੇ ਸੇਵਕ ਤੋਂ ਦੁਬਾਰਾ ਲੂਸਣ ਮੰਗਵਾ ਚੀਨੀ ਦੇ ਮੂੰਹ ਵਿਚ ਦਿੰਦਿਆਂ ਦੱਸਿਆ: ਘੋੜੀ ਤਾਂ ਦੇਸੀ ਹੈ, ਪਰ ਪਹਿਲੀ ਨਜ਼ਰੇ ਹੀ ਪਸੰਦ ਆ ਗਈ। ਹੁਣ ਇਹ ਅੰਦਰ ਆਵਾਂ ਤਾਂ ਮੈਥੋਂ ਪਿਆਰ ਮੰਗਦੀ ਹੈ। ਜਾਂਦਿਆਂ ਵੀ ਕਹਿੰਦੀ ਹੈ, ਪੱਠੇ ਹੱਥੀਂ ਚਾਰ ਕੇ ਜਾਵੋ।

ਏਨੇ ਚਿਰ ਨੂੰ ਬਿਰਧ ਵਿਹਲੇ ਹੋ ਚੁਕੇ ਸਨ। ਅਠਾਰਾਂ ਬਿਸਤਰੇ ਰੁਕੇ ਹੋਏ ਸਨ। ਸਤਿਗੁਰੂ ਜੀ ਨੇ ਇਕ ਪਾਸਿਓਂ ਤੁਰ ਸਭ ਨੂੰ ਕਿਰਤਾਰਥ ਕੀਤਾ। ਹਿੰਮਤ ਵਾਲੇ ਉਠਕੇ



Sri Satguru Jagjit Singh Ji Elibrary NamdhariElibrary@gmail.com

ਮੰਜਿਓਂ ਉਤਰ ਕੇ ਚਰਨੀਂ ਹਥ ਲਾਂਦੇ। ਕਮਜ਼ੋਰਾਂ ਦੀਆਂ ਹੀਂਅ ਤੇ ਸੱਚੇ ਪਾਤਸ਼ਾਹ ਚਰਨ ਰਖ ਦਿੰਦੇ। ਸੰਤ ਸੁੱਚਾ ਸਿੰਘ ਲਾਂਗਰੀ ਵਰਗੇ ਬਿਰਧ ਰੁਪੈਆ ਰਖ ਕੇ ਮੱਥਾ ਟੇਕਣ ਵਾਲੇ ਸਨ। ਬਿਰਧਾਂ ਵਿਚ ਇਕ ਜੁਆਨ ਵੀ ਸੀ ਜਿਸਦਾ ਹੇਠਲਾ ਧੜ ਹੈ ਹੀ ਨਹੀਂ ਸੀ। ਦੋ ਮਾਈਆਂ ਵੀ ਮੌਜੂਦ ਸਨ। ਸਾਰਿਆ ਦਾ ਦੁਖ ਸੁਖ ਸੁਣ, ਸੇਵਕਾਂ ਨੂੰ ਹਦਾਇਤਾਂ ਦੇ ਆਪ ਜੀ ਰਾਮਸਰ ਵਾਸਤੇ ਕਾਰ ਸਵਾਰ ਹੋਏ। ਏਥੇ ਵੀ ਕਾਫ਼ੀ ਸੰਗਤ ਆਪ ਜੀ ਦੀ ਇੰਤਜ਼ਾਰ ਵਿਚ ਸੀ।

ਮੈਂ ਤਾਂ ਛੇਤੀ ਨਾਲ ਆਪਣੇ ਨਿਵਾਸ ਦਾ ਪ੍ਰਬੰਧ ਕੀਤਾ। ਅੱਜ ਦੀ ਰਾਤ ਸੰਤ ਗੁਰਮਖ ਸਿੰਘ ਲੁਹਾਰਾਂ ਦੇ ਘਰ ਕੱਟੀ। ਘਰ ਦੀ ਮਲਕਾ, ਰਾਣੀ, ਦੂਸਰੇ ਨਵਜਾਤ ਸ਼ਿਸ਼ੂ ਦੀ ਦੇਖਭਾਲ ਕਰ ਰਹੀ ਸੀ।

ਸੰਤ ਮਹਿੰਦਰ ਸਿੰਘ ਧੰਨੇ ਵਾਲੇ ਆਪਣੇ ਸੇਵਕਾਂ ਸਮੇਤ ਪੁੱਜੇ ਹੋਏ ਸਨ ਤਾ ਕਿ ਚਰਨ ਪੁਆਉਣ ਦਾ ਸਮਾਂ ਨਿਸਚਿਤ ਕਰਵਾ ਸਕਣ। ਮਾ: ਨਿਹਾਲ ਸਿੰਘ ਪੰਥ ਰਤਨ, ਪ੍ਰਧਾਨ ਨਾਮਧਾਰੀ ਦਰਬਾਰ, ਸਤਿਜੁਗ ਸੰਪਾਦਕ ਸਨਖਤਰਾ, ਮੋਹਾਲੀ ਤੋਂ ਮੇਰਾ ਦਾਮਾਦ ਸ. ਕੇਹਰ ਸਿੰਘ ਹਮਰਾਹੀ, ਦਿਲੀਓਂ ਸ. ਜੰਗ ਬਹਾਦਰ ਸਿੰਘ ਆਦਿ ਅਨੇਕਾਂ ਹੋਰ ਸਰੀਰ ਵੀ ਮਿਲੇ।

ਦਿੱਲੀਓਂ ਰੇਲਵੇ ਜਾਂ ਬੱਸਾਂ ਰਾਹੀਂ ਚਲਿਆ ਜਥਾ ਜਿਸ ਦੇ ਮੁਖੀ ਸੰਤ ਤਰਸੇਮ ਸਿੰਘ ਸਕੱਤਰ ਸੀ, ਵੀ 5.30 ਵਜੇ ਤੱਕ ਏਥੇ ਪਹੁੰਚ ਗਿਆ।

ਕੱਲ੍ਹ ਮੈਨੂੰ ਗੁਰਦੇਵ ਸਿੰਘ ਹਰਭਜਨ ਸਿੰਘ ਦਿੱਲੀ ਤੋਂ ਇਹ ਖਬਰ ਵੀ ਮਿਲੀ ਕਿ ਉਸਤਾਦ ਅਮਜਦ ਅਲੀ ਖਾਂ ਦੇ ਇਕ ਸ਼ਾਗਿਰਦ ਅਤੇ ਇਨ੍ਹਾਂ ਦੇ ਮਿੱਤਰ ਸ੍ਰੀ ਲਕਸ਼ਮਣ, ਬੰਬਈ, ਨੂੰ ਇਕ ਫਿਲਮ ਦੀ ਤਿਆਰੀ ਵਿਚ ਅਚਾਨਕ ਕੁਛ ਰਕਮ ਦੀ ਲੋੜ ਪੈ ਗਈ। ਉਸ ਨੇ ਸਤਿਗੁਰੂ ਜੀ ਪਾਸ ਅਰਜ਼ ਕੀਤੀ ਤਾਂ 11000 ਰੁਪਏ ਉਸਨੂੰ ਦੇ ਦਿੱਤਾ ਗਿਆ। ਉਹ ਨੇ ਇਹ ਰਕਮ ਵਾਪਸ ਕਰਨੀ ਸੀ। ਏਧਰ ਕਲ ਪਰਸੋਂ ਹੀ ਸਤਿਗੁਰੂ ਜੀ ਨੇ ਆਪਣੇ ਦੁਹਤੇ ਜੈ ਸਿੰਘ ਵਿਦਿਆਰਥੀ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ, ਵਾਸਤੇ ਸੰਗੀਤ ਸ਼ੌਕ ਪੈਦਾ ਕਰਨ ਲਈ ਉਸਤਾਦ ਹਰਭਜਨ ਸਿੰਘ ਨੂੰ ਕਿਹਾ ਤਾਂ ਉਸ ਇਕ ਸਕੂਟਰ ਦੀ ਅਰਜ਼ ਕਰ ਦਿੱਤੀ। ਸਤਿਗੁਰੂ ਜੀ ਨੇ ਉਹਦੇ ਲਈ ਸਕੂਟਰ ਦੀ ਪਰਵਾਨਗੀ ਦੇ ਦਿਤੀ। ਉਸਨੇ ਸੋਚ ਰਖਿਆ ਹੈ ਕਿ ਲਕਸ਼ਮਣ ਤੋਂ ਮੁੜੇ ਰੁਪੈ ਵਿਚ ਹੋਰ ਰਕਮ ਪੁਆ ਕੇ ਉਹ ਸਕੂਟਰ ਲੈ ਆਵੇਗਾ।

ਰਾਤੀ 9.30 ਵਜੇ ਤੋਂ ਬਾਅਦ ਮੇਰੀ ਜਾਗ ਖੁਲ੍ਹੀ ਤਾਂ ਨਾਲ ਦੀ ਮੰਜੀ ਤੇ ਬੈਠੇ ਸ੍ਰੀ ਹਮਰਾਹੀ ਨੇ ਟ੍ਰਾਂਜਿਸਟਰ ਲਗਾ ਰੱਖਿਆ ਸੀ ਜਿਸ ਚੋਂ ਨਾਮਧਾਰੀ ਤਹਿਰੀਕ ਉਤੇ ਇਕ ਰੂਪਕ ਆ ਰਿਹਾ ਸੀ। ਅੱਧੇ ਘੰਟੇ ਦਾ ਇਹ ਰੂਪਕ ਕਿਸੇ ਗ਼ੈਰ ਨਾਮਧਾਰੀ ਦੀ ਕਲਾ ਪੂਰਣ ਰਚਨਾ ਸੀ। ਜਲੰਧਰ ਰੇਡੀਓ ਵਾਲਿਆਂ ਦਾ ਇਕ ਉੱਦਮ ਸੀ।



Sri Satguru Jagjit Singh Ji Elibrary NamdhariElibrary@gmail.com

## 26 ਨਵੰਬਰ 1985 , ਮੰਗਲਵਾਰ
## ਸ੍ਰੀ ਭੈਣੀ ਸਾਹਿਬ (ਰਾਈਆਂ ਵਿਖੇ)

ਹਰੀਮੰਦਰ ਵਿਚ ਸਵੇਰ ਦੀ ਆਸਾ ਦੀ ਵਾਰ ਦੇ ਕੀਰਤਨ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿਤੇ। ਇਸ ਮੌਕੇ 300 ਦੀ ਹਾਜ਼ਰੀ ਸੀ। ਸਕੱਤਰ ਵਲੋਂ ਮੈਂ ਸੂਚਿਤ ਸਾਂ ਕਿ ਅਜ 9 ਵਜੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਮਹੰਤ ਮਸਤ ਰਾਮ ਜੀ ਆ ਰਹੇ ਹਨ। ਮੈਂ ਕਿਤੇ ਨੇੜੇ ਹੀ ਰਹਾਂ।

ਪੁਰਾਣੀ ਕੋਠੀ ਦੇ ਚੜ੍ਹਦੇ ਪਾਸੇ ਫਰਸ਼ ਉਤੇ ਦੁਵੱਲੀ ਸਫਾਂ ਅਤੇ ਕੱਪੜੇ ਵਿਛ ਗਏ। ਸ੍ਰੀ ਸਤਿਗੁਰੂ ਜੀ ਦਾ ਆਸਣ ਵਿਛ ਗਿਆ। 1960 ਤੋਂ ਜਿਸ ਮਹੰਤ ਦੇ ਖਿਲਾਫ਼ ਰਾਈਆਂ ਵਾਲੇ ਡੇਰੇ ਦੀ ਪ੍ਰਾਪਤੀ ਲਈ ਮੁਕੱਦਮਾ ਲੜਿਆ ਗਿਆ ਸੀ- ਇਹ ਉਹਦਾ ਜਾਂਨਸ਼ੀਨ ਸੀ। ਸਤਿਗੁਰੂ ਜੀ ਦੀ ਇੱਛਾ ਸੀ, ਕੇਸ ਲੜਿਆ - ਲੜਾਇਆ ਜਾਂਦਾ ਰਿਹਾ ਪਰ ਉਸਦੇ ਖ਼ਤਾਮੇ ਤੇ ਤਲਖ਼ੀ ਕਾਇਮ ਨਾ ਰਹੇ। ਇਸ ਗੱਲ ਵਾਸਤੇ ਵਿਚੋਲੇ ਜਤਨਸ਼ੀਲ ਸਨ। ਸੂਬਾ ਉਦੈ ਸਿੰਘ ਇਸ ਮੁਹਿੰਮ ਦੇ ਮੁਖੀ ਸਨ। ਇਹਨਾਂ ਦੇ ਸਾਥੀ ਭੈਣੀ ਸਾਹਿਬ ਦੇ ਵਸਨੀਕ ਸੁਖਦੇਵ ਸਿੰਘ ਸਾਬਕਾ ਸਰਪੰਚ ਤੇ ਸ. ਗੁਰਮੇਲ ਸਿੰਘ।

ਸਾਬਕਾ ਸਰਪੰਚ ਕਾਫ਼ੀ ਹੋਸ਼ਿਆਰ ਪਾਲਿਸੀ ਵਾਲਾ ਜਾਪਦਾ ਸੀ। ਕਿਉਂਕਿ ਉਹ ਜਾਣਕੇ ਕੁਛ ਐਸੀਆਂ ਛੇੜਾਂ ਛੇੜ ਦਿੰਦਾ ਹੈ ਜਿਸਨੂੰ ਗੁਰੂ ਕੇ ਪਾਸੇ ਨੇ ਕਾਫ਼ੀ ਤਦੱਬਰ ਨਾਲ ਲਿਆ। ਜਿਵੇਂ ਉਹ 11.11.85 ਦੀ ਸਤਿਗੁਰੂ ਜੀ ਨਾਲ ਮਿਲਣੀ ਸਮੇਂ ਕਹਿ ਰਿਹਾ ਸੀ ਕਿ ਮਹੰਤ ਜੀ ਜੇ ਭੈਣੀ ਸਾਹਿਬ ਸਤਿਗੁਰਾਂ ਪਾਸ ਆਉਣ ਤਾਂ ਸੱਚੇ ਪਾਤਸ਼ਾਹ ਉਨ੍ਹਾਂ ਨੂੰ ਇਕ ਨਵੀਂ ਕਾਰ ਦੇ ਕੇ ਨਿਵਾਜਣ। ਉਹ ਮਹੰਤ ਜੀ ਦੇ ਆਦਮੀਆਂ ਨੂੰ ਆਪਣੀ ਮਹੰਤ ਜੀ ਪ੍ਰਤੀ ਤਰਫ਼ਦਾਰੀ ਪ੍ਰਗਟਾਉਣਾ ਚਾਹੁੰਦਾ ਸੀ।

ਅੱਜ ਇਹ ਸਾਰੇ ਲੋਕ ਆ ਰਹੇ ਹਨ। ਮੈਂ ਜ਼ਰਾ ਉਨ੍ਹਾਂ ਵਿਅਕਤੀਆਂ ਦੇ ਨਾਮ ਤੁਹਾਨੂੰ ਦੱਸ ਲਵਾਂ ਜੋ ਮਹੰਤ ਜੀ ਦੇ ਜਥੇ ਦੇ, 9.45 ਵਜੇ ਆਉਣ ਤੇ, ਸਾਧ ਸੰਗਤ ਵਾਲੇ ਪਾਸੇ ਬੈਠੇ ਸਨ: ਠਾਕੁਰ ਦਲੀਪ ਸਿੰਘ, ਸੰਤ ਤਰਸੇਮ ਸਿੰਘ ਸਕੱਤਰ, ਪੰਡਿਤ ਗੋਪਾਲ ਸਿੰਘ, ਸੰਤ ਮਹਿੰਦਰ ਸਿੰਘ ਪੂਰਬਾ, ਸ. ਕੇਹਰ ਸਿੰਘ ਹਮਰਾਹੀ, ਮੋਹਾਲੀ, ਮਸਤਾਨਾ ਹਰਦੇਵ ਸਿੰਘ ਭੈਣੀ ਸਾਹਿਬ: ਸਤਿਜੁਗ ਸੰਪਾਦਕ ਸਨਖਤਰਾ, ਨਿਰੀਖਿਅਕ ਸੰਪਾਦਕ ਦਲੀਪ ਸਿੰਘ, ਸੰਤ ਮੇਹਰ ਸਿੰਘ ਕਾਨਪੁਰ, ਨੈਰੋਬੀ ਦੇ ਸੂਬਾ ਦਰਸ਼ਨ ਸਿੰਘ ਦਾ ਸਪੁੱਤਰ ਸ. ਕੁਲਦੀਪ ਸਿੰਘ ਰੂਪ ਰਾਇ, ਸ. ਜਸਵੰਤ ਸਿੰਘ ਕੱਲਾ, ਸੰਤ ਰਘੁਬੀਰ ਸਿੰਘ ਡਰਾਈਵਰ, ਸੰਤ ਨਾਜਰ ਸਿੰਘ ਸਕੱਤਰ ਸਹਾਇਕ, ਸੰਤ ਗੁਰਤੇਜ ਸਿੰਘ ਸੇਵਕ, ਸੰਤ ਕਸ਼ਮੀਰ ਸਿੰਘ ਆਓ ਭਗਤ, ਪੰਡਤ ਜਸਵੰਤ ਸਿੰਘ, ਸੰਤ ਕਪੂਰ ਸਿੰਘ ਪੇਸ਼ਕਾਰ, ਸਾਰੇ ਭੈਣੀ ਸਾਹਿਬ ਗੁਰਦੁਆਰੇ ਤੋਂ ਵਾਜ਼ਲਕਾ ਦੇ ਸੰਤ ਤਰਲੋਕ ਸਿੰਘ, ਸੰਤ ਲੱਖਾ ਸਿੰਘ, ਸ. ਅਜੀਤ ਸਿੰਘ, ਸ. ਜੈ



Sri Satguru Jagjit Singh Ji Elibrary NamdhariElibrary@gmail.com

ਦਿਆਲ ਸਿੰਘ, ਮੰਡੀ ਹਿਮਾਚਲ ਤੋਂ ਸੰਤ ਤਰਲੋਕ ਸਿੰਘ, ਸੰਤ ਜਸਵੰਤ ਸਿੰਘ ਹਲਵਾਈ, ਸ. ਜਸਵਿੰਦਰ ਸਿੰਘ।

ਮਹੰਤ ਮਸਤ ਰਾਮ ਜੀ ਜਿਹੜੇ ਪੂਰੇ ਸਿੱਖੀ ਸਰੂਪ ਵਿਚ ਸਿਖ ਲਗਦੇ ਸਨ, ਹੇਠ ਲਿਖੇ ਮੈਂਬਰਾਂ ਨਾਲ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਆਏ: ਮਹੰਤ ਮਸਤ ਰਾਮ ਜੀ ਦੀ ਸੁਪਤਨੀ ਬੀਬੀ ਰਜਿੰਦਰ ਕੌਰ, ਸੰਤ ਹਰੀ ਪ੍ਰਕਾਸ਼, ਜੈਤੋ ਮੰਡੀ (ਸਿੱਖੀ) ਸਰੂਪ - ਮਹੰਤ ਜੀ ਦੇ ਕੁੜਮ, ਇਹਨਾਂ ਦੇ ਘਰੋਂ ਬੀਬੀ ਪ੍ਰਕਾਸ਼ ਕੌਰ, ਮਹੰਤ ਜੀ ਦੇ ਵੱਡੇ ਲੜਕੇ ਸੰਤ ਦਰਸ਼ਨ ਦਾਸ, ਸ. ਜਗਤਾਰ ਸਿੰਘ(ਭੈਣ ਜੁਆਈ ਮਹੰਤ ਜੀ ਦਾ) ਪਿੰਡ ਪਾਂਘਲੀਆਂ, ਪਿੰਡ ਰਾਈਆਂ ਦਾ ਸਰਪੰਚ ਸ. ਜਸਵੰਤ ਸਿੰਘ, ਸ. ਉਜਾਗਰ ਸਿੰਘ ਪੰਚ ਰਾਈਆਂ, ਸ. ਭਗਵਾਨ ਸਿੰਘ ਨੰਬਰਦਾਰ ਰਾਈਆਂ (ਨਾਮਧਾਰੀ) ਸ. ਬਲਦੇਵ ਸਿੰਘ ਜਵੱਦੀ, ਵਾਸੀ ਰਾਈਆਂ, ਸ. ਜੀਉਣ ਸਿੰਘ ਪਿੰਡ ਖੱਟਰਾਂ, ਸ. ਰਛਪਾਲ ਸਿੰਘ ਪੰਜੇਟਾ ਸ. ਅਜੀਤ ਸਿੰਘ ਸਪੁੱਤਰ ਨੰਬਰਦਾਰ ਭਗਵਾਨ ਸਿੰਘ ਰਾਈਆਂ, ਸ. ਸੁਖਦੇਵ ਸਿੰਘ ਸਪੁੱਤਰ ਸ. ਬੱਗਾ ਸਿੰਘ ਪਿੰਡ ਭੈਣੀ ਸਾਹਿਬ, ਸ. ਗੁਰਮੇਲ ਸਿੰਘ ਸਪੁੱਤਰ ਸ. ਸਰਵਣ ਸਿੰਘ ਭੈਣੀ ਸਾਹਿਬ, ਸੂਬਾ ਉਦੈ ਸਿੰਘ ਸਪੁੱਤਰ ਸ. ਤੇਜਾ ਸਿੰਘ ਚੂੰਨ੍ਹੀ ਵਾਲੇ ਮੁਖੀ ਵੀ ਭੈਣੀ ਸਾਹਿਬ।

ਲੁਧਿਆਣੇ ਵਿਖੇ ਹੋਏ ਸ਼ਹੀਦਾਂ (26 ਨਵੰਬਰ 1871) ਸੂਬਾ ਗਿਆਨੀ ਸਿੰਘ ਜੀ ਅਤੇ ਸੰਤ ਰਤਨ ਸਿੰਘ ਨਾਈਵਾਲਾ ਦੀ ਯਾਦ ਵਿਚ ਲੁਧਿਆਣੇ ਦੀ ਸੰਗਤ ਵਲੋਂ ਅੱਜ ਦਾ ਮੇਲਾ ਭੈਣੀ ਸਾਹਿਬ ਹੀ ਸੀ-ਸੋ ਹਰੀਮੰਦਰ ਵਿਚ ਤਾਂ ਹੱਲੇ ਦੇ ਦੀਵਾਨ, ਸਨਖੱਤਰਾ ਜੀ ਦੇ ਦੱਸੇ ਪ੍ਰੋਗਰਾਮ ਅਨੁਸਾਰ ਚੱਲਣੇ ਸਨ। ਏਧਰ ਅੱਜ ਦਾ ਦਿਨ ਰਾਈਆਂ ਤੇ ਰਾਈਆਂ ਵਾਸੀਆਂ ਦੇ ਲੇਖੇ ਲਗਣਾ ਸੀ।

ਏਥੇ ਕੋਠੀ ਦੇ ਪੂਰਬੀ ਥੜੇ ਉਤੇ ਦੋਹਾਂ ਪਾਸਿਆਂ ਦੇ ਸੱਜਣ ਬੈਠੇ ਸਨ। ਕੋਠੀ ਦੇ ਲਾਨ ਦੇ ਕਿਨਾਰਿਆਂ ਤੇ ਲਗੇ ਸੁੰਦਰ ਫੁੱਲਾਂ ਦੀ ਵਾਸ, ਸਿਆਲੇ ਦੀ ਧੁਪ ਨਾਲ ਸੁੰਹਦੀ-ਸੁੰਹਦੀ ਰੂਹਾਂ ਤਕ ਪਹੁੰਚ ਰਹੀ ਸੀ। ਉਚਿਆਂ ਸਫੈਦਿਆਂ, ਮਾਲ ਸਿਰੀ ਦੇ ਰੁਖਾਂ, ਤੇ ਬੋਘਣ ਖਿਲੀਆ ਦੇ ਬੇ ਖੁਸ਼ਬੋ ਫੁੱਲਾਂ ਵਿਚ ਭਾਂਤ-ਭਾਂਤ ਦੇ ਪੰਛੀਆਂ ਦੀ ਕੰਨਾ ਨੂੰ ਚੰਗੀ ਲਗਦੀ ਆਵਾਜ਼ ਚੁੱਪ ਨੂੰ ਤੋੜਦੀ ਸੀ। ਘਾਹ ਉਤੇ ਛਾਵਾਂ ਵਾਲੀਆਂ ਥਾਵਾਂ ਤੇ ਅਜੇ ਵੀ ਤ੍ਰੇਲ ਤੁਪਕੇ ਸੂਰਜੀ ਕਿਰਨਾਂ ਨਾਲ ਜਗਮਗਾ ਰਹੇ ਸਨ। ਸਾਰਾ ਵਾਤਾਵਰਣ, ਇਸ ਸੁਖਦ ਮਿਲਣੀ ਦੀ ਇੰਤਜ਼ਾਰ ਵਿਚ ਸੀ।

ਸ੍ਰੀ ਸਤਿਗੁਰੂ ਜੀ ਖੱਦਰ ਦੇ ਵਸਤਰਾਂ ਵਿਚ ਹੱਸੂ ਹੱਸੂ ਕਰਦੇ ਪਊਦੇ ਪਹਿਲੀ ਆਏ। ਉਠਕੇ ਸਾਰਿਆਂ ਨੇ ਸਵਾਗਤ ਕੀਤਾ। ਸ੍ਰੀ ਸਤਿਗੁਰੂ ਜੀ ਸਭ ਉਤੇ ਵਿਛੇ ਆਸਣ ਤੇ ਹੀ ਸੁਸ਼ੋਭਤ ਹੋਏ ਤਾਂ ਮਹੰਤ ਜੀ ਨੇ ਉਠਕੇ (ਭਾਰਾ ਸਰੀਰ ਹੋਣ ਕਰਕੇ ਭਾਵੇਂ ਉਠਣਾ ਬੈਠਣਾ ਮੁਸ਼ਕਿਲ ਸੀ) ਸ੍ਰੀ ਸਤਿਗੁਰੂ ਜੀ ਨੂੰ ਆਸਣ ਪਾਸ ਪੁਜ ਸਿਰ ਨਿਵਾ ਨਮਸਕਾਰ ਕੀਤੀ। ਇੰਜ ਹੀ ਪ੍ਰੇਮ ਅਤੇ ਸਤਿਕਾਰ ਯੁਕਤ ਉਨ੍ਹਾਂ ਦੀ ਪਤਨੀ ਤੇ ਬਾਕੀ ਆਏ ਸਾਥੀਆਂ ਨੇ ਮੱਥਾ ਟੇਕਿਆ। ਸਤਿਗੁਰੂ ਜੀ ਸੁਭਾਵਕ ਨਮਰ੍ਤਾ ਨਾਲ ਹਰੇਕ ਨੂੰ



Sri Satguru Jagjit Singh Ji Elibrary NamdhariElibrary@gmail.com

ਮੁਸ਼ਕਣੀ ਜਾਂ ਦੋ ਬੋਲਾਂ ਨਾਲ ਪਿਆਰਦੇ। ਸੂਬਾ ਊਦੈ ਸਿੰਘ - ਸੁਖਦੇਵ ਸਿੰਘ ਆਦਿ ਨੇ ਮਹੰਤ ਜੀ ਦੇ ਗਲੇ ਫੁੱਲਾਂ ਦੇ ਹਾਰ ਪਾ ਸੁਆਗਤ ਸਤਿਕਾਰ ਕੀਤਾ। ਮਹੰਤ ਜੀ ਅਤੇ ਉਨ੍ਹਾਂ ਦੇ ਕੁੜਮ ਮਹੰਤ ਹਰੀ ਪ੍ਰਕਾਸ਼ ਜੈਤੋਂ ਅਤੇ ਸਰਪੰਚ ਜਸਵੰਤ ਸਿੰਘ ਆਦਿ ਨੇ ਫਿਰ ਸਤਿਗੁਰੂ ਜੀ ਨੂੰ ਪ੍ਰੇਮ ਪੂਰਵਕ ਹਾਰ ਪਹਿਨਾਏ। ਸਾਰੇ ਚਰਨੀਂ ਲਗ ਹਟੇ ਤਾਂ ਸੰਤ ਗੁਰਮੁਖ ਸਿੰਘ-ਕਸ਼ਮੀਰ ਸਿੰਘ ਆਦਿ ਨੇ ਮਹੰਤ ਜੀ ਨੂੰ ਸ੍ਰੀ ਸਤਿਗੁਰੂ ਜੀ ਵਲੋਂ ਇਕ ਪੀਪਾ ਦੇਸੀ ਘਿਉ, ਇਕ ਕੰਬਲ ਅਤੇ 5100 ਰੁਪਏ ਲਿਆਕੇ ਮਹੰਤ ਜੀ ਦੇ ਅੱਗੇ ਰੱਖ ਸਤਿਕਾਰ ਕੀਤਾ।

ਇਸ ਮੌਕੇ ਦੀਵਾਰ ਨਾਲ ਉਠਕੇ ਖਲੋਤੇ ਸ. ਸੁਖਦੇਵ ਸਿੰਘ ਸਾਬਕਾ ਸਰਪੰਚ ਭੈਣੀ ਸਾਹਿਬ ਤੋਂ ਨਾ ਰਿਹਾ ਗਿਆ। ਉਸ ਕਿਹਾ: ਦੇਣਾ ਸੀ ਤਾਂ ਲੱਖਾਂ ਦੀ ਗੱਲ ਕਰਦੇ 5100 ਦੀ ਤਾਂ ਅੱਜ ਕੱਲ ਕੱਟੀ ਵੀ ਨਹੀਂ ਆਉਂਦੀ। ਉਸ ਦੇ ਇਸ ਕੁਵੇਲੇ ਦੇ ਬੋਲ ਦਾ ਭਾਵੇਂ ਕਿਸੇ ਉੱਤਰ ਨਾ ਦਿਤਾ ਪਰ ਸਭ ਨੇ ਹੀ ਬੁਰਾ ਮਨਾਇਆ। ਸ੍ਰੀ ਸਤਿਗੁਰੂ ਜੀ ਨੇ ਤਾਂ 'ਮਹੰਤ ਜੀ' ਦੀ ਆਮਦ ਵਿਚ ਇਹ ਤਿਲਫੁਲ ਹੀ ਨੇ' ਕਹਿਕੇ ਵਕਤ ਦੀ ਨਜ਼ਾਕਤ ਨੂੰ ਬਚਾ ਲਿਆ। ਫੇਰ ਸਰਪੰਚ ਰਾਣੀਆਂ ਸ. ਜਸਵੰਤ ਸਿੰਘ ਉੱਠੇ ਅਤੇ ਉਨ੍ਹਾਂ 5100 ਰੁਪਏ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਦਿਆਂ ਅਰਜ਼ ਕੀਤੀ। ਸਾਨੂੰ ਕੰਬਲ ਹੀ ਕਾਫ਼ੀ ਹੈ ਜੀ। ਤੇ ਨਾਲ ਹੀ ਕਿਸੇ ਨੇ ਕਿਹਾ: ਸਰਦਾਰ ਜੀ ਅਸੀਂ ਤਾਂ ਇਸ ਦਰ ਦੇ ਸਦਾ ਹੀ ਮੰਗਤੇ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ: ਘਿਉ ਤਾਂ ਮਹੰਤ ਜੀ ਨੂੰ ਜ਼ਰੂਰ ਦੇਣਾ ਹੈ। ਮਹੰਤ ਜੀ ਦੇ ਕੁੜਮ ਸਾਹਿਬ ਸਿਆਣੇ ਵਿਅਕਤੀ ਹਨ। ਉਨ੍ਹਾਂ ਵੀ ਅੱਛਾ ਅੱਛਾ ਕਿਹਾ। ਸ. ਜਸਵੰਤ ਸਿੰਘ ਸਰਪੰਚ ਦਾ ਉਸਾਰੂ ਰੋਲ ਸੀ।

ਦੋ ਮਿੰਟ ਦੀ ਚੁੱਪ ਬਾਅਦ ਸ੍ਰੀ ਸਤਿਗੁਰੂ ਜੀ ਬੋਲੇ: ਸੌਦਾ ਤਾਂ ਉਹੋ ਹੈ ਜੋ ਦੋਹਾਂ ਪਾਸਿਆਂ ਨੂੰ ਪ੍ਰਵਾਨ ਹੋਵੇ। ਇਕ ਸੱਜਣ ਮਹੰਤ ਜੀ ਵਲੋਂ ਬੋਲਿਆ: ਗਿਲੇ ਸ਼ਿਕਵੇ ਦੂਰ, ਦੂਹ ਪਿੰਡਾਂ ਦਾ ਮੇਲ ਹੋ ਗਿਆ ਦੋਹਾਂ ਪਾਸਿਆਂ ਨੂੰ ਜਿਵੇਂ ਸੁਖ ਤੇ ਸੰਤੋਖ ਆ ਗਿਆ ਹੋਵੇ। ਗੱਲ ਬਾਤ ਦੀ ਸੰਜੀਦਗੀ ਦਾ ਬੋਲਣ ਵਾਲਿਆਂ ਨੂੰ ਫਿਕਰ ਸੀ। ਸਤਿਗੁਰੂ ਜੀ ਨੇ ਫੇਰ ਸ਼ੁਰੂ ਕੀਤਾ ਕਿ ਗੱਲ ਰਾਣੀਆਂ ਵਿਚ ਏਨੇ ਲੋਕਾਂ ਨੂੰ ਇਕੱਤਰ ਵੇਖਕੇ ਦੀਵਾਨ ਵਿਚ ਆਇਆਂ ਵੇਖਕੇ ਬੜੀ ਖੁਸ਼ੀ ਹੋਈ। ਅਤੇ ਇਸ ਮਿਲੌਣੀ ਉਤੇ ਚੰਦ ਸ਼ਬਦ ਹੋਰ ਆਖੇ। ਤਾਂ ਸਕੱਤਰ ਤਰਸੇਮ ਸਿੰਘ ਨੇ ਸੂਬਾ ਊਦੈ ਸਿੰਘ ਦੀ ਉਤਸੁਕਤਾ ਵੇਖ ਪੁਛਿਆ: ਕੁਝ ਕਹਿਣਾ ਜੇ! ਅਤੇ ਇਸ਼ਾਰਾ ਪਾ ਕੇ ਸੂਬਾ ਜੀ ਉਠ ਖਲੋ, ਹੱਥ ਜੋੜ ਕੇ ਨਿਰਮਾਣ ਅਵਸਥਾ ਵਿਚ ਹੋ ਆਖਿਆ: "ਸਤਿਗੁਰੂ ਜੀ, ਮਹੰਤ ਸਾਹਿਬ ਅਤੇ ਸਰਪੰਚ ਜਸਵੰਤ ਸਿੰਘ, ਇਲਾਕੇ ਦੀ ਸਾਧ ਸੰਗਤ ਤੇ ਹਰ ਆਏ ਪਤਵੰਤਿਆਂ ਦੇ ਚਰਨਾਂ ਵਿਚ ਏਹੋ ਬੇਨਤੀ ਕਰਨੀ ਹੈ ਤੇ ਕਲ ਵੀ ਕੀਤੀ ਸੀ ਕਿ ਆਹ ਜਿਹੜਾ ਮਿਲਵਰਤਣ ਹੋਇਐ ਇਹਦੀ ਬਹੁਤ ਚਿਰਾਂ ਤੋਂ ਉਡੀਕ ਸੀ। ਜਿਹੜਾ ਸ੍ਰੀ ਭੈਣੀ ਸਾਹਿਬ ਦਾ ਨਿਸ਼ਾਨਾ ਹੈ ਉਹ ਰਾਣੀਆਂ ਹੈ।" ਏਥੇ ਉਹਨਾਂ ਇਕ ਸੰਸਕ੍ਰਿਤ ਦਾ ਸ਼ਲੋਕ ਸੁਣਾਇਆ ਤੇ ਫਿਰ ਅਰਥ ਕੀਤਾ: "ਜਿਹੜਾ ਪਿੱਪਲ ਦਾ ਦਰਖਤ ਹੈ, ਉਸਦਾ



Sri Satguru Jagjit Singh Ji Elibrary NamdhariElibrary@gmail.com

ਮੂਲ ਬ੍ਰਹਮਾ ਹੈ, ਉਹ ਰਾਈਆਂ ਹੈ। ਰਾਈਆਂ ਦਾ ਅਜ ਸਾਨੂੰ ਸਬੂਤ ਮਹੰਤ ਜੀ ਨੇ, ਪੰਜੈਤ ਨੇ, ਇਲਾਕੇ ਨੇ ਕਰ ਦਿੱਤਾ ਹੈ। ਜਿਹੜਾ ਵਿਸ਼ਨੂੰ ਹੈ ਉਹ ਸ੍ਰੀ ਭੈਣੀ ਸਾਹਿਬ ਹੈ। ਸ਼ਿਵ ਟਾਹਣੀਆਂ ਸਾਖਾ ਹਨ। ਪਾਤ੍ਰ ਪਤ੍ਰ ਦੇਵਨੰ, ਜਿੰਨੇ ਪਤ੍ਰ ਸ਼ਾਖਾ ਹਨ, ਉਹ ਸਾਰੀ ਸਾਧ ਸੰਗਤ ਹੈ। ਸਤਿਗੁਰੂ ਜੀ ਨੇ ਅਪਾਰ ਕਿਰਪਾ ਕੀਤੀ ਹੈ। ਜਿਵੇਂ ਭੈਣੀ ਸਾਹਿਬ ਅਜ ਇਕ ਰਸ ਚਲ ਰਿਹਾ ਹੈ। ਇਸੇ ਤਰ੍ਹਾਂ ਮੇਰੇ ਮਨ ਵਿਚ ਇਕ ਖਾਹਸ਼ ਸੀ। ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਰਾਈਆਂ ਵੀ ਤੇ ਬੰਨਾ ਚੰਨਾ ਵੀ ਸ਼ਾਂਤੀ ਦੇ ਖੇਤਰ ਵਿਚ ਲਿਆਈਏ। ਭੈਣੀ ਸਾਹਿਬ ਦੀ ਧਰਤੀ ਨੂੰ ਸਾਰੇ ਦੇਸ਼ ਪਰਦੇਸ਼ ਤਰਸਦੇ ਹਨ। ਐਸੀ ਇਕਸਾਰਤਾ ਦੀ ਕਿਰਪਾ ਕਰੋ। ਸਤਿਗੁਰੂ ਜੀ ਕਹਿਣ ਲਗੇ, ਤੁਸੀਂ ਵੱਧ ਤੋਂ ਵੱਧ ਜਤਨ ਕਰੋ। ਸਹਿਯੋਗ ਦਿਓ ਤੇ ਲਓ। ਉਹਨਾਂ ਕੋਲ ਜਾਓ ਤੇ ਉਹਨਾਂ ਨੂੰ ਬੁਲਾਓ।"

"ਅੱਜ ਉਸ ਭਾਵਨਾ ਨੂੰ ਇਸ ਪੰਚੈਤ ਨੇ ਅਗਵਾਈ ਕਰਕੇ ਫਲ ਲਾਇਆ ਹੈ। ਜਿਸ ਤਰ੍ਹਾਂ ਸ੍ਰੀ ਭੈਣੀ ਸਾਹਿਬ ਵਿਚ ਇਹ ਰਸ ਹੈ ਉਸੇ ਤਰ੍ਹਾਂ ਰਾਈਆਂ ਵਿਚ ਵੀ ਮਿਲਵਰਤਣ ਆ ਗਈ ਹੈ। ਇਸ ਸੰਬੰਧ ਵਿਚ ਕੋਸ਼ਸ਼ ਕਰਦਿਆਂ ਜੇ ਮੇਰੀ ਤਰਫ਼ ਤੋਂ ਕੋਈ ਕਮੀ ਆਈ ਹੈ ਤਾਂ ਮੈਂ ਸਰਪੰਚ ਸਾਹਿਬ ਤੇ ਹੋਰ ਪਤਵੰਤਿਆਂ ਤੋਂ ਮਾਫ਼ੀ ਮੰਗਦਾ ਹਾਂ। ਸਤਿਗੁਰੂ ਜੀ ਕਿਰਪਾ ਕਰਨ, ਬਲ ਬਖਸ਼ਣ, ਏਸ ਇਲਾਕੇ ਵਿਚ ਜਿੰਨੇ ਹੋਰ ਪਿੰਡ ਵੀ ਹਨ ਉਨ੍ਹਾਂ ਨੂੰ ਵੀ ਐਸ ਪੱਧਰ ਤੇ ਲਿਆਣ ਦੀ ਕੋਸ਼ਸ਼ ਕਰਾਂਗਾ। ਸਤਿ ਸ੍ਰੀ ਅਕਾਲ!"

ਸੂਬਾ ਜੀ ਦੇ ਕਥਨ ਨੇ ਸਭ ਨੂੰ ਤਸੱਲੀ ਦਿੱਤੀ।

ਸ੍ਰੀ ਸਤਿਗੁਰੂ ਜੀ ਨੇ ਸੂਬਾ ਜੀ ਦੇ ਕਥਨ ਦੀ ਪੁਸ਼ਟੀ ਕਰਦਿਆਂ ਦਸਿਆ ਕਿ ਭੈਣੀ ਸਾਹਿਬ ਵਿਚ ਆਨੇ ਦੇ ਕਾਗਜ਼ ਤੇ ਵੀ ਕਿਸੇ ਦੇ ਖਿਲਾਫ਼ ਦਰਖਾਸਤ ਨਹੀਂ। "ਹੁਣ ਰਾਈਆਂ ਵਾਲੇ ਵੀ ਸਾਡੇ ਨਾਲ ਰਲ ਗਏ ਹਨ।" ਸਤਿਗੁਰੂ ਜੀ ਦੇ ਇਹ ਸ਼ਬਦ ਸੁਣ ਕੇ ਸਰਪੰਚ ਜਸਵੰਤ ਸਿੰਘ ਨੇ ਉਠ ਕੇ ਆਖਿਆ: "ਅਸਾਂ ਬਚਨ ਮੰਨ ਲਿਆ ਹੈ ਜੀ, ਅਸੀਂ ਵੀ ਏਸੇ ਪਾਸੇ ਚਲਾਂਗੇ ਜੀ।" ਸਤਿਗੁਰੂ ਜੀ: ਬਹੁਤ ਵਧੀਆ ਗੱਲ ਕੀਤੀ ਹੈ। ਅਸੀਂ ਹੋਰ ਪਿੰਡਾਂ ਨੂੰ ਵੀ ਨਾਲ ਲੈ ਕੇ ਤੁਰੀਏ। ਸਾਡੇ ਜਿਹੜੇ ਪੈਸੇ ਵਕੀਲਾਂ ਦੀਆਂ ਕੋਠੀਆਂ ਉਸਾਰਨ ਤੇ ਲਗਦੇ ਹਨ, ਉਹਨਾਂ ਨਾਲ ਗਰੀਬਾਂ ਨੂੰ ਲੀੜਾ ਕਪੜਾ ਲੈ ਦੇਈਏ ਜਾਂ ਆਪਣੇ ਹੋਰ ਕੰਮ ਸਵਾਰੀਏ। ਸੜਕ ਹੀ ਬਣਾ ਦੇਵੀਏ। ਸੱਚੇ ਪਾਤਸ਼ਾਹ ਬੜੀ ਕਿਰਪਾ ਕੀਤੀ ਹੈ। ਸਾਡੇ ਵਿਚ ਤਾਂ ਅਜਿਹੀ ਹਿੰਮਤ ਨਹੀਂ ਕਿ ਅਸੀਂ ਏਹੋ ਜਿਹੇ ਬਣ ਸਕੀਏ ਕਿ ਸਤਿਗੁਰੂ ਜੀ ਸਾਡੇ ਤੇ ਕਿਰਪਾ ਕਰਨ ਫਿਰ ਵੀ ਸਤਿਗੁਰੂ ਕਿਰਪਾ ਕਰਦੇ ਨੇ। ਅਸੀਂ ਕੱਠੇ ਹੋ ਕੇ ਬੈਠੇ ਹਾਂ, ਸਾਨੂੰ ਬਹੁਤ ਖੁਸ਼ੀ ਹੈ ਇਸ ਗੱਲ ਦੀ।

ਉਪਰੰਤ ਪਰਸਪਰ ਨਿੱਕੀ ਮੋਟੀ ਗੱਲ ਬਾਤ ਹੋਈ ਤੇ ਸਾਰੇ ਸੱਜਣ ਸ੍ਰੀ ਸਤਿਗੁਰੂ ਜੀ ਨਾਲ ਉਠ ਖਲੋਤੇ। ਸਤਿਗੁਰੂ ਜੀ ਨੇ ਆਪਣੇ ਸਕੱਤਰ ਨੂੰ ਮਹੰਤ ਸਾਹਿਬ ਦੇ ਘਰ ਪਧਾਰਨ ਲਈ ਵਕਤ ਮੁਕਰਰ ਕਰਕੇ ਦੱਸਣ ਲਈ ਕਿਹਾ। ਅਤੇ ਮੈਂ ਮਹੰਤ ਸਾਹਿਬ



Sri Satguru Jagjit Singh Ji Elibrary NamdhariElibrary@gmail.com

ਨਾਲ ਆਏ ਵਿਅਕਤੀਆਂ ਦੇ ਨਾਂ ਨੋਟ ਕਰ ਲਏ। ਘੜਿਆਲ ਨੇ ਇਸ ਵੇਲੇ10 ਵਜਾਏ। ਇਹ ਜਗਹ ਪੂਰੀ ਤਰ੍ਹਾਂ ਖਾਲੀ ਹੋ ਗਈ।

ਇਸ ਸਮੇਂ ਡਰਾਈਵਰ ਰਘੁਬੀਰ ਸਿੰਘ ਦੁਖੀ ਦਿਲ ਨਾਲ ਮੇਰੇ ਪਾਸ ਆਇਆ: ਵੇਖੋ ਜੀ! ਮੇਰਾ ਹਿਰਦਾ ਇਸ ਵੇਲੇ ਬੜਾ ਬੇਚੈਨ ਹੈ। ਸੰਤ ਮਹਿੰਦਰ ਸਿੰਘ ਖੰਨਾ ਨਾਮਧਾਰੀ ਨਹੀਂ, ਉਹ ਕੱਲ੍ਹ ਵੀ ਆਏ ਸਨ. ਉਨ੍ਹਾਂ ਨੂੰ ਟਾਈਮ ਦੱਸਣ ਲਈ ਅਜ ਵਕਤ ਦਿਤਾ ਗਿਆ। ਸਤਿਗੁਰਾਂ 9 ਵਜੇ ਤਕ ਆਉਣ ਲਈ ਕਿਹਾ ਸੀ ਪਰ ਉਹ 8.45 ਤੇ ਹੀ ਸਵੇਰੇ ਆ ਗਏ ਤਾ ਕਿ ਸੱਚੇ ਪਾਤਸ਼ਾਹ ਜੀ ਨੂੰ ਇੰਤਜ਼ਾਰ ਨਾ ਕਰਨਾ ਪਏ। ਉਹ ਕਿਸੇ ਵੀ ਸਰਕਰਦੇ ਬੰਦੇ ਨੂੰ ਕੋਲ ਨ ਪਾ ਕੇ ਦੋ ਘੰਟੇ ਉਡੀਕ ਕੇ ਪਰੇਸ਼ਾਨ ਤੇ ਨਿਰਾਸ ਹੋ ਕੇ ਚਲੇ ਗਏ ਹਨ। ਮੈਂ ਕਸ਼ਮੀਰ ਸਿੰਘ ਨੂੰ ਉਹਦਾ ਕਰਤਬ ਚੇਤੇ ਕਰਵਾਇਆ ਤਾਂ ਉਹ ਆਪਣੀਆਂ ਮਜਬੂਰੀਆਂ ਦੱਸਣ ਲੱਗਾ। ਇਕ ਵਜੇ ਮੈਨੂੰ ਪਤਾ ਲਗ ਗਿਆ ਕਿ ਸੰਤ ਰਘੁਬੀਰ ਸਿੰਘ ਨੂੰ ਹੀ ਖੰਨੇ ਸੰਤ ਮਹਿੰਦਰ ਸਿੰਘ ਜੀ ਨੂੰ ਸੁਨੇਹਾ ਦੇਣ ਲਈ ਭੇਜਿਆ ਗਿਆ ਕਿ ਸਤਿਗੁਰੂ ਜੀ ਕਲ 8 ਵਜੇ ਦਰਸ਼ਨ ਦੇਣਗੇ ਸਵੇਰੇ।

ਮਹੰਤ ਮਸਤ ਰਾਮ ਜੀ ਆਗ੍ਰਹਿ ਕਰ ਗਏ ਸਨ ਕਿ ਸਤਿਗੁਰੂ ਜੀ ਉਨ੍ਹਾਂ ਦੇ ਘਰ ਰਾਈਆਂ ਵਿਖੇ ਆ ਕੇ ਚਰਨ ਪਾਉਣ। ਸੋ 11 ਵਜੇ ਤੋਂ ਹੀ ਸਾਰੇ ਸਰਕਰਦਾ ਵਿਅਕਤੀ ਰਾਈਆਂ ਨੂੰ ਹੋ ਤੁਰੇ। ਮੈਂ ਅਤੇ ਹਮਰਾਹੀ ਜੀ, ਸਨਖਤਰਵੀ ਜੀ ਤੇ ਨਿਰੀਖਿਅਕ ਜੀ ਇਕ ਗੱਡੀ ਤੇ ਰਾਈਆਂ ਦੇ ਧੁਰ ਚੜ੍ਹਦੇ ਪਾਸੇ ਮਹੰਤ ਜੀ ਦੇ ਹਵੇਲੀ ਨੁਮਾ ਵੱਡੇ ਘਰ ਪਾਸ ਪਹੁੰਚੇ। ਸਰਪੰਚ ਜਸਵੰਤ ਸਿੰਘ ਤੇ 5-7 ਹੋਰ ਚੋਣਵੇਂ ਵਿਅਕਤੀ ਮਹੰਤ ਸਾਹਿਬ ਵਲੋਂ ਫੁੱਲਾਂ ਦੇ ਹਾਰ ਲਈ ਸਤਿਗੁਰੂ ਜੀ ਦੇ ਸੁਆਗਤ ਲਈ ਉਚੇ ਲੰਮੇ ਦਰਵਾਜ਼ੇ ਤੋਂ ਬਾਹਰ ਖਲੇ ਸਨ। ਅੰਦਰ ਮਹੰਤ ਜੀ ਅਤੇ ਉਨ੍ਹਾਂ ਦੀ ਸੁਪਤਨੀ ਅਤੇ ਲੜਕਾ ਸੁਆਗਤ ਸਥਾਨ ਬਣਾ ਸਵਾਰ ਰਿਹਾ ਸੀ। ਅੱਧਾ ਘੰਟਾ ਇੰਤਜ਼ਾਰ ਕਰਨੀ ਪਈ। ਇਸ ਮੌਕੇ ਸ.ਸਾਧੂ ਸਿੰਘ ਜਲੰਧਰ ਵਾਲਾ ਵੀ ਸਾਰੇ ਪਰਵਾਰ ਸਮੇਤ ਕਾਰ ਤੇ, ਦਰਸ਼ਨਾਂ ਲਈ ਏਥੇ ਹੀ ਆ ਪੁੱਜਾ। ਸ੍ਰੀ ਸਤਿਗੁਰੂ ਜੀ ਦੀ ਕਾਰ ਦੇ ਪਿਛੇ ਤਿੰਨ ਹੋਰ ਕਾਰਾਂ ਤੇ ਸਾਧ ਸੰਗਤ ਪਹੁੰਚੀ। ਮਾਤਾ ਜੀ ਵੀ ਵਿਸ਼ੇਸ਼ ਕਰ ਪਧਾਰੇ। ਸਮਾਂ 11.30 ਦਾ ਸੀ। ਬਾਹਰ ਖਲੋਤੇ ਮੁਖੀ ਸਜਣ ਸਤਿਕਾਰ ਪੂਰਵਕ ਸਤਿਗੁਰੂ ਜੀ, ਮਾਤਾ ਜੀ ਨੂੰ ਨਾਲ ਲੈ ਕੇ ਅੰਦਰ ਬੈਠਣ ਕਮਰੇ ਵਿਚ ਆਏ।

ਅੰਦਰ ਇਕ ਵੱਡੇ ਤਖ਼ਤਪੋਸ਼ ਤੇ ਸ੍ਰੀ ਸਤਿਗੁਰੂ ਜੀ ਵਾਸਤੇ ਆਸਣ ਸੀ। ਬਾਕੀ ਦਿਆਂ ਲਈ ਅੰਦਰ ਫ਼ਰਸ਼ ਤੇ ਬੈਠਣ ਦਾ ਪ੍ਰਬੰਧ ਸੀ। ਨਾਮਧਾਰੀ ਸੰਗਤਾਂ ਤਾਂ ਕਮਰਿਓਂ ਬਾਹਰ ਹੀ ਰਹੀ ਬਿਨਾ ਵੀਡੀਓਗ੍ਰਾਫਰਾਂ, ਕੈਮਰਾਮੈਨਾਂ ਤੇ ਕੁਝ ਜ਼ਿਮੇਵਾਰਾਂ ਦੇ। ਸਤਿਗੁਰੂ ਜੀ ਦੇ ਸਨਮੁੱਖ ਪਿੰਡ ਵਾਲੇ ਵਿਸ਼ੇਸ਼ ਵਿਅਕਤੀ ਅਤੇ ਭੈਣੀ ਸਾਹਿਬ ਤੋਂ ਗਏ ਹੋਏ ਸੱਜਣ ਮਹੰਤ ਜੀ ਦੀ ਅਗਵਾਈ ਵਿਚ ਬੈਠ ਗਏ। ਇਹ ਸਾਰਾ ਵਾਤਾਵਰਣ ਵਧੇਰੇ ਆਤਮੀਅਤਾ ਵਾਲਾ ਸੀ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਖਾਮੋਸ਼ੀ ਤੋੜਨ ਅਤੇ ਪਹਿਲ ਕਦਮੀ ਕਰਨ ਜਾਣਦੇ ਹਨ। ਆਪਨੇ ਸਾਰੇ ਦਰਸ਼ਕਾਂ ਤੇ ਘੋਖਵਾਂ ਦ੍ਰਿਸ਼ਟੀਪਾਤ ਕੀਤਾ ਤੇ ਇਕ ਸੱਜਣ ਵਲ ਇਸ਼ਾਰਾ ਕਰਕੇ ਬੋਲੇ: ਇਹ ਸਰਦਾਰ ਜੀ! ਜਵਾਬ ਮਿਲਿਆ ਪਾਲ ਸਿੰਘ ਦਾ ਲੜਕਾ ਬੁੱਧ ਸਿੰਘ ਹੈ ਜੀ। ਫਿਰ ਜਾਣਕਾਰੀ ਦੇਣੀ ਸ਼ੁਰੂ ਕਰ ਦਿਤੀ ਸੁਖਦੇਵ ਸਿੰਘ ਨੇ: ਇਹ ਹੈ ਜੀ ਸੁਰਿੰਦਰਪਾਲ ਸਿੰਘ ਭਾਗਪੁਰ ਤੋਂ ਇਹ ਪੁਰਾਣਾ ਜਾਗੀਰਦਾਰਾਂ ਦਾ ਘਰ ਹੈ ਜੀ, ਸ. ਅਜਮੇਰ ਸਿੰਘ ਸਤਿਗੁਰੂ ਜੀ ਨੇ ਜਾਗੀਰਦਾਰ ਦੇ ਵੱਡਿਆਂ ਬਾਰੇ ਪੁੱਛਿਆ ਤਾਂ ਅਜਮੇਰ ਸਿੰਘ ਹੀ ਬੋਲ ਪਏ: ਮੇਰੇ ਪਿਤਾ ਹਨ ਜੀ ਸ਼ਮਸ਼ੇਰ ਸਿੰਘ ਸ. ਪ੍ਰੀਤਮ ਸਿੰਘ ਆਦਿ। ਬਹੁਤ ਸਾਰੇ ਸੱਜਣ ਪਹਿਲਾਂ ਹੀ ਜਾਣਕਾਰੀ ਵਾਲੇ ਸਨ।

ਦੋ ਮਿੰਟ ਦੀ ਚੁੱਪ ਪਿਛੋਂ ਸ੍ਰੀ ਸਤਿਗੁਰੂ ਜੀ ਨੇ ਸ਼ੁਰੂ ਕੀਤਾ। ਭੈਣੀ ਸਾਹਿਬ ਵਿਚ ਤਾਂ ਕੋਈ ਕਿਸੇ ਦੇ ਵਿਰੁਧ ਆਨੇ ਦੀ ਦਰਖਾਸਤ ਨਹੀਂ, ਏਧਰ ਸਰਪੰਚ ਜੀ ਨੇ ਆਖਿਆ ਕਿ ਅਸੀਂ ਵੀ ਸਾਰੇ ਮਾਮਲੇ ਘਰੇ ਨਜਿੱਠ ਲਵਾਂਗੇ। ਏਨੇ ਚਿਰ ਨੂੰ ਅੰਦਰ ਹਲਚਲ ਹੋਈ ਤੇ ਮਹੰਤ ਹੋਰੀਂ ਆਪਣੇ ਬੇਟੇ ਤੇ ਕੁੜਮ ਸਾਹਿਬ ਨਾਲ ਇਕ ਖੇਸ ਅਤੇ 101 ਰੁਪਏ ਭੇਟਾ ਧਰਨ ਲਈ ਲੈ ਆਏ। ਕਿਸੇ ਨੇ ਜੈਕਾਰਾ ਛੱਡਿਆ। ਸ੍ਰੀ ਸਤਿਗੁਰੂ ਜੀ ਵਲੋਂ ਰਕਮ ਲੌਟਾਈ ਗਈ ਇਕ ਰੁਪਿਆ ਤੇ ਬਸਤਰ ਗ੍ਰਹਿਣ ਕੀਤਾ ਗਿਆ। ਮਹੰਤ ਜੀ ਅੱਗੇ ਹੋ ਕੇ ਬੈਠ ਗਏ ਸਾਥੀਆਂ ਨਾਲ ਅਤੇ ਪਿਛੋਂ ਮਾਤਾ ਚੰਦ ਕੌਰ ਜੀ ਵੀ ਘਰ-ਪਰਵਾਰ ਨੂੰ ਮਿਲ ਕੇ ਅੰਦਰ ਆ ਗਏ। ਕੁਛ ਜਗਹ ਬਣਾ ਕੇ ਮਾਤਾ ਜੀ ਉਨ੍ਹਾਂ ਦੇ ਨਾਲ ਆਈਆਂ ਬੀਬੀਆਂ ਵੀ ਬੈਠਾ ਦਿੱਤੀਆਂ ਗਈਆਂ। ਜਰਾ ਚੁਪ ਹੋਣ ਤੇ ਸ. ਸੁਖਦੇਵ ਸਿੰਘ ਬੋਲਿਆ: ਸੱਚੇ ਪਾਤਸ਼ਾਹ ਜੀ ਤੇ ਮਹੰਤ ਜੀ ਹੋਣੀ ਤੇ ਬਾਕੀ ਸਾਰੀ ਸਾਧ ਸੰਗਤ ਨੂੰ ਬੇਨਤੀ ਕਰਦਾ ਹੋਇਆ ਛੋਟੀ ਜਿਹੀ ਗੱਲ ਕਹਿਣਾ ਚਾਹੁੰਦਾ ਹਾਂ। ਸਾਧ ਸੰਗਤ ਤੇ ਮਹੰਤ ਹੋਰਾਂ ਦਾ ਸਰਪੰਚ ਹੋਰੀਂ ਟੁੱਟੇ ਫੁੱਟੇ ਲਫਜ਼ਾਂ ਵਿਚ, ਥੋੜ੍ਹਾ ਜਿਹਾ ਸ਼ੁਕਰਾਨਾ ਕਰਨ। ਸ. ਜਸਵੰਤ ਸਿੰਘ ਸਰਪੰਚ ਉਠੇ ਤੇ ਉਹਨਾਂ ਇਸ ਮੇਲ ਮਿਲਾਪ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਏਧਰੋਂ (ਮਹੰਤ ਜੀ ਦੀ ਤਰਫੋਂ) ਸ. ਜਗਤਾਰ ਸਿੰਘ ਨੇ ਓਧਰੋਂ ਇਹ ਸਰਦਾਰ (ਉਦੈ ਸਿੰਘ) ਜੀ ਨੇ ਇਹਨਾਂ ਦੇ ਸਿਰ ਤੇ ਸਿਹਰਾ ਜਾਂਦਾ ਹੈ ਅਸੀਂ ਤਾਂ ਨਾਲ ਸਾਥੀ ਹੀ ਸਾਂ। ਸਾਡੀ ਬੜੇ ਚਿਰ ਦੀ ਇਹ ਤਾਂਘ ਸੀ। ਸਾਰੇ ਸਰੋਤਿਆਂ ਹੀ ਸਰਪੰਚ ਜੀ ਦੇ ਸ਼ਬਦਾਂ ਦੀ ਦਾਦ ਦਿਤੀ।

ਫਿਰ ਸ. ਜਗਤਾਰ ਸਿੰਘ ਉਠੇ। ਉਨ੍ਹਾਂ ਕਿਹਾ: ਸਾਨੂੰ ਇਸ ਇਲਾਕੇ ਵਾਲਿਆਂ ਨੂੰ ਅਜ ਬਹੁਤ ਖੁਸ਼ੀ ਹੋਈ ਹੈ। ਕਈ ਸਦੀਆਂ ਤੋਂ ਜੁ ਰੂਹਾਂ ਵਿਛੜੀਆਂ ਹੋਈਆਂ ਸੀਆਂ ਅੱਜ ਉਹ ਇਸ ਮੇਲ ਮਿਲਾਪ ਵਿਚ ਇਕੱਠੀਆਂ ਹੋਈਆਂ ਹਨ। ਤੇ ਏਨੇ ਪਿਆਰ ਨਾਲ ਇਕੱਠੀਆਂ ਹੋਈਆਂ ਨੇ ਕਿ ਅਸੀਂ ਇਲਾਕੇ ਵਾਲੇ ਫੁੱਲੇ ਨਹੀਂ ਸਮਾਉਂਦੇ, ਏਨਾ ਚਾਅ ਹੈ ਸਾਨੂੰ। ਮਹਾਰਾਜ ਜੀ ਦੀ ਹਜ਼ੂਰੀ ਵਿਚ ਅੱਜ ਇਕੱਠੇ ਹਾਂ। ਅਸੀਂ ਰਾਈਆਂ ਵਾਲੇ ਜਿਨ੍ਹਾਂ ਨੇ ਆਪਣੀ ਹਿੰਮਤ ਸਦਕਾ, ਪਿਆਰਾ ਸਿੰਘ ਹੋਰੀਂ ਬੈਠੇ ਹਨ ਜਿਨ੍ਹਾਂ ਨੇ ਵਿਚਾਲੇ ਪੈ ਕੇ ਸਾਰੀ ਗੱਲ ਨਜਿੱਠੀ ਹੈ। ਇਹਨਾਂ ਨੂੰ ਵੀ ਮੈਂ ਵਧਾਈਆਂ ਦਾ ਪਾਤਰ



Sri Satguru Jagjit Singh Ji Elibrary NamdhariElibrary@gmail.com

ਸਮਝਦਾਂ। ਸ਼ਮਸ਼ੇਰ ਸਿੰਘ ਹੋਰੀਂ ਹੀਰਾਂ ਵਾਲੇ, ਜਗਤਾਰ ਸਿੰਘ ਹੁਰੀਂ ਬੈਠੇ ਐ, ਸਾਰਿਆਂ ਨੇ ਹੀ ਵਿਚ ਪੈ ਕੇ ਇਸ ਕਾਰਜ ਨੂੰ ਸਿਰੇ ਚਾੜ੍ਹਿਆ। ਇਹਨਾਂ ਨੂੰ ਵੀ ਮੈਂ ਮੁਬਾਰਕਬਾਦ ਦੇਂਦਾ ਹਾਂ। ਨਾਲ ਹੀ ਮਹਾਰਾਜ ਜੀ ਦਾ ਮੈਂ ਬਹੁਤ ਹੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਏਥੇ ਆ ਕੇ ਚਰਨ ਪਾਏ ਨੇ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

ਸਤਿਗੁਰੂ ਜੀ ਨੇ ਸਮਾਪਨ ਕੀਤਾ: ਇਸ ਗੱਲ ਦੀ ਤਾਂ ਬਹੁਤ ਖੁਸ਼ੀ ਹੈ ਜੋ ਕੁਝ ਹੋਇਐ। ਜੋ ਅਸੀਂ.. ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਤਾ ਨਹੀਂ ਕਿਨਿਆਂ ਸਾਲਾਂ ਤੋਂ ਮਿਲਾਪ ਦੀਆਂ ਕਾਨਫਰੰਸਾਂ ਕੀਤੀਆਂ, ਇਕੱਠ ਕੀਤੇ, ਐਹੋ ਜਿਹੀਆਂ ਗੱਲਾਂ ਬਰਦਾਸ਼ਤ ਕੀਤੀਆਂ ਜੋ ਨਾ ਕਰਨ ਯੋਗ ਸਨ। ਜਿਸ ਵੇਲੇ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ ਹੋਈ ਹੈ, ਕਿਸੇ ਨੇ ਉਸ ਵੇਲੇ ਆਖਿਆ, ਅਸੀਂ ਤਾਂ ਜਾਵਾਂਗੇ ਜੇ ਓਥੇ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਹੋਵੇ। ਸਤਿਗੁਰਾਂ ਆਖਿਆ ਅਸੀਂ ਆਪਣੇ ਮੂੰਹ ਨਾਲ ਅਰਦਾਸ ਕਰਨੀ ਹੈ ਤੁਸਾਂ ਆਪਣੇ ਮੂੰਹ ਨਾਲ ਕਰਨੀ ਹੈ, ਦਸਾਂ ਦੀ ਕਰ ਲਵੋ। ਜ਼ਰਾ ਆਪ ਓਥੇ ਬਹਿ ਕੇ ਵੇਖੀਏ ਕਿ ਇਹ ਕਿੰਨੀ ਮੁਸ਼ਕਲ ਗੱਲ ਹੁੰਦੀ ਹੈ। ਭਾਵੇਂ ਦੂਜੇ ਪਾਸਿਓਂ ਇਹ ਗੱਲ (ਮੇਲ ਮਿਲਾਪ ਵਾਲੀ) ਨਹੀਂ ਹੋਈ, ਪਰ ਫੇਰ ਵੀ ਸਤਿਗੁਰਾਂ ਆਪਣੇ ਵਾਲੇ ਪਾਸਿਓਂ ਕਰਕੇ ਸਾਰਿਆਂ ਨੂੰ 'ਕੱਠਾ ਕੀਤਾ। ਉਸ ਵਿਚ ਬਹੁਤ ਵਡਾ ਸਾਨੂੰ ਫਾਇਦਾ ਹੋਇਆ। ਜਿਹੜੀਆਂ ਮਾੜੀਆਂ ਮੋਟੀਆਂ ਸਾਡੀਆਂ ਲੜਾਈਆਂ ਝਗੜੇ ਸਨ ਉਹ ਸੁਲਹ ਵਿਚ ਤਬਦੀਲ ਹੋ ਗਏ। 1944 ਵਿਚ ਹਿੰਦੂ ਸਿੱਖ ਮਿਲਾਪ ਕਾਨਫਰੰਸ ਸਤਿਗੁਰੂ ਪ੍ਰਤਾਪ ਸਿੰਘ ਸਚੇ ਪਾਤਸ਼ਾਹ ਨੇ ਕਰਵਾਈ। ਕਈ ਵਾਰ 'ਕਠਿਆਂ ਕੀਤਾ। ਜਿਹੜੀਆਂ ਤਾਕਤਾਂ ਪਾਟਕ ਪਾਉਣ ਵਾਲੀਆਂ ਹਨ ਉਹ ਵੱਧ ਤੋਂ ਵੱਧ ਜਤਨ ਕਰਦੀਆਂ ਹਨ। ਚੋਰਾਂ ਦਾ ਗ੍ਰੋਹ ਜੇ ਤਕੜਾ ਹੋ ਜਾਵੇ ਤਾਂ ਉਹ ਪੁਲਿਸ ਵਾਲਿਆਂ ਦੀ ਕੋਈ ਪੇਸ਼ ਨਹੀਂ ਜਾਣ ਦਿੰਦਾ, ਜੇ ਪਿੰਡ ਵਾਲੇ ਨਾਲ ਰਲ ਜਾਣ ਤੇ ਪੁਲਿਸ ਵਾਲੇ ਤਕੜੇ ਹੋ ਜਾਣ ਤਾਂ ਪਿੰਡ ਵਿਚ ਕਦੇ ਚੋਰੀ ਹੋ ਹੀ ਨਹੀਂ ਸਕਦੀ। ਏਸੇ ਤਰ੍ਹਾਂ ਐਸ ਵੇਲੇ ਪਾੜੂ ਤਾਕਤਾਂ ਦਾ, ਵਖੋ ਵਖਰਿਆਂ ਕਰਨ ਵਾਲਿਆਂ ਦਾ ਬਹੁਤ ਬੋਲ ਬਾਲਾ ਹੈ। 'ਕੱਠੇ ਕਰਨ ਵਾਲਿਆਂ ਦਾ ਬੜਾ ਘਾਟਾ ਹੈ ਸਾਨੂੰ ਕਾਲੀ ਨੀਲੀ ਚਿੱਟੀ ਤੇ ਸਿਰ ਮੂੰਹ ਮੁੰਨਣ ਵਾਲੇ ਕਿਉਂ ਦਿਸਣ, ਸਾਰੇ ਬੰਦੇ ਹੀ ਕਿਉਂ ਨ ਦਿੱਸਣ! ਇਸ ਵਾਸਤੇ ਅਸੀਂ ਦੋਵੇਂ ਪਿੰਡ - ਦੋਵੇਂ ਪਿੰਡ ਆਖਣ ਨੂੰ ਵੀ ਜੀ ਨਹੀਂ ਕਰਦਾ - ਦੋਵੇਂ ਕੱਠੇ ਤਾਂ ਸੀ। ਸਤਿਗੁਰਾਂ ਕਿਰਪਾ ਕੀਤੀ ਹੈ ਹੁਣ ਫੇਰ। ਇਸ ਇਕੱਠ ਦਾ ਫਾਇਦਾ ਤਾਂ ਹੈ ਜੇ ਹੋਰ ਵੀ ਕੰਮ ਕਰੀਏ। ਜਿਵੇਂ ਤੁਸੀਂ ਆਪਣੇ ਇਕ ਖੇਤ ਵਿਚ ਮੂੰਗਫਲੀ ਬੀਜਦੇ ਓ· ਉਹਦਾ ਤੁਹਾਨੂੰ ਬੜਾ ਫੈਦਾ ਮਿਲਦੈ, ਇਹ ਗੱਲ ਬੜੀ ਵਧੀਆ ਏ। ਪਰ ਜੇ ਉਹੋ ਮੂੰਗਫਲੀ ਦਾ ਬੀ ਆਪਣੇ ਪਿੰਡ ਦੇ ਲੋਕਾਂ ਨੂੰ ਦੇ ਦਿਓ ਤਾਂ ਹੋਰ ਵੀ ਲਾਭ ਹੋਵੇ। ਜੇ ਇਲਾਕੇ ਵਿਚ ਵੰਡਿਆ ਜਾਵੇ ਤਾਂ ਹੋਰ ਜ਼ਿਆਦਾ ਫਾਇਦਾ ਹੋਵੇ। ਜੇ ਸਾਰਾ ਇਲਾਕਾ ਖੁਸ਼ਹਾਲ ਹੋ ਜਾਵੇ ਤਾਂ ਮੈਂ ਵੀ ਆਪਣੇ ਆਪ ਖੁਸ਼ਹਾਲ ਹੋ ਜਾਵਾਂ। ਇਸ ਤਰ੍ਹਾਂ ਹੀ ਅਸੀਂ



Sri Satguru Jagjit Singh Ji Elibrary NamdhariElibrary@gmail.com

ਕੱਠੇ ਹੋਈਏ ਤੇ ਹੋਰ ਵੀ ਦੂਜਿਆਂ ਸਾਰਿਆਂ ਨੂੰ ਕੱਠਿਆਂ ਕਰੀਏ। ਜਿਵੇਂ ਅੰਮ੍ਰਿਤਸਰ ਵਾਲੇ ਵੀ ਅਤੇ ਆਖੀਏ ਕਿ ਛੱਡ ਦਿਓ ਝਗੜੇ ਝਾੜੇ, ਕੁਝ ਨਹੀਂ ਪਿਆ ਇਹਨਾਂ ਵਿਚ। ਕਿੰਨਾ ਨੁਕਸਾਨ ਪੰਜਾਬ ਦਾ ਹੋਇਐ, ਹੁੰਦਾ ਈ ਪਿਐ। ਸਿਖਾਂ ਦਾ ਤਾਂ ਹੁੰਦਾ ਹੀ ਹੈ, ਹਿੰਦੂਆਂ ਦਾ ਹੋਇਐ ਜਿਹੜਾ ਪੰਜਾਬ ਦਾ ਨੁਕਸਾਨ ਹੈ ਉਹ ਬਹੁਤ ਵਡਾ ਏ।

"ਤੁਸੀਂ ਜਾਣਦੇ ਈ ਓ ਕਿ ਅਸੀਂ ਨਾਮਧਾਰੀ ਕਿੰਨੇ ਕੁ ਅੱਤਵਾਦੀ ਹਾਂ ਪਰ ਬਾਹਰ ਜਾ ਕੇ ਸਾਨੂੰ ਅੱਤਵਾਦੀ ਆਖਿਆ ਜਾਂਦੈ। ਇਹ ਅਸਾਂ (ਸਿੱਖਾਂ) ਆਪ ਹੀ ਅਖਵਾਇਐ। ਹੋਰ ਕੋਈ ਗੱਲ ਨਹੀਂ।"

"ਬੜੀ ਖੁਸ਼ੀ ਦੀ ਗੱਲ ਏ ਕਿ ਸਤਿਗੁਰੂ ਕਿਰਪਾ ਕੀਤੀ ਏ, ਅਸੀਂ ਮਿਲ ਕੇ ਬੈਠੇ ਹਾਂ।"

ਕੁਛ ਮਿਸਾਲਾਂ ਹੋਰ ਦੇ ਕੇ ਸਤਿਗੁਰੂ ਜੀ ਨੇ ਅੰਤ ਉਤੇ ਮਾਸ ਸ਼ਰਾਬ ਤਿਆਗਣ ਤੇ ਭਜਨ ਬਾਣੀ ਕਰਨ ਦੀ ਪ੍ਰੇਰਨਾ ਦਿਤੀ ਅਤੇ ਮਹੰਤ ਸਾਹਿਬ ਦਾ ਧੰਨਵਾਦ ਕੀਤਾ।

11.55 ਹੋ ਗਏ ਸਨ। ਸ੍ਰੀ ਸਤਿਗੁਰੂ ਜੀ ਨੇ ਜਾਣ ਦੀ ਇੱਛਾ ਪਰਗਟ ਕੀਤੀ ਤੇ ਜੁੜੀ ਬਣੀ ਸੰਗਤ ਸਤਿਗੁਰੂ ਜੀ ਦੇ ਸਤਿਕਾਰ ਵਿਚ ਬਾਹਰ ਕਾਰਾਂ ਤਕ ਆਈ ਅਤੇ ਰਵਾਨਗੀ ਭੈਣੀ ਸਾਹਿਬ ਨੂੰ ਹੋ ਪਈ। ਬਹੁਤ ਸਾਰੇ ਨਰ ਨਾਰ ਰਾਈਆਂ ਦਾ ਡੇਰਾ ਵੇਖਣ ਨੂੰ ਤੁਰ ਪਏ। ਮੈਂ ਅਤੇ ਸ. ਸਾਧੂ ਸਿੰਘ ਪਰਵਾਰ ਵੀ ਡੇਰੇ ਦੇ ਅਵਲੋਕਨ ਨੂੰ ਗਏ। ਹਮਰਾਹੀ ਹੋਰੀਂ ਵੀ ਸਾਡੇ ਨਾਲ ਸਨ। ਕਿੰਨੇ ਸਾਰੇ ਹੀ ਛੋਟੇ ਵਡੇ ਕਮਰੇ। ਕਈ ਥਾਊਂ ਲਗਦਾ ਸੀ ਜਿਵੇਂ ਧਰਤੀ ਵਿਚੋਂ ਧਨ ਪੁਟਿਆ ਗਿਆ ਹੋਵੇ। ਕੁਛ ਨਾਲਾਂ ਪਾਈਪ ਵੀ ਤੋੜ-ਖੋਲ੍ਹ ਕੇ ਲੈ ਗਏ ਸਨ। ਕੁਛ ਚੁਗਾਠਾਂ ਵੀ ਨਦਾਰਦ ਸਨ। ਫੇਰ ਵੀ ਜੋ ਕੁਝ ਖਲੋਤਾ ਸੀ ਕਾਫ਼ੀ ਸੀ। ਅਤੀ ਪੁਰਾਣੀ ਲੋਹ ਵੀ ਏਥੇ ਵਖਾਈ ਗਈ।

ਵਾਪਸੀ ਸਮੇਂ ਅਸਾਂ ਵੇਖਿਆ ਕਿ ਕਾਫ਼ੀ ਨਾਮਧਾਰੀ ਸੰਗਤ ਰਾਈਆਂ ਨੂੰ ਆ ਜਾ ਰਹੀ ਹੈ।

2 ਵਜੇ ਮੁੜ ਦਰਸ਼ਨ ਕੀਤੇ। ਸੱਚੇ ਪਾਤਸ਼ਾਹ ਇਸ਼ਨਾਨ ਕਰਕੇ ਨਾਮ ਸਿਮਰਨ ਲਈ ਹਰੀਮੰਦਰ ਨੂੰ ਜਾ ਰਹੇ ਸਨ। ਰਾਹ ਵਿਚ ਪੁਰਾਣੀ ਕੋਠੀ ਦੇ ਪੂਰਬੀ ਲਾਨ ਵਿਚ ਡੱਠੀ ਹੋਈ ਕੁਰਸੀ ਪਾਸ ਸ੍ਰੀ ਸਤਿਗੁਰੂ ਜੀ ਦੀ ਇੰਤਜ਼ਾਰ ਟੋਰਾਂਟੋ ਕੈਨੇਡਾ ਤੋਂ ਆਏ ਸ. ਹਰਬੰਸ ਸਿੰਘ ਰਾਮਪੁਰ ਵਾਲੇ ਇਕ ਲਿਫ਼ਾਫ਼ਾ ਪਿਸਤਿਆਂ ਦਾ ਲੈ ਕੇ ਬੈਠੇ ਸਨ। ਨਕੋਦਰ ਦਾ ਸਰਦਾਰ ਸਵਰਨ ਸਿੰਘ ਵੀ ਗੁਰੂ ਕੇ ਪ੍ਰੇਮ ਦੀ ਤਾਂਘ ਨਾਲ ਬਿਹਬਲ ਏਧਰੋਂ ਓਧਰੋਂ ਸਫ਼ਾਈ ਕਰ ਰਿਹਾ ਸੀ। ਅਤੇ ਇਕ ਹੋਰ ਨੌਜੁਆਨ ਸ. ਰਵਿੰਦਰ ਸਿੰਘ ਕੰਧਾਰੀ ਸਾਬਕਾ ਮੈਨੇਜਰ ਲਕਸ਼ਮੀ ਕਮਰਸ਼ਲ ਬੈਂਕ ਬੰਬਈ ਸ਼ਾਖਾ ਉਡੀਕ ਵਿਚ ਸੀ। ਸੱਚੇ ਪਾਤਸ਼ਾਹ ਖੜੇ ਖੜੋਤੇ ਹੀ ਸਭ ਨੂੰ ਦਰਸ਼ਨ ਦੇ, ਬਚਨ ਬਿਲਾਸ ਕਰ, ਦਿਵਾਨ ਨੂੰ ਚਲੇ ਗਏ।

ਥੋੜ੍ਹੇ ਚਿਰ ਪਿਛੋਂ ਮੈਂ ਤੇ ਹਮਰਾਹੀ ਸ. ਕੰਧਾਰੀ ਦੀ ਕਾਰ ਤੇ ਮੋਹਾਲੀ ਨੂੰ ਆ ਰਹੇ ਸਾਂ। ਸਕੱਤਰ ਦੇ ਕਹਿਣ ਤੇ ਉਸ ਦਿੱਲੀ ਦਾ ਰਾਹ ਵਾਇਆ ਚੰਡੀਗੜ੍ਹ ਲੈ ਲਿਆ।



Sri Satguru Jagjit Singh Ji Elibrary NamdhariElibrary@gmail.com

ਗੱਲ ਬਾਤ ਤੋਂ ਲੱਗਾ ਕਿ ਸ. ਰਵਿੰਦਰ ਸਿੰਘ ਕੰਧਾਰੀ ਵੀ ਸਤਿਗੁਰੂ ਜੀ ਦੇ ਪ੍ਰੇਮ ਦਾ ਡੁੰਗਿਆ ਹੋਇਆ ਹੈ। ਸਾਨੂੰ ਮੁਹਾਲੀ ਉਤਾਰ ਸ. ਕੰਧਾਰੀ ਕੱਲਾ ਹੀ ਦਿੱਲੀ ਨੂੰ ਹੋ ਪਿਆ।

## 27 ਨਵੰਬਰ1985, ਬੁੱਧਵਾਰ
## ਸ੍ਰੀ ਭੈਣੀ ਸਾਹਿਬ

ਰਾਤ ਦੇ ਮੋਹਾਲੀ ਚੰਡੀਗੜ੍ਹ ਆਏ ਹੋਣ ਕਰਕੇ ਮੈਂ ਅਤੇ ਹਮਰਾਹੀ ਅੱਜ ਦਿਨੇ 1 ਵਜੇ ਹੀ ਭੈਣੀ ਸਾਹਿਬ ਪਹੁੰਚ ਸਕੇ।

ਅੱਜ ਸਵੇਰੇ ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਅੰਤਮ ਪੰਨਿਆਂ ਦਾ ਪਾਠ ਕਰਕੇ ਸ਼ਹੀਦਾਂ ਨਮਿਤ ਮੇਲੇ ਦਾ ਭੋਗ ਪਾਇਆ ਗਿਆ।

ਸੰਤ ਰਘੁਬੀਰ ਸਿੰਘ ਡਰਾਈਵਰ ਨੂੰ ਮਿਲਿਆਂ ਪਤਾ ਲੱਗਾ ਕਿ ਸ੍ਰੀ ਸਤਿਗੁਰੂ ਜੀ ਆਪਣੇ ਸਕੱਤਰ ਤਰਸੇਮ ਸਿੰਘ, ਖਜ਼ਾਨਚੀ ਪੂਰਬਾ ਹੋਰ ਸੇਵਕਾਂ ਅਤੇ ਅੰਗ ਰਖਿਅਕਾਂ ਨਾਲ ਤਿੰਨ ਗੱਡੀਆਂ ਤੇ ਸ਼ਹਿਰ ਖੰਨੇ ਸੰਤ ਮਹਿੰਦਰ ਸਿੰਘ ਜੀ ਦੇ ਡੇਰੇ ਪਧਾਰੇ। ਵਕਤ ਸਵੇਰੇ 8 ਦਾ ਸੀ। ਸੰਤ ਜੀ ਨੇ ਸੰਤ ਪੂਰਨ ਸਿੰਘ ਭੈਣੀ ਸਾਹਿਬ ਵਾਲਿਆਂ ਤੋਂ ਭਜਨ ਪੁਛਿਆ ਹੋਣ ਕਰਕੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਸਤਿਕਾਰ ਗੁਰੂਆਂ ਸਮਾਨ ਹੀ ਕੀਤਾ। ਸੁਆਗਤ ਗੇਟ ਬਣਾਕੇ ਉਸਦੇ ਅੱਗੇ ਸੈਂਕੜੇ ਸਿੰਘਾਂ ਦੀਆਂ ਦੋਵੱਲੀ ਕਤਾਰਾਂ ਸਨ। ਅੱਗੇ ਚੱਲ ਕੇ ਤਿੰਨ ਦਰਜਨ ਦੇ ਲਗਭਗ ਫੁਲ ਹਾਰ ਫੜੀ ਪ੍ਰਤਿਸ਼ਠਤ ਵਿਅਕਤੀ ਖਲੋਤੇ ਸਨ। ਸੰਤ ਆਪ ਸਾਰੇ ਸੁਆਗਤ ਕਾਰਜ ਦੀ ਨਿਗਰਾਨੀ ਕਰ ਰਹੇ ਸਨ। ਭਰਵੇਂ ਜੈਕਾਰਿਆਂ ਨਾਲ ਸਤਿਗੁਰੂ ਸੁਆਗਤ ਆਰੰਭ ਹੋਇਆ ਅਤੇ ਹਾਰਾਂ ਦੇ ਪਹਿਨਾਉਣ ਤੇ ਅੰਤ।

ਦਿਵਾਨ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਰਵੋਚ ਸਥਾਨ ਸੀ। ਭਾਵੇਂ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਵੀ ਉਸੇ ਉਚ ਮੰਚ ਤੇ ਪ੍ਰਕਾਸ਼ ਸੀ ਪਰ ਸਚੇ ਪਾਤਸ਼ਾਹ ਜੀ ਦਾ ਆਸਣ ਆਪਣੇ ਢੰਗ ਨਾਲ ਹੀ ਸੀ। ਸੰਤ ਜੀ ਆਪ ਸ੍ਰੀ ਸਤਿਗੁਰੂ ਜੀ ਦੇ ਆਗ੍ਰਹਿ ਤੇ ਵੀ ਕੋਲ ਹੋ ਕੇ ਬੈਠਣਾ ਪਰਵਾਨ ਨਹੀਂ ਕੀਤਾ, ਸਗੋਂ ਕੀਰਤਨ ਸਮੇਂ ਆਪ ਪਬਲਿਕ ਵਿਚ ਹੇਠ ਵਿਛੇ ਫਰਸ਼ ਤੇ ਹੀ ਬੈਠੇ ਰਹੇ। ਇਕ ਸੁਆਗਤੀ ਸ਼ਬਦ ਦੇ ਕੀਰਤਨ ਉਪਰੰਤ ਸੰਤ ਮਹਿੰਦਰ ਸਿੰਘ ਨੇ ਅਠ ਤਪ ਸਥਾਨ ਦਿਖਲਾਏ। ਭਾਵਨਾ, ਸ਼ਰਧਾ, ਸਤਿਕਾਰ ਦਾ ਇਸ ਸਮੇਂ ਇਕ ਰੀਸ ਕਰਨ ਜੋਗ ਸੰਸਾਰ ਸੀ। ਦੋ ਘੰਟੇ ਦਾ ਸਮਾਂ ਬਤੀਤ ਕਰਕੇ ਸੱਚੇ ਪਾਤਸ਼ਾਹ ਏਥੋਂ ਲੁਧਿਆਣੇ ਪਧਾਰੇ ਅਤੇ 1.30 ਵਜੇ ਹੀ ਸ੍ਰੀ ਭੈਣੀ ਸਾਹਿਬ ਪਹੁੰਚੇ।

ਅੱਜ ਸੰਤ ਈਸ਼ਰ ਸਿੰਘ ਮਜ਼ਹਬੀ, ਜਿਨ੍ਹਾਂ ਦੀ ਭੈਣੀ ਸਾਹਿਬ ਮੁੱਖ ਸੜਕ ਤੇ ਖੜਾਵਾਂ ਦੀ ਦੁਕਾਨ ਸੀ, ਦਾ ਭੋਗ ਪੈਣਾ ਸੀ। ਸੋ ਨਾਮ ਸਿਮਰਨ ਅਤੇ ਦਿਵਾਨ ਦਾ



Sri Satguru Jagjit Singh Ji Elibrary NamdhariElibrary@gmail.com

ਇੰਤਜ਼ਾਮ ਸੰਤਾਂ ਦੇ ਘਰ ਦੇ ਪਾਸ ਹਾਕੀ ਖਿਡਾਰੀਆਂ ਦੇ ਨਿਵਾਸ ਨਾਂਗੇ ਵਾਲੇ ਖੂਹ ਦੇ ਵਿਹੜੇ ਵਿਚ ਹੋਇਆ। ਗੁਰੂ ਰਾਮ ਸਿੰਘ ਜੀ ਦੇ ਸਮੇਂ ਦਾ ਖੂਹ ਅਤੇ ਕੋਲ ਖਲਾ ਬੋੜ੍ਹ ਦਾ ਦਰੱਖਤ ਇਸ ਥਾਂ ਦੀ ਇਤਿਹਾਸਕ ਮਹੱਤਤਾ ਦਰਸਾਂਦੇ ਹਨ। 2 ਤੋਂ 3 ਵਜੇ ਤਕ ਇਸ ਵਿਹੜੇ ਵਿਚ ਖੁਲ੍ਹੇ ਆਕਾਸ਼ ਵਿਚ ਨਾਮ ਸਿਮਰਨ ਹੋਇਆ। ਸਤਿਗੁਰੂ ਜੀ ਖੂਹ ਵਾਲੇ ਪਾਸੇ ਚੜ੍ਹਦੇ ਵਲ ਮੁਖ ਕਰੀ, ਆਪਣੇ ਚੰਦੋਏ ਯੁਕਤ ਆਸਣ ਤੇ ਬਿਰਾਜੇ। 200 ਤੋਂ ਜ਼ਰਾ ਵੱਧ ਸੰਗਤ ਦੀ ਇਕਤਰਤਾ ਸੀ। ਸੰਤ ਈਸ਼ਰ ਸਿੰਘ ਦੇ ਰਿਸ਼ਤੇਦਾਰ ਭਾਈਚਾਰਾ ਅਤੇ ਪ੍ਰੇਮੀ ਦੂਰ ਦੂਰ ਤੋਂ ਆਏ ਹੋਏ ਸਨ। ਸਤਿਗੁਰੂ ਜੀ ਦੇ ਸਜੇ ਹੱਥ ਇਹਨਾਂ ਸਿੰਘਾਂ ਦੇ ਬੈਠਣ ਦਾ ਪ੍ਰਬੰਧ ਸੀ। ਪਿਛਵਾੜੇ ਵਿਚ ਬੀਬੀਆਂ ਵੀ ਕਾਫ਼ੀ ਬੈਠੀਆਂ ਸਨ। ਮਜ਼ਹਬੀ ਸਿੰਘਾਂ ਵਿਚੋਂ ਹੇਠ ਲਿਖੇ ਵਿਅਕਤੀ ਜ਼ਿਕਰ ਯੋਗ ਹਨ: ਸੰਤ ਨਿਰਮਲ ਸਿੰਘ ਮੋਰੋਂ, ਸਤਿਗੁਰੂ ਜੀ ਨੇ ਇਸ ਬਾਰੇ ਦੱਸਿਆ ਕਿ ਇਹ ਮਰਿਆਦਾ ਨੂੰ ਅੱਛੀ ਤਰ੍ਹਾਂ ਸਮਝਦਾ ਹੈ ਅਤੇ ਹਰ ਆਏ ਵਿਅਕਤੀ ਨੂੰ ਆਪ ਕੋਲ ਖਲੋ ਕੇ ਮੱਥਾ ਟਿਕਵਾਇਆ ਅਤੇ ਥਾਂ ਸਿਰ ਬਹਾਂਦਾ ਰਿਹਾ ਹੈ। ਡਾ: ਭਜਨਾ ਸਿੰਘ ਕੇਹਰ ਸਿੰਘ ਭੈ:ਸਾ:, ਸੰਤ ਦਲੀਪ ਸਿੰਘ ਢੇਲਕਦੀਆ ਚੰਡੀਗੜ੍ਹ, ਜਥੇਦਾਰ ਸ਼ੇਰ ਸਿੰਘ, ਸੰਤ ਭਗਵਾਨ ਜੀ ਭੜੋਲਿਆਂ ਵਾਲੀ, ਸੰਤ ਪੂਰਨ ਸਿੰਘ ਰਾਇ ਭੈ:ਸਾ:, ਸੰਤ ਸੂਰਤ ਸਿੰਘ ਭੜੋਲਿਆਂ ਵਾਲੀ, ਸੰਤ ਉਜਾਗਰ ਸਿੰਘ ਕਕਰਾਲਾ, ਸੰਤ ਜੁਗਿੰਦਰ ਸਿੰਘ ਦਮਦਮਾ, ਸੂਬੇਦਾਰ ਪ੍ਰੀਤਮ ਸਿੰਘ ਬਲਿਆਲਾ, ਸੰਤ ਪਿਆਰਾ ਸਿੰਘ ਸੰਤ ਨਗਰ (ਸਰਸਾ), ਸੰਤ ਹਜ਼ਾਰਾ ਸਿੰਘ ਭੰਗੂਰ ਸੰਤ ਲਛਮਣ ਸਿੰਘ ਭੜੋਲਿਆਂ ਵਾਲੀ ਆਦਿ।

3 ਤੋਂ 20 ਮਿੰਟ ਘੱਟ ਭੋਗ ਦੇ ਸਲੋਕ ਪੜ੍ਹੇ ਜਾਣ ਲਗੇ। ਪਾਠੀ ਸੰਤ ਕਪੂਰ ਸਿੰਘ ਭੈ:ਸਾ: ਜਥੇਦਾਰ ਨਿਰੰਜਨ ਸਿੰਘ ਕੰਗ ਟਮਕੌਦੀ, ਦੀਦਾਰ ਸਿੰਘ, ਬਲਬੀਰ ਸਿੰਘ ਆਦਿ ਨੇ ਪੜ੍ਹੇ। ਇਸ ਸਮੇਂ ਸੰਤ ਈਸ਼ਰ ਸਿੰਘ ਦੇ ਸਪੁੱਤਰਾਂ ਸੰਤ ਜੋਗਾ ਸਿੰਘ, ਬਲਵਿੰਦਰ ਸਿੰਘ, ਜੁਗਿੰਦਰ ਸਿੰਘ, ਸੁਖਦੇਵ ਸਿੰਘ, ਬਲਦੇਵ ਸਿੰਘ ਨੇ ਗੁਰੂ ਚਰਨਾਂ ਵਿਚ ਹਾਜ਼ਰ ਹੋ ਮਾਇਆ, ਬਰਤਨ, ਬਸਤਰ, ਬਿਸਤਰ, ਫਲ ਆਦਿ ਭੇਟਾ ਕਰ ਖੁਸ਼ੀਆਂ ਪ੍ਰਾਪਤ ਕੀਤੀਆਂ। ਭੋਗਾਂ ਦੀ ਅਰਦਾਸ ਪੁਰਬਾ ਨੇ ਕੀਤੀ ਤਾਂ ਪਤਾ ਲਗਾ ਕਿ ਅੱਜ ਦੇ ਭੋਗਾਂ ਵਿਚ 2 ਪਾਠ ਸੰਤ ਈਸ਼ਰ ਸਿੰਘ ਨਮਿਤ ਅਤੇ ਇਕ ਪਾਠ ਦਾ ਭੋਗ ਬੀਬੀ ਧਰਮ ਕੌਰ ਨਮਿਤ ਪਿਆ। ਸੰਤ ਕਰਤਾਰ ਸਿੰਘ ਖਮਾਣੋਂ 97-98 ਵਰ੍ਹਿਆਂ ਦੇ ਹੋ ਕੇ ਪੂਰੇ ਹੋਏ। ਇਹ ਵੀ ਭੈ:ਸਾ: ਵਿਖੇ ਪਿਛਲੇ 30 ਸਾਲਾਂ ਤੋਂ ਗੁਰੂ ਆਸ਼੍ਰਿਤ ਸਨ। ਬੀਬੀ ਧਰਮ ਕੌਰ ਜੀ ਸਚ ਸੋਧ ਤੇ ਭਜਨ ਬਾਣੀ ਕਰਦਿਆਂ ਸੰਜਮ, ਸੇਵਾ ਵਿਚ ਰਹਿੰਦਿਆਂ ਭੈਣੀ ਸਾਹਿਬ ਹੀ ਪਿਛਲੇ ਦਿਨੀਂ ਪੂਰੇ ਹੋਏ। ਬੀਬੀ ਜੀ ਦੇ ਰਿਸ਼ਤੇਦਾਰ ਵੀ ਇਸ ਅਵਸਰ ਤੇ ਪਹੁੰਚੇ ਹੋਏ ਸਨ।

ਸ਼ਬਦ ਕੀਰਤਨ ਦੇ ਆਰੰਭ ਤੋਂ ਪਹਿਲੋਂ ਸ੍ਰੀ ਸਤਿਗੁਰੂ ਜੀ ਨੇ ਆਪਣੇ ਗਰੀਬ ਪਰ ਮਿਹਨਤੀ ਸਿਖਾਂ ਨੂੰ ਮਾਣ ਦਿੰਦਿਆਂ ਜੋਗਾ ਸਿੰਘ ਦੇ ਸਿਰ ਤੇ ਆਪ ਦਸਤਾਰ ਸਜਾਈ ਤੇ ਇਸਦੇ ਸਾਰੇ ਭਰਾਵਾਂ ਨੂੰ ਕੋਲ ਬਿਠਾਲ ਕੇ ਫੋਟੋ ਲੁਹਾਈਆਂ। ਚੰਦ ਸ਼ਬਦ



Sri Satguru Jagjit Singh Ji Elibrary NamdhariElibrary@gmail.com

ਸੰਤ ਈਸ਼ਰ ਸਿੰਘ ਵਾਸਤੇ ਨਗਰ ਮੁਖੀ ਸੂਬਾ ਉਦੇ ਸਿੰਘ ਨੇ ਆਖੇ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ। ਆਪਜੀ ਦੇ ਕਥਨ ਦਾ ਸਾਰ:

"ਜੋਗਾ ਸਿੰਘ ਬਲਵਿੰਦਰ ਸਿੰਘ ਹੋਰਾਂ ਕੋਈ ਫਰਕ ਨਹੀਂ ਰਖਿਆ। ਲਗਦਾ ਤਾਂ ਇਸ ਤਰ੍ਹਾਂ ਹੈ ਕਿ ਈਸ਼ਰ ਸਿੰਘ ਨਾਲੋਂ ਵੀ ਵਧ ਕੇ ਇਹ ਸੇਵਾ ਕਰਨਗੇ। ਸਾਡਾ ਸਿਖੀ ਦਾ ਨਾਤਾ ਸਭ ਤੋਂ ਵੱਡਾ ਹੈ, ਸਤਿਗੁਰੂ ਕਿਰਪਾ ਕਰਨ, ਜਿਹੜਾ ਜੁੜਿਆ ਰਵ੍ਹੇ। ਦੁਨੀਆਂਦਾਰੀ ਦੀਆਂ ਹੋਰ ਸਭ ਚੀਜ਼ਾਂ ਇਸ ਤੋਂ ਹੇਠਾਂ ਹਨ।

"ਸਤਿਗੁਰੂ ਕਿਰਪਾ ਕਰਨ, ਇਹ ਖੜਕ ਸਿੰਘ , ਠਾਕਰ ਸਿੰਘ ਵਰਗੇ ਸਿਖ ਬਣਨ। ਉਹ ਪਿਛੋਂ ਆ ਕੇ ਕਕਰਾਲੀਂ ਰਹੇ ਨੇ। ਉਹ ਸਾਡੇ ਲੰਗਰ ਵਿਚ ਨਹੀਂ ਸਨ ਆ ਕੇ ਲਗਦੇ ਪਰ ਉਨ੍ਹਾਂ ਨੂੰ ਐਸੀ ਵਿੱਦਿਆ ਪ੍ਰਾਪਤ ਸੀ ਕਿ ਪਿਤਾ ਨੇ ਪੁੱਤਰ ਨੂੰ ਆਖਿਆ, ਤੂੰ ਐਨੇ ਚਿਰ ਨੂੰ ਚੜ੍ਹਾਈ ਕਰ ਜਾਣੈਂ। ਪੁੱਤਰ ਨੇ ਆਖਿਆ 'ਸਤ ਬਚਨ' ਪਿਤਾ ਜੀ। ਹੁਣ ਕੋਈ ਆਪਣੇ ਪੁੱਤਰ ਨੂੰ ਇੰਜ ਆਖਕੇ ਵੇਖੇ ਫਿਰ ਪੁੱਤਰ ਦਾ ਕੀ ਜਵਾਬ ਹੋਵੇਗਾ ਤੁਸੀਂ ਆਪ ਸਮਝ ਲਓ। ਪਰ ਸਤਿਗੁਰੂ ਦੀ ਕਿਰਪਾ ਜਿਥੇ ਹੋਵੇ ਓਥੇ ਸਭ ਚੀਜ਼ ਪ੍ਰਾਪਤ ਹੈ।"

"ਪੁੱਤਰ ਪਿਤਾ ਦੇ ਦੱਸੇ ਸਮੇਂ ਤੇ ਚੜ੍ਹਾਈ ਕਰ ਗਿਆ ਤਾਂ ਲੋਕਾਂ ਆਖਿਆ, ਜੇ ਤੇਰੇ ਵਿਚ ਏਨੀ ਸ਼ਕਤੀ ਸੀ ਤਾਂ ਤੂੰ ਪੁੱਤਰ ਦੀ ਉਮਰ ਹੀ ਹੋਰ ਮੰਗ ਲੈਂਦਾ। ਠਾਕਰ ਸਿੰਘ ਨੇ ਆਖਿਆ, ਇਹ ਝੂਠੀਆਂ ਮੰਗਾਂ ਨੇ, ਪੁੱਤਰਾਂ ਦੀ ਉਮਰ ਮੰਗਣੀ, ਜਾਂ ਦੁਨੀਆਂਦਾਰੀ ਦੀਆਂ ਚੀਜ਼ਾਂ ਮੰਗਣੀਆਂ। ਸਤਿਗੁਰੂ ਕੋਲੋਂ ਸਤਿਗੁਰੂ ਦੇ ਦਰਸ਼ਨ, ਨਾਮ ਦਾਨ, ਇਸ਼ਨਾਨ ਤੇ ਸਿਦਕ ਭਰੋਸਾ ਮੰਗਣਾ ਚਾਹੀਦਾ ਹੈ। ਜੇ ਤੁਸੀਂ ਆਖੋ ਤਾਂ ਮੈਂ ਉਠਾਕੇ ਤੁਹਾਡੇ ਨਾਲ ਗੱਲਾਂ ਵੀ ਕਰਵਾ ਸਕਦਾ ਹਾਂ। ਸਾਧ ਸੰਗਤ ਜੀ, ਪਿਤਾ ਦੇ ਕਹਿਣ ਤੇ ਪੁੱਤਰ ਉਠਕੇ ਬੈਠ ਗਿਆ। ਜਿਨਾ ਚਿਰ ਉਸ ਆਖਿਆ ਲੋਕਾਂ ਨਾਲ ਗੱਲਾਂ ਕਰਦਾ ਰਿਹਾ, ਫੇਰ ਚੜ੍ਹਾਈ ਕਰ ਗਿਆ। ਇਹ ਵਿੱਦਿਆ ਹੈ ਜੋ ਅਸੀਂ ਪ੍ਰਾਪਤ ਕਰ ਸਕੀਏ।"

"ਇਹ ਸਿੰਘ ਗੁਰਬਖਸ਼ ਸਿੰਘ, ਗੁਰਦਿਤ ਸਿੰਘ ਰਾਗੀ ਦੇ ਪਿਤਾ ਦਾਦੇ ਸਨ।"

ਸਤਿਗੁਰੂ ਜੀ ਨੇ ਭੂਰੇ ਵਾਲੇ ਸਾਧੂ ਦੀ ਕਥਾ ਸੁਣਾ ਕੇ ਦਸਿਆ ਕਿ ਅੰਤ ਨੂੰ ਮੜ੍ਹੀਆਂ ਵਿਚ ਹੀ ਆਉਣਾ ਹੈ। *ਗੋਰ ਨਿਮਾਣੀ ਸਡ ਕਰੇ ਨਿਘਰਿਆ ਘਰਿ ਆਉ। ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਉ।*

ਸਤਿਗੁਰੂ ਜੀ ਬਚਨ ਕੀਤਾ: "ਜਿਨ੍ਹਾਂ ਸਿਆਣਿਆਂ ਦੇ ਅਸੀਂ ਮਗਰ ਲਗਦੇ ਹਾਂ ਉਹ ਅਜਕਲ ਚੰਦ੍ਰਮਾ ਤਕ ਪਹੁੰਚ ਗਏ ਹਨ। ਅਸੀਂ ਸਮਝਦੇ ਹਾਂ, ਅਸੀਂ ਬੜੇ ਪਛੜ ਗਏ ਹਾਂ। ਪਰ ਕੀ ਠਾਕਰ ਸਿੰਘ ਅਤੇ ਖੜਕ ਸਿੰਘ ਦੋਵੇਂ ਅਗਾਂਹ ਨਹੀਂ ਸਨ? ਗੁਰੂ ਅਰਜਨ ਦੇਵ ਜੀ ਨੇ ਸੋਰਠ ਰਾਗ ਵਿਚ ਲਿਖਿਆ ਹੈ: *ਸਭਨਾ ਮਰਣਾ ਆਇਆ ਵਿਛੋੜਾ ਸਭਨਾਹ। ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿ ਨਾਹ।* ਕੀ ਚੰਦ੍ਰਮਾ



Sri Satguru Jagjit Singh Ji Elibrary NamdhariElibrary@gmail.com

ਤੇ ਜਾਣ ਵਾਲੇ 'ਅੱਗੇ ਮਿਲਣ' ਦੀ ਗੱਲ ਦਸ ਸਕਣਗੇ? ਇਹ ਗੱਲ ਤਾਂ ਸਤਿਗੁਰੂ ਦੇ ਘਰ ਵਿਚ ਹੀ ਪ੍ਰਾਪਤ ਹੈ।"

"ਤਕੜੇ ਹੋ ਕੇ, ਇਸ਼ਨਾਨ ਪਾਣੀ ਕਰਕੇ ਭਜਨ ਕਰਿਆ ਕਰੋ। ਗੁਰਬਾਣੀ ਅਨੁਸਾਰ *ਤਾ ਕਰਿ ਇਸ਼ਨਾਨੁ ਸਿਮਰਿ ਪ੍ਰਭੁ ਆਪਨਾ ਮਨ ਤਨ ਭਏ ਅਰੋਗਾ।* ਡਾਕਟਰ ਕਿਨੇ ਵੀ ਇਲਾਜ ਕਰ ਲੈਣ ਮਨ ਨੂੰ ਉਹ ਰਾਜ਼ੀ ਨਹੀਂ ਕਰ ਸਕਦੇ। ਇਸਦਾ ਇਲਾਜ ਤਾਂ ਨਾਮ ਜਪਣ ਨਾਲ ਹੀ ਹੁੰਦਾ ਹੈ।"

"ਇਹ ਪਰਵਾਰ ਬੜੇ ਉਤਰਾਵਾਂ ਚੜ੍ਹਾਵਾਂ ਵਿਚ ਰਹਿ ਕੇ ਵੀ ਸਤਿਗੁਰੂ ਨਾਲ, ਸਾਧ ਸੰਗਤ ਨਾਲ ਜੁੜਿਆ ਰਿਹਾ ਹੈ। ਮੈਨੂੰ ਬੜੀ ਖੁਸ਼ੀ ਹੈ। ਸਤਿਗੁਰੂ ਕਿਰਪਾ ਕਰਨ ਸਾਰਿਆਂ ਨੂੰ ਇਹ ਬਲ ਬਖਸ਼ਣ ਸਤਿਗੁਰਾਂ ਦੇ ਮਾਰਗ ਤੇ ਚਲਣ ਦਾ।"

ਮਜ਼ਹਬੀ ਸਿੰਘਾਂ ਨੇ ਬਹੁਤ ਪ੍ਰੇਮ ਨਾਲ ਸਭਨਾਂ ਨੂੰ ਸੱਦਾ ਦਿੱਤਾ ਹੋਇਆ ਸੀ। ਖਾਸ ਵਿਅਕਤੀਆਂ ਦੇ ਨਾਮ ਹਨ: ਠਾਕੁਰ ਦਲੀਪ ਸਿੰਘ, ਪੰਡਿਤ ਗੋਪਾਲ ਸਿੰਘ, ਸ. ਸੁਰਿੰਦਰ ਸਿੰਘ ਲੁਧਿਆਣਾ, ਸੰਤ ਦਲੀਪ ਸਿੰਘ ਨਿਰੀਖਿਅਕ, ਸਤਿਜੁਗ ਦੇ ਸਨਖਤਰਾ ਜੀ, ਨਾਮਧਾਰੀ ਦਰਬਾਰ ਦੇ ਪ੍ਰਧਾਨ ਪੰਥ ਰਤਨ ਮਾ: ਨਿਹਾਲ ਸਿੰਘ, ਜਥੇਦਾਰ ਨਿਰੰਜਨ ਸਿੰਘ ਕੰਗ, ਟਮਕੋਦੀ, ਸੰਤ ਤਰਸੇਮ ਸਿੰਘ ਸ੍ਰੀ ਸਤਿਗੁਰੂ ਜੀ ਦੇ ਨਿਜੀ ਸਕੱਤਰ, ਸੰਤ ਕਿਹਰ ਸਿੰਘ ਹਮਰਾਹੀ, ਸੰਤ ਤਰਲੋਕ ਸਿੰਘ ਮੰਡੀ, ਸੰਤ ਜਸਵੰਤ ਸਿੰਘ ਮੰਡੀ, ਸ. ਕੁਲਦੀਪ ਸਿੰਘ ਰੂਪਰਾਇ, ਸੰਤ ਜਸਵੰਤ ਸਿੰਘ ਕੱਲ੍ਹਾ, ਆਦਿ। ਸੰਤ ਪ੍ਰੀਤਮ ਸਿੰਘ ਦਿੱਲੀ ਵੀ ਸਮੇਤ ਪਰਵਾਰ ਆਏ। ਜੋਗਾ ਸਿੰਘ ਨੂੰ ਦਸਤਾਰ ਸਤਿਗੁਰੂ ਦੇ ਬਚਨਾਂ ਉਪਰੰਤ ਹੀ ਬੱਝੀ। ਸਤਿਗੁਰਾਂ ਦੀ ਕਿਰਪਾ ਕਰਨ ਉਪਰੰਤ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ: ਦੀਨਾ ਨਾਥ, ਇਸ ਦਸਤਾਰ ਦੀ ਲਾਜ ਵੀ ਆਪ ਨੇ ਹੀ ਰੱਖਣੀ।

ਉਪਰੰਤ ਸੱਚੇ ਪਾਸਤਾਹ ਜੀ ਨੇ ਆਪ ਮੰਗਲਾਚਾਰ ਕਰਕੇ *'ਜੋਗੀ ਜਤੀ ਬ੍ਰਹਚਾਰੀ'* ਤੇ *'ਏ ਮਨ ਪਿਆਰਿਆ'* ਸ਼ਬਦਾਂ ਦਾ ਰਾਗੀ ਸਿੰਘਾਂ ਨਾਲ ਕੀਰਤਨ ਕੀਤਾ।

ਕੱਲ੍ਹ ਦੇ ਮੋਹਣ ਸਿੰਘ-ਸੁਖਦੇਵ ਸਿੰਘ ਅਤੇ ਸ੍ਰੀ ਰਵਿੰਦਰ ਸਿੰਘ ਸਰਸਵਤੀ ਗਾਰਡਨ ਵਾਲਾ ਸ੍ਰੀ ਰਾਮ ਜੀ ਮਿਸਰਾ ਨੂੰ ਨਾਲ ਲੈ ਕੇ ਆਏ ਹੋਏ ਹਨ।

ਵਾਲੀਬਾਲ ਦੀ ਖੇਡ ਵਿਚ ਸਤਿਗੁਰੂ ਜੀ ਖੂਬ ਦਿਲਚਸਪੀ ਲੈਂਦੇ ਹਨ ਤੇ ਸ਼ਾਮੀ 5 ਤੋਂ 6 ਤਕ ਖੇਡ ਰੋਜ਼ਾਨਾ ਚਲਦੀ ਹੈ।

ਸ਼ਾਮੀ 7 ਵਜੇ ਕਮਰਾ ਨੰ: 69 ਵਿਚ ਰਾਮ ਜੀ ਮਿਸ਼ਰਾ ਦਾ ਤਬਲਾਵਾਦਨ ਸੁਣਿਆ ਗਿਆ। ਵਾਦਕ ਮੁੜਕੋ ਮੁੜਕੀ ਹੋਇਆ ਅਨੇਕ ਪਰਕਾਰ ਦੀਆਂ ਗਤਾਂ ਵਜਾ ਰਿਹਾ ਸੀ। ਉਹਦੇ ਚਿਹਰੇ ਉਤੇ ਕਿਸੇ ਪਰਕਾਰ ਦਾ ਭਾਵ ਨਹੀਂ ਸੀ।

ਅੱਜ ਸੱਚੇ ਪਾਤਸ਼ਾਹ ਜੀ ਨੇ ਖੇਡਣ ਉਪਰੰਤ ਮੈਨੂੰ ਬੁਲਾਕੇ ਦਸਿਆ: 10,000 ਰੁਪਏ ਤੁਹਾਡੇ ਲਈ ਰਖਿਆ ਸੀ। ਪਰ ਫੇਰ ਕੁਝ ਲੋਕਾਂ ਨੂੰ ਤਨਖ਼ਾਹਾਂ ਦੇਣੀਆਂ ਸਨ। ਇਕ ਹੋਰ ਕਿਸੇ ਨੂੰ 2000 ਰੁਪਏ ਦੇਣਾ ਸੀ। ਰਕਮ ਇਕ ਹੁੰਦੀ ਹੈ, ਦੇਣਦਾਰੀਆਂ



Sri Satguru Jagjit Singh Ji Elibrary NamdhariElibrary@gmail.com

ਅਨੇਕ ਹੁੰਦੀਆਂ ਹਨ। ਕੀ ਕਰੀਏ! ਮੈਂ ਇਕੋ ਗੱਲ ਕਹੀ: ਇਹ ਧਿਆਨ ਆਪ ਜੀ ਨੇ ਹੀ ਰਖਣਾ ਹੈ।

ਸ. ਹਮਰਾਹੀ ਦੇ ਜ਼ਿਮੇ ਦੋ ਕੇਸਾਂ ਦਾ ਸੁਣਨਾ ਤੇ ਫੈਸਲਾ ਕਰਨਾ ਸਤਿਗੁਰਾਂ ਲਾਇਆ। ਹੋਠੀਆਂ ਵਾਲੇ ਸੂਬਾ ਕਰਤਾਰ ਸਿਘ ਦਾ ਕੇਸ ਅਤੇ ਸ. ਧਨਵੰਤ ਸਿਘ ਤੋਂ ਨੇਤਰ ਚੋਕ ਮੰਡੀ ਦੀ ਕਿਸੇ ਦੁਕਾਨ ਦੀ ਚਾਬੀ ਲੈਣ ਦਾ। ਸਤਿਗੁਰੂ ਜੀ ਦੀ ਇੱਛਾ ਅਤੇ ਆਗਿਆ ਅਨੁਸਾਰ ਦੋਵੇਂ ਕੇਸ ਨਜਿਠ ਲਏ ਗਏ।

## 28 ਨਵੰਬਰ 1985, ਵੀਰਵਾਰ
## ਸ੍ਰੀ ਭੈਣੀ ਸਾਹਿਬ

ਅੱਜ ਏਥੇ ਸ਼ਾਦੀਆਂ ਦਾ ਦਿਨ ਹੈ। ਰਾਤੋ ਰਾਤ ਕਾਫ਼ੀ ਗੱਡੀਆਂ ਆ ਗਈਆਂ। ਰਾਤੀਂ ਆਓ ਭਗਤ ਫਲੈਟਾਂ ਵਿਚ ਬੀਬੀਆਂ ਦਾ ਰਾਮ ਰੌਲਾ ਵੀ ਦੇਰ ਰਾਤ ਤਕ ਰਿਹਾ। ਹਰੀਮੰਦਰ ਵਿਚ, ਸ੍ਰੀ ਸਤਿਗੁਰੂ ਜੀ ਦੇ ਸਨਮੁਖ ਆਸਾ ਦੀ ਵਾਰ ਦਾ ਕੀਰਤਨ ਅਤੇ ਬਾਹਰ ਬੋਹੜ ਵਾਲੇ ਪਾਸੇ ਸੂਰਜ ਚੜ੍ਹਨ ਦੇ ਨਾਲ 3 ਜੋੜਿਆਂ ਦਾ ਅਨੰਦ ਕਾਰਜ ਹੋ ਗਿਆ। ਏਥੇ ਲਾਵਾਂ ਉਪਰੰਤ, ਗੁਰੂ ਦੀ ਹਜ਼ੂਰੀ ਵਿਚ 6 ਪਾਠਾਂ ਦੇ ਭੋਗ ਵੀ ਪਾਏ ਗਏ।

ਦਿੱਲੀਓਂ, ਸਾਡੇ ਮਿੱਤਰ ਸੰਤ ਫਕੀਰ ਸਿਘ ਨਾਮਧਾਰੀ ਕਾਲੋਨੀ ਦਿੱਲੀ ਦੀ ਲੜਕੀ ਦਾ ਅਨੰਦ ਕਾਰਜ ਜਥੇਦਾਰ ਨਾਹਰ ਸਿੰਘ ਲੁਧਿਆਣਾ ਦੇ ਲੜਕੇ ਨਾਲ ਹੋਇਆ।

ਇਹ ਵੀ ਪਤਾ ਲਗਾ ਕਿ ਨਾਮਧਾਰੀਆਂ ਦੇ ਪ੍ਰਭਾਵ ਨਾਲ ਅੱਜ ਦੋ ਗੈਰ ਨਾਮਧਾਰੀ ਪਰਵਾਰਾਂ ਦੇ ਅਨੰਦ ਕਾਰਜ ਵੀ ਏਥੇ ਹੋਏ। ...7 ਵਜੇ ਤਕ ਸਾਰਾ ਕਾਰਜ ਕਰਮ ਸਮਾਪਤ ਹੋ ਗਿਆ।

ਅਜ ਸ੍ਰੀ ਸਤਿਗੁਰੂ ਜੀ 8 ਵਜੇ ਸਵੇਰੇ ਦੋ ਕਾਰਾਂ, ਇਕ ਮ਼ਾਟਾਡੋਰ ਅਤੇ ਇਕ ਟੈਂਪੂ ਭਰੀ ਸੰਗਤ ਨਾਲ ਰਾਈਆਂ ਵਾਲੇ ਡੇਰੇ ਨੂੰ ਅਵਲੋਕਨ ਲਈ ਪਧਾਰੇ। ਸ੍ਰੀ ਸਤਿਗੁਰੂ ਜੀ ਨੇ ਅਜੇ ਤਕ ਇਹ ਸਥਾਨ ਰਸਮੀਆ ਹੀ ਤੱਕਿਆ ਸੀ। ਕਿਨੀ ਜਗਾਹ ਕਬਜ਼ੇ ਵਿਚ ਮਿਲੀ ਹੈ, ਉਹ ਕਿਥੋਂ ਕਿਥੋਂ ਤਕ ਹੈ ਇਸਦਾ ਪਤਾ ਕਰਨਾ ਅਜੇ ਬਾਕੀ ਸੀ। ਸ੍ਰੀ ਸਤਿਗੁਰੂ ਜੀ ਨਾਲ ਆਪਣੇ ਸਕੱਤਰ ਤੇ ਨਿਜੀ ਸੇਵਕਾਂ ਤੋਂ ਇਲਾਵਾ ਮਾਤਾ ਚੰਦ ਕੌਰ ਜੀ ਅਤੇ ਠਾਕੁਰ ਦਲੀਪ ਸਿਘ ਵੀ ਮੌਜੂਦ ਸਨ।

ਸ੍ਰੀ ਸਤਿਗੁਰੂ ਜੀ ਵਰਨੀ ਵਾਲੇ ਸਥਾਨ ਨੂੰ ਮੱਥਾ ਟੇਕ, ਹੇਠਲੇ ਕਮਰਿਆਂ ਨੂੰ ਨਿਹਾਰ, ਉਪਰ ਪੌੜੀਆਂ ਚੜ੍ਹੇ ਤੇ ਫੇਰ ਛੱਤ ਤੋਂ ਪਿੰਡ ਦਾ ਦੁਆਲਾ ਵੇਖ ਚੁਬਾਰੇ ਤੇ ਪਧਾਰੇ। ਏਥੇ ਆਪ ਜੀ ਨੇ ਇਸ ਡੇਰੇ ਦੀ ਪ੍ਰਾਪਤੀ ਲਈ ਕੇਸ ਦੇ ਮੋਢੀ ਸ. ਪਿਆਰਾ



Sri Satguru Jagjit Singh Ji Elibrary NamdhariElibrary@gmail.com

ਸਿੰਘ ਨੂੰ ਕੋਲ ਬੁਲਾਇਆ। ਸੰਤ ਹਰਬੰਸ ਸਿੰਘ ਰਾਈਆਂ ਵਾਲਿਆਂ ਨੂੰ ਨਾਲ ਲੈ ਦੂਰ ਦਿਸਦੀਆਂ ਹੱਦਾਂ ਤਕ, ਆਪਣੇ ਕਬਜ਼ੇ ਦੀ ਨਿਸ਼ਾਨ ਦੇਹੀ ਸਮਝੀ। ਸ. ਗੁਰਦੇਵ ਸਿੰਘ ਪਟਵਾਰੀ, ਜਿਸਨੇ ਇਸ ਕੇਸ ਵਿਚ ਬਹੁਤ ਸਹਿਯੋਗ ਦਿਤਾ ਅਤੇ ਮੇਲ-ਮਿਲਾਪ ਦੇ ਮੁਜਬ ਸੂਬਾ ਉਦੈ ਸਿੰਘ ਦੀ ਮਦਦ ਵੀ ਲਈ। ਸ੍ਰੀ ਭੈਣੀ ਸਾਹਿਬ ਉਸਾਰੀ ਦੇ ਇੰਜੀਨੀਅਰ ਸ. ਨਿਰਮਲ ਸਿੰਘ ਤੇ ਸ. ਪ੍ਰੀਤਮ ਸਿੰਘ ਬਾਲੀ ਨਗਰ ਨਵੀਂ ਦਿੱਲੀ ਜੋ ਕਿ ਬੜੀ ਸਰਗਰਮੀ ਨਾਲ ਦੇਵੇ ਸਿਮ੍ਰਤੀ ਮੰਦਰ ਦਾ ਸਾਊਂਡ ਸਿਸਟਮ ਤੇ ਲਾਈਟਾਂ ਦਾ ਪ੍ਰਬੰਧ ਕਰਵਾ ਰਹੇ ਹਨ, ਨੂੰ ਵੀ ਸਚੇ ਪਾਤਸ਼ਾਹ ਜੀ ਨਾਲ ਕੋਲ ਬੁਲਾ ਕੇ ਰਾਈਆਂ ਵਿਚ ਪ੍ਰਾਪਤ ਹੋਏ ਡੇਰੇ ਦੇ ਮਕਾਨਾਂ ਦੀ ਖਸਤਾ ਜਾਂ ਪੁਖਤਾ ਹਾਲਤ ਬਾਰੇ ਰਾਇ ਦਿਤੀ ਗਈ। ਅਨੇਕਾਂ ਹੋਰ ਸਰੀਰ ਡੇਰੇ ਦੀਆਂ ਵੱਖ ਵੱਖ ਥਾਵਾਂ ਦਾ ਨਿਰੀਖਅਣ ਪ੍ਰੀਖਿਅਣ ਕਰ ਰਹੇ ਸਨ।

ਸ੍ਰੀ ਸਤਿਗੁਰੂ ਜੀ ਨੇ 20 ਕੁ ਮਿੰਟ ਹੀ ਡੇਰੇ ਦੇ ਅਵਲੋਕਨ ਵਿਚ ਬਿਤਾਏ। ਉਪਰੰਤ ਜੁੜੀ ਬਣੀ ਸੰਗਤ ਨਾਲ ਰਾਈਆਂ ਵਿਖੇ 26 ਏਕੜ ਧਰਤੀ ਨਾਲ ਸਬੰਧਤ ਆਪਣੇ ਬਾਗ ਵਿਚ ਪਧਾਰੇ। ਸਾਰੀਆਂ ਜ਼ਮੀਨਾਂ ਵਲ ਧਿਆਨ ਮਾਰ ਭੈਣੀ ਸਾਹਿਬ ਨੂੰ ਵਾਪਸੀ ਹੋਈ।

ਅੱਜ ਰਾਈਆਂ ਜਾਣ ਤੋਂ ਪਹਿਲਾਂ, ਸ. ਸੰਤੋਖ ਸਿੰਘ ਜੰਡਿਆਲੀ (ਫਗਵਾੜਾ) ਦੇ ਨਵੇਂ ਟੈਂਪੂ ਤੇ ਚਰਨ ਪਾਣ ਦੀ ਕਿਰਪਾ ਕੀਤੀ। ਸਿੰਘ ਇਹ ਨਵਾਂ ਟੈਂਪੂ ਪਰਵਾਰ ਸਮੇਤ, ਸਵੇਰੇ ਸਵੇਰੇ ਭੈਣੀ ਸਾਹਿਬ ਲੈ ਕੇ ਆਇਆ ਸੀ ਤਾਕਿ ਆਰੰਭ ਵਿਚ ਗੁਰੂ ਕੇ ਚਰਨਾਂ ਦਾ ਆਸਰਾ ਲੈ ਲਿਆ ਜਾਇ। ਇਹੋ ਟੈਂਪੂ ਰਾਈਆਂ ਫੇਰੀ ਸਮੇਂ ਨਾਲ ਰਿਹਾ।

9.40 ਤੇ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਬੁਲਾਇਆ ਅਤੇ ਚਾਹਿਆ ਕਿ ਮੈਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜਵਾਨੀ ਸਮੇਂ ਰਾਈਆਂ ਵਾਲੇ ਡੇਰੇ ਤੇ ਚੱਲੇ ਕੇਸ ਬਾਰੇ ਵਯੋਵ੍ਰਿਧ ਸੰਤ ਹਰਦੇਵ ਸਿੰਘ ਬਖਸ਼ੀ (97) ਨੂੰ ਮਿਲਾਂ ਅਤੇ ਉਸ ਤੋਂ ਸਾਰੀ ਵਾਕਫ਼ੀ ਲਵਾਂ। ਮੈਂ ਉਸ ਕੋਲੋਂ ਡੇਰੇ ਦੇ ਇਸ ਕੇਸ ਬਾਬਤ ਜਾਣਕਾਰੀ ਰਿਕਾਰਡ ਕਰ ਚੁਕਾ ਸਾਂ ਤਾਂ ਵੀ ਮੈਂ ਬਿਰਧ ਦੇ ਡੇਰੇ ਗਿਆ। ਉਹ ਧੁੱਪੇ ਮੰਜੀ ਉਤੇ ਬੈਠਾ ਕੇਸਾਂ ਨੂੰ ਸੁਕਾ ਰਿਹਾ ਸੀ। ਮੈਨੂੰ ਮਿਲ ਬਹੁਤ ਸੰਤੁਸ਼ਟ ਹੋਇਆ ਤੇ ਕਹਿਣ ਲਗਾ: ਕਵੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਲਹਕੁਲ ਤੇ ਨਿਸ਼ਾਨੇ ਸੇਧੀ ਪਾਲਿਸੀ ਦਾ ਹੀ ਇਹ ਚਮਤਕਾਰ ਹੈ ਕਿ ਜਿਸ ਕੇਸ ਨੂੰ ਲੜਨ ਵਾਸਤੇ 60 ਸਾਲ ਪਹਿਲਾਂ ਦੋ ਲੱਖ ਰੁਪੈਆ ਖਰਚ ਹੋਇਆ ਸੀ ਤੇ ਦੋ ਵਿਅਕਤੀ ਲੜਾਈ ਵਿਚ ਮਾਰੇ ਗਏ ਸਨ, ਅਤੇ ਡੇਰੇ ਦੇ ਸਿਰ ਕਾਫ਼ੀ ਕਰਜ਼ ਹੋ ਗਿਆ ਸੀ ਉਸਨੂੰ ਸਤਿਗੁਰੂ ਜੀ ਨੇ ਸਹਿਜ ਭਾ ਹੀ ਨਜਿੱਠ ਲਿਆ। ਇਹ ਸਤਿਗੁਰਾਂ ਦੀ ਸ਼ਾਂਤੀ ਅਤੇ ਪ੍ਰੇਮ ਪਿਆਰ ਦੀ ਜਿਤ ਹੈ।

ਇਸ ਡੇਰੇ ਨਾਲ ਜ਼ਮੀਨ ਵੀ ਸੀ ਜੋ ਅੰਤ ਮਹੰਤ ਰਾਮ ਹੁਰਾਂ ਤੇ ਪਹਿਲਿਆਂ ਨੇ ਵੇਚ ਕੇ ਪੈਸੇ ਮਰਜ਼ੀ ਮੁਤਾਬਕ ਖਰਚ ਲਏ।

ਮੈਂ 10.30 ਵਜੇ ਤਕ ਸ੍ਰੀ ਭੈਣੀ ਸਾਹਿਬ ਤੋਂ ਵਿਦਾ ਹੋ ਆਇਆ।



Sri Satguru Jagjit Singh Ji Elibrary NamdhariElibrary@gmail.com

## 29 ਨਵੰਬਰ 1985, ਸ਼ੁਕਰਵਾਰ
## ਜਲੰਧਰ

ਬੀਤੀ ਰਾਤ ਨੂਰਮਹਿਲੋਂ 5 ਕਿਲੋ ਮੀਟਰ ਦੇ ਫਾਸਲੇ ਤੇ ਕੋਟ ਬਾਦਲ ਖਾਂ ਕਸਬੇ ਵਿਚ ਆਪਣੀ ਛੋਟੀ ਵਿਵਾਹਤ ਪੁੱਤਰੀ ਇੰਦੂ- ਸੁੱਚਾ ਸਿੰਘ ਚੀਮਾ ਪਾਸ ਬਿਤਾ ਕੇ 12 ਵੱਜਦੇ ਨੂੰ 'ਵਰਿਆਮ' ਸੰਪਾਦਕ ਜਗਦੀਸ਼ ਸਿੰਘ ਦੇ ਘਰ ਜਲੰਧਰ ਪੁੱਜਾ। ਮੇਰਾ ਆਦਰ ਭਾਵ ਬੀਬੀ ਬਖਸ਼ੀਸ਼ ਨੇ ਕਰ ਦਸਿਆ ਕਿ ਸੱਚੇ ਪਾਤਸ਼ਾਹ ਜੀ 10 ਵਜੇ ਦੇ ਹੀ ਜਲੰਧਰ ਵਿਚ ਹਨ ਅਤੇ 'ਵਰਿਆਮ' ਜੀ ਸੈਂਟਰਲ ਟਾਊਨ ਨਾਮਧਾਰੀ ਧਰਮਸ਼ਾਲਾ ਦੀ , ਉਸਾਰੀ ਵਿਚ ਹਨ ਜਿਥੇ ਸਤਿਗੁਰੂ ਨੂੰ ਸਮਰਪਤ ਸ਼ਾਮ ਨੂੰ ਸੰਗੀਤ ਸਭਾ ਹੋਣੀ ਹੈ।

ਜਲੰਧਰ ਦੀ ਸੰਗਤ ਨੇ ਸ. ਸਾਧੂ ਸਿੰਘ, ਸ. ਜਗਦੀਸ਼ ਸਿੰਘ ਅਤੇ ਸ. ਨਰਾਇਣ ਸਿੰਘ ਦੀ ਅਗਵਾਈ ਵਿਚ ਇਕ ਸੰਸਥਾ ਸਥਾਪਤ ਕੀਤੀ ਹੈ: ਨਾਮਧਾਰੀ ਸਭਿਆਚਾਰਕ ਕੇਂਦਰ। ਇਸ ਦੇ ਸਰਪ੍ਰਸਤ ਸ. ਸਾਧੂ ਸਿੰਘ ਹਨ। ਸਭਾ ਦਾ ਮਨੋਰਥ ਹੈ ਨਾਮਧਾਰੀ ਮੰਚ ਤੋਂ ਸਭਿਆਚਾਰਕ ਸਰਗਰਮੀਆਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਸਿੰਘ ਦਾ ਪ੍ਰਕਾਸ਼ ਦਿਨ (25.11.85) ਮਨਾਣ ਹਿਤ ਅੱਜ ਦਾ ਦਿਨ ਇਹਨਾਂ ਮੁੰਤਖ਼ਿਬ ਕੀਤਾ। ਭਾਵੇਂ ਹੋਰ ਲੈਕਚਰ ਆਦਿ ਇਸ ਸੰਗੀਤ ਸ਼ਭਾ ਵਿਚ ਨਹੀਂ ਹੋਣੇ। ਏਸੇ ਲਈ ਇਹਨਾਂ 'ਬਿਨਾ ਜਨਮ ਦਿਨ ਮਨਾਣ' ਦੀ ਸੂਚਨਾ ਤੋਂ ਸੰਗੀਤ ਸ਼ਾਮਾਂ ਵਿਚ ਸ਼ਮੂਲੀਅਤ ਲਈ ਸਤਿਗੁਰਾਂ ਪਾਸ ਬੇਨਤੀ ਕੀਤੀ। ਅਤੇ ਸ. ਸਾਧੂ ਸਿੰਘ ਹੁਰਾਂ ਲੰਗਰ ਦੀ ਬੇਨਤੀ ਵੀ ਕਰ ਦਿਤੀ।

ਸਤਿਗੁਰੂ ਜੀ ਦੀ ਤਸਵੀਰ ਵਾਲਾ ਇਕ ਸਜੀਲਾ, ਸੰਖੇਪ, ਸੱਦਾ ਪੱਤਰ ਕਾਰਡ ਵੀ ਛਪਵਾਇਆ ਗਿਆ ਅਤੇ ਅੱਜ ਦੀ ਸ਼ਾਮ ਵਾਸਤੇ ਕਲਾਕਾਰਾਂ ਨੂੰ ਵੀ ਨਿਮੰਤ੍ਰਿਤ ਕੀਤਾ ਗਿਆ। ਨਾਮਧਾਰੀ ਕਲਾਕਾਰ ਵੀ ਬੁਲਾਏ ਗਏ ਅਤੇ ਸਤਿਗੁਰੂ ਜੀ ਦੀ ਇੱਛਾ ਰਾਮ ਜੀ ਮਿਸ਼ਰਾ ਬਨਾਰਸੀ ਨੂੰ ਵੀ ਏਥੇ ਪੇਸ਼ ਕਰਨ ਦੀ ਸੀ। ਸੋ ਇਸ ਆਯੋਜਨ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਵਿਚ ਸਨ।

ਮੈਂ ਧਰਮਸਾਲਾ ਗਿਆ ਤਾਂ ਸ. ਜਗਦੀਸ਼ ਸਿੰਘ, ਬਲਦੇਵ ਸਿੰਘ, ਹਾਲ ਕਮਰੇ ਦੁਆਲੇ ਤੇ ਛੱਤਾਂ ਉਤੇ ਸਫੈਦ ਕੱਪੜੇ ਦਾ ਪੰਡਾਲ ਲਗਵਾ ਰਹੇ ਸਨ। ਸੰਤ ਉਜਾਗਰ ਸਿੰਘ, ਸੰਤ ਹਜ਼ਾਰਾ ਸਿੰਘ ਆਦਿ ਸਰੀਰ ਤਿਆਰੀ ਦੇ ਕਾਰਜਾਂ ਵਿਚ ਜੁਟੇ ਹੋਏ ਸਨ। ਸ. ਨਰਾਇਣ ਸਿੰਘ ਮੈਨੇਜਰ ਟ੍ਰੇਡਰਜ਼ ਬੈਂਕ ਦੇ ਪ੍ਰਭਾਵ ਨਾਲ ਦੋ ਗੱਡੀਆਂ ਪ੍ਰਬੰਧਕਾਂ ਦੀ ਸੇਵਾ ਵਿਚ ਹਾਜ਼ਰ ਸਨ। ਮੈਂ ਜਗਦੀਸ਼ ਜੀ ਨੂੰ ਨਾਲ ਲੈ ਸ. ਸਾਧੂ ਸਿੰਘ ਕੇ ਘਰ ਗਿਆ।

ਬ੍ਰਾਂਡਰਥ ਰੋਡ ਤੇ ਸਥਿਤ ਇਹ ਵਿਸ਼ਾਲ ਘਰ, ਜਿਸਦੇ ਹੇਠਾਂ 10 ਹੱਟੀਆਂ 10,000 ਰੁਪਏ ਕਿਰਾਏ ਦਾ ਕਾਰਨ ਹਨ, ਭੀੜੀਆਂ ਪੌੜੀਆਂ ਉਤੇ ਚੜ੍ਹਕੇ ਉਪਰਲੀ


Sri Satguru Jagjit Singh Ji Elibrary NamdhariElibrary@gmail.com

ਛੱਤ ਦੇ ਵਿਹੜੇ ਤੇ ਪਹੁੰਚੇ। ਅੱਗੇ ਰੌਣਕਾਂ ਦਾ ਆਲਮ ਸੀ। ਘੇਰੇ ਵਿਚ ਪਈਆਂ ਕੁਰਸੀਆਂ ਤੇ ਸਤਿਗੁਰੂ ਜੀ ਦੇ ਸੇਵਕ, ਅੰਗ ਰਖਿਅਕ ਤੇ ਬਾਹਰੋਂ ਆਏ ਸਰੀਰ ਬੈਠੇ ਸਨ। ਇਕ ਪਾਸੇ ਸਾਧ ਸੰਗਤ ਲੰਗਰ ਛਕ ਰਹੀ ਸੀ। ਬੀਬੀ ਸੰਪੂਰਨ ਕੌਰ, ਪਰਮਿੰਦਰ ਪਾਲ ਸਿੰਘ ਲੱਕੀ, ਲਵਲੀ ਤੇ ਬਿੱਟੂ (ਦੋਵੇਂ ਭੈਣਾਂ) ਸੇਵਾ ਵਿਚ ਵਿਅਸਤ ਸਨ। ਚਿਰ ਪਿਛੋਂ ਇਸ ਘਰ ਵਿਚ ਉਸੇ ਬਹਾਰ ਦੇ ਹੁੱਲੇ ਆ ਰਹੇ ਸਨ ਜੁ 14 ਵਰ੍ਹੇ ਪਹਿਲਾਂ ਨਜ਼ਰ ਆਇਆ ਕਰਦੀ ਸੀ। ਸ. ਸਾਧੂ ਸਿੰਘ ਵੀ ਮਸਤ ਦੀਵਾਨਾ ਬਣੀ ਹਰੇਕ ਦੀ ਸੇਵਾ ਲਈ ਹਾਜ਼ਰ ਸੀ।

ਸ੍ਰੀ ਸਤਿਗੁਰੂ ਜੀ ਅੰਦਰ ਆਰਾਮ ਫੁਰਮਾ ਸਨ।

ਏਥੇ ਮੇਰੀ ਮੁਲਾਕਾਤ ਇਕ ਸਾਧੂ ਨਾਲ ਹੋਈ ਜੁ ਕਾਲਿਆਂਵਾਲੀ ਦਾ ਜੰਮਪਲ, ਤੇ ਹੁਣ ਫਤਿਹਾਬਾਦ ਹਰਿਆਣਾ ਦਾ ਵਸਨੀਕ ਸੀ। ਉਂਜ ਇਹ ਪੈਂਨੀ ਲੈੱਸ ਸੀ ਕਿਉਂਕਿ ਇਸ ਦੀ ਜ਼ਮੀਨ, ਇਸਦੀ ਘੁਮੱਕੜ ਪ੍ਰਵਿਰਤੀ ਵੇਖ, ਵਡੇ ਭਰਾ ਨੇ ਫ਼ਰਜ਼ੀ ਢੰਗਾਂ ਨਾਲ ਹੜੱਪ ਲਈ ਸੀ। ਇਸਦਾ ਵਰਤਮਾਨ ਨਾਮ ਸਾਧੂ ਸਤਿ ਸਰੂਪ ਹੈ। ਇਸ ਨੇ ਮੈਨੂੰ ਦੱਸਿਆ ਕਿ ਇਸਨੇ ਇਕ ਐਸੀ ਮਸ਼ੀਨ ਈਜਾਦ ਕੀਤੀ ਹੈ ਜੋ ਆਯੁਰਵੈਦਿਕ ਤਰੀਕਿਆਂ ਨਾਲ ਮਨੁੱਖ ਦਾ ਬਿਜਲਈ ਇਲਾਜ ਕੀਤਾ ਕਰੇਗੀ। ਅਜੇ 5-7 ਦਿਨ ਪਹਿਲਾਂ ਇਸ ਮਸ਼ੀਨ ਦੀ ਚਰਚਾ ਅਖ਼ਬਾਰਾਂ ਵਿਚ ਪੜ੍ਹੀ ਸੀ। ਸਤਿ ਸਰੂਪ ਜੀ ਨੇ ਦਸਿਆ ਕਿ ਉਨ੍ਹਾਂ ਦੇ ਡੀਜ਼ਾਇਨ ਤੇ ਭਾਰਤ ਹੈਵੀ ਇਲੈਕਟ੍ਰੀਕਲਜ਼ ਭੋਪਾਲ ਨੇ ਉਹ ਮਸ਼ੀਨ ਤਿਆਰ ਕੀਤੀ ਹੈ ਅਤੇ ਉਹ ਇਲਾਜ ਕਰਨ ਵਿਚ ਪ੍ਰੀਖਿਅਤ ਹੋ ਚੁਕੀ ਹੈ। ਬਾਰਾਂ ਕੁਇੰਟਲ ਭਾਰੀ ਮਸ਼ੀਨ ਦੀ ਇਕ ਪਹਿਲੀ ਰਚਨਾ ਕਾਦ ਕਾਰ ਨੂੰ ਭੇਟ ਕੀਤੀ ਜਾ ਚੁਕੀ ਹੈ। ਹੁਣ ਸਵਾਲ ਉਸਨੂੰ ਲਿਆਉਣ ਲਗਾਣ ਦਾ ਹੈ। ਉਸ ਲਈ 12 X 12 ਫੁੱਟ ਦਾ ਕਮਰਾ ਲੋੜੀਂਦਾ ਹੈ।

ਫੇਰ ਮੈਂ ਇਸ ਮੁਸਕਾਂਦੇ ਰਹਿਣ ਵਾਲੇ ਤੇ ਮਿੱਠੀ ਆਵਾਜ਼ ਵਾਲੇ ਪੰਜਾਬੀ ਸਾਧੂ ਨੂੰ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਏਥੇ ਹੀ ਬੈਠੇ ਵੇਖਿਆ। ਉਸਨੇ ਅਗੇ ਵੀ ਅਨੇਕਾਂ ਵਾਰ ਗੁਰੂ ਕੇ ਦਰਸ਼ਨ ਅਨੇਕਾਂ ਥਾਈਂ ਪਰਸੇ ਸਨ। ਸੋ ਪਰਸਪਰ ਪਛਾਣ ਤੇ ਵਿਸ਼ਵਾਸ ਤਾਂ ਹੈ ਹੀ ਸੀ। ਸਤਿ ਸਰੂਪ ਜੀ ਨੇ ਦੱਸਿਆ ਕਿ ਉਸਨੂੰ ਇਸ ਮਸ਼ੀਨੀ ਡਾਕਟਰ ਲਈ ਕੋਈ ਨਾ ਕੋਈ ਮਾਇਆ ਆਦਿ ਦੀ ਲੋੜ ਪਏਗੀ। ਸਤਿਗੁਰੂ ਜੀ ਨੇ ਬਚਨ ਕੀਤਾ: ਤੁਸੀਂ ਜਿੰਨੀ ਜਲਦੀ ਹੋ ਸਕੇ ਪ੍ਰਾਜੈਕਟ ਰਿਪੋਰਟ ਦਿਓ, ਕਿੰਨੀ ਜਗਹ, ਕਿਹੜੀ ਥਾਂ, ਕਿੰਨੀ ਰਕਮ ਅਤੇ ਉਸ ਤੋਂ ਲੋੜਵਾਂ ਲਾਭ ਕਿਵੇਂ ਤੇ ਕਦੋਂ ਹੋ ਸਕੇਗਾ-ਸਭ ਲਿਖ ਕੇ ਦਿਓ।

ਸੰਤ ਜੀ ਨੇ ਅਗਲੇ 15 ਦਿਨਾਂ ਵਿਚ ਇਹ ਕੁਝ ਕਰ ਭੇਜਣ ਲਈ ਮੰਨਿਆ।

2 ਤੋਂ 3.30 ਤਕ ਧਰਮਸਾਲਾ ਵਿਚ ਗੁਰੂ ਕੀ ਹਜ਼ੂਰੀ ਵਿਚ ਨਾਮ ਸਿਮਰਨ ਅਤੇ ਕੀਰਤਨ ਹੋਣ ਉਪਰੰਤ ਸੰਗੀਤ ਅਯੋਜਨ ਦੀ ਬੈਠਕ 5 ਵਜੇ ਏਸੇ ਸਥਾਨ ਤੇ ਜਾਰੀ ਹੋਈ।

ਪਰ ਇਸ ਤੋਂ ਪਹਿਲੋਂ ਸ੍ਰੀ ਸਤਿਗੁਰੂ ਜੀ ਅਤੇ ਨਾਲ ਦੇ ਜਥੇ ਦੀਆਂ 3-4 ਗੱਡੀਆਂ ਦਾ ਦੌਰਾ ਬਸਤੀ ਅੱਡੇ ਵਿਚ ਸ. ਰਾਮ ਸਿੰਘ, ਸ. ਰਤਨ ਸਿੰਘ ਸ. ਚਰਨ



Sri Satguru Jagjit Singh Ji Elibrary NamdhariElibrary@gmail.com

ਸਿੰਘ ਕੇ ਘਰਾਂ ਵਿਚ ਹੋਇਆ। ਸ੍ਰੀ ਸਤਿਗੁਰੂ ਜੀ ਦੇ ਚਰਨਾਂ ਲਈ ਪ੍ਰਾਰਥਨਾ ਚਿਰੋਕਣੀ ਸੀ। ਏਥੋਂ ਦੇ ਸਿਖਾਂ ਨੂੰ ਨਿਵਾਜ ਦੀਨ ਦਿਆਲ ਡਾ: ਅਜਮੇਰ ਸਿੰਘ ਕੇ ਘਰ ਰਣਜੀਤ ਨਗਰ ਪਧਾਰੇ। ਸ. ਸੁਰੈਣ ਸਿੰਘ, ਜਗਦੀਸ਼ ਸਿੰਘ ਦੇ ਮਾਮੇ, ਦੀ ਬੈਟਰੀਆਂ ਬਣਾਣ ਦੀ ਫੈਕਟਰੀ 'ਸੁਰੈਣ ਸਿੰਘ ਐਂਡ ਸਨਜ਼' ਵਿਚ ਲਾਡੋਵਾਲੀ ਰੋਡ ਤੇ ਚਰਨ ਪਾਉਣ ਦੀ ਕਿਰਪਾ ਕੀਤੀ ਗਈ। ਸ. ਜੀ ਦੇ ਲੜਕੇ ਨਿਰਮਲ ਸਿੰਘ ਨੇ ਸਤਿਗੁਰੂ ਜੀ ਨੂੰ ਬੈਟਰੀਆਂ ਲਈ ਤਿਆਰ ਹੁੰਦੇ ਵਖ ਵਖ ਭਾਗਾਂ ਦੀ ਜਾਣਕਾਰੀ ਦਿਤੀ। ਭੇਟਾ ਸਤਿਕਾਰ ਉਪਰੰਤ ਬਣਿਆ ਜੁੜਿਆ ਇਹ ਜਥਾ ਸੰਤ ਨੱਥਾ ਸਿੰਘ ਜਥੇਦਾਰ- ਬੀਬੀ ਕੌਰ ਕੇ ਘਰ ਪਧਾਰੇ ਜਿਨ੍ਹਾਂ ਦੇ ਸਪੁੱਤਰਾਂ ਸ. ਜਗਦੀਸ਼ ਸਿੰਘ ਵਰਿਆਮ ਅਤੇ ਸ. ਨਰਾਇਣ ਸਿੰਘ ਨੇ ਜਲੰਧਰ ਵਿਚ ਤੇ ਨਾਮਧਾਰੀ ਜਗਤ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ ਹੋਇਆ ਹੈ। ਨਿਰਾ ਏਨਾ ਹੀ ਨਹੀਂ ਸਤਿਗੁਰੂ ਜੀ ਦੇ ਹਿਰਦੇ ਵਿਚ ਵੀ ਇਹਨਾਂ ਲਈ ਚੋਖੀ ਥਾਂ ਹੈ।

ਸੰਤ ਨੱਥਾ ਸਿੰਘ ਜੀ ਦੇ ਮਕਾਨ ਦੇ ਨਵੀਨੀਕਰਣ ਉਪਰੰਤ ਸ੍ਰੀ ਸਤਿਗੁਰੂ ਜੀ ਸ਼ਾਇਦ ਪਹਿਲੀ ਵਾਰ ਹੀ ਪਧਾਰੇ ਸਨ। ਉਪਰਲੀ ਛੱਤੇ ਤਿੰਨ ਕਮਰਿਆਂ ਵਿਚ ਸ੍ਰੀ ਸਤਿਗੁਰੂ ਜੀ ਦੇ ਚਰਨ ਪੁਆਕੇ ਜਗਦੀਸ਼-ਬਖਸ਼ੀਸ਼ ਅਤੇ ਨਰਾਇਣ ਗੁਰਮੀਤ ਨੇ ਸ਼ਰਧਾ ਤੇ ਤੌਫ਼ੀਕ ਅਨੁਸਾਰ ਭੇਟਾ ਧਰ ਕੇ ਮਨ ਦੀ ਪ੍ਰਸੰਨਤਾ ਕੀਤੀ।

ਆਓ ਥੋੜਾ ਚਿਰ ਉਸ ਸਤਿਗੁਰੂ ਜੀ ਵਲ ਜਿਨ੍ਹਾਂ ਨਮਿਤ ਅੱਜ ਦੀ ਸੰਗਤ-ਸ਼ਾਮ ਸਮਰਪਤ ਹੈ। ਫੁੱਲਾਂ ਸਜਾਈ ਪ੍ਰਿਸ਼ਠਭੂਮੀ ਵਾਲੇ ਮੰਚ ਉਤੇ ਸਤਿਗੁਰੂ ਜੀ ਭਾਵੇਂ 5 ਤੋਂ 10 ਮਿੰਟ ਪਹਿਲਾਂ ਹੀ ਬਿਰਾਜਮਾਨ ਹੋ ਗਏ ਤਾਕਿ ਸਮੇਂ ਸਿਰ ਪ੍ਰੋਗਰਾਮ ਜਾਰੀ ਹੋ ਸਕੇ ਤੇ 9 ਵਜੇ ਤਕ ਸਮਾਪਤੀ ਹੋ ਜਾਵੇ ਪਰ ਮੰਚ ਸਕੱਤਰ ਸ੍ਰੀ ਵਰਿਆਮ ਜਿਸ ਕਲਾਕਾਰ ਦਾ ਨਾਂ ਲਏ,ਉਹੋ ਹੀ ਗ਼ਾਇਬ ਹੋਵੇ। ਭਾਵੇਂ ਸ੍ਰੀ ਸਤਿਗੁਰੂ ਜੀ ਦੇ ਖੱਬੇ, ਦਿਲ ਦੇ ਕੋਲ ਵਾਰ ਕਰਕੇ ਇਕ ਸੁੰਦਰ ਬੈਜ-ਨਾਮਧਾਰੀ ਸਭਿਆਚਾਰਕ ਕੇਂਦਰ, ਜਲੰਧਰ ਲਗਾ ਕੇ ਦੋ ਤਿੰਨ ਮਿੰਟ ਬਿਤਾ ਦਿਤੇ ਪਰ ਅੱਧਾ ਘੰਟਾ ਤਕ ਕਲਾਕਾਰਾਂ ਦਾ ਜੁਗਾੜ ਨਾ ਬਣਨ ਕਰਕੇ ਸ. ਸਾਧੂ ਸਿੰਘ ਨੂੰ ਕੁਚੀਚੀਆਂ ਆ ਰਹੀਆਂ ਸਨ ਤੇ ਜਗਦੀਸ਼ ਸਿੰਘ ਨੂੰ ਪਰੇਸ਼ਾਨੀਆਂ। ਸੱਚੇ ਪਾਤਸ਼ਾਹ ਦੁਖੀ ਹੋਣ ਜਾਣਦੇ ਹੀ ਨਹੀਂ, ਉਹ ਸਦਾ ਪ੍ਰਬੰਧਕਾਂ ਦੀ ਭਾਵਨਾਂ ਨੂੰ ਤਰਜੀਹ ਦਿੰਦੇ ਹਨ, ਅੜਚਨਾਂ ਨੂੰ ਨਹੀਂ।

ਪਹਿਲ ਸਤਿਗੁਰੂ ਜੀ ਦੇ ਪ੍ਰਿਯ ਕਲਾਕਾਰ ਬਲਜੀਤ ਸਿੰਘ ਤੋਂ ਹੀ ਹੋਈ। ਆਲ ਇੰਡੀਆ ਰੇਡੀਓ ਜਲੰਧਰ ਦੇ ਕਲਾਕਾਰ ਸ੍ਰੀ ਕਾਲੇ ਰਾਮ ਦੇ ਤਬਲੇ ਨਾਲ ਪੌਣਾ ਘੰਟਾ ਤਾਰ ਸ਼ਹਿਨਾਈ ਬਿਹਾਗ ਦੀਆਂ ਸੁਰਾਂ ਨਾਲ ਗੂੰਜਦੀ ਰਹੀ। ਸਰੋਤੇ ਮੈਂ ਅੱਜ ਜਿੰਨੇ ਕਦੇ ਵੀ ਇਸ ਧਰਮਸਾਲ ਵਿਚ ਨਹੀਂ ਵੇਖੇ। ਇਸਤ੍ਰੀ ਪੁਰਸ਼ਾਂ ਦੀ ਸਿਆਣੀ ਬਹੁਗਿਣਤੀ ਨਾਲ ਹਾਲ ਭਰਪੂਰ ਸੀ। ਸ੍ਰੀ ਕਾਲੀਆ, ਸ. ਜੋਧ ਸਿੰਘ, ਪ੍ਰੋ: ਨਿਪਾਲ ਸਿੰਘ, ਸ੍ਰੀ ਜੋਗਿੰਦਰ ਬਾਵਰਾ, ਸ੍ਰੀ ਫਕੀਰ ਚੰਦ ਤੁਲੀ, ਸ. ਪ੍ਰੀਤਮ ਸਿੰਘ ਪੰਛੀ ਮਲੇਰਕੋਟਲਾ, ਬਾਬਾ ਗੁਰਬਖਸ਼ ਸਿੰਘ ਬੰਨੋਆਣਾ, ਸਵਾਮੀ ਸਤਿ ਸਰੂਪ ਅਤੇ ਅਨੇਕਾਂ ਹੋਰ ਵਿਅਕਤੀ



Sri Satguru Jagjit Singh Ji Elibrary NamdhariElibrary@gmail.com

ਜੁ ਵਿਸ਼ੇਸ਼ ਤੌਰ ਤੇ ਇਸ ਸਮੇਂ ਪਧਾਰੇ। ਮੈਨੂੰ ਅਨੇਕਾਂ ਲੋਕਾਂ ਦਾ ਨਾਮ ਯਾਦ ਜਾਂ ਪਤਾ ਨਹੀਂ। ਤਾਰ ਸ਼ਹਿਨਾਈ ਦੀਆਂ ਖੂਬਸੂਰਤ ਸੁਰਾਂ ਨੇ ਸ੍ਰੋਤਿਆਂ ਨੂੰ ਮੋਹੀ ਰਖਿਆ।

6.30 ਵਜ ਗਏ ਤਾਂ ਸਾਧੂ ਪਹਿਰਾਵੇ, ਸਿਰ ਤੇ ਗੇਰੂਆ ਪਟਕੇ ਅਤੇ ਲੰਬੀ ਦਾੜ੍ਹੀ ਵਾਲੇ ਅੰਦਰੋਂ ਬਾਹਰੋਂ ਸਾਤਵਿਕ ਕਲਾਕਾਰ ਪੰ: ਮਨੋਹਰ ਲਾਲ ਨਾਲ ਉਨ੍ਹਾਂ ਦੇ ਹੀ ਛੋਟੇ ਭਾਈ ਪੰ: ਰਮਾ ਕਾਂਤ ਦੇ ਤਬਲੇ ਦਾ ਸੰਬਾਵ ਰਾਗ ਭਿਨ ਸ਼ੜਜ ਵਿਚ ਹੋਇਆ। ਪੰ: ਓਂਕਾਰ ਨਾਥ ਠਾਕਰ ਦੇ ਇਸ ਚੇਲੇ ਨੇ ਉਨ੍ਹਾਂ ਦੇ ਢੰਗ ਦਾ ਹੀ ਗਾਇਨ ਕਰਕੇ 7.30 ਤਕ ਮਸਤੀ ਦਾ ਆਲਮ ਤਾਰੀ ਰਖਿਆ।

ਉਪਰੰਤ ਬਲਜੀਤ ਸਿੰਘ ਦੁਆਰਾ ਨਗਮੇ ਨੂੰ ਆਧਾਰ ਬਣਾ ਕੇ ਬਨਾਰਸ ਦੇ ਪ੍ਰਸਿੱਧ ਤਬਲਾ ਵਾਦਕ ਪੰ: ਅਨੋਖੇ ਲਾਲ ਮਿਸ਼ਰਾ ਦੇ ਸਪੁੱਤਰ ਰਾਮ ਜੀ ਮਿਸ਼ਰਾ ਨੇ ਅੱਧਾ ਘੰਟਾ ਉਹ ਸੋਲੋ ਵਾਦਨ ਕੀਤਾ ਕਿ ਜਲੰਧਰ ਦੇ ਸੰਗੀਤ ਪ੍ਰੇਮੀ ਅਚਰਜ ਚਕਿਤ ਵੇਖਦੇ ਹੀ ਰਹਿ ਗਏ। ਕੱਦੋਂ ਕਾਠੋਂ ਛੋਟਾ ਜਿਹਾ ਕਲਾਕਾਰ ਗੁਣ ਵਲੋਂ ਏਨਾ ਪਰਪੱਕ ਸੀ ਕਿ ਅੱਜ ਦੀ ਸਾਰੀ ਵਜੈਤ ਪਿਛਲੇ ਸਭ ਦਿਨਾਂ ਤੋਂ ਭਿੰਨ ਸੀ।

ਸ੍ਰੀ ਸਤਿਗੁਰੂ ਜੀ ਮੋਨ ਰਖੀ ਨਾਮ ਸਿਮਰਨ ਕਰਦੇ ਸੰਗੀਤ ਸੁਖ ਵੀ ਲੁਟਦੇ ਰਹੇ।

8.15 ਹੋਏ ਤਾਂ ਸ. ਵਰਿਆਮ ਨੇ ਕੂਕਾ ਬੰਧੂਆਂ- ਸੁਖਦੇਵ-ਮੋਹਣ ਸਿੰਘ ਨੂੰ ਪੇਸ਼ ਕੀਤਾ। ਨਾਮਧਾਰੀ ਕਲਾਕਾਰਾਂ ਨੇ ਵੱਡਾ ਤੇ ਛੋਟਾ ਖ਼ਿਆਲ ਤਥਾ ਤ੍ਰਾਨਾ ਯਮਨ ਵਿਚ ਭੇਟ ਕੀਤਾ। ਭਾਵੇਂ ਸੁਰਾਂ ਵਲੋਂ ਅੱਜ ਮੈਨੂੰ ਤਸੱਲੀ ਨਹੀਂ ਸੀ ਤਾਂ ਵੀ ਗਾਇਕਾਂ ਦੀਆਂ ਸਰਗਮਾਂ, ਤਾਨਾਂ ਤੇ ਪੇਸ਼ਕਾਰੀ ਨੇ ਸਰੋਤਿਆਂ ਨੂੰ ਤਸੱਲੀ ਭਰਿਆ ਸਮਾ ਦਿਤਾ। ਇਹਨਾਂ ਨਾਲ ਤਬਲੇ ਦੀ ਸੰਗਤ ਬਨਾਰਸ ਦੇ ਪੰ: ਕਿਸ਼ਨ ਮਹਾਰਾਜ ਤੋਂ ਸੁਸਿਖਿਅਤ ਸ੍ਰੀ ਸੁਖਦੇਵ ਸਿੰਘ ਨੇ ਮਜਬੂਤੀ ਨਾਲ ਦਿਤੀ।

9.00 ਵਜ ਗਏ ਰਾਤ ਦੇ। ਛਪੇ ਹੋਏ ਕਾਰਡ ਅਨੁਸਾਰ ਇਹ ਵੇਲਾ ਸੰਗੀਤ ਸਮਾਪਤੀ ਦਾ ਸੀ ਪਰ ਅਜੇ ਤਾਂ ਸਿਤਾਰਵਾਦਕ ਸ੍ਰੀ ਵਰਿੰਦਰ ਨੂੰ ਸਮਾ ਦਿਤਾ ਜਾਣਾ ਸੀ। ਇਕ ਘੰਟਾ ਭਰ ਯਮਨ ਦੀਆਂ ਸੁਰਾਂ ਦਾ ਮੰਡਲ ਸਿਰਜੀ ਸਿਤਾਰ ਪੰ: ਰਮਾ ਕਾਂਤ ਦੇ ਤਬਲੇ ਦੀ ਕ੍ਰਿਤੀ ਵੀ ਨਾਲ ਨਾਲ ਪੇਸ਼ ਕਰਨ ਦਾ ਅਵਸਰ ਦਿੰਦੀ।

ਅੱਜ ਕਲਾਕਾਰ ਤਾਂ ਅਨੇਕ ਸਨ ਪਰ ਸਮਾ ਹੁਣ ਇਕ ਘੰਟਾ ਵਾਧੂ ਹੋ ਗਿਆ ਸੀ। ਸੋ ਪ੍ਰੋਗਰਾਮ ਏਥੇ ਹੀ ਸਮਾਪਤ ਕਰਨਾ ਪਿਆ।

ਹੁਣ ਨਾਮਧਾਰੀ ਸਭਿਆਚਾਰਕ ਕੇਂਦਰ ਸਰਵੇਚ ਮੁਖੀ ਸ: ਸਾਧੂ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਇਕ ਮੋਮੈਂਟੋ ਭੇਟ ਕੀਤਾ। ਮੋਮੈਂਟੋ ਵਿਚ ਇਕ ਪੁਸਤਕ, ਇਕ ਦਿਲਰੁਬਾ, ਮਾਲਾ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਸਨ। ਲਕੜੀ ਉਤੇ ਜੜ੍ਹੇ ਇਸ ਗੋਲਾਕਾਰ ਮੋਮੈਂਟੋ ਉੱਪਰ ਵੀ ਨਾਮਧਾਰੀ ਸਭਿਆਚਾਰਕ ਕੇਂਦਰ ਉਲਿੱਖਤ ਸੀ ਅਤੇ ਲਕੜੀ ਦੀ ਦੋ ਹੋਰ ਪਰਤਾਂ ਤੇ ਵੀ ਅੱਜ ਦੇ ਦਿਨ ਨਾਲ ਸੰਬੰਧਤ ਜਾਣਕਾਰੀ ਸੀ। ਫਿਰ ਇਸੇ ਤਰ੍ਹਾਂ ਦੇ ਮੋਮੈਂਟੋ ਅਤੇ ਕੁਛ ਰਕਮ ਸ੍ਰੀ ਸਤਿਗੁਰੂ ਜੀ



Sri Satguru Jagjit Singh Ji Elibrary NamdhariElibrary@gmail.com

ਦੁਆਰਾ ਕਲਾਕਾਰਾਂ ਨੂੰ ਭੇਟ ਕਰਵਾਈ ਗਈ। ਸਾਰੇ ਗੁਣੀਆਂ ਨੇ ਸਮੇਤ ਪ੍ਰੋ: ਕਿਰਪਾਲ ਸਿੰਘ ਅਤੇ ਪ੍ਰੀਤਮ ਸਿੰਘ ਕਵੀ ਦੇ ਇਸ ਮੋਮੈਂਟੋ ਨੂੰ ਪ੍ਰਾਪਤ ਕੀਤਾ।

ਸਭਾ ਦੀ ਕਾਰਵਾਈ ਸਮਾਪਤੀ ਤੋਂ ਪਹਿਲਾਂ ਜਲੰਧਰ ਦੇ ਪ੍ਰਸਿੱਧ ਸਿਤਾਰ ਮੇਕਰ ਸ. ਗੁਰਦਿਆਲ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਇਕ ਜੋੜੀ ਤਬਲਾ ਭੇਟ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਅੰਤ ਉਤੇ, ਪ੍ਰਬੰਧਕਾਂ ਦੀ ਬੇਨਤੀ ਤੇ ਸ੍ਰੀ ਸਤਿਗੁਰੂ ਜੀ ਨੇ ਸੰਖੇਪ ਸੰਬੋਧਨ ਕੀਤਾ:

"ਇਕ ਵਾਰ ਰੱਜ ਕੇ ਆਖੋ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ!"

"ਪਤਾ ਨਹੀਂ ਕਿਨੀਆਂ ਜੋੜੀਆਂ ਰਾਗੀਆਂ ਦੀਆਂ ਤਿਆਰ ਹੋਈਆਂ ਸਤਿਗੁਰਾਂ ਵੇਲੇ। ਪਹਿਲਾਂ ਦੋ ਤਿੰਨ ਜੋੜੀਆਂ ਤਿਆਰ ਹੋਈਆਂ। ਉਸ ਵੇਲੇ ਇਹ ਹੁਕਮ ਸੀ ਕਿ ਉਹਨਾਂ ਦੀ ਇਕ ਜੋੜੀ ਨੂੰ ਇਕ ਰੁਪਈਆ ਮਿਲਿਆ ਕਰੇ। ਉਨ੍ਹਾਂ ਨੂੰ ਇਸ ਹੁਕਮ ਤੇ ਯਕੀਨ ਸੀ। ਜੇ ਇਕ ਜਣਾ ਆ ਜਾਵੇ ਤਾਂ ਦੂਜੇ ਦਾ ਰੁਪਈਆ ਉਹ ਜ਼ਰੂਰ ਰਖ ਲੈਂਦਾ ਸੀ।"

"ਇਕ ਵਾਰਾਂ, ਭਾਈ ਜੈ ਸਿੰਘ ਜੀ ਨੂੰ ਕੋਈ ਵੀ ਰੁਪਈਆ ਨਾ ਮਿਲਿਆ ਪਰ ਉਨ੍ਹਾਂ ਆਖਿਆ ਸਾਡੇ ਸਤਿਗੁਰੂ ਰਾਮ ਸਿੰਘ ਜੀ ਨੇ ਲਾਏ ਹੋਏ ਹਨ, ਸਾਨੂੰ ਮਿਲ ਹੀ ਜਾਣੇ ਨੇ। ਅਤੇ ਮਹੀਨਾ ਮੁੱਕਣ ਤੇ 30 ਰੁਪਏ ਇਕੱਠੇ ਹੀ ਮਿਲ ਗਏ ਉਹਨਾਂ ਨੂੰ। ਕਹਿਣ ਤੋਂ ਮਤਲਬ ਹੈ ਕਿ ਉਹਨਾਂ ਦਾ ਧਿਆਨ ਵਿੱਦਿਆ ਵਿਚ, ਕੀਰਤਨ ਵਿਚ, ਤੇ ਆਪਣੇ ਮਨ ਨੂੰ ਠੀਕ ਕਰਨ ਵਾਲੇ ਪਾਸੇ ਸੀ। ਉਹ ਸਮਝਦੇ ਸਨ ਕਿ ਜੇ ਇਹ ਹੋਵੇ ਤਾਂ ਸਾਰੀਆਂ ਚੀਜ਼ਾਂ ਪਿੱਛੇ ਆ ਜਾਂਦੀਆਂ ਹਨ। ਸ. ਆਤਮਾ ਸਿੰਘ ਰਾਵਲਪਿੰਡੀ ਵਾਲੇ ਕਿਹਾ ਕਰਦੇ ਸਨ ਜੇ ਸੂਰਜ ਵੱਲ ਨੂੰ ਪਿੱਠ ਕਰਕੇ ਪਰਛਾਵੇਂ ਨੂੰ ਫੜਨ ਲਗੀਏ ਤਾਂ ਜਿਨਾ ਵੀ ਮਰਜੀ ਭੱਜ ਲਈਏ ਪਰਛਾਵਾਂ ਨਹੀਂ ਫੜਿਆ ਜਾਂਦਾ, ਜੇ ਸੂਰਜ ਵਲ ਨੂੰ ਮੂੰਹ ਕਰਕੇ ਦੌੜੀਏ ਤਾਂ ਪਰਛਾਵੇਂ ਨੂੰ 20 ਆਦਮੀ ਫੜ ਕੇ ਰੱਸਧਾ ਪਾ ਲੈਣ ਉਹ ਮਗਰੇ ਜਾਏਗਾ ਜਿਸ ਵੇਲੇ ਸਤਿਗੁਰੂ ਵਾਲੇ ਪਾਸੇ ਮੂੰਹ ਹੋ ਜਾਵੇ, ਜਿਸਦੀ ਬਣਾਈ ਹੋਈ ਮਾਇਆ ਹੁੰਦੀ ਹੈ ਤਾਂ ਉਹ ਸਾਰੀ ਪਿਛੇ ਆ ਜਾਂਦੀ ਹੈ।"

"ਨਾਮਧਾਰੀਆਂ ਵਿਚ ਬੜੀਆਂ ਐਹੋ ਜੇਹੀਆਂ ਕਥਾ ਪ੍ਰਚਲਤ ਸਨ। ਇਕ ਬਾਬਾ ਜੈਮਲ ਸਿੰਘ ਹੁੰਦੇ ਸਨ, ਲਾਹੌਰ ਦੇ ਜ਼ਿਲ੍ਹੇ ਦੇ। ਉਨ੍ਹਾਂ ਦੀਆਂ ਸਿਧੀਆਂ ਅਕਾਲ ਪੁਰਖ ਨਾਲ ਗੱਲਾਂ ਸਨ। ਆਖਣ ਲਗੇ: ਰੱਬਾ ਮੇਰੇ ਨਾਲ ਬੜੀ ਚੰਗੀ ਕੀਤੀ ਊ! ਮੇਰੇ ਤਾਂ ਬੱਚੇ ਭੁੱਖੇ ਨੇ !! ਉਹਨਾਂ ਕਦੇ ਕਿਸੇ ਐਮ.ਐਲ.ਏ. ਤੋਂ, ਕਿਸੇ ਮਾਂ ਬਾਪ ਤੋਂ ਪੈਸੇ ਨਹੀਂ ਸਨ ਮੰਗੇ। ਕਿਉਂਕਿ ਭਗਤ ਜਨਾ ਹਰਿ ਮਾਂ ਪਿਉ ਬੇਟਾ। ਉਹਨਾਂ ਅਕਾਲ ਪੁਰਖ ਕੋਲ ਅਰਜ਼ ਕੀਤੀ। ਅਵਾਜ਼ਾ ਹੋਇਆ ਘਰ ਜਾ ਕੇ ਪਤਾ ਤੇ ਕਰ। ਘਰ ਗਿਆ। ਘਰ ਵਾਲੀ ਨੂੰ ਪੁੱਛਿਆ ਉਸਨੇ ਆਖਿਆ ਅੱਠ ਦਿਨ ਹੋਏ ਨੇ ਆਟਾ ਊਟਾ ਸਭ ਕੁਝ ਮੁੱਕਿਆ ਹੋਇਐ ਪਰ ਬੱਚੇ ਤਾਂ ਖਾਣ ਨੂੰ ਕੁਝ ਮੰਗਦੇ ਹੀ ਨਹੀਂ। ਉਹ ਤਾਂ ਮੇਕਰ ਦੇ ਵੱਸ ਦੀ ਗੱਲ ਏ। ਭਾਵੇਂ ਉਹ ਏਅਰ ਕੂਲਡ ਇੰਜਣ ਬਣਾ ਦੇਵੇ, ਭਾਵੇਂ ਉਹ ਪਾਣੀ ਵਾਲਾ ਬਣਾ ਦੇਵੇ, ਭਾਵੇਂ ਉਹ ਇਨ੍ਹਾਂ ਦੋਹਾਂ ਤੋਂ ਬਿਨਾ ਬਣਾ ਦੇਵੇ।"



Sri Satguru Jagjit Singh Ji Elibrary NamdhariElibrary@gmail.com

"ਮੇਰਾ ਕਹਿਣ ਤੋਂ ਮਤਲਬ ਹੈ ਕਿ ਵਿੱਦਿਆ ਜਿਹੜੀ ਲਾਲਚ ਤੋਂ ਬਿਨਾ ਹੈ, ਉਹ ਚਾਨਣ ਹੈ। ਜਿਥੇ ਲਾਲਚ ਆ ਜਾਂਦਾ ਹੈ ਉਥੇ ਨਾਲ ਹੀ ਹਨੇਰਾ ਆ ਜਾਂਦਾ ਹੈ।"

"ਦੇਖੋ, ਜੋ ਕੁਝ ਮੈਂ ਵੇਖਿਐ, ਕਲਾਕਾਰਾਂ ਨੂੰ, ਮੇਰੇ ਹਿਸਾਬ ਨਾਲ ਕੁਛ ਵੀ ਨਹੀਂ ਦਿੱਤਾ ਗਿਆ ਫਿਰ ਵੀ ਜੋ ਉਨ੍ਹਾਂ ਨੇ ਕਲਾ ਦਾ ਪ੍ਰਗਟਾਵਾ ਕੀਤਾ ਹੈ ਉਹ ਅਤੀ ਸੁੰਦਰ ਹੈ। ਮੇਰੇ ਲਈ ਵੀ ਉਨ੍ਹਾਂ ਬੜਾ ਕੁਛ ਆਖਿਆ ਏ। ਮੈਂ ਤਾਂ ਇਸ ਤੁਕ ਨੂੰ ਮੰਨਣ ਦੀ ਕੋਸ਼ਸ਼ ਕਰਦਾ ਹਾਂ: *ਤੂੰ ਕਰਤਾ ਕਰਣਾ ਮੈ ਨਾਹੀ, ਜਾ ਹਉ ਕਰੀ ਨ ਹੋਈ।* ਅਕਾਲ ਪੁਰਖ, "ਜੋ ਪਾਵੈ ਭਾਂਡੈ ਵਿਚ ਵਸਤੁ ਸਾ ਨਿਕਲੈ।" ਸਾਡਾ ਓਥੇ ਕੰਮ ਈ ਕੋਈ ਨਹੀਂ ਰਹਿ ਜਾਂਦਾ। *"ਕਿਆ ਕੋਈ ਕਰੇ ਵਿਚਾਰਾ।"*

"ਜਿਸ ਤਰ੍ਹਾਂ, ਤੁਹਾਨੂੰ ਸੁਖਦੇਵ ਸਿੰਘ ਤੇ ਦੋ ਬੱਚੇ ਹੋਰ ਨੇ ਉਸਦੇ ਨਾਲ ਦੇ। ਇਹ ਤਾਂ ਉਹਨਾਂ ਦੇ ਮਾਤਾ ਪਿਤਾ ਦੇ ਸ਼ਾਬਾਸ਼ ਹੈ, ਜਿਨ੍ਹਾਂ ਨੇ ਆਪਣੇ ਬੱਚੇ ਦੇ ਦਿਤੇ ਸਨ। ਬੱਚਿਆਂ ਦੇ ਵੀ ਸ਼ਾਬਾਸ਼ੇ। ਐਸ ਵੇਲੇ ਮਾਇਆ ਦਾ ਜੁਗ"

## 1 ਦਸੰਬਰ 1985, ਐਤਵਾਰ
## ਨਵੀਂ ਦਿੱਲੀ

ਸ੍ਰੀ ਸਤਿਗੁਰੂ ਜੀ ਨੇ 29 ਨਵੰਬਰ ਦੀ ਰਾਤ ਭੈਣੀ ਸਾਹਿਬ ਬਿਤਾਕੇ 30 ਨੂੰ ਸਵੇਰੇ ਹੀ ਦਿੱਲੀ ਵਾਸਤੇ ਪ੍ਰਸਥਾਨ ਕਰਨਾ ਸੀ। ਮੇਰਾ ਖਿਆਲ ਸੀ ਸੱਚੇ ਪਾਤਸ਼ਾਹ ਕਲ 12 ਵਜੇ ਦੁਪਹਿਰ ਤਕ ਦਿੱਲੀ ਪੁੱਜ ਚੁਕੇ ਹੋਣਗੇ ਪਰ ਪਤਾ ਲੱਗਾ ਆਪ ਸ਼ਾਮਾਂ ਵੇਲੇ ਹੀ ਪਧਾਰੇ।

ਅੱਜ ਉਸਤਾਦ ਹਰਭਜਨ ਸਿੰਘ ਮਿਲਿਆ ਤਾਂ ਉਸ ਦਸਿਆ ਕਿ ਸਵੇਰੇ ਸਾਹਿਬਾਬਾਦ ਵਿਖੇ ਸੰਤ ਚਰਨ ਸਿੰਘ ਬਾਲੀ ਨਗਰ ਦੇ ਰਿਸ਼ਤੇਦਾਰ ਦੇ ਘਰ ਆਸਾ ਦੀ ਵਾਰ ਦਾ ਕੀਰਤਨ ਗੁਰੂ ਕੀ ਹਜ਼ੂਰੀ ਵਿਚ ਹੋਇਆ। ਇਲਾਕੇ ਦੀ ਸੰਗਤ ਹੁਮ ਹੁਮਾਕੇ ਆਈ। ਜਮਨਾਪਾਰ ਦੀ ਸੰਗਤ ਚੋਂ ਕੋਈ ਵਿਰਲਾ ਹੀ ਅਪਹੁੰਚ ਰਿਹਾ ਹੋਵੇਗਾ।

ਏਥੇ ਹੀ ਅੱਜ ਇਕ ਉਗ੍ਰਾਹੀ ਦਾ ਆਯੋਜਨ ਵੀ ਕੀਤਾ ਗਿਆ। 50,000 ਰੁਪਏ ਦੀ ਉਗ੍ਰਾਹੀ ਸੰਗਤ ਨੇ ਦਿਤੀ ਜਾਂ ਲਿਖਾਈ। ਪਰ ਕਾਹਦੇ ਵਾਸਤੇ? ਪਤਾ ਨਹੀਂ ਲੱਗਾ।

ਗੁਰਦੇਵ ਸਿੰਘ ਸਰੋਦ ਨੇ ਦੱਸਿਆ ਕਿ ਉਸਤਾਦ ਅਮਜਦ ਅਲੀ ਖਾਨ ਜੀ ਵਲੋਂ 8 ਹੋਰ ਸ਼ਿਸ਼ਾਂ ਨਾਲ ਸਾਡੇ ਹਰਭਜਨ ਸਿੰਘ (ਸਿਤਾਰ) ਦਾ ਵੀ ਗੰਡਾ ਬੰਧਨ ਹੋਇਆ। ਹਰਭਜਨ ਸਿੰਘ ਨਮਿਤ ਸ੍ਰੀ ਸਤਿਗੁਰੂ ਜੀ ਵਲੋਂ ਪ੍ਰਾਪਤ 1100 ਰੁਪਏ ਨਕਦ ਅਤੇ ਤਿੰਨ ਰੇਸ਼ਮੀ ਵਿਦੇਸ਼ੀ ਸੂਟ ਅਤੇ ਹੋਰ ਫਲ ਫਰੂਟ ਉਸਤਾਦ ਜੀ ਨੂੰ ਭੇਟ ਕੀਤੇ ਗਏ। ਗੰਡਾ ਬੰਧਨ ਦੀ ਰਸਮ 28.11.85 ਨੂੰ ਕੀਤੀ ਗਈ।



Sri Satguru Jagjit Singh Ji Elibrary NamdhariElibrary@gmail.com

ਪ੍ਰੋਗਰਾਮ ਅਨੁਸਾਰ ਤਾਂ ਸਤਿਗੁਰੂ ਜੀ ਨੇ ਅੱਜ ਬੈਂਗਲੋਰ ਵਾਸਤੇ ਉਡਣਾ ਸੀ ਪਰ ਟਿਕਟਾਂ ਨਾ ਮਿਲਣ ਕਰਕੇ ਨਹੀਂ ਜਾ ਸਕੇ ਪਰ ਆਪ ਜੀ ਪੂਸਾ ਰੋਡ ਕੋਠੀ ਤੋਂ ਹੀ ਤਿਆਰ ਹੋ ਕੇ ਨਾਮ ਸਿਮਰਨ ਲਈ 3.45 ਵਜੇ ਰਮੇਸ਼ ਨਗਰ ਪਧਾਰੇ ਅਤੇ ਸਿਮਰਨ ਉਪਰੰਤ ਇਕ ਸ਼ਬਦ ਦੇ ਕੀਰਤਨ ਬਾਅਦ ਆਪ ਜੀ ਤੇ ਹਜ਼ੂਰੀ ਜਥਾ ਪਨਿਹਾਰੀ ਨੂੰ ਕਾਰਾਂ ਦੁਆਰਾ ਚਲੇ ਗਏ। ਸਰਸੇ ਪਾਸ ਪਨਿਹਾਰੀ ਵਿਖੇ, ਸੰਤ ਤਰਸੇਮ ਸਿੰਘ ਦੇ ਦੱਸਣ ਅਨੁਸਾਰ ਸ੍ਰੀ ਸਤਿਗੁਰੂ ਜੀ ਦੇ ਦਾਮਾਦ ਸ. ਜਗਤਾਰ ਸਿੰਘ ਬੁਖ਼ਾਰ ਨਾਲ ਪਏ ਹੋਏ ਹਨ। ਜਗਤਾਰ ਸਿੰਘ-ਬੀਬਾ ਜੀ ਨੂੰ ਦਰਸ਼ਨ ਦੇ ਕੇ ਉਹ ਸਵੇਰੇ ਹੀ ਦਿੱਲੀ ਪਹੁੰਚ ਕੇ ਬੰਗਲੋਰ ਦੀ ਫਲਾਈਟ ਲੈਣਗੇ।

ਨਾਮ ਸਿਮਰਨ ਸਮੇਂ ਮੈਂ ਵੇਖਿਆ ਕਿ ਸਃ ਸਚਿੰਦਰ ਸਿੰਘ ਪੱਪੂ ਨਾਲ ਬੀਬਾ ਜੀ ਦਾ ਕਾਕਾ ਜੈ ਸਿੰਘ ਦਿਵਾਨ ਵਿਖੇ ਆਇਆ। ਸੋਹਣੀ ਸਿੱਧੀ ਦਸਤਾਰ, ਗੋਰ ਵਰਨ, ਫਬਦਾ ਨਾਮਧਾਰੀ ਪਹਿਰਾਵਾ, ਆਮ ਸਿਖ ਬੱਚਿਆਂ ਵਾਂਗ ਗੁਰੂ ਚਰਨਾਂ ਵਿਚ ਨਮਸਕਾਰ ਕਰ, ਸਚਿੰਦਰ ਸਿੰਘ ਦੇ ਨਾਲ ਹੀ ਜਾ ਬੈਠਾ। ਕਾਕਾ ਜੈ ਸਿੰਘ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਾ ਵਿਦਿਆਰਥੀ ਹੈ ਅਤੇ ਬੀਬੀ ਸੁਰਜੀਤ ਕੌਰ-ਸੁਖਦਰਸ਼ਨ ਸਿੰਘ ਪਾਸ ਸਰਸਵਤੀ ਗਾਰਡਨ ਵਿਚ ਰਹਿੰਦਾ ਹੈ।

ਅੱਜ ਦੀ ਇਕੱਤਰ ਸੰਗਤ ਵਿਚ ਸੂਬਾ ਹਰਬੰਸ ਸਿੰਘ ਦੋਸ਼ੀ ਅਤੇ ਸ. ਹਰਭਜਨ ਸਿੰਘ ਔਰੰਗਾਬਾਦ ਵਾਲੇ ਵੀ ਸ਼ਾਮਲ ਸਨ। ਇਹ ਅੱਜ ਹੀ ਆਏ ਸਨ। ਹਰਭਜਨ ਸਿੰਘ ਦਾ ਸਰੀਰ ਅਸਵਸਥ ਹੈ। ਸਤਿਗੁਰੂ ਜੀ ਨੇ ਫੋਨ ਕਰਕੇ ਏਥੇ ਬੁਲਾਇਆ ਸੀ। ਡਾਃ ਮੂਸਾ ਪਾਸ ਵਖਾਣ ਭੇਜਣਗੇ। ਦਿਵਾਨ ਦੀ ਸਮਾਪਤੀ ਸਮੇਂ ਕੁਛ ਸਮਾਂ ਧਰਮਸਾਲਾ ਉਪਰ ਜਾ ਕੇ ਸ. ਹਰਭਜਨ ਸਿੰਘ ਦੀ ਸਰੀਰਕ ਸਥਿਤੀ ਸਮਝੀ।

ਜਾਂਦੀ ਵਾਰ, ਕਿਸੇ ਵਿਅਕਤੀ ਨੂੰ ਸੱਚੇ ਪਾਤਸ਼ਾਹ ਆਗਿਆ ਕਰ ਗਏ ਕਿ ਮੈਂ ਅਤੇ ਹਰਭਜਨ ਸਿੰਘ ਸ੍ਰੀ ਰਾਮ ਜੀ ਮਿਸ਼ਰਾ ਨੂੰ ਸ. ਸਚਿੰਦਰ ਸਿੰਘ ਪੱਪੂ ਕੇ ਘਰ ਸਰਸਵਤੀ ਗਾਰਡਨ ਜਾ ਕੇ ਸਮਝਾਈਏ, ਉਹ ਬਨਾਰਸ ਵਾਪਸ ਜਾਣ ਲਈ ਜ਼ਿਦ ਕਰ ਰਿਹਾ ਹੈ।

ਅਸੀਂ ਰਾਤੀਂ 6 ਵਜੇ ਸੰਤ ਸੁਖਦਰਸ਼ਨ ਸਿੰਘ ਕੇ ਘਰ ਪੁੱਜੇ। ਰਵਿੰਦਰ ਸਿੰਘ ਨੇ ਦੱਸਿਆ ਕਿ ਬੋਰੀਆ ਬਿਸਤਰਾ ਬੱਝਾ ਪਿਆ ਹੈ ਤੇ ਉਹ ਘਰ ਅੰਦਰ ਜਾਂਦਾ ਹੀ ਨਹੀਂ। ਅਸਾਂ ਜਾ ਕੇ ਗੱਲਬਾਤ ਕੀਤੀ ਤਾਂ ਰਾਮ ਜੀ ਕਹਿਣਃ ਮੈਨੇ ਅਬ ਬਨਾਰਸ ਜਾਨਾ ਹੈ। ਮੇਰਾ ਯਹਾਂ ਅਬ ਦਿਲ ਨਹੀਂ ਲਗਤਾ। ਰਾਤ ਮੈਂ ਜੈਸੇ ਤੈਸੇ ਸਟੇਸ਼ਨ ਪਰ ਬਿਤਾ ਲੂੰਗਾ। ਮੁਝੇ ਅਬ ਛੋੜ ਦੇਂ। ਅੱਧੇ ਘੰਟੇ ਦੇ ਸਾਡੇ ਜਤਨ ਤਾਂ ਨਾਕਾਮ ਰਹੇ ਫਿਰ ਗੁਰਦੇਵ ਸਿੰਘ ਸਰੋਦ ਆ ਗਿਆਃ ਸਤਿਗੁਰੂ ਦੇ ਆਉਣ ਤਕ ਤਾਂ ਉਡੀਕ ਕਰੋ। ਪਰ ਰਾਮ ਜੀ ਮਿਸ਼ਰਾ ਪਾਸ ਤਾਂ ਇਕੋ ਨੰਨਾ ਸੀਃ ਮੈਨੇ ਅਬ ਜਾਨਾ ਹੀ ਹੈ। ਪਰ ਕਿਸੇ ਤਰ੍ਹਾਂ ਰਾਤ ਨਾ ਹੀ ਜਾਣ ਦਿਤਾ ਗਿਆ।



Sri Satguru Jagjit Singh Ji Elibrary NamdhariElibrary@gmail.com

## 3 ਦਸੰਬਰ 1985, ਮੰਗਲਵਾਰ
## ਨਵੀਂ ਦਿੱਲੀ

ਹਰਭਜਨ ਸਿੰਘ -ਗੁਰਦੇਵ ਸਿੰਘ ਸਰੋਦ ਤੋਂ ਪਤਾ ਲੱਗਾ ਕਿ ਸਤਿਗੁਰੂ ਜੀ ਨੇ ਸਵੇਰੇ ਆ ਕੇ ਰਾਮ ਜੀ ਮਿਸ਼ਰਾ ਨੂੰ ਬੰਗਲੋਰ ਭੇਜ ਦੇਣ ਲਈ ਆਗਿਆ ਕੀਤੀ ਤੇ ਉਹ ਅਜ ਹੀ ਰਵਿੰਦਰ ਸਿੰਘ ਨਾਲ ਗੱਡੀ ਚੜ੍ਹਾ ਦਿਤਾ ਗਿਆ ਹੈ।

ਰਾਮ ਜੀ ਮਿਸ਼ਰਾ ਦੀ ਪਤਨੀ ਨੇ ਬੜੀ ਤਸੱਲੀ ਦੀ ਚਿੱਠੀ ਲਿਖੀ ਹੈ ਕਿ ਉਸਦਾ ਠੀਕ ਤਰ੍ਹਾਂ ਇਲਾਜ ਹੋ ਜਾਏ, ਬਨਾਰਸ ਵਿਚ ਅਜੇ ਉਸ ਦੀ ਲੋੜ ਨਹੀਂ। ਪਿਛਲੇ ਸਵਾ ਮਹੀਨੇ ਵਿਚ ਉਸਨੂੰ 3500 ਰੁਪਏ ਦੇ ਦਿਤਾ ਗਿਆ ਸੀ, ਸਤਿਗੁਰੂ ਜੀ ਦੇ ਜਤਨਾਂ ਨਾਲ। ਇਹ ਤਾਂ ਪਤਾ ਨਹੀਂ ਰਾਮ ਜੀ ਨੇ ਪਤਨੀ ਜਾਂ ਮਾਂ ਨੂੰ ਕਿੰਨੇ ਰੁਪਏ ਭੇਜੇ ਹਨ।

## 6 ਦਸੰਬਰ 1985, ਸ਼ੁਕਰਵਾਰ
## ਨਵੀਂ ਦਿੱਲੀ

ਦੱਖਣੀ ਦਿੱਲੀ ਦੇ ਪਾਰਲੀਮੈਂਟ ਹਲਕੇ ਦਾ ਚੋਣਵਾਂ ਮੈਂਬਰ ਲਲਿਤ ਮਾਕਨ ਸਿੱਖ ਅੱਤਿਵਾਦੀਆਂ ਨੇ ਸਮੇਤ ਪਤਨੀ ਗੋਲੀਆਂ ਨਾਲ ਉਡਾ ਦਿਤਾ। ਉਸ ਦੀ ਥਾਂ ਤੇ 16 ਦਸੰਬਰ ਨੂੰ ਸ਼੍ਰੀ ਅਰਜਨ ਸਿੰਘ ਸਾਬਕਾ ਗਵਰਨਰ ਪੰਜਾਬ, ਜਿਸ ਨੂੰ ਰਾਜੀਵ-ਲੌਂਗੋਵਾਲ ਸਮਝੌਤਾ ਕਰਵਾਣ ਦਾ ਕ੍ਰੈਡਿਟ ਜਾਂਦਾ ਹੈ, ਦੀ ਕਾਂਗ੍ਰਸ (ਆਈ) ਵਲੋਂ ਐਮ. ਪੀ. ਦੇ ਤੌਰ ਤੇ ਚੋਣ ਹੋਣੀ ਹੈ।

ਅੱਜ ਲੌਢੇ ਵੇਲੇ ਤੋਂ ਵੀ ਪਿਛੋਂ ਸ਼੍ਰੀ ਹੰਸਪਾਲ ਜੀ ਵਲੋਂ ਛੋਟੇ ਸਪੁਤ੍ਰ ਸੁਖਬੀਰ ਸਿੰਘ ਦੁਆਰਾ ਸੁਨੇਹਾ ਮਿਲਿਆ ਕਿ ਅਜ ਰਾਤੀਂ 7.30 ਵਜੇ ਉਨ੍ਹਾਂ ਦੇ ਘਰ ਕੇਂਦਰੀ ਮੰਤਰੀ ਸ਼੍ਰੀ ਅਰਜਨ ਸਿੰਘ ਆਉਣਾ ਹੈ, ਮੈਂ ਵੀ ਪਹੁੰਚਾ। ਮੇਰੇ ਕੇ-17 ਜਾਣ ਤੇ ਕਾਫ਼ੀ ਰੌਣਕਾਂ ਸਨ। ਇਕ ਦਰਜਨ ਨਾਮਧਾਰੀਆਂ ਨਾਲ ਕੋਈ ਚਾਰ ਦਰਜਨ ਵਿਅਕਤੀ ਹੰਸਪਾਲ ਜੀ ਦੇ ਘਰ, ਹੋਣ ਵਾਲੇ ਐਮ. ਪੀ. ਵਾਸਤੇ ਇਕੱਤਰ ਹੋਏ ਸਨ। ਸ਼੍ਰੀ ਅਰਜਨ ਸਿੰਘ ਦੀ ਥਾਂ ਏਥੇ ਐਚ.ਕੇ.ਐਲ. ਭਗਤ ਹੀ ਪੁੱਜਿਆ ਅਤੇ ਇਹ ਚੋਣ ਮੀਟਿੰਗ ਹੀ ਸੀ।



Sri Satguru Jagjit Singh Ji Elibrary NamdhariElibrary@gmail.com

## 13 ਦਸੰਬਰ 1985, ਸ਼ੁਕਰਵਾਰ
## ਨਵੀਂ ਦਿੱਲੀ

ਉਸਤਾਦ ਹਰਭਜਨ ਸਿੰਘ ਭਾਵੇਂ ਆਪਣੀ ਤਨਖ਼ਾਹ ਦੀ ਕਮੀ ਤੋਂ ਕਾਫ਼ੀ ਦਿਨਾਂ ਤੋਂ ਪਰੇਸ਼ਾਨ ਸੀ ਅਤੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਲੋਂ 400 ਰੁਪਏ ਦੇਣ ਤੋਂ ਉਹ ਪਰਮ ਅਸੰਤੁਸ਼ਟ ਸੀ ਤਾਂ ਵੀ ਉਸਨੇ ਅੱਜ ਆਪਣੇ ਇਕ ਸੰਗੀਤ ਗੁਰਭਾਈ ਸ੍ਰੀ ਛੋਟੇ ਲਾਲ ਪ੍ਰੋਡਿਊਸਰ ਦਿੱਲੀ ਦੂਰਦਰਸ਼ਨ ਨੂੰ ਸਕੂਲ ਬੁਲਵਾਕੇ ਆਪਣੇ ਸਿਖਾਏ ਬੱਚਿਆਂ ਦਾ ਇਕ ਕਾਰਜ ਕਰਮ ਵਿਖਾਇਆ। ਮਨੋਰਥ ਸੀ ਇਸ ਨਾਮਧਾਰੀ ਸਕੂਲ ਦੇ ਬੱਚਿਆਂ ਨੂੰ ਦੂਰਦਰਸ਼ਨ ਤੇ ਪਰਦਰਸ਼ਤ ਕਰਨਾ। ਸਬੱਬ ਨਾਲ ਇਸ ਮੌਕੇ ਸ੍ਰੀ ਗੁਰਦੇਵ ਸਿੰਘ, ਡਾ. ਅਮਰ. ਭਾਰਤੀ ਅਤੇ ਮੇਰਾ ਸਰੀਰ ਵੀ ਉਪਸਥਿਤ ਸੀ। ਪ੍ਰਿੰਸੀਪਲ ਬੇਅੰਤ ਕੌਰ ਨੇ ਦਿੱਲੀ ਦੂਰਦਰਸ਼ਨ ਤੇ ਦਿਖਾਏ ਜਾਂਦੇ ਬੱਚਿਆਂ ਦੇ ਪ੍ਰੋਗਰਾਮ ਨਾਲੋਂ ਆਪਣੇ ਬੱਚਿਆਂ ਦਾ ਕਾਰਜ ਕਰਮ ਬਿਹਤਰ ਦਸਦਿਆਂ ਆਪਣੀ ਇਸ ਕੋਸ਼ਿਸ਼ ਨੂੰ ਜਾਰੀ ਕਰਨਾ ਦਸਿਆ।

ਸ੍ਰੀ ਛੋਟੇ ਲਾਲ ਨੇ ਹਰਭਜਨ ਸਿੰਘ ਦੇ ਉਦਮ ਦੀ ਰਜਵੀਂ ਪ੍ਰਸੰਸਾ ਕੀਤੀ। ਉਹਦਾ ਵਿਚਾਰ ਸੀ ਕਿ ਹਰਭਜਨ ਸਿੰਘ ਨੇ ਬਹੁਤ ਥੋੜ੍ਹੀ ਉਮਰ ਦੇ ਬੱਚਿਆਂ ਨੂੰ ਅੰਦਮ ਸੁਰਗਿਆਨ ਅਤੇ ਲੈਅ ਦੀ ਪਕੜ ਸਿਖਾਈ ਹੈ ਅਤੇ ਟੈਲੀਵਿਯਨ ਦੀ ਪੇਸ਼ਕਾਰੀ ਲਈ ਕੁਝ ਸੁਝਾਉ ਵੀ ਦਿਤੇ ਜਿਨ੍ਹਾਂ ਦਾ ਸੁਆਗਤ ਸਕੂਲ ਅਧਿਕਾਰੀਆਂ ਵਲੋਂ ਕੀਤਾ ਗਿਆ।

ਏਥੇ ਹੀ ਸਕੂਲ ਕਮੇਟੀ ਦੇ ਸਕੱਤਰ ਸ. ਸੁਖਦੇਵ ਸਿੰਘ ਨੇ ਦਸਿਆ ਕਿ ਕੱਲ੍ਹ ਦੁਪਹਿਰ ਦੀ ਗੱਡੀ ਤੇ ਬੈਂਗਲੋਰ ਵਾਲੀ ਸੰਗਤ ਆ ਰਹੀ ਹੈ ਅਤੇ ਸ੍ਰੀ ਸਤਿਗੁਰੂ ਜੀ ਕੁਛ ਸੇਵਕਾਂ ਨਾਲ ਹਵਾਈ ਸਫ਼ਰ ਕਰਕੇ ਕਲ ਸ਼ਾਮੀ ਦਿੱਲੀ ਪਧਾਰਨਗੇ।

## 15 ਦਸੰਬਰ 1985, ਐਤਵਾਰ
## ਨਵੀਂ ਦਿੱਲੀ

ਅਜ ਹਰ ਕਿਸੇ ਨੂੰ ਉਮੀਦ ਸੀ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦੇ ਕੀਰਤਨ ਦੀ। ਸੱਚੇ ਪਾਤਸ਼ਾਹ ਜੀ ਨੇ ਰਾਤੀਂ ਕਿਸੇ ਸਮੇਂ ਪਹੁੰਚ ਜਾਣਾ ਸੀ। ਆਪ ਜੀ ਬੈਂਗਲੋਰ ਤੋਂ ਬੰਬਈ ਅਤੇ ਬੰਬਈਓਂ ਦਿੱਲੀ ਪਧਾਰੇ ਸਨ। ਸਵੇਰੇ 5.30 ਵਜੇ ਜਦੋਂ ਮੈਂ ਤੇ ਮੇਰੀ ਛੋਟੀ ਸਪੁੱਤਰੀ ਗੁਰੂ ਕੇ ਦਰਸ਼ਨਾਂ ਨੂੰ ਘਰੋਂ ਨਿਕਲੇ ਤਾਂ ਦਿੱਲੀ ਪੂਰੀ ਤਰ੍ਹਾਂ ਧੁੰਦ ਘਿਰੀ ਸੀ। ਹੱਥ ਪਸਾਰਿਆ ਨਹੀਂ ਸੀ ਲਭਦਾ। ਸੜਕਾਂ ਦੀਆਂ ਲਾਈਟਾਂ ਦਾ ਘੇਰਾ ਵੀ ਸੀਮਿਤ ਸੀ। ਟਾਰਚ ਲੈ ਕੇ ਚੱਲੇ।



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਧਰਮਸਾਲਾ ਵਿਖੇ ਪਹੁੰਚਦਿਆਂ, ਹਾਲ ਸੰਗਤਾਂ ਨਾਲ ਭਰਪੂਰ ਪਾਇਆ। ਸ੍ਰੀ ਸਤਿਗੁਰੂ ਜੀ ਦੇ ਤੇਜ਼ ਮਈ ਦਰਸ਼ਨ ਆਕਰਸ਼ਕ ਸਨ। ਸੂਬਾ ਊਦੈ ਸਿੰਘ, ਸ. ਕੁਲਦੀਪ ਸਿੰਘ ਨਕੋੜਾ, ਸ. ਸੁਰਿੰਦਰ ਸਿੰਘ ਰੂਪਰਾਇ ਨੈਰੋਬੀ, ਲੁਧਿਆਣੇ ਦੇ ਸ. ਗੁਰਦਿਆਲ ਸਿੰਘ, ਰਵਿੰਦਰ ਸਿੰਘ ਆਦਿ ਕੁਛ ਸੱਜਣ ਦਿੱਲੀਓਂ ਬਾਹਰੋਂ ਵੀ ਸਨ। ਉਸਤਾਦ ਹਰਭਜਨ ਸਿੰਘ ਤੇ ਸੰਗੀਤ ਜਥਾ ਕੀਰਤਨ ਕਰ ਰਹੇ ਸਨ। ਸਤਿਗੁਰੂ ਜੀ ਆਪ ਭੀ ਅਗਵਾਈ ਕਰ ਰਹੇ ਸਨ।

ਮੈਂ ਇਕ ਵਾਰ ਆਪਨੂੰ ਨਿਕਟ ਜਾਣ ਆਖਿਆ: ਆਪ ਜੀ ਦੀ ਸਿਹਤ ਵਧੀਆ ਜਾਪਦੀ ਹੈ। ਆਪ ਭਜਨ ਕਰ ਰਹੇ ਸਨ, ਬੋਲਣਾ ਨਹੀਂ ਸੀ। ਪ੍ਰਤੀਉੱਤਰ ਵਿਚ ਇਕ ਤੁਕ ਬੋਲੀ: ਬਹੁਤਾ ਕਹੀਐ ਬਹੁਤਾ ਹੋਇ।

ਅੱਜ ਪੋਹ ਦੀ ਸੰਗਰਾਂਦ ਹੋਣ ਕਰਕੇ ਸਾਧ ਸੰਗਤ ਵਲੋਂ ਇਕ ਭੋਗ ਪਵਾਇਆ ਗਿਆ। ਗੁਰੂ ਤੇਗ ਬਹਾਦਰ ਜੀ ਦਾ ਸਲੋਕ ਆਇਆ: *ਬੈਰੀ ਮੀਤ ਸਮਾਨ।* ਸੱਚੇ ਪਾਤਸ਼ਾਹ ਜੀ ਨੇ ਇਸ ਅੱਧੀ ਤੁਕ ਨੂੰ ਦੁਹਰਾਕੇ ਨਾਲ ਹੋਰ ਰਲਾਈ: *ਤਿਸੁ ਬੈਰੀ ਮੀਤਿ ਸਭਕੀਤਿਆ ਨਹ ਮੰਗੇ ਮੰਦਾ।* ਆਪ ਜੀ ਨੇ ਬੋਲਣਾ ਨਹੀਂ ਸੀ। ਮੇਰੇ ਨਾਲ ਨੇਤਰ ਮਿਲਾਕੇ ਭਾਵਨਾ ਵਿਅਕਤ ਕੀਤੀ ਕਿ ਸਤਿਗੁਰੂ ਕਿਰਪਾ ਕਰੇ ਤਾਂ ਵੈਰੀ ਵੀ ਮਿੱਤਰ ਹੋ ਜਾਂਦੇ ਹਨ। ਮੈਨੂੰ ਜਾਪਦਾ ਪਿਆ ਸੀ ਕਿ ਅਜਿਹੀਆਂ ਤੁੱਕਾਂ ਦਾ ਇਕ ਹੜ੍ਹ ਹੀ ਜਿਵੇਂ ਅੰਦਰ ਘੁੰਮਦਾ ਹੋਵੇ ਪਰ ਭਜਨ ਕਰਦੇ ਹੋਣ ਕਰਕੇ ਭੇਦ ਤੁਕ ਨਾਲ ਹੀ ਮੇਰੇ ਨਾਲ ਬਚਨ ਕਰ ਲਿਆ।

ਭੋਗ ਦੀ ਅਰਦਾਸ ਹੋਈ ਤਾਂ ਆਪ ਨੇ 8 ਕੁ ਮਿੰਟਾਂ ਵਿਚ ਹੀ 5-7 ਸਿੰਘਾਂ ਨੂੰ ਬੁਲਾਇਆ। ਕੱਲਿਆਂ ਕੱਲਿਆਂ ਬਚਨ ਕੀਤਾ ਤੇ ਮੈਨੂੰ ਜਾਪਿਆ ਜਿਵੇਂ ਉਗਰਾਹੀ ਹੋ ਰਹੀ ਹੈ। ਆਪ ਜੀ ਆਪਣੇ ਸਕੱਤਰ ਨੂੰ ਕਹਿ ਦਿੰਦੇ ਸਨ: 10 ਚਰਨ ਸਿੰਘ ਬਾਲੀ ਨਗਰ, 10 ਸੁਰਿੰਦਰ ਸਿੰਘ ਡਾਲਟਨ ਗੰਜ, 10 ਸ਼ੇਰ ਸਿੰਘ 5 ਦਲੀਪ ਸਿੰਘ ਪੰਨਵ, 5, ਤਰਲੋਕ ਸਿੰਘ।

ਮੈਨੂੰ ਅੰਦਾਜ਼ਾ ਹੋਇਆ ਜਿਵੇਂ 60,000 ਰੁਪਏ ਮਨਾ ਲਿਆ ਗਿਆ ਹੈ। ਅਤੇ ਸ: ਕਿਸ਼ਨ ਸਿੰਘ ਬਿਸ਼ਨ ਸਿੰਘ ਨਾਮੀ ਅਤੇ ਕੁਛ ਹੋਰ ਲੋਕਾਂ ਨੂੰ ਕੋਠੀ ਬੁਲਾਇਆ ਗਿਆ। ਉਹ ਸਵੇਰੇ ਵਾਰ ਵਿਚ ਨਹੀਂ ਆਏ ਸਨ। ਮੈਂ ਆਪਣੇ ਕੋਲ ਬੈਠੇ ਗੁਰੂ ਕੇ ਸਕੱਤਰ ਤਰਸੇਮ ਸਿੰਘ ਨੂੰ ਪੁੱਛਿਆ: ਇਹ ਉਗਰਾਹੀ ਕਾਹਦੀ ਹੈ? ਤੇ ਕੀ 60,000 ਰੁਪਏ ਹੋ ਚੁਕਾ ਹੈ? ਉਸ ਦੱਸਿਆ ਕਿ ਮਹਾਰਾਜ ਨਿਹਾਲ ਸਿੰਘ ਦੇ ਛੋਟੇ ਸਪੁੱਤਰ ਬਲ੍ਹੋ ਜੀ ਵਿਸ਼ੇਸ਼ਰ ਸਿੰਘ ਦੇ ਮਕਾਨ ਵਾਸਤੇ ਹੈ। ਮੈਨੂੰ ਯਾਦ ਆਇਆ ਸ੍ਰੀ ਸਤਿਗੁਰੂ ਜੀ ਨੂੰ 25.11.85 ਤੋਂ ਹੀ 1,00,000 ਰੁਪਏ ਦਸੰਬਰ ਦੇ ਅੰਤ ਤਕ ਇਕੱਤਰ ਕਰਨ ਦਾ ਫ਼ਿਕਰ ਅਤੇ ਦਿਵਾਨ ਵਿਚੋਂ ਉਠਣ ਤਕ 70-80 ਹਜ਼ਾਰ ਹੋ ਚੁਕਾ ਸੀ।

ਅੱਜ ਅਖੀਰ ਜਿਹੇ ਉਤੇ ਸ੍ਰੀ ਸਾਜਨ ਮਿਸ਼ਰਾ ਭੀ, ਮੋਹਣ-ਸੁਖਦੇਵ ਆਪਣੇ ਸ਼ਾਗਿਰਦਾਂ ਨਾਲ, ਗੁਰੂ ਜੀ ਦੀ ਸੇਵਾ ਵਿਚ ਆਏ। ਨਮਸਕਾਰ ਕਰ ਥੋੜ੍ਹਾ ਚਿਰ



Sri Satguru Jagjit Singh Ji Elibrary NamdhariElibrary@gmail.com

ਸੰਗਤ ਵਿਚ ਬੈਠੇ ਤਾਂ ਸੱਚੇ ਪਾਤਸ਼ਾਹ ਜੀ ਨੇ ਬੁਲਾਕੇ ਪੁੱਛਿਆ ਕਿ ਉਨ੍ਹਾਂ ਗੋਆ ਕਦੋਂ ਜਾਣਾ ਹੈ। ਦੱਸਿਆ ਗਿਆ 21 ਦਸੰਬਰ ਨੂੰ ਪ੍ਰੋਗਰਾਮ ਹੈ, 19 ਨੂੰ ਉਹ ਗੋਆ ਪਹੁੰਚ ਜਾਣਗੇ। ਸਤਿਗੁਰੂ ਜੀ ਨੇ ਦੱਸਿਆ ਕਿ ਛੋਟੇ ਕਾਕੇ ਉਦੇ ਸਿੰਘ ਨੂੰ ਫੋਨ ਕਰ ਦਿਆਂਗੇ ਉਹ ਤੁਹਾਨੂੰ ਉਥੋਂ ਆ ਕੇ ਬੈਂਗਲੋਰ ਫਾਰਮ ਤੇ ਲੈ ਜਾਣਗੇ। ਅਤੇ ਨਾਲ ਹੀ ਆਪ ਨੇ ਸਾਜਨ ਮਿਸ਼ਰਾ ਨੂੰ ਦੱਸਿਆ ਕਿ 11 ਦਸੰਬਰ ਨੂੰ ਬੈਂਗਲੋਰ ਵਿਚ ਇਕ ਸੰਗੀਤ ਪ੍ਰੋਗਰਾਮ ਹੋਇਆ ਜਿਸ ਵਿਚ ਮੋਹਨ-ਸੁਖਦੇਵ ਨੇ ਦਰਬਾਰੀ ਬਹੁਤ ਸੁਹਣਾ ਗੰਵਿਆਂ, ਲੋਕਾਂ ਨੇ ਬੜਾ ਪਸੰਦ ਕੀਤਾ। ਰਾਮ ਜੀ ਮਿਸ਼ਰਾ ਨੇ ਵੀ ਖੂਬ ਤਬਲਾ ਵਜਾਇਆ।

ਅਤੇ ਸਵਾ ਸੱਤ ਵਜੇ ਤਕ ਸਤਿਗੁਰੂ ਜੀ ਕੋਠੀ ਨੂੰ ਪਧਾਰ ਗਏ।

ਦੁਪਹਿਰ ਦੇ ਲਾਗੇ ਜਿਹੇ, ਅਰਥਾਤ 11 ਵਜੇ ਮੈਂ ਕੋਠੀ ਗਿਆ। ਸੱਚੇ ਪਾਤਸ਼ਾਹ ਪ੍ਰਸ਼ਾਦ ਛਕ ਕੇ ਆਰਾਮ ਦੀਆਂ ਤਿਆਰੀਆਂ ਵਿਚ ਸਨ। ਮੈਂ ਉਪਰਲੀ ਛੱਤੇ ਘੁੰਮ ਫਿਰ ਰਿਹਾ ਸਾਂ ਕਿ ਸਤਿਗੁਰੂ ਜੀ ਦੇ ਲੰਗਰ ਕਮਰੇ ਵਿਚ ਬੀਬੀ ਸੁਰਜੀਤ ਕੌਰ ਕੋਲ ਬੈਠੇ ਬੀਬੀ ਨਰਿੰਦਰ ਕੱਲ੍ਹਾ ਤੇ ਅਵਤਾਰ ਸਿੰਘ ਅੰਮ੍ਰਿਤਸਰੀ ਵੇਖੇ। ਉਨ੍ਹਾਂ ਉਚੇਚ ਕੀਤਾ। ਮੈਨੂੰ ਮਿਲਣ ਆ ਗਏ। ਮੈਂ ਤਾਂ ਸਮਝਿਆ ਸੀ ਕਿ ਇਹ ਸਤਿਗੁਰੂ ਜੀ ਨਾਲ ਬੈਂਗਲੋਰੋਂ ਆਏ ਹੋਣੇ ਨੇ, ਪਰ ਇਹ ਤਾਂ ਫਿਲਿਪਾਈਨ ਦੀ ਰਾਜਧਾਨੀ ਮਨੀਲਾ ਵਿਚੋਂ ਆਏ ਸਨ। 7-7 ਹਜ਼ਾਰ ਰੁਪਏ ਹਵਾਈ ਭਾੜਾ ਖਰਚ ਕਰਕੇ ਮਨੀਲਾ ਗਏ ਆਏ। ਮਨੀਲਾ ਤੋਂ 200 ਕਿਲੋਮੀਟਰ ਤੇ ਫਰਕ ਨਾਲ ਪਿੰਡ ਵਿਚ ਰਹਿੰਦੀ ਇਸਤਰੀ ਡਾਕਟਰ ਨੇ ਇਹਨਾਂ ਦੋਹਾਂ ਭੈਣਾਂ-ਭਰਾਵਾਂ ਦਾ ਉਪਰੇਸ਼ਨ ਕੀਤਾ। ਬੀਬੀ ਨਰਿੰਦਰ ਨੂੰ ਦਮਾ ਸੀ ਤੇ ਸਿਰੋਂ ਰੇਸ਼ਾ ਕਿਰਦਾ ਰਹਿੰਦਾ ਸੀ। ਉਸਨੇ ਮੱਥੇ ਦਾ ਤੇ ਗਲੇ ਦੀ ਨਾਲੀ ਦਾ ਉਪਰੇਸ਼ਨ ਕਰਕੇ ਉਸਨੂੰ ਰੋਗ ਮੁਕਤ ਕੀਤਾ। ਅਤੇ ਅਵਤਾਰ ਸਿੰਘ ਦੇ ਫੇਫੜਿਆਂ ਦੀ ਚੀਰ ਫਾੜ ਕਰਕੇ ਉਹਨਾਂ ਨੂੰ ਵੀ ਸਾਫ਼ ਸੁਥਰਿਆਂ ਕਰ ਦਿਤਾ ਤੇ ਉਸ ਮੇਰੇ ਨਾਲ ਘੁੱਟ ਕੇ ਜੱਫੀ ਪਾਉਂਦਿਆਂ ਕਿਹਾ: ਖੱਬਾ ਪਾਸਾ ਜ਼ਰਾ ਟੇਢਾ ਜਾਪਦਾ ਹੋਵੇਗਾ, ਹੌਲੀ ਹੌਲੀ ਸਿੱਧਾ ਹੋ ਜਾਏਗਾ। ਪਰ ਮੇਰੇ ਅੰਦਰਲਾ ਗੰਦ ਕਢਕੇ ਇਸਤਰੀ ਡਾਕਟਰ ਨੇ ਮੈਨੂੰ ਸਿਹਤਯਾਬ ਕਰ ਦਿਤਾ ਹੈ।

ਸ੍ਰੀ ਸਤਿਗੁਰੂ ਜੀ ਨੇ ਅਵਤਾਰ ਸਿੰਘ ਨੂੰ ਕੱਲਿਆਂ ਨਹੀਂ ਸੀ ਜਾਣ ਦਿਤਾ ਅਤੇ ਅੱਜ ਜਦੋਂ ਇਹ ਭੈਣ ਭਰਾ ਸਵਸਥ ਹੋ ਕੇ ਮੁੜੇ ਹਨ ਤਾਂ ਸਤਿਗੁਰੂ ਜੀ ਨੂੰ ਤਸੱਲੀ ਭਰਿਆ ਆਨੰਦ ਹੈ। ਬੀਬੀ ਨੇ ਦੱਸਿਆ: ਸੱਚੇ ਪਾਤਸ਼ਾਹ ਮਖੌਲ ਕਰਦੇ ਸਨ, ਬੀਬੀ ਦੇ ਚਿਹਰੇ ਤੇ ਕੋਈ ਤਿਊੜੀ ਵਖਾਏ, ਹੁਣ ਇਹਦਾ ਮਸਤਕ ਪ੍ਰਸੰਨਤਾ ਦਾ ਸੂਚਕ ਹੈ। ਤਿਊੜੀਆਂ ਮਨੀਲਾ ਵਾਲੀ ਮਾਈ ਨੂੰ ਦੇ ਆਈ ਹੈ।

ਅੱਜ ਏਥੇ ਸੰਤ ਮੰਗਲ ਸਿੰਘ ਲਾਇਲਪੁਰੀ ਦਾ ਐਸ.ਐਸ.ਮਨਧੀਰ ਤੇ ਕਰਤਾਰ ਸਿੰਘ ਵੀ ਮਿਲੇ। ਇਹਨਾਂ ਕੋਈ ਅਰਜ਼ ਕਰਨੀ ਸੀ। 12 ਵਜੇ ਸੱਚੇ ਪਾਤਸ਼ਾਹ ਇਸ਼ਨਾਨ ਕਰਨ ਲਈ ਬਾਹਰ ਆਏ ਤਾਂ ਉਨ੍ਹਾਂ ਮਨਧੀਰ-ਕਰਤਾਰ ਸਿੰਘ ਨੂੰ ਵੇਖ ਲਿਆ। ਮੈਂ ਜਦੋਂ ਇਹਨਾਂ ਬਾਰੇ ਅਰਜ਼ ਕਰਨ ਗਿਆ ਤਾਂ ਇਹਨਾਂ ਇਕ ਅਰਜ਼ਦਾਸਤ



Sri Satguru Jagjit Singh Ji Elibrary NamdhariElibrary@gmail.com

ਲਿਖੀ ਹੋਈ ਮੈਨੂੰ ਥਮਾਈ ਕਿ ਜੇ ਸੱਚੇ ਪਾਤਸ਼ਾਹ ਪਾਸ ਸਮਾਂ ਨਾ ਹੋਵੇ ਤਾਂ ਇਹ ਲਿਖਤੀ ਅਰਜ਼ ਦੇ ਦੇਣੀ। ਮੈਂ ਸਤਿਗੁਰਾਂ ਨੂੰ ਕਿਤੇ ਬਾਹਰ ਜਾਣ ਦੀ ਤਿਆਰੀ ਵਿਚ ਡਿੱਠਾ ਤਾਂ ਅਰਜ਼ ਕੀਤੀ : ਮਨਧੀਰ ਹੋਰੀਂ ਕੋਈ ਅਰਜ਼ ਕਰਨੀ ਚਾਹੁੰਦੇ ਸਨ ਆਪ ਪਾਸ ਸਮਾਂ ਨਹੀਂ ਜਾਪਦਾ, ਤਾਂ ਇਹ ਪੱਤਰ ਹੀ ਸਵੀਕਾਰ ਕਰ ਲਓ। ਪਰ ਉਨ੍ਹਾਂ ਨੂੰ ਨਮਸਕਾਰ ਦਾ ਅਵਸਰ ਜ਼ਰੂਰ ਦਿਓ। ਸਤਿਗੁਰਾਂ ਬਚਨ ਕੀਤਾ: ਦੇਹਰਲੀਆਂ ਪੌੜੀਆਂ ਉਨ੍ਹਾਂ ਲਈ ਹੀ ਉਤਰ ਰਿਹਾ ਹਾਂ।

ਅੱਜ 12.30 ਵਜੇ ਤਕ ਸ. ਹੰਸਪਾਲ, ਸੁਖਦੇਵ ਸਿੰਘ ਅਤੇ ਜੁਗਿੰਦਰ ਸਿੰਘ ਬਾਲੀਨਗਰ ਵਾਲਿਆਂ ਦੀਆਂ ਗੱਡੀਆਂ ਤੇ ਸਾਹਿਬਾਬਾਦ ਦਰਸ਼ਨ ਦੇਣ ਜਾਇਆ ਜਾ ਰਿਹਾ ਹੈ। ਸ਼ਾਮ ਨੂੰ 5 ਵਜੇ ਤਕ ਰਮੇਸ਼ ਨਗਰ ਦਿਵਾਨ ਵਿਚ ਪਧਾਰਨਾ ਹੈ।

ਸੰਤ ਤਰਸੇਮ ਸਿੰਘ ਅਚਾਨਕ ਲੁਧਿਆਣੇ ਨੂੰ ਤਿਆਰ ਹੋ ਗਏ। ਪੁੱਛਿਆ ਤਾਂ ਪਤਾ ਲਗਾ ਕਿ ਉਨ੍ਹਾਂ ਦੀ ਭੈਣ ਬਲਬੀਰ ਕੌਰ, ਸੁਪਤਨੀ ਸ. ਮਨਜਿੰਦਰ ਸਿੰਘ ਲੁਧਿਆਣਾ ਕਿਸੇ ਭਿਆਨਕ ਤਕਲੀਫ਼ ਨਾਲ ਹਸਪਤਾਲ ਵਿਚ ਹੈ। ਉਸਦੀ ਖਬਰ ਲੈਣ ਜਾਣਾ ਹੈ।

ਏਥੇ ਗੁਰਦੇਵ ਸਿੰਘ ਹਰਭਜਨ ਸਿੰਘ ਵੀ ਆਏ ਹੋਏ ਸਨ। ਗੁਰਦੇਵ ਸਿੰਘ ਨੇ ਮੈਨੂੰ ਪੁੱਛਿਆ: ਅਸੀਂ ਗੋਆ ਜਾ ਰਹੇ ਹਾਂ, ਤੁਸੀਂ ਵੀ ਜਾਣਾ ਚਾਹੋਗੇ? "ਜ਼ਰੂਰ ਜੇ ਮੈਨੂੰ ਖਰਚ ਨਾ ਕਰਨਾ ਪਏ। ਮੈਂ ਵੀ ਦੇਸ ਦਾ ਇਹ ਛੋਰ ਵੇਖ ਲਵਾਂਗਾ।" ਅਤੇ ਥੋੜ੍ਹੇ ਚਿਰ ਬਾਅਦ ਉਨ੍ਹਾਂ ਆ ਦੱਸਿਆ ਕਿ ਸੱਚੇ ਪਾਤਸ਼ਾਹ ਜੀ ਨੇ ਸਾਡਾ ਖਰਚਾ ਦੇਣਾ ਪਰਵਾਨ ਕਰ ਲਿਆ ਹੈ। ਹੁਣ ਅਸੀਂ ਰਾਜਨ ਸਾਜਨ ਮਿਸ਼ਰਾ ਬੰਧੂਆਂ ਨਾਲ ਹੀ ਟਿਕਟ ਬੁਕ ਕਰਵਾਣ ਦਾ ਜਤਨ ਕਰਾਂਗੇ।

ਸ਼ਾਮੀ ਦਿਵਾਨ ਵਿਚ ਸ੍ਰੀ ਸਤਿਗੁਰੂ ਜੀ 6.20 ਵਜੇ ਹੀ ਪਹੁੰਚ ਸਕੇ। ਜਦੋਂਕਿ ਅੱਜ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਦਿਵਾਨ ਬਾਰੇ ਪਹਿਲਾਂ ਸੰਤ ਜਿਉਣ ਸਿੰਘ ਕਵੀਸ਼ਰੀ ਜਥੇ ਨੇ ਸੰਬੋਧਨ ਕੀਤਾ ਫਿਰ 5 ਤੋਂ 6 ਨਾਮ ਸਿਮਰਨ ਹੋਇਆ ਤੇ ਅੰਤ ਕੀਰਤਨ। ਸ੍ਰੀ ਸਤਿਗੁਰੂ ਜੀ ਅੱਜ ਆਪਣੇ ਜਥੇ ਸਮੇਤ ਸਾਹਿਬਾਬਾਦ ਅਤੇ ਗਾਜ਼ੀਆਬਾਦ ਦੇ ਸਿਖਾਂ ਦੇ ਘਰੀਂ ਚਰਨ ਪਾਣ ਹਿਤ ਪਧਾਰੇ ਸਨ। ਆਪ ਜੀ ਨਾਲ ਸ੍ਰੀ ਹੰਸਪਾਲ ਜੀ ਸਹਾਇਕ ਰੂਪ ਵਿਚ ਸਨ। ਅੱਜ 6.30 ਘੰਟੇ ਲਗਾਤਾਰ ਚਰਨ ਪਾਊ ਪ੍ਰੋਗਰਾਮ ਜਾਰੀ ਰਿਹਾ।

ਦਿਵਾਨ ਵਿਚ ਮੈਨੂੰ ਸ੍ਰੀ ਸਤਿਗੁਰੂ ਜੀ ਨੇ ਦੱਸਿਆ ਕਿ ਹਰਭਜਨ ਸਿੰਘ (ਉਸਤਾਦ) ਨੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੀ ਪ੍ਰਿੰਸੀਪਲ ਬੇਅੰਤ ਕੌਰ ਦੀ, ਇਹਦੀ ਅਧਿਆਪਕ ਦੇ ਤੌਰ ਤੇ ਨਿਯੁਕਤੀ ਜੁ 400 ਰੁਪਏ ਤਕ ਦੀ ਸੀ, ਨਹੀਂ ਮੰਨੀ ਹੈ ਕਿਉਂਕਿ ਓਥੇ ਜ਼ਾਬਤੇ ਵਿਚ ਰਹਿਣਾ ਪੈਣਾ ਸੀ। ਅੱਜ ਦਿਨੇ ਹਰਭਜਨ ਸਿੰਘ ਨੇ ਵੀ ਸ੍ਰੀ ਸਤਿਗੁਰੂ ਜੀ ਨੂੰ ਆਪਣੀ ਅਵੱਸਥਾ ਦੱਸੀ ਸੀ ਕਿ ਸਕੂਲ ਵਾਲੇ 400 ਰੁਪਏ ਦੀ ਪੇਸ਼ਕਸ਼ ਕਰਕੇ ਫੇਰ ਛੁੱਟੀਆਂ ਟਾਈਮ ਆਦਿ ਦੀ ਕਟੌਤੀ ਲਗਾਣਗੇ ਤੇ ਕਟੌਤੀਆਂ



Sri Satguru Jagjit Singh Ji Elibrary NamdhariElibrary@gmail.com

ਆਦਿ ਉਸਨੂੰ ਪਰਵਾਨ ਨਹੀਂ। ਅੱਜ ਹੰਸਪਾਲ ਜੀ ਨੇ ਪਿਛਲੇ ਦਿਨਾਂ ਦੀ ਦਿੱਲੀ ਦੀ ਸੰਗਤ ਤੇ ਹੋਰ ਵਾਕਿਆਤ ਦੀ ਰਿਪੋਰਟ ਕੀਤੀ ਹੋਵੇਗੀ। ਹੰਸਪਾਲ ਜੀ ਨੇ ਹਰਭਜਨ ਸਿੰਘ ਬਾਰੇ ਵੀ ਸਤਿਗੁਰੂ ਜੀ ਨੂੰ ਦੱਸਿਆ ਹੈ। ਸ੍ਰੀ ਸਤਿਗੁਰੂ ਜੀ ਨੇ ਹਰਿਭਜਨ ਸਿੰਘ ਗੁਰਦੇਵ ਸਿੰਘ ਬਾਰੇ ਮੈਨੂੰ ਦਸਿਆ: ਮੈਂ ਹਰਭਜਨ ਗੁਰਦੇਵ ਨੂੰ ਮੁੱਦਤਾਂ ਤੋਂ 8-8 ਸੌ ਰੁਪੈਆ ਤੇ ਗੁਰਦੇਵ ਨੂੰ ਤਾਂ ਮਕਾਨ ਦਾ ਕਿਰਾਇਆ ਵੀ ਭੁਗਤਾ ਰਿਹਾ ਹਾਂ। ਜਦੋਂ ਇਹਨਾਂ ਜੋ ਚਾਹਿਆ ਹੈ ਮੰਨਿਆਂ ਵੀ ਹੈ ਦਿੱਤਾ ਵੀ ਹੈ ਪਰ ਇਹ ਜਦੋਂ ਸਾਨੂੰ ਸਮਾਨ ਵਾਸਤੇ ਲੋੜ ਪਵੇ ਆਪਣੀ ਮਰਜ਼ੀ ਕਰ ਜਾਂਦੇ ਹਨ। ਵਲਾਇਤ ਵਿਚ ਇਹਨਾਂ ਦੇ ਟੈਲੀਫੋਨ ਬਿੱਲ ਦੀ ਮੈਂ ਹੁਣ ਅਦਾਇਗੀ ਕੀਤੀ ਹੈ। ਹਰਜਭਜਨ ਨੂੰ ਵਕਤਨ ਫਵਕਤਨ ਜਦੋਂ ਉਹ ਜਿਵੇਂ ਮੰਗੇ ਦੇ ਦਿੰਦਾ ਰਿਹਾ ਹਾਂ ਪਰ ਉਹ ਡਸਿਪਲਿਨ ਵਿਚ ਰਹਿਣਾ ਪਰਵਾਨ ਨਹੀਂ ਕਰਦੇ। ਗੁਰਦੇਵ ਨੂੰ ਤਾਂ ਛੁੱਟੀਆਂ ਹੀ ਹਨ, ਹਰਭਜਨ ਕਹਿੰਦਾ ਹੈ ਮੇਰੇ ਤੇ ਪਾਬੰਦੀ ਨ ਲਾਓ। ਮੇਰੇ ਪਾਸ ਤਾਂ ਦੇਣ ਹੀ ਦੇਣ ਹੈ ਬਿਨਾ ਕਿਸੇ ਹਿਸਾਬ ਕਿਤਾਬ ਤੋਂ ਪਰ ਹੋਰ ਤਾਂ ਹਰ ਥਾਏਂ ਲਾਈਨ ਵਿਚ ਲਗਣਾ ਪੈਂਦਾ ਹੈ। ਸਤਿਗੁਰੂ ਜੀ ਨੇ ਮੈਨੂੰ ਆਗਿਆ ਕੀਤੀ ਕਿ ਮੈਂ ਬੇਅੰਤ ਕੌਰ ਤੇ ਹਰਭਜਨ ਦੇ ਦਰਮਿਆਨ ਕੋਈ ਮੰਨਣਯੋਗ ਰਾਹ ਕਢਵਾ ਦਿਆਂ ਤੇ ਤਣਾਉ ਖ਼ਤਮ ਕਰਕੇ ਹਰਭਜਨ ਨੂੰ ਪੈਸੇ ਦੁਆਣੇ ਸ਼ੁਰੂ ਕਰਾਂ।

ਕੀਰਤਨ ਅੰਤ ਤੇ ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਬੋਧਨ ਕੀਤਾ। ਸਬੱਬ ਨਾਲ ਨਾ ਤਾਂ ਸੰਤ ਤਰਸੇਮ ਸਿੰਘ ਕੋਲ ਸੀ ਕਿ ਉਹ ਬਚਨ ਰਿਕਾਰਡ ਕਰਦਾ ਤੇ ਨਾ ਹੀ ਮੇਰੇ ਪਾਸ ਟੇਪ ਰਿਕਾਰਡ ਜਾਂ ਮੇਰੀ ਨੋਟ ਬੁਕ ਸੀ। ਸੋ ਚਿਰ ਪਿਛੋਂ ਐਸੀ ਸਥਿਤੀ ਪੈਦਾ ਹੋਈ ਜਿਸਦਾ ਕੋਈ ਰਿਕਾਰਡ ਨਹੀਂ। ਸ੍ਰੀ ਸਤਿਗੁਰੂ ਜੀ ਨੇ ਆਪਣੇ ਕਥਨ ਵਿਚ ਨਾਮ ਜਪਣ ਤੇ ਗੁਰੂ ਸਿਖੀ ਜੀਵਨ ਨੂੰ ਚੰਗੀ ਤਰ੍ਹਾਂ ਅਮਲ ਵਿਚ ਲਿਆਉਂਦੇ ਰਹਿਣ ਲਈ ਜ਼ੋਰ ਦਿੱਤਾ। ਮਾਇਆ ਮੁਖੀ ਨ ਹੋ ਕੇ ਗੁਰੂ ਮੁਖੀ ਹੋਣ ਦਾ ਉਪਦੇਸ਼ ਦਿਤਾ। ਉਨ੍ਹਾਂ ਲੋਕਾਂ ਲਈ ਵੀ ਚੰਦ ਸ਼ਬਦ ਆਖੇ ਜੋ ਉਗ੍ਰਾਹੀ ਦੇਣ ਤੋਂ ਆਨਾ ਕਾਨੀ ਕਰਨ ਦਾ ਰਾਹ ਅਪਣਾ ਕੇ ਅਤੇ ਨਾਮ ਜਪਣ ਬਾਣੀ ਪੜ੍ਹਨ ਤੋਂ ਵਿਮੁਖ ਕਰਦੇ ਹਨ। ਸੱਚੇ ਪਾਤਸ਼ਾਹ ਜੀ ਨੇ ਦਿੱਲੀ ਵਿਚਲੇ ਉਹਨਾਂ ਸਿੰਘ ਸਿੰਘਣੀਆਂ ਦੀ ਪ੍ਰਸੰਸਾ ਕੀਤੀ ਜੋ ਰੋਜ਼ਾਨਾ ਜਾਂ ਹਫਤੇਵਾਰੀ ਅੱਧੀ ਰਾਤੋਂ ਉਠਕੇ ਭਜਨ ਕਰਦੇ ਹਨ ਤੇ ਸੁਚ ਸੋਧ ਦੇ ਨੇਮ ਪਾਲਦੇ ਹਨ। 5-7 ਮਿੰਟਾਂ ਦਾ ਕਥਨ ਸੰਜਮ ਦੀ ਸੁਖ ਸ਼ਾਂਤੀ ਤੇ ਆਪਣੀ ਮਾਨਸਿਕ ਸਥਿਰਤਾ ਨਾਲ ਸੰਬੰਧਤ ਸੀ।

ਏਥੇ ਦਿਵਾਨ ਵਿਚ ਅੱਜ ਸਵਾਮੀ ਸੱਤਿ ਸਰੂਪ, ਜਿਸਦਾ ਪਹਿਲਾ ਨਾਮ ਸੁਰਜੀਤ ਸਿੰਘ ਸੀ, ਗੁਰੂ ਕੇ ਦਰਸ਼ਨਾਂ ਹਿਤ ਆਏ। ਜਾਪਦਾ ਹੈ ਉਹ ਆਪਣੀ ਡਾਕਟਰੀ ਮਸ਼ੀਨ ਦੇ ਪ੍ਰੋਜੈਕਟ ਦੀ ਰਿਪੋਰਟ ਬਣਾਕੇ ਪੇਸ਼ ਕਰਨ ਲਿਆਏ ਹੋਣਗੇ।

ਦਿਵਾਨ ਉਪਰੰਤ ਮੈਂ ਹੀ ਸਵਾਮੀ ਜੀ ਨੂੰ ਆਪਣੇ ਘਰ ਲੈ ਆਂਦਾ।



Sri Satguru Jagjit Singh Ji Elibrary NamdhariElibrary@gmail.com

## 16 ਦਸੰਬਰ 1985, ਸੋਮਵਾਰ
## ਨਵੀਂ ਦਿੱਲੀ

7.15 ਵਜੇ ਅਚਾਨਕ ਸ. ਹੰਸਪਾਲ ਜੀ ਸਾਡੇ ਘਰ ਪਰਗਟ ਹੋਏ। ਅਸਚਰਜਤਾ ਹੋਈ, ਇਹ ਕਿਵੇਂ? ਕਈ ਸਾਲਾਂ ਤੋਂ ਘਰ ਨਹੀਂ ਆਏ ਸਨ। ਉਨ੍ਹਾਂ ਆਪਣੇ ਆਗਮਨ ਦੀ ਹੈਰਾਨੀ ਦਾ ਅਨੰਦ ਲੈਣ ਬਾਦ ਦੱਸਿਆ: ਬਾਹਰ ਸ੍ਰੀ ਸਤਿਗੁਰੂ ਜੀ ਆਏ ਹੋਏ ਹਨ। ਆਨੰਦ ਵੀ ਆਇਆ ਤੇ ਹੈਰਾਨੀ ਵੀ, ਕਿਵੇਂ ਕਿਰਪਾ ਹੋਈ। ਕਿਰਪਾ ਕਰਨ ਦਾ ਕਾਰਨ ਸਾਡੇ ਪਾਸ ਸੀ। ਸ. ਕੇਹਰ ਸਿੰਘ ਹਮਰਾਹੀ-ਮੇਰਾ ਦਾਮਾਦ- ਰਾਤ ਦਾ ਘਰ ਆਇਆ ਹੋਇਆ ਸੀ। ਸ੍ਰੀ ਸਤਿਗੁਰੂ ਜੀ ਨੇ ਚੰਡੀਗੜ੍ਹ ਫੋਨ ਕਰਕੇ ਉਸਨੂੰ ਬੁਲਾਇਆ ਸੀ। ਉਸੇ ਨਾਲ ਸੰਪਰਕ ਸਥਾਪਤ ਕਰਨ ਲਈ ਇਹ ਅਚਾਨਕ ਪਧਾਰਨਾ ਸੀ।

ਬਾਹਰ ਨਿਕਲੇ ਤਾਂ ਸੜਕ ਤੇ 5 ਗੱਡੀਆਂ ਖਲੋਤੀਆਂ ਸਨ। ਨਾਮਧਾਰੀ ਸਿੰਘ ਸਾਡੇ ਵਲ ਤਕ ਰਹੇ ਸਨ। ਜਿਸ ਮਾਰੂਤੀ ਮਾਟਾਡੋਰ ਨੂੰ ਸ. ਮਨਚੰਦਾ ਚਲਾ ਰਿਹਾ ਸੀ, ਉਸ ਵਿਚ ਸ੍ਰੀ ਸਤਿਗੁਰੂ ਜੀ ਪਿਛਲੀ ਸੀਟ ਤੇ ਬਿਰਾਜਮਾਨ ਸਨ। ਅਸੀਂ ਸਾਰੇ ਹੀ ਗੁਰੂ ਕੇ ਪ੍ਰੇਮੀ ਅੱਜ ਆਸਾ ਦੀ ਵਾਰ ਤੋਂ ਵਿਰਵੇ ਰਹਿ ਗਏ ਸਾਂ ਤੇ ਸੱਚੇ ਪਾਤਸ਼ਾਹ ਆਪ ਦਰਸ਼ਨ ਦੇਣ ਆਏ ਸਨ। ਨਮਸਕਾਰ ਕੀਤੀ- ਤਨ ਮਨ ਬਲਿਹਾਰ ਬਲਿਹਾਰ ਹੋ ਗਿਆ। ਸਤਿਗੁਰੂ ਜੀ ਦੇ ਗੋਡਿਆਂ ਜੰਘਾਂ ਤੇ ਸਿਰ ਰਖ ਕੇ ਪਿੰਡਲੀਆਂ ਨੂੰ ਜੱਫੀ ਪਾ ਕੇ ਬੋਲਿਆ: ਕੌਣ ਹੈ ਤੇਰਾ ਜਿਹਾ। ਜੇ ਅਸੀਂ ਨਹੀਂ ਗਏ ਤਾਂ ਆਪ ਆ ਗਿਉਂ। ਬੜੀ ਪਿਆਰੀ ਹਾਜ਼ਰੀ ਗੈਰ ਹਾਜ਼ਰੀ ਨੂੰ ! ਸ੍ਰੀ ਸਤਿਗੁਰੂ ਜੀ ਬਚਨ ਕੀਤਾ: ਮੈਂ ਤਾਂ ਕੇਹਰ ਬਾਰੇ ਫੋਨ ਕਰਕੇ ਚੰਡੀਗੜ੍ਹੋਂ ਪੁੱਛਿਆ ਸੀ। ਪਤਾ ਲਗਾ ਕਿ ਉਹ ਕੱਲ੍ਹ ਦਾ ਦਿੱਲੀ ਨੂੰ ਜਾ ਚੁੱਕਾ ਹੈ, ਪਰ ਮੇਰੇ ਕੋਲ ਅਜੇ ਤਕ ਨਹੀਂ ਸੀ ਪੁੱਜਾ, ਮੈਂ ਕਿਹਾ ਪਤਾ ਕਰ ਆਵਾਂ। ਹੰਸਪਾਲ ਜੀ ਬੋਲੇ: ਤੁਸੀਂ ਸਾਰਾ ਪਰਵਾਰ ਆਸਾ ਦੀ ਵਾਰ ਵਿਚ ਵੀ ਤਾਂ ਨਹੀਂ ਗਏ।

ਅਤੇ 5 ਮਿੰਟ ਬਾਅਦ ਗੱਡੀਆਂ ਅਗੇ ਨੂੰ ਰੁਮਕ ਪਈਆਂ। ਅਸੀਂ ਸਾਰੇ ਪਰਵਾਰ ਮੈਂਬਰ ਦਰਸ਼ਨ ਕਰ ਚੁੱਕੇ ਸਾਂ।

ਫੇਰ ਦਰਸ਼ਨ ਸ਼ਾਮ ਦੇ ਦਿਵਾਨ ਵਿਚ ਹੀ ਹੋ ਸਕੇ। ਅੱਜ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਹੈ। ਨਾਮਧਾਰੀ ਧਰਮਸਾਲਾ ਵਿਚ ਭਰਪੂਰ ਹਾਜ਼ਰੀ ਵਿਚ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਪਹਿਲਾਂ ਨਾਮ ਸਿਮਰਨ ਹੋਇਆ। 5 ਵਜੇ ਤੋਂ ਜਾਰੀ ਦਿਵਾਨ ਵਿਚ ਸੰਤ ਤਰਸੇਮ ਸਿੰਘ ਨਹੀਂ ਆਇਆ। ਉਸਦੀ ਭੈਣ ਗੰਭੀਰ ਰੂਪ ਵਿਚ ਬਿਮਾਰ ਹੋਵੇਗੀ। ਜੁ ਹੋਰ ਵਿਸ਼ੇਸ਼ ਵਿਅਕਤੀਆਂ ਨਜ਼ਰ ਪਈਆਂ ਉਨ੍ਹਾਂ ਵਿਚ ਸੂਬਾ ਰਤਨ ਸਿੰਘ ਜੀ ਗਵਾਲੀਅਰ, ਉਨ੍ਹਾਂ ਦਾ ਇਕ ਭਤੀਜਾ ਸ. ਸਰਦੂਲ ਸਿੰਘ ਦਾ ਬੇਟਾ, ਸ. ਗੁਰਦੇਵ ਸਿੰਘ ਨੰਬਰਦਾਰ ਸੰਤ ਨਗਰ, ਸ. ਕੇਹਰ ਸਿੰਘ ਹਮਰਾਹੀ, ਸੰਤ



Sri Satguru Jagjit Singh Ji Elibrary NamdhariElibrary@gmail.com

ਅਵਤਾਰ ਸਿੰਘ ਘੁੰਮਣ, ਸ. ਰਾਜਿੰਦਰ ਸਿੰਘ ਸਟੀਲਮੈਨ, ਬਾਬਾ ਰਾਮ ਰਾਮ ਭੈਣੀ ਸਾਹਿਬ ਸਵਾਮੀ ਸਤਿ ਸਰੂਪ।

ਸ੍ਰੀ ਸਤਿਗੁਰੂ ਜੀ ਨੇ ਸ. ਕਰਤਾਰ ਸਿੰਘ ਪ੍ਰਾਗਰੈਸ ਪ੍ਰਿੰਟਰਜ਼ ਬਾਲੀ ਨਗਰ ਵਾਲੇ ਨੂੰ ਮੱਥਾ ਟੇਕ ਕੇ ਜਾਂਦਿਆਂ ਵੇਖ , ਕੋਲ ਬੈਠੇ ਸ. ਹੰਸਪਾਲ ਜੀ ਨੂੰ ਲਿਖਿਆ: ਕਵੀ ਜੀ ਨੂੰ ਪੁਛ ਲਓ ਕਿ ਮਨਧੀਰ ਕਾ ਫੈਸਲਾ (ਇਸ਼ਾਰਾ ਕਰਤਾਰ ਸਿੰਘ ਕਾ ਕੇਸ, ਜਿਸ ਵਿਚ ਉਸਦੀ ਵਹੁਟੀ ਰਾਜ ਦੇ ਅਜ਼ਬ ਵਤੀਰੇ ਅਤੇ ਨ ਵਸਣ ਦੇ ਹਾਲਾਤ ਦੀ ਸ਼ਕਾਇਤ ਹੈ) ਰਤਨ ਸਿੰਘ-ਸੁਰਿੰਦਰ ਸਿੰਘ ਨੂੰ ਦੇ ਦੇਈਏ?

10 ਮਿੰਟ ਬਾਅਦ ਮੇਰੇ ਨਾਲ ਹੰਸਪਾਲ ਜੀ ਨੇ ਗੱਲ ਕੀਤੀ। ਪਹਿਲਾਂ ਤਾਂ ਮੈਂ ਕਹਿ ਦਿੱਤਾ ਜਿਸਨੂੰ ਸਤਿਗੁਰੂ ਜੀ ਜਾਂ ਤੁਸੀਂ ਯੋਗ ਸਮਝੋ ਇਹ ਕੇਸ ਦੇ ਦਿਓ ਫਿਰ 5-7 ਮਿੰਟ ਬਾਅਦ ਮੈਂ ਉਨ੍ਹਾਂ ਨੂੰ ਦੱਸਿਆ ਕਿ ਸੰਤ ਰਤਨ ਸਿੰਘ ਕਰਤਾਰ ਸਿੰਘ ਸਰਵਸ਼ਕਤੀਮਾਨ ਦੇ ਕੇਸ ਵਿਚ ਕਰਤਾਰ ਵਿਰੋਧੀ ਧਿਰ ਵਿਚ ਰਿਹਾ ਹੈ, ਇਹ ਸੋਚ ਲਿਆ ਜਾਏ। ਬਾਅਦ ਵਿਚ ਮਾਲੂਮ ਹੋਇਆ ਕਿ ਕਰਤਾਰ ਸਿੰਘ , ਰਤਨ ਸਿੰਘ ਦਾ ਪਰਸਪਰ ਬੋਲ ਬਾਣੀ ਵੀ ਨਹੀਂ।

ਕੱਲ੍ਹ ਦਾ ਰਾਮ ਜੀ ਮਿਸ਼ਰਾ ਵੀ ਦਿਵਾਨ ਵਿਚ ਆਉਂਦਾ ਹੈ। ਸਤਿਗੁਰੂ ਜੀ ਦੀ ਵਾਪਸੀ ਨਾਲ ਹੀ ਰਵਿੰਦਰ ਤੇ ਰਾਮ ਜੀ ਮਿਸ਼ਰਾ ਬੈਂਗਲੌਰ ਤੋਂ ਪਰਤ ਆਏ ਹਨ।

ਦੋ ਸ਼ਬਦਾਂ ਦੇ ਕੀਰਤਨ ਬਾਅਦ ਅੱਜ ਦੋ ਸਧਾਰਨ ਪਾਠਾਂ ਦੇ ਭੋਗ ਪੈਣ ਲੱਗੇ। ਪਰ ਇਸ ਤੋਂ ਵੀ ਪਹਿਲੋਂ ਉਸਤਾਦ ਹਰਭਜਨ ਸਿੰਘ ਦੇ ਨਵੇਂ ਸਕੂਟਰ ਤੇ ਚਰਨ ਪਾਣ ਹਿਤ ਸ੍ਰੀ ਸਤਿਗੁਰੂ ਜੀ ਦਿਵਾਨ ਹਾਲ ਤੋਂ ਬਾਹਰ ਪਧਾਰੇ। ਹਰਭਜਨ ਸਿੰਘ-ਗੁਰਦੇਵ ਸਿੰਘ ਹੁਰਾਂ ਨੂੰ ਅੱਜ ਵਿਸ਼ੇਸ਼ ਚਾਅ ਸੀ ਇਸ ਸਕੂਟਰ ਦਾ ਖਰਚ ਵੀ ਸਤਿਗੁਰੂ ਜੀ ਵਲੋਂ ਹੀ ਅਦਾ ਹੋਣਾ ਹੈ। 10,000 ਰੁਪਏ ਸ੍ਰੀ ਲਕਸ਼ਮਨ ਤੋਂ ਲੈ ਕੇ ਵਰਤਿਆ ਜਾਵੇਗਾ 2500 ਰੁਪਏ ਹੋਰ ਲੈ ਲਿਆ ਜਾਵੇਗਾ।

ਕੀਰਤਨ ਦੇ ਸਮੇਂ ਇਕ ਛੋਟੀ ਜਿਹੀ ਲਾਲ ਕਪੜਿਆਂ ਵਾਲੀ ਕੁੜੀ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਕੋਲ ਬੈਠ ਕੇ ਅਰਜ਼ ਕਰਨ ਲਗੀ। ਇਹ ਕੁਛ ਲੰਙਾ ਕੇ ਤੁਰਦੀ ਸੀ। ਅਰਜ਼ ਦਾ ਤਾਂ ਪਤਾ ਨ ਲੱਗਾ, ਫਿਰ ਜਦੋਂ ਭੋਗ ਪੈਣੇ ਸ਼ੁਰੂ ਹੋਏ ਅਤੇ ਸਤਿਗੁਰੂ ਜੀ ਨੇ ਨਿੱਜੀ ਕੀਰਤਨ ਦਾ ਅਰਦਾਸਾ ਸੋਧ ਲਿਆ ਤਦ ਇਸ਼ਾਰਾ ਕਰਕੇ ਉਸਨੂੰ ਫਿਰ ਬੁਲਾਇਆ ਗਿਆ ਅਤੇ ਪੁਰਬੇ ਨੂੰ ਸਤਿਗੁਰੂ ਜੀ ਨੇ ਇਕ ਉਂਗਲ ਉਚੀ ਕਰਕੇ ਵਖਾਈ। ਉਸ ਲੜਕੀ ਨੂੰ 100 ਰੁਪਏ ਦੇ ਦਿੱਤਾ ਗਿਆ। ਬਾਅਦ ਵਿਚ ਮਾਲੂਮ ਹੋਇਆ ਕਿ ਉਸ ਬੀਬੀ ਦੀ ਲੱਤ ਵਿਚ ਕੁਛ ਨੁਕਸ ਸੀ ਸਤਿਗੁਰੂ ਜੀ ਨੇ ਕਿਸੇ ਪਿੰਡੋਂ ਉਸਨੂੰ ਬੁਲਾਇਆ ਹੈ। ਮਾਂ ਨਾਲ ਆਈ ਹੈ। ਧਰਮਸਾਲ ਰਮੇਸ਼ ਨਗਰ ਰਹਿ ਕੇ ਡਾ. ਮੂਸਾ ਨੂੰ ਵਖਾਵਾਂਗੇ। ਮਾਵਾਂ ਧੀਆਂ ਕੋਲ ਖਰਚਾ ਨਾ ਹੋਣ ਕਰਕੇ ਉਨ੍ਹਾਂ ਨੂੰ ਦੇਖੇ ਕਰਾਏ ਆਦਿ ਲਈ 100 ਰੁਪਏ ਦਿੱਤਾ ਗਿਆ ਹੈ।

ਦੋ ਸਾਧਾਰਨ ਪਾਠਾਂ ਦੇ ਭੋਗ ਵਿਚੋਂ ਇਕ ਤਾਂ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਨ ਨਮਿਤ ਪੁਆਇਆ ਜਾ ਰਿਹਾ ਹੈ। ਦੂਜਾ ਭੋਗ ਕੁਆਲਾ ਲੰਪਰ ਵਾਲੀ



Sri Satguru Jagjit Singh Ji Elibrary NamdhariElibrary@gmail.com

ਮਾਈ ਵੀਰਾਂ ਨਮਿਤ ਹੈ। ਆਮ ਕਰਕੇ ਭੋਗ ਨਾਮ ਸਿਮਰਨ ਦੌਰਾਨ ਪਾਏ ਜਾਂਦੇ ਹਨ ਪਰ ਅੱਜ ਸ. ਲਾਭ ਸਿੰਘ ਨਾਮਧਾਰੀ ਸੰਨਜ ਵਾਲਿਆਂ ਦੀ ਇੰਤਜ਼ਾਰ ਹੁੰਦੀ ਰਹੀ। ਉਹਨਾਂ ਨੇ ਹੀ ਕੁਛ ਦੱਸਣਾ ਦਸਾਣਾ ਸੀ। ਕੀਰਤਨ ਦੌਰਾਨ ਸ. ਸੇਵਾ ਸਿੰਘ-ਪਰਵਾਰ ਵੀ ਆ ਗਿਆ ਸ੍ਰੀ ਗੁਲਸ਼ਨ ਜੀ (ਭਤੀਜ ਜੁਆਈ) ਵੀ ਉਹਨਾਂ ਦੇ ਨਾਲ ਆਏ। ਇਹਨਾਂ ਇਸ ਪਾਠ ਦੇ ਅੱਜ ਦੇ ਲੰਗਰ ਆਦਿ ਦਾ ਖਰਚ ਦੇਣਾ ਸੀ।

ਮਾਤਾ ਵੀਰਾਂ ਜੀ ਜਿਨ੍ਹਾਂ ਦਾ ਨਾਮ ਸੰਤ ਆਲਾ ਸਿੰਘ ਜੀ ਨੇ ਭਜਨ ਦੇ ਕੇ ਅਤਰ ਕੌਰ ਰਖ ਦਿਤਾ ਸੀ ਆਪਣੇ ਪਰਵਾਰ ਵਿਚੋਂ ਇਕੋ ਇਕ ਨਾਮਧਾਰੀ ਵਿਅਕਤੀ ਸਨ। ਪਿਛੋਂ ਇਹ ਕੁਆਲਾਲੰਪਰ ਚਲੇ ਗਏ ਇਹਨਾਂ ਦਾ ਪਰਵਾਰ ਉਥੇ ਕੋਈ ਬਿਜਨਸ ਕਰਦਾ ਹੈ। ਮਾਤਾ ਜੀ ਦੇ ਦੋ ਲੜਕੇ ਹਨ ਸ੍ਰੀ ਹੰਸ ਰਾਜ ਅਤੇ ਪ੍ਰਕਾਸ਼ ਲਾਲ ਜੀ। ਪਰ ਦੋ ਲੜਕੇ ਉਨ੍ਹਾਂ ਨਾਮਧਾਰੀਆਂ ਵਿਚੋਂ ਬਣਾਏ ਹੋਏ ਸਨ। ਇਕ ਤਾਂ ਉਹੋ ਸ. ਸੇਵਾ ਸਿੰਘ, ਦੂਜਾ ਗਿਆਨੀ ਤੇਜਾ ਸਿੰਘ ਯੂ.ਕੇ. ਵਾਲਿਆਂ ਦਾ ਸਪੁਤ੍ਰ ਸ. ਪਰਮਜੀਤ ਸਿੰਘ। ਪਰਮਜੀਤ ਸਿੰਘ ਅਜ ਕਲ ਕੁਆਲਾਲੰਪਰ (ਮਲੇਸ਼ੀਆ ਦੇਸ਼ ਦੀ ਰਾਜਧਾਨੀ) ਹੀ ਕਾਰੋਬਾਰ ਕਰਦਾ ਹੈ। ਮਾਤਾ ਜੀ ਨੂੰ ਆਪਣੇ ਇਨ੍ਹਾਂ ਨਾਮਧਾਰੀ ਪੁੱਤਰਾਂ ਨੂੰ ਵੇਖਕੇ ਗੁਰੂ ਚਰਨਾਂ ਤੇ ਨਾਮਧਾਰੀਆਂ ਨਾਲ ਘਨੇਰਾ ਸਾਂਝ ਦਾ ਅਹਿਸਾਸ ਹੁੰਦਾ ਸੀ। ਮਾਤਾ ਵੀਰਾਂ ਜੀ 97 ਸਾਲ ਦੀ ਆਯੂ ਭੋਗ ਕੇ ਗੁਰੂ ਚਰਨਾਂ ਵਿਚ ਪਧਾਰੇ। ਆਪ ਸਿਮਰਨ ਤਾਂ ਕਰਦੇ ਹੀ ਪਰ ਸਤਿਗੁਰੂ ਦੇ ਪਿਆਰ ਵਿਚ ਬਿਰਹੋਂ ਗੀਤ ਵੀ ਰਚਦੇ ਤੇ ਗਾਉਂਦੇ।

ਸੰਨ 1972 ਵਿਚ ਥਾਈਲੈਂਡ ਹੋਲੇ ਸਮੇ ਸਤਿਗੁਰਾਂ ਦਾ ਨਿੱਜੀ ਸਕੱਤਰ ਗੁਰਭਜਨ ਸਿੰਘ ਸ. ਹਰਵਿੰਦਰ ਸਿੰਘ ਹੰਸਪਾਲ, ਡਾ. ਅਮਰ ਭਾਰਤੀ, ਸੰਤੋਖ ਸਿੰਘ ਸਾਜਨ ਅਤੇ ਪ੍ਰੀਤਮ ਸਿੰਘ ਕਵੀ-ਸਤਿਗੁਰੂ ਜੀ ਦੇ ਜਲੰਧਰ ਮੇਲੇ ਤੇ ਪਹੁੰਚਣ ਲਈ ਬੈਂਕੋਕ ਤੋਂ 10 ਦਿਨਾਂ ਲਈ ਭਾਰਤ ਪਧਾਰੇ ਤਾਂ ਅਸਾਂ ਜਿਨ੍ਹਾਂ ਵਿਚ ਲਕਸ਼ਮੀ ਕਮਰਸ਼ਲ ਬੈਂਕ ਕਰੋਲ ਬਾਗ ਦਾ ਮੈਨੇਜਰ ਸ੍ਰੀ ਨਰਿੰਦਰ ਸੂਰੀ ਵੀ ਸੀ, ਨੇ ਸਿੰਘਾਪੁਰ ਕਾਰ ਦੁਆਰਾ ਸਫ਼ਰ ਕਰਕੇ ਜਾਣ ਦਾ ਪ੍ਰੋਗਰਾਮ ਬਣਾਇਆ। ਸਾਡੇ ਨਾਲ ਸੇਠ ਦਲੀਪ ਸਿੰਘ ਸਪੁੱਤਰ ਸੰਤ ਜਗਜੀਤ ਸਿੰਘ ਗੋਰੋਵਾੜਾ ਵੀ ਮਿਲ ਗਏ। ਓਦੋਂ ਸ੍ਰੀ ਸਤਿਗੁਰੂ ਜੀ ਨੇ ਹੀ ਸਾਨੂੰ ਰਾਤ ਕੁਆਲਾਲੰਪੁਰ ਕੱਟਣ ਵਾਸਤੇ ਆਗਿਆ ਕੀਤੀ ਸੀ। ਅਸੀਂ ਭੁਲਦੇ ਭੁਲਾਂਦੇ ਰਾਤੀ 12 ਵਜੇ ਕਿਤੇ ਪਹੁੰਚੇ। ਸਾਰਾ ਟੱਬਰ ਇੰਤਜ਼ਾਰ ਦਾ ਰੂਪ ਬਣਿਆ ਪਿਆ ਸੀ। ਸਾਡੇ ਪਹੁੰਚਣ ਦੀ ਖ਼ਬਰ ਸਤਿਗੁਰੂ ਜੀ ਨੇ ਹੀ ਸ਼ਾਇਦ ਫੋਨ ਦੁਆਰਾ ਭੇਜੀ ਸੀ। ਸਾਨੂੰ ਵੇਖਦਿਆਂ ਹੀ ਸਭ ਨੂੰ ਚਾਅ ਚੜ੍ਹ ਗਏ। ਮਾਤਾ ਤਾਂ ਗੁਰੂ ਪ੍ਰੇਮ ਨਾਲ ਵੈਰਾਗਵਾਨ ਹੋ ਗਈ। ਲੰਗਰ ਪਾਣੀ ਪਹਿਲਾਂ ਤੋਂ ਤਿਆਰ ਸੀ। ਬੀਬੀਆਂ , ਬੱਚਿਆਂ ਤੇ ਮਾਤਾ ਜੀ ਦੇ ਸਪੁਤਰਾਂ ਨੇ ਕੋਲੋਂ ਖੁਸ਼ਆਮਦੀਦ ਕੀਤਾ।

ਲੰਗਰ ਪਾਣੀ ਵਲੋਂ ਵਿਹਲੇ ਹੋਏ ਤਾਂ ਮਾਤਾ ਜੀ ਨੇ ਕੀਰਤਨ ਕਰਨ ਦੀ ਬੇਨਤੀ ਸਾਨੂੰ ਕੀਤੀ, ਪਰ ਸਾਡੇ 'ਚੋਂ ਤਾਂ ਕੋਈ ਵੀ ਸੰਗੀਤਕਾਰ ਨਹੀਂ ਸੀ। ਤਾਂ ਵੀ ਸਾਡੇ ਵਲੋਂ ਕੁਝ ਬਚਨ ਬਿਆਨ ਹੁੰਦੇ ਰਹੇ। ਮਾਤਾ ਜੀ ਦਾ ਸਾਨੂੰ ਜ਼ੋਰ ਸੀ ਕਿ ਸੱਚੇ ਪਾਤਸ਼ਾਹ ਜੀ



Sri Satguru Jagjit Singh Ji Elibrary NamdhariElibrary@gmail.com

ਦਾ ਅਸ਼ੀਰਵਾਦ ਲੈਣ। ਅਸਾਂ ਅਗਲਾ ਦਿਨ ਮਾਤਾ ਜੀ ਦੀ ਛਤਰ ਛਾਇਆ ਹੇਠ ਕੁਆਲਾਲੰਪੁਰ ਘੁੰਮਦਿਆਂ ਬਤੀਤ ਕੀਤਾ।

ਫੇਰ ਸਿੰਘਾਪੁਰੋਂ ਚੱਲ ਕੇ ਵਾਪਸ ਮਾਤਾ ਜੀ ਪਾਸ ਆਏ। ਕਿਸੇ ਦਾ ਵੀ ਵਿਛੜਨ ਤੇ ਜੀ ਨਹੀਂ ਸੀ ਕਰਦਾ! ਅੱਜ ਮਾਤਾ ਜੀ ਦੇ ਗੁਜ਼ਰ ਜਾਣ ਨਾਲ ਨਾਮਧਾਰੀਆਂ ਦੀ ਉਸ ਪਰਵਾਰ ਨਾਲ ਲੜੀ ਟੁਟ ਗਈ ਹੈ। ਭਾਵੇਂ ਹੰਸ ਰਾਜ, ਪ੍ਰਕਾਸ਼ ਲਾਲ ਜੀ ਨਾਮਧਾਰੀਆਂ ਨੂੰ ਜੀਉ ਆਇਆਂ ਤਾਂ ਕਹਿਣਗੇ ਹੀ, ਪਰ ਉਹ ਅਪਣੱਤ ਦਾ ਸਾਕ ਨਹੀਂ ਬਣ ਸਕੇਗਾ।

30.11.1985 ਦੀ ਸੇਵਾ ਸਿੰਘ ਜੀ ਨੂੰ ਲਿਖੀ ਚਿੱਠੀ ਵਿਚ ਪਰਮਜੀਤ ਸਿੰਘ ਲਿਖਦੇ ਹਨ: ਆਪਜੀ ਨੇ ਦੁਖ ਭਰੀ ਖ਼ਬਰ ਤਾਂ ਸੁਣ ਹੀ ਲਈ ਹੋਵੇਗੀ ਕਿ ਮਾਤਾ ਅਤਰ ਕੌਰ ਜੀ (ਪ੍ਰਕਾਸ਼ ਲਾਲ ਹੰਸ ਰਾਜ ਜੀ ਦੇ ਮਾਤਾ) ਜੀ ਸੁਰਗਵਾਸ ਹੋ ਗਏ ਹਨ, ਸਾਡੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸ ਇਹੀ ਅਰਦਾਸ ਹੈ ਕਿ ਮਾਤਾ ਜੀ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿਛੋਂ ਸਾਰੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਸ਼ ਕਰਨ।

"ਇਹ ਖ਼ਬਰ ਆਪ ਕਿਰਪਾ ਕਰਕੇ ਸਤਿਗੁਰੂ ਦੇ ਚਰਨਾਂ ਵਿਚ ਭੇਟ ਕਰ ਦੇਣੀ। ਤੇ ਭੈਣੀ ਸਾਹਿਬ ਮਾਤਾ ਜੀ ਦੀ ਰੂਹ ਦੀ ਕਲਿਆਣ ਹਿਤ ਇਕ ਸਾਧਾਰਨ ਪਾਠ ਤੇ ਇਕ ਵਰਨੀ ਕਰਵਾ ਲੈਣੀ ਜਾਂ ਜਿਸ ਤਰ੍ਹਾਂ ਸੱਚੇ ਪਾਤਸ਼ਾਹ ਜੀ ਦਾ ਹੁਕਮ ਹੋਵੇ ਉਸ ਤਰ੍ਹਾਂ ਕਰ ਲੈਣਾ। ਪ੍ਰਕਾਸ਼ ਲਾਲ ਜੀ ਗੁਲਸ਼ਨ ਜੀ ਨੂੰ ਵੀ ਖਤ ਲਿਖ ਰਹੇ ਹਨ ਕਿ ਇਸ ਕਾਰਨ ਵਾਸਤੇ ਮਾਇਆ ਆਪ ਨੂੰ ਦੇਣ, ਸਤਿਜੁਗ ਅਖਬਾਰ ਨੂੰ ਵੀ 100 ਰੁਪਏ ਭੇਟਾ ਦੇ ਦੇਣੀ।"

ਅਸੀਂ ਏਥੇ ਦੇ ਰਸਮ ਰਿਵਾਜ ਮੁਤਾਬਕ ਮਾਤਾ ਜੀ ਦੇ ਨਮਿਤ ਇਕ ਸਾਧਾਰਨ ਪਾਠ ਸ਼ੁਰੂ ਕੀਤਾ ਹੋਇਆ ਹੈ ਜਿਸਦਾ ਭੋਗ 8.12.1985 ਨੂੰ ਪੈ ਰਿਹਾ ਹੈ। ਅਤੇ ਹਰ ਰੋਜ਼ ਘਰ ਵਿਚ ਸ਼ਾਮ ਨੂੰ ਕੀਰਤਨ ਚਲ ਰਿਹਾ ਹੈ। ਮਾਈਆਂ ਸੁਖਮਨੀ ਸਾਹਿਬ ਦੇ ਪਾਠ ਵੀ ਕਰ ਰਹੀਆਂ ਹਨ।

ਅਤੇ ਏਥੇ ਜਦੋਂ ਮਾਤਾ ਜੀ ਨਮਿਤ ਭੋਗ ਪਿਆ ਤਾਂ ਇਨ੍ਹਾਂ ਸਤਰਾਂ ਦੇ ਲੇਖਕ ਨੇ 15 ਮਿੰਟ ਲਈ ਮਾਤਾ ਵੀਰਾਂ ਦੇ ਵਿਅਕਤਿੱਤਵ ਤੇ ਤਕਰੀਰ ਕੀਤੀ।

ਉਪਰੰਤ ਸੰਤ ਪੁਰਖਾ ਦੀ ਸਿਫਾਰਸ਼ ਤੇ ਸ੍ਰੀ ਸਤਿਗੁਰੂ ਜੀ ਨੇ 8 ਵਜੇ ਤਕ ਦਿਵਾਨ ਵਿਚ ਦਰਸ਼ਨ ਦਿਤੇ ਜਦੋਂਕਿ ਕਵੀਸ਼ਰ ਸੰਤ ਜਿਉਣ ਸਿੰਘ-ਸੁਵਿੰਦਰ ਸਿੰਘ-ਅਰਵੇਲ ਸਿੰਘ ਨੇ ਪੂਰੇ ਇਕ ਘੰਟੇ ਲਈ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਕਵਿਤਾ ਗਉਂ ਕੇ ਤੇ ਸੰਖੇਪ ਵਿਆਖਿਆ ਸਹਿਤ ਸੁਣਾਇਆ। ਸ੍ਰੀ ਸਤਿਗੁਰੂ ਜੀ ਨੇ ਮੇਰੇ ਵਲ ਵੇਖ ਅੰਗੂਠਾ ਚੁੱਕ ਕੇ ਜੀਉਣ ਸਿੰਘ ਜੀ ਦੀ ਤਕਰੀਰ ਨੂੰ 'ਏ ਵੰਨ' ਦਾ ਇਸ਼ਾਰਾ ਕੀਤਾ। ਸ੍ਰੀ ਸਤਿਗੁਰੂ ਜੀ ਸਮਾਂ ਸਮਾਂ ਅਥੋਲ ਨਾਮ ਸਿਮਰਨ ਕਰਦੇ ਰਹੇ।

ਉੱਠੇ ਤਾਂ ਸਵਾਮੀ ਸਤਿ ਸਰੂਪ ਫਤਿਹਾਬਾਦੀ ਨੇ ਆਪਣੀ ਸਥਿਤੀ ਜਾਣਨੀ ਚਾਹੀ। ਸ੍ਰੀ ਸਤਿਗੁਰੂ ਜੀ ਨੇ ਸ. ਕੇਹਰ ਸਿੰਘ ਹਮਰਾਹੀ ਦੇ ਜ਼ਿੰਮੇ ਲਾਇਆ ਕਿ ਉਹ



Sri Satguru Jagjit Singh Ji Elibrary NamdhariElibrary@gmail.com

ਸਤਿ ਸਰੂਪ ਜੀ ਵਾਸਤੇ ਮੋਹਾਲੀ ਵਿਖੇ ਸਰਕਾਰੀ ਤੌਰ ਤੇ ਜ਼ਮੀਨ ਜੁਟਾਣ ਦਾ ਪ੍ਰਬੰਧ ਕਰਨ। ਕੇਹਰ ਸਿੰਘ ਨੇ ਕੱਲ ਰਾਤੀਂ ਸਾਡੇ ਘਰ ਸਤਿ ਸਰੂਪ ਜੀ ਲਈ ਮੋਹਾਲੀ ਵਿਖੇ ਜ਼ਮੀਨ ਦਾ ਪ੍ਰਬੰਧ ਕਰਨ ਲਈ ਪਹਿਲ ਕਰ ਦਿੱਤੀ ਸੀ।

ਕਵੀਸ਼ਰ ਜਿਊਣ ਸਿੰਘ ਦੀ ਚਲਦੀ ਵਿਆਖਿਆ ਨੂੰ ਰੋਕ ਕੇ ਹੰਸਪਾਲ ਜੀ ਨੇ ਸ੍ਰੀ ਸਤਿਗੁਰੂ ਜੀ ਦੀ ਸੰਗਤ ਪ੍ਰਤੀ ਇਛਾ ਵਿਅਕਤ ਕੀਤੀ ਕਿ ਹਰ ਕੋਈ ਘੱਟੋ ਘੱਟ 5 ਰੁਪਏ ਕਵੀਸ਼ਰ ਜੀ ਨੂੰ ਮੱਥਾ ਟੇਕੇ। ਅਤੇ ਵੇਖਦੇ ਵੇਖਦੇ ਲੱਛਮੀ ਟੁੱਟ ਕੇ ਪੈ ਗਈ। ਸਵਾਮੀ ਸਤਿ ਸਰੂਪ ਜੀ ਦਾ ਅਨੁਮਾਨ ਸੀ ਕਿ 3000 ਰੁਪਏ ਤਾਂ ਹੋ ਗਿਆ ਹੋਣੈ।

ਅੱਜ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਆਗਿਆ ਕੀਤੀ ਕਿ ਮੈਂ ਪ੍ਰਿੰਸੀਪਲ ਬੇਅੰਤ ਕੌਰ ਅਤੇ ਉਸਤਾਦ ਹਰਭਜਨ ਸਿੰਘ ਵਿਚ ਸ਼ਹੀਦ ਬਿਸ਼ਨ ਸਿੰਘ ਸਕੂਲ ਵਾਸਤੇ ਐਡਜਸਟਮੈਂਟ ਕਰਵਾ ਦਿਆਂ। ਤਨਖਾਹ ਦੇ ਲੈਣ ਦੇਣ ਤੋਂ ਕੁਛ ਬੇਸੁਆਦੀ ਹੋ ਗਈ ਹੈ।

ਸਤਿਗੁਰੂ ਜੀ ਦਾ ਕੋਠੀ ਲਈ ਪ੍ਰਸਥਾਨ 8.10 ਤਕ ਹੋ ਗਿਆ।

ਉਪਰੰਤ ਮਾਤਾ ਵੀਰਾਂ-ਅਮਰ ਕੌਰ ਨਮਿਤ ਗੁਰੂ ਕਾ ਲੰਗਰ ਖੂਬ ਵਰਤਿਆ। ਸਾਰੀ ਸੰਗਤ ਛਕ ਛਕਾ ਕੇ ਹੀ ਵਿਦਾ ਹੋਈ।

## 17 ਦਸੰਬਰ 1985, ਮੰਗਲਵਾਰ
## ਨਵੀਂ ਦਿੱਲੀ

ਸ੍ਰੀ ਸਤਿਗੁਰੂ ਜੀ ਦੀ ਅਗਵਾਈ ਵਿਚ ਆਸਾ ਦੀ ਵਾਰ ਦਾ ਕੀਰਤਨ ਰਮੇਸ਼ ਨਗਰ ਧਰਮਸਾਲਾ ਵਿਖੇ। ਉਸਤਾਦ ਹਰਭਜਨ ਸਿੰਘ ਵਾਜਾ, ਬਲਬੀਰ ਸਿੰਘ ਬਿਟੂ (ਤਬਲਾ) ਹਰਦਿਆਲ ਸਿੰਘ (ਤਬਲਾ) ਸੁਖਦੇਵ ਸਿੰਘ (ਤਬਲਾ) ਗਾਇਕ ਮੋਹਨ ਸਿੰਘ ਸੁਖਦੇਵ ਸਿੰਘ।

ਸੰਤ ਤਰਸੇਮ ਸਿੰਘ ਆਸਾ ਦੀ ਵਾਰ ਵਿਚ ਮੌਜੂਦ ਹੈ। ਉਸਨੇ ਦਸਿਆ ਕਿ ਉਹਦੀ ਭੈਣ ਬਲਬੀਰ ਕੌਰ ਪੇਟ ਦੀ ਕਿਸੇ ਤਕਲੀਫ ਦੇ ਵਾਧੇ ਉਪਰੰਤ ਬੇਹੋਸ਼ ਰਹੀ ਹੈ, ਹੁਣ ਹੀ ਕੁਛ ਸੁਰਤ ਕੀਤੀ ਸੁ ਤੇ ਮੈਂ ਖੁਲ੍ਹੀਆਂ ਅੱਖਾਂ ਵੇਖ ਛਡ ਆਇਆ ਹਾਂ।

ਘੁੰਮਣ ਅਵਤਾਰ ਸਿੰਘ, ਗੁਰਦੇਵ ਸਿੰਘ ਨੰਬਰਦਾਰ ਅਤੇ ਸਤਨਾਮ ਸਿੰਘ ਮੁਕਤਾ ਦਿਵਾਨ ਵਿਚ ਵੇਖ ਮੈਨੂੰ ਖੁੜਕੀ ਹੈ ਕਿ ਮਿਲ ਜੀਵਨ ਨਗਰ ਦੇ ਲੈਣ ਦੇਣ ਬਾਰੇ ਕੋਈ ਮੀਟਿੰਗ ਹੋਵੇਗੀ।

7 ਵਜੇ ਵਾਰ ਦੇ ਕੀਰਤਨ ਉਪਰੰਤ ਸਤਿਗੁਰੂ ਜੀ ਸਿੱਧੇ ਹੀ ਸੇਠ ਸੁਰਿੰਮ੍ਰਿਤ ਸਿੰਘ ਨਾਲ ਸੰਬੰਧਤ ਕਰੋਲ ਬਾਗ ਵਿਚ ਸ. ਗੁਰਬਚਨ ਸਿੰਘ ਵਲੋਂ ਖੋਲੀ ਗਈ ਇਲੈਕਟ੍ਰਾਨਿਕਸ ਦੀ ਦੁਕਾਨ ਵਿਚ ਚਰਨ ਪਾਉਣ ਵਾਸਤੇ ਪਧਾਰੇ। ਸੱਤ ਮਹੀਨੇ ਪਹਿਲਾਂ ਤੋਂ ਖੁਲ੍ਹੀ ਇਹ ਦੁਕਾਨ ਸ੍ਰੀ ਸਤਿਗੁਰੂ ਜੀ ਦੇ ਪਦਾਰਪਣ ਦੀ ਇੰਤਜ਼ਾਰ ਵਿਚ ਸੀ।



Sri Satguru Jagjit Singh Ji Elibrary NamdhariElibrary@gmail.com

8.30 ਵਜੇ ਹਰਭਜਨ ਸਿੰਘ ਦੇ ਨਵੇਂ ਬਜਾਜ ਸਕੂਟਰ ਤੇ ਮੈਂ ਪੂਸਾ ਰੋਡ ਕੋਠੀ ਪਹੁੰਚਾ। ਸ੍ਰੀ ਸਤਿਗੁਰੂ ਜੀ ਨੇ ਅੱਜ ਯੂ.ਪੀ. ਦੇ ਦੌਰੇ ਵਾਸਤੇ ਚੜ੍ਹਨਾ ਹੈ। ਸੋ ਆਪ ਜੀ ਤਾਂ ਕੁਛ ਤਿਆਰੀ ਰੁਝੇਵਿਆਂ ਵਿਚ ਹਨ। ਕਈ ਪਾਰਟੀਆਂ ਨਾਲ ਮੇਲ ਮੁਲਾਕਾਤਾਂ ਹੋ ਰਹੀਆਂ ਹਨ। ਮੈਂ ਵੀ ਘੁੰਮ ਫਿਰ ਕੇ ਕੁਛ ਨਵੇਂ ਹਾਲਾਤ ਜਾਣਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਪਹਿਲਾਂ ਤਾਂ ਮੈਨੂੰ ਸੰਤ ਦਿਆਲ ਸਿੰਘ ਮੁਠਡਾ ਨੂੰ ਮਿਲਣ ਦਾ ਇਤਿਫਾਕ ਹੋਇਆ। ਇਹ ਗੇਟ ਤੋਂ ਸਿੱਧੇ ਦੂਰ ਨਜ਼ਰ ਪੈਂਦੇ ਬੈਂਚ ਤੇ 5-6 ਬੋਰੀਆਂ ਵਿਚ ਘਿਰੇ ਬੈਠੇ ਹਨ। ਸ੍ਰੀਮਾਨ ਜੀ ਬੈਂਗਲੋਰ ਤੋਂ ਸਤਿਗੁਰੂ ਜੀ ਦੇ ਜਥੇ ਨਾਲ ਹੀ ਆਏ ਹਨ। ਇਹਨਾਂ ਬੋਰੀਆਂ ਵਿਚ, ਇਕ ਵਿਚ ਤਾਂ 100 ਕੇਲੇ ਵਾਲਾ ਕੱਚਾ ਲੰਗਰ ਹੈ। ਇਕ ਬੋਰੇ ਵਿਚ ਕੇਲੇ ਦੀਆਂ ਜੜ੍ਹਾਂ ਹਨ, ਬੀਜਣ ਵਾਸਤੇ। ਇਕ ਟੋਕਰੀ ਨੁਮਾ ਬੋਰੀ ਵਿਚ ਕਈ ਪਰਕਾਰ ਦੇ ਖੂਬਸੂਰਤ ਪੱਤਿਆਂ ਵਾਲੇ ਬੂਟੇ ਹਨ, ਜਿਨ੍ਹਾਂ ਦੇ ਪੱਤੇ ਦੋ ਦੋ ਰਾਏ ਹਨ। ਕੁਛ ਫੁੱਲਾਂ ਦੇ ਪੌਦੇ ਹਨ। ਕਿਸੇ ਵਿਚ ਨਾਰੀਅਲ ਹਨ। ਸ੍ਰੀ ਸਤਿਗੁਰੂ ਜੀ ਨੇ ਮਹਾਰਾਜ ਜੀ ਦੀ ਜੀਵਨ ਨਗਰ ਕੋਠੀ ਵਾਸਤੇ ਇਹ ਸਾਰਾ ਸਾਮਾਨ ਮੰਗਵਾਇਆ ਹੈ। ਦਿਆਲ ਸਿੰਘ ਦੱਸਦਾ ਹੈ ਕਿ ਸੱਚੇ ਪਾਤਸ਼ਾਹ ਗਮਲੇ ਵੀ ਏਥੋਂ ਹੀ ਲੈ ਭੇਜਣ ਵਾਸਤੇ ਇੱਛਾ ਰਖਦੇ ਹਨ। ਮੈਂ ਬੱਸ ਉਹਨਾਂ ਦੀ ਇੰਤਜ਼ਾਰ ਵਿਚ ਹਾਂ। ਸ੍ਰੀ ਸਤਿਗੁਰੂ ਜੀ ਇਹ ਸਭ ਸਾਮਾਨ ਸਤਿਕਾਰ ਪਿਆਰ ਵਜੋਂ ਭੇਜ ਰਹੇ ਹਨ।

ਏਥੇ ਸਤਿਗੁਰੂ ਜੀ ਦੀ ਬੁਲਾਈ ਇਕ ਪਾਰਟੀ ਹੋਰ ਵੀ ਹੈ ਜਿਸ ਵਿਚ ਐਸ.ਐਸ.ਮਨਧੀਰ, ਕਰਤਾਰ ਸਿੰਘ ਬਾਲੀ ਨਗਰ, ਬੀਬੀ ਬੀਰਾਂ (ਬਲਬੀਰ ਕੌਰ ਸੁਰਜੀਤ ਸਿੰਘ) ਆਦਿ ਹਨ। ਦੂਜੇ ਪਾਸੇ ਕਰਤਾਰ ਪਤਨੀ ਰਾਜ, ਉਹਦੀਆਂ ਭੈਣਾਂ, ਉਹਦੀ ਮਾਂ ਅਤੇ ਪਿਛੋਂ ਜਾ ਕੇ ਉਸਦਾ ਭਰਾ ਮਹਿੰਦਰ ਸਿੰਘ ਵੀ ਲਖਨਊ ਤੋਂ ਆ ਗਿਆ ਹੈ। ਪ੍ਰਤੀਤ ਹੁੰਦਾ ਹੈ ਇਸ ਗਰੁੱਪ ਨੂੰ ਸਤਿਗੁਰੂ ਜੀ ਦੇ ਨੇੜੇ ਜਾਂ ਪਾਸ ਸ. ਹਰਵਿੰਦਰ ਸਿੰਘ ਹੰਸਪਾਲ ਤੇ ਸ਼ਾਇਦ ਕੇਹਰ ਸਿੰਘ ਹਮਰਾਹੀ ਨੇ ਸੁਣਿਆ ਹੈ ਜਾਂ ਸੁਣਨਗੇ।

ਹਾਂ ਸੱਚ, ਦਿਆਲ ਸਿੰਘ ਮੁਠੱਡਾ ਨੂੰ ਸੱਚੇ ਪਾਤਸ਼ਾਹ ਉਚੇਚਿਆਂ ਬੈਂਗਲੋਰ ਤੋਂ ਟਿੱਬੇ ਵਾਲੇ ਖੂਹ (ਜੀਵਨ ਨਗਰ) ਤੇ ਬਸ਼ਾ ਬਹਾਰ ਪੈਦਾ ਕਰਨ ਲਈ ਲਿਆਏ ਹਨ। ਸ. ਹਰਨਾਮ ਸਿੰਘ ਮੋਹਾਲੀ ਓਥੇ ਪਹੁੰਚ ਚੁੱਕਾ ਹੈ। ਉਸਦੀ ਤਜਵੀਜ ਮੁਤਾਬਕ ਉਥੇ ਬੇਰੀਆਂ, ਅੰਗੂਰ, ਨਿੰਬੂ, ਕਿੰਨੂ, ਜਾਂ ਬਾਦਾਮ, ਅਮਰੂਦ ਆਦਿ ਲਗਣੇ ਹਨ:

ਮੈਨੂੰ ਸੰਤ ਦਰਸ਼ਨ ਸਿੰਘ ਸਾਬਕਾ ਮਹੰਤ ਅੰਮ੍ਰਿਤਸਰ ਵੀ ਮਿਲਿਆ ਹੈ ਜੋ ਇਥੇ ਹੋਲੇ ਨਾਲ ਸੰਬੰਧਤ ਵਰਨੀ ਜਥੇ ਵਿਚ ਸ਼ਾਮਲ ਹੋ ਗੁੜਗਾਵਾਂ ਫਾਰਮ ਵਿਚ ਹੁਣ ਤਕ ਨਿਰੰਤਰ ਭਜਨ ਵਰਨੀਂ ਵਿਚ ਸ਼ਾਮਲ ਹੈ। ਇਸ ਤੋਂ ਪਤਾ ਲਗਾ ਹੈ ਕਿ ਕੋਠੀਆਂ ਅਤੇ ਖੇਤਾਂ ਦੇ ਵਿਚ ਜਾਣ ਕਾਰਨ ਵਰਨੀਂ ਹੁਣ ਵੀ ਭੈਣੀ ਸਾਹਿਬ ਮੁਤੰਕਿਲ ਹੋ ਰਹੀ ਹੈ। ਇਸਦਾ ਮਤਲਬ ਹੈ ਕਿ ਹੋਲਾ ਵੀ ਇਸ ਵਾਰ ਦਾ ਭੈ: ਸਾ: ਹੀ ਹੋਵੇਗਾ। ਮਹੰਤ



Sri Satguru Jagjit Singh Ji Elibrary NamdhariElibrary@gmail.com

ਦਰਸ਼ਨ ਸਿੰਘ ਸਤਿਗੁਰੂ ਜੀ ਪਾਸ ਆਪਣੀ ਬੀਜੀ ਹੋਈ ਸਰ੍ਹੋਂ ਬਾਰੇ ਪਤਾ ਕਰਨ ਆਇਆ ਹੈ ਕਿ ਜ਼ਮੀਨ ਤਾਂ ਵਿਕ ਗਈ ਪਰ ਇਸਦੀ ਬੀਜੀ ਸਰ੍ਹੋਂ ਦਾ ਕੀ ਬਣੇਗਾ।

ਸੰਤ ਮਹਿੰਦਰ ਸਿੰਘ ਪੁਰਬਾ ਤੋਂ ਮੈਂ ਕੁਛ ਪੈਸੇ ਲੈਣੇ ਚਾਹੁੰਦਾ ਸਾਂ। ਉਹ ਮੈਨੂੰ ਲੋੜੀਂਦੀ ਰਕਮ 500 ਦੀਆਂ ਵੀ ਕਿਸ਼ਤਾਂ ਕਰਨੀਆਂ ਚਾਹੁੰਦਾ ਸੀ। ਮੈਂ ਪੁੱਛਿਆ: ਇਹ ਕਿਉਂ? ਕਹਿਣ ਲਗਾ ਸਾਰੀ ਰਕਮ ਕੱਠੀ ਕਰਕੇ ਸੂਬਾ ਉਦੈ ਸਿੰਘ ਨੂੰ ਦੇ ਦਿਤੀ ਹੈ। ਸੂਬਾ ਜੀ, 20,000 ਰੁਪਏ ਰਾਤੀ ਲੈ ਗਏ ਹਨ। ਭੈਣੀ ਸਾਹਿਬ ਵਿਚ ਸਿਮ੍ਰਤੀ ਮੰਦਰ ਦੇ ਪਿਛਵਾੜੇ ਦੀ ਕੁਛ ਜ਼ਮੀਨ ਵਿਕਾਊ ਹੈ, ਉਹਦੇ ਲਈ ਬਿਆਨਾ ਦੇਣ ਲਈ। ਕੁਛ ਰਕਮ ਬਿਸ਼ਨ ਸਿੰਘ ਦੇ ਉਪਰੇਸ਼ਨਾਂ ਆਦਿ ਲਈ ਵੀ ਦਿਤੀ ਹੈ।

10 ਵੱਜ ਗਏ ਹਨ। ਹੇਠਾਂ 4 ਗੱਡੀਆਂ ਦੌਰੇ ਨਾਲ ਜਾਣ ਵਾਸਤੇ ਤਿਆਰ ਹਨ। ਸਾਮਾਨ ਰੱਖਿਆ ਰਖਵਾਇਆ ਜਾ ਰਿਹਾ ਹੈ। ਸ੍ਰੀ ਸਤਿਗੁਰੂ ਜੀ ਨੇ ਮੈਨੂੰ ਯਾਦ ਫ਼ਰਮਾਇਆ ਹੈ। ਆਪ ਆਪਣੇ ਕਮਰੇ ਵਿਚ ਪਜਾਮਾ ਪਹਿਨ ਰਹੇ ਸਨ ਤਾਂ ਮੈਨੂੰ ਪਾਸ ਬੈਠਾ ਕੇ ਬਚਨ ਕੀਤਾ: ਅਜੇ ਤੁਹਾਨੂੰ ਦੋ ਲੱਖ ਰੁਪੈਆ ਦੇਣਾ ਹੈ। ਕਦੋਂ ਦਾ ਮਕਾਨ ਬਣਾਨ ਲਈ ਕਿਹਾ ਹੋਇਆ ਹੈ, ਉਹ ਤਾਂ ਗੱਲ ਅਜੇ ਹੋਈ ਨਹੀਂ ਪਰ ਅੱਜ ਇਕ ਲੱਖ ਰੁਪੈਆ ਬਲ੍ਹੋ ਜੀ ਦੇ ਫਲੈਟ ਵਾਸਤੇ ਬੀਬੀ ਬਲਜੀਤ (ਬਲ੍ਹੋ ਜੀ ਦੀ ਪਤਨੀ) ਦੇ ਹਵਾਲੇ ਕਰ ਦਿਤਾ ਹੈ। ਠਾਕੁਰ ਸ਼ਮਸ਼ੇਰ ਸਿੰਘ ਪਤਨੀ ਸਮੇਤ ਆਏ ਹੋਏ ਹਨ। ਉਹਨਾਂ ਨੂੰ ਮੈਂ ਕੁਝ ਬੱਲ੍ਹੋ ਜੀ ਦੇ ਮਕਾਨ ਬਾਰੇ ਦਿੱਤੀ ਗਈ ਰਕਮ ਬਾਰੇ ਪੁੱਛਿਆ ਤਾਂ ਉਹਨਾਂ ਕਿਹਾ, "ਮੇਰੇ ਨਾਲ ਤਾਂ ਬਲ੍ਹੋ ਜੀ ਚਿਰੋਕਣੇ ਨਹੀਂ ਬੋਲਦੇ- ਮੈਂ ਹਿਸਾਬ ਕਿਤਾਬ ਕੀ ਜਾਣਾ ! ਸਤਿਗੁਰੂ ਜੀ ਨੇ ਅੰਦਾਜ਼ਾ ਕੀਤਾ ਕਿ ਇਕ ਲਖ ਰੁਪਏ ਤੇ 35000 ਰੁਪਏ ਪਿਛਲੇ ਮਹੀਨੇ ਅਤੇ ਲਗਭਗ ਡੇਢ ਦੋ ਲੱਖ ਵੱਖ ਵੱਖ ਅੰਸ਼ਾਂ ਵਿਚ ਬਲ੍ਹੋ ਜੀ ਪਾਸ ਪਹੁੰਚ ਚੁਕੇ ਹਨ।

ਲਛਮਣ ਸਿੰਘ ਦੁਆਰਾ ਥਾਈਲੈਂਡ ਵਿਚੋਂ ਲਿਆਂਦੇ ਇੰਜਨ ਨੂੰ ਕਸਟਮ ਹਾਊਸ ਵਿਚ ਪਿਆਂ ਪਿਆਂ ਸਵਾ ਲੱਖ ਰੁਪਏ ਦੀ ਅਦਾਇਗੀ ਹੋ ਗਈ ਹੈ। ਕੋਸ਼ਿਸ਼ ਕੀਤੀ ਸੀ ਕਿ ਉਸਨੂੰ ਵੀ ਛੁਡਾ ਲਈਏ, ਪਰ ਲੱਖ ਸਵਾ ਲੱਖ ਦਾ ਜੁਗਾੜ ਅਜੇ ਤਕ ਨਹੀਂ ਹੋ ਸਕਿਆ। ਕੋਈ ਵਾਕਫ਼ਕਾਰ ਲਭਦੇ ਹਾਂ ਜਿਸ ਦੁਆਰਾ ਮਾਕੂਲ ਰਕਮ ਹੀ ਦੇਣੀ ਪਵੇ। ਇਸ ਇੰਜਨ ਦੀ ਅਦਾਇਗੀ ਇਕ ਦੋ ਦਿਨ ਪਹਿਲਾਂ ਥਾਈਲੈਂਡ ਮਹਿੰਦਰ ਸਿੰਘ ਚਾਵਲਾ ਨੂੰ ਕਰਕੇ ਆਏ ਹਨ।

ਅਚਾਨਕ ਅਜ ਸੁਰਿੰਦਰ ਮਨਚੰਦਾ ਆ ਗਿਆ। ਇਸਨੇ ਸਤਿਗੁਰੂ ਜੀ ਨੂੰ ਦੇਖੇ ਹੀ ਮਿਲਦੇ ਇਕ ਸਸਤੇ ਮਰਸੀਡੀਜ਼ ਇੰਜਨ ਨੂੰ ਖਰੀਦ ਲੈਣ ਤੇ ਜ਼ੋਰ ਦਿਤਾ ਹੈ ਜਿਹੜਾ ਅੱਜ ਕੌਡੀਆਂ ਦੇ ਭਾ ਵਿਕ ਰਿਹਾ ਹੈ। ਪਰ ਸਤਿਗੁਰੂ ਜੀ ਨੇ ਇਨਕਾਰ ਕਰ ਦਿਤਾ ਕਿ ਉਹਨਾਂ ਪਾਸ ਕੋਈ ਰਕਮ ਨਹੀਂ। ਤਾਂ ਵੀ ਮਨਚੰਦਾ ਨੇ ਜਿਵੇਂ ਕਿਵੇਂ ਉਸ ਇੰਜਨ ਨੂੰ ਖਰੀਦਣ ਲਈ ਤਿਆਰ ਕਰਵਾ ਲਿਆ ਕਿਉਂਕਿ ਜੇ ਉਹੋ ਇੰਜਨ ਜਰਮਨੀ ਵਿਚੋਂ ਲੈ ਕੇ ਆਵੀਏ ਤਾਂ ਦੇਖੇ ਕਸਟਮ ਡਿਊਟੀ ਨਾਲ ਦੋ ਢਾਈ ਲਖ ਰੁਪਏ ਦਾ ਹੋ



Sri Satguru Jagjit Singh Ji Elibrary NamdhariElibrary@gmail.com

ਜਾਵੇ। ਸੋ ਗੁਰਦੇਵ ਸਿੰਘ ਲੰਬੜਦਾਰ ਹੱਥੀਂ 20,000 ਰੁਪਏ ਜੋ ਜੀਵਨ ਨਗਰ ਮਿਲ ਦੇ ਸੰਬੰਧ ਵਿਚ ਕਿਤੋਂ ਮੰਗਵਾਇਆ ਸੀ, ਉਹ ਮਨਚੰਦਾ ਲੈ ਗਿਆ ਹੈ ਵਿਚ 2000 ਹੋਰ ਪੁਆਕੇ।

ਮੈਂ ਅਰਜ਼ ਕੀਤੀ : ਆਪ ਜੀ ਦੀਆਂ ਇਹ ਮੁਹਿੰਮਾਂ ਮੁਕਣਗੀਆਂ ਨਹੀਂ। ਤਾਂ ਹੀ ਮੈਂ ਤੰਗ ਆ ਕੇ ਆਪ ਨੂੰ ਬੇਨਤੀ ਕੀਤੀ ਹੈ ਕਿ ਜਿਵੇਂ ਕਿਵੇਂ ਦੋ ਲਖ ਮੇਰੇ ਵਾਸਤੇ ਵੀ ਪੈਦਾ ਕਰੋ। ਸ੍ਰੀ ਸਤਿਗੁਰੂ ਜੀ ਬਚਨ ਕੀਤਾ: ਸੋ ਤਾਂ ਕਰਨਾ ਹੀ ਹੈ। ਤੁਹਾਨੂੰ ਤਾਂ ਭਾਤ ਪੁਆਈ ਹੈ ਕਿ ਪੈਸੇ ਆਉਂਦੇ ਪਿੱਛੋਂ ਹਨ ਪਹਿਲੋਂ ਕੋਈ ਮੁਹਿੰਮ ਪੈਦਾ ਹੋ ਜਾਂਦੀ ਹੈ।

ਮੈਂ ਵੇਖਿਆ ਹੈ ਕਿ ਲਕਸ਼ਮੀ ਕਮਰਸ਼ਲ ਬੈਂਕ ਦੇ ਹਥੋਂ ਨਿਕਲ ਜਾਣ ਨਾਲ ਵੀ ਤੇ ਚੱਲ ਰਹੀ ਅਤੀ ਟਾਈਟ ਪੋਜੀਸ਼ਨ ਨਾਲ ਵੀ ਕਰੋੜ ਰੁਪੈ ਤਕ ਦੇ ਕਰਜ਼ਾਈ ਹੋ ਜਾਣ ਨਾਲ ਵੀ ਆਪਦੇ ਮਨ ਮਸਤਕ ਤੇ ਕੋਈ ਪਰਭਾਵ ਨਹੀਂ। ਉਹ ਆਪਣੀ ਸਹੀ ਮੁਸਕਾਨ ਨਾਲ ਹੀ ਮੇਰੇ ਨਾਲ ਬਚਨ ਕਰਦੇ ਰਹੇ ਹਨ।

ਬਾਹਰੋਂ ਬਲਦੇਵ ਸਿੰਘ ਨੇ ਅੰਦਰ ਆ ਕੇ ਕਿਹਾ: ਹੰਸਪਾਲ ਜੀ ਤੇ ਉਨ੍ਹਾਂ ਦਾ ਕੁਣਬਾ ਅਮਰੀਕਾ ਵਾਲਾ ਗੁਰਮੀਤ ਸਿੰਘ ਆਪ ਜੀ ਦੇ ਦਰਸ਼ਨਾਂ ਦੇ ਤਲਬਗਾਰ ਹਨ। ਸਤਿਗੁਰੂ ਜੀ ਨੇ 5 ਮਿੰਟ ਬਾਅਦ ਆਉਣ ਲਈ ਆਦੇਸ਼ ਕੀਤਾ ਹੈ ਮੇਰੇ ਨਾਲ ਕੁਛ ਬਚਨ ਕਰ ਲਏ।

ਆਪ ਜੀ ਨੇ ਕਿਹਾ: ਮਹਾਰਾਜ ਜੀ ਜੀਵਨ ਨਗਰ ਇਲਾਕੇ ਵਿਚੋਂ ਕੀਤੀ ਉਗ੍ਰਾਹੀ ਵਿਚ ਵਿਘਨ ਨਾ ਪਾਂਦੇ ਤਾਂ ਬਹੁਤ ਸਾਰੇ ਮਸਲੇ ਹਲ ਹੋ ਜਾਣੇ ਸਨ। ਪਰ ਉਨ੍ਹਾਂ ਨੂੰ ਤਾਂ ਸਾਡਾ ਓਥੇ ਜਪ ਪ੍ਰਯੋਗ ਮੇਲਾ ਵੀ ਇਕ ਵਿਘਨ ਪਾਉਣ ਵਾਲੀ ਗੱਲ ਹੀ ਜਾਪਣਾ ਸੀ। ਉਨ੍ਹਾਂ ਦੇ ਮਨ ਵਿਚ ਇਹ ਮੇਲਾ ਕਿਸੇ ਸਾਜ਼ਸ਼ ਦਾ ਹਿੱਸਾ ਹੀ ਸੀ।

ਮੇਰੇ ਅੰਦਰੋਂ ਬਾਹਰ ਨਿਕਲ ਆਉਣ ਤੇ ਸ. ਸੁਰਜੀਤ ਸਿੰਘ ਦਰਸ਼ਨਾਂ ਨੂੰ ਗਿਆ।

ਸੰਤ ਸਤਨਾਮ ਸਿੰਘ ਮੁਕਤਾ ਸੰਤ ਨਗਰ ਅਤੇ ਸ. ਅਵਤਾਰ ਸਿੰਘ ਘੁੰਮਣ ਨਾਲ ਗੱਲ ਬਾਤ ਕਰਨ ਤੋਂ ਪਤਾ ਲਗਾ ਕਿ ਉਹ 6 ਲੱਖ ਤਕ ਦਾ ਕਰਜ਼ਾ ਤਾਂ ਭੁਗਤਾ ਆਏ ਹਨ। ਸਾਰੇ ਕਿਸਾਨਾਂ ਦੇ ਰੁਪਏ ਦੇ ਦਿਤੇ ਗਏ ਹਨ। ਆੜਤੀਆਂ ਦੇ ਵੀ। ਮਿੱਲ ਦੀ ਵਿੱਕਰੀ ਤੋਂ ਬੈਂਕਾਂ ਦਾ ਸਾਰਾ ਕਰਜ਼ ਉੱਤਰ ਜਾਵੇਗਾ। ਮੁਕਤਾ ਆਸਵੰਦ ਸੀ ਕਿ ਕੁਛ ਨਾ ਕੁਛ ਗੁਰੂ ਚਰਨਾਂ ਵਿਚ ਵਾਧੂ ਵੀ ਲਿਆ ਧਰਾਂਗੇ। ਘੁੰਮਣ ਨੇ ਦੱਸਿਆ ਕਿ ਇਨਕਮ ਟੈਕਸ ਵਾਲੇ 1,50,000 ਰੁਪਏ ਬਣਾਈ ਫਿਰਦੇ ਸਨ, ਉਹ ਵੀ ਮਿਲ ਡੁਬਦੀ ਵੇਖ, ਸਤਿਗੁਰੂ ਦੀ ਕਿਰਪਾ ਨਾਲ ਥੱਲੇ ਲਗ ਗਏ ਹਨ। ਉਮੀਦ ਹੈ 30 ਤੋਂ 50 ਹਜ਼ਾਰ ਦੇ ਵਿਚ ਵਿਚ ਦੇਣਦਾਰੀ ਰਹਿ ਜਾਏਗੀ। 5000 ਸਾਲਾਨਾ ਕਿਸ਼ਤਾਂ ਨਾਲ ਉਸਨੂੰ ਵੀ ਉਤਾਰ ਦਿਆਂਗੇ। ਉਸ ਦੱਸਿਆ ਵੱਡੇ ਠਾਕਰ ਜੀ ਕਾਫ਼ੀ ਸਿਰਦਰਦੀ ਲੈ ਕੇ ਮਿੱਲ ਵਲੋਂ ਸੁਰਖ਼ਰੂਈ ਦਾ ਜ਼ੋਰ ਲਗਾ ਰਹੇ ਹਨ। ਐਲਨਾਬਾਦ ਦਾ ਇਕ



Sri Satguru Jagjit Singh Ji Elibrary NamdhariElibrary@gmail.com

ਵਪਾਰੀ ਮਿਲ ਖਰੀਦਣ ਦਾ ਚਾਹਵਾਨ ਹੈ, ਪਰ ਜਦ ਤਕ ਬੈਂਕ ਵਾਲੇ ਸਾਨੂੰ ਬਚਨ ਨਾ ਦੇਣ ਕਿ ਵਪਾਰੀ ਨੂੰ ਨੁਕਸਾਨ ਨਹੀਂ ਪਹੁੰਚਾਣਗੇ ਅਸੀਂ ਇਸ ਸੌਦੇ ਦੇ ਹੱਕ ਵਿਚ ਨਹੀਂ। ਸਤਿਗੁਰੂ ਜੀ ਨਾਲ ਸਾਡੇ ਹਮਰਾਹੀ ਨਾਲ ਵੀ ਕਾਫ਼ੀ ਸਮਾਂ ਲਗਾਇਆ ਹੈ।

ਮੋਹਣ ਸਿੰਘ ਅਤੇ ਸੁਖਦੇਵ ਸਿੰਘ ਗਾਇਕ ਦੋਵੇਂ ਹੀ ਬੜੇ ਖੁਸ਼ ਸਨ। ਕਿਉਂਕਿ ਅੱਜ ਦੇ ਪੰਜਾਬ ਕੇਸਰੀ ਵਿਚ ਦੋਹਾਂ ਦੀ ਫੋਟੋ ਛਪੀ ਸੀ ਪਹਿਲੇ ਹੀ ਪੇਜ ਤੇ ਹੇਠਾਂ ਖੱਬੇ ਪਾਸੇ 3 ਕਾਲਮੀ 'ਪ੍ਰਵੀਣ' ਇਕਾਈ ਨਾਮ ਦੇ ਦਸੇ ਵਿਅਕਤੀ ਨੇ 29.1.85 ਨੂੰ ਜਲੰਧਰ ਵਿਖੇ ਮਨਾਈ ਗਈ ਸੰਗੀਤ ਸ਼ਾਮ ਦਾ ਚਰਚਾ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਸ਼ਾਸਤਰੀ ਸੰਗੀਤ ਪ੍ਰਤੀ ਸੁਜਤਕਾਂ ਦੀ ਕੀਰਤੀ ਗਾਈ ਸੀ।

'ਪੰਜਾਬੀ ਕੇਸਰੀ' ਦਿੱਲੀ ਦੀ ਕਟਿੰਗ ਨਾਲ ਹੈ।

## ਸ਼ਾਸਤਰੀ ਸੰਗੀਤ ਦੀ ਇਕ ਸ਼ਾਮ

ਬੀਤੇ ਦਿਨੀ ਸ਼ਾਸਤਰੀ ਸੰਗੀਤ ਦੀ ਇਕ ਸ਼ਾਮ ਦਾ ਆਯੋਜਨ ਸੰਸਕ੍ਰਿਤਕ ਨਾਮਧਾਰੀ ਕੇਂਦਰ, ਜਲੰਧਰ ਵਲੋਂ ਕੀਤਾ ਗਿਆ, ਜੋ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਿਤ ਸੀ।

ਇਸ ਦਾ ਆਯੋਜਨ ਸੰਗੀਤ ਪ੍ਰਚਾਰ ਹਿਤ ਇਸ ਲਈ ਕੀਤਾ ਗਿਆ, ਕਿਉਂਕਿ ਜਲੰਧਰ ਵਿਚ ਕੋਈ ਹੋਰ ਸੰਗੀਤ ਸੰਮੇਲਨ ਪਿਛਲੇ ਦੋ ਸਾਲਾਂ ਤੋਂ ਨਹੀਂ ਹੋ ਰਿਹਾ ਸੀ, ਜਿਸ ਨਾਲ ਸੰਗੀਤ ਪ੍ਰੇਮੀਆਂ ਨੂੰ ਨਿਰਾਸ਼ਾ ਹੋ ਰਹੀ ਸੀ। ਚੇਤੇ ਰਹੇ, ਪਿਛਲੇ ਦੋ ਸਾਲਾਂ ਤੋਂ ਜਲੰਧਰ ਵਿਚ ਹਰਵਲਭ ਸੰਗੀਤ ਸੰਮੇਲਨ ਨਹੀਂ ਹੋ ਰਿਹਾ। ਇਸੇ ਲਈ ਇਸ ਦਾ ਆਯੋਜਨ ਕੀਤਾ ਗਿਆ।

ਇਸ ਸਮੇਲਨ ਵਿਚ ਮੁੱਖ ਮਹਿਮਾਨ ਵਜੋਂ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਹਾਜ਼ਰ ਸਨ। ਸੰਗੀਤ-ਜਗਤ ਵਿਚ ਸੰਗੀਤ ਦਾ ਪ੍ਰਚਾਰ ਕਰਨ ਲਈ ਸਤਿਗੁਰੂ ਜੀ ਦਾ ਮਹਾਨ ਯੋਗਦਾਨ ਹੈ। ਸਤਿਗੁਰੂ ਜੀ ਨੇ ਸਰੋਤਾਵਾਂ ਅਤੇ ਕਲਾਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਲਾ ਜਾਂ ਵਿਦਿਆ ਬਿਨਾ ਲਾਲਚ ਦੇ ਹੀ ਹੋਣੀ ਚਾਹੀਦੀ ਹੈ। ਜਿਥੇ ਲਾਲਚ ਆ ਜਾਂਦਾ ਹੈ, ਉਥੇ ਹਨੇਰਾ ਛਾ ਜਾਂਦਾ ਹੈ।

ਸੰਮੇਲਨ ਵਿਚ ਭਾਗ ਲੈਣ ਵਾਲੇ ਕਲਾਕਾਰਾਂ ਪ੍ਰਤੀ ਸਤਿਗੁਰੂ ਜੀ ਨੇ ਅਸ਼ੀਰਵਾਦ ਅਤੇ ਧੰਨਵਾਦ ਪ੍ਰਗਟ ਕੀਤਾ ਯਾਨੀਕਿ ਬਿਨਾ ਕਿਸੇ ਲਾਲਚ ਦੇ ਕਲਾਕਾਰਾਂ ਨੇ ਇਸ ਵਿਚ ਹਿੱਸਾ ਲੈ ਕੇ ਸੰਗੀਤ ਸੰਮੇਲਨ ਨੂੰ ਸਫਲ ਬਣਾਇਆ।

ਸੰਮੇਲਨ ਦੀ ਸ਼ੁਰੂਆਤ ਬਲਜੀਤ ਸਿੰਘ ਨਾਮਧਾਰੀ ਦੁਆਰਾ ਤਾਰ-ਸ਼ਹਿਨਾਈ ਵਾਦਨ ਨਾਲ ਹੋਈ। ਇਹ ਸਰਦਾਰ ਪਿਆਰਾ ਸਿੰਘ ਦੇ ਪਮੁੱਖ ਸ਼ਾਗਿਰਦਾਂ ਵਿਚੋਂ ਹਨ। ਅੱਜਕਲ੍ਹ ਸਤਿਗੁਰੂ ਜੀ ਦੀ ਅਪਾਰ ਕਿਰਪਾ ਦੇ ਪਾਤਰ ਹਨ। 1983 ਵਿਚ ਇਨ੍ਹਾਂ ਨੇ ਰੇਡੀਓ ਸੰਗੀਤ-ਪ੍ਰਤੀਯੋਗਤਾ ਵੀ ਜਿੱਤੀ ਹੈ। ਇਨ੍ਹਾਂ ਨੇ ਰਾਗ ਬਿਹਾਗ ਵਿਚ ਅਲਾਪ, ਜੋੜ ਅਤੇ ਵਿਲੰਬਿਤ ਅਤੇ ਦਰੁਤ ਗਤਾਂ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਨਾਲ



Sri Satguru Jagjit Singh Ji Elibrary NamdhariElibrary@gmail.com

ਤਬਲਾ- ਸੰਗਤ ਸ੍ਰੀ ਕਾਲੇ ਰਾਮ ਜੀ ਨੇ ਕੀਤੀ। ਇਸ ਪਿਛੋਂ ਮਲੇਰਕੋਟਲਾ ਦੇ ਪ੍ਰਾਅਧਿਆਪਕ ਪੰਡਿਤ ਮਨੋਹਰ ਲਾਲ ਨੇ ਰਾਗ ਭਿਨ ਸ਼ਡਜ ਵਿਚ ਖਿਆਲ ਗਾਇਨ ਪੇਸ਼ ਕੀਤਾ। ਉਨ੍ਹਾਂ ਨਾਲ ਉਨ੍ਹਾਂ ਦੇ ਛੋਟੇ ਭਰਾ ਸ੍ਰੀ ਰਮਾਕਾਂਤ ਨੇ ਤਬਲਾ ਵਾਦਨ ਵਿਚ ਸੰਗਤ ਕੀਤੀ। ਇਨ੍ਹਾਂ ਦਾ ਖਿਆਲ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਰਸਭਿੰਨਾ ਸੀ।

ਬਨਾਰਸ ਦੇ ਪ੍ਰਸਿੱਧ ਤਬਲਾਵਾਦਕ ਸਵਰਗੀ ਅਨੋਖੇ ਲਾਲ ਜੀ ਦੇ ਸਪੁੱਤਰ ਸ੍ਰੀ ਰਾਮਜੀ ਮਿਸ਼ਰਾ ਅੱਜਕਲ੍ਹ ਸਤਿਗੁਰੂ ਜੀ ਨਾਲ ਆਪਣੇ ਇਲਾਜ ਲਈ ਰਹਿੰਦੇ ਹਨ, ਉਨ੍ਹਾਂ ਦਾ ਸੁਤੰਤਰ ਤਬਲਾ ਵਾਦਨ ਹੋਇਆ। ਰਾਮਜੀ ਮਿਸ਼ਰਾ ਨੇ ਬੜੇ ਹੀ ਸੁੰਦਰ ਅਤੇ ਸਹੀ ਢੰਗ ਨਾਲ ਤਿਨ ਤਾਲ ਵਿਚ ਪੇਸ਼ਕਾਰ ਕਾਇਦੇ, ਪਰਨ, ਟੁਕੜੇ, ਤਿਹਾਈਆਂ, ਰੇਲਾ ਅਤੇ 'ਨਾ ਧੀ ਧੀ ਨਾ' ਦੀਆਂ ਕਿਸਮਾਂ ਪ੍ਰਦਰਸ਼ਤ ਕੀਤੀਆਂ। ਸ੍ਰੀ ਰਾਜਨ ਮਿਸ਼ਰਾ ਅਤੇ ਸ੍ਰੀ ਸਾਜਨ ਮਿਸ਼ਰਾ ਦੇ ਸ਼ਾਗਿਰਦਾਂ ਸ੍ਰੀ ਮੋਹਨ ਸਿੰਘ ਅਤੇ ਸ੍ਰੀ ਸੁਖਦੇਵ ਸਿੰਘ ਨਾਮਧਾਰੀ ਨੇ ਸਤਿਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਕੇ ਜੁਗਲਬੰਦੀ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਨੇ ਰਾਗ ਯਮਨ ਵਿਚ ਵਿਲੰਬਤ ਅਤੇ ਦਰੁਤ ਖਿਆਲ ਦਾ ਪ੍ਰਦਰਸ਼ਨ ਕੀਤਾ।

ਅੰਤ ਵਿਚ ਪੰਜਾਬ ਦੇ ਪ੍ਰਮੁੱਖ ਕਲਾਕਾਰਾਂ ਵਿਚੋਂ ਦੋ.ਪੀ.ਜੇ. ਕਾਲਜ ਜਲੰਧਰ ਦੇ ਸੰਗੀਤ ਵਿਭਾਗ ਦੇ ਮੁਖੀ ਸ੍ਰੀ ਵਿਰੇਂਦਰ ਜੀ ਨੇ ਸਿਤਾਰ ਪਰ ਥਿਰਕਦੀ ਉਂਗਲੀਆਂ ਦੁਆਰਾ ਰਾਗ ਯਮਨ ਬਜਾਕੇ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਇਨ੍ਹਾਂ ਦੇ ਸਿਤਾਰ ਵਾਦਨ ਵਿਚ ਉਨ੍ਹਾਂ ਦੇ ਉਸਤਾਦ ਵਿਲਾਇਤ ਖਾਂ ਸਾਹਿਬ ਦੀ ਸ਼ੈਲੀ ਦੀ ਝਲਕ ਮਿਲਦੀ ਹੈ। ਇਨ੍ਹਾਂ ਨੇ ਸਿਤਾਰਵਾਦਨ ਵਿਚ ਅਲਾਪ, ਜੋੜਾਲਾਪ, ਵਿਲਿੰਬਤ ਗਤ ਵਿਚ ਵੱਖ ਵੱਖ ਕਿਸਮ ਦੀ ਲੈਆਂ ਦਾ ਪ੍ਰਦਰਸ਼ਨ ਕੀਤਾ। ਦ੍ਰੁਤਗਤਿ ਪਿਛੋਂ ਝਾਲਾ ਬਜਾ ਕੇ ਦਰਸ਼ਕਾਂ ਨੂੰ ਬੰਨ੍ਹੀ ਰੱਖਿਆ। ਇਨ੍ਹਾਂ ਨਾਲ ਤਬਲਾ-ਵਾਦਨ ਤੇ ਸੰਗਤ ਪੰਜਾਬ ਦੇ ਪ੍ਰਮੁੱਖ ਤਬਲਾ ਵਾਦਕ ਸ੍ਰੀ ਰਮਾਕਾਂਤ ਨੇ ਕੀਤੀ।

ਅੰਤ ਵਿਚ ਸਤਿਗੁਰੂ ਜੀ ਨੇ ਕਲਾਕਾਰਾਂ ਨੂੰ ਯਾਦਗਾਰੀ ਚਿੰਨ ਭੇਂਟ ਕਰਕੇ ਅਤੇ ਆਪਣਾ ਭਾਸ਼ਣ ਦੇ ਕੇ ਸੰਗੀਤ-ਸੰਮੇਲਨ ਦੀ ਸਮਾਪਤੀ ਦੀ ਘੋਸ਼ਣਾ ਕੀਤੀ।

## 18 ਦਸੰਬਰ 1985, ਬੁੱਧਵਾਰ
## ਨਵੀਂ ਦਿੱਲੀ

ਮੈਂ ਬਾਹਰੋਂ ਘੁੰਮ ਫਿਰਕੇ ਘਰ ਆਇਆ 1 ਵਜੇ ਤਾਂ ਪਤਾ ਲੱਗਾ ਕਿ ਸ. ਅਮਰੀਕ ਸਿੰਘ ਮੈਨੇਜਰ ਗੁਰੂ ਹਰੀ ਸਿੰਘ ਕਾਲਜ ਜੀਵਨ ਨਗਰ ਮੈਨੂੰ ਉਡੀਕ ਉਡੀਕ ਕੇ ਡਾ: ਅਮਰ ਭਾਰਤੀ ਵਲ ਗਏ ਹਨ। ਡਾ. ਭਾਰਤੀ ਆਪਣੀ ਭੈਣ ਪਿਆਰ ਕੌਰ ਦੀ ਰਾਜੌਰੀ ਗਾਰਡਨ ਵਿਚਲੀ ਕੋਠੀ ਨੂੰ ਰੰਗ ਰੋਗਨ ਕਰਵਾ ਰਹੇ ਸਨ, ਸੋ ਮੈਂ ਵੀ ਪ੍ਰਸ਼ਾਦ ਛਕ ਉਨ੍ਹਾਂ ਕੋਲ ਪੁੱਜ ਗਿਆ।



Sri Satguru Jagjit Singh Ji Elibrary NamdhariElibrary@gmail.com

ਮਾ: ਅਮਰੀਕ ਸਿੰਘ 40, ਅਸ਼ੋਕ ਰੋਡ, ਹੰਸਪਾਲ ਜੀ ਦੇ ਦਫ਼ਤਰ ਜਾਣਾ ਚਾਹੁੰਦੇ ਸਨ, ਅਸੀਂ ਰਲ ਕੇ ਚਲੇ ਤਾਂ ਮਾ: ਜੀ ਨੇ ਨਾਮਧਾਰੀ ਹਾਕੀ ਟੀਮ, ਜਿਹੜੀ ਹੁਣ ਕਾਲਜ ਦੀ ਹਾਕੀ ਟੀਮ ਬਣ ਚੁਕੀ ਹੈ, ਇਸ ਦੀਆਂ ਕੁਛ ਪ੍ਰਾਪਤੀਆਂ ਤੇ ਚਾਨਣਾ ਪਾਇਆ। ਮਾਸਟਰ ਜੀ ਨੇ ਦਸਿਆ: ਕੁਰੂਕਸ਼ੇਤਰ ਯੂਨੀਵਰਸਿਟੀ, ਹਰਿਆਣਾ ਵਲੋਂ 12-13-14 ਦਸੰਬਰ 1985 ਨੂੰ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ ਦੇ ਗਰਾਊਂਡ ਵਿਖੇ ਹਾਕੀ ਟੀਮਾਂ ਦੇ ਹਿਸਾਰ ਜ਼ੋਨ ਦੇ ਮੈਚ ਕਰਵਾਏ ਗਏ। ਇਸ ਵਿਚ 7 ਕਾਲਜ ਸ਼ਾਮਲ ਸਨ ਜਿਵੇਂ ਗੌਰਮਿੰਟ ਕਾਲਜ, ਹਿਸਾਰ, ਦਇਆਨੰਦ ਕਾਲਜ, ਹਿਸਾਰ, ਟੋਹਾਣੇ ਦਾ ਗੌਰਮਿੰਟ ਕਾਲਜ, ਗੌਰਮਿੰਟ ਕਾਲਜ ਸਰਸਾ, ਫਤਿਹਾਬਾਦ ਦਾ ਕਾਲਜ, ਗੁਰੂ ਹਰੀ ਸਿੰਘ ਕਾਲਜ ਜੀਵਨ ਨਗਰ ਆਦਿ। ਇਲਾਕੇ ਦੇ ਕੋਚ, ਖਿਲਾੜੀ, ਅਧਿਕਾਰੀ ਸਭ ਸਨਮਾਨਤ ਦਰਸ਼ਕ ਸਨ।

ਨਾਮਧਾਰੀ ਹਾਕੀ ਟੀਮ ਗੁਰੂ ਹਰੀ ਸਿੰਘ ਕਾਲਜ ਨੇ ਸਾਰੇ ਕਾਲਜਾਂ ਨੂੰ ਜਿੱਤ ਕੇ ਚੈਂਪੀਅਨਸ਼ਿਪ ਹਾਸਿਲ ਕੀਤੀ ਹੈ ਜੁ ਸਾਡੇ ਸਭ ਲਈ ਫ਼ਖ਼ਰ ਦਾ ਕਾਰਨ ਹੈ ਪਰ ਇਹਨਾਂ ਜ਼ੋਨਲ ਮੁਕਾਬਲਿਆਂ ਵਿਚ ਸਰਸਾ ਕਾਲਜ ਨੂੰ ਤਾਂ 1 ਦੇ ਮੁਕਾਬਲੇ 20 ਗੋਲਾਂ ਨਾਲ ਹਾਰ ਦਿੱਤੀ। ਹਿਸਾਰ ਨੂੰ ਇਕ ਦੇ ਮੁਕਾਬਲੇ 11 ਗੋਲਾਂ ਨਾਲ ਹਰਾਇਆ।

ਅਜਕਲ ਇੰਟਰਜ਼ੋਨ ਮੁਕਾਬਲੇ ਜਮਨਾ ਨਗਰ ਵਿਚ ਹੋ ਰਹੇ ਹਨ 17-18-19 ਦਸੰਬਰ ਨੂੰ ਸਾਡੇ ਕਾਲਜ ਦੀ ਟੀਮ ਵੀ ਜਮਨਾ ਨਗਰ ਗਈ ਹੋਈ ਹੈ। ਮਾਸਟਰ ਜੀ ਵੀ ਜਮਨਾ ਨਗਰ ਜਾਣ ਦਾ ਇਰਾਦਾ ਰਖਦੇ ਹਨ।

## 23 ਦਸੰਬਰ 1985, ਸੋਮਵਾਰ
## ਨਵੀਂ ਦਿੱਲੀ

ਅੱਜ ਇਕ ਚਿੱਠੀ ਤਾਂਤਰੀ ਹਾਊਸ, ਰਾਘੋਮਾਜਰਾ , ਪਟਿਆਲਾ ਵਾਲਿਆਂ ਦੀ ਸਾਹਿਤ ਸਮ੍ਰਿਧ ਪਰ ਸ਼ੋਕ ਭਰੀ ਸੂਚਨਾ ਦਿੰਦੀ ਆਈ। ਮੈਂ ਏਥੇ ਹੂ-ਬ-ਹੂ ਚਿੱਠੀ ਹੀ ਨਕਲ ਕਰ ਦਿੰਦਾ ਹਾਂ:

ੴ ਅਕਾਲ ਸਹਾਇ
ਸ੍ਰੀ ਹਜ਼ੂਰ ਸਤਿਗੁਰੂ ਰਾਮ ਸਿੰਘ ਜੀ ਦੀ ਓਟ।

ਡਾ: ਪ੍ਰਤਾਪ ਸਿੰਘ ਚੇਅਰਮੈਨ,
ਸ਼ਿਵਾਲਕ ਐਜੂਕੇਸ਼ਨਲ ਸੋਸਾਇਟੀ,
ਚੰਡੀਗੜ੍ਹ

ਤਾਂਤਰੀ ਹਾਊਸ,
ਰਾਘੋ ਮਾਜਰਾ,
ਪਟਿਆਲਾ।
ਤਰੀਕ : 16.12.85



Sri Satguru Jagjit Singh Ji Elibrary NamdhariElibrary@gmail.com

ਨਾਮਵਰ ਕਵੀ ਪ੍ਰੀਤਮ ਸਿੰਘ ਜੀ ਆਪ ਸ਼ਾਦ ਰਹੋ,

ਕਰੜਾ ਜੀ ਕਰਕੇ ਕਲਮ ਚੁੱਕੀ ਤੇ ਆਪਨੂੰ ਸੰਬੋਧਨ ਕਰਨ ਦਾ ਹੰਭਲਾ ਮਾਰਿਆ। ਸੰਸਾਰ ਸਾਗਰ ਦੀਆਂ ਰੌਣਕਾਂ ਲਾਉਨ ਵਾਲਾ ਪੰਛੀ ਇਸ ਸਾਥੀ ਤੋਂ ਵਿਛੜ ਗਿਆ। ਉਡਾਰੀ ਮਾਰ ਗਿਆ। 6 /12 ਦਾ ਕੈਸਾ ਦਿਨ ਚੜ੍ਹਿਆ ਜਦੋਂ ਸ. ਜਾਗੀਰ ਸਿੰਘ ਭਦਲ ਬੂਹਾ ਹਸਦਾ ਖੇਡਾ ਸਵਾ ਕੁ ਸੱਤ ਸਵੇਰੇ ਪੰਜ ਭੂਤਕ ਪਿੰਜਰਾ ਖਾਲੀ ਛੱਡ ਤੁਰ ਗਿਆ ਮੁਲਕਿ ਆਦਮ ਜਿਥੋਂ ਕੋਈ ਬੀ ਪਰਤ ਕੇ ਨਹੀਂ ਆਇਆ। ਮੈਂ ਸੋਚਦਾ ਹੁੰਦਾ ਕਿ ਮੇਰੇ ਜਨਾਜ਼ੇ(ਲੇਖਕ ਇਸ ਵੇਲੇ 86-87 ਸਾਲ ਦਾ ਹੈ) ਦੀ ਰੌਣਕ ਇਹ ਅਲਬੇਲਾ ਗੁਰਮੁਖ ਹੀ ਵਧਾਊ, ਪਰ ਭਾਣਾ ਦੇਖੀਏ ਕਿਆ ਵਰਤਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਦਿਲਾਂ ਦੀਆਂ ਬੁੱਝਣ ਵਾਲੇ ਜਦੋਂ ਸਾਨੂੰ ਭੈਣੀ ਸਾਹਿਬ, ਲੁਧਿਆਣੇ ਜਾ ਜੀਵਨ ਨਗਰ ਅਸਥਾਨਾਂ ਤੇ ਕਦੇ ਤਕਦੇ ਤਾਂ

"ਜੋੜੀਆਂ ਜੱਗ ਥੋੜੀਆਂ"

ਦੀ ਅਸੀਸ ਬਖ਼ਸ਼ ਕੇ ਨਿਵਾਜ਼ਦੇ!

ਪ੍ਰੋ: ਕਰਤਾਰ ਸਿੰਘ ਜੀ ਭਾਵੇਂ ਮੇਰੇ ਪੜੋਸ ਹੀ ਹਨ ਪਰ ਉਨ੍ਹਾਂ ਪਾਸ ਜਾਣ ਦਾ ਚਾਰ ਪੰਜ ਦਿਨ ਮੈਨੂੰ ਹੌਸਲਾ ਨਹੀਂ ਪਿਆ। ਜਦੋਂ ਇਸ ਦੁੱਖ ਭਰੀ ਘਟਨਾ ਦਾ ਮੈਂ ਜ਼ਿਕਰ ਕਰਨਾ ਚਾਹਾਂ ਤਾਂ ਗਲਾ ਰੁਕ ਜਾਂਦਾ ਹੈ, ਜੀਭ ਸੁੱਕ ਜਾਂਦੀ ਹੈ, ਕੁਛ ਕਿਹਾ ਨਹੀਂ ਜਾਂਦਾ, ਚਾਰੇ ਪਾਸੇ ਨ੍ਹੇਰ ਹੀ ਛਾਇਆ ਪਿਆ ਹੈ, 15 ਨੂੰ ਭੋਗ ਤੇ ਭੱਦਲ ਬੂਹੇ ਤੁਰ ਪਿਆ ਪਰ ਰਾਹ ਚਲਦੇ ਬਾਰ ਬਾਰ ਭੁੱਬ ਨਿਕਲੇ। ਦੋ ਬਜੇ ਦਾ ਸਮਾਂ ਨੀਯਤ ਸੀ। ਜਾਗੀਰ ਸਿੰਘ ਦੇ ਵੱਡੇ ਭਰਾ ਪ੍ਰੀਤਮ ਸਿੰਘ ਹੁਰਾਂ ਦੱਸਿਆ ਕਿ ਦੋ ਬੰਦੇ ਭੈਣੀ ਸਾਹਿਬ ਘੱਲੇ ਹਨ ਸਤਿਗੁਰਾਂ ਦਾ ਹੁਕਮ ਲੈਣ ਤੇ ਅੰਤਮ ਅਰਦਾਸ ਨਾਮਧਾਰੀ ਪ੍ਰੰਪਰਾ ਮੁਜਬ ਕਰਵਾਈ ਜਾਣ ਦੇ ਆਸ਼ੇ ਨਾਲ। ਜੇ ਆਪ ਹਜ਼ੂਰ ਦਰਸ਼ਨ ਦੇਣ ਦੀ ਮੇਹਰ ਕਰਨ ਤਾਂ ਸਾਡੇ ਚੰਗੇ ਭਾਗ ਤੇ ਜਾਗੀਰ ਸਿੰਘ ਦੀ ਸੰਸਾਰ ਯਾਤਰਾ ਸਫਲ। ਪਤਾ ਆਇਆ ਕਿ ਸ੍ਰੀ ਹਜ਼ੂਰ ਸਤਿਗੁਰੂ ਜੀ ਦੱਖਣੀ ਭਾਰਤ ਦੇ ਬੰਗਲੋਰ ਨਾਮੀ ਨਗਰ ਗਏ ਹੋਏ ਹਨ। ਪੂਜਨੀਯ ਮਾਤਾ ਜੀ ਨੇ ਜੋ ਹੁਕਮਨਾਮਾ ਜਾਰੀ ਕੀਤਾ ਉਸ ਅਧੀਨ ਉਡੀਕਣ ਦੇ ਉਪਰੰਤ ਪਿੰਡ ਦੇ ਭਾਈ ਹੁਰਾਂ ਰਸਮ ਭੋਗ ਤੇ ਅਰਦਾਸ ਅਮਲ ਵਿਚ ਲਿਆਂਦੀ।

ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਦੇ ਫੁਰਮਾਨ *"ਕਿਆ ਜਾਣਾ ਕਬ ਮਰੈਂਗੇ, ਕੈਸਾ ਮਰਨਾ ਹੋਇ। ਜੇ ਸਾਹਿਬ ਮਨੋ ਨ ਵੀਸਰੈ ਤਾਂ ਸਹਿਲਾ ਮਰਨਾ ਹੋਇ।"* ਜਾਗੀਰ ਸਿੰਘ ਦਾ ਅਤੀ ਸਹਿਲਾ ਮਰਨਾ ਸੀ। ਦੱਸਦੇ ਹਨ ਸਵੇਰੇ 5 ਬਜੇ ਉੱਠੇ, ਬਾਹਰ ਟਿਊਬਵੈਲ ਤੇ ਗਏ, ਇਸ਼ਨਾਨ ਕੀਤਾ, ਚਾਹ ਦੇ ਗੱਫੇ ਲਾਏ, ਬਾਹਰ ਘੁੰਮਦੇ ਰਹੇ, ਸੀਰੀ ਸਾਂਝੀਆਂ ਨੂੰ ਦਿਨ ਦੇ ਕੰਮ ਦੱਸਦੇ ਰਹੇ। ਪੌਣੇ ਸੱਤ ਪਲੰਘ ਤੇ ਲੇਟ ਕੇ ਮੂੰਹ ਰਜਾਈ ਅੰਦਰ ਕਰਕੇ ਕਹਿਣ ਲੱਗੇ ਪ੍ਰੀਤਮ ਸਿੰਘਾ ਤੂੰ ਦੁੱਧ ਛਕ ਲੈ। ਮੇਰੇ ਦੁੱਧ ਦਾ ਗਲਾਸ ਕੌਲੀ ਦੇ ਕੇ ਰੱਖਦੇ। ਮੈਂ ਕਮਰ ਸਿੱਧੀ ਕਰ ਲਵਾਂ, ਹੁਣੇ ਪੀਨਾਂ ਮੈਂ। ਥੋੜ੍ਹੇ ਚਿਰ ਮਗਰੋਂ ਕਾਰ ਦਾ ਡਰੈਵਰ ਆ ਕੇ ਕਾਰ ਦੀ ਚਾਬੀ ਮੰਗਣ ਲੱਗਾ। ਘਰੋਂ ਕਹਿੰਦੇ ਇਸੇ



Sri Satguru Jagjit Singh Ji Elibrary NamdhariElibrary@gmail.com

ਦੀ ਜੇਬ ਵਿਚ ਹੈ, ਮੈਂ ਲੈ ਕੇ ਦਿੰਦੀ ਹਾਂ। ਕੋਲ ਸਰਾਹਣੇ ਜਾ ਕੇ ਦੋ ਹਾਕਾਂ ਮਾਰੀਆਂ ਕੋਈ ਉੱਤਰ ਨਾ। ਰਜ਼ਾਈ ਦਾ ਪੱਲਾ ਚੁੱਕਿਆ ਤੇ ਨੇਕ ਬਖ਼ਤ ਨੇ ਚੀਕ ਮਾਰੀ। ਹੰਸ ਸੈਂਕੜੇ ਕੋਹ ਨਿਕਲ ਚੁਕਿਆ ਸੀ। ਇਹ ਸੀ ਅਨੋਖੀ ਨਾਮਧਾਰੀ ਸੱਜਣ ਸੁਹੇਲੇ ਜਾਗੀਰ ਸਿੰਘ ਦਾ ਅੰਤਮ ਦ੍ਰਿਸ਼।

ਜਾਗੀਰ ਸਿੰਘ ਦੀ ਇਕ ਤੀਬਰ ਇੱਛਿਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਮਿਤ ਬਣਵਾਏ ਗੁਰਦਵਾਰਾ ਸਾਹਿਬ ਦਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਮੌਜੂਦਗੀ ਵਿਚ ਸ੍ਰੀ ਅਖੰਡਪਾਠ ਦਾ ਭੋਗ ਤੇ ਸੰਗਿਮਰਮਰ ਦੀ ਪੱਟੀ ਟੇਬਲੈਟ ਸਤਿਗੁਰਾਂ ਦੇ ਪਵਿੱਤਰ ਹੱਥਾਂ ਨਾਲ ਲਗਵਾ ਕੇ ਪ੍ਰਬੰਧ ਧੂਪ ਦੀਪ ਨਾਮਧਾਰੀ ਸੰਸਥਾ ਨੂੰ ਸੌਂਪ ਦੇਣ ਦੀ। ਆਪ ਜਦੋਂ ਭਦਲ ਥੂਹੇ ਗਏ ਸੋ ਇਹੀ ਤਮੰਨਾ ਤੇ ਆਰਜ਼ੂ ਉਨ੍ਹਾਂ ਆਪ ਨੂੰ ਜਤਲਾਈ ਸੀ, ਆਪਦੇ ਯਾਦ ਹੋਊ।

ਜੇ ਕਿਰਪਾ ਨਿਧਾਨ ਜੀ ਮੇਰੀ ਇਹ ਖਿਨੈ ਪਤਰ ਸ੍ਰੀ ਹਜ਼ੂਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਪੇਸ਼ ਆਪ ਖੁਦ ਹੀ ਕਰਕੇ ਹੁਕਮ ਹਾਸਲ ਕਰ ਸਕੋ ਤਾਂ ਮਹਾਨ ਕਿਰਪਾ। ਮੈਨੂੰ ਇਹ ਲਿਖਦੇ ਆਪ ਅਗੇ ਦਿਲ ਖੋਲ੍ਹਦੇ ਰਾਹਤ ਜਾਪਦੀ ਰਹੀ।

ਦੁਖੀ ਹਿਰਦੇ ਨਾਲ ਪਰਤਾਪ ਸਿੰਘ।

ਇਸ ਤਰ੍ਹਾਂ ਸਾਡਾ ਇਕ ਸਤਿਗੁਰੂ ਵਰੋਸਾਇਆ ਹੋਰ ਸੱਜਣ ਸਾਥੋਂ ਜੁਦਾ ਹੋ ਗਿਆ। ਭੱਦਲਥੂਹੇ ਦੇ ਸ਼ਹੀਦ ਪਰਵਾਰਾਂ ਵਿਚੋਂ ਇਕ ਖਾਨਦਾਨ ਦਾ ਚਿਰਾਗ-ਜਾਗੀਰ ਸਿੰਘ (80) ਸੀ। ਸਤਿਗੁਰੂ ਜਗਜੀਤ ਸਿੰਘ ਨੇ ਬੜੀ ਮਿਹਨਤ ਨਾਲ ਲੱਭਾ ਤੇ ਮੁੜ ਆਪਣੇ ਪਰਵਾਰ ਵਿਚ ਲਿਆਂਦਾ ਸੀ। ਸਤਿਗੁਰੂ ਜੀ ਅਜ ਕਿਸੇ ਮੌਕੇ ਦਿੱਲੀ ਦਰਸ਼ਨ ਦੇਣਗੇ। ਮੈਂ ਸਵੇਰੇ ਆਸਾ ਦੀ ਵਾਰ ਵਿਚ ਪਿਆਰੇ ਡਾਕਟਰ ਸਾਹਿਬ ਦੀ ਚਿੱਠੀ ਪੇਸ਼ ਕਰਾਂਗਾ।

## 24 ਦਸੰਬਰ 1985, ਮੰਗਲਵਾਰ
## ਨਵੀਂ ਦਿੱਲੀ

ਬੀਤੀ ਰਾਤੀਂ ਸ੍ਰੀ ਸਤਿਗੁਰੂ ਜੀ ਕਿਸੇ ਸਮੇਂ ਗਾਲਬਨ 8 ਵਜੇ, ਪੂਸਾ ਰੋਡ ਕੋਠੀ ਪਧਾਰੇ। ਆਪ ਯੂ.ਪੀ. ਦਾ ਦੌਰਾ ਖ਼ਤਮ ਕਰਕੇ ਆਏ ਹਨ। ਅਤੇ ਅੱਜ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰਮੇਸ਼ ਨਗਰ ਧਰਮਸਾਲਾ ਵਿਖੇ ਹੈ। ਮੈਂ ਭੀ ਸਮੇਂ ਸਿਰ ਪਹੁੰਚ ਗਿਆ ਹਾਂ। ਸਾਧ ਸੰਗਤ ਦਾ ਭਾਰੀ ਇਕੱਠ ਹੈ। ਏਥੇ ਹੀ ਮੈਨੂੰ ਸੰਤ ਤਰਸੇਮ ਸਿੰਘ ਵਲੋਂ ਇਕ ਟੈਲੈਕਸ ਵਿਖਾਈ ਗਈ। ਇਹ ਸ੍ਰੀ ਧਰਮਪਾਲ ਮਰਵਾਹਾ ਵਲੋਂ ਇਰੀਂਗਾ, ਤਨਜ਼ਾਨੀਆਂ ਵਿਚੋਂ ਆਈ ਹੈ। ਸ੍ਰੀ ਸ਼ੇਰ ਸਿੰਘ ਚਾਵਲਾ ਦੁਆਰਾ ਸਤਿਗੁਰੂ ਜੀ ਨੂੰ ਸੂਚਿਤ ਕੀਤਾ ਗਿਆ ਹੈ ਕਿ ਡਾ: ਮੂਸਾ ਨੂੰ ਟਿਕਟ ਉਪਲਬਧ ਹੋ ਗਿਆ ਹੈ। ਉਹ 19



Sri Satguru Jagjit Singh Ji Elibrary NamdhariElibrary@gmail.com

ਨੂੰ ਬੰਬਈਓਂ ਉਡ ਕੇ ਐਲਡੋਰੇਟ, ਨੈਰੋਬੀ ਵਿਖੇ ਆਇਆ। ਨੈਰੋਬੀ ਵਿਚ ਉਸਦਾ ਸੁਆਗਤ ਸਤਿਕਾਰ ਸ. ਗੁਰਚੈਨ ਸਿੰਘ ਫਲੋਰਾ ਨੇ ਕੀਤਾ ਕਰਵਾਇਆ। ਅਸੀਂ ਐਲਡੋਰੇਟ ਜਾ ਕੇ ਮਿਲਾਂਗੇ। 22.12 ਨੂੰ ਦਿੱਲੀ ਵਾਸਤੇ ਵਾਪਸੀ ਹੋਵੇਗੀ। ਇਹ ਟੈਲੈਕਸ ਮੈਨੂੰ ਵਖਾਣ ਦਾ ਕਾਰਨ ਇਹ ਹੈ ਕਿ ਇਸਦੇ ਅੱਖਰ ਰੋਮਨ ਅਰਥਾਤ ਅੰਗਰੇਜ਼ੀ ਦੇ ਹਨ ਪਰ ਭਾਸ਼ਾ ਹਿੰਦੀ ਪ੍ਰਯੋਗ ਕੀਤੀ ਗਈ ਹੈ।

ਇਸ ਤਰ੍ਹਾਂ ਸਤਿਗੁਰੂ ਜੀ ਦੇਸ਼ ਵਿਚ ਬੈਠੇ ਆਪਣੇ ਪਰਦੇਸੀ ਸਿੱਖਾਂ ਨਾਲ ਰਾਬਤਾ ਰਖਦੇ ਹਨ।

ਪੂਰਬੋ ਦੁਆਰਾ ਆਸਾ ਦੀ ਵਾਰ ਦੇ ਕੀਰਤਨ ਬਾਅਦ ਸੰਤ ਗੁਰਦੀਪ ਸਿੰਘ ਢੌਂਡਾ ਨੇ ਸੂਚਨਾ ਐਲਾਨ ਕੀਤੀ ਕਿ ਭੈਂਗੀ ਵਾਲੇ ਮਾਤਾ ਮਾਇਆ ਜੀ ਸਵਰਗ ਸਿਧਾਰ ਗਏ ਹਨ। ਸਾਧ ਸੰਗਤ ਏਥੋਂ ਉਠਕੇ ਉਨ੍ਹਾਂ ਦੇ ਸਸਕਾਰ ਵਾਸਤੇ ਚੱਲੇ।

ਸ੍ਰੀ ਸਤਿਗੁਰੂ ਜੀ ਨੇ ਇਸ਼ਾਰਾ ਕਰਕੇ ਯੂ.ਪੀ. ਦੌਰੇ ਸਮੇਂ ਦਿੱਲੀ ਭੇਜੇ ਗਏ ਇਸਤਰੀ ਪੁਰਸ਼ਾਂ ਨੂੰ ਬੁਲਾਇਆ। ਇਹ ਅਨੇਕਾਂ ਕ੍ਰਾਨੀਕਲ ਵਿਆਧੀਆਂ ਦੇ ਗ੍ਰਸਤ ਹਨ। ਡਾ. ਮੂਸਾ ਵਾਸਤੇ ਇਹਨਾਂ ਨੂੰ ਸੱਦਿਆ ਗਿਆ ਹੈ। ਪਰ ਕਿਉਂਕਿ ਡਾ: ਮੂਸਾ ਅਜੇ ਹਫ਼ਤੇ ਭਰ ਲਈ ਵਿਦੇਸ਼ੀ ਟੂਰ ਤੇ ਰਹਿਣਗੇ, ਸਤਿਗੁਰੂ ਜੀ ਨੇ ਸਭਨਾਂ ਨੂੰ ਕੋਲ ਬੁਲਾਕੇ ਸਥਿਤੀ ਸਮਝਾ ਕੇ ਖਿਮਾ ਮੰਗੀ ਹੈ ਕਿ ਉਹਨਾਂ ਨੂੰ ਅਕਾਰਥ ਤਕਲੀਫ਼ ਹੋਈ, ਜਿਨ੍ਹਾਂ ਪਾਸ ਕਰਾਇਆ ਨਹੀਂ ਉਹ ਮੰਗ ਲੈਣ ਅਤੇ ਹਫਤੇ ਪਿਛੋਂ ਫਿਰ ਆਉਣ 8-10 ਸਰੀਰ ਹਨ ਇਹ ਜੁਆਨ ਮੁੰਡੇ ਤੇ ਦਰਮਿਆਨੀ ਉਮਰ ਦੀਆਂ ਇਸਤਰੀਆਂ ਆਏ, ਬਿਨਾ ਗਿਲੇ ਤੋਂ ਵਾਪਸ ਜਾ ਰਹੇ ਹਨ।

ਤਰਸੇਮ ਸਿੰਘ ਦੁਆਰਾ ਇਕ ਨੌਜਵਾਨ ਦੀ ਡਿਊਟੀ ਲਗਾ ਦਿਤੀ ਗਈ ਹੈ ਜੋ ਸਭ ਦੇ ਪਤੇ ਨੋਟ ਕਰ ਲਵੇਗਾ ਅਤੇ ਇਸ ਵਲੋਂ ਫੋਨ ਆਉਣ ਤੇ ਸਭ ਨੂੰ ਦਿੱਲੀ ਪਹੁੰਚਣ ਦਾ ਸੰਦੇਸ਼ ਦੇਵੇਗਾ।

ਇਹ ਸਾਰੀ ਤਬਦੀਲੀ, ਸਤਿਗੁਰੂ ਜੀ ਦੇ ਤਰਸੇਮ ਸਿੰਘ ਨੂੰ ਦੱਸਣ ਅਨੁਸਾਰ, ਰਾਤੀਂ ਸ. ਗੁਰਚੈਨ ਸਿੰਘ ਤੋਂ ਫੋਨ ਦੁਆਰਾ ਸੂਚਨਾ ਮਿਲਣ ਤੇ ਕਰਨੀ ਪਈ ਹੈ। ਰਾਤੀ ਕਾਫ਼ੀ ਸਮਾਂ ਨੈਰੋਬੀ ਅਫਰੀਕਾ ਨਾਲ ਫੋਨ ਸੰਪਰਕ ਬਣਿਆ ਰਿਹਾ। ਸਤਿਗੁਰੂ ਜੀ ਨੇ ਦੱਸਿਆ ਕਿ ਦੇਸ਼ ਦੇਸ਼ਾਂਤਰਾਂ ਦੇ ਟੈਲੀਫੋਨਾਂ ਕਾਰਨ ਰਾਤੀਂ 1 ਵਜੇ ਹੀ ਆਰਾਮ ਨੂੰ ਸਮਾਂ ਮਿਲਿਆ।

ਗੁਰੂ ਜੀ ਦੇ ਸਕੱਤਰ ਸੰਤ ਤਰਸੇਮ ਸਿੰਘ ਨੇ ਦੱਸਿਆ ਕਿ ਯੂ.ਪੀ. ਦਾ ਦੌਰਾ ਬੜਾ ਸਫਲ ਰਿਹਾ ਹੈ। ਅਨੇਕਾਂ ਲੋਕਾਂ ਨੂੰ ਕੁਰੀਤੀਆਂ ਤੋਂ ਹਟਾਇਆ ਤੇ ਭਜਨ ਦਸਿਆ ਹੈ। ਪੁਰਾਣੇ ਸਿਖ ਪਰਵਾਰ ਸਤਿਗੁਰਾਂ ਦੇ ਦਰਸ਼ਨ ਕਰਕੇ ਹਰੇ ਹੋਏ ਹਨ। ਸਾਨੂੰ ਵੀ ਕਿਸੇ ਪਰਕਾਰ ਦੀ ਥਕਾਵਟ ਨਹੀਂ ਹੋਈ। ਸਵੇਰ ਦੇ 5 ਵਜੇ ਤੋਂ ਰਾਤ ਦੇ 8-9 ਵਜੇ ਤਕ ਚੱਲ ਸੁ ਚੱਲ ਹੀ ਰਹਿੰਦੀ ਸੀ। ਕਿਸੇ ਤਰ੍ਹਾਂ ਬਦਮਗਜ਼ੀ ਜਾਂ ਬੇਸੁਆਦੀ ਵੀ ਨਹੀਂ ਹੋਈ। ਚੁਟਕੀ ਮਾਰਦਿਆਂ ਦਿਨ ਲੰਘ ਗਏ ਹਨ।



Sri Satguru Jagjit Singh Ji Elibrary NamdhariElibrary@gmail.com

ਧਰਮਸਾਲਾ ਵਿਚ ਹੀ ਬਚਨ ਕਰਦਿਆਂ ਸ੍ਰੀ ਸਤਿਗੁਰੂ ਜੀ ਨੇ ਇਕ ਸਿਖ ਗੁਰਚਰਨ ਸਿੰਘ ਪੰਡੋਰੀ ਨੂੰ ਯਾਦ ਕੀਤਾ। ਆਪ ਨੇ ਦੱਸਿਆ: ਉਹ ਕਿਹਾ ਕਰਦਾ ਸੀ, ਪਤਾ ਕਰ ਲੈਣਾ ਉਹਨਾਂ (ਅਰਥਾਤ ਸਤਿਗੁਰਾਂ) ਨੂੰ ਕੋਈ ਮੁਸ਼ਕਲ ਨ ਜਾਪੇ। ਉਹਨਾਂ ਕੋਲ ਵਕਤ ਬੜਾ ਭੀੜਾ-ਭੀੜਾ ਹੁੰਦਾ ਹੈ। ਅਸੀਂ ਦੀਨ ਦਿਆਲ ਜੀ ਦੇ ਚਰਨ ਘਰ ਪੁਆਣਾ ਚਾਹੁੰਦੇ ਹਾਂ, ਪਰ ਓਦੋਂ ਹੀ ਜਦੋਂ ਉਨ੍ਹਾਂ ਨੂੰ ਸਹੂਲਤ ਹੋਵੇ।

ਸਿੱਖ ਦੀ ਭਾਵਨਾ ਨੂੰ ਦੱਸਿਆ ਗਿਆ ਕਿ ਉਹ ਅਪਣੀ ਇੱਛਾ ਤੋਂ ਸਤਿਗੁਰੂ ਜੀ ਦੀ ਇੱਛਾ ਨੂੰ ਪਹਿਲ ਦਿੰਦਾ ਸੀ।

ਹਰਭਜਨ ਸਿੰਘ ਸਿਤਾਰ ਕੋਲੋਂ ਪਤਾ ਲਗਾ ਕਿ ਉਸਤਾਦ ਪਿਆਰਾ ਸਿੰਘ ਨੂੰ ਇਕ ਵਾਰ ਫਿਰ ਸ੍ਰੀ ਸਤਿਗੁਰੂ ਜੀ ਵਲੋਂ ਵਲਾਇਤ ਜਾਣ ਦਾ ਟਿਕਟ ਮਿਲ ਗਿਆ ਹੈ। ਪਿਆਰਾ ਸਿੰਘ ਆਪਣੇ ਇਲਾਜ ਲਈ 11 ਜਨਵਰੀ 1986 ਨੂੰ ਇੰਗਲੈਂਡ ਜਾਣ ਲਈ ਜਹਾਜ਼ ਚੜ੍ਹਨਗੇ। ਅਸਲ ਵਿਚ ਸ੍ਰੀ ਬਲਜੀਤ ਸਿੰਘ ਦੇ ਉਸਤਾਦ ਹੋਣ ਕਾਰਨ ਸਤਿਗੁਰੂ ਜੀ ਉਨ੍ਹਾਂ ਨੂੰ ਸਹੂਲਤਾਂ ਪ੍ਰਦਾਨ ਕਰਦੇ ਹਨ।

ਮੈਂ ਦੋਬਾਰਾ ਕੋਈ 10 ਵਜੇ ਪੁੱਜਾ। ਆਪ ਜੀ ਆਰਾਮ ਕਮਰੇ ਨਾਲ ਦੀ ਛੱਤ ਉਤੇ ਲੰਮੀ ਪਲਾਸਟਿਕ ਕੁਰਸੀ ਤੇ ਬੈਠੇ ਧੁੱਪ ਵੀ ਸੇਕ ਰਹੇ ਸਨ ਤੇ ਦਰਸ਼ਨਾਂ ਹਿਤ ਆਈ ਸੰਗਤ ਨੂੰ ਨਿਵਾਜ ਵੀ ਰਹੇ ਸਨ। ਬਹੁਤ ਸਾਰੇ ਸਰੀਰ ਕੋਲ ਵਿਛੀਆਂ ਚਟਾਈਆਂ ਤੇ ਬੈਠੇ ਸਨ। ਸਾਧ ਸੰਗਤ ਦੀਆਂ ਅਰਜ਼ਾਂ ਦੀ ਪੇਸ਼ਕਾਰੀ ਸਕੱਤਰ ਤਰਸੇਮ ਸਿੰਘ ਕਰ ਰਿਹਾ ਸੀ। ਮੈਂ ਵੇਖਿਆ ਸੰਤ ਮੰਗਲ ਸਿੰਘ ਲਾਇਲਪੁਰੀ ਦੇ ਲੜਕੇ ਐਸ.ਐਸ.ਮਨਧੀਰ, ਕਰਤਾਰ ਸਿੰਘ ਤੇ ਇਸਦੀ ਪਤਨੀ ਰਾਜ ਵੀ ਨਜ਼ਦੀਕ ਬੈਠੇ ਹੋਏ ਸਨ। ਮੇਰੀ ਨਮਸਕਾਰ ਪਰਵਾਨ ਕਰ ਹਜ਼ੂਰ ਮੁਸਕਰਾਏ: ਕਵੀ ਹੋਰਾਂ ਨੂੰ ਫੋਨ ਕੀਤਾ ਗਿਆ ਹੈ ਕਿ ਆਪ ਹੀ ਆਏ ਹਨ? ਸਕੱਤਰ ਨੇ ਕਿਹਾ: ਆਪੇ ਆਏ ਹਨ ਦਰਸ਼ਨਾਂ ਨੂੰ।

ਮੈਨੂੰ ਖੁੜਕ ਗਈ ਕਿ ਮੇਰੀ ਹੋਂਦ ਕਰਤਾਰ-ਰਾਜ ਦੇ ਕੇਸ ਲਈ ਚਾਹੀਦੀ ਹੋਵੇਗੀ। ਇਸ ਮੌਕੇ ਹੋਰ ਹਾਜ਼ਰ ਸਨ। ਸੰਤ ਹਰਬੰਸ ਸਿੰਘ ਮਨਚੰਦਾ, ਇਨ੍ਹਾਂ ਦਾ ਛੋਟਾ ਲੜਕਾ ਨਰਿੰਦਰ ਸਿੰਘ, ਪੋਤਰਾ ਗੁਰਮੁਖ ਸਿੰਘ, ਅਵਤਾਰ ਸਿੰਘ ਅੰਮ੍ਰਿਤਸਰੀ, ਸ. ਹਰਭਜਨ ਸਿੰਘ ਚੰਡੀਗੜ੍ਹੀਆ, ਮਾ: ਅਮਰੀਕ ਸਿੰਘ ਅਤੇ 3-4 ਬੀਬੀਆਂ ਵੀ। ਸ. ਸੁਲੱਖਣ ਸਿੰਘ ਮੈਟਰੋ ਪਾਲੀਟਨ ਕਾਊਂਸਲਰ, ਸ. ਹਰਵਿੰਦਰ ਸਿੰਘ ਹੰਸਪਾਲ ਐਮ.ਪੀ., ਸ. ਜਸਵਿੰਦਰ ਸਿੰਘ।

ਸ. ਹਰਬੰਸ ਸਿੰਘ ਮਨਚੰਦਾ ਨੇ ਕੋਈ ਬੇਨਤੀ ਕਰਨੀ ਸੀ। ਉਸਨੇ ਸ਼ਕਾਇਤ ਕੀਤੀ: ਸੁਲੱਖਣ ਸਿੰਘ ਹੁਰਾਂ ਨੂੰ ਇਕ ਕੰਮ ਦਸਿਆ ਸੀ ਇਹਨਾਂ ਕਰਵਾਇਆ ਨਹੀਂ, ਹੰਸਪਾਲ ਜੀ ਵੀ ਸਾਡੀ ਗੱਲ ਨਹੀਂ ਸੁਣੀ। ਹੁਣ ਫੇਰ ਅਰਜ਼ ਕਰਨੀ ਹੈ।

ਹੰਸਪਾਲ: ਅਸੀਂ ਤਾਂ ਪਹਿਲਾਂ ਹੀ ਕੰਮ ਨਹੀਂ ਕਰਦੇ ਹੁਣ ਕਿਵੇਂ ਕਰਾਂਗੇ?

ਸਕੱਤਰ: ਕੰਮ ਕੀ ਹੈ?

ਹਰਬੰਸ ਸਿੰਘ: ਸਾਡੀ ਲਾਜਪਤ ਰਾਇ ਮਾਰਕੀਟ ਵਾਲੀ ਕਿਤਾਬਾਂ ਦੀ ਦੁਕਾਨ ਵਿਕਵਾ ਦਿਓ।



Sri Satguru Jagjit Singh Ji Elibrary NamdhariElibrary@gmail.com

ਹੰਸਪਾਲ ਜੀ: ਕੁਛ ਕਿਤਾਬਾਂ ਨਾਮਧਾਰੀ ਦਰਬਾਰ ਨੂੰ ਭੇਟ ਕਰ ਦਿਓ, ਕੁਛ ਸਕੂਲ ਨੂੰ ਅਤੇ ਕੁਛ ਨਾਮਧਾਰੀ ਲਾਇਬ੍ਰੇਰੀ ਨੂੰ ਅਤੇ ਗੱਲ ਬਖੇੜੇ ਪੈ ਗਈ।

ਸਿੱਧੀ ਦਸਤਾਰ ਤੇ ਨਾਮਧਾਰੀ ਵਸਤਰਾਂ ਵਿਚ ਤਿਆਰ ਬਰ ਤਿਆਰ ਸੁਰਿੰਦਰ ਸਿੰਘ ਮਨਚੰਦਾ ਦੇ ਲੜਕੇ ਗੁਰਮੁਖ ਨੂੰ ਕੋਲ ਬੈਠੇ ਵੇਖ, ਪਲੋਸਿਆ ਪਿਆਰਿਆ, ਤੇ ਉਸਨੂੰ ਬਚਨ ਕੀਤਾ: ਰਾਗ ਸਿਖਿਆ ਕਰ!

"ਸਤਿ ਬਚਨ ਜੀ, ਪਰ ਕੌਣ ਸਿਖਾਵੇ?"

"ਗੁਰਦੇਵ ਸਿੰਘ ਸਰੋਦ ਵਾਲੇ ਨੂੰ ਜਾਣਦਾ ਹੈਂ!"

"ਨਹੀਂ ਜੀ!"

"ਗੁਰਮੀਤ ਕੌਰ (ਗੁਰਦੇਵ ਦੀ ਪਤਨੀ) ਦਾ ਪਤਾ ਈ?"

"ਨਹੀਂ ਜੀ!"

"ਸੁਰਿੰਦਰ ਬਾਰੇ ਕੋਈ ਜਾਣਕਾਰੀ ਹੈ ਈ?"

ਮੁੰਡੇ ਨੇ ਹਾਂ ਵਿਚ ਸਿਰ ਹਿਲਾਇਆ।

"ਚੰਗਾ ਫਿਰ ਓਸੇ ਤੋਂ ਸਿਖ ਲਿਆ ਕਰ!" ਹਲਕੇ ਫੁਲਕੇ ਮੂਡ ਦੀ ਗੱਲ ਸੀ। ਆਨੰਦ ਨੰਦ ਜੀ ਆਨੰਦ ਵਿਭੋਰ ਸਨ।

ਏਨੇ ਚਿਰ ਨੂੰ ਇਕ ਜੋੜੇ ਨੇ ਹੋਰ ਆ ਨਮਸਕਾਰ ਕੀਤੀ। ਸੱਚੇ ਪਾਤਸ਼ਾਹ ਜੀ ਨੇ ਮੇਰੇ ਨਾਲ ਨੇਤਰ ਮਿਲਾਏ : ਇਹ ਲੜਕੀ ਭੈਣੀ ਸਾਹਿਬ ਦੀ ਹੈ, ਬਿਸ਼ਨ ਸਿੰਘ ਦੀ ਧੀ। ਉਸਦੇ ਭਰਤਾਰ ਸ. ਪੂਰਨ ਸਿੰਘ ਦੀ ਸੁਖ ਸਾਂਦ ਪੁੱਛੀ ਤਾਂ ਉਹ ਬੋਲਿਆ: ਸੱਚੇ ਪਾਤਸ਼ਾਹ 20 ਸਾਲ ਤਾਂ ਫਰੀਦਾਬਾਦ ਲਾਏ ਹਨ। ਹੁਣ ਲੁਧਿਆਣਿਓਂ ਆਏ ਹਾਂ। ਮੈਂ ਡੁਬਈਓਂ ਵਾਪਸੀ ਤੇ ਇਕ ਇਲੈਕਟ੍ਰਾਨਿਕਸ ਫੋਟੋ ਸਟੈਟ ਮਸ਼ੀਨ ਲਿਆਂਦੀ ਹੈ। ਉਹ ਅਜੇ ਕਸਟਮ ਵਿਚ ਹੀ ਪਈ ਹੈ। ਏਥੇ ਦਿੱਲੀ ਵਿਚ ਹੀ ਉਹ ਮਸ਼ੀਨ ਲੁਆਣਾ ਚਾਹੁੰਦਾ ਹਾਂ।

ਸਤਿਗੁਰੂ ਜੀ ਨੂੰ 'ਕਸਟਮ' ਦੀ ਗੱਲ ਸੁਣ ਆਪਣਾ ਥਾਈਲੈਂਡ ਤੋਂ ਲਿਆਂਦਾ ਗਿਆ ਇੰਜਨ ਯਾਦ ਆਇਆ। ਹੰਸਪਾਲ ਜੀ ਵਲ ਮੁਖ ਕਰ ਬੋਲੇ: ਕਿਉਂ ਬਈ ਆਪਣੇ ਇੰਜਨ ਦਾ ਕੀ ਬਣਿਆ? ' ਉਹ ਆ ਗਿਆ ਹੈ ਜੀ! ਉਨ੍ਹਾਂ ਨੇ ਨਰਿੰਦਰ ਮਨਚੰਦਾ ਵਲ ਇਸ਼ਾਰਾ ਕੀਤਾ। ਉਸਨੇ ਤਸਦੀਕ ਕੀਤਾ ਕਿ ਪਹੁੰਚ ਗਿਆ ਹੈ।

ਸਤਿਗੁਰੂ ਜੀ ਨੇ ਸ. ਪੂਰਨ ਸਿੰਘ ਦੀ ਮਸ਼ੀਨ ਬਾਰੇ ਵੀ ਹੰਸਪਾਲ ਜੀ ਦਾ ਧਿਆਨ ਦੁਆਇਆ।

ਏਨੇ ਚਿਰ ਨੂੰ ਸ. ਸੁਰਜੀਤ ਸਿੰਘ ਫਲੋਰਾ, ਉਸਦੀ ਪਤਨੀ, ਸੰਤ ਪ੍ਰੇਮ ਸਿੰਘ ਰਾਜੌਰੀ ਗਾਰਡਨ ਤੇ ਉਸਦੀ ਪਤਨੀ ਨਮਸਕਾਰ ਹਿਤ ਆਏ। ਸੁਰਜੀਤ ਸਿੰਘ ਕਲ ਤਕ ਵਾਪਸ ਨੈਰੋਬੀ ਜਾ ਰਹੇ ਹਨ।

ਸ. ਅਵਤਾਰ ਸਿੰਘ ਅੰਮ੍ਰਿਤਸਰੀ ਨਾਲ ਵੀ ਉਹਦੀ ਸਿਹਤ-ਕੁਸ਼ਲਤਾ ਬਾਰੇ ਵਿਚ ਵਿਚ ਗੱਲ ਕਰ ਲੈਂਦੇ। ਯੂ.ਪੀ. ਦੇ ਪਿੰਡਾਂ ਵਿਚੋਂ ਆਈ ਇਕ ਬੀਬੀ ਨੇ 100 ਰੁਪਏ ਭੇਟਾ ਕੀਤਾ ਤਾਂ ਸੱਚੇ ਪਾਤਸ਼ਾਹ ਜੀ ਨੇ ਆਖਿਆ: ਬੀਬੀ, ਇਹ ਵਾਧੂ ਖੇਚਲ ਹੈ।



Sri Satguru Jagjit Singh Ji Elibrary NamdhariElibrary@gmail.com

ਤੁਸੀਂ ਤਾਂ ਅਗੇ ਹੀ ਹੁਕਮ ਮੰਨਕੇ ਖਰਚ ਤੇ ਖੇਚਲ ਕਰਕੇ ਏਥੇ ਆਏ ਓ, ਡਾਕਟਰ ਦੇ ਨਾ ਮਿਲਣ ਕਰਕੇ ਵਾਪਸ ਜਾਣਾ ਪੈ ਗਿਆ ਹੈ, ਫਿਰ ਆਉਣਾ ਪਵੇਗਾ। ਮੈਂ ਤਾਂ ਸਗੋਂ ਤੁਹਾਨੂੰ ਕਰਾਇਆ ਦੇਣਾ ਚਾਹੁੰਦਾ ਸਾਂ, ਉਤੋਂ ਆਪ ਨੇ ਏਨੀ ਰਕਮ ਮੱਥਾ ਟੇਕ ਦਿੱਤੀ। ਬੀਬੀ ਬੋਲੀ: ਦੀਨ ਦਿਆਲ, ਇਹ ਸਾਰੀ ਮਾਇਆ ਆਪ ਜੀ ਨੇ ਹੀ ਤਾਂ ਬਖਸ਼ੀ ਹੋਈ ਹੈ। ਤੁਹਾਡਾ ਦਿਤਾ ਬਹੁਤ ਹੈ, ਫੇਰ ਆ ਜਾਵਾਂਗੇ।

ਸਤਿਗੁਰੂ ਜੀ ਦੀ ਇਹੋ ਪਹੁੰਚ ਹਰ ਕਿਸੇ ਨੂੰ ਆਪ ਵਲ ਆਕਰਸ਼ਤ ਰਖਦੀ ਹੈ।

ਸੰਤ ਬਲਵੰਤ ਸਿੰਘ ਪਟਨਾ ਅਤੇ ਸੰਤ ਗੁਰਸਹਾਈ ਸਿੰਘ ਦਾ ਨੌਜਵਾਨ ਲੜਕਾ ਆਣ ਉਪਸਥਿਤ ਹੋਏ। ਚਰਨਾਂ ਤੇ ਨਮਸਕਾਰ ਕੀਤੀ। ਇਹ ਸੰਤ ਤਰਸੇਮ ਸਿੰਘ ਗੁਰੂ ਕੇ ਸਕੱਤਰ ਨਾਲ ਆਸਾਮ ਦੌਰੇ ਦੇ ਪ੍ਰੋਗਰਾਮ ਬਣਾਣ ਆਏ ਹਨ।

ਬਚਨ ਬਿਲਾਸ ਕਰਦਿਆਂ, ਦਰਸ਼ਨ ਦਿੰਦਿਆਂ ਸਮਾਂ ਬਹੁਤ ਹੋ ਗਿਆ ਸੀ। 11.30 ਵਜ ਚੁਕੇ ਸਨ। ਸਤਿਗੁਰੂ ਜੀ ਨੇ ਸਕੱਤਰ ਦਾ ਧਿਆਨ ਕਰਤਾਰ ਸਿੰਘ - ਰਾਜ ਦੇ ਕੇਸ ਵਲ ਵੀ ਦੁਆਇਆ। ਓਧਰ ਬਲਦੇਵ ਸਿੰਘ ਘੜੀ ਵਿਖਾ ਰਿਹਾ ਸੀ ਕਿ ਇਸ਼ਨਾਨ ਕਰਨ ਦਾ ਸਮਾਂ ਕਾਫ਼ੀ ਚਿਰ ਦਾ ਹੋ ਚੁੱਕਾ ਹੈ। ਸ੍ਰੀ ਸਤਿਗੁਰੂ ਜੀ ਮੁਸਕਾਏ: ਜਲਦੀ, ਜਲਦੀ, ਜਲਦੀ, ਇਹ ਜਲਦੀ ਹਵਾਈ ਜਹਾਜ਼ ਦੇ ਸਫਰ ਤੋਂ ਵੀ ਅਗੇਰੇ ਖੜੀ ਹੋਈ ਹੁੰਦੀ ਹੈ। ਬੰਦਾ ਜਲਦੀ-ਜਲਦੀ ਕਰਦਾ ਹੀ ਆਪਣੀ ਉਮਰ ਬਿਤਾ ਲੈਂਦਾ ਹੈ।

ਨਾਲ ਨਾਲ ਆਪ ਜੀ ਹੰਸਪਾਲ ਹੁਰਾਂ ਨਾਲ ਵੀ ਗੱਲਬਾਤ ਕਰੀ ਜਾਂਦੇ। ਉਨ੍ਹਾਂ ਨੂੰ ਗਵਾਲੀਅਰ ਨਾਲ ਚਲਣ ਵਾਸਤੇ ਵੀ ਆਖਿਆ ਜਾ ਰਿਹਾ ਹੈ।

ਬਲਦੇਵ ਸਿੰਘ ਬੂਹੇ ਵਿਚ ਘੜੀ ਵੱਲ ਇਸ਼ਾਰੇ ਕਰਦਾ ਹਫਿਆ ਖੜਾ ਸੀ। ਅੰਤ ਜਦੋਂ ਨੂੰ ਘੜੀ ਨੇ 12 ਵਜਾ ਲਏ ਦੀਨਾ ਨਾਥ ਜੀ ਨੇ ਐਸ.ਐਸ.ਮਨਧੀਰ, ਕਰਤਾਰ ਸਿੰਘ ਤੇ ਇਸਦੇ ਘਰੋਂ ਰਾਜ ਨੂੰ ਕੋਲ ਬੁਲਾ ਲਿਆ ਅਤੇ ਰਾਜ ਨੂੰ ਬਚਨ ਕੀਤਾ: ਮੈਂ ਇਕ ਮੌਕਾ ਤੈਨੂੰ ਹੋਰ ਦਿੰਦਾ ਹਾਂ। ਤੂੰ ਆਪਣਾ ਆਪ ਛੱਡ ਕੇ ਇਹਨਾਂ ਦੀ ਮਰਜ਼ੀ ਮੁਤਾਬਕ ਚਲ। ਜਿਨ੍ਹਾਂ ਦੇ ਕੋਲ ਰਹਿਣਾ ਹੋਵੇ ਨਾਲ ਵਸਣਾ ਹੋਵੇ, ਉਹਨਾਂ ਦੇ ਅਨੁਸਾਰੀ ਬਣ ਕੇ ਚਲਿਆਂ ਹੀ ਸੁਖ ਉਪਜਦਾ ਹੈ। ਤੈਨੂੰ ਹੋਰ ਸਭਨਾਂ ਵਲੋਂ ਧਿਆਨ ਮੋੜ ਕੇ ਇਹਨਾਂ ਨਾਲ ਜੋੜ ਕੇ ਚਲਣਾ ਚਾਹੀਦਾ ਹੈ। ਘੜੀ ਮੁੜੀ ਐਸਾ ਸਮਾਂ ਨਹੀਂ ਮਿਲਦਾ, ਮੈਂ ਹੋਰ ਕੁਝ ਨਹੀਂ ਸੁਣਨਾ ਸੁਣਾਣਾ। ਤੂੰ ਇਹਨਾਂ ਦੇ ਆਖੇ ਲੱਗ ਕੇ ਚੱਲ...

ਇਕ ਵਾਰਗੀ ਹੀ ਸਤਿਗੁਰੂ ਜੀ ਨੇ ਬੀਬੀ ਰਾਜ ਨੂੰ ਢੰਗ ਨਾਲ ਵਸਣ ਲਈ ਬਹੁਤ ਸ਼ਬਦ ਆਖੇ। ਸਕੱਤਰ ਨੇ ਰਾਜ ਨੂੰ ਇਸ਼ਾਰਾ ਕੀਤਾ ਕਿ ਉਠ ਕੇ ਸੱਤ ਬਚਨ ਆਖੇ ਤੇ ਗੱਲ ਮੁਕਾਏ। ਰਾਜ ਉਠੀ ਤਾਂ ਉਸ ਉੱਚਰ ਡਾਹੀ: ਜੀ ਇਹਨਾਂ ਨੂੰ ਆਖੋ ਦਸਤਾਰ ਸਿੱਧੀ ਕਰਨ।

ਸਤਿਗੁਰੂ ਜੀ ਅਤੇ ਸਕੱਤਰ ਇਕੱਠੇ ਹੀ ਬੋਲੇ: ਇਹ ਸਾਡੀ ਗੱਲ ਹੈ, ਜਦੋਂ ਕਹਿਣਾ ਹੋਇਆ ਕਹਿ ਲਵਾਂਗੇ।



Sri Satguru Jagjit Singh Ji Elibrary NamdhariElibrary@gmail.com

ਅਤੇ ਵਿਰ ਜਦੋਂ ਮੈਂ ਸ਼ਬਦ 'ਸਮਰਪਣ' ਵਰਤਿਆ। ਰਾਜ ਨੂੰ ਕਿਹਾ ਕਿ ਉਹ ਸਮਰਪਣ ਕਰਕੇ ਹਉਂ ਛੱਡੇ। ਤਾਂ ਕਰਤਾਰ ਦਾ ਬੰਨ੍ਹ ਟੁੱਟ ਗਿਆ। ਉਸ ਅਰਜ਼ ਕੀਤੀ: ਗਰੀਬ ਨਿਵਾਜ, ਸਮਰਪਣ ਤਾਂ ਸਗੋਂ ਹੁਣ ਤਕ ਮੈਂ ਕੀਤੀ ਰਖਿਆ ਹੈ। ਮੈਂ ਪੰਜ ਸਾਲ ਲਗਾਤਾਰ ਬਿਮਾਰ ਪਤਨੀ ਨਾਲ ਰਹਿੰਦਿਆਂ ਉਸਦੀ ਸੇਵਾ ਕਰਦਿਆਂ ਦੁਖੀ ਨਹੀਂ ਸਾਂ ਹੋਇਆ। ਇਸ ਦੇ ਨਾਲ ਕੀ ਦੋ ਸਾਲ ਦੀ ਜ਼ਿੰਦਗੀ ਨੇ ਮੈਨੂੰ ਦੁਭਰ ਕਰ ਰਖਿਆ ਹੈ। ਮੇਰੇ ਦੋ ਬੱਚੇ ਨੇ ਪਹਿਲੀ ਪਤਨੀ ਤੋਂ, ਉਹਨਾਂ ਨੂੰ ਚਾਂਹਦੀ ਹੈ ਕਿ ਮੇਰੇ ਘਰ ਦੇ ਸੰਭਾਲਣ। ਮੈਂ ਇਸਨੂੰ ਰੋਜ਼ ਖਰਚਾ ਦਿਆਂ ਤੇ ਰੋਟੀ ਆਪਣੀ ਮਾਤਾ ਕੋਲੋਂ ਖਾਵਾਂ। ..ਫੇਰ ਦੀਨ ਦਿਆਲ ਇਸਦਾ ਭਰਾ ਪਿਛਲੀ ਵਾਰ ਜਾਂਦਾ ਹੋਇਆ ਕਹਿ ਗਿਆ ਹੈ, ਫੈਸਲਾ ਏਥੇ ਦਾ ਨਹੀਂ ਲਖਨਊ ਕੋਰਟ ਦਾ ਚਲੇਗਾ। ਇਸਨੇ ਵੀ ਤੀਜੇ ਮਹੀਨੇ ਹੀ ਸਾਨੂੰ ਕਚਹਿਰੀਆਂ ਦੀਆਂ ਤਾਰੀਖ਼ਾਂ ਸੁਣਾ ਦਿਤੀਆਂ ਸਨ।

ਸਤਿਗੁਰੂ ਜੀ ਨੇ ਬੀਬੀ ਨੂੰ ਮੁੜਕੇ ਚੰਗੇ ਸੰਬੰਧ ਬਹਾਲ ਕਰਨ ਲਈ ਪ੍ਰੇਰਿਆ। ਅਤੇ ਆਪਜੀ 12.15 ਵਜੇ ਇਸ਼ਨਾਨ ਪਾਣੀ ਵਾਸਤੇ ਉਠਕੇ ਗੁਸਲਖਾਨੇ ਵਲ ਤੁਰ ਗਏ। ਪ੍ਰਸ਼ਾਦ ਪਾਣੀ ਛਕ ਕੇ ਅੱਜ ਦੰਦਾਂ ਦੇ ਡਾਕਟਰ ਵਲ ਵੀ 1 ਵਜੇ ਜਾਣਾ ਹੈ।

ਮੈਨੂੰ ਵੀ ਕਲ ਗਵਾਲੀਅਰ ਚਲਣ ਦੀ ਆਗਿਆ ਹੋਈ ਹੈ, ਸੁ ਮੈਂ ਘਰ ਚਲਾ ਗਿਆ ਅਤੇ ਸ਼ਾਮ ਦੇ ਦਿਵਾਨ ਵਿਚ ਹਾਜ਼ਰ ਨਹੀਂ ਹੋ ਸਕਿਆ।

## ਦੌਰਾ ਮੱਧ ਪ੍ਰਦੇਸ਼

### 25 ਦਸੰਬਰ 1985, ਬੁੱਧਵਾਰ
### ਨਵੀਂ ਦਿੱਲੀ- ਗਵਾਲੀਅਰ

ਸੰਤ ਤਰਸੇਮ ਸਿੰਘ ਦੀ ਪੱਕੀ ਅਨੁਸਾਰ ਮੈਂ 5.30 ਵਜੇ ਪੂਸਾ ਰੋਡ ਕੋਠੀ ਵਿਖੇ ਪਹੁੰਚ ਗਿਆ। ਅੱਗੇ, ਹੇਠਲੇ ਹਾਲ ਵਿਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਕੀਰਤਨ ਜਾਰੀ ਸੀ। ਸਤਿਗੁਰੂ ਜੀ ਦੇ ਕਲਾਕਾਰ ਹੀ ਆਪ ਦੇ ਸਨਮੁਖ ਕੀਰਤਨ ਮਗਨ ਸਨ। ਉਸਤਾਦ ਹਰਭਜਨ ਸਿੰਘ ਵੀ ਇਹਨਾਂ ਵਿਚ ਆ ਰਲਿਆ। ਜੁੜਦੇ ਜੁੜਦੇ 25-30 ਸਰੋਤੇ ਹੋ ਗਏ।

ਪ੍ਰਬੰਧ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਸੰਤ ਲਛਮਣ ਸਿੰਘ ਫਗਵਾੜਾ ਦੀ ਮਰਸੀਡੀਜ਼ ਨਵੀਂ ਕਾਰ ਗੁਰੂ ਕੀ ਸਵਾਰੀ ਲਈ ਆ ਗਈ ਹੈ। ਇਕ ਕਾਰ ਸ. ਸੁਲੱਖਣ ਸਿੰਘ ਮੈਟਰੋਪਾਲੀਟਨ ਕਾਊਂਸਲਰ ਦੀ ਨੌਜਵਾਨ ਜੁਗਿੰਦਰ ਸਿੰਘ ਬਾਲੀ ਨਗਰ ਦੀ ਡਰਾਈਵਿੰਗ ਅਧੀਨ ਕਰ ਦਿਤੀ ਗਈ ਹੈ। ਤੀਜੀ ਕਾਰ ਸ. ਸੁਰਿੰਦਰ ਸਿੰਘ ਰਮੇਸ਼ ਨਗਰ ਵਾਲੇ ਨੇ ਕਿਸੇ ਦੀ ਲੈ ਆਂਦੀ ਹੈ। ਚੌਥੀ ਕਾਰ ਸ. ਸੁਰਿੰਦਰ ਸਿੰਘ



Sri Satguru Jagjit Singh Ji Elibrary NamdhariElibrary@gmail.com

ਦਰਿਆ ਗੰਜ ਵਾਲਿਆਂ ਦੀ ਹੈ ਜਿਸ ਨੂੰ ਸੁਰਿੰਦਰ ਸਿੰਘ ਪੱਪੂ ਨੌਜਵਾਨ ਚਲਾਏਗਾ। ਪੰਜਵੀਂ ਕਾਰ ਹੈ ਸ. ਕਿਰਪਾਲ ਸਿੰਘ ਖੋਖਰ ਦੀ ਜਿਸਨੂੰ ਉਸਦਾ ਛੋਟਾ ਭਰਾ ਜਸਪਾਲ ਸਿੰਘ ਸੰਭਾਲੇਗਾ। ਲਗਭਗ 25 ਸਰੀਰ ਸਤਿਗੁਰੂ ਜੀ ਦੀ ਸੇਵਾ ਵਿਚ ਏਨਾ ਸਮਾਂ ਰਹਿਣਗੇ। ਉਹਨਾਂ ਦੇ ਨਾਮ ਹਨ:

1. ਸੰਤ ਤਰਸੇਮ ਸਿੰਘ
2. ਹਜ਼ੂਰੀ ਸੇਵਕ ਬਲਦੇਵ ਸਿੰਘ
3. ਲਾਂਗਰੀ ਸਤਨਾਮ ਸਿੰਘ
4. ਸਹਾਇਕ ਸਿੰਦਰ ਸਿੰਘ ਬੋਗਲ
5. ਸ. ਹਰਵਿੰਦਰ ਸਿੰਘ ਹੰਸਪਾਲ
6. ਸ. ਅਵਤਾਰ ਸਿੰਘ ਅੰਮ੍ਰਿਤਸਰੀ
7. ਬੀਬੀ ਨਰਿੰਦਰ ਕੱਲ੍ਹਾ
8. ਉਸਤਾਦ ਹਰਭਜਨ ਸਿੰਘ
9. ਬਲਜੀਤ ਸਿੰਘ ਤਾਰ ਸ਼ਹਿਨਾਈ
10 ਸੁਖਦੇਵ ਸਿੰਘ ਸੁਖੀ ਤਬਲਾ
11. ਮੋਹਣ ਸਿੰਘ ਗਾਇਕ
12. ਸੁਖਦੇਵ ਸਿੰਘ ਗਾਇਕ
13. ਪੰ: ਰਾਮ ਜੀ ਮਿਸ਼ਰਾ
14. ਸਚਿੰਦਰ ਸਿੰਘ ਪੱਪੂ ਡਰਾਈਵਰ
15. ਗੁਰਮੁਖ ਸਿੰਘ ਡਰਾਈਵਰ
16. ਸੁਰਿੰਦਰ ਸਿੰਘ ਡਰਾਈਵਰ
17. ਜਸਪਾਲ ਸਿੰਘ ਡਰਾਈਵਰ
18. ਛੰਨੀ ਡਰਾਈਵਰ
19. ਸ. ਗੁਰਦੇਵ ਸਿੰਘ ਨੰਬਰਦਾਰ
20. ਜਗਦੀਸ਼ ਸਿੰਘ ਅੰਗ ਰਖਿਅਕ
21. ਕਰਨੈਲ ਸਿੰਘ ਅੰ: ਰ:
22. ਗੁਰਦੇਵ ਸਿੰਘ ਅੰ: ਰ.
23. ਮੁਖਤਾਰ ਸਿੰਘ ਅੰ: ਰ
24. ਸਰਕਾਰੀ ਅੰਗ ਰਖਿਅਕ ਹੰਸਪਾਲ ਜੀ ਦਾ
25. ਪ੍ਰੀਤਮ ਸਿੰਘ ਕਵੀ
26. ਜੁਗਿੰਦਰ ਸਿੰਘ ਬਿੱਟੂ ਬਾਲੀ ਨਗਰ ਡਰਾਈਵਰ।



Sri Satguru Jagjit Singh Ji Elibrary NamdhariElibrary@gmail.com

ਵਾਰ ਦੇ ਜਾਰੀ ਰਹਿੰਦਿਆਂ ਹੀ ਸਤਨਾਮ ਸਿੰਘ ਲਾਂਗਰੀ ਦੀ ਲੋੜ ਨੂੰ ਮੁਖ ਰਖਕੇ ਜੁਗਿੰਦਰ ਸਿੰਘ ਬਿੱਟੂ ਨਾਲ ਸ. ਸੁਲੱਖਣ ਸਿੰਘ ਦੀ ਕਾਰ ਤੇ ਮੈਂ ਅਤੇ ਉਸਤਾਦ ਹਰਭਜਨ ਸਿੰਘ 6.10 ਵਜੇ ਪੂਸਾ ਰੋਡ ਕੋਠੀ ਛੱਡ ਆਗਰੇ ਨੂੰ ਹੋ ਤੁਰੇ। ਸ੍ਰੀ ਸਤਿਗੁਰੂ ਜੀ ਦਾ ਤੇ ਸੰਗਤ ਦਾ ਲੰਗਰ ਅੱਜ ਆਗਰੇ ਸੀ। ਸਾਨੂੰ ਪਹੁੰਚਣ ਲਈ ਪਤਾ ਦਿਤਾ ਗਿਆ:

ਸ. ਹਰਭਜਨ ਸਿੰਘ ਮਨਜੀਤ ਸਿੰਘ
ਨਾਮਧਾਰੀ ਇੰਜੀਨੀਅਰਿੰਗ ਵਰਕਸ
ਗੁਦੜੀ ਮਨਸੂਰ ਖਾਂ, ਆਗਰਾ (ਯੂ.ਪੀ.)

ਮਥਰਾ ਰੋਡ ਤੇ ਸਫਰ ਕਰਦਿਆਂ, ਦੂਰ ਦੂਰ ਤਕ ਖੇਤ, ਹਲਕੀ-ਭਾਰੀ ਧੁੰਦ ਤੇ ਨੂਰ ਨੂਰ ਕਰਦੀ ਕਾਇਨਾਤ ਵਿਚਦੀ ਸ਼ੇਰ ਸ਼ਾਹ ਸੂਰੀ ਮਾਰਗ ਨੰ:2 ਤੈ ਕਰਦਿਆਂ, ਉਸਦੇ ਸੂਰਜ ਨੂੰ ਲਾਲ ਪਰਾਤ ਬਣਿਆਂ ਵੇਖਦਿਆਂ ਠੰਢੇ ਦਿਨ ਦੇ 9.15 ਵਜੇ ਆਗਰੇ ਪਹੁੰਚ ਗਏ।

ਹਰਭਜਨ ਸਿੰਘ-ਮਨਜੀਤ ਸਿੰਘ ਤਾਂ ਸਤਿਗੁਰੂ ਸੁਆਗਤ ਹਿਤ ਮੋਟਰ ਸਾਈਕਲ ਤੇ ਜਾਂਦਿਆਂ ਸਾਨੂੰ ਅਣਦੇਖਿਆਂ ਹੀ ਛਡ ਕੇ ਆਗਰੇ ਦੇ ਬਾਹਰ ਵਾਰ ਗੁਰੂ ਕੇ ਤਾਲ ਦੇ ਨਜ਼ਦੀਕ ਜਾ ਖਲੋਤੇ। ਸਾਡੇ ਭਾਗਾਂ ਨੂੰ ਸ੍ਰੀ ਰਾਮ ਮੋਹਨ ਗੁਲਾਟੀ ਸਤਿਗੁਰੂ ਜੀ ਦੀ ਭਾਲ ਵਿਚ ਚੜ੍ਹੇ ਮਿਲ ਗਏ ਤੇ ਸਾਡੀ ਬੇਨਤੀ ਤੇ ਅਗਵਾਈ ਕਰਦਿਆਂ ਅਗਰੇ ਦੇ ਭੀੜੇ ਬਾਜ਼ਾਰਾਂ, ਸਾਈਕਲਾਂ, ਗੱਡਿਆਂ, ਰੇੜ੍ਹੀਆਂ, ਰਿਕਸ਼ਿਆਂ, ਸਕੂਟਰਾਂ ਅਤੇ ਟਰੱਕਾਂ ਦੇ ਮਿਲਗੋਭੇ ਵਿਚਦੀ ਉਸ ਪੁਰਾਣੀ ਬਿਲਡਿੰਗ ਦੇ ਪਾਸ ਲੈ ਗਏ ਜਿਸ ਵਿਚ ਇਕ ਪਾਸੇ ਸ. ਹਰਭਜਨ ਸਿੰਘ ਦੇ ਖਰਾਦਾਂ ਦਾ ਪਸਾਰ, ਦੂਜੇ ਪਾਸੇ ਢਲਾਈ ਦੀ ਫਾਊਂਡਰੀ ਅਤੇ ਵਿਚਾਲੇ ਜਿਹੇ ਰਿਹਾਇਸ਼ੀ ਸਥਾਨ ਹੈ।

ਘਰ ਵਿਚ ਬੀਬੀਆਂ ਦਾ ਬੋਲਬਾਲਾ ਸੀ: ਬੀਬੀ ਕਰਤਾਰ ਕੌਰ ਸੁਪਤਨੀ ਸੁਰਗਵਾਸੀ ਸੰਤ ਹਰਨਾਮ ਸਿੰਘ, ਬੀਬੀ ਗੁਰਬਿੰਦਰ ਕੌਰ ਗੁੱਡੀ, ਜਿਸ ਨੂੰ ਮਹਾਰਾਜ ਨਿਹਾਲ ਸਿੰਘ ਜੀ ਪਾਲਿਆ ਸੰਭਾਲਿਆ ਅਤੇ ਵਿਆਹਿਆ, ਸਪੁੱਤਰੀ ਸ. ਕਰਤਾਰ ਸਿੰਘ ਪੱਥਰਾਂ ਵਾਲੇ ਲਾਹੌਰ, ਸੁਪਤਨੀ ਸੰਤ ਹਰਭਜਨ ਸਿੰਘ, ਬੀਬੀ ਸੁਰਿੰਦਰ ਕੌਰ ਸੁਪਤਨੀ ਸ. ਮਨਜੀਤ ਸਿੰਘ, ਬੀਬੀ ਹਰਪ੍ਰੀਤ (20) ਐਮ.ਐਸ.ਸੀ. ਫਾਈਨਲ ਦੀ ਵਿਦਿਆਰਥਣ ਸਪੁਤ੍ਰੀ ਸ. ਹਰਭਜਨ ਸਿੰਘ, ਬੀਬੀ ਮਨਪ੍ਰੀਤ ਕੌਰ (18), ਬੀਬੀ ਰਾਜਪ੍ਰੀਤ ਕੌਰ (16) ਦੋਵੇਂ ਸ. ਮਨਜੀਤ ਸਿੰਘ ਦੀਆਂ ਪੁਤਰੀਆਂ। ਇਹ ਫਲ, ਦੁੱਧ, ਚਾਹਟੇ ਤਿਆਰ ਕਰਕੇ ਸਾਧ ਸੰਗਤ ਤੇ ਸਤਿਗੁਰੂ ਜੀ ਦੀ ਉਡੀਕ ਵਿਚ ਸਨ। ਹਰਭਜਨ ਸਿੰਘ ਜੀ ਦੇ ਲੜਕੇ ਅਸੋਕ ਸਿੰਘ (28), ਅਭਮੰਨਿਊ ਸਿੰਘ (25) ਜੁਝਾਰ ਸਿੰਘ (22) , ਜੋਰਾਵਰ ਸਿੰਘ (17) ਅਤੇ ਰਾਣਾ ਰਵਿੰਦਰ ਸਿੰਘ (10) ਵੀ ਕਾਰੋਬਾਰ ਹਿਤ ਏਧਰ ਓਧਰ ਫਿਰ ਰਹੇ ਸਨ। ਪਲੰਘ ਵਿਛੇ, ਫਰਸ਼ ਸਾਫ਼ ਸੁਥਰੇ ਉਡੀਕ ਸੀ ਸਤਿਗੁਰੂ ਜੀ ਦੀ!



Sri Satguru Jagjit Singh Ji Elibrary NamdhariElibrary@gmail.com

11.00 ਵਜੇ ਦੀਨ ਦਿਆਲ ਜੀ ਨੇ ਦਰਸ਼ਨ ਦਿਤੇ। ਅੰਦਰ ਬਾਹਰ ਖੁਸ਼ੀਆਂ ਮਚਲਣ ਲਗੀਆਂ। ਸੁਆਗਤ ਹਾਰ, ਦੋ ਮਿੰਟ ਬੈਠਕੇ ਦਰਸ਼ਨ ਫਿਰ ਵਰਕਸ਼ਾਪਾਂ ਵਿਚ ਚਰਨ। ਏਥੇ ਮੋਟਰਾਂ ਟ੍ਰੱਕਾਂ ਦੇ ਹੌਂਡ ਤਿਆਰ ਕੀਤੇ ਜਾਂਦੇ ਹਨ। ਢਲਾਈ ਸ਼ਾਪ ਵਿਚ ਇਕ ਨਵੀਂ ਤਿਆਰ ਕੀਤੀ ਭੱਠੀ ਗੁਰੂ ਕੇ ਚਰਨ ਸਪਰਸ਼ ਲਈ ਉਤਾਵਲੀ ਸੀ। ਸਤਿਗੁਰੂ ਪੁਛਦੇ ਹਰਭਜਨ ਸਿੰਘ ਹੁਰੀਂ ਦਸਦੇ ਗਏ। ਹਰਭਜਨ ਸਿੰਘ ਹੁਰੀਂ ਇਕ ਨਵੀਂ ਈਜਾਦ ਵਿਚ ਮਗਨ ਹਨ। ਕਹਿੰਦੇ ਹਨ ਜੇ ਸਤਿਗੁਰੂ ਕਿਰਪਾ ਕਰਨ, ਗੱਲ ਬਣਾਦੇ ਤਾਂ ਪੌਂ ਬਾਰਾਂ!

10-15 ਮਿੰਟ ਵਿਚ ਹੀ ਇਸ ਸਿਖ ਨੂੰ ਨਿਵਾਜ ਉਸਦੇ ਫਲਾਂ ਦੇ ਟੋਕਰੇ ਅਤੇ ਦੁੱਧ ਸਮਾਗਮ ਨੂੰ ਅਛੂਹ ਗਏ ਆਪ ਸ੍ਰੀ ਰਾਮ ਮੋਹਨ ਗੁਲਾਟੀ ਦੀ ਕੋਠੀ ਨੂੰ ਹੋ ਤੁਰੇ। ਭੀੜੇ ਤੇ ਭੀੜ ਭਰੇ ਬਾਜ਼ਾਰਾਂ ਵਿਚ ਦੀ ਬਚ ਬਚਾਕੇ ਲੰਘਦੀਆਂ ਗੱਡੀਆਂ ਪੀਲੀ ਕੋਠੀ ਪਾਸ ਜਾ ਰੁਕੀਆਂ। ਸੱਚੇ ਪਾਤਸ਼ਾਹ ਕੋਠੀ ਵਿਚ ਪਹੁੰਚੇ। ਵਿਛਿਆ ਪਲੰਘ ਉਡੀਕਦਾ ਹੀ ਪਿਆ ਸੀ। ਸ੍ਰੀ ਸਤਿਗੁਰੂ ਜੀ ਸ਼ਸ਼ੋਭਤ ਹੋਏ ਤਾਂ ਪਰਵਾਰ ਨੂੰ ਮੱਥਾ ਟੇਕਣ ਲਈ ਉਤੇਜਨਾ ਵਧ ਗਈ। ਸ੍ਰੀ ਗੁਲਾਟੀ ਨੇ ਚਰਨਾਂ ਵਿਚ 500 ਰੁਪਏ ਰੱਖ ਮੱਥਾ ਟੇਕਿਆ ਅਤੇ ਨਾਲ ਹੀ ਇਕ ਲਿਫਾਫਾ ਹੋਰ ਭੇਟਾ ਰਖਿਆ, ਇਹ ਦਸਵੰਧ ਸੀ। ਉਹਨਾਂ ਦੀ ਭੈਣ ਬੀਬੀ ਵੀਣਾ ਨੇ 100 ਰੁਪਏ ਮੱਥਾ ਟੇਕ ਇਕ ਲਿਫਾਫਾ ਦਸਵੰਧ ਵਜੋਂ ਆਪਣੇ ਵਲੋਂ ਚਰਨਾਂ ਤੇ ਰਖਿਆ। ਪ੍ਰੇਮ ਸਨੇਹ ਦਾ ਕੋਈ ਵਖਾਲਾ ਨਹੀਂ ਸੀ। ਹਿਰਦਿਓਂ ਉਪਜੇ ਉਮਾਹ ਨੇ ਹੀ ਇੰਜ ਕਰਵਾਇਆ। ਸੱਚੇ ਪਾਤਸ਼ਾਹ ਜੀ ਨੇ ਸਾਰੇ ਪਰਵਾਰ ਦੀ ਸੁਖ ਸਾਂਦ ਪੁੱਛੀ ਦੱਸੀ।

ਪਿਛੋਂ ਗੁਜਰਾਂਵਾਲੇ ਦੇ ਸ੍ਰੀ ਚੂੰਨੀ ਲਾਲ ਗੁਲਾਟੀ ਤੇ ਬੀਬੀ ਹਰਬੰਸ ਕੌਰ, ਜੋ ਦੋਵੇਂ ਹੀ ਸੁਰਗਵਾਸ ਹੋ ਚੁਕੇ ਹਨ। ਉਨ੍ਹਾਂ ਦੀ ਸੰਤਾਨ ਦਾ ਵੇਰਵਾ ਇਸ ਪਰਕਾਰ ਹੈ:-

ਵੱਡੀ ਲੜਕੀ: ਸੁਦਰਸ਼ਨ ਸਪੁਤਨੀ ਸ੍ਰੀ ਜੁਗਿੰਦਰ ਨਾਥ ਬਰੇਲੀ

ਰਾਜ ਸਪੁਤਨੀ ਸ੍ਰੀ ਅੰਮ੍ਰਿਤ ਲਾਲ ਫਗਵਾੜਾ।

ਸ੍ਰੀ ਪਿਸ਼ੌਰੀ ਲਾਲ ਜੀ ਗੁਲਾਟੀ ਸਪੁਤਰੀ ਬੀਬੀ ਕੈਲਾਸ਼ ਰਾਣੀ ਗੁੜਗਾਉਂ

ਬੀਬੀ ਵੀਣਾ ਸੁਪਤਨੀ ਸ੍ਰੀ ਕੇਵਲ ਕ੍ਰਿਸ਼ਨ ਆਗਰਾ

ਸ੍ਰੀ ਰਾਮ ਮੋਹਨ ਗੁਲਾਟੀ ਸੁਪਤਨੀ ਬੀਬੀ ਸਰੋਜ।

ਇਹ ਸਾਰਾ ਪਰਵਾਰ ਜਿਥੇ ਜਿਥੇ ਵੀ ਹੈ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਸੰਬੰਧਤ ਹੈ ਅਤੇ ਕੋਲ ਆਏ ਸਤਿਗੁਰੂ ਜੀ ਨੂੰ ਅਰਜ਼ਾਂ ਕਰ ਕਰ ਘਰ ਚਰਨ ਪੁਆਂਦਾ ਤੇ ਸਦਕੇ ਜਾਂਦਾ ਹੈ।

ਏਥੋਂ ਕਾਰਾਂ ਦਾ ਕਾਫ਼ਲਾ ਸ. ਹਰਭਜਨ ਸਿੰਘ ਦੇ ਛੋਟੇ ਭਾਈ ਸ. ਮਨਜੀਤ ਸਿੰਘ ਨੂੰ ਨਿਵਾਜਣ ਉਸਦੇ ਘਰ ਵੱਲ ਤੁਰਿਆ। ਸ੍ਰੀ ਸਤਿਗੁਰੂ ਜੀ ਘਰੋਂ ਬਾਹਰ ਕਾਰੋਂ ਉਤਰ ਸਜੇ ਬਣੇ ਘਰ ਅੰਦਰ ਪਧਾਰੇ ਤਾਂ ਸਾਰੇ ਪਰਵਾਰ ਨੇ ਚਰਨ ਪਰਸ ਭੇਟਾ ਧਰ ਸੁਖ ਅਨੁਭਵ ਕੀਤਾ। ਏਥੇ ਹੀ ਵੱਡੇ ਭਰਾ ਹਰਭਜਨ ਸਿੰਘ ਨੇ 1000 ਚਰਨਾਂ ਵਿਚ ਰੱਖ



Sri Satguru Jagjit Singh Ji Elibrary NamdhariElibrary@gmail.com

ਸੁਣਾਇਆ: ਇਹ ਹਜ਼ਾਰ ਰੁਪੈਆ ਹੈ ਜੀ, ਸਾਡੇ ਘਰ ਤਾਂ ਮੱਥਾ ਟੇਕਣ ਦਾ ਸਮਾਂ ਹੀ ਨਹੀਂ ਮਿਲਿਆ।

ਸ੍ਰ. ਮਨਜੀਤ ਸਿੰਘ-ਸੁਰਿੰਦਰ ਕੌਰ ਦੇ ਦੋ ਲੜਕੀਆਂ ਤੋਂ ਇਲਾਵਾ ਦੋ ਲੜਕੇ ਹਨ: ਸ੍ਰੀ ਅਰਵਿੰਦਰ ਸਿੰਘ (14) ਤੇ ਤੇਜਵਿੰਦਰ ਸਿੰਘ (12)।

ਏਥੋਂ ਚਲ ਸ.ਜੋਗਿੰਦਰ ਸਿੰਘ-ਨਰਿੰਦਰ ਸਿੰਘ(ਪਿਤਾ ਪੁੱਤਰ) ਕੇ ਘਰ ਚਰਨ ਪਾਏ। ਏਥੇ ਹੀ ਸ੍ਰੀ ਸਤਿਗੁਰੂ ਜੀ ਤੇ ਸੋਧੀਆਂ ਲਈ ਸੁੱਚਾ ਲੰਗਰ ਅਤੇ ਹੋਰ ਸਭ ਲਈ ਖੁਲ੍ਹਾ ਲੰਗਰ ਤਿਆਰ ਸੀ। ਸਾਧ ਸੰਗਤ ਨੇ ਪ੍ਰਸ਼ਾਦਾ, ਦਾਲਾ, ਸਬਜ਼ੀ, ਕੜਾਹ ਪ੍ਰਸ਼ਾਦ ਆਦਿ ਨਾਲ ਤ੍ਰਿਪਤੀ ਪਾਈ। ਥੋੜਾ ਸਮਾਂ ਆਰਾਮ ਦਾ ਵੀ ਏਥੇ ਹੀ ਸੀ।

ਮੈਨੂੰ ਸੰਤ ਤਰਸੇਮ ਸਿੰਘ ਨੇ ਹਰਭਜਨ ਸਿੰਘ ਘਰ ਲੇਟ ਪਹੁੰਚਣ ਦਾ ਕਾਰਨ ਦੱਸਿਆ: ਜੀ.ਟੀ.ਰੋਡ ਤੋਂ ਆਗਰੇ ਵਲ ਉਤਰਦਿਆਂ ਤੁਸਾਂ ਨਾਲ ਹੀ ਗੁਰਦੁਆਰਾ ਗੁਰੂ ਕਾ ਤਾਲ ਵੇਖਿਆ ਹੋਵੇਗਾ। ਇਸਦੇ ਪ੍ਰਮੁੱਖ ਸੇਵਕ ਸੰਤ ਨਿਰੰਜਨ ਸਿੰਘ ਪਿਛੋਂ ਰਾਣੀਆਂ (ਸਰਸਾ) ਦੇ ਹਨ। ਉਹਨਾਂ ਦਾ ਸਤਿਗੁਰੂ ਜੀ ਦੇ ਚਰਨਾਂ ਨਾਲ ਸੰਘਣਾ ਸਨੇਹ ਹੈ। ਇਸਨੇ ਕਈ ਵਾਰ ਆਗਰੇ ਵਾਲੇ ਸਿਖਾਂ ਨੂੰ ਬੇਨਤੀ ਕੀਤੀ ਸੀ ਕਿ ਸੱਚੇ ਪਾਤਸ਼ਾਹ ਜਦੋਂ ਵੀ ਆਗਰੇ ਆਉਣ, ਆਪਣੇ ਇਸ ਸਥਾਨ ਗੁਰੂ ਕੇ ਤਾਲ ਵਿਚ ਦਰਸ਼ਨ ਦੇਣ। ਇਸ ਲਈ ਹਰਭਜਨ ਸਿੰਘ ਹੁਰੀਂ ਬੇਨਤੀ ਕਰਕੇ ਸਮੇਤ ਅਸਾਡੇ ਸਤਿਗੁਰੂ ਜੀ ਨੂੰ ਗੁਰੂ ਕੇ ਤਾਲ ਗੁਰਦੁਆਰਾ ਵਿਖੇ ਲੈ ਗਏ। ਸੱਚੇ ਪਾਤਸ਼ਾਹ ਜਿਉਂ ਹੀ ਸੁੰਦਰ ਗੁਰਦੁਆਰੇ ਵਿਖੇ ਪਧਾਰੇ, ਸਹਾਇਕ ਗ੍ਰੰਥੀ ਸੰਤ ਨਿਰੰਜਨ ਸਿੰਘ ਨੂੰ ਚਾਅ ਚੜ੍ਹ ਗਿਆ। ਸੁੰਦਰ ਆਸਣ ਤੇ ਬੈਠਕੇ ਸੁਅੱਛ ਹਿਰਦੇ ਵਾਲੇ ਸੰਤ ਜੀ ਨੇ ਭੇਟਾ ਸਰੂਪ 201 ਰੁਪਏ ਮੱਥਾ ਟੇਕਿਆ। ਸਤਿਗੁਰੂ ਜੀ ਨੇ 1 ਰੱਖਕੇ 200 ਲੌਟਾ ਦੇਣ ਦੀ ਆਗਿਆ ਕੀਤੀ। ਪਰ ਸਿੰਘ ਜ਼ਿੱਦ ਕਰੇ ਕਿ ਸਾਰੀ ਭੇਟ ਪਰਵਾਨ ਕਰੀ ਜਾਇ। ਗੁਰੂ ਜੀ ਬਚਨ ਕੀਤਾ 200 ਸਾਡੇ ਵਲੋਂ ਲੰਗਰ ਵਿਚ ਪਾ ਦਿਓ। ਪਰ ਨਿਰੰਜਨ ਸਿੰਘ ਜੀ ਨੇ ਸੱਚੇ ਸਿੱਖਾਂ ਵਾਂਗ ਆਗ੍ਰਹਿ ਕੀਤਾ: ਮਹਾਰਾਜ, ਆਪ ਜੀ ਦੀ ਬਖਸ਼ੀ ਹੋਈ ਮਾਇਆ ਵਿਚੋਂ ਹੀ ਇਹ ਪੈਸੇ ਹਨ, ਇਹਨਾਂ ਨੂੰ ਤਾਂ ਜ਼ਰੂਰ ਸਵੀਕਾਰ ਕਰੋ। ਆਪ ਜੀ ਨੇ ਆਪਣੇ ਇਸ ਸਥਾਨ ਨੂੰ ਨਿਵਾਜਿਆ ਹੈ। ਏਨੇ ਦੁਰਲਭ ਦਰਸ਼ਨ ਸਾਨੂੰ ਕਿਸੇ ਉਚੇ ਕਰਮ ਕਾਰਨ ਹੀ ਹੋਏ ਹਨ। ਅੱਜ ਮੇਰਾ ਹਿਰਦਾ ਗਦ ਗਦ ਹੈ। ਸੰਤ ਨਿਰੰਜਨ ਸਿੰਘ ਜੀ ਦੇ ਪ੍ਰੇਮ ਨੂੰ 201 ਭੇਟਾ ਪਰਵਾਨ ਹੀ ਕਰਨੀ ਪਈ।

ਤਰਸੇਮ ਸਿੰਘ ਨੇ ਦੱਸਿਆ: ਤੁਰ ਤਾਂ ਦਿੱਲੀਓਂ ਅਸੀਂ ਵੀ 6.30 ਤਕ ਪਏ ਸਾਂ। ਪਰ ਗੁਰੂ ਕੇ ਤਾਲ ਦੇ ਦਰਸ਼ਨਾਂ ਤੇ ਸਿੰਘ ਦੇ ਪ੍ਰੇਮ ਨੇ ਘੰਟਾ ਕੁ ਸਮਾਂ ਵਾਧੂ ਲੈ ਲਿਆ।

ਤਰਸੇਮ ਸਿੰਘ ਨੂੰ ਏਥੇ ਬੜਾ ਫਿਕਰ ਸੀ ਕਿ ਠੇਕੇਦਾਰ ਹਰਭਜਨ ਸਿੰਘ ਹੁਰਾਂ 2 ਵਜੇ ਦੀ ਗੱਡੀ ਤੇ ਲਖਨਊਓਂ ਝਾਂਸੀ ਆਉਣਾ ਹੈ। ਉਨ੍ਹਾਂ ਨੇ ਅਗੋਂ ਸਾਡੀ ਕਾਰ ਤੇ ਗਵਾਲੀਅਰ ਪਹੁੰਚਣਾ ਹੈ। ਇਹ ਵੇਖਕੇ ਸ਼ਾਇਦ ਸਾਡੀ ਕੋਈ ਗੱਡੀ ਵੀ ਝਾਂਸੀ ਵੇਲੇ



Sri Satguru Jagjit Singh Ji Elibrary NamdhariElibrary@gmail.com

ਸਿਰ ਨਾ ਪਹੁੰਚ ਸਕੇ ਗਵਾਲੀਅਰ ਸੂਬਾ ਜੀ ਨੂੰ ਫੋਨ ਖੜਕਾਇਆ ਗਿਆ ਕਿ ਕਿਸੇ ਤਰ੍ਹਾਂ ਕੋਈ ਗੱਡੀ ਝਾਂਸੀ ਭੇਜੋ। ਏਧਰੋਂ ਸਚਿੰਦਰ ਸਿੰਘ ਪੱਪੂ ਕੀ ਗੱਡੀ 12.30 ਤਕ ਭੇਜ ਦਿਤੀ ਗਈ ਆਗਰਿਓਂ ਗਵਾਲੀਅਰ ਨੂੰ।

ਇਸੇ ਘਰ ਭੈਣੀ ਸਾਹਿਬ ਦੇ ਨਾਮਧਾਰੀਆਂ ਸੰਤ ਬਿਸ਼ਨ ਸਿੰਘ, ਬਲਦੇਵ ਸਿੰਘ ਕੇ ਪਰਵਾਰ ਇਹ ਗਿਲਾ ਲੈ ਕੇ ਪਹੁੰਚੇ ਕਿ ਸਾਨੂੰ ਵੇਲੇ ਸਿਰ ਦੱਸਿਆ ਹੀ ਨਹੀਂ ਗਿਆ। ਸਤਿਗੁਰਾਂ ਦੇ ਆਗਮਨ ਬਾਰੇ। ਇਕ ਕਾਰਨ ਐਸਾ ਸੀ ਕਿ ਇਹਨਾਂ ਦੇ ਘਰ ਪਧਾਰਿਆ ਨਾ ਜਾਂਦਾ ਪਰ ਬੀਬੀ ਗੁਰਦੇਵ ਕੌਰ ਅਤੇ ਬੀਬੀ ਨਸੀਬ ਕੌਰ ਸਮੇਤ ਸੰਤ ਦਰਸ਼ਨ ਸਿੰਘ ਦੇ ਆਈਆਂ ਹੋਈਆਂ ਸਨ ਤੇ ਸਤਿਗੁਰੂ ਜੀ ਨੂੰ ਘਰ ਚਰਨ ਪਾਉਣ ਲਈ ਮਨਾ ਹੀ ਲਿਆ। ਗੁਰਦੇਵ ਕੌਰ ਦਾ ਕਹਿਣਾ ਸੀ ਸਾਡੇ ਵਡੇ ਲੜਕੇ ਮੋਹਨ ਸਿੰਘ ਤੇ ਤਾਂ ਸਤਿਗੁਰੂ ਜੀ ਦੀ ਦਿਆ ਹੀ ਰਹੀ ਨਹੀਂ ਤਾਂ ਇੰਦਰਾ ਕਾਂਡ ਸਮੇਂ ਪਟਨੇ ਗਿਆ ਹੋਇਆ ਕੁਝ ਬਿਹਾਰੀਆਂ ਦੇ ਸਮੇਤ ਜੀਪ ਦੇ ਕਾਬੂ ਆ ਗਿਆ ਸੀ। ਇਹ ਤਾਂ 20,00,000 ਰੁਕੀ ਪਈ ਉਗ੍ਰਾਹੀ ਲੈਣ ਗਿਆ ਸੀ। ਅਗੋਂ ਇਸਦਾ ਸਮੇਤ ਜੀਪ ਸਵਾਇਆ ਕਰਨ ਵਾਲੇ ਆ ਗਏ। ਪਰ ਸਤਿਗੁਰਾਂ ਦੀ ਐਸੀ ਕਿਰਪਾ ਹੋਈ,ਉਹ ਇਕ ਬਿਹਾਰੀਏ ਜਿਹਦੇ ਵੱਸੇ ਉਸਨੇ ਲੁਕਾ ਕੇ ਉਸਦੀ ਰੱਖਿਆ ਕੀਤੀ।

ਸਤਿਗੁਰਾਂ ਦੇ ਆਰਾਮ ਕਰਦਿਆਂ ਹੀ ਬੀਬੀ ਵੀਨਾ (ਰਾਮ ਮੋਹਨ ਗੁਲਾਟੀ ਦੀ ਭੈਣ) ਅਤੇ ਰਾਮ ਮੋਹਨ ਦੀ ਪਤਨੀ ਬੀਬੀ ਸਰੋਜ ਆ ਗਈਆਂ। ਵੀਨਾਂ ਦੇ ਗਲੇ ਵਿਚ ਗਿਲਟੀਆਂ ਸਨ, ਸੱਚੇ ਪਾਤਸ਼ਾਹ ਜੀ ਨੇ, ਉਹਨਾਂ ਦੇ ਘਰ ਗਿਆਂ ਉਸਨੂੰ ਵੇਖ ਉਹਦੇ ਇਲਾਜ ਲਈ ਡਾ: ਮੂਸਾ ਦਾ ਨਾਂ ਤਜਵੀਜ਼ ਕੀਤਾ। ਬੀਬੀਆਂ ਤੇ ਫਿਰ ਰਾਮ ਮੋਹਨ ਵੀ ਡਾ: ਮੂਸਾ ਦਾ ਐਡਰੈਸ ਤਲਾਸ਼ ਕਰਨ ਲਈ ਸੰਤ ਤਰਸੇਮ ਸਿੰਘ ਨੂੰ ਭਾਲ ਰਹੇ ਸਨ।

ਅਨੇਕਾਂ ਸੱਜਣ ਬਾਹਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦੇ ਤਲਬਗਾਰ ਬੈਠੇ ਸਨ। ਇਹਨਾਂ ਵਿਚੋਂ ਇਕ ਸ. ਕੁਲਦੀਪ ਸਿੰਘ ਪ੍ਰੈਸ ਵਾਲਾ ਬੜਾ ਸਮਝਦਾਰ ਲਗਦਾ ਸੀ ਉਸਨੇ ਜੋ ਗਲਬਾਤ ਕਰਦਿਆਂ ਖਾਲਿਸਤਾਨੀਆਂ ਬਾਰੇ ਅਮਰੀਕਾ ਅਤੇ ਰੂਸ ਦੀ ਸਥਿਤੀ ਦੱਸੀ ਉਹ ਕਾਫ਼ੀ ਖੋਜ ਪੂਰਣ ਤੇ ਮੰਨਣ ਯੋਗ ਸੀ। ਤੱਤ ਉਸਦਾ ਵੀ ਇਹੋ ਸੀ ਕਿ ਅਮਰੀਕਾ ਨੂੰ ਪਾਕਿਸਤਾਨ ਨੂੰ ਦਿੱਤੇ ਹਥਿਆਰਾਂ ਦੀ ਦੋ ਵਾਰ ਹਾਰ ਵੇਖਣੀ ਪਈ ਹੈ ਅਤੇ ਹੁਣ ਪਾਕ ਤੇ ਅਮਰੀਕਾ ਨਵੇਂ ਦਿਤੇ ਹਥਿਆਰਾਂ ਨੂੰ ਪੰਜਾਬ ਨੂੰ ਭਾਰਤ ਨਾਲੋਂ ਵਖ ਕਰ ਪਰਖਣਾ ਚਾਹੁੰਦੇ ਹਨ।

ਸ੍ਰੀ ਸਤਿਗੁਰੂ ਜੀ ਇਸ਼ਨਾਨ ਕਰਕੇ 1.40 ਤੇ ਬਾਹਰ ਆਏ। ਸੰਗਤਾਂ ਨੂੰ ਦਰਸ਼ਨ ਦਿੱਤੇ। ਕਿਸੇ ਨਾਲ ਜਾ ਨੇੜੇ ਦੇ ਘਰ ਚਰਨ ਵੀ ਪਾਏ। ਏਥੋਂ ਚੱਲੇ ਤਾਂ ਵੀ.ਐਸ.ਏ. ਫੈਕਟਰੀ ਵਾਲਿਆਂ ਦੇ ਘਰ ਚਰਨ ਪਾਏ। ਏਥੇ ਸੰਤ ਦਰਸ਼ਨ ਸਿੰਘ ਬੀਬੀ ਨਸੀਬ ਕੌਰ ਤੇ ਗੁਰਦੇਵ ਕੌਰ ਨੇ ਭੇਟਾ ਰਖ ਗੁਰੂ ਜੀ ਦਾ ਸਤਿਕਾਰ ਕੀਤਾ। ਇਕ ਬੱਚੇ ਦੀ ਦਾੜ੍ਹੀ ਕੱਟੀ ਵੇਖ ਸਤਿਗੁਰਾਂ ਪੁੱਛਿਆ ਤਾਂ ਬੀਬੀ ਨੇ ਦਸਿਆ ਏਹੋ ਮੋਹਨ ਸਿੰਘ ਹੈ ਜਿਸਨੂੰ ਬਾਅਦ ਵਿਚ ਕੇਸ ਕਟਾਕੇ ਆਗਰੇ ਮੁੜਨਾ ਪਿਆ। ਸਤਿਗੁਰੂ ਜੀ ਨੇ



Sri Satguru Jagjit Singh Ji Elibrary NamdhariElibrary@gmail.com

ਅਗੋਂ ਤੋਂ ਰੋਮਾਂ ਦੀ ਬੇਅਦਬੀ ਤੋਂ ਰੋਕਿਆ। ਏਥੇ ਇਹਨਾਂ ਦੇ ਹਾਲ ਕਮਰੇ ਵਿਚ ਬੈਠਿਆਂ ਸਤਿਗੁਰੂ ਜੀ ਮੈਨੂੰ ਬੱਚਿਆਂ ਦੇ ਦਾਦਾ ਸ. ਗੁਰਬਖਸ਼ ਸਿੰਘ ਦੀ ਤਸਵੀਰ ਤੋਂ ਜਾਣੂ ਕਰਵਾਇਆ, ਜਿਹੜੀ ਦੀਵਾਰ ਨਾਲ ਲਟਕ ਰਹੀ ਸੀ।

ਬੀ.ਐਸ.ਏ. ਵਾਲਿਆਂ ਦਿਓਂ ਚਲਕੇ ਸ. ਹਰਭਜਨ ਸਿੰਘ, ਮਨਜੀਤ ਸਿੰਘ ਦੀ ਨਵੀਂ ਫੈਕਟਰੀ ਵਿਚ ਦਰਸ਼ਨ ਦਿਤੇ। ਇਹ ਉਹਨਾਂ ਦੇ ਘਰੋਂ ਕਾਫ਼ੀ ਦੂਰ ਸੀ। ਸ. ਹਰਭਜਨ ਸਿੰਘ ਨੇ ਅਰਜ਼ ਕੀਤੀ: ਇਕ ਨਵੀਂ ਮਸ਼ੀਨ ਦੀ ਕਾਢ ਵਿਚ ਲਗੇ ਹੋਏ ਹਾਂ ਜੇ ਸਫ਼ਲ ਹੋ ਗਏ ਤਾਂ ਦੀਨ ਦਿਆਲ ਪਊਂ ਬਾਰਾਂ ਹੋ ਜਾਣਗੇ, ਆਪ ਜੀ ਦੀ ਨਿਗਾਹ ਹੋਵੇ।

ਏਨੇ ਚਿਰ ਨੂੰ ਨਾਲ ਦੀ ਫਾਊਂਡਰੀ ਵਾਲੇ ਸ੍ਰੀ ਕਿਸ਼ਨ ਜੈਨ ਜੀ ਦੋਵੇਂ ਭਰਾ ਆ ਗਏ। ਸੱਚੇ ਪਾਤਸ਼ਾਹ, ਸਾਡੀ ਫਾਊਂਡਰੀ ਵਿਚ ਵੀ ਜ਼ਰੂਰ ਚਰਨ ਪਾਏ ਜਾਣ। ਪਾਰਸ ਫਾਊਂਡਰੀ ਵਿਖੇ ਸੰਗਤਾਂ ਸਮੇਤ ਦਰਸ਼ਨ ਦਿਤੇ। ਇਥੇ ਪਾਈਪਾਂ ਸਮੇਤ ਕਈ ਪਰਕਾਰ ਦੀ ਢਲਾਈ ਦਾ ਕੰਮ ਹੁੰਦਾ ਹੈ। ਫਾਊਂਡਰੀ ਕਾਫ਼ੀ ਵਿਸਤਾਰ ਵਿਚ ਸੀ। ਦਫ਼ਤਰ ਵਿਚ ਚਰਨ ਪੁਆ ਕੇ ਸ੍ਰੀ ਜੈਨ ਸਾਹਿਬ ਨੇ ਭੇਟਾ ਰਖ ਨਮਸਕਾਰ ਕੀਤੀ। ਸਤਿਗੁਰਾਂ ਪੁੱਛਿਆ: ਜਿਹੜਾ ਭਜਨ ਦੱਸਿਆ ਸੀ, ਉਹ ਕਰਦੇ ਹੋ, ਜਪਦੇ ਹੋ 'ਹਾਂ ਜੀ'। ਜੈਨ ਸਾਹਿਬ ਬੋਲੇ ਅਦਬ ਨਾਲ। ਸਤਿਗੁਰਾਂ ਬਚਨ ਕੀਤਾ: ਸਾਰੇ ਪਰਵਾਰ ਤੋਂ ਵੀ ਭਜਨ ਕਰਵਾਇਆ ਕਰੋ। ਇਕ ਘੰਟਾ ਤਾਂ ਜ਼ਰੂਰ ਹੀ ਮਿਲ ਬੈਠ ਕੇ ਭਜਨ ਕੀਤਾ ਜਾਵੇ। ਸ੍ਰੀ ਕ੍ਰਿਸ਼ਨ ਜੈਨ ਬੋਲੇ: 'ਸਤਿ ਬਚਨ ਜੀ ! ਆਪ ਜੀ ਨੇ ਜਿਹੜੀ 'ਬੇਨਤੀ' ਕੀਤੀ ਸੀ, ਉਹਦੇ ਤੇ ਪੈਹਰਾ ਦਿੰਦੇ ਹਾਂ ਜੀ। ਸ੍ਰੀ ਜੈਨ ਸਤਿਗੁਰਾਂ ਦੇ ਹੁਕਮ ਜਾਂ ਆਗਿਆ ਨੂੰ ਪ੍ਰੇਮ ਪੂਰਵਕ ਹੀ 'ਬੇਨਤੀ' ਕਹਿ ਗਏ।

ਇਸ ਫੈਕਟਰੀਓਂ ਨਿਕਲ ਸ. ਗੁਰਚਰਨ ਸਿੰਘ ਰੰਧਾਵਾ ਫੌਜ ਵਿਚ ਨੌਕਰੀ ਕਰਨ ਵਾਲੇ ਸ. ਸਾਧੂ ਸਿੰਘ, ਸ. ਸਤਨਾਮ ਸਿੰਘ, ਹਰਬੰਸ ਸਿੰਘ ਆਦਿ ਦੇ ਘਰ ਚਰਨ ਪਾਏ। ਗਵਾਲੀਅਰ ਰੋਡ ਤੇ ਆਗਰੇ ਦੇ ਬੰਦੂ ਕਟੜੇ ਵਿਖੇ ਵੀ ਕੁਝ ਸਿੰਘਾਂ ਦੇ ਘਰਾਂ ਨੂੰ ਦਰਸ਼ਨ ਦੇ ਕੇ ਨਿਵਾਜਿਆ 3.15 ਵਜ ਗਏ।

ਫੇਰ ਵੇਲੇ ਹੋਏ, ਸਾਧਾਰਨ ਸ਼ਹਿਰ ਆਗਰੇ ਨੂੰ ਤਿਆਗ ਕੇ ਨੈਸ਼ਨਲ ਹਾਈਵੇ ਨੰ: 3 ਤੇ ਸਾਡੀਆਂ ਗੱਡੀਆਂ ਆ ਗਈਆਂ। 5 ਗੱਡੀਆਂ ਦਾ ਕਾਫ਼ਲਾ ਜਿਉਂ ਘੂਕਰੀਂ ਫਿਰ ਇਸਨੂੰ ਚੰਬਲ ਘਾਟੀ ਤੇ ਚੰਬਲ ਦਰਿਆ ਪਾਰ ਕਰਦਿਆਂ ਦੇਰ ਨ ਲੱਗੀ। ਦਿੱਲੀ, ਯੂ.ਪੀ. ਦੀਆਂ ਹੱਦਾਂ ਲੰਘਦਿਆਂ ਮੱਧ ਪ੍ਰਦੇਸ਼ ਵਿਚ ਆ ਪਹੁੰਚੀਆਂ। 110 ਕਿਲੋਮੀਟਰ ਦਾ ਪੰਧ 5.40 ਤਕ ਤੈ ਕੀਤਾ ਗਿਆ ਸੀ। ਏਥੇ ਬੰਬਈ ਨੂੰ ਜਾਂਦੀ ਸੜਕ ਨੰ: 3 ਨੂੰ ਤਿਆਗਣ ਵਾਲੇ ਮੋੜ ਤੇ, ਜਾਂ ਕਹੋ 7-8 ਕਿਲੋਮੀਟਰ ਤੇ ਕੁਝ ਸਰੀਰ ਗਵਾਲੀਅਰ ਅਤੇ ਸਾਗਰ ਦੇ, ਸ੍ਰੀ ਸਤਿਗੁਰੂ ਜੀ ਦੇ ਸੁਆਗਤ ਹਿਤ ਆਏ ਹੋਏ ਸਨ, ਸੂਬਾ ਰਤਨ ਸਿੰਘ ਦੇ ਲੜਕੇ ਮਨਮੋਹਣ ਸਿੰਘ ਸਰਬਜੀਤ ਸਿੰਘ ਗਵਾਲੀਅਰ ਤੋਂ ਸ. ਸਤਨਾਮ ਸਿੰਘ ਲੱਲੀ, ਸ. ਮਨਮੋਹਨ ਸਿੰਘ, ਅਮਰੀਕ ਸਿੰਘ, ਪਰਮਜੀਤ ਸਿੰਘ



Sri Satguru Jagjit Singh Ji Elibrary NamdhariElibrary@gmail.com

ਆਦਿ ਕੁਛ ਹੋਰ ਸਰੀਰ ਮੁਰਾਰ ਤੋਂ। ਸ੍ਰੀ ਸਤਿਗੁਰੂ ਜੀ ਨੇ ਸਿੰਘਾਂ ਦਾ ਪ੍ਰੇਮ ਪਰਵਾਨ ਕਰ ਤੁਰਤ ਗੱਡੀਆਂ ਤੁਰਵਾ ਲਈਆਂ ਤੇ ਸੁਆਗਤਕਾਰੀਆਂ ਦੀ ਅਗਵਾਨੀ ਵਿਚ ਇਹ ਪੰਜੇ ਕਾਰਾਂ ਗਵਾਲੀਅਰ ਦੇ ਪਹਾੜੀ ਚਟਾਨ ਤੇ ਬਣੇ ਕਿਲੇ ਦੇ ਪੈਰਾਂ ਨੇੜੇ ਸੂਬਾ ਰਤਨ ਸਿੰਘ ਦੇ ਤੇ ਉਨ੍ਹਾਂ ਦੇ ਭਰਾਵਾਂ ਦੇ ਘਰੀਂ ਉਤਾਰਾ ਆਣ ਹੋਇਆ।

ਸ਼ਿੰਗਾਰੇ ਫਬਾਏ ਘਰਾਂ ਵਿਚ ਸਤਿਗੁਰੂ ਤੇ ਸਾਧ ਸੰਗਤ ਦੇ ਆਗਮਨ ਨੇ ਇਕ ਮੇਲੇ ਦੀ ਹਾਲਤ ਪੈਦਾ ਕਰ ਦਿਤੀ। ਸੱਚੇ ਪਾਤਸ਼ਾਹ ਜੀ ਦਾ ਉਤਾਰਾ ਸੂਬਾ ਜੀ ਵੱਲ ਬਾਕੀ ਸੰਗਤ ਦਾ ਸਵਰਗਵਾਸੀ ਸੰਤ ਤ੍ਰਲੋਕ ਸਿੰਘ ਅਤੇ ਸਵਰਗਵਾਸੀ ਸੰਤ ਗੁਰਬਖਸ਼ ਸਿੰਘ ਕੇ ਘਰੀਂ ਡੇਰੇ ਲੱਗ ਗਏ।

ਮੰਦਰ ਸ੍ਰੀ ਸਤਿ ਨਾਰਾਇਣ ਸਵਾਮੀ ਵਾਲਿਆਂ ਦੀ ਨਾਮਧਾਰੀਆਂ ਨਾਲ ਨੇੜਤਾ ਹੈ। ਇਹਨਾਂ ਦੇ ਏਥੇ 4 ਵਜੇ ਤੋਂ ਪਹਿਲਾਂ ਦੇ ਆਏ ਸੰਤ ਸੇਵਾ ਸਿੰਘ ਜਥੇਦਾਰ ਦਾ ਦਿਵਾਨ ਸਜਿਆ ਹੋਇਆ ਸੀ। ਇਕ ਘੰਟਾ ਨਾਮ ਸਿਮਰਨ ਵੀ ਹੋ ਚੁਕਾ ਸੀ। ਸ੍ਰੀ ਸਤਿਗੁਰੂ ਜੀ ਦੀ ਪ੍ਰਤੀਪਲ ਇੰਤਜ਼ਾਰ ਹੋ ਰਹੀ ਸੀ। ਸੱਚੇ ਪਾਤਸ਼ਾਹ ਜੀ ਤਾਂ ਸਿੱਧੇ ਮੰਦਰ ਵਿਚ ਹੀ ਪਹੁੰਚ ਗਏ। ਜਿਥੇ ਸਾਧ ਸੰਗਤ ਅਤੇ ਮੰਦਰ ਵਾਲਿਆਂ ਆਪ ਦਾ ਹਾਰਦਿਕ ਸੁਆਗਤ ਕੀਤਾ। ਜਥੇਦਾਰ ਸੇਵਾ ਸਿੰਘ ਅਤੇ ਸੰਤ ਦਿਆਲ ਸਿੰਘ ਰਮੇਸ਼ ਨਗਰ ਦਿੱਲੀ ਅਤੇ ਸੰਤ ਨਿੰਦਰ ਸਿੰਘ, ਜਗਦੀਸ਼ ਸਿੰਘ ਅੰਗ ਰਖਿਅਕਾਂ ਨਾਲ ਕਲ ਦੇ ਪਹੁੰਚੇ ਹੋਏ ਸਨ।

ਫੁੱਲਾਂ ਦੀਆਂ ਲੜੀਆਂ ਚੰਦੋਏ ਤੋਂ ਹੇਠਾਂ ਦੁੰਹ ਖੰਭਿਆਂ ਵਾਂਗ ਲਟਕ ਰਹੀਆਂ ਸਨ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਸ਼ਹਿਰ ਦੇ ਹਿੰਦੂ ਅਤੇ ਸਿਖ ਪਰਵਾਰ ਵਡੀ ਗਿਣਤੀ ਵਿਚ ਪਹੁੰਚੇ ਹੋਏ ਸਨ। ਇਕ ਘੰਟਾ ਹੱਲੇ ਦਾ ਕੀਰਤਨ ਸੁਣਨ ਉਪਰੰਤ ਨਾਲ ਗਏ ਕਲਾਕਾਰਾਂ ਨੇ ਕੀਰਤਨ ਦਾ ਅਨੰਦ ਸਿਰਜਿਆ। 25 ਜਣਿਆਂ ਦੇ ਗੁਰੂ ਕੇ ਜਥੇ ਨਾਲ ਰੌਣਕ ਹੋਰ ਵੀ ਵਧੀ ਹੋਈ ਸੀ। ਉਸਤਾਦ ਹਰਭਜਨ ਸਿੰਘ-ਬਲਜੀਤ ਸਿੰਘ ਤੇ ਸਾਥੀਆਂ ਨੇ ਕੇਦਾਰਾ ਰਾਗ ਵਿਚ *"ਛੀਰ ਕੈਸੀ ਛੀਰ ਵਧ ਛਾਛ ਕੈਸੀ ਛੜਾ ਨੇਹ"* ਧਰੁਪਦ ਅਤੇ *"ਰਾਮ ਬਿਸਰਿਓ ਹੈ ਅਭਿਮਾਨ"* ਸ. ਅਵਤਾਰ ਸਿੰਘ ਅੰਮ੍ਰਿਤਸਰੀ ਦਾ ਤਬਲਾ ਸਰੋਤ ਤੇ ਸਤਿਗੁਰੂ ਜੀ ਦੀ ਅਗਵਾਈ ਵਿਚ ਗੰਵੇ। ਏਥੋਂ ਦੇ ਸੰਗੀਤ ਵਿਦਿਆਲਿਆਂ ਦੇ ਮੁਖੀ ਵੀ ਉਪਸਥਤ ਸਨ ਅਤੇ ਸ਼ਾਸਤਰੀ ਸੰਗੀਤ ਦੁਆਰਾ ਗੁਰਬਾਣੀ ਦੇ ਭਾਵ ਅਰਥਾਂ ਨੂੰ ਮਾਣ ਰਹੇ ਸਨ। ਸ਼੍ਰੀ ਚੰਦ੍ਰ ਕਾਂਤ ਸਪੁਤਰ ਕ੍ਰਿਸ਼ਨ ਰਾਓ ਸ਼ੰਕਰ ਪੰਡਿਤ(97) ਦਾ ਸਪੁਤਰ ਵੀ ਸੁਆਗਤਕਾਰਾਂ ਤੇ ਸ੍ਰੋਤਿਆਂ ਵਿਚ ਸੀ। ਮੰਦਰ ਵਿਚ ਹਾਜ਼ਰੀ 300 ਦੇ ਲਗਭਗ ਸੀ।

6.40 ਵਜੇ ਦਿਵਾਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਖੇਪ ਉਪਦੇਸ਼ ਦਿੱਤਾ:

"ਆਪ ਨੇ ਪਹਿਲਾਂ ਜੁਥੇਦਾਰ ਸੇਵਾ ਸਿੰਘ ਦੁਆਰਾ ਵਖਿਆਨ ਅਤੇ ਸ਼ਬਦ ਕੀਰਤਨ ਰਾਹੀਂ ਹਰੀ ਨਾਮ ਸਰਵਣ ਕੀਤਾ ਹੈ। ਹੁਣ ਰਾਗੀਆਂ ਨੇ ਸ਼ਬਦ ਗੰਵਿਆ ਹੈ:"



Sri Satguru Jagjit Singh Ji Elibrary NamdhariElibrary@gmail.com

*ਰਾਮੁ ਬਿਸਾਰਿਓ ਹੈ ਅਭਿਮਾਨਿ।*

ਇਹ ਗੱਲਾਂ ਅਸਾਂ ਸਭਨਾਂ ਤੇ ਲਾਗੂ ਹੁੰਦੀਆਂ ਹਨ, ਕਿਸੇ ਤੇ ਵੱਧ ਕਿਸੇ ਤੇ ਘੱਟ।

"ਐਸ ਵੇਲੇ ਸਾਰੀਆਂ ਐਸੀਆਂ ਚੀਜ਼ਾਂ ਇਕੱਤਰ ਹੋ ਰਹੀਆਂ ਹਨ ਜਿਨ੍ਹਾਂ ਨਾਲ ਸਮੁੱਚਾ ਸੰਸਾਰ ਵਿਨਾਸ਼ ਦੇ ਕਗਾਰ ਤੇ ਆ ਖਲੋਤਾ ਹੈ। ਕੋਈ ਪਤਾ ਨਹੀਂ ਕਦੋਂ ਕੀ ਹੋ ਜਾਵੇ! ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੀ 20ਵੀਂ ਪਉੜੀ ਵਿਚ ਲਿਖਿਆ ਹੈ: "

*ਭਰੀਐ ਮਤਿ ਪਾਪਾਂ ਕੈ ਸੰਗਿ।*
*ਓਹੁ ਧੋਪੈ ਨਾਵੈ ਕੈ ਰੰਗਿ।*

ਪਾਪਾਂ ਨਾਲ ਗ੍ਰਸੀ ਹੋਈ ਮੱਤ ਹੀ ਦੁਨੀਆਂ ਨੂੰ ਵਿਨਾਸ਼ ਕੰਢੇ ਲੈ ਆਈ ਹੈ। ਬਾਣੀ ਨਾਮ ਨਹੀਂ। ਇਹ ਤਾਂ ਬੋਰਡ ਹੈ ਜੋ ਦਸਦੀ ਹੈ ਕਿ ਰਾਹ ਏਧਰ ਲੈ ਜਾਏਗਾ। ਬੋਰਡ ਨਾ ਗਵਾਲੀਅਰ ਹੁੰਦਾ ਹੈ ਨਾ ਆਗਰਾ। ਇਹ ਤਾਂ ਦੋਹਾਂ ਨਿਮਤਾਂ ਵਲ ਜਾਣ ਦਾ ਇਸ਼ਾਰਾ ਹੀ ਕਰਦਾ ਹੈ। ਉਸ ਸੜਕ ਤੇ ਚਲਣ ਨਾਲ ਹੀ ਅਸੀਂ ਗਵਾਲੀਅਰ ਪਹੁੰਚ ਸਕਾਂਗੇ।

ਜੇ ਸਤਿਗੁਰਾਂ ਤੋਂ ਪ੍ਰਾਪਤ ਕੀਤਾ ਨਾਮ ਜਾਂ ਕਹੋ ਆਪਣੇ ਆਪਣੇ ਗੁਰਾਂ ਤੋਂ ਲਏ ਹੋਏ ਨਾਮ ਜੇ ਅਸੀਂ ਨਹੀਂ ਜਪਦੇ ਤਾਂ ਬਾਕੀ ਦੇ ਸਾਰੇ ਕੀਤੇ ਹੋਏ ਕਾਰਜ ਨਿਹਫਲ ਜਾਂਦੇ ਹਨ।

*ਏਨਿਨ ਮਾਇਆ ਜਗਦੀਸ਼ ਗੁਸਾਈਂ ਤੁਮਰੇ ਚਰਨ ਬਿਸਾਰੇ।*

ਮਾਇਆ ਮੁਖੀ ਹੋ ਕੇ ਅਸਾਂ ਅਕਾਲ ਪੁਰਖ ਨੂੰ ਵਿਸਾਰ ਦਿਤਾ ਹੈ। ਰੁਪੈ ਪੈਸੇ ਦੇ ਅੰਬਾਰ ਸਾਡੇ ਅੰਦਰ ਲੱਗੀ ਈਰਖਾ ਤੇ ਤ੍ਰਿਸ਼ਨਾਂ ਦੀ ਅਗਨੀ ਨੂੰ ਸ਼ਾਂਤ ਨਹੀਂ ਕਰ ਸਕਦੇ ਇਸ ਨੂੰ ਤਾਂ ਨਾਮ ਦਾ ਜਾਪ ਹੀ ਠੰਢਿਆਂ ਕਰੇਗਾ। ਚੰਦਨ ਦੀ ਲਕੜੀ ਘਸਾ ਘਸਾ ਕੇ ਜਿੰਨੀ ਮਰਜ਼ੀ ਹੈ ਮਸਤਕ ਤੇ ਲਾ ਲਈਏ, ਚੰਨ ਦੀ ਚਾਨਣੀ ਰਾਤੇ ਸਾਗਰ ਦੇ ਕੰਢਿਆਂ ਤੇ ਜਾ ਬਹੀਏ, ਸਰਦੀਆਂ ਦੇ ਮੌਸਮ ਵਿਚ ਬਾਹਰ ਨਿਕਲ ਘੁੰਮੀਏ ਅੰਦਰ ਦੀ ਲੱਗੀ ਅੱਗ ਨੂੰ ਸ਼ਾਂਤ ਨਹੀਂ ਕੀਤਾ ਜਾ ਸਕੇਗਾ:

*ਚੰਦਨ ਚੰਦੁ ਨ ਸਰਦ ਰੁਤ ਮੂਲਿ ਨ ਮਿਟਈ ਘਾਂਮ*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ।*

ਇਹ ਠੰਢ ਤਾਂ ਹਰੀ ਨਾਮ ਦੇ ਜਪਣ ਤੋਂ ਹੀ ਪ੍ਰਾਪਤ ਹੋਵੇਗੀ।

ਪਰ ਸਤਿਗੁਰੂਆਂ ਦਾ ਕਥਨ ਹੈ:

*ਪਾਖੀ ਚੰਦਨ ਪਰ ਰਹੈ ਜਾਹ ਬਿਗਧ ਤਰ ਜਾਇ।*

ਐਸੇ ਵਿਅਕਤੀ ਵੀ ਹਨ ਜੁ ਚੰਗੀਆਂ ਗੱਲਾਂ, ਚੰਗਾ ਪਾਸਾ, ਚੰਗਾ ਆਚਾਰ ਵਿਚਾਰ ਛਡਕੇ ਬੁਰੇ ਪਾਸੇ ਵਲ ਰੁਚਿਤ ਹੁੰਦੇ ਹਨ। ਉਪਰਲੀ ਤੁਕ ਉਹਨਾਂ ਬਾਰੇ ਸਪਸ਼ਟ ਕਰਦੀ ਹੈ ਕਿ ਦੁਰਜਨ ਸਦਾ ਦੁਰਮਤ ਤੋਂ ਹੀ ਪ੍ਰੇਰਿਤ ਹੁੰਦੇ ਹਨ। ਅਸੀਂ ਜਿਥੇ ਜਿਥੇ ਵੀ ਰਹਿੰਦੇ ਅਥਵਾ ਜਾਂਦੇ ਹਾਂ ਮੰਦਰਾਂ, ਗੁਰਦੁਆਰਿਆਂ, ਮਸਜਿਦਾਂ, ਚਰਚਾਂ



Sri Satguru Jagjit Singh Ji Elibrary NamdhariElibrary@gmail.com

ਵਿਚ ਜੇ ਉਨ੍ਹਾਂ ਦੀ ਭਲੀ ਮਤ ਨਹੀਂ ਕਬੂਲਦੇ ਤਾਂ ਬਿਰੰਧ ਤੇ ਬੈਠਣ ਵਾਲੀ ਮੱਖੀ ਤੋਂ ਕਿਸੇ ਤਰ੍ਹਾਂ ਵੀ ਵਖਰੇ ਨਹੀਂ।

ਸਤਿਗੁਰੂਆਂ ਦਾ ਹੁਕਮ ਹੈ:

*ਦਿਨ ਰਾਤੀ ਆਰਾਧਹੁ ਪਿਆਰੋ ਇਨ ਨਿਮਖ ਨ ਕੀਜੈ ਢੀਲਾ।*

ਪਰ ਅਸੀਂ ਜੇ ਇਕ ਘੰਟਾ ਸਮਾ ਵੀ ਸਿਮਰਨ ਨੂੰ ਨਾ ਦੇ ਸਕੀਏ ਤਾਂ ਅਸੀਂ ਕੀ ਮੰਨਦੇ ਹੋਏ ਗੁਰੂ ਹੁਕਮ ਨੂੰ?

ਸਿਮਰਨ ਦੀ ਹੀ ਸ਼ਕਤੀ ਹੈ ਕਿ ਕੂੰਜਾਂ ਸੈਆਂ ਕੋਹਾਂ ਤੇ ਹੁੰਦਿਆਂ ਆਪਣੇ ਅੰਡਿਆਂ ਤੋਂ ਬੱਚੇ ਪੈਦਾ ਕਰਦੀਆਂ ਤੇ ਪ੍ਰਿਤਪਾਲਾ ਕਰਦੀਆਂ ਹਨ। ਉਹ ਅੰਡਾ ਗਲ ਜਾਂਦਾ, ਬੱਚਾ ਮਰ ਜਾਂਦਾ ਹੈ ਜੋ ਕੂੰਜ ਦੇ ਧਿਆਨ ਵਿਚ ਨਾ ਰਹੇ। ਜਿਹੜਾ ਉਹਦੇ ਧਿਆਨ ਦਾ ਅੰਗ ਨਾ ਬਣ ਸਕੇ।

*ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।*

*ਤਿਨ ਕਵਣੁ ਖਲਾਵੈ ਚੁਗਾਵੈ, ਮਨ ਮਹਿ ਸਿਮਰਨੁ ਕਰਿਆ।*

ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਇਕ ਵਾਰ ਸਤਿਗੁਰੂ ਦੇ ਅਕਾਲ ਪੁਰਖ ਦੇ ਸਿਮਰਨ ਮਾਤਰ ਨਾਲ ਸਤਿਗੁਰੂ ਕਰੋੜਾਂ ਦਾ ਲਾਭ ਦੇ ਦਿੰਦੇ ਹਨ।

ਨਾ ਉਹ ਹਿੰਦੂ ਹਿੰਦੂ ਹੈ, ਨਾ ਸਿਖ ਸਿਖ, ਨਾ ਮੁਸਲਮਾਨ ਮੁਸਲਮਾਨ, ਨਾ ਪੁਲਿਸ ਪੁਲਿਸ, ਨਾ ਫੌਜ ਫੌਜ ਰਹਿੰਦੀ ਹੈ ਜਿਹੜੇ ਆਪਣੇ ਨੇਮਾਂ ਦੇ ਆਧਾਰ ਤੇ ਨਹੀਂ ਚਲਦੇ। ਨੇਮ ਬੱਧ ਜੀਵਨ ਹੀ ਆਜ਼ਾਦੀ ਦੀ ਸੁਰੱਖਿਆ ਹੈ। ਸੋ ਚੰਗੇ ਹਿੰਦੂ, ਸਿਖ, ਮੁਸਲਮਾਨ, ਈਸਾਈ ਬਣਨ ਵਾਸਤੇ ਈਸ਼ਵਰ ਸਿਮਰਨ ਜ਼ਰੂਰੀ ਹੈ।

ਸ੍ਰੀ ਸਤਿਗੁਰੂ ਜੀ ਦੇ ਏਨੇ ਕੁ ਕਥਨ ਉਪਰੰਤ ਦਿਵਾਨ ਦੀ ਸਮਾਪਤੀ ਹੋ ਗਈ। ਏਸੇ ਜਗਹ ਦਿਵਾਨ ਦਾ ਆਰੰਭ ਪਹਿਲਾਂ ਜਥੇਦਾਰ ਮੋਹਣ ਸਿਘ ਬਧੇਸਰ ਨੇ ਲਗਾਇਆ ਸੀ। ਅਰਦਾਸ ਕਰਨ ਲਈ ਸ੍ਰੀ ਮੋਹਣ ਸਿਘ ਗਾਇਕ ਨੂੰ ਇਸ਼ਾਰਾ ਹੋਇਆ। ਉਪਰੰਤ ਮੰਦਰ ਵਿਚੋਂ ਸੰਗਤਾਂ ਘਰੋ ਘਰੀ ਜਾਂ ਡੇਰਿਆਂ ਵਿਚ ਆ ਗਈਆਂ।

ਦਿਵਾਨ ਵਿਚ ਦੂਰ ਦੂਰ ਤੋਂ ਸਿਘ ਆਏ ਹੋਏ ਸਨ। ਗਵਾਲੀਅਰ ਤੋਂ 45 ਕਿਲੋਮੀਟਰ ਤੇ ਪਿੰਡ ਬਧੇਸਰ ਹੈ। ਏਥੋਂ ਦੇ ਸਿਘ ਆਏ:

1. ਜਥੇਦਾਰ ਮੋਹਣ ਸਿਘ
2. ਜਥੇਦਾਰ ਸੁਰਿੰਦਰ ਸਿਘ,
3. ਸੰਤ ਕਰਨੈਲ ਸਿਘ
4. ਸੰਤ ਬਲਵੰਤ ਸਿਘ
5. ਸੰਤ ਦਰਸ਼ਨ ਸਿਘ
6. ਸੰਤ ਸਵਰਨ ਸਿਘ

200 ਕਿਲੋਮੀਟਰ ਦੇ ਫਾਸਲੇ ਤੇ ਚੱਕ ਕਬੀਰੀ ਤੋਂ

7. ਸੰਤ ਆਸਾ ਸਿਘ



Sri Satguru Jagjit Singh Ji Elibrary NamdhariElibrary@gmail.com

8. ਸੰਤ ਸੋਹਣ ਸਿੰਘ

9. ਸੰਤ ਵਸਾਖਾ ਸਿੰਘ

10. ਸੰਤ ਜਾਗੀਰ ਸਿੰਘ

11. ਸੰਤ ਹਰਦੇਵ ਸਿੰਘ

12. ਸੰਤ ਬਲਦੇਵ ਸਿੰਘ ਸੰਤ ਜੋਗਾ ਸਿੰਘ ਦੇ ਸਾਰੇ ਲੜਕੇ ਆਏ।

ਇਹਨਾਂ ਨਾਲ 12-13 ਬੀਬੀਆਂ ਵੀ ਬਚਿਆਂ ਸਮੇਤ। (28)

ਸ਼ਿਵਪੁਰ ਕਲਾਂ ਤੋਂ ਜੋ ਗਵਾਲੀਅਰ ਤੋਂ 200 ਕਿ:ਮੀ: ਦੇ ਫਾਸਲੇ ਤੇ ਹੈ ਹੇਠ ਲਿਖੇ ਸਰੀਰਾਂ ਨੇ ਭਾਗ ਲਿਆ। 29. ਸੰਤ ਦਰਬਾਰਾ ਸਿੰਘ 30. ਸੰਤ ਸ਼ਿੰਗਾਰਾ ਸਿੰਘ 31. ਸੰਤ ਨਰਿੰਦਰ ਸਿੰਘ 32. ਸੰਤ ਰੇਸ਼ਮ ਸਿੰਘ 33. ਸੰਤ ਨਰੈਣ ਸਿੰਘ 34. ਸੰਤ ਸਰੂਪ ਸਿੰਘ 35. ਨਤੋਗਾ 50 ਕਿ:ਮੀ: ਤੋਂ 36. ਜਥੇਦਾਰ ਅਮਰ ਸਿੰਘ।

ਮੈਨੂੰ ਕਿਤੇ ਮਹਿੰਦਰ ਸਿੰਘ ਪੂਰਬਾ, ਗੁਰੂ ਕਾ ਖਜ਼ਾਨਚੀ ਨਜ਼ਰ ਨਹੀਂ ਸੀ ਪੈ ਰਿਹਾ ਜੋ ਮੈਂ ਸੰਤ ਤਰਸੇਮ ਸਿੰਘ ਸਕੱਤਰ ਤੋਂ ਦਰਿਆਫ਼ਤ ਕੀਤਾ। ਉਸ ਦੱਸਿਆ ਕਿ ਪਿਛਲੇ ਦਿਨ ਉਹਦੀ ਦਿਲ ਵਿਚ ਦਰਦ ਪੈਦਾ ਹੋ ਗਈ ਸੀ। ਛਾਤੀ ਦੀ ਪੀੜ ਨੇ ਸਰੀਰ ਢਿੱਲਾ ਤੇ ਨਿਤਾਣਾ ਕਰ ਦਿੱਤਾ ਸੀ। ਉਸਨੂੰ ਦਿੱਲੀ ਤੋਂ ਹੀ ਭੈਣੀ ਸਾਹਿਬ ਭੇਜ ਦਿਤਾ ਸੀ ਤਾਕਿ ਆਰਾਮ ਤੇ ਦਵਾਦਾਰੂ ਜਾ ਕੇ ਕਰੇ। ਸ੍ਰੀ ਸਤਿਗੁਰੂ ਜੀ ਨੇ ਪੂਰਬੇ ਦੀ ਥਾਂ ਆਪਣੇ ਨਾਲ ਸ. ਗੁਰਦੇਵ ਸਿੰਘ ਨੰਬਰਦਾਰ ਨੂੰ ਲੈ ਲਿਆ ਹੈ। ਅਗੇ ਤੋਂ ਰੁਪੈ ਪੈਸੇ ਦੀ ਸੰਭਾਵਨਾ ਤੇ ਖਰਚਾ ਇਸੇ ਦੁਆਰਾ ਹੋਵੇਗਾ।

ਗੁਰੂ ਕੇ ਲਾਂਗਰੀ ਸਤਨਾਮ ਸਿੰਘ ਤੋਂ ਭਿਣਕ ਪਈ ਕਿ ਆਸਾਮ ਦਾ ਦੌਰਾ ਕੈਂਸਲ ਕਰ ਦਿਤਾ ਗਿਆ ਹੈ। ਅਗਲੇ ਮਹੀਨੇ ਤੋਂ ਕਿਸੇ ਵੇਲੇ ਦੋ ਤਿੰਨ ਮਹੀਨਿਆਂ ਲਈ ਟਿਕ ਕੇ ਸੱਚੇ ਪਾਤਸ਼ਾਹ ਸ੍ਰੀ ਭੈਣੀ ਸਾਹਿਬ ਵਿਖੇ ਦਰਸ਼ਨ ਦੇਣਗੇ।

ਰਾਤੀਂ 8 ਵਜੇ ਜਾ ਮੈਂ ਸੂਬਾ ਰਤਨ ਸਿੰਘ ਦੇ ਘਰ ਗੁਰੂ ਕੇ ਡੇਰੇ ਪਹੁੰਚਿਆ ਤਾਂ ਉਪਰਲੇ ਕਮਰੇ ਵਿਚ ਜਿਹੜਾ ਘਰ ਵਾਲਿਆਂ ਦਾ ਡਾਈਨਿੰਗ-ਕਮ-ਬੈੱਡ ਰੂਮ ਸੀ, ਸ੍ਰੀ ਸਤਿਗੁਰੂ ਜੀ ਬਿਸਤਰ ਪਰ ਬਿਰਾਜਮਾਨ ਸਨ। ਨਾਲ ਵਿਛੀਆਂ ਹੋਈਆਂ ਦਰੀਆਂ ਤੇ ਸ੍ਰੀ ਕੁਮਾਰ ਭੱਟ, ਪ੍ਰਿੰਸੀਪਲ ਤਾਨ ਸੈਨ ਸੰਗੀਤ ਮਹਾਂਵਿਦਿਆਲਾ ਗਵਾਲੀਅਰ, ਸ੍ਰੀ ਦੇਵਿੰਦਰ ਸਿੰਘ ਮਿਊਂਸਪਲ ਕਮਿਸ਼ਨਰ ਗਵਾਲੀਅਰ, ਸ੍ਰੀ ਚੰਦ੍ਰਕਾਂਤ ਪ੍ਰਿੰਸੀਪਲ ਸ਼ੰਕਰ ਗੰਧਰਵ ਸੰਗੀਤ ਵਿਦਿਆਲਾ ਗਵਾਲੀਅਰ, ਸ. ਅਵਤਾਰ ਸਿੰਘ, ਬੀਬੀ ਨਰਿੰਦਰ, ਉਸਤਾਦ ਹਰਭਜਨ ਸਿੰਘ ਸ. ਹਰਵਿੰਦਰ ਸਿੰਘ ਹੰਸਪਾਲ ਅਤੇ ਗੁਰੂ ਕਾ ਸਕੱਤਰ ਸੰਤ ਤਰਸੇਮ ਸਿੰਘ ਬੈਠੇ ਹੋਏ ਸਨ। ਸ੍ਰੀ ਸਤਿਗੁਰੂ ਜੀ ਵਲੋਂ ਸੰਗੀਤ ਚਰਚਾ ਚਲ ਰਹੀ ਸੀ। ਮੇਰੇ ਗਿਆਂ 5 ਕੁ ਮਿੰਟ ਪਿਛੋਂ ਬਾਹਰੋਂ ਆਏ ਮੱਥਾ ਟੇਕ ਆਗਿਆ ਲੈ ਵਿਦਾ ਹੋਏ।

ਫੇਰ ਬੀਬੀ ਹਰਿੰਦਰ ਕੌਰ ਸੁਪਤਨੀ ਸੰਤ ਸਰਬਜੀਤ ਸਿੰਘ ਸੂਬਾ ਜੀ ਦੀ ਛੋਟੀ ਨੂੰਹ ਜੇਠ ਦੇ ਮੁੰਡੇ ਨੂੰ ਲੈ ਕੇ ਸਤਿਗੁਰੂ ਜੀ ਦੇ ਸਨਮੁਖ ਨਮਸਕਾਰ ਕਰਕੇ ਰੁਕੀ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਨੇ ਸੰਤ ਮਨਮੋਹਨ ਸਿੰਘ ਦੇ ਛੋਟੇ ਲੜਕੇ ਨੂੰ ਗਹੁ ਨਾਲ ਨਿਹਾਰਿਆ। ਅੱਖਾਂ ਵਿਚ ਕੁਛ ਟੀਰ ਸੀ। ਸੱਚੇ ਪਾਤਸ਼ਾਹ ਜੀ ਨੇ ਬੀਬੀ ਨੂੰ ਆਦੇਸ਼ ਕੀਤਾ ਕਿ ਉਹ ਬੱਚੇ ਤੋਂ ਹੇਠ ਲਿਖੇ ਅਨੁਸਾਰ ਕਰਵਾਵੇ ਆਰਾਮ ਆ ਜਾਵੇਗਾ। ਅਵਲ ਤਾਂ ਮੁਢੋਂ ਸੁਢੋਂ ਅੱਖ ਠੀਕ ਹੋ ਜਾਵੇਗੀ, ਨਹੀਂ ਤਾਂ ਚੋਖੀ ਸਹੀ ਹੋ ਜਾਵੇਗੀ। ਸਤਿਗੁਰੂ ਜੀ ਨੇ ਦੱਸਿਆ: ਬੱਚਾ ਬਾਰਾਂ ਵਾਰ ਸਜਿਓਂ ਖੱਬੇ ਨੂੰ ਨਜ਼ਰ ਨੂੰ ਗੋਲ ਗੋਲ ਘੁਮਾਵੇ। ਫੇਰ 12 ਵਾਰ ਖਬਿਓਂ ਸੱਜੇ ਨੂੰ ਗੇੜਾ ਦੇਵੇ। ਉਪਰੰਤ ਸਿੱਧਾ ਖੱਬੇ ਨੂੰ ਵੱਧ ਤੋਂ ਵੱਧ ਦੂਰ ਤਕ ਨਜ਼ਰ ਛੱਡੇ, ਇੰਜ ਹੀ ਫਿਰ ਸੱਜੇ ਪਸੇ ਦੂਰ ਤਕ ਵੇਖਿਆ ਜਾਵੇ। ਬਾਅਦ ਵਿਚ 12 ਵਾਰ ਹੀ ਉਪਰ ਦੂਰ ਤਕ ਵੇਖਿਆ ਜਾਵੇ ਬਿਨਾ ਸਿਰ ਹਿਲਾਣ ਤੋਂ, ਫੇਰ 12 ਵਾਰ ਹੇਠਾਂ ਨੂੰ ਵੇਖੇ। ਏਨੀ ਪ੍ਰੈਕਟਿਸ ਦਿਨ ਵਿਚ ਇਕ ਵਾਰ ਜ਼ਰੂਰ ਕਰੇ। ਜੇ ਵਕਤ ਨਿਸਚਤ ਹੋ ਜਾਵੇ ਕਿ ਕਦੋਂ ਕਰਨੀ ਹੈ, ਤਾਂ ਇਹ ਹੋਰ ਵੀ ਚੰਗੀ ਗੱਲ ਹੋਵੇ।

ਮੈਂ ਉਠ ਕੇ ਜਾਣ ਲਗਾ ਤਾਂ ਸ. ਹੰਸਪਾਲ ਜੀ ਨੇ ਰੋਕ ਲਿਆ: ਹੁਣੇ ਸ. ਹਰਭਜਨ ਸਿੰਘ ਲਖਨਊ ਆ ਰਹੇ ਨੇ ਤੇ ਮਿਲ ਕੇ ਜਾਇਓ। ਮੈਂ ਬੈਠਾ ਤਾਂ ਤੁਰਤ ਉਨ੍ਹਾਂ ਸਤਿਗੁਰੂ ਜੀ ਨੂੰ ਸੁਨਾਣ ਖਾਤਰ ਮੈਨੂੰ ਪੁੱਛਿਆ: ਤੁਸੀਂ ਗੁਰਦੇਵ-ਹਰਭਜਨ ਨੂੰ ਨਾਲ ਲੈ ਕੇ ਬਿਅੰਤ ਕੌਰ ਪ੍ਰਿਸੀਪਲ ਨੂੰ ਮਿਲੇ ਸਾਓ? ਪਤਾ ਨਹੀਂ ਉਨ੍ਹਾਂ ਸਤਿਗੁਰੂ ਜੀ ਨੂੰ ਕੀ ਦੱਸਿਆ ਤੇ ਕੀ ਕਿਹਾ ਹੋਵੇ, ਪਰ ਮੈਂ ਆਪਣੀ ਸਥਿਤੀ ਸਪਸ਼ਟ ਕੀਤੀ ਕਿ ਸਤਿਗੁਰੂ ਜੀ ਦੀ ਆਗਿਆ ਅਧੀਨ ਹੀ ਬੇਅੰਤ ਕੌਰ ਨੂੰ ਮਿਲਿਆ ਸਾਂ। ਹਰਭਜਨ ਗੁਰਦੇਵ ਸਬੱਬ ਨਾਲ ਪਹਿਲਾਂ ਹੀ ਸਕੂਲ ਵਿਚ ਮੌਜੂਦ ਸਨ।

3. 15 ਹੋਏ ਰਾਤ ਦੇ ਤਾਂ ਸ. ਹਰਭਜਨ ਸਿੰਘ ਠੇਕੇਦਾਰ ਆਪਣੇ ਚਾਚਾ ਸੰਤ ਮੋਹਣ ਸਿੰਘ ਨਾਲ ਆ ਹਾਜ਼ਰ ਹੋਏ। ਭਾਵੇਂ ਗੁਰੂ ਕਿਆਂ ਵਲੋਂ ਚਾਰ ਥਾਈਂ ਗੱਡੀਆਂ ਦਾ ਪ੍ਰਬੰਧ ਕੀਤਾ ਗਿਆ ਸੀ ਪਰ ਸਬੱਬ ਇਹਨਾਂ ਦੇ ਹੱਕ ਵਿਚ ਨਹੀਂ ਗਿਆ। 2 ਘੰਟੇ ਲੇਟ ਆਈ ਗੱਡੀ ਤੋਂ ਲਖਨਊਂ ਚੱਲ 4 ਵਜੇ ਝਾਂਸੀ ਆਣ ਉਤਰੇ ਅਤੇ ਟੈਕਸੀ ਲੈ ਕੇ ਗੁਰੂ ਚਰਨਾਂ ਵਿਚ ਹੁਣ ਹਾਜ਼ਰ ਹੋਏ। ਫ਼ਾਸਲਾ ਸ਼ਾਇਦ 80 ਕਿਲੋਮੀਟਰ ਦਾ ਹੈ। ਸੰਤ ਹਜ਼ੂਰਾ ਸਿੰਘ ਦੇ ਦਾਮਾਦ ਸੰਤ ਅਮਰੀਕ ਸਿੰਘ ਕੇ ਘਰ ਮੁਰਾਰ ਪਹੁੰਚ ਕੇ ਹੀ ਉਨ੍ਹਾਂ ਓਥੋਂ ਪਤਾ ਕਰਕੇ ਸੂਬਾ ਜੀ ਦੇ ਘਰ ਫੋਨ ਤੇ ਆਪਣੇ ਆਉਣ ਦਾ ਪਤਾ ਦਿਤਾ।

ਸ. ਹਰਭਜਨ ਸਿੰਘ ਸੋਧੀ ਹੈ। ਸਿਹਤ ਵਲੋਂ ਅਜ ਕਲ ਕਮਜ਼ੋਰ ਹੈ। ਸਤਿਗੁਰਾਂ ਦੱਸਿਆ ਦਰਦ (ਦਿਲ) ਦੀ ਤਕਲੀਫ ਸੀ, ਪਰ ਹੁਣ ਆਰਾਮ ਹੈ।

ਸਤਿਗੁਰੂ ਜੀ ਨੇ ਹੰਸਪਾਲ-ਮਨਬੰਦਾ ਦੀ ਬਿਸਕੁਟ ਫੈਕਟਰੀ ਨੂੰ ਅਜੇ ਦਿਲਤਬਾ ਵਿਚ ਦੱਸ ਉਨ੍ਹਾਂ ਦੀ 'ਪੂਨਮ ਫੈਕਟਰੀ' ਦੇ ਬਿਸਕੁਟਾਂ ਬਾਰੇ ਪੁੱਛਿਆ। ਹਰਭਜਨ ਸਿੰਘ ਬੋਲੇ: ਆਪ ਜੀ ਦੀ ਕਿਰਪਾ ਹੈ। ਫੈਕਟਰੀ ਪਹਿਲਾਂ ਤੋਂ ਠੀਕ ਹਾਲਤ ਵਿਚ ਹੈ। ਹੋਰ ਠੀਕ ਹੋ ਜਾਵੇਗੀ। ਪਰ ਲੋਕ ਬਿਸਕੁਟਾਂ ਦੀ ਕੁਆਲਿਟੀ ਦੀ ਗੱਲ ਨਹੀਂ ਕਰਦੇ, ਸਸਤੇ ਤੋਂ ਸਸਤਾ ਭਾਲਦੇ ਹਨ।



Sri Satguru Jagjit Singh Ji Elibrary NamdhariElibrary@gmail.com

ਹੰਸਪਾਲ ਜੀ ਨੇ ਸਪਸ਼ਟ ਕੀਤਾ ਕਿ ਉਹ ਬਿਸਕੁਟ ਫੈਕਟਰੀ ਵਾਸਤੇ ਇਕ ਡੀਜ਼ਲ ਇੰਜਨ ਦਾ ਆਰਡਰ ਦੇਈ ਬੈਠੇ ਨੇ, ਜਿਹੜਾ ਹਰਿਆਣੇ ਦੀ ਬਿਜਲੀ ਦੀ ਸ਼ਾਰਟੇਜ ਨੂੰ ਵੇਖ ਬੜਾ ਜ਼ਰੂਰੀ ਸੀ। ਇਸ ਦੁਆਰਾ ਬਿਸਕੁਟਾਂ ਨੂੰ ਹੀਟ ਦਿਤੀ ਜਾਇਆ ਕਰੇਗੀ।

ਗੱਲ ਚਲਦੇ ਚਲਦੇ ਇਕ ਗੱਡੀ ਤੇ ਆ ਗਈ, ਜਿਸ ਨੂੰ ਡਾਜ ਟਰਬੋ ਹੋਮ ਕਿਹਾ ਜਾਂਦਾ ਹੈ। ਸਤਿਗੁਰੂ ਜੀ ਨੇ ਹਰਭਜਨ ਸਿੰਘ ਜੀ ਨਾਲ ਸੰਖੇਪ ਤੇ ਇਸ਼ਾਰਿਆਂ ਵਿਚ ਗੱਲ ਕਰ ਮੈਨੂੰ ਦੱਸਿਆ: ਕਿਸੇ ਪਾਰਸੀ ਨੇ ਇਸ਼ਤਹਾਰ ਕਢਵਾਇਆ ਸੀ ਮੋਟਰ ਹੋਮ ਬਾਰੇ। ਅਸਾਂ ਲਛਮਨ ਸਿੰਘ ਫਗਵਾੜਾ ਨੂੰ ਪਤਾ ਕਰਨ ਲਈ ਭੇਜਿਆ ਬੰਬਈ। ਡਾਜ ਗੱਡੀ ਵਿਚ 6 ਸਵਾਰੀਆਂ ਦੇ ਸੌਣ, 12 ਸਵਾਰੀਆਂ ਦੇ ਬੈਠਣ, ਟੱਟੀ, ਗੁਸਲਖਾਨੇ ਤੇ ਕਿਚਨ ਆਦਿ ਹੋਰ ਸਹੂਲਤਾਂ ਨੂੰ ਮੁੱਖ ਰਖ ਪਾਰਸੀ 3,00,000 ਤੋਂ ਅਮਰੀਕਾ ਵਿਚੋਂ ਖਰੀਦ ਕੇ ਲਿਆਇਆ। ਏਥੇ ਆਉਣ ਤਕ 1,00,000 ਦੀ ਬਣ ਗਈ ਕਰਾਏ ਦੀ ਰਕਮ 5,00,000 ਕਸਟਮ ਵਾਲਿਆਂ ਮੰਗ ਲਿਆ। ਇਸ ਤਰ੍ਹਾਂ ਗੱਡੀ ਆ ਤੇ ਗਈ ਪਰ ਪਾਰਸੀ ਨੂੰ ਬੜੀ ਦੁਸ਼ਵਾਰ ਲੱਗੀ। ਅਸਾਂ ਲਛਮਣ ਸਿੰਘ ਨੂੰ ਘੱਲ ਕੇ 10,000 ਸਾਈ ਦਾ ਦੇ ਦਿਤਾ। ਉਸਨੇ ਸੌਦਾ 3,50,000 ਵਿਚ ਪੱਕਾ ਕਰ ਲਿਆ ਹੈ। ਰਕਮ ਕਿਸੇ ਨ ਕਿਸੇ ਤਰ੍ਹਾਂ ਜੁਟਾਵਾਂਗੇ। ਰਘੁਬੀਰ ਸਿੰਘ ਨੂੰ ਉਸਦੀ ਡਰਾਈਵਿੰਗ ਲਈ ਨਾਲ ਭੇਜਿਆ ਹੈ।

ਮੇਰੇ ਵਲ ਇਹਤਿਆਤਨ ਝਾਕ ਕੇ ਹਰਭਜਨ ਸਿੰਘ ਨੇ ਸਤਿਗੁਰੂ ਜੀ ਨੂੰ ਸੰਕੇਤ ਕੀਤਾ ਜਿਵੇਂ ਕਰਤਾਰ ਸਿੰਘ ਪ੍ਰਧਾਨ ਪਾਸ ਬੰਬਈ ਵਿਖੇ ਰਕਮ ਪਰਸੋਂ ਤਕ ਜਮਾਂ ਕਰਵਾ ਦਿਤੀ ਜਾਏਗੀ।

ਫਿਰ ਚੱਲੀ ਖਰਚਿਆਂ ਦੀ ਗੱਲ। ਸਤਿਗੁਰੂ ਜੀ ਨੇ ਕਿਹਾ: ਕਈ ਵਾਰ ਕਿਸੇ ਹੋਰ ਖਰਚੇ ਲਈ ਰਕਮ ਤਿਆਰ ਕਰੀਦੀ ਹੈ, ਪਰ ਰਾਹ ਵਿਚੋਂ ਕੋਈ ਹੋਰ ਜ਼ਰੂਰਤ ਹੀ ਰਕਮ ਦਬੋਚ ਲੈਂਦੀ ਹੈ।

ਸ. ਹਰਭਜਨ ਸਿੰਘ ਨੇ ਆਪਣੀ ਸਿਹਤ ਬਾਰੇ ਸਤਿਗੁਰੂ ਜੀ ਤੋਂ ਪੁਛਿਆ ਕਿ ਪੂਣੇ ਵਿਚ ਇਕ ਜੋਗੀ ਦਾ ਆਸ਼ਰਮ ਹੈ ਜੁ ਕੇਵਲ 15 ਦਿਨਾਂ ਵਿਚ ਉਨ੍ਹਾਂ ਨੂੰ ਸਿਹਤ ਬਹਾਲੀ ਦੀ ਗਰੰਟੀ ਕਰਦਾ ਹੈ। ਸਤਿਗੁਰੂ ਜੀ ਨੇ ਪਰਵਾਨਗੀ ਦੇ ਦਿਤੀ।

ਸਤਿਗੁਰੂ ਜੀ ਨੇ ਆਪਣੇ ਪੁੰਨ ਪਰਤਾਪ ਨਾਲ ਵੱਡੇ ਵੱਡਿਆਂ ਨੂੰ ਸੋਧ ਰਖਵਾ ਦਿਤੀ ਹੈ, ਜਿਵੇਂ ਸੇਠ ਤ੍ਰਿਲੋਕ ਸਿੰਘ, ਹਰਭਜਨ ਸਿੰਘ, ਸੁਰਿੰਦਰ ਸਿੰਘ ਮਨਚੰਦਾ ਆਦਿ। ਮੈਂ ਹੱਸ ਕੇ ਕਿਹਾ: ਅਜੇ ਹੰਸਪਾਲ ਜੀ ਰਹਿੰਦੇ ਨੇ ਸੋਧ ਦੇ ਖੇਤਰ ਵਿਚ ਆਉਣੋ।

ਹੰਸਪਾਲ ਜੀ: ਕਵੀ ਜੀ ਤੇ ਭਾਰਤੀ ਜੀ ਰੱਖਣ ਤਾਂ ਮੈਂ ਵੀ ਰਖਾਂ।

ਕਵੀ: ਮੈਂ ਤਾਂ ਪਹਿਲਾਂ ਹੀ 10-15 ਸਾਲ ਰੱਖੀ ਰਖੀ ਹੈ, ਹੁਣ ਤਾਂ ਤੁਹਾਡੀ ਹੀ ਵਾਰੀ ਏ।

ਮੈਂ ਮਹਿਸੂਸ ਕੀਤਾ ਮੇਰੇ ਏਥੇ ਬੈਠਿਆਂ ਏਸ ਗਰੁੱਪ ਨੂੰ ਕੁਛ ਝਾਕਾ ਹੈ ਸੋ ਮੈਂ ਉਠ ਕੇ ਬਾਹਰ ਆਉਣ ਲਗਿਆਂ ਸੁਣਿਆ। ਸਤਿਗੁਰੂ ਜੀ ਨੇ ਬਚਨ ਕੀਤਾ ਸੀ ਕਿ ਜੇ ਡਾਜ



Sri Satguru Jagjit Singh Ji Elibrary NamdhariElibrary@gmail.com

ਗੱਡੀ ਦੇ ਕਾਗਜ਼ ਮੁਕੰਮਲ ਹੋ ਸਕਣ ਤਾਂ ਉਹ ਗੁਰਮੁਖ ਸਿੰਘ (ਹਜ਼ੂਰੀ ਡਰਾਈਵਰ) ਦੇ ਨਾਂ ਤੇ ਮੁੰਤਕਿਲ ਹੋ ਜਾਵੇ।

## 26 ਦਸੰਬਰ 1985, ਵੀਰਵਾਰ
## ਗਵਾਲੀਅਰ

ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਖੇ ਨਾਲ ਆਏ ਕਲਾਕਾਰ ਜਥੇ ਵਲੋਂ ਮੰਦਰ ਸ੍ਰੀ ਸੱਤਿ ਨਰਾਇਣ ਸਵਾਮੀ ਵਿਖੇ ਸਾਧ ਸੰਗਤ ਦੀ ਭਰਪੂਰ ਹਾਜ਼ਰੀ ਵਿਚ ਹੋ ਕੇ 6.30 ਵਜੇ ਤਕ ਮੋਹਣ ਸਿੰਘ ਦੁਆਰਾ ਅਰਦਾਸ ਨਾਲ ਸਮਾਪਤ ਹੋ ਗਿਆ।

ਦਿਵਾਨ ਵਿਚੋਂ ਉਠਦਿਆਂ ਹੀ ਆਪ ਜੀ ਸੇਵਕਾਂ ਦੇ ਘਰੀਂ ਚਰਨ ਪਾਉਣ ਲਈ ਪਧਾਰੇ, ਜਿਨ੍ਹਾਂ ਦੀਆਂ ਅਰਦਾਸਾਂ ਸੂਬਾ ਜੀ ਪਾਸ ਪਹਿਲਾਂ ਹੀ ਪਹੁੰਚੀਆਂ ਹੋਈਆਂ ਸਨ। ਮੈਨੂੰ ਹੇਠ ਲਿਖੇ ਸਰੀਰਾਂ ਘਰੀਂ ਚਰਨ ਪਾਉਣ ਦਾ ਪਤਾ ਲਗਾ:

1. ਸੂਬਾ ਰਤਨ ਸਿੰਘ ਭੇਟ 2000
2. ਬੀਬੀ ਸਵਰਨ ਕੌਰ-ਪਰਵਾਰ ਭੇਟਾ 1000
3. ਸੰਤ ਗੁਰਬਖਸ਼ ਸਿੰਘ ਸਵ: ਅਜੀਤ ਸਿੰਘ ਭੇਟਾ 500
4. ਸ. ਸੰਤੋਖ ਸਿੰਘ ਤੇ ਪਰਵਾਰ
5. ਸ. ਨਿਰਭੈ ਸਿੰਘ
6. ਮਨਮੋਹਨ ਸਿੰਘ-ਸਰਬਜੀਤ ਸਿੰਘ ਕੀਆਂ ਦੁਕਾਨਾਂ ਤੇ
7. ਸ. ਹਰਭਜਨ ਸਿੰਘ ਇੰਜੀਨੀਅਰ ਬਿਰਲਾ ਨਗਰ
8. ਬੀਬੀ ਸੁਘੜੀ ਬਾਈ ਸਿੰਧਣ
9. ਸ. ਪਿਆਰਾ ਸਿੰਘ ਸਪੁਤ੍ਰ ਸ. ਸੰਤੋਖ ਸਿੰਘ
10. ਬਾਬੂ ਬੇਲੀ ਰਾਮ ਜੀ ਤੇ ਉਨ੍ਹਾਂ ਦਾ ਪਰਵਾਰ
11. ਸ. ਮਨੋਹਰ ਸਿੰਘ ਸਪੁੱਤਰ ਬਾਬੂ ਬੇਲੀ ਰਾਮ ਜੀ
12. ਸੰਤ ਸੰਤ ਸਿੰਘ - 1984 ਦੇ ਦੰਗਿਆਂ ਵਿਚ ਬਹੁਤ ਜ਼ਖ਼ਮੀ ਹੋਏ।
13. ਸ. ਗੁਰਮੁਖ ਸਿੰਘ ਸਿੰਧੀ ਕਾਲੋਨੀ ਲਸ਼ਕਰ
14. ਸ. ਪਰਮਜੀਤ ਸਿੰਘ-ਅਜੀਤ ਸਿੰਘ ਕੇ ਨਾਮਧਾਰੀ ਇੰਜੀਨੀਅਰਿੰਗ ਵਰਕਸ ਵਿਚ ਦਰਸ਼ਨ ਦੇ ਆਪ ਜੀ ਡੇਰੇ ਪਧਾਰੇ। ਕੁਝ ਜਲਪਾਨ ਤੇ ਸਾਧਾਰਨ ਆਰਾਮ ਕੀਤਾ।

ਇਥੇ ਇਹ ਦਸਣਾ ਵਾਜਬ ਹੀ ਹੋਵੇਗਾ ਕਿ ਸੂਬਾ ਜੀ ਦੇ ਲੜਕਿਆਂ ਦੀਆਂ ਦੋਵੇਂ ਅੰਗ੍ਰੇਜ਼ੀ ਦੇਸੀ ਦਵਾਈਆਂ ਦੀਆਂ ਦੁਕਾਨਾਂ ਪੂਰੀਆਂ ਤਰ੍ਹਾਂ ਲੁੱਟੀਆਂ ਗਈਆਂ,



Sri Satguru Jagjit Singh Ji Elibrary NamdhariElibrary@gmail.com

ਦੇਸ਼ ਵਿਆਪੀ ਸਿਖ ਵਿਰੋਧੀ ਦੰਗਿਆਂ ਵਿਚ। ਸਿਘਾਂ ਹਿੰਮਤ ਨਹੀਂ ਹਾਰੀ ਮੁੜ ਉਹਨੀਂ ਥਾਈਂ ਕਾਰੋਬਾਰ ਸ਼ੁਰੂ ਕਰਕੇ ਗੁਰੂ ਕੇ ਦਰਸ਼ਨਾਂ ਲਈ ਚਾਰਾ ਮਾਰਿਆ। ਇੰਜ ਹੀ ਤ੍ਰਲੋਕ ਸਿੰਘ ਜੀ ਦੇ ਸਪੁਤ੍ਰਾਂ ਦਾ ਨੁਕਸਾਨ ਵੀ ਗਵਾਲੀਅਰ ਵਿਖੇ ਹੋਇਆ।

9.15 ਸਵੇਰ ਦੇ। ਸਤਿਗੁਰੂ ਜੀ ਆਪਣੇ ਡੇਢ ਦਰਜਨ ਸਿਖਾਂ ਨਾਲ ਜੀਵਾਜੀ ਕਲੱਬ ਗਵਾਲੀਅਰ ਵਿਖੇ ਪਧਾਰੇ। ਏਥੇ ਅੱਜ ਉਨ੍ਹਾਂ ਦੇ ਸੁਰਗਵਾਸੀ ਸਿਖ ਸ. ਤ੍ਰਲੋਕ ਸਿੰਘ ਦਾ 19 ਸਾਲਾ ਲੜਕਾ ਨਰਿੰਦਰ ਸਿੰਘ ਲਾਨ ਟੇਨਿਸ ਐਮ.ਪੀ. ਸਟੇਟ ਰੈਂਕਿੰਗ ਟੂਰਨਾਮੈਂਟ ਦੇ ਕੁਆਰਟਰ ਫਾਈਨਲ ਮੈਚ ਵਿਚ ਖੇਡ ਰਿਹਾ ਹੈ। ਨਰਿੰਦਰ ਸਿੰਘ ਨੇ ਅਪ੍ਰੈਲ (1985) ਦੇ ਮਹੀਨੇ ਵਿਚ ਇੰਦੌਰ ਵਿਖੇ ਆਲ ਇੰਡੀਆ ਲਈ ਐਮ.ਪੀ. ਸਟੇਟ ਲਾਨ ਟੈਨਿਸ ਟੂਰਨਾਮੈਂਟ ਸਿੰਗਲ ਵਿਚ ਸੈਮੀ ਫਾਈਨਲ ਵਿਚ ਪਹੁੰਚਿਆ ਸੀ। ਡਬਲ ਵਿਚ ਜੇਤੂ ਰਿਹਾ ਸਮੁੱਚੇ ਟੂਰਨਾਮੈਂਟ ਦਾ। ਅੱਜ ਜਦੋਂ ਸ੍ਰੀ ਸਤਿਗੁਰੂ ਜੀ ਨਾਲ ਅਸੀਂ ਲੋਕ, ਕਲੱਬ ਵਿਚ ਪਹੁੰਚੇ ਤਾਂ ਅਗੇ ਸਰਕਾਰੀ ਪ੍ਰਬੰਧ ਅਧੀਨ ਦੋ ਮੈਦਾਨਾਂ ਵਿਚ ਨਾਲੋਂ ਨਾਲ ਮੁਕਾਬਲੇ ਜਾਰੀ ਸਨ। ਦਰਸ਼ਕ ਤਾਂ ਥੋੜੇ ਹੀ ਸਨ। ਨਾਮਧਾਰੀ ਸਿੰਘਾਂ ਦੀ ਸ਼ੋਭਾ ਸ੍ਰੀ ਸਤਿਗੁਰੂ ਜੀ ਕਾਰਨ ਨਿਆਰੀ ਤੇ ਵਡੇਰੀ ਹੋ ਗਈ। ਮੈਚ ਦੇ ਮੈਦਾਨ ਦੇ ਨਾਲ ਛੱਤੀ ਹੋਈ ਜਗਹ ਵਿਚ ਸ੍ਰੀ ਸਤਿਗੁਰੂ ਜੀ ਨੂੰ ਕੁਰਸੀ ਪੇਸ਼ ਕੀਤੀ ਗਈ। ਪਿਛੇ ਹੋਰ ਸਿਖਾਂ ਨੂੰ ਬੈਠਣ ਦਾ ਇਸ਼ਾਰਾ ਹੋ ਗਿਆ। ਅਵਤਾਰ ਸਿੰਘ ਅੰਮ੍ਰਿਤਸਰੀ ਨੂੰ ਨੇੜੇ ਬੈਠਣ ਦਾ ਮਾਣ ਮਿਲਿਆ।

ਸ੍ਰੀ ਚਾਵਲਾ ਮੈਂਬਰ ਚਲੱਬ ਨੇ ਪਹਿਲਾਂ ਤਾਂ ਸਾਥੀਆਂ ਨਾਲ ਜਾ ਕੇ ਸ੍ਰੀ ਸਤਿਗੁਰੂ ਜੀ ਦਾ ਕਾਰੋਂ ਉਤਰਦਿਆਂ ਸੁਆਗਤ ਕੀਤਾ, ਫੇਰ ਮੈਡੀਕਲ ਕਾਲਜ ਗਵਾਲੀਅਰ ਦੇ ਸਰਜਨ ਡਾ: ਐਸ.ਐਮ.ਤਿਵਾਰੀ ਨੂੰ ਨਾਲ ਲੈ ਕੇ ਗੁਰੂ ਕੀ ਸੇਵਾ ਵਿਚ ਹਾਜ਼ਰ ਹੋਏ। ਸ੍ਰੀ ਚਾਵਲਾ ਨੇ ਅਰਜ਼ ਕੀਤੀ: ਡਾ. ਤਿਵਾਰੀ ਸ਼ਹਿਰ ਦੇ ਬੜੇ ਉਤਮ ਪੁਰਸ਼ ਹਨ। ਗਵਾਲੀਅਰ ਦੇ ਬੈੱਸਟ ਸਰਜਨ ਤਾਂ ਹੈਨ ਹੀ ਮਾੜਿਆਂ ਗਰੀਬਾਂ ਦੇ ਵੀ ਬਹੁਤ ਮਦਦਗਾਰ ਹਨ। ਕਿਸੇ ਪਰਕਾਰ ਦੀ ਵੱਢੀ ਚੱਟੀ ਦਾ ਸੁਆਲ ਹੀ ਨਹੀਂ, ਸਾਊ ਤੇ ਭਲੇ ਆਦਮੀ ਹਨ, ਆਪ ਜੀ ਇਨ੍ਹਾਂ ਨੂੰ ਆਸ਼ੀਰਵਾਦ ਦਿਓ। ਸ੍ਰੀ ਸਤਿਗੁਰੂ ਜੀ ਤਾਂ ਨਿੱਜੀ ਨਿਤਨੇਮ ਕਰ ਰਹੇ ਸਨ, ਬੋਲਣਾ ਨਹੀਂ ਸੀ, ਸੋ ਆਪ ਜੀ ਨੇ ਨਜ਼ਰ ਭਰ ਦੇਖ ਪ੍ਰਸੰਨਤਾ ਬਖਸ਼ ਦਿੱਤੀ।

ਅਵਤਾਰ ਸਿੰਘ ਖੇਡ ਦੀਆਂ ਬਾਰੀਕੀਆਂ ਤੇ ਵੇਰਵੇ ਸਮਝਾਉਂਦਾ ਰਿਹਾ। ਸਾਡੇ ਜਵਾਨ ਨਰਿੰਦਰ ਸਿੰਘ ਬਾਰੇ ਮਾਈਕ ਤੇ ਆਵਾਜ਼ ਆਈ: ਨਾਮਧਾਰੀ ਐਂਡ ਹੇਮੰਤ ਗੌਰਵ (ਧਾਰ ਜ਼ਿ: ਇੰਦੌਰ ਤੋਂ)। ਅਤੇ ਮੈਚ ਆਰੰਭ ਹੋ ਗਿਆ। ਨਰਿੰਦਰ ਸਿੰਘ 'ਨਾਮਧਾਰੀ' ਨਾਂ ਨਾਲ ਖੇਡ ਰਿਹਾ ਹੈ, ਗੌਰਵ ਪੂਰਣ ਗੱਲ। ਨਰਿੰਦਰ ਸਿੰਘ ਕ੍ਰਿਕਟ ਦਾ ਵੀ ਵਧੀਆ ਖਿਡਾਰੀ ਰਿਹਾ ਹੈ। ਇਹ ਬੈਸਟ ਆਲ ਰਾਊਂਡਰ ਸੀ। ਪਰ ਇਸਦੀ ਪ੍ਰਤਿਭਾ ਨੂੰ ਕ੍ਰਿਕਟ ਵਾਲਿਆਂ ਠੀਕ ਹੁੰਗਾਰਾ ਨਹੀਂ ਦਿਤਾ ਸੁ ਲਾਨ ਟੈਨਿਸ ਦਾ ਖੇਤਰ ਇਸ ਸੰਭਾਲ ਲਿਆ। ਨਰਿੰਦਰ ਨੇ ਅਜੇ ਨਾਮਧਾਰੀ ਹਾਕੀ ਟੀਮ ਵਾਂਗ ਪਹਿਰਾਵਾ



Sri Satguru Jagjit Singh Ji Elibrary NamdhariElibrary@gmail.com

ਨਹੀਂ ਰਖਿਆ। ਉਸ ਛੋਟੇ ਕਛਹਿਰੇ ਤੇ ਚਿੱਟੀ ਪੈਂਟ, ਚਿੱਟੀ ਕੇਸ ਰੁਮਾਲੀ, ਚਿੱਟੀ ਟੀ ਸ਼ਰਟ ਇਸਨੇ ਪਹਿਨ ਰਖੀ ਹੈ। ਸ੍ਰੀ ਸਤਿਗੁਰੂ ਜੀ ਦੇ ਚਰਨ ਛੂਹ ਕੇ 9.40 ਤੋਂ ਉਸਨੇ ਖੇਡ ਮੁਕਾਬਲੇ ਵਿਚ ਰੈਕਿਟ ਤੇ ਗੇਂਦ ਸੰਭਾਲੇ। ਕੁਛ ਚਿਰ ਸਾਡੀਆਂ ਅੱਖਾਂ ਦੀ ਖ਼ੂਬ ਪ੍ਰੈਕਟਿਸ ਹੋਈ। ਸਰ੍ਹੋਂ ਫੁਲੀ ਗੇਂਦ ਕਦੇ ਸੱਜੇ ਪਾਸੇ ਕਦੇ ਖੱਬੇ ਪਾਸੇ। ਦੋਵੇਂ ਖਿਡਾਰੀ ਚੌਕਸੀ ਤੇ ਸਿਆਣਪ ਵਰਤ ਰਹੇ ਸਨ। ਪਹਿਲੇ 10 ਮਿੰਟਾਂ ਵਿਚ ਨਰਿੰਦਰ ਨੇ ਦੋ ਗੇਮਾਂ ਜਿੱਤ ਲਈਆਂ। ਦੋ ਸਫੈਦ ਕੀਤੀਆਂ ਦੀਵਾਰਾਂ ਦੇ ਅੰਦਰ ਵਾਰ ਇਹ ਖੇਡ-ਸ਼ਾਲਾ ਸੀ। ਅਸੀਂ ਅਜੇ ਪਹਿਲੀ ਜਿਤ ਬਾਰੇ ਠੰਢੇ ਹੋ ਹੀ ਰਹੇ ਸਾਂ ਕਿ ਅਗਲੇ 10 ਮਿੰਟਾਂ ਵਿਚ ਦੋ ਬਾਜ਼ੀਆਂ ਹੋਰ ਨਰਿੰਦਰ ਨੂੰ ਮਿਲ ਗਈਆਂ। ਓਦੋਂ ਸਾਨੂੰ ਆਪਣੇ ਬੱਚੇ ਦੇ ਮਾਣ ਵਿਚ ਹੋਰ ਉਤਸ਼ਾਹ ਮਿਲਿਆ ਜਦੋਂ ਖੇਡ ਸ਼ੁਰੂ ਹੋਣ ਤੋਂ 25 ਮਿੰਟਾਂ ਦੇ ਅੰਦਰ ਅੰਦਰ ਸ੍ਰੀ ਹੇਮੰਤ ਗੌਰਵ ਪੂਰੀ ਤਰ੍ਹਾਂ ਹਾਰ ਮੰਨਕੇ ਮੈਦਾਨ ਛੱਡ ਗਿਆ।

ਸ੍ਰੀ ਨਰਿੰਦਰ ਸਿੰਘ ਇਸ ਜਿਤ ਵਿਚ ਚਾਂਭਲਿਆ ਨਹੀਂ। ਉਸੇ ਤਰ੍ਹਾਂ ਗਹਿਰ ਗੰਭੀਰ ਬਣਿਆਂ ਗੁਰੂ ਕੇ ਚਰਨਾਂ ਵਿਚ ਹਾਜ਼ਰ ਹੋ ਨਮਸਕਾਰ ਕੀਤੀ। ਤੇ ਸਾਰੀ ਸੰਗਤ ਖੁਸ਼ੀਆਂ ਝੋਲੀ ਪੁਆਈ ਜੀਵਾ ਜੀ ਕਲੱਬ ਤੋਂ ਵਿਦਾ ਹੋ ਗਈ।

ਇਸ ਮੌਕੇ ਸ੍ਰੀ ਸਤਿਗੁਰੂ ਜੀ ਤੋਂ ਇਲਾਵਾ ਦਰਸ਼ਕ ਸਨ ਸਕੱਤਰ ਤਰਸੇਮ ਸਿੰਘ, ਸੂਬਾ ਰਤਨ ਸਿੰਘ, ਸ੍ਰੀ ਗੁਰਦੇਵ ਸਿੰਘ ਵਰਤਮਾਨ ਗੁਰੂ ਕਾ ਖਜ਼ਾਨਚੀ, ਸ. ਅਵਤਾਰ ਸਿੰਘ, ਸੰਤ ਬਲਦੇਵ ਸਿੰਘ ਹਜ਼ੂਰੀ ਸੇਵਕ, 6 ਅੰਗ ਰਖਿਅਕ, ਸੰਤ ਮਨਮੋਹਨ ਸਿੰਘ, ਸੰਤ ਸਰਬਜੀਤ ਸਿੰਘ, ਸੰਤ ਸਤਨਾਮ ਸਿੰਘ ਕਲਸੀ, ਡਾ: ਜਸਜੀਤ ਸਿੰਘ ਨਰਿੰਦਰ ਵੀਰ, ਸ੍ਰੀ ਸਚਿੰਦਰ ਸਿੰਘ ਪੱਪੂ, ਗੁਰਮੁਖ ਸਿੰਘ ਡਰਾਈਵਰ, ਸੁਰਿੰਦਰ ਸਿੰਘ ਡਰਾਈਵਰ।

ਅਸੀਂ ਵਾਪਸ ਪੁੱਜੇ ਤਾਂ ਮੇਰੀ ਸ਼ਾਮਤ ਆ ਚੱਲੀ ਸੀ। ਸੂਬਾ ਜੀ ਦੇ ਘਰ ਦੀ ਗਲੀ ਪਾਸ ਕਾਰੋਂ ਉਤਰ ਰਿਹਾ ਸਾਂ ਕਿ ਪਿਛੋਂ ਦੀ ਇਕ ਗਾਂ ਨੇ ਆ ਕੇ ਚੱਡਿਆਂ ਵਿਚ ਸਿਰ ਅੜਾ ਦਿਤਾ। ਸਾਖਿਆਤ ਜਮ ! ਮੌਤ ਦਾ ਸੁਨੇਹਾ। ਪਰ ਜਾਪਿਆ ਜਿਵੇਂ ਸ੍ਰਿਸ਼ਟੀ ਦਾ ਭਾਰ ਪੈ ਗਿਆ ਹੋਵੇ, ਭਲੇ ਮਾਣਸਾਂ ਵਾਂਗ ਉਸਨੇ ਪਿਛਾਂਹ ਸਿਰ ਕਢ ਲਿਆ ਤੇ ਮੈਂ ਜ਼ਮੀਨ ਤੇ ਡਿਗਣੋਂ ਬਚ ਨਿਕਲਿਆ। ਇਹ ਸੋਚ ਕਦੇ ਕਦੇ ਮੈਨੂੰ ਆਉਂਦੀ ਰਹੀ ਹੈ ਕਿ ਜਦੋਂ ਬੰਦੇ ਦੀ ਮਿਰਤੂ ਦਾ ਅਵਸਰ ਆ ਜਾਵੇ, ਚੰਗੇ ਭਲੇ ਵੱਗ ਵਿਚੋਂ ਕੋਈ ਚੰਦਰੀ ਗਾਂ-ਮਹਿ ਬੰਦੇ ਨੂੰ ਆ ਢੁਡ ਮਾਰਦੀ ਹੈ ਜਾਂ ਸਿਰ ਤੇ ਚੁਕ ਕੇ ਪਟਕਾ ਮਾਰਦੀ ਹੈ। ਇਸ ਨਜ਼ਾਰੇ ਦਾ ਪ੍ਰਤਖ ਦਰਸ਼ੀ ਅਵਤਾਰ ਸਿੰਘ ਸੀ। ਦੋ ਦਿਨ ਜਦੋਂ ਵੀ ਸੜਕਾਂ ਤੇ ਅਵਾਰਾ ਗਊਆਂ ਦਾ ਝੁੰਡ ਵਿਹੰਦਾ, ਕਹਿੰਦਾ: ਮਾਫ਼ ਕਰੋ, ਸਾਡੇ ਵਿਚ ਕਵੀ ਜੀ ਨਹੀਂ ਹਨ।

2.30 ਵਜੇ ਤਾਂ ਮੈਨੂੰ ਆਵਾਜ਼ ਪਈ। ਗੁਰੂ ਕੇ ਡੇਰੇ ਸਤਿਗੁਰੂ ਜੀ ਨਾਲ ਕੋਈ ਭੇਟ ਵਾਰਤਾ ਕਰਨ ਆ ਰਿਹਾ ਸੀ। ਸੱਚੇ ਪਾਤਸ਼ਾਹ ਜੀ ਦੇ ਬੈਠਣ ਕਮਰੇ ਵਿਚ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਦੋ ਵਿਅਕਤੀ ਖਾਸ, ਦੋ ਦਰਸ਼ਕ ਬੈਠੇ ਸਨ। ਸ੍ਰੀ ਜੈ ਭਾਨ ਸਿੰਘ ਪਵੱਈਆ, ਮਹਾਂ ਮੰਤਰੀ ਗ੍ਰੇਟਰ ਗਵਾਲੀਅਰ ਅਤੇ ਸਹਿ ਮੰਤਰੀ ਮੱਧ ਪ੍ਰਦੇਸ਼ ਵਿਸ਼ਵ



Sri Satguru Jagjit Singh Ji Elibrary NamdhariElibrary@gmail.com

ਹਿਦੂ ਪਰਿਸ਼ਦ ਅਤੇ ਸ੍ਰੀ ਅਰੁਣ ਜੈਨ ਆਰ.ਐਸ.ਐਸ. ਦੇ ਗਵਾਲੀਅਰ ਦੇ ਪਰਚਾਰਕ। ਇਹ ਮੱਧ ਭਾਰਤ ਦੇ ਅਖ਼ਬਾਰਾਂ ਲਈ, ਰਾਸ਼ਟਰੀ ਸੋਇਮ ਸੇਵਕ ਸੰਘ ਦੇ ਮਨਾਏ ਜਾ ਰਹੇ ਵਿਸ਼ੇਸ਼ ਪੰਦਰਵਾੜੇ ਲਈ ਸਤਿਗੁਰੂ ਜੀ ਦਾ ਇੰਟਰਵਿਊ ਲੈਣ ਆਏ ਸਨ।

ਸ੍ਰੀ ਸਤਿਗੁਰੂ ਜੀ ਨੇ ਗੁਰੂ ਗੋਲਵਾਲਕਰ, ਗਊ ਰਖਿਆ ਸਮੇਲਨ ਦਿੱਲੀ 1966 ਅਤੇ ਸੰਘ ਮੁਖੀਆਂ ਨਾਲ ਪਿਛਲੀਆਂ ਯਾਦਾਂ ਸਾਂਝੀਆਂ ਕਰਦਿਆਂ ਮਹਾਂ ਮੰਤਰੀ ਤੇ ਸਹਿਮੰਤਰੀ ਪਵੱਈਆ ਨੂੰ ਆਖਿਆ: ਤੁਸੀਂ ਜਿਵੇਂ ਸਮਝਾਓਗੇ ਲੋਕਾਂ ਨੂੰ ਕਿ ਸਾਰੇ ਹੀ ਆਪਣੇ ਆਪ ਨੂੰ ਹਿਦੂ ਸਮਝਣ ਤੇ ਲਿਖਾਣ, ਸਿੱਖ ਵੀ, ਜੈਨੀ ਵੀ ਤੇ ਹੋਰ ਵੀ ਭਿੰਨ ਮਤਾਂ ਵਾਲੇ, ਜਦੋਂ ਕਿ ਏਥੇ ਗਵਾਲੀਅਰ ਵਿਚ ਹੀ ਇਕ ਮੰਨੇ ਜਾਂਦੇ ਗੁਰਦੁਆਰੇ ਨੂੰ ਸਵਰਨ ਹਿਦੂ ਮੰਦਰ ਵਿਚ ਤਬਦੀਲ ਕਰ ਦਿਤਾ ਗਿਆ ਹੈ, ਅਸੀਂ ਜਿਨ੍ਹਾਂ ਮੁਸਲਮਾਨਾਂ ਦੇ ਜ਼ੁਲਮ ਦੀ ਚਰਚਾ ਕਰਦੇ ਰਹਿੰਦੇ ਹਾਂ ਕਿ ਉਹਨਾਂ ਠਾਕਰ ਦੁਆਰੇ ਢਾਹ ਕੇ ਉਨ੍ਹੀਂ ਥਾਈਂ ਮਸੀਤਾਂ ਜਬਰਨ ਉਸਾਰ ਲਈਆਂ। ਇਸ ਐਕਸ਼ਨ ਦਾ ਉਸ ਨਾਲੋਂ ਕੀ ਫ਼ਰਕ ਹੋਇਆ? ਇਹ ਤਾਂ ਤੁਸੀਂ ਬਹੁ ਗਿਣਤੀ ਦਾ ਜ਼ੋਰ ਹੀ ਵਿਖਾਲਦੇ ਹੋਏ?

ਸਤਿਗੁਰੂ ਜੀ ਦੇ ਸੁਰ ਵਿਚ ਤਿਖੇਰਾਪਨ ਸੀ ਅਤੇ ਮੈਂ ਦੇਰ ਬਾਅਦ ਹੀ ਐਸਾ ਠੋਕਵਾਂ ਵਿਰੋਧੀ ਸੁਰ ਸੁਣ ਰਿਹਾ ਸਾਂ। ਸਤਿਗੁਰੂ ਜੀ ਫਿਰ ਬੋਲੇ: ਅਸੀਂ (ਨਾਮਧਾਰੀ) ਜੁ ਆਪਣੇ ਆਪ ਨੂੰ ਹਿਦੂ ਸਮਝਦੇ ਤੇ ਕਹਿੰਦੇ ਰਹੇ ਹਾਂ, ਗਵਾਲੀਅਰ ਵਿਚ ਸਾਡੇ ਹੀ ਮਕਾਨ ਤੇ ਦੁਕਾਨਾਂ ਸਾੜੇ ਗਏ ! ਹਿਦੂਆਂ ਨੇ ਹਿਮਾਚਲ ਵਿਚ ਸ਼ਾਂਤ ਸੁਭਾਵੀ ਨਾਮਧਾਰੀਆਂ ਦੀਆਂ ਦੁਕਾਨਾਂ ਲੁਟੀਆਂ ਤੇ ਬੰਦੇ ਮਾਰੇ। ਹਿਦੂਆਂ ਹੀ ਨਹੀਂ ਆਰ.ਐਸ.ਐਸ. ਨੇ ਖਾਸ ਕਰਕੇ।

ਸਤਿਗੁਰੂ ਜੀ ਬਚਨ ਕੀਤਾ: ਸੰਘ ਵਾਲਿਆਂ ਚੰਗੇ ਪਾਸੇ ਦਖਲ ਨਹੀਂ ਦਿਤਾ। ਪੰਜਾਬ ਤੋਂ ਬਾਹਰ ਤਾਂ ਸਿਖਾਂ ਤੋਂ ਕੋਈ ਖ਼ਤਰਾ ਨਹੀਂ ਸੀ, ਫਿਰ ਨਾਮਧਾਰੀਆਂ ਤੋਂ? ਕਿਸੇ ਵਿਸ਼ਵ ਹਿਦੂ ਪਰੀਸ਼ਦ ਨੇ ਜਾਂ ਕਿਸੇ ਦੂਜੇ ਨੇ ਇਸ ਕੌਮ ਵਿਆਪੀ ਵੇਦਨਾ ਬਾਰੇ ਨਹੀਂ ਸੋਚਿਆ। ਅਸੀਂ ਸਮਝਦੇ ਹਾਂ ਸੰਘ ਨੇ ਆਪਣੀ ਜ਼ਿਮੇਵਾਰੀ ਉਕਾ ਹੀ ਨਹੀਂ ਨਿਭਾਈ ਸਗੋਂ ਜੋ ਕੁਝ ਅਮਰੀਕਾ ਅਤੇ ਪਾਕਿਸਤਾਨ ਚਾਹੁੰਦੇ ਸਨ ਉਹੋ ਕੁਝ ਕੀਤਾ। ਇਸ ਐਕਸ਼ਨ ਵਿਚ ਦੇਸ਼ ਭਗਤੀ ਦਾ ਉਕਾ ਕੋਈ ਵਾਸਤਾ ਨਹੀਂ ਸੀ।

ਸ੍ਰੀ ਪਵੱਈਆ ਕੁਛ ਨੂੰ ਨਾ ਕਰਨ ਲਗੇ ਤਾਂ ਸਤਿਗੁਰੂ ਜੀ ਨੇ ਇਕ ਕਦਮ ਹੋਰ ਵੀ ਅਗੇ ਨੂੰ ਪੁੱਟਿਆ: ਕੀ ਆਖੀਦੇ ਸੰਘੀਆਂ ਦੀ ਸਿਆਣਪ ਜਾਂ ਜਥੇਬੰਦਕ ਸ਼ਕਤੀ ਨੂੰ ਇਸਦੇ ਹੁੰਦਿਆਂ ਬਿਹਾਰ ਵਿਚ ਪੰਜਾਬੀ ਹਿਦੂਆਂ ਦੀਆਂ ਜਾਇਦਾਦਾਂ ਵੀ ਸਾੜੀਆਂ ਫੂਕੀਆਂ ਗਈਆਂ। ਏਥੇ ਇਹਨਾਂ ਹਿਦੂ ਵੀ ਨਹੀਂ ਬਖਸ਼ੇ। ਐਸੀਆਂ ਕਈ ਹੋਰ ਮਿਸਾਲਾਂ ਵੀ ਮਿਲ ਸਕਦੀਆਂ ਹਨ।

ਪ੍ਰੀਤਮ ਸਿੰਘ ਕਵੀ ਨੇ ਵਾਰੀ ਦਿੱਤੀ: ਸੰਘ ਦਾ ਇਹ ਨਾਅਰਾ ਮੁਢੋਂ ਸੁਢੋਂ ਗਲਤ ਹੈ ਕਿ ਸਾਰੇ ਹੀ ਆਪਣੇ ਆਪ ਨੂੰ ਹਿਦੂ ਲਿਖਵਾਇਆ ਕਰਨ ਤੇ ਕਹਿਆ



Sri Satguru Jagjit Singh Ji Elibrary NamdhariElibrary@gmail.com

ਕਰਨ। ਇਹ ਨਾਅਰਾ ਜਾਂ ਇਹ ਮੰਗ ਤਾਂ ਉਸੇ ਭਾਵਨਾ ਦੀ ਲਖਾਇਕ ਹੈ ਕਿ ਸਾਰੇ ਹਿੰਦੂ ਮੁਸਲਮਾਨ ਬਣ ਜਾਣ ਜਾਂ ਆਪਣੇ ਆਪ ਨੂੰ ਮੁਸਲਮਾਨ ਸਮਝਣ।

ਸਕੱਤਰ ਤਰਸੇਮ ਸਿੰਘ: ਗੁਰੂ ਤੇਗ ਬਹਾਦਰ ਜੀ ਨੇ ਸਿਰ ਦੇ ਕੇ ਮੀਲ ਪੱਥਰ ਗੱਡਿਆ ਸੀ। ਕੋਈ ਸੱਚਾ ਹਿੰਦੂ, ਹਿੰਦੂ ਸਿਖ ਏਕਤਾ ਲਈ ਐਸੀ ਕੁਰਬਾਨੀ ਤਾਂ ਕਰਦਾ? ਕੋਈ ਹੁਣ ਕੀ ਕਰੇ? ਸੰਤ ਲੌਂਗੋਵਾਲ ਨੇ ਸਗੋਂ ਇਕ ਵਾਰ ਫਿਰ ਗੁਰੂ ਤੇਗ ਬਹਾਦਰ ਜੀ ਵਾਲੀ ਕੁਰਬਾਨੀ ਦੁਹਰਾ ਦਿਤੀ!

ਸ੍ਰੀ ਸਤਿਗੁਰੂ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਖਾਂ ਨੂੰ ਮੇਲਣ, ਹਿੰਦੂ ਸਿਖ ਏਕਤਾ ਬਾਰੇ ਅਤੇ ਹਿੰਦੂ ਮੁਸਲਿਮ ਸਦਭਾਵਨਾ ਵਧਾਣ ਵਾਸਤੇ 1943 ਤੋਂ ਹੀ ਜਾਰੀ ਜਤਨਾਂ ਦਾ ਵਿਸਤਾਰਿਤ ਜ਼ਿਕਰ ਕਰਦਿਆਂ ਸਮਝਾਇਆ ਕਿ ਨਾਮਧਾਰੀ ਤਾਂ ਸਦਾ ਹੀ ਸਰਬੱਤ ਦੇ ਭਲੇ ਦੀ ਸੋਚਦੇ ਆਏ ਹਨ। ਪਾਕਿਸਤਾਨ ਜਾਣ ਵਾਲੇ ਮੁਸਲਮਾਨਾਂ ਦਾ 1947 ਵਿਚ ਵੀ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਕੀਤਾ। ਸਿੱਟੇ ਵਜੋਂ ਸਾਡੇ ਸਿੰਘਾਂ ਨੂੰ ਮੁਸਲਮਾਨਾਂ ਵੀ, ਜਿਥੇ ਉਹਨਾਂ ਨੂੰ ਪਤਾ ਸੀ ਨੁਕਸਾਨ ਨਹੀਂ ਪਹੁੰਚਾਇਆ ਪਰ ਹੁਣ ਤਾਂ ਦੌਰ ਹੀ ਹੋਰ ਚਲ ਪਿਆ ਹੈ।

ਪ੍ਰੀਤਮ ਸਿੰਘ ਕਵੀ ਨੇ ਦਖ਼ਲ ਦਿੰਦਿਆਂ ਕਿਹਾ ਕਿ ਦਿੱਲੀ ਵਿਚ ਸਾਡੇ ਸੇਵਾ ਸਿੰਘ ਹੁਰਾਂ ਦਾ ਸਾਰਾ ਪਰਵਾਰ ਹੀ ਸੰਘ ਪ੍ਰੇਮੀ ਸੀ ਪਰ ਦਿੱਲੀ ਵਿਚ ਹੋਈ ਮਾਰੋ ਮਾਰੀ ਵਿਚ ਉਹ ਵੀ ਨਹੀਂ ਬਖਸ਼ੇ ਗਏ। ਅੰਦਰ ਲਗੀਆਂ ਗੁਰੂ ਗੋਲਵਲਕਰ ਜੀ ਦੀਆਂ ਤਸਵੀਰਾਂ ਵੀ ਅਤੇ ਏਥੋਂ ਦੇ ਸੰਘੀ ਵੀ ਉਨ੍ਹਾਂ ਨੂੰ ਬਚਾ ਨਹੀਂ ਸਕੇ। ਕਾਰੋਬਾਰ ਤੇ ਕੋਠੀ ਦਾ ਸਮਾਨ ਤਬਾਹ ਕਰਕੇ ਹੀ ਦਮ ਲਿਆ।

ਸ੍ਰੀ ਸਤਿਗੁਰੂ ਜੀ ਨੇ ਭੋਗ ਪਾਇਆ: ਰਾਸ਼ਟਰੀ ਸੰਘ ਵਾਲਿਆਂ ਜੇ ਅਗੇ ਹੋ ਕੇ ਇਹਨਾਂ ਦੰਗਈਆਂ ਨੂੰ ਰੋਕਿਆ ਹੁੰਦਾ ਤਾਂ ਹਿੰਦੂ ਸਿਖ ਦੀ ਪੀਡੀ ਗੰਢ ਨੂੰ ਕੋਈ ਵੀ ਕੁਜਤਨ ਪੋਹ ਨਾ ਸਕਦਾ।

15-20 ਮਿੰਟ ਦੇ ਸਮੇਂ ਵਿਚ ਹੋਈਆਂ ਗੱਲਾਂ ਨੂੰ ਸੰਘ ਮੁਖੀ ਅਤੇ ਅਖ਼ਬਾਰਾਂ ਦਾ ਪ੍ਰਤੀਨਿੱਧ ਕਿਵੇਂ ਲਵੇਗਾ ਪਰ ਸਾਨੂੰ ਇਸ ਗੱਲ ਦੀ ਤਸੱਲੀ ਸੀ ਕਿ ਇਹਨੀਂ ਦਿਨੀਂ ਸੰਘ ਦੀ ਤਾਰੀਫ਼ ਸੁਣਨ ਦੇ ਚਾਹਵਾਨ ਵਧੇਰੇ ਕੁਝ ਉਲਟ ਸੁਣ ਕੇ ਗਏ। ਇਹਨਾਂ ਦੇ ਨਾਲ ਇਕ ਸਾਡਾ ਨੌਜੁਆਨ ਵੀ ਸੀ ਡਾ: ਜਗਜੀਤ ਸਿੰਘ ਸਪੁੱਤ੍ਰ ਸਵਰਗਵਾਸੀ ਸ. ਤਰਲੋਕ ਸਿੰਘ।

ਅੱਜ 3 ਤੋਂ 4 ਤਕ ਨਾਮ ਸਿਮਰਨ ਤੇ ਉਪਰੰਤ ਸ਼ਬਦ ਕੀਰਤਨ ਸਤਿਗੁਰਾਂ ਦੀ ਹਜ਼ੂਰੀ ਵਿਚ ਮੁਰਾਰ ਦੀ ਨਾਮਧਾਰੀ ਧਰਮਸਾਲਾ ਵਿਖੇ ਹੋਇਆ। ਬਿਜਲਈ ਦੀਵਾਲੀ ਦਾ ਪ੍ਰਬੰਧ ਸੀ, ਧਰਮਸਾਲਾ ਦੇ ਬਨੇਰਿਆਂ ਤੇ ਅਤੇ ਮੁਰਾਰ ਦੇ ਹਿੰਮਤੀ ਨਾਮਧਾਰੀਆਂ ਨੇ ਧਰਮਸ਼ਾਲਾ ਦਾ ਹਾਲ ਅਤੇ ਛੱਤ ਸਭ ਚਿੱਟੇ ਕਪੜਿਆਂ ਨਾਲ ਸੁੰਦਰ ਢਕਾ ਰਖੇ ਸਨ। ਸੱਚੇ ਪਾਤਸ਼ਾਹ ਦੇਸ਼ ਵਿਆਪੀ ਦੰਗਿਆਂ ਪਿਛੋਂ ਪਹਿਲੀ ਵਾਰ ਹੀ ਏਥੇ ਦਰਸ਼ਨ ਦੇ ਰਹੇ ਸਨ।



Sri Satguru Jagjit Singh Ji Elibrary NamdhariElibrary@gmail.com

ਮੈਂ ਸਮਾਪਤੀ ਦੀ ਅਰਦਾਸ ਸਮੇਂ ਹੀ ਪਹੁੰਚਾ। ਸੱਚੇ ਪਾਤਸ਼ਾਹ ਜੀ ਨਾਲ ਕਾਰ ਦੇ ਬੋਨਟ ਤੇ ਅਜੇ ਵੀ ਸੁਆਗਤ ਪੰਖੜੀਆਂ ਖਿਲਰੀਆਂ ਪਈਆਂ ਸਨ, ਜਾਪਦਾ ਹੈ ਮੁਰਾਰ ਦੇ ਖਤਰੰਗੇ ਭਾਈਚਾਰੇ ਨੇ ਜ਼ਬਰਦਸਤ ਸੁਆਗਤ ਕੀਤਾ ਹੋਵੇਗਾ। ਗਵਾਲੀਅਰ ਵਿਚੋਂ ਮੇਰੀ ਪਿਛਲੀ ਆਊਂਦ ਤੇ ਹੁਣ ਦੇ ਵਿਚਾਲੇ ਕਈ ਪਿਆਰੇ ਚਿਹਰੇ ਜ਼ਿੰਦਗੀ ਵਲੋਂ ਵਿਦਾ ਹੋ ਗਏ। ਮੁਰਾਰ ਵਿਚ ਪਿਛਲੀ ਵਾਰ ਸ. ਮੁਕੰਦ ਸਿੰਘ ਦੀ ਪਰਮੁਖਤਾ ਸੀ, ਹੁਣ ਉਹਨਾਂ ਦੇ ਦਰਸ਼ਨ ਨਹੀਂ ਸਨ ਹੋ ਰਹੇ। ਇਸੇ ਤਰ੍ਹਾਂ ਗਵਾਲੀਅਰ ਵਿਚ ਸ. ਤ੍ਰਿਲੋਕ ਸਿੰਘ ਅਤੇ ਸ. ਗੁਰਬਖਸ਼ ਸਿੰਘ ਆਪਣੇ ਭਰਾਵਾਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਇਸ ਧਰਮਸ਼ਾਲਾ ਵਿਚ ਜਥੇਦਾਰ ਸੇਵਾ ਸਿੰਘ ਦਿੱਲੀ ਦੇ ਪ੍ਰੇਰਣਾ ਦਾਇਕ ਕੀਰਤਨ ਨੇ ਪਹਿਲਾਂ ਦੁਪਹਿਰ ਵੇਲੇ ਫਿਰ ਰਾਤ ਨੂੰ ਸੰਗਤਾਂ ਲਈ ਅਨੰਦ ਸਮਾਂ ਸਿਰਜਿਆ। ਦਿਵਾਨ ਵਿਚ ਮੈਨੂੰ ਮੁਰਾਰ ਦੇ ਸਾਰੇ ਹੀ ਨਾਮਧਾਰੀਆਂ ਤੇ ਹੋਰ ਸਿਖਾਂ ਨੂੰ ਵੀ ਵੇਖਣ ਦਾ ਮੌਕਾ ਮਿਲਿਆ। ਏਥੇ ਵੀ ਦੂਰ ਨੇੜੇ ਦੇ ਪਿੰਡਾਂ ਦੇ ਸਿੰਘ ਤਾਂ ਸਨ ਹੀ ਸ. ਸੇਵਾ ਸਿੰਘ ਛੱਤਰਪੁਰ ਤੋਂ ਪਹੁੰਚੇ ਹੋਏ ਸਨ।

ਰਾਗ ਸਾਰੰਗ ਵਿਚ ਗਾਏ ਗਏ ਸ਼ਬਦਾਂ 'ਸੁਭ ਬਚਨ ਬੋਲਿ ਗੁਨ ਅਮੋਲ' ਅਤੇ 'ਆਪਨੇ ਠਾਕੁਰ ਕੀ ਹਉ ਚੇਰੀ' ਦੇ ਬਾਅਦ 4.40 ਤੇ ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਕੀਤਾ। ਸੰਖੇਪ ਕਥਨः

ਸਤਿਗੁਰੂ ਸਦਾ ਹੀ ਸਾਡੇ ਸਨੇਹ ਦਾ ਜਵਾਬ ਦਿੰਦੇ ਹਨ। ਜਿਵੇਂ ਸਰਹਾਲੀ ਜ਼ਿ: ਅੰਮ੍ਰਿਤਸਰ ਵਾਲੇ ਸੰਤ ਜਿਊਣ ਸਿੰਘ ਹੁਰਾਂ ਸਤਿਗੁਰਾਂ ਦੇ ਵੈਰਾਗ ਵਿਚ ਇਕ ਹਉਕਾ ਲਿਆ ਤਾਂ ਕੱਛ ਬਦਲਦੇ ਸਤਿਗੁਰਾਂ ਉਸੇ ਹਾਲਤ ਵਿਚ ਆ ਦਰਸ਼ਨ ਦਿੱਤੇ। ਇੰਜ ਹੀ ਭਾਈ ਰਾਇ ਸਿੰਘ ਦੇ ਯਾਦ ਕਰਨ ਤੇ ਜੰਗਲ ਵਿਚ ਜਾ ਕੇ ਉਸਦੀ ਸਹਾਇਤਾ ਕੀਤੀ।

ਪਰ ਅੱਜ ਕਿੰਨੇ ਕੁ ਲੋਕ ਹਨ ਜੁ ਏਨੇ ਦਰਸ਼ਨ ਪਿਆਸੇ ਹੋਣ! ਐਸ ਵੇਲੇ ਮਾਇਆ ਦਾ ਜੁਗ ਹੈ। ਹਰ ਜਗਹ ਮਾਇਆ ਦੀ ਪ੍ਰਧਾਨਤਾ ਹੈ। ਕੋਠੀਆਂ, ਕਾਰਾਂ, ਨੌਕਰ ਚਾਕਰ! ਜੀ ਕਰਦੇ ਅਸੀਂ ਰਾਤੋਂ ਰਾਤ ਉਰ੍ਹਾਂ ਅਮੀਰ ਹੋ ਜਾਈਏ। ਇਸ ਮਾਇਆ ਦੀ ਆਕਰਸ਼ਣ ਵਾਸਤੇ ਬੰਦਾ ਕਿਤੋਂ ਵੀ ਛਾਲ ਮਾਰ ਸਕਦਾ ਹੈ। ਵੇਖ ਲਓ, ਹਿੰਦੂ ਸੰਸਕ੍ਰਿਤੀ ਦੀ ਦੁਹਾਈ ਦੇਣ ਵਾਲੇ ਵੀ ਆਪਣੇ ਬਾਲ ਬੱਚੇ ਸਮੇਤ ਪਹਿਰਾਵਾ, ਖਾਨ ਪਾਣ ਤੇ ਰਹਿਣ ਸਹਿਣ ਹੋਰ ਢੰਗਾਂ ਦਾ ਕੀਤੀ ਜਾ ਰਹੇ ਹਨ। ਹਿੰਦੂ ਸੰਸਕ੍ਰਿਤੀ ਨੂੰ ਸਮਝਣ ਵਾਲੇ ਮਦਨ ਮੋਹਨ ਮਾਲਵੀਆ ਜੀ ਜੈਸੇ ਯੂਰਪ ਜਾਂਦਿਆਂ ਵੀ ਪੂਰੇ ਭਾਰਤੀ ਰਹੇ। ਹੱਥ ਸੁਕਮਾਂਜ ਕਰਨ ਲਈ ਨਾਲ ਰੇਤਾ ਲੈ ਗਏ। ਅੱਜ ਇਹਨਾਂ ਗੱਲਾਂ ਤੇ ਸਾਨੂੰ ਹਾਸਾ ਜਾਂ ਸ਼ਰਮ ਆਉਂਦੀ ਹੈ।

*ਰਾਰਾ ਰੰਗਹੁ ਇਆ ਮਨੁ ਅਪਨਾ...*

ਇਹ ਨਾਮ ਨਹੀਂ। ਇਹ ਬਾਣੀ ਹੈ। ਅਤੇ ਦੱਸਦੀ ਹੈ ਕਿ ਕੀ ਕਰੋ। ਨਾਮ ਜਪਣ ਲਈ ਪ੍ਰੇਰਿਤ ਕਰਦੀ ਹੈ। ਪਰ ਕੀ ਅਸੀਂ ਨਾਮਧਾਰੀ ਜਿਨ੍ਹਾਂ ਦਾ ਨਾਂ ਹੀ ਨਾਮ ਦੇ



Sri Satguru Jagjit Singh Ji Elibrary NamdhariElibrary@gmail.com

ਆਧਾਰ ਵਾਲਾ ਹੈ ਕਿਨਾ ਕੁ ਮਨ ਰੋਗੀ ਬੈਠੇ ਹਾਂ। ਭਜਨ ਕਰੋ, ਮਨੁੱਖਾ ਜੀਵਨ ਦਾ ਇਹੋ ਲਾਹ ਹੈ।

ਸਤਿਗੁਰੂਆਂ ਦੇ ਦਰਸ਼ਨ ਦੁਰਲਭ ਹਨ। ਇਹਨਾਂ ਵਾਸਤੇ ਜਤਨ ਕਰਦੇ ਰਹਿਣਾ ਚਾਹੀਦਾ ਹੈ। ਸ਼ੁਧ ਮਨ ਨੂੰ ਅਵੱਸ਼ ਦਰਸ਼ਨ ਹੋ ਸਕਦੇ ਹਨ। ਸਾਡੇ ਡਰਾਈਵਰ ਗੁਰਮਖ ਸਿੰਘ ਨੇ ਭੋਲੇ ਭਾ ਹੀ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰ ਲਏ !

ਸਾਰੇ ਹੀ ਇਕ ਘੰਟਾ ਨਾਮ ਸਿਮਰਨਾ ਜ਼ਰੂਰੀ ਬਣਾਓ ਅਤੇ ਘਰ ਪ੍ਰਤੀ ਹਰ ਮਹੀਨੇ ਇਕ ਪਾਠ !

ਸ੍ਰੀ ਸਤਿਗੁਰੂ ਜੀ ਨੇ ਏਨੇ ਕੁ ਸ਼ਬਦਾਂ ਨਾਲ ਹੀ ਕਥਨ ਦੀ ਸਮਾਪਤੀ ਕਰ ਦਿਤੀ।

ਸਾਧ ਸੰਗਤ ਨੂੰ ਰੱਜ ਨਹੀਂ ਸੀ ਆ ਰਿਹਾ- ਪਰ ਪ੍ਰੋਗਰਾਮ ਅਨੁਸਾਰ ਬਾਹਰ ਗੱਡੀਆਂ ਇੰਤਜ਼ਾਰ ਵਿਚ ਸਨ।

ਸਤਿਗੁਰੂ ਜੀ ਨੇ ਜਲਪਾਨ ਸੂਬਾ ਜੀ ਦੇ ਘਰੋਂ ਛਕ ਕੇ, ਅਸਾਂ ਖੁਲ੍ਹੇ ਲੋਕਾਂ ਨੇ ਸ. ਤਰਲੋਕ ਸਿੰਘ -ਸਵਰਨ ਕੌਰ ਪਰਵਾਰ ਦੀ ਸੇਵਾ ਪਰਵਾਨ ਕਰਕੇ ਸ਼ੰਕਰ ਗੰਧਰਵ ਮਹਾਂਵਿਦਿਆਲਾ ਵਿਚ ਜਾ ਪਰਵੇਸ਼ ਕੀਤਾ। ਇਹ ਮਹਾਂ ਵਿਦਿਆਲਾ ਲਸ਼ਕਰ ਦੇ ਖੇਤਰ ਵਿਚ ਹੈ। ਜਿਹੜੀ ਆਬਾਦੀ ਬੜੀ ਫਬਵੀਂ ਤੇ ਵਧੀਆ ਪ੍ਰਭਾਵ ਪਾਉਂਦੀ ਹੈ।

ਪੰ: ਕ੍ਰਿਸ਼ਨਾ ਰਾਓ ਸ਼ੰਕਰ (93) ਜੀ ਨੂੰ ਮਹਾਂ ਵਿਦਿਆਲੇ ਵਿਚ ਹੀ ਬੁਲਾਇਆ ਗਿਆ ਸੀ। ਮਹਾਂਵਿਦਿਆਲਾ ਦੇ ਪ੍ਰਿੰਸੀਪਲ ਸ੍ਰੀ ਚੰਦ੍ਰ ਕਾਂਤ ਕ੍ਰਿਸ਼ਨਾ ਰਾਓ ਆਪਣੇ ਕੁਛ ਸਾਥੀਆਂ ਨਾਲ ਸਤਿਗੁਰੂ ਜੀ ਦਾ ਸੁਆਗਤ ਕਰਨ ਹਿਤ ਗੱਡੀਓਂ ਉਤਰਦਿਆਂ ਹੀ ਆਪਣੇ ਨਾਲ ਲੈ ਤੁਰੇ ਅਤੇ ਸਕੂਲ ਦੇ ਸਭਾ ਹਾਲ ਵਿਚ ਲੈ ਗਏ ਜਿਥੇ ਅਗੇ 30-35 ਸਰੋਤਿਆਂ ਨੂੰ ਪਿੱਠ ਦੇਈ ਕੋਈ ਸੱਜਣ ਫਰੇਮਡ ਤਸਵੀਰਾਂ ਦੇ ਸਾਹਵੇਂ ਭਜਨ ਗਾ ਰਿਹਾ ਸੀ। ਇਹਨਾਂ ਵਿਚ ਇਕ ਮੂਰਤੀ ਵੀ ਸੀ।

ਸ੍ਰੀ ਸਤਿਗੁਰੂ ਜੀ ਇਸ ਸਭਾ ਹਾਲ ਵਿਚ 6.30 ਵਜੇ ਪਧਾਰੇ। ਆਪ ਜੀ ਨੂੰ ਗਦੈਲੇ ਵਾਲਾ ਆਸਣ ਦੇ ਦਿਤਾ ਗਿਆ। ਸੱਚੇ ਪਾਤਸ਼ਾਹ ਜੀ ਨੇ ਆਪਣੇ ਨਜ਼ਦੀਕ ਹੀ ਸ੍ਰੀ ਕ੍ਰਿਸ਼ਨਾ ਰਾਓ ਜੀ ਨੂੰ ਬੈਠਾ ਲਿਆ। ਅਸੀਂ ਨਾਲ ਗਏ ਹੋਏ 15 ਕੁ ਵਿਅਕਤੀ ਵੀ ਪ੍ਰੇਮ ਪੂਰਵਕ ਬੈਠ ਗਏ ਤੇ ਵਕਤਾ ਸੱਜਣ ਨੂੰ ਸੁਣਨ ਲਗੇ।

ਕਥਾ ਵਾਚਕ ਤੇ ਭਜਨ ਗਾਇਕ ਸ੍ਰੀ ਮਾਧੋ ਰਾਓ ਬੂਆ ਖਾਸ ਕਰ ਉੱਚਾ ਲੰਮਾ, ਗੋਰਾ ਨਛੋਹ, ਜ਼ਰਾ ਕੁ ਅੰਦਰ ਨੂੰ ਹੋਏ ਮੁੰਨੇ ਡੱਬੇ ਮੂੰਹ ਵਾਲਾ ਛੇ ਲਿਲਾਟ ਤੇ ਤਿਲਕ ਨਾਲ ਸਿਤਰਦੀ ਗੋਰੀ ਪੱਗ ਅਤੇ ਗਲੇ ਵਿਚ ਮਦਰਾਸੀਆਂ ਵਾਂਗ ਇਕ ਲਾਈਨਦਾਰ ਪਟਕਾ ਲਟਕਾਈ ਖਲਾ ਸਤਿਗੁਰੂ ਜੀ ਵੱਲ ਸਨੇਹ ਦ੍ਰਿਸ਼ਟੀ ਨਾਲ ਵੇਖਦਾ ਬੜੇ ਸੁਰ ਅਤੇ ਰਾਗਾਤਮਿਕ ਕਥਾ ਕਰ ਰਿਹਾ ਸੀ। ਅਜ ਦੱਤਾ ਤ੍ਰੇਈ ਦਾ ਜਨਮ ਦਿਹਾੜਾ ਹੈ। ਇਸ ਉਪਲਕਸ਼ ਵਿਚ ਰਾਤ ਦਾ ਸੰਕੀਰਤਨ ਚਲ ਰਿਹਾ ਸੀ। 20 ਕੁ ਮਿੰਟ ਸਤਿਗੁਰੂ ਜੀ ਨੇ ਕਥਾਕਾਰ ਨੂੰ ਪ੍ਰੇਮ ਪੂਰਵਕ ਸੁਣਿਆ। ਚਲਦੇ ਪ੍ਰਸੰਗ ਵਿਚ ਉਹ ਸਤੀ ਅਨੁਸੂਇਆ ਦੀ ਪ੍ਰਤੀਵ੍ਰਤਤਾ ਦਾ ਵਰਣਨ ਕਰ ਰਿਹਾ ਸੀ ਕਿ ਉਸਨੂੰ ਰੋਕ ਦਿਤਾ ਗਿਆ ਅਤੇ



Sri Satguru Jagjit Singh Ji Elibrary NamdhariElibrary@gmail.com

ਪ੍ਰਬੰਧਕਾਂ ਨੇ ਜਿਨ੍ਹਾਂ ਵਿਚੋਂ ਮਹਾਂਵਿਦਿਆਲਾ ਦੇ ਪ੍ਰਿੰਸੀਪਲ ਸ੍ਰੀ ਕਾਂਤ ਹੀ ਪ੍ਰਧਾਨ ਸਨ, ਦੇ ਇਕ ਸਾਥੀ ਨੇ ਫੁੱਲਾਂ ਨਾਲ ਭਰੀ ਅਗਰ ਬੱਤੀ ਧੁਖਦੀ ਇਕ ਥਾਲੀ ਲੈ ਸ੍ਰੀ ਸਤਿਗੁਰੂ ਜੀ ਦੇ ਮਸਤਕ ਤੇ ਟੀਕਾ ਲਗਾਇਆ (ਜਿਸਨੂੰ ਸਤਿਗੁਰੂ ਜੀ ਨੇ ਤਾਂ ਤੁਰਤ ਸਾਫ਼ ਕਰ ਦਿੱਤਾ ) ਫਿਰ ਸਾਡੇ ਤਮਾਮ ਸਿੰਘਾਂ ਦੇ ਮੱਥੇ ਟੀਕੇ ਗਏ।

6.40 ਤੇ ਪੰ: ਚੰਦ੍ਰਕਾਂਤ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਫੁਲ-ਹਾਰ ਪਹਿਨਾਅ ਕੇ ਆਪਣੀ ਸੰਸਥਾ ਵਲੋਂ ਸੁਆਗਤ ਕੀਤਾ। ਫਿਰ ਇਕ ਹਾਰ ਸ੍ਰੀ ਸਤਿਗੁਰੂ ਜੀ ਦੁਆਰਾ ਸ੍ਰੀ ਕਿਸ਼ਨਾ ਰਾਓ ਸ਼ੰਕਰ ਪੰਡਿਤ ਨੂੰ ਪਹਿਨਾਇਆ ਗਿਆ। ਫਿਰ ਪੰ: ਕ੍ਰਿਸ਼ਨਾ ਰਾਓ ਨੇ ਆਪ ਬ੍ਰਿਧ ਵਸਥਾ ਦੀ ਪਰਵਾਹ ਨਾ ਕਰਦਿਆਂ ਉਠਕੇ ਸੱਚੇ ਪਾਤਸ਼ਾਹ ਜੀ ਨੂੰ ਹਾਰ ਪਹਿਨਾਅ ਸੁਆਗਤ ਕੀਤਾ। ਫਿਰ ਪੁਤ੍ਰ ਨੇ ਪਿਤਾ ਜੀ ਦਾ ਇੰਜ ਹੀ ਸਤਿਕਾਰ ਕੀਤਾ। ਪੰਡਿਤ ਜੀ ਗਰਮ ਕੁਰਤੇ ਪਜ਼ਾਮੇ ਅਤੇ ਟੋਪੀ ਨਾਲ ਭਾਰੇ ਕੰਬਲ ਦੀ ਬੁਕਲ ਮਾਰੀ ਸ੍ਰੀ ਸਤਿਗੁਰੂ ਜੀ ਦੇ ਅਗ੍ਰਹਿ ਤੇ ਕੋਲ ਬੈਠ ਗਏ।

ਸ੍ਰੀ ਸਤਿਗੁਰੂ ਜੀ ਨੇ ਸ਼੍ਰੀ ਮਾਧੋ ਰਾਓ ਦੇ ਕਥਾ ਵਾਚਨ ਤੇ ਸੁਰੀਲੇ ਗਾਇਨ ਅਤੇ ਵਿਵਧ ਰਾਗਾਂ ਵਿਚ ਪੇਸ਼ਕਾਰੀ ਨੂੰ ਵਾਹਵਾ ਹੀ ਪਸੰਦ ਕੀਤਾ। ਆਪ ਜੀ ਨੇ ਕਹਿਕੇ ਸ੍ਰੀ ਮਾਧੋ ਰਾਓ ਤੋਂ ਅਗਲਾ ਪ੍ਰਸੰਗ ਸੁਣਿਆ ਨਹੀਂ ਤਾਂ ਤਿੰਨੇ ਦੇਵਤੇ, ਬ੍ਰਹਮਾ, ਵਿਸਨੂੰ, ਮਹੇਸ਼, ਮਾਨਸੂਇ ਦੇ ਦੁਆਰ ਤੇ ਬੱਚੇ ਹੀ ਬਣੇ ਰਹਿਣੇ ਸਨ।

ਸ੍ਰੀ ਮਾਧੋ ਰਾਓ ਬੂਆ ਖਾਸ ਕਰ ਕੇ ਆਖਿਆ ਕਿ ਉਸਦੇ ਅਜ ਮਹਾਉਤਮ ਭਾਗ ਹਨ ਕਿ ਉਸਨੇ ਗੁਰੂ ਮਹਾਰਾਜ ਜੀ ਦੇ ਸਨਮੁਖ ਕਥਾ ਰੂਪ ਤੇ ਭਜਨ ਰੂਪ ਵਿਚ ਕੁਛ ਸ਼ਬਦ ਆਖੇ ਹਨ। ਸਮਾਪਤੀ ਸਮੇਂ ਸਤਿਗੁਰੂ ਜੀ ਨੇ ਸਭ ਦਾ ਮਾਣ ਰੱਖਣ ਲਈ ਉਠਕੇ ਆਪ ਮੂਰਤੀ ਨੂੰ ਪੁਸ਼ਪ ਭੇਟ ਕੀਤੇ ਸਤਿਗੁਰੂ ਜੀ ਵਲ ਵੇਖ ਸਿੰਘਾਂ ਨੇ ਵੀ, ਇਸੇ ਹਾਲ ਵਿਚ ਬਣੇ ਮੰਦਰ-ਸਥਾਨ ਦਾ ਫੁੱਲਾਂ ਨਾਲ ਸਨਮਾਨ ਕੀਤਾ।

7.30 ਤਕ ਅਨੁਸੂਇਆ ਕਥਾ ਸਮਾਪਤ ਹੋਈ ਤਾਂ ਦੀਨ ਦਿਆਲ ਜੀ ਨੇ ਕ੍ਰਿਪਾ ਪੁਸ਼ਪ ਬਖੇਰੇ। ਆਪ ਜੀ ਦਾ ਸੰਖੇਪ ਕਥਨ:

ਸੰਗੀਤ ਦੀ ਸ਼ਕਤੀ ਅਪਰੰਪਾਰ ਹੈ। ਸੱਪ ਸਰੀਖੇ ਵਿਰਲੇ ਜੀਵ ਭੀ ਸੰਗੀਤ ਦੇ ਜਾਦੂ ਨੂੰ ਪਰਵਾਨਦੇ ਹਨ। ਸਤਿਗੁਰੂਆਂ ਨੇ ਭੀ ਇਸੇ ਮਹੱਤਤਾ ਨੂੰ ਮਾਨਤਾ ਦਿਤੀ ਹੈ,

*ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ।*
*ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੁਝਿਆ ਜਾਇ।*

"ਮੇਰਾ ਜੀ ਕਰਦਾ ਹੈ ਕਿ ਕ੍ਰਿਸ਼ਨ ਚਰਿਤਰ ਨੂੰ ਵਰਣਨ ਕਰਦਿਆਂ ਕੋਈ ਧਮਾਰ ਗਾਵੇ ਤੇ ਧਮਾਰ ਵਿਚ ਨੱਚੇ, ਪਰ ਅਜੇ ਤਕ ਕਿਤੇ ਵੀ ਐਸਾ ਵੇਖਣ ਸੁਣਨ ਨੂੰ ਨਹੀਂ ਮਿਲਿਆ। ਪ੍ਰੇਮ ਅਤੇ ਸੰਗੀਤ ਵਸੀਕਾਰ-ਮੰਤਰ ਹਨ। ਤੇ ਵਿਸ਼ਧਾਰੀ ਸਰਪ ਪ੍ਰੇਤ ਅਤੇ ਸੰਗੀਤ ਨਾਲ ਮੋਹੇ ਜਾ ਸਕਦੇ ਹਨ ਤਾਂ ਭਗਵਾਨ ਕਿਉਂ ਨਹੀਂ ਅਧੀਨ ਕੀਤੇ ਜਾ ਸਕਦੇ।

ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਏਥੇ ਰਾਗ ਨੂੰ ਜਾਨਣ ਵਾਲੇ ਅਤੇ ਇਸਦੀ ਵਰਤੋਂ ਅੱਛੇ ਕਾਰਜਾਂ ਲਈ ਕਰਨ ਵਾਲੇ ਬੈਠੇ ਹੋਏ ਹਨ। ਸੰਗੀਤ ਦੀ ਭਗਵਾਨ ਸਤੁਤੀ ਲਈ



Sri Satguru Jagjit Singh Ji Elibrary NamdhariElibrary@gmail.com

ਵਰਤੋਂ ਕਰਨੀ ਅੱਛਾ ਪਾਸਾ ਹੈ, ਅਸ਼ਲੀਲਤਾ ਨੂੰ ਪਰਸਾਰਨ ਲਈ ਇਹਦੀ ਵਰਤੋਂ ਕਰਨਾ ਮਾੜੀ ਗੱਲ ਹੈ।

*"ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ।"* ਭਾਈ ਗੁਰਦਾਸ ਨੇ ਆਪਣੇ ਕਥਿਤ ਸਵੱਈਆਂ ਵਿਚ ਬੜਾ ਸੁੰਦਰ ਵਰਣਨ ਕੀਤਾ ਹੈ... *ਕਾਹੂ ਕੀ ਸੰਗਤ ਮਿਲਿ ਜੀਵਨ ਮੁਕਤ ਭਏ, ਕਾਹੂ ਕੀ ਸੰਗਤ ਮਿਲਿ ਜਮਪੁਰ ਜਾਤ ਹੈ।*

ਏਥੇ ਉਹ ਮਾਹੌਲ ਹੈ ਜਿਥੇ ਪ੍ਰਭੂ ਦੀ ਸੰਗੀਤਮਈ ਚਰਚਾ ਹੈ। ਮੈਨੂੰ ਇਸ ਗੱਲ ਦੀ ਬੜੀ ਪ੍ਰਸੰਨਤਾ ਹੈ।"

ਸਤਿਗੁਰੂ ਜੀ ਦੇ ਸੰਖੇਪ ਕਥਨ ਨੂੰ ਸੁਣਕੇ ਪੰ: ਕ੍ਰਿਸ਼ਨਾ ਰਾਓ ਸ਼ੰਕਰ ਬਹੁਤ ਆਨੰਦ ਵਿਚ ਸਨ। ਅੱਜ ਉਨ੍ਹਾਂ ਦੀ ਖੁਸ਼ੀ ਨੂੰ ਵਿਅਕਤ ਕਰਨ ਵਾਲੇ ਸ਼ਬਦ 'ਵਾਹ ਵਾਹ ' ਨੂੰ ਸਭਾ ਦੇ ਅੰਤ ਤਕ ਸੁਨਣ ਦਾ ਅਵਸਰ ਮਿਲਿਆ। ਬਹੁਤਾ ਕੁਛ ਕਹਿਣ ਦੀ ਥਾਂ ਉਹ ਏਸੇ ਸ਼ਬਦ ਨਾਲ ਬਲਿਹਾਰ ਹੋ ਲੈਂਦੇ।

ਹੁਣ 7.30 ਵਜੇ ਸ੍ਰੀ ਚੰਦ੍ਰਕਾਂਤ ਨੇ ਵਿਧੀਵਤ ਐਲਾਨ ਕੀਤਾ ਕਿ ਸੰਗੀਤ ਸਭਾ ਜਾਰੀ ਹੋਣ ਲਗੀ ਹੈ ਤੇ ਇਸਦਾ ਆਰੰਭ ਉਸਤਾਦ ਹਰਭਜਨ ਸਿੰਘ ਸਿਤਾਰਵਾਦਨ ਨਾਲ ਕਰਨਗੇ, ਜਿਨ੍ਹਾਂ ਦੀ ਤਬਲੇ ਤੇ ਸੰਗਤ ਸ. ਅਵਤਾਰ ਸਿੰਘ ਕਰਨਗੇ।

ਸਿਤਾਰ ਸੁਰ ਹੁੰਦਿਆਂ ਪੰ: ਕ੍ਰਿਸ਼ਨਾ ਰਾਓ ਜੀ ਨੇ ਮਹਾਰਾਜ ਬੀਰ ਸਿੰਘ ਜੀ ਨੂੰ ਯਾਦ ਕੀਤਾ ਜਿਹੜੇ ਉਨ੍ਹਾਂ ਦੇ ਘਰ ਜਾ ਕੇ ਮਿਲੇ ਸਨ ਅਤੇ ਨਾਲ ਹੀ ਦੱਸਿਆ ਹਮਾਰੀ ਬੇਟੀ ਬੀਬਾ ਜੀ ਸਾਹਿਬ ਕੌਰ ਕੇ ਘਰ ਲੜਕਾ ਹੂਆ ਸੁਣ ਬਹੁਤ ਖੁਸ਼ੀ ਹੁਈ! ਸਤਿਗੁਰੂ ਜੀ ਨੇ ਦਸਿਆ ਕਿ ਹੁਣ ਤਾਂ ਬੱਚਾ 5 ਸਾਲ ਦਾ ਹੋ ਗਿਆ ਹੈ ਤੇ ਸੰਗੀਤ ਵੀ ਸਿਖਣ ਲਗ ਪਿਆ ਹੈ।

ਇਸ ਦੌਰਾਨ ਪੰ: ਮਾਧੋ ਰਾਓ ਧਾਮੀਕਰ ਨੇ ਆ ਚਰਨਾਂ ਵਿਚ ਨਮਸਕਾਰ ਕੀਤੀ ਅਤੇ ਹੱਥ ਜੋੜ ਅਰਜ਼ ਕੀਤੀ ਕਿ ਉਹਦੇ ਮੰਦਰ ਸ੍ਰੀ ਲਕਸ਼ਮੀ ਨਰਾਇਣ ਮੰਦਰ ਵਿਚ ਜ਼ਰੂਰ ਦਰਸ਼ਨ ਦਿਤੇ ਜਾਣ ਅਤੇ ਨਾਲ ਹੀ ਉਸ ਮੰਦਰ ਜਾਣ ਦੀ ਆਗਿਆ ਮੰਗੀ। ਸਤਿਗੁਰੂ ਜੀ ਨੇ ਪੰ: ਜੀ ਦੇ ਕਥਾ ਵਾਚਨ ਤੇ ਸੰਗੀਤਾਤਮਕਾ ਦੀ ਪ੍ਰਸੰਸਾ ਕੀਤੀ। ਆਗਿਆ ਦਿੰਦਿਆਂ ਇਕਰਾਰ ਵੀ ਕੀਤਾ ਮੰਦਰ ਪਧਾਰਨ ਦਾ।

ਏਧਰ ਹਰਭਜਨ ਸਿੰਘ ਨੇ ਯਮਨ ਦੀਆਂ ਸੁਰਾਂ ਨਾਲ ਸਿਤਾਰ ਵਾਦਨ ਬੜਾ ਪ੍ਰਭਾਵਸ਼ਾਲੀ ਕੀਤਾ। ਸਤਿਗੁਰੂ ਜੀ ਤੇ ਪੰਡਿਤ ਜੀ ਬਹੁਤ ਖੁਸ਼ ਹੋਏ। ਮੈਂ ਸਤਿਗੁਰੂ ਜੀ ਦੇ ਨੇਤਰਾਂ ਨਾਲ ਅੱਖਾਂ ਮਿਲਾਈਆਂ ਤਾਂ ਆਪ ਜੀ ਨੇ ਮੇਰੇ ਕੰਨਾਂ ਵਿਚ ਬਚਨ ਕੀਤਾ: ਬੜੇ ਜ਼ੋਰ ਨਾਲ ਕਹਿ ਕੇ ਹਰਭਜਨ ਨੂੰ ਵਜਾਉਣ ਲਾਈਦਾ ਹੈ। ਸੁਹਣਾ ਵਜਾਂਦਾ ਹੈ, ਫਿਰ ਵੀ ਘਬਰਾਂਦਾ ਹੈ। ਪੰਡਿਤ ਕ੍ਰਿਸ਼ਨ ਰਾਓ ਬੋਲੇ: ਵਾਹ ਵਾਹ, ਵਾਹ ਵਾਹ, ਬਹੁਤ ਅੱਛਾ, ਕਿਆ ਤਿਆਰ ਵਜਾਤਾ ਹੈ। ਅਤੇ ਨਾਲ ਹੀ ਕਿਹਾ: ਮਹਾਰਾਜ ਪ੍ਰਤਾਪ ਸਿੰਘ ਜੀ ਕੇ ਸਮੇਂ ਸੇ ਹੀ ਆਪ ਨੇ ਤੋਂ ਸ਼ਾਸਤ੍ਰੀ ਸੰਗੀਤ ਕਾ ਪ੍ਰਵਾਹ ਚਲ ਰਖਾ ਹੈ।

ਫਿਰ ਸ੍ਰੀ ਮੋਹਣ ਸਿੰਘ-ਸੁਖਦੇਵ ਸਿੰਘ ਨੇ ਬੜੀ ਮੁਗਧਕਾਰੀ ਬਾਗੇਸ਼ਰੀ ਸੁਣਾਈ। ਤਬਲੇ ਤੇ ਅਵਤਾਰ ਸਿੰਘ ਦੇ ਨਾਲ ਹੀ 8.10 ਤੇ 'ਕਵਨ ਗਤ ਮੇਰੀ' ਵਡਾ ਖਿਆਲ



Sri Satguru Jagjit Singh Ji Elibrary NamdhariElibrary@gmail.com

ਏਰੀ ਮੈਂ ਕੈਸੇ ਘਰ ਜਾਊਂ" ਛੋਟਾ ਖਿਆਲ ਤੀਸਰੀ ਬੰਦਸ਼ 'ਆਵਨ ਕਹਿ ਗਏ ਅਜਹੂ ਨ ਆਏ ਮੋਰੇ ਬਾਲਮ', ਤਿੰਨਾ ਲੈਆਂ ਵਿਚ ਤਾਨਾ, ਪਲਟਿਆਂ, ਸਰਗਮਾਂ ਦਾ ਐਸਾ ਸ਼ਾਨਦਾਰ ਪ੍ਰਸਤੁਤੀਕਰਣ ਕਿ ਹੁਣ ਤਕ 25 ਦੀ ਗਿਣਤੀ ਵਿਚ ਜੁੜ ਚੁਕੇ ਸਮਝਦਾਰ ਸਰੋਤੇ ਹੈਰਾਨ ਹੋ ਗਏ- ਸਿਖ ਬੱਚੇ ਐਨਾ ਸੁਹਣਾ ਗਾ ਸਕਦੇ ਹਨ। ਤਾਲੀਆਂ ਦੀ ਕੜਕੁੱਟ ਵਿਚ ਮਿਸ਼ਰਾ ਬੰਧੂਆਂ ਦੇ ਸ਼ਾਗਿਰਦਾਂ ਨੇ ਬਾਗੇਸ਼ਰੀ ਤੋਂ ਵਿਦਾ ਲਈ। 9 ਵਜ ਗਏ।

ਰਾਮ ਜੀ ਮਿਸ਼ਰਾ ਭਾਵੇਂ ਅਜੇ ਤਕ ਦਿਮਾਗੀ ਤੌਰ ਤੇ ਠੀਕ ਨਹੀਂ ਹੋਏ ਪਰ ਹੁਣ ਵਿਅਕਤਿਤਵ ਉਘੜ ਆਇਆ ਹੈ। ਸੁਹਣਾ ਖਾਣ, ਵਧੀਆ ਪਹਿਰਨ। ਪਰ ਇਸ ਬੰਦੇ ਦੀ ਖ਼ੂਬੀ ਹੈ ਕਿ ਤਬਲੇ ਵਿਚ ਇਸਦੀ ਮਿਸਾਲ ਇਹੋ ਹੈ। ਪੰ: ਅਨੋਖੇ ਲਾਲ ਦਾ ਬਾਲ ਸਜੀਵ, ਵਿਵਧਤਾ ਪੂਰਣ ਤੇ ਮਨਮੋਹਕ ਹੈ। ਇਹ ਪੈਤ੍ਰਿਕ ਵਸਤੂ ਰਾਮ ਜੀ ਮਿਸ਼ਰਾ ਨੇ ਕਿਸੇ ਤਰ੍ਹਾਂ ਸੰਭਾਲ ਰਖੀ ਹੈ। ਮੰਚ ਸੰਚਾਲਕ ਪੰ: ਚੰਦਰਕਾਂਤ ਨੇ ਰਾਮ ਜੀ ਮਿਸ਼ਰਾ ਨੂੰ ਤਬਲੇ ਲਈ ਪੁਕਾਰਿਆ ਤਾਂ ਤਾਲੀਆਂ ਇਕ ਵਾਰ ਫਿਰ ਗੂੰਜੀਆਂ। ਜਿਸ ਰਾਮ ਜੀ ਮਿਸ਼ਰਾ ਨੂੰ, ਸ਼ਾਇਦ, ਆਪਣੀ ਲਾਚਾਰਗੀ ਕਰਕੇ, ਬਨਾਰਸੋਂ ਬਾਹਰ ਪੈਰ ਧਰਨ ਦਾ ਅਵਸਰ ਨਾ ਮਿਲਦਾ, ਉਹ ਅੱਜ ਸ੍ਰੀ ਸਤਿਗੁਰੂ ਜੀ ਸਦਕਾ ਦੇਸ ਦੇ ਕੋਨੇ ਕੋਨੇ ਵਿਚ ਪਹੁੰਚਣ ਵਾਲਾ ਹੈ। ਰਾਮ ਜੀ ਨੇ ਕੱਲ ਠੀਕ ਹੀ ਕਿਹਾ ਸੀ ਕਿ ਸਤਿਗੁਰੂ ਜੀ ਨੇ ਕਿਰਪਾ ਕਰਕੇ ਉਸਨੂੰ ਦੇਸ਼ ਦੇ ਕਈ ਭਾਗ ਵਖਾ ਦਿਤੇ ਹਨ।

ਅੱਜ ਉਹ ਦੇਸ ਦੇ ਵਇਓ ਵ੍ਰਿੱਧ ਸੰਗੀਤਕਾਰ ਕ੍ਰਿਸ਼ਨਾ ਰਾਓ ਸ਼ੰਕਰ ਪੰਡਤ ਦੇ ਸਨਮੁਖ ਵਿਵਧ ਪ੍ਰਕਾਰੀ ਤਬਲਾ ਬੋਲ ਸੁਣਾ ਰਿਹਾ ਹੈ। ਸਾਰੇ ਕਦਰਦਾਨ ਸਰੋਤੇ ਉਸਦੀ ਗਤੀ-ਲੀਲ੍ਹਾ ਤੇ ਝੂਮ ਰਹੇ ਹਨ। ਨਿਕੇ ਜਿਹੇ ਕੱਦ ਕਾਠ ਤੇ ਪਤਲੀ ਜਿਹੀ ਕਾਇਆ ਵਾਲਾ ਰਾਮ ਜੀ ਮਿਸ਼ਰਾ ਅਜ ਜ਼ਰੂਰ ਹੀ ਦੋ ਗੋਲੀਆਂ ਭੰਗ ਦੀਆਂ ਖਾ ਆਇਆ ਹੋਵੇਗਾ- ਅੱਖਾਂ ਪੁਟਣੀਆਂ ਮੁਹਾਲ ਸੂ। ਪਰ ਤਲੀਆਂ ਅਤੇ ਉਂਗਲਾਂ ਦੀ ਕਰਾਮਾਤ ਨਾਲ ਤਬਲੇ ਦੇ ਧਾਮੇ ਪੁੜੇ ਤੋਂ ਨਵੀਂ ਤੋਂ ਨਵੀਂ ਰਚਨਾ ਪੇਸ਼ ਕੀਤੀ ਜਾ ਰਿਹਾ ਹੈ। ਹਰ ਵਾਰ ਨਵੇਂ ਬੋਲ, ਨਵਾਂ ਚੱਕਰ। ਅਡੋਲ ਬੈਠੇ ਦੇ ਚਿਹਰੇ ਤੋਂ ਮੁੜਕੇ ਦੀਆਂ ਤਤੀਰੀਆਂ ਵਗ ਪਈਆਂ ਹਨ। ਤਾਲੀਆਂ ਦੁਆਰਾ ਬਾਜੂ, ਬਾਜੂ ਦੁਆਰਾ ਰੁਖ ਮਸਤਕ ਦੀ ਸ਼ਕਤੀ ਨੇ ਇਕ ਸੰਤੁਲਤ ਵਾਦਨ ਨੂੰ ਜਨਮ ਦੇ ਦਿਤਾ ਹੈ। ਨਵੇਂ ਤੋਂ ਨਵੇਂ ਬੋਲ ਵਜਦਿਆਂ ਪੌਣਾ ਘੰਟਾ ਲੰਘ ਗਿਆ ਅਤੇ ਹੋਰ ਪੰਜ ਮਿੰਟਾਂ ਬਾਅਦ ਸਮਾਪਤੀ ਹੋ ਗਈ। ਫਿਰ ਤਾਂ ਜਿਵੇਂ ਤਾਲੀਆਂ ਦੀ ਵਾਛੜ ਹੋ ਗਈ।

9.50 ਹੋ ਗਏ ਤਾਂ ਵਾਰੀ ਆਈ ਨਵੋਦਿਤ ਕਲਾਕਾਰ ਬਲਜੀਤ ਸਿੰਘ ਦੀ। ਤਾਰ ਸ਼ਹਿਨਾਈ ਉਤੇ ਅਵਤਾਰ ਸਿੰਘ ਦੀ ਤਬਲਾ ਸੰਗਤ ਨਾਲ ਰਾਗ ਬਿਹਾਗ ਨੇ ਬੜੀ ਖ਼ੂਬਸੂਰਤੀ ਨਾਲ ਸ੍ਰੋਤਿਆਂ ਦੇ ਹਿਰਦੇ ਮੱਲ ਲਏ। ਬਲਜੀਤ ਦੇ ਅੰਦਰ ਜਿਵੇਂ ਕੋਈ ਬਿਰਹਾ ਵੇਦਨਾ ਹੈ ਉਸਦਾ ਪ੍ਰਗਟਾਵਾ ਉਹ ਪੋਟਿਆਂ ਅਤੇ ਗਜ਼ ਦੇ ਸੁਮੇਲ ਨਾਲ



Sri Satguru Jagjit Singh Ji Elibrary NamdhariElibrary@gmail.com

ਕਰਦਾ ਹੈ। ਸਾਰਿਆਂ ਉਤੇ ਹੀ ਕਲਾਕਾਰ ਦੇ ਕਰਮ ਦਾ ਜਾਦੂ ਸੀ। 10.45 ਤਕ ਤਾਰ ਸ਼ਹਿਨਾਈ ਚਲਦੀ ਰਹੀ।

ਸਤਿਗੁਰੂ ਜੀ ਦਾ ਇਕ ਜਵਾਨ ਮੁਸ਼ਤਾਕ ਸ੍ਰੀ ਉਮਾ ਸ਼ੰਕਰ, ਜਿਸਨੇ ਇਕ ਦੋ ਵਾਰ ਤਬਲੇ ਦਾ ਸੋਲੋ ਵਾਦਨ ਸ੍ਰੀ ਹਜ਼ੂਰ ਦੇ ਸਨਮੁਖ ਕੀਤਾ ਹੈ। ਵਿਵਾਹਿਤ ਹੋ ਕੇ, ਜੱਬਲ ਪੁਰੋਂ ਆਇਆ ਹੈ। ਅੱਜ ਉਹ ਵੀ ਸਮੇਤ ਪਤਨੀ ਇਸ ਸਭਾ ਦਾ ਅਨੰਦ ਲੁਟਦਾ ਸਤਿਗੁਰੂ ਤੋਂ ਸਦਕੇ ਜਾ ਰਿਹਾ ਸੀ।

ਸਭ ਤੋਂ ਪਿਛੋਂ, ਬਹੁਤ ਅੱਛੇ ਸੁਰ ਹੋਏ ਤਾਨਪੁਰਿਆਂ ਦੀ ਜੋੜੀ ਵਿਚ ਅਵਤਾਰ ਦੀ ਤਬਲੇ ਤੇ ਸੰਗਤ ਨਾਲ ਹੀ ਮਹਾਂਵਿਦਿਆਲਾ ਦੇ ਪ੍ਰਿੰਸੀਪਲ ਚੰਦ੍ਰ ਕਾਂਤ ਮਾਲਕੌਂਸ ਗਾਉਣ ਲਗੇ। ਖੂਬ ਗੰਵਿਆਂ ਚੰਦ੍ਰ ਕਾਂਤ ਨੇ, 11.45 ਤੇ ਜਦੋਂ ਸਮਾਪਤੀ ਹੋਈ, ਸਤਿਗੁਰੂ ਜੀ ਬਚਨ ਕੀਤਾ: ਪਹਿਲੇ ਸੇ ਬਹੁਤ ਅੱਛਾ ਗਾਇਆ ਹੈ।

ਪਰਸਪਰ ਸਨਮਾਨ ਸ਼ਬਦ ਵਟਾਂਦਿਆਂ ਸ੍ਰੀ ਸਤਿਗੁਰੂ ਜੀ ਸਭਾ ਸਮਾਪਨ ਲਈ ਉਠੇ। ਤਾਂ ਪੰ: ਕ੍ਰਿਸਨਾ ਰਾਓ ਸ਼ੰਕਰ ਦਾ ਵੱਡਾ ਲੜਕਾ ਨਾਰਾਇਣ ਰਾਓ (65) ਰਿਆੜ ਕਰਨ ਲਗਾ ਕਿ ਉਸਨੂੰ ਵੀ ਜ਼ਰੂਰ ਸੁਣਿਆ ਜਾਇ। ਪਰ ਏਨਾ ਵਿਹਲਾ ਸਮਾਂ ਕਿਸ ਕੋਲ ਸੀ। 'ਅਬ ਪੰਡਿਤ ਜੀ ਥਕ ਗਏ ਹੋਂਗੇ, ਸਵ ਬਜਨੇ ਕੋ ਹੈ, ਫਿਰ ਕਭੀ ਸੁਨੇਂਗੇ।' ਸਤਿਗੁਰੂ ਜੀ ਨੇ ਕਿਹਾ। ਪਰ ਨਰਾਇਣ ਰਾਓ ਖਹਿੜੇ ਪੈ ਗਿਆ: ਅਜ ਪੰਡਿਤ ਜੀ ਕਾ ਲਿਆ ਹੈ, ਆਪ ਸੁਨੇ ਤੋ। ਪੰਡਿਤ ਕ੍ਰਿਸ਼ਨ ਰਾਓ ਜੀ ਨੇ ਟੋਕਿਆ: ‹ਕਿਆ ਕਰਤਾ ਹੈ ! ਦੇਖਤਾ ਨਹੀਂ 12 ਬਜ ਗਏ ਹੈਂ ਰਾਤ੍ਰੀ ਕੇ ਔਰ ਅਬ ਤੂ ਗਾਨਾ ਚਾਹ ਰਹਾ ਹੈ।

ਸਤਿਗੁਰੂ ਜੀ ਨੇ ਏਥੋਂ ਬਾਹਰ ਵਰਾਂਡਿਆਂ ਵਿਚ ਜਾਂਦਿਆਂ ਆਪਣੇ ਸਕੱਤਰ ਨੂੰ ਕੁਛ ਇਸ਼ਾਰਾ ਕੀਤਾ। ਉਸਨੇ ਗੁਰਦੇਵ ਸਿੰਘ ਨੰਬਰਦਾਰ ਸੰਤ ਨਗਰ ਤੋਂ 1000 ਰੁਏ ਦੇ ਨੋਟ ਲਿਆਕੇ ਗੁਰੂ ਜੀ ਹਜ਼ੂਰੀ ਵਿਚ ਸ੍ਰੀ ਚੰਦ੍ਰਕਾਂਤ ਨੂੰ ਥਮਾਏ। ਸਤਿਗੁਰੂ ਜੀ ਬਚਨ ਕੀਤਾ: ਹਮਾਰੀ ਓਰ ਸੇ ਸਕੂਲ ਕੀ ਸੇਵਾ ਮੇਂ ਲਗਾ ਦੀਜੀਏ।

ਮਸਾਂ ਹੀ 12.30 ਵਜੇ ਸੱਚੇ ਪਾਤਸ਼ਾਹ ਸੂਬਾ ਜੀ ਦੇ ਘਰ ਆਪਣੇ ਡੇਰੇ ਪਹੁੰਚੇ।

ਅਸਾਂ ਸਵੇਰੇ ਮੁਰਾਰ ਤੁਰ ਜਾਣਾ ਹੈ ਤੇ ਫੇਰ ਅਗੇ ਚੱਲ ਸੁ ਚੱਲ। ਸੁ ਏਥੇ ਕੁਛ ਸੇਵਾਦਾਰਾਂ ਦਾ ਜ਼ਿਕਰ ਕਰ ਲਈਏ। ਸੂਬਾ ਜੀ ਦੇ ਘਰੋਂ ਬੀਬੀ ਕਿਰਪਾਲ ਕੌਰ ਨੇ ਸਤਨਾਮ ਸਿੰਘ ਹਜ਼ੂਰੀ ਲਾਂਗਰੀ ਦੀ ਸਹਾਇਤਾ ਨਾਲ ਸੋਧੀਆਂ ਅਤੇ ਸੱਚੇ ਪਾਤਸ਼ਾਹ ਜੀ ਦੇ ਲੰਗਰ ਦੀ ਖੇਚਲ ਪ੍ਰੇਮ ਪੂਰਵਕ ਨਿਭਾਈ। ਸੂਬਾ ਜੀ ਦੇ ਦੋਵੇਂ ਲੜਕੇ ਮਨਮੋਹਨ ਸਿੰਘ ਅਤੇ ਸਰਬਜੀਤ ਸਿੰਘ, ਹਰ ਹੁਕਮ ਲਗੀ ਸੇਵਾ ਲਈ ਤਿਆਰ ਰਹਿੰਦੇ। ਸੂਬਾ ਜੀ ਤਾਂ ਭਲਾ ਸਦਾ ਹੀ ਸੇਵਾ ਵਿਚ ਰਹਿਣ ਵਾਲੇ ਤੇ ਅਗਵਾਈ ਕਰਨ ਵਾਲੇ ਸਨ।

ਸਬਬ ਨਾਲ ਇਸ ਵਿਹੜੇ ਅੱਜ ਤਿੰਨ ਸਤਿਨਾਮ ਸਿੰਘ ਇਕੱਤਰ ਸਨ, ਗੁਰੂ ਕਾ ਲਾਂਗਰੀ ਸਤਨਾਮ ਸਿੰਘ ਅਤੇ ਸੂਬਾ ਜੀ ਦਾ ਕੁੜਮ ਸਤਨਾਮ ਸਿੰਘ ਦਿੱਲੀ ਤੋਂ, ਇਸ ਵੱਲ ਸਰਬਜੀਤ ਸਿੰਘ ਵਿਵਾਹਤ : ਤੀਜਾ ਸਤਨਾਮ ਸਿੰਘ ਕਲਸੀ ਦਿੱਲੀ ਦੇ



Sri Satguru Jagjit Singh Ji Elibrary NamdhariElibrary@gmail.com

ਮਹਿੰਦਰ ਸਿੰਘ ਕਲਸੀ ਦਾ ਲੜਕਾ, ਇਹ ਸੂਬਾ ਜੀ ਦਾ ਜੁਆਤਰਾ ਹੈ, ਮਨਵਿੰਦਰ ਕੌਰ ਦਾ ਪਤੀ। ਸਾਰਿਆਂ ਨੇ ਹੀ ਸਰਗਰਮੀ ਨਾਲ ਜ਼ਿੰਮੇ ਲੱਗੇ ਕਾਰਜ ਕੀਤੇ।

ਪ੍ਰੰਤੂ ਸਾਡੀ, ਕਲਾਕਾਰਾਂ ਅਤੇ ਅੰਗ ਰਖਿਅਕਾਂ ਦੀ ਵਡੀ ਸੇਵਾ ਬੀਬੀ ਸਵਰਨ ਕੌਰ ਸੁਪਤਨੀ ਸਵਰਗਵਾਸੀ ਸ. ਤ੍ਰਲੋਕ ਸਿੰਘ, ਬੀਬੀ ਪਰਮਜੀਤ ਸੁਪਤਨੀ ਸ. ਹਰਜੀਤ ਸਿੰਘ (ਨੂੰਹ) ਡਾ: ਜਗਜੀਤ ਸਿੰਘ, ਨਰਿੰਦਰ ਸਿੰਘ ਤੇ ਬੀਬੀ ਰਾਣੋ ਨੇ ਕੀਤੀ। ਜਲੇਬੀਆਂ ਪਕੌੜੇ ਦਾਲ ਪ੍ਰਸ਼ਾਦੇ ਤੇ ਹੋਰ ਜੋ ਸਾਡੀ ਲੋੜ ਬਣੀ ਇਹਨਾਂ ਪ੍ਰੇਮ ਪੂਰਵਕ ਸੇਵਾ ਕੀਤੀ।

ਕੱਲ ਸਵੇਰ ਤੋਂ ਇਨ੍ਹਾਂ ਘਰਾਂ ਵਿਚ ਮੇਲੇ ਦੇ ਮਾਹੌਲ ਦੀ ਸਮਾਪਤੀ ਹੋ ਜਾਵੇਗੀ।

## 27 ਦਸੰਬਰ, ਸ਼ੁੱਕਰਵਾਰ, 1985
## ਗਵਾਲੀਅਰ, ਮੱਧ ਪ੍ਰਦੇਸ਼

ਊਂ ਤਾਂ ਕੱਲ ਸ਼ਾਮ ਤੋਂ ਹੀ ਮੁਰਾਰ ਵਿਚ ਮੇਲਾ ਮੁੰਤਕਿਲ ਹੋ ਗਿਆ ਸੀ ਕਿਉਂਕਿ ਮੁਰਾਰ ਵਾਸੀਆਂ ਨੇ ਸਾਧ ਸੰਗਤ ਦਾ ਲੰਗਰ ਅਤੇ ਪੇਂਡੂ ਸਿੰਘਾਂ ਦੇ ਵਿਸ਼ਰਾਮ ਦਾ ਪ੍ਰਬੰਧ ਕੀਤਾ ਸੀ ਪਰ ਅੱਜ ਆਸਾ ਦੀ ਵਾਰ ਦਾ ਆਯੋਜਨ ਵੀ ਏਥੇ ਹੀ ਸੀ। ਸੰਤ ਸੇਵਾ ਸਿੰਘ ਜਥੇਦਾਰ ਅਤੇ ਸੰਤ ਦਿਆਲ ਸਿੰਘ ਢੋਲਕਈਏ ਨੇ ਕੱਲ ਦੁਪਹਿਰੇ ਤੇ ਫਿਰ ਰਾਤ ਨੂੰ ਕੀਰਤਨ ਕੀਤਾ ਸੀ, ਉੱਤੋਂ ਅੱਜ ਵਾਰੇ ਦੀ ਵੀ ਇਹਨਾਂ ਦੀ ਡਿਊਟੀ ਸੀ। ਸੁ ਜਗਮਗਾਂਦੀ ਨਾਮਧਾਰੀ ਧਰਮਸਾਲਾ ਵਿਚ ਜਿਥੇ ਸਮੂਚੀ ਸੰਗਤ ਹੁਮ ਹੁਮਾਕੇ ਕੀਰਤਨ ਸੁਣਨ ਆਈ ਓਥੇ ਰਾਤੀਂ 1 ਡੇਢ ਬਜੇ ਬਿਰਾਜ ਸਕੇ ਸ੍ਰੀ ਸਤਿਗੁਰੂ ਜੀ ਵੀ 4.30 ਵਜੇ ਤਕ ਕੀਰਤਨ ਵਿਚ ਉਪਸਥਿਤ ਹੋ ਗਏ। ਸੰਗੀਤਕਾਰਾਂ ਭਾਵੇਂ ਨੀਂਦ ਦੀਆਂ ਰੱਜ ਕੇ ਡੰਝਾਂ ਲਾਹੀਆਂ ਪਰ ਸਤਿਗੁਰੂ ਜੀ ਤਾਂ ਸਦਾ ਹੀ ਅਗਵਾਈ ਕਰਨ ਵਾਲੇ ਹੁੰਦੇ ਹਨ।

ਮੈਂ ਭਾਵੇਂ 6 ਵਜੇ ਦਾ ਤਿਆਰ ਪਰ ਤਿਆਰ ਸਾਂ ਪਰ ਆਪਣੇ ਕਲਾਕਾਰ ਸਾਥੀਆਂ ਨਾਲ 8.30 ਵਜੇ ਹੀ ਮੁਰਾਰ (ਗਵਾਲੀਅਰ ਦਾ ਇਕ ਭਾਗ) ਪੁੱਜਾ। ਪਤਾ ਲੱਗਾ ਕਿ ਸਤਿਗੁਰੂ ਜੀ 6.30 ਵਜੇ ਵਾਰ ਦਾ ਭੋਗ ਪੈਂਦਿਆਂ ਰਾਤ ਵਾਲੀ ਪੰ: ਮਾਧੋ ਰਾਓ ਧਾਸਕਰ ਦੀ ਬੇਨਤੀ ਪਰਵਾਨ ਕਰਦਿਆਂ ਸ੍ਰੀ ਲਕਸ਼ਮੀ ਨਾਰਾਇਣ ਮੰਦਰ ਵਿਖੇ ਜਾ ਕੇ ਦਰਸ਼ਨ ਦਿਤੇ। ਮੰਦਰ ਦੇ ਮੁਖ ਪੁਜਾਰੀ ਮਾਧੋ ਰਾਓ ਜੀ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ। ਇਹ ਮੰਦਰ ਲਸ਼ਕਰ (ਗਵਾਲੀਅਰ ਦੇ ਇਕ ਹੋਰ ਸਮਰਿਧ ਭਾਗ) ਵਿਚ ਸੀ। ਕੁਛ ਸਮਾਂ ਪੰ: ਮਾਧੋ ਰਾਓ ਨਾਲ ਬਿਤਾ 200 ਰੁਪਏ ਨਾਲ ਗੁਣੀ ਬੰਦੇ ਦਾ ਸਤਿਕਾਰ ਕਰ ਸਤਿਗੁਰੂ ਜੀ ਮੁੜ ਮੁਰਾਰ ਆਏ।

ਸ. ਮਨਮੋਹਣ ਸਿੰਘ, ਸ. ਸਤਪਾਲ ਸਿੰਘ, ਸ. ਅਮਰੀਕ ਸਿੰਘ, ਸ. ਅਮਰਜੀਤ ਸਿੰਘ, ਸ. ਕੁਲਵੰਤ ਸਿੰਘ ਆਦਿ ਅਨੇਕਾਂ ਸੱਜਣ ਸਾਧ ਸੰਗਤ ਦੇ ਲੰਗਰ ਪਾਣੀ ਦੇ



Sri Satguru Jagjit Singh Ji Elibrary NamdhariElibrary@gmail.com

ਫਿਕਰ ਵਿਚ ਸਨ। ਸ. ਮੁਕੰਦ ਸਿੰਘ ਪਰਵਾਰ ਖੁਲ੍ਹਿਆਂ ਨੂੰ ਲੰਗਰ ਛਕਾ ਰਿਹਾ ਸੀ- ਜਲੇਬੀਆਂ, ਕੜਾਹ, ਪੂਰੀਆਂ ਛੋਲੇ ਆਦਿ ਸ. ਮਨਮੋਹਣ ਸਿੰਘ ਸੋਧੀਆਂ ਅਤੇ ਗੁਰੂ ਕਾ ਲੰਗਰ ਸੀ। ਸੋ ਧਰਮਸਾਲਾ ਚੌਕ ਵਿਚ ਚਹਿਲ ਪਹਿਲ ਦੇ ਨਾਲ ਨਾਲ ਹੋਰ ਕਾਰਜ ਵੀ ਹੋ ਰਹੇ ਸਨ।

ਸ. ਸਤਪਾਲ ਸਿੰਘ ਸਚਦੇਵ ਨੇ ਦਸਿਆ ਕਿ ਅੱਜ ਸ੍ਰੀ ਸਤਿਗੁਰੂ ਜੀ ਨੇ ਇਹਨਾਂ ਘਰਾਂ ਵਿਚ ਚਰਨ ਪਾ ਕੇ ਸਿਖਾਂ ਦੀ ਚਿਰੋਕਣੀ ਮਨੋਕਾਮਨਾ ਪੂਰੀ ਕੀਤੀ। ਸਭ ਤੋਂ ਪਹਿਲਾਂ ਸ.ਗੁਰਚਰਨ ਸਿੰਘ ਫਿਰ ਅਵਤਾਰ ਸਿੰਘ ਤੇ ਕੁਲਬੀਰ ਸਿੰਘ ਨੂੰ ਨਿਵਾਜਿਆ। ਇਹ ਤਿੰਨੇ ਹੀ ਸੰਤ ਕਿਰਪਾਲ ਸਿੰਘ ਦੇ ਸਪੁਤਰ ਹਨ। ਮੇਰੇ ਪਿਛਲੇ ਦੌਰੇ ਸਮੇਂ ਗਵਾਲੀਅਰ ਆਇਆਂ ਸੰਤ ਕਿਰਪਾਲ ਸਿੰਘ ਮੌਜੂਦ ਸਨ ਪਰ ਉਹ ਅਗਸਤ 1981 ਵਿਚ ਪੂਰੇ ਹੋ ਗਏ।

ਸ੍ਰੀ ਸਤਿਗੁਰੂ ਜੀ ਨੇ ਫੇਰ ਸ. ਕੁਲਵੰਤ ਸਿੰਘ, ਸ. ਗੁਰਦੀਪ ਸਿੰਘ ਸੇਠੀ ਸਪੁਤ੍ਰ ਸ. ਸ਼ਿਵਦੇਵ ਸਿੰਘ ਨੂੰ ਘਰ ਚਰਨ ਪਾ ਕੇ ਨਿਵਾਜਿਆ। ਸ. ਸਤਪਾਲ ਸਿੰਘ-ਅਮਰੀਕ ਸਿੰਘ ਮਨਚੰਦਾ ਅਤੇ ਸ. ਗੁਰਦੀਪ ਸਿੰਘ ਦੇ ਘਰੀਂ ਚਰਨ ਪਾਏ। ਇਹ ਤਿੰਨੇ ਸਵਰਗਵਾਸੀ ਸ. ਮੁਕੰਦ ਸਿੰਘ ਦੇ ਸਪੁਤਰ ਹਨ।

9.15 ਵਜੇ ਇਕ ਹਿੰਦੂ ਸਿੰਧੀ ਜੁਆਨ ਸ੍ਰੀ ਮਹਿੰਦਰ ਕੁਮਾਰ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਤਲਬ ਵਿਚ ਸੀ ਪਰ ਆਪ ਜੀ ਤਾਂ ਮਨਮੋਹਨ ਸਿੰਘ ਸਪੁੱਤਰ ਸੰਤ ਮੰਗਲ ਸਿੰਘ ਸਚਦੇਵ ਦੇ ਘਰੋਂ ਪ੍ਰਸ਼ਾਦਾ ਛਕ ਕੇ ਸੂਬਾ ਜੀ ਦੇ ਘਰ ਡੇਰੇ ਜਾ ਚੁਕੇ ਸਨ। ਸੰਤ ਮੰਗਲ ਸਿੰਘ ਸਚਦੇਵ ਅਕਤੂਬਰ 1982 ਵਿਚ ਚੜ੍ਹਾਈ ਕਰ ਗਏ।

ਸੰਤ ਮਨਮੋਹਣ ਸਿੰਘ ਤੋਂ ਪਤਾ ਲਗਾ ਕਿ ਇੰਦ੍ਰਾ ਕਾਂਡ ਪਿਛੋਂ ਦੇਸ਼ ਵਿਆਪੀ ਸਿੱਖਾਂ ਖਿਲਾਫ਼ ਦੰਗਿਆਂ ਵਿਚ ਸ. ਕੁਲਬੀਰ ਸਿੰਘ, ਸ. ਗੁਰਚਰਨ ਸਿੰਘ ਤੇ ਸ. ਅਵਤਾਰ ਸਿੰਘ ਹੁਰਾਂ ਦੀਆਂ ਦੁਕਾਨਾਂ ਪਹਿਲਾਂ ਲੁੱਟੀਆਂ ਅਤੇ ਫੇਰ ਸਾੜੀਆਂ ਗਈਆਂ। ਏਥੇ ਮੁਰਾਰ ਵਿਚ ਹੀ ਸ. ਮੁਕੰਦ ਸਿੰਘ ਸ. ਗੁਰਮੀਤ ਸਿੰਘ ਦੀ ਦੁਕਾਨ ਵੀ ਲੁੱਟੀ ਸਾੜੀ ਗਈ। ਸ. ਮਨਮੋਹਣ ਸਿੰਘ ਸਚਦੇਵ ਦੀ ਆਈਸ ਫੈਕਟਰੀ ਪਹਿਲਾਂ ਲੁਟੀ ਗਈ ਫਿਰ ਸਾੜੀ ਗਈ। ਤੇ ਇੰਜ ਹੀ ਸ. ਕੁਲਵੰਤ ਸਿੰਘ ਦੇ ਸਕੂਲ ਜਿਸ ਉਤੇ 12 ਲੱਖ ਰੁਪੇ ਖਰਚ ਆਏ ਹੋਏ ਸਨ ਸਾਮਾਨ ਅਤੇ ਇਮਾਰਤ ਦੇ ਰੂਪ ਵਿਚ ਬੁਰੀ ਤਰ੍ਹਾਂ ਸਾੜ ਸੁਆਹ ਕੀਤੇ ਗਏ। ਭਗਵਾਨ ਸਿੰਘ ਯਾਦਵ (ਸਾਬਕਾ ਪੰਜਾਬ ਗਵਰਨਰ ਤੇ ਹੁਣ ਕੇਂਦਰੀ ਸਰਕਾਰ ਦੇ ਮੰਤਰੀ ਅਰਜਨ ਸਿੰਘ ਦਾ ਖਾਸ ਆਦਮੀ) ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਨੇ ਮਿਲ ਕੇ ਇਹ ਬਰਬਾਦੀ ਬਰਪਾ ਕੀਤੀ।

ਸਾਡੇ ਪ੍ਰਸ਼ਾਦ ਛਕਦੇ ਛਕਦੇ ਬਹੁਤ ਸਾਰੇ ਨਰ ਨਾਰ ਮੁਰਾਰ ਤੋਂ ਪਿੰਡ ਰਹਿਤਪੁਰੇ ਨੂੰ ਚਲ ਪਏ ਜਿਥੇ ਅੱਜ ਸਤਿਗੁਰੂ ਜੀ ਨੇ ਕਿਸੇ ਵੇਲੇ ਪਧਾਰਨਾ ਹੈ।



Sri Satguru Jagjit Singh Ji Elibrary NamdhariElibrary@gmail.com

# ਰਹਿਤਪੁਰਾ, ਜ਼ਿ: ਭਿੰਡ, ਮੱਧ ਪ੍ਰਦੇਸ਼

ਜ਼ਿੰਦਗੀ ਬੜੀ ਢੀਠ ਹੈ, ਜੀਉਣ ਲਈ ਹੱਥ ਪੈਰ ਮਾਰਦੀ ਹੀ ਰਹਿੰਦੀ ਹੈ, ਭਾਵੇਂ ਹੱਥ ਪੈਰ ਤੋੜ ਵੀ ਕਿਉਂ ਨਾ ਦਿੱਤੇ ਜਾਣ। ਇਹ ਉਕਤੀ ਉਸ ਵੇਲੇ ਨਮੂਦਾਰ ਹੋਈ ਜਦੋਂ ਸ੍ਰੀ ਸਤਿਗੁਰੂ ਜੀ ਦੀ ਕਾਰ ਦੇ ਪਿਛੇ ਸਾਡੀਆਂ ਹੋਰ ਚਾਰ ਕਾਰਾਂ ਗਵਾਲੀਅਰ ਤੋਂ ਭਿੰਡ ਇਟਾਵਾ ਰੋਡ ਨੰ: 32 'ਤੇ ਪਈਆਂ। ਰਹਿਤਪੁਰ ਨੂੰ ਜਾਂਦੀ ਲਿੰਕ ਰੋਡ ਨੂੰ 26 ਕਿਲੋਮੀਟਰ 'ਚ ਛੱਡ ਅਸੀਂ ਅੱਗੇ ਵਲ ਵਧ ਗਏ। 40ਵੇਂ ਕਿਲੋਮੀਟਰ ਤੇ ਸੱਜੇ ਹੱਥ ਨੂੰ ਪੰਜ ਕਿਲੋਮੀਟਰ ਲਿੰਕ ਰੋਡ ਦਾ ਸਫ਼ਰ ਮੁਕਾ ਕੇ ਸ. ਕੁਲਦੀਪ ਸਿੰਘ (45) ਸ. ਸੁਰਿੰਦਰ ਸਿੰਘ (28) ਜਗਜੀਤ ਸਿੰਘ (22) ਕੀ ਆਰਾ ਮਸ਼ੀਨ ਤੇ ਜਾ ਰੁਕੇ। ਇੰਦਰਾ ਕਾਂਡ ਸਮੇਂ ਦੇਸ਼ ਵਿਆਪੀ ਜ਼ਿਆਦਤੀ ਦਾ ਇਹ ਪਰਵਾਰ ਵੀ ਬੁਰੀ ਤਰ੍ਹਾਂ ਸ਼ਿਕਾਰ ਹੋਇਆ ਸੀ। ਹਜ਼ਾਰਾਂ ਮਣ ਲਕੜੀ, ਘਰ, ਆਰਾ ਮਸ਼ੀਨ ਆਦਿ ਸਭ ਸੜ-ਸੁਆਹ ਕੀਤੇ ਗਏ, ਪਰ ਇਹਨਾਂ ਸਿੰਘਾਂ ਫੇਰ ਹਿੰਮਤ ਕੀਤੀ। ਇਸ ਹੋਈ ਮੂਰਖਤਾ ਨੂੰ ਪੱਲੇ ਨਹੀਂ ਬੰਨ੍ਹਿਆ ਤੇ ਮੁੜ ਤੋਂ ਸਾਰਾ ਕਾਰਜ ਜਾਰੀ ਕਰ ਦਿਤਾ ਜਿਵੇਂ ਚਿੜੀਆਂ ਦੇ ਤਿਨਕਾ ਤਿਨਕਾ ਜੋੜੇ ਘੋਂਸਲੇ ਨੂੰ ਕੋਈ ਇਕੋ ਵਾਰ ਪਟਕ ਦੇਵੇ ਅਤੇ ਉਹ ਫਿਰ ਓਸੇ ਥਾਂ ਉਸਾਰੀ ਸ਼ੁਰੂ ਕਰ ਦੇਣ।

ਸ੍ਰੀ ਸਤਿਗੁਰਾਂ ਦੇ ਘਰ-ਦਰਸ਼ਨਾਂ ਦੀ ਸਿਖਾਂ ਨੂੰ ਏਨੀ ਪਿਆਸ ਸੀ ਕਿ ਕਿਸੇ ਨੂੰ ਆਪਣੀ ਮੁੜ ਛੋਹੀ ਜ਼ਿੰਦਗੀ ਦੀ ਜੰਗਾਲੀ ਦਾ ਅਹਿਸਾਸ ਨਹੀਂ ਸੀ। ਦੋ ਨੌਜਵਾਨ 20 ਕਿਲੋਮੀਟਰ ਮੋਟਰ ਸਾਈਕਲ ਤੇ ਅਗੇ ਆ ਕੇ ਸ੍ਰੀ ਸਤਿਗੁਰੂ ਜੀ ਅਤੇ ਸਾਰੇ ਜਥੇ ਨੂੰ ਨਾਲ ਲੈ ਗਏ। ਇਹ ਸਨ ਸ. ਸੁਰਿੰਦਰ ਸਿੰਘ ਅਤੇ ਜਸਪਾਲ ਸਿੰਘ ਗੋਹਦ ਤੋਂ। ਸ੍ਰੀ ਸਤਿਗੁਰੂ ਜੀ ਨੇ ਮੁੜ ਆਬਾਦ ਹੋ ਰਹੀ ਉਜਾੜ ਵਿਚ ਮੰਜੇ ਉਪਰ ਬੈਠ 15 ਮਿੰਟ ਦਰਸ਼ਨ ਦਿਤੇ। ਪਰਵਾਰਾਂ ਦੇ ਮੁਖੀ ਜੀਆਂ ਨੇ 100-100 ਰੁਪੈਆ ਧਰ ਕੇ ਮਥਾ ਟੇਕਿਆ ਤੇ ਧਨਭਾਗ ਸਮਝੇ। ਸ. ਕੁਲਦੀਪ ਸਿੰਘ ਨੇ 500 ਰੁਪੈ ਧਹੇ।

ਹੇਠ ਲਿਖੇ ਨਾਮਧਾਰੀ ਸਿੰਘ ਗੋਹਦ ਪਿੰਡ ਦਾ ਸ਼ਿੰਗਾਰ ਹਨ:

1. ਸ. ਕੁਲਦੀਪ ਸਿੰਘ (45) ਇਕ ਲੜਕਾ
   ਬੀਬੀ ਮਹਿੰਦਰ ਕੌਰ
2. ਸ. ਸੁਰਿੰਦਰ ਸਿੰਘ (28)
   ਬੀਬੀ ਸੁਖਵੰਤ ਕੌਰ ਇਕ ਲੜਕਾ
   ਸਪੁੱਤ੍ਰੀ ਸੰਤ ਕਰਨੈਲ ਸਿੰਘ ਜੇਲ੍ਹ ਰੋਡ ਦਿੱਲੀ
3. ਸ. ਜਗਜੀਤ ਸਿੰਘ (22)
   ਸ. ਉਦੈ ਸਿੰਘ (18)

ਇਸਦੀ ਭੈਣ ਬੀਬੀ ਮਨਜੀਤ ਕੌਰ (28) ਆਗਰੇ ਦੇ ਸ. ਮਨਜੀਤ ਸਿੰਘ ਨਾਲ ਵਿਵਾਹਤ ਹੈ।



Sri Satguru Jagjit Singh Ji Elibrary NamdhariElibrary@gmail.com

ਦੂਸਰੀ ਮਨਵਿੰਦਰ ਕੌਰ (26)

ਤੀਸਰੀ ਮਹਿੰਦਰ ਕੌਰ, ਦਿੱਲੀ ਦੇ ਗੁਰਮੀਤ ਸਿੰਘ ਕਲਸੀ ਨਾਲ ਵਿਆਹੀ ਹੋਈ ਹੈ।

ਏਥੋਂ ਉਠੇ ਤਾਂ ਗੱਡੀਆਂ ਨੇ ਵਾਪਸੀ ਦਾ ਰੁਖ਼ ਲਿਆ ਗੋਹਦ ਦੇ ਮੋੜ ਤੇ ਭਿੰਡ-ਇਟਾਵਾ ਰੋਡ ਤੇ ਇਕ ਮਾਰਕਿਟ ਹੈ। ਏਥੇ 'ਜਸਪਾਲ ਆਟੋ ਪਾਰਟਸ' ਨਾਂ ਦੀ ਸ. ਜਸਪਾਲ ਸਿੰਘ ਦੀ ਦੁਕਾਨ ਹੈ, ਇਹ ਵੀ ਲੁੱਟੀ ਗਈ ਸੀ ਪਰ ਨੌਜਵਾਨ ਨੇ ਫਿਰ ਤੋਂ ਏਸੇ ਥਾਂ ਹੀ ਉੱਦਮ ਕੀਤਾ ਹੈ। ਸ੍ਰੀ ਸਤਿਗੁਰੂ ਜੀ 1.30 ਵਜੇ ਗਵਾਲੀਅਰ ਤੋਂ ਚਲੇ ਹੋਏ ਹੀ ਨਾਮ ਸਿਮਰਨ ਕਰ ਰਹੇ ਹਨ ਅਬੋਲ ਅਤੇ ਅਡੋਲ। ਸੋ ਏਥੇ ਵੀ ਸਿੰਘ ਨੇ ਦੁਕਾਨ ਅੰਦਰ ਕੁਰਸੀ ਉਪਰ ਬੈਠਾ ਗੁਰੂ-ਭੇਟਾ ਕੀਤੀ ਤੇ ਫਿਰ ਅਗੇ ਹੋ ਕੇ ਮੋਟਰ ਸਾਈਕਲ ਤੇ ਟਰੈਫਿਕ ਠੀਕ ਕਰਵਾਂਦੇ, ਦੋਵੇਂ, ਸੁਰਿੰਦਰ ਸਿੰਘ ਜਸਪਾਲ ਸਿੰਘ ਰਹਿਤਪੁਰਾ ਲਿੰਕ ਰੋਡ ਤਕ ਆਏ।

ਅਸੀਂ ਤਾਂ, ਸੂਬਾ ਜੀ, ਸਤਨਾਮ ਸਿੰਘ ਦਿੱਲੀ ਨੌਜਵਾਨ ਜਸਪਾਲ ਸਿੰਘ ਵਾਲੀ ਗੱਡੀ ਤੇ ਅੱਗੇ ਨਿਕਲ ਆਏ ਪਰ ਰਹਿਤਪੁਰੇ ਵੱਲ ਦੇ ਮੋੜ ਤੇ ਅਸਾਂ ਇਕ ਫੌਜੀ ਨੂੰ ਨਮਸਕਾਰ ਕਰਦਿਆਂ ਡਿੱਠਾ। ਜਦੋਂ ਸਤਿਗੁਰੂ ਜੀ ਕਾਫ਼ੀ ਲੇਟ ਰਹਿਤਪੁਰੇ ਪੁੱਜੇ ਤਾਂ ਸ. ਗੁਰਦੇਵ ਸਿੰਘ ਨੰਬਰਦਾਰ ਸੰਤ ਨਗਰ ਨੇ ਦੱਸਿਆ ਕਿ ਫੌਜ ਵਿਚ ਭਰਤੀ, ਇਸ ਵੇਲੇ ਕਿਸੇ ਸਕੀਮ ਤੇ ਆਇਆ ਨੌਜੁਆਨ ਮਿਲਖਾ ਸਿੰਘ ਮਜਹਬੀ ਸਪੁਤ੍ਰ ਸ੍ਰੀ ਸਰਦਾਰਾ ਸਿੰਘ ਸੰਤ ਨਗਰ ਨੇ ਜਦੋਂ ਨਾਮਧਾਰੀਆਂ ਨੂੰ ਏਧਰ ਓਧਰ ਜਾਂਦਿਆਂ ਵੇਖਿਆ ਤਾਂ ਪੁੱਛਿਆ ਕਿ ਅੱਜ ਕਾਰਨ ਕੀ ਹੈ? ਸ੍ਰੀ ਸਤਿਗੁਰੂ ਜੀ ਦੀ ਆਮਦ ਸੁਣਕੇ ਉਸਨੇ ਆਪਣੇ ਅਫਸਰਾਂ ਤੋਂ ਛੁੱਟੀ ਲੈ ਲਈ ਤੇ ਤਦ ਤੋਂ ਇੰਤਜ਼ਾਰ ਵਿਚ ਖਲੋਤਾ ਸੀ। ਸੱਚੇ ਪਾਤਸ਼ਾਹ ਜੀ ਨੇ ਆਪਣੇ ਇਲਾਕੇ ਦੇ ਨੌਜਵਾਨ ਨੂੰ ਨਿੰਠ ਕੇ ਦਰਸ਼ਨ ਦਿਤੇ ਸੁਖ ਸਾਂਦ ਪੁੱਛੀ ਤੇ ਖੁਸ਼ੀਆਂ ਬਖਸ਼ੀਆਂ।

ਸੂਬਾ ਰਤਨ ਸਿੰਘ ਨੇ ਦਸਿਆ ਕਿ ਗੋਹਦ ਵਾਲੇ ਸੁਰਿੰਦਰ ਸਿੰਘ ਦਾ ਦਾਦਾ, ਬਾਬਾ ਸੋਹਣ ਸਿੰਘ 102 ਸਾਲ ਆਯੂ ਭੋਗ ਕੇ ਇਹਨੀਂ ਸਾਲੀਂ ਹੀ ਗੁਜ਼ਰਿਆ ਹੈ। ਉਹ ਏਨਾ ਤਕੜਾ ਤੇ ਹਾਜਮੇ ਵਾਲਾ ਸੀ ਕਿ 2 ਕਿਲੋ ਕੱਚਾ ਦੁੱਧ ਪੀ ਕੇ ਪਚਾ ਜਾਂਦਾ।

ਜਦੋਂ ਅਸੀਂ ਰਹਿਤ ਪੁਰੇ ਪਹੁੰਚੇ ਤਾਂ ਨਜ਼ਾਰਾ ਵੇਖਣ ਹੀ ਵਾਲਾ ਸੀ। 300 ਦੇ ਕਰੀਬ ਇਸਤਰੀ ਪੁਰਸ਼ ਏਥੋਂ ਦੇ ਗੁਰਦੁਆਰੇ ਵਿਚ ਸਤਿਗੁਰੂ ਜੀ ਦੇ ਸੁਆਗਤ ਲਈ ਇਕੱਤਰ; ਸਨ। ਪਿੰਡ ਦੇ ਬਜ਼ੁਰਗ ਤੇ ਆਗੂ ਹੱਥਾਂ ਵਿਚ ਫੁਲ ਹਾਰ ਫੜੀ ਦੀਨ ਦਿਆਲ ਜੀ ਦੇ ਸੁਆਗਤ ਲਈ ਉਤਾਵਲੇ ਸਨ। ਰਹਿਤਪੁਰ ਆਇਆਂ ਐਉਂ ਲਗਾ ਜਿਵੇਂ ਅਸੀਂ ਪੰਜਾਬ ਵਿਚ ਹੀ ਆ ਗਏ ਹੋਵੀਏ। ਪੰਜ ਗੱਡੀਆਂ ਸ. ਮੱਸਾ ਸਿੰਘ ਨਾਮਧਾਰੀ ਦੇ ਘਰ ਦਾਖ਼ਲ ਹੋ ਗਈਆਂ। ਬੜੀ ਸੁਹਣੀ ਚੁਬਾਰੇਦਾਰ ਮਕਾਨ, ਵਿਚ 25-30 ਵਿਛੇ ਮੰਜੇ ਜਿਵੇਂ ਜੰਞ ਦਾ ਉਤਾਰਾ ਹੋਵੇ। ਸ੍ਰੀ ਸਤਿਗੁਰੂ ਜੀ ਦਾ ਚੁਬਾਰੇ ਤੇ ਨਿਵਾਸ। ਮਕਾਨ ਦੀ ਆਖਰੀ ਇਟ ਤਕ ਤਾਜ਼ੀ ਤਾਜ਼ੀ। ਸਾਰਾ ਪਰਵਾਰ ਚਾਵਾਂ ਵਿਚ ਸੇਵਾ ਮਗਨ।



Sri Satguru Jagjit Singh Ji Elibrary NamdhariElibrary@gmail.com

ਸੱਚੇ ਪਾਤਸ਼ਾਹ ਕੁਦਰਤੀ ਜ਼ਰੂਰਤਾਂ ਵਲੋਂ ਨਵਿਰਤ ਹੋ, ਪਿੰਡ ਦੇ ਗੁਰਦੁਆਰੇ ਵੱਲ ਸੇਵਕਾਂ ਸਮੇਤ ਪਹੁੰਚੇ ਤਾਂ ਹਾਰਾਂ ਦੀਆਂ ਕਤਾਰਾਂ ਜਿਵੇਂ ਗਲ ਪੈਣ ਵਾਸਤੇ ਉਮਡ ਪਈਆਂ। ਧੋਤੀਆਂ ਵਾਲੇ, ਦੁਮਾਲਿਆਂ ਵਾਲੇ, ਚੁੰਝਵੀਆਂ ਪੱਗਾਂ ਵਾਲੇ ਸੁਆਗਤਕਾਰੀਆਂ ਨੇ ਘੇਰਾ ਪਾ ਲਿਆ ਤੇ ਤਸੱਲੀ ਨਾਲ ਅੰਦਰ ਕਦਮ ਟਿਕਾਣ ਦਿਤਾ। ਅੰਦਰ ਗੁਰਦੁਆਰੇ ਦੇ ਲੰਮੇ ਵਰਾਂਡੇ ਵਿਚ ਬੈਠਣ ਦਾ ਪ੍ਰਬੰਧ ਸੀ। ਸਤਿਗੁਰੂ ਜੀ ਦੀ ਆਮਦ ਤੋਂ ਪਹਿਲੋਂ ਸੰਤ ਸੇਵਾ ਸਿੰਘ ਜਥੇਦਾਰ ਦਿਲੀ ਦਿਵਾਨ ਸਜਾ ਹਟੇ ਸਨ ਅਤੇ ਨਾਮ ਸਿਮਰਨ ਦੀ ਅਰਦਾਸ ਵੀ ਹੋ ਚੁਕੀ ਸੀ। ਵਕਤ 3.30 ਦਾ ਸੀ। ਸ੍ਰੀ ਸਤਿਗੁਰੂ ਜੀ ਚੰਦੋਏ ਹੇਠ ਆਪਣੇ ਆਸਣ ਤੇ ਸਸ਼ੋਭਤ ਹੋਏ ਤਾਂ ਵੇਖਣ ਨੂੰ ਹਰ ਪਰਵਾਰ ਦੇ ਸਿਖਾਂ ਨੇ ਉਠ ਉਠ 2 ਤੋਂ 10 ਰੁਪਏ ਤਕ ਭੇਟਾ ਰਖ ਮੱਥਾ ਟੇਕਿਆ।

ਜਾਪਦਾ ਹੈ ਜਿਵੇਂ ਸਮੁੱਚਾ ਪਿੰਡ ਅੰਮ੍ਰਿਤਸਰ ਜ਼ਿਲ੍ਹੇ ਨਾਲ ਵਾਬਾਸਤਾ ਹੋਵੇ। ਉਚੇ ਲੰਮੇ ਮਨੁੱਖ ਤੇ ਚੰਗੀ ਕੱਦ ਕਾਠ ਵਾਲੀਆਂ ਬੀਬੀਆਂ, ਨੂੰਹਾਂ, ਧੀਆਂ, ਭੈਣਾਂ, ਕਾਲੀਆਂ, ਪੀਲੀਆਂ, ਕੇਸਰੀ, ਨੀਲੀਆਂ ਤੇ ਚਿੱਟੀਆਂ ਪੱਗਾਂ ਵਾਲੇ ਠੇਠ ਪੇਂਡੂ ਜੀਵਨ ਵਾਲੇ ਪੁਰਸ਼ਾਂ ਨੂੰ ਵੇਖ ਇਹ ਭੁੱਲ ਗਿਆ ਕਿ ਅਸੀਂ ਸ੍ਰੀ ਭੈਣੀ ਸਾਹਿਬ ਤੋਂ 800 ਕਿਲੋਮੀਟਰ ਦੂਰ ਬੈਠੇ ਹਾਂ। ਸਾਰਾ ਭਾਈਚਾਰਾ ਆਪਣਾ ਆਪਣਾ ਲਗਦਾ ਸੀ।

ਮੈਂ ਹਰਿਆਣੇ ਤੋਂ ਇਲਾਵਾ ਦੇਰ ਬਾਅਦ ਹੀ ਸਤਿਗੁਰੂ ਜੀ ਦੇ ਦਰਸ਼ਨ ਪਿੰਡ ਵਿਖੇ ਕੀਤੇ ਸਨ।

ਇਹਨੀਂ ਦਿਨੀ ਅਰਦਾਸ ਸੰਤ ਸੇਵਾ ਸਿੰਘ ਜਥੇਦਾਰ ਜਾਂ ਸ੍ਰੀ ਮੋਹਣ ਸਿੰਘ ਗਾਇਕ ਤੋਂ ਕਰਵਾਈ ਜਾਂਦੀ ਹੈ ਅਤੇ ਭੇਟਾ ਹਰ ਤਰ੍ਹਾਂ ਨੰਬਰਦਾਰ ਗੁਰਦੇਵ ਸਿੰਘ ਪਾਸ ਪਹੁੰਚ ਜਾਂਦੀ ਹੈ। ਇਕ ਘੰਟਾ ਨਾਮ ਸਿਮਰਨ ਪਿਛੋਂ ਅਰਦਾਸ ਹੋਈ ਤੇ ਫਿਰ ਕੀਰਤਨ।

4.50 ਤੇ ਸ੍ਰੀ ਸਤਿਗੁਰੂ ਜੀ ਨੇ ਸ਼ੁਭ ਉਪਦੇਸ਼ ਦੁਆਰਾ ਦਿਵਾਨ ਦਾ ਸਮਾਪਨ ਕੀਤਾ।

ਸੰਖੇਪ: "ਆਪ ਨੇ ਜਥੇਦਾਰ ਸੇਵਾ ਸਿੰਘ ਹੁਰਾਂ ਦਾ ਕੀਰਤਨ ਤੇ ਵਿਚਾਰ ਸੁਣੇ ਹਨ। ਹੁਣ ਰਾਗੀਆਂ ਸਿੰਘਾਂ ਤੋਂ ਸ਼ਬਦ ਸੁਣਿਆ ਹੈ: *ਹਰਿ ਕਾ ਨਾਮ ਨ ਜਪਸਿ ਗਵਾਰਾ, ਕਿਆ ਸੋਚਹਿ ਬਾਰੰਬਾਰਾ।* ਇਹ ਗੁਰੂ ਬਾਣੀ ਹੈ ਜੋ ਦ੍ਰਿੜ ਕਰਵਾਂਦੀ ਹੈ ਕਿ ਬੰਦਿਆ ਹਰੀ ਦਾ ਨਾਮ ਜਪ ! ਸੋਚਦਾ ਕੀ ਪਿਆ ਏਂ ਗੰਵਾਰਾ ! ਗੁਰਮਤ ਅਨੁਸਾਰ ਤਾਂ ਜ਼ਿੰਦਗੀ ਦਾ ਮਨੋਰਥ ਨਾਮ ਜਪਣਾ ਹੀ ਹੈ।

ਐਸ ਵੇਲੇ ਕੁਲ ਸੰਸਾਰ ਵਿਚ ਈਰਖਾ ਦੀ ਅੱਗ ਲੱਗੀ ਹੋਈ ਹੈ। 20 ਸਾਲ ਪਹਿਲਾਂ ਦੇ ਲੋਕ ਜਾਣਦੇ ਹਨ ਕਿ ਓਦੋਂ ਮਨ ਕਿਨਾ ਟਿਕਾਉ ਵਿਚ ਸੀ। ਨਾਮ ਸਿਮਰਨ ਹੁੰਦਾ ਸੀ ਤੇ ਗੁਰੂ ਕੇ ਦਰਸ਼ਨਾਂ ਵਿਚ ਮਨ ਲਗਦਾ ਸੀ।

ਗੁਰੂ ਰਾਮ ਸਿੰਘ ਜੀ ਵੇਲੇ ਇਕ ਨਿਰਮਲੇ ਸੰਤ ਸਨ ਸੇਖਵਾਂ ਦੇ ਨਰਾਇਣ ਸਿੰਘ ਜੀ। ਜਦੋਂ ਉਹ ਗੁਰੂ ਰਾਮ ਸਿੰਘ ਜੀ ਦੇ ਚਰਨੀਂ ਹੱਥ ਲਾਣ ਲੱਗੇ ਤਾਂ ਸੱਚੇ ਪਾਤਸ਼ਾਹ



Sri Satguru Jagjit Singh Ji Elibrary NamdhariElibrary@gmail.com

ਬੋਲੇ: ਨਾ ਜੀ, ਤੁਸੀਂ ਨਾ ਇੰਜ ਕਰੋ। ਤੁਸੀਂ ਤਾਂ ਸੰਤ ਹੋ। ਸੱਚੇ ਸੰਤ ਦਾ ਮਨ ਨਿਰਮਲ ਸੀ, ਨਿਰਮਾਣ ਸੀ, ਉਸਨੇ ਉਤਰ ਵਿਚ ਹੱਥ ਜੋੜ ਕੇ ਆਖਿਆ: ਦੀਨ ਦਿਆਲ ਆਪ ਸੰਤਾਂ ਨੂੰ ਬਣਾਉਣ ਵਾਲੇ ਹੋ। ਇਹ ਪਹੁੰਚ ਹੈ ਸਮਝਣ ਵਾਲਿਆਂ ਦੀ। ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਸਿਰਜਨਾ ਕੀਤੀ ਸੀ। ਜਿਸਦੇ ਸਾਰੇ ਲੋਕ ਹੀ ਭਜਨ ਬਾਣੀ ਕਰਨ ਵਾਲੇ ਸਨ।

"ਮੈਂ ਕੁਵੇਲੇ ਆਇਆ ਹਾਂ ਪਰ ਵੇਖਦਾ ਸਾਂ ਬਹੁਤਿਆਂ ਦੇ ਮੂੰਹ ਹਿਲਦੇ ਨਹੀਂ ਸੀ। ਸਾਹਮਣੇ ਭੋਜਨ ਦੀ ਥਾਲੀ ਪਰੋਸੀ ਪਈ ਹੋਵੇ ਪਰ ਉਸਨੂੰ ਖਾਧਾ ਨ ਜਾਏ। ਇੰਜ ਹੀ ਦਿਵਾਨ ਵਿਚ ਬੈਠਕੇ ਰਸਨਾ ਹਿਲਾਕੇ ਭਜਨ ਨਾ ਕਰਨਾ- ਭੁੱਖ ਲੱਗੀ ਤੇ ਸਾਹਮਣੇ ਪਿਆ ਅੰਨ ਨਾ ਖਾਣ ਵਾਲੀ ਅਵਸਥਾ ਹੀ ਇਹ ਹੈ। ਜਦੋਂ ਵੀ ਵਿਹਲ ਮਿਲੇ ਭਜਨ ਕਰਿਆ ਕਰੋ। ਇਸੇ ਵਿਚ ਕਲਿਆਣ ਹੈ।

"ਸਰਹੰਦ ਵਿਚ ਸਿਖ ਆਏ ਮੇਲੇ ਵਿਚ ਬੜਾ ਗ਼ਲਤ ਕਿਸਮ ਦਾ ਪਰਚਾਰ ਕਰਦੇ ਹਨ। ਸਾਰੇ ਮੇਲੇ ਦਾ ਮਾਹੌਲ ਵੇਖਿਆਂ ਮੇਲਾ ਨਹੀਂ ਮੈਲਾ ਲਗਦਾ ਹੈ। ਇਕ ਵਾਰ ਬੇਨਤੀ ਕੀਤੀ ਪ੍ਰਬੰਧਕਾਂ ਨੂੰ ਪਰ ਕੌਣ ਸੁਣੇ:

*ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ।*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ।* (857)

ਵੱਸਦੀ ਗੱਲ ਨਹੀਂ। ਕਲਿਜੁਗ ਦਾ ਪ੍ਰਭਾਵ ਹੀ ਏਨਾ ਤਕੜਾ ਹੈ।

ਸੰਸਾਰ ਗੁਰੂ ਚਰਨਾਂ ਨਾਲ ਪ੍ਰੇਮ ਹੁੰਦਾ ਹੈ। ਉਸਨੂੰ ਹਥਿਆਰ ਵੀ ਨਹੀਂ ਕੱਟ ਸਕਦੇ। ਸੰਤ ਗੋਪਾਲ ਸਿੰਘ ਲਾਲੇ ਪੁਰੀਏ ਭਜਨ ਕਰਨ ਵਾਲੇ ਵਿਅਕਤੀ ਸੀ। ਪਾਕਿਸਤਾਨ ਬਣਨ ਸਮੇਂ ਉਨ੍ਹਾਂ ਦੇ ਕੈਂਪ ਤੇ ਗੋਲੀਆਂ ਦੀ ਵਾਛੜ ਹੋਈ ਪਰ ਉਹ ਤੇ ਉਨ੍ਹਾਂ ਦੇ ਪਿਛੇ ਲਗ ਭਜਨ ਕਰਨ ਵਾਲੇ ਵਿਅਕਤੀ ਵਰ੍ਹਦੀਆਂ ਗੋਲੀਆਂ ਵਿਚੋਂ ਵੀ ਰਖਿਆ ਹੋਏ। ਗੋਪਾਲ ਸਿੰਘ ਜੀ ਆਪ ਬਿਹੰਗਮ ਸਨ ਪਰ ਸਾਰੇ ਪਰਵਾਰ ਲਈ ਕਿਰਤ ਕਰਦੇ ਸਨ। ਉਹਨਾਂ ਵਾਹੀ ਵੀ ਦੇਖ ਕੇ ਕੀਤੀ ਤੇ ਭਜਨ ਵੀ ਦੇਖ ਕੇ ਕੀਤਾ। ਏਸੇ ਲਈ ਇਕ ਦਿਨ ਉਹਨਾਂ ਦੇਖ ਲਿਆ ਕਿ ਬੈਲਾਂ ਦੀ ਜੋੜੀ ਵਿਚ ਇਕ ਉਨ੍ਹਾਂ ਦਾ ਪਿਤਾ ਹੈ ਦੂਜਾ ਦਾਦਾ ਅਤੇ ਘਰ ਦੀ ਗਊ ਭੂਆ ਹੈ। ਅਗਲੇ ਦਿਨ ਹਲ ਵਾਹੁਣ ਨਹੀਂ ਜਾ ਸਕੇ। ਵੇਖਕੇ ਅਨਰਥ ਕਿਵੇਂ ਕਰਨ। ਇਸ ਵੈਰਾਗੀ ਹੋਏ ਸੰਤ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦੇ ਕੇ ਆਖਿਆ: ਤੂੰ ਹੀ ਇਹਨਾਂ ਨੂੰ ਵਾਹ। ਹੋਰ ਕੋਈ ਵਾਹੇਗਾ ਤਾਂ ਗਾਲਾਂ ਵੀ ਕਢੇਗਾ ਤੇ ਮਾਰੇਗਾ ਵੀ। ਜਦੋਂ ਪਹਿਲਾਂ ਪੈਦਾਵਾਰ ਰੁਕ ਗਈ ਤਾਂ ਸਤਿਗੁਰੂ ਹੀ ਕਿਰਪਾ ਕੀਤੀ: ਭੜੋਲੀ ਨੂੰ ਉਪਰੋਂ ਨ ਵੇਖੋ, ਹੇਠਲੇ ਮਘੋਰੇ ਚੋਂ ਦਾਣੇ ਕਢੀ ਜਾਓ। ਸਾਰਾ ਸਾਲ ਤੋਟ ਨ ਆਈ। ਜਿਉਂ ਹੀ ਘਰੋਂ ਕਿਸੇ ਨੇ ਉਪਰੋਂ ਝਾਤ ਮਾਰੀ ਭੜੋਲੀ ਖਾਲੀ ਸੀ।

"ਸੰਤ ਗੋਪਾਲ ਸਿੰਘ ਜੀ ਅਠੇ ਪਹਿਰ ਸਿਮਰਨ ਵਿਚ ਰਹਿਣ ਵਾਲੇ ਸਨ। ਇਕ ਵਾਰ ਹਰਿਆਣੇ ਵਿਚ ਜੀਵਨ ਨਗਰ ਇਲਾਕੇ ਵਿਚ ਵਗਦੀ ਨਾਲੀ ਦਾ ਪਾਣੀ ਬਹੁਤ



Sri Satguru Jagjit Singh Ji Elibrary NamdhariElibrary@gmail.com

ਚੜ੍ਹ ਆਇਆ। ਅੰਮ੍ਰਿਤਸਰ ਕਲਾਂ ਦੇ ਲੋਕ ਹੌਸਲਾ ਹਾਰ ਬੈਠੇ। ਮੈਨੂੰ ਪਤਾ ਲਗਾ। ਮੈਂ ਕੜਾਹੇ ਵਿਚ ਬੈਠ ਨਾਲੀ ਪਾਰ ਕਰ ਸਿੰਘਾਂ ਪਾਸ ਗਿਆ। ਮੈਂ ਉਨ੍ਹਾਂ ਨੂੰ ਤਾਂ ਹਿੰਮਤ ਦਿਤੀ ਸੀ ਕਿ ਬੰਨ ਮਜਬੂਤ ਕਰਨ ਪਰ ਆਪ ਸੰਤਾਂ ਨੂੰ ਹੜ੍ਹ ਦੇ ਵਾਧੇ ਜਾਂ ਘਾਟੇ ਬਾਰੇ ਪੁਛਿਆ। ਉਨ੍ਹਾਂ ਕਿਹਾ, ਪੁਛਕੇ ਦੱਸਾਂਗਾ। ਅਗਲੇ ਦਿਨ ਉਨ੍ਹਾਂ ਦੱਸਿਆ ਕਿ ਪਾਣੀ ਹੁਣ ਲਹਿਣਾ ਸ਼ੁਰੂ ਹੋ ਜਾਵੇਗਾ।

ਭਜਨ ਕਰਿਆ ਕਰੋ ਜੋ ਜੋ ਕਿਸੇ ਨੇ ਕਿਸੇ ਤੋਂ ਪੁਛਿਆ ਹੋਵੇ।

"ਕੋਈ ਅੰਤ ਨਹੀਂ ਰਿਹਾ ਮੰਦਰਾਂ, ਗੁਰਦੁਆਰਿਆਂ , ਮਸੀਤਾਂ ਦਾ। ਧਨ ਬੜਾ ਹੋ ਗਿਆ ਹੈ। ਅੰਨ ਬੜਾ ਹੋ ਗਿਆ ਹੈ। ਪਰ ਨਾਮ ਜਪਣਾ ਘਟ ਗਿਆ ਹੈ। ਜਤਨ ਕਰੋ ਇਕ ਘੰਟਾ ਰੋਜ਼ਾਨਾ ਤਾਂ ਜ਼ਰੂਰ ਹੀ ਕੀਤਾ ਜਾਵੇ। ਇਕ ਪਾਠ ਘਰ ਪ੍ਰਤੀ ਹਰ ਮਹੀਨੇ ਜ਼ਰੂਰ ਹੋਵੇ। ਮੇਰੀ ਤਾਂ ਏਹੋ ਤਾਕੀਦ ਹੈ।"

ਸੂਬਾ ਜੀ ਵਲੋਂ ਕੱਲ੍ਹ ਦਾ ਪ੍ਰੋਗਰਾਮ ਦੱਸਕੇ ਦਿਵਾਨ ਸਮਾਪਤੀ ਦੀ ਅਰਦਾਸ ਹੋ ਗਈ।

ਰਹਿਤਪੁਰ 60 ਘਰਾਂ ਦਾ ਪਿੰਡ ਹੈ, ਜਿਨ੍ਹਾਂ ਪਾਸ 25 ਤੋਂ 125 ਏਕੜ ਤਕ ਜ਼ਮੀਨ ਹੈ। ਏਥੇ ਆਮ ਪੰਜਾਬੀ ਵਸਨੀਕ ਅੰਮ੍ਰਿਤਸਰੀਏ ਹਨ। ਨੇੜੇ ਇਕ ਪਿੰਡ ਅਸਲੋਂ ਦੁਆਬੀਆਂ ਦਾ ਹੈ। ਇਕ ਪਿੰਡ ਮਲਵਈਆਂ ਦਾ ਵੀ ਦਸਿਆ ਗਿਆ ਹੈ। ਰਹਿਤਪੁਰਾ ਲਗਭਗ 90 ਸਾਲ ਦਾ ਵਜੂਦ ਰਖਦਾ ਹੈ। ਰਾਣਾ ਮਾਧਵ ਰਾਓ ਨੇ ਜ਼ਮੀਨ ਦੇ ਮੁਰੱਬੇ ਕੱਟ ਕੇ ਪੰਜਾਬੀਆਂ ਨੂੰ ਸੱਦਿਆ ਤੇ ਇਹ ਆਬਾਦ ਕਰਨ ਲਈ ਦਿਤੇ ਸਨ। ਇਸ ਪਿੰਡ ਵਿਚ ਅਸਲ ਵਿਚ ਤਾਂ ਤਿੰਨ ਘਰ ਹੀ ਨਾਮਧਾਰੀਆਂ ਦੇ ਹਨ। ਹੋਰ ਘਰਾਂ ਵਾਂਗ ਇਹ ਵੀ ਬੜੇ ਸਮਰਿਧ ਹਨ।

ਪਰ ਜਿਸ ਘਰ ਸਤਿਗੁਰੂ ਜੀ ਦਾ ਡੇਰਾ ਲਗਿਆ ਸ. ਮੱਸਾ ਸਿੰਘ, ਗੁਰਮੀਤ ਕੌਰ ਕਾ ਘਰ ਇਹ ਏਥੇ ਵਧੇਰੇ ਚਮਕਦਾਰ ਤੇ ਫਬਵਾਂ ਲਗਿਆ। ਉਂ ਵੀ ਸਰਦਾਰ ਮੱਸਾ ਸਿੰਘ-ਗੁਰਮੀਤ ਕੌਰ ਸੁਧਾ ਨਾਮਧਾਰੀ ਪ੍ਰਭਾਵ ਦਿੰਦੇ ਹਨ। ਸ. ਲਛਮਣ ਸਿੰਘ ਦੇ ਸਪੁਤ੍ਰ ਨੰਬਰਵਾਰ ਇਸ ਪ੍ਰਕਾਰ ਹਨ:

1. ਸ. ਪ੍ਰੀਤ ਸਿੰਘ ਪਟੇਲ ਇਸਦੇ 5 ਲੜਕੇ ਹਨ।
2. ਸ. ਮੱਸਾ ਸਿੰਘ-ਬੀਬੀ ਗੁਰਮੀਤ ਕੌਰ 4 ਲੜਕੇ।
3. ਸ. ਬਾਜ ਸਿੰਘ 2 ਲੜਕੇ

ਇਸ ਵੇਲੇ ਸ. ਮੱਸਾ ਸਿੰਘ ਕੇ ਘਰ ਸਾਰੇ ਨਗਰ ਵਾਸੀਆਂ ਦਾ ਲੰਗਰ ਸੀ ਜਲੇਬੀਆਂ ਤੇ ਦਾਲ ਪ੍ਰਸ਼ਾਦੇ ਸਬਜ਼ੀਆਂ ਦਾ, ਓਸ ਵੇਲੇ ਅਰਥਾਤ 5.35 ਤੇ ਸਤਿਗੁਰੂ ਜੀ ਦੇ ਡੇਰੇ ਚੁਬਾਰੇ ਉਤੇ ਕਰੀਬ 15 ਪਿੰਡ ਦੇ ਬੰਦਿਆਂ ਦੀ ਇਕਤਰਤਾ ਸੀ। ਸਤਿਗੁਰੂ ਜੀ ਵਿਛੇ ਹੋਏ ਪਲੰਘ ਤੇ ਬੈਠੇ ਸਭਨਾਂ ਤੋਂ ਉਹਨਾਂ ਦਾ ਮਾਸ ਸ਼ਰਾਬ ਵਰਤਣ ਬਾਰੇ ਪੜਤਾਲ ਕਰ ਰਹੇ ਸਨ। ਇਹਨਾਂ ਵਿਚੋਂ ਕੁਛ ਕਮਜ਼ੋਰ ਪੈ ਚੁਕੇ ਸਨ ਜਿਨ੍ਹਾਂ ਨੂੰ ਮੁੜ ਸ਼ੁਭ ਜੀਵਨ ਲਈ ਪ੍ਰੇਰਿਆ। ਇਕ ਘੰਟਾ ਨਾਮ ਸਿਮਰਨ ਅਤੇ ਇਕ ਪਾਠ ਘਰ ਪ੍ਰਤੀ ਮਹੀਨਾ ਜ਼ਰੂਰ ਕਰਨਾ ਸਮਝਾਇਆ।



Sri Satguru Jagjit Singh Ji Elibrary NamdhariElibrary@gmail.com

ਜਥੇਦਾਰ ਸੇਵਾ ਸਿੰਘ, ਫੁਲਕਈਆ ਦਿਆਲ ਸਿੰਘ, ਉਸਤਾਦ ਹਰਭਜਨ ਸਿੰਘ ਅਤੇ ਮੈਂ ਸ. ਬਾਜ ਸਿੰਘ ਦੇ ਖੁਲ੍ਹੇ ਚੌੜੇ ਘਰ ਵਿਚ ਰਾਤ ਦੇ ਆਰਾਮ ਲਈ ਜਾ ਪੁੱਜੇ।

## 28 ਦਸੰਬਰ 1985, ਸ਼ਨੀਵਾਰ
## ਰਹਿਤਪੁਰਾ, ਐਮ.ਪੀ.

ਸੁਹਣੇ ਘਰਾਂ ਪਰ ਗੰਦੇ ਆਲੇ ਦੁਆਲੇ ਵਾਲੇ ਰੱਜੇ ਪੁੱਜੇ ਕਿਸਾਨੀ ਪਿੰਡ ਰਹਿਤਪੁਰਾ ਵਿਚ ਚੰਨ ਦੀ ਭਰਪੂਰ ਚਾਨਣੀ ਤੇ ਮੱਠੀ ਮੱਠੀ ਵਗਦੀ ਰਿਵੀ ਵਾਲੇ ਮੌਸਮ ਵਿਚ ਗੁਰਦੁਆਰਿਓਂ ਸਵੇਰੇ 4.30 ਵਜੇ ਸਪੀਕਰ ਖੜਕਿਆ। ਆਸਾ ਦੀ ਵਾਰ ਦਾ ਆਨੰਦ ਬਖ਼ਸ਼ ਕੀਰਤਨ ਸਤਿਗੁਰੂ ਜੀ ਦੇ ਕਲਾਕਾਰਾਂ ਦੀਆਂ ਸੁਰੀਲੀਆਂ ਸੁਰਾਂ ਨਾਲ ਵਾਤਾਵਰਣ ਵਿਚ ਛਾ ਗਿਆ। ਕੀਰਤਨ ਉਸੇ ਲੰਮੇ ਬਰਾਂਮਦੇ ਵਿਚ ਸੀ ਜਿਸ ਵਿਚ ਕਲ ਰਾਤੀਂ ਨਾਮ ਸਿਮਰਨ ਤੇ ਸ਼ਾਮ ਦਾ ਦਿਵਾਨ ਸੁਸਜਿਤ ਸੀ।

ਏਧਰਲੇ ਘਰ ਤੇ ਇਹ ਗੁਰਦੁਆਰਾ ਪੱਥਰ ਦੀਆਂ ਸਿਲਾਂ ਦੀਆਂ ਛੱਤਾਂ ਵਾਲੇ ਹਨ। ਮੱਧ ਪਰਦੇਸ਼ ਵਿਚ ਇਕ ਖਾਸ ਕਿਸਮ ਦੇ ਪੱਥਰ ਨੂੰ ਮਸ਼ੀਨੀ ਆਰਿਆਂ ਨਾਲ, ਲੱਕੜ ਦੇ ਫੱਟਿਆਂ ਵਾਂਗ ਚੀਰ ਕੇ 3-3, 4-4 ਫੁਟ ਚੌੜੀਆਂ ਸਿਲਾਂ ਬਣਾ ਲਈਆਂ ਜਾਂਦੀਆਂ ਹਨ ਅਤੇ ਲੈਂਟਰ ਦੀ ਜਗਹ ਉਹੋ ਇਸਤੇਮਾਲ ਕੀਤੀਆਂ ਜਾਂਦੀਆਂ ਹਨ। ਘਰਾਂ ਦੀ ਬਣਤਰ ਵਿਚ ਥੰਮਲੇ ਵੀ ਪੱਥਰ ਦੇ ਹੀ ਕੰਮ ਦਿੰਦੇ ਹਨ ਅਤੇ ਵਿਹੜੇ ਦੇ ਫਰਸ਼ ਵੀ, ਪੱਧਰੀ ਕੀਤੀ ਮਿੱਟੀ ਉਤੇ ਪੱਥਰ ਸਿਲਾਂ ਨਾਲ ਬਣਾਏ ਜਾਂਦੇ ਹਨ।

ਰਹਿਤ ਪੁਰ ਦੇ ਜਿੰਨੇ ਕੁ ਘਰਾਂ ਵਿਚ ਜਾਣ ਦਾ ਮੌਕਾ ਮਿਲਿਆ, ਰੇਡੀਓ, ਪੱਖੇ, ਪ੍ਰੈਸ, ਟੈਲੀਵੀਜ਼ਨ ਅਤੇ ਫਰਿੱਜ ਆਦਿ ਅਜੋਕੀਆਂ ਸਹੂਲਤਾਂ ਨਾਲ ਲਬਰੇਜ਼ ਦਿੱਸੇ। ਸਵੇਰੇ ਸਵੇਰੇ ਬੀਬੀਆਂ ਦੀਆਂ ਬਾਹਵਾਂ ਨੂੰ ਦੁੱਧ ਰਿੜਕਣ ਲਈ ਕਸ਼ਟ ਨਹੀਂ ਕਰਨਾ ਪੈਂਦਾ। ਚਾਟੀਆਂ ਵਿਚ ਪਈਆਂ ਬਿਜਲੀ ਮਧਾਣੀਆਂ ਸੁਖਾਂਵੀ ਆਵਾਜ਼ ਪੈਦਾ ਕਰਦੀਆਂ ਘੂਕਦੀਆਂ ਰਹਿੰਦੀਆਂ ਹਨ।

ਸਵੇਰੇ 6.15 ਵਜੇ ਕੀਰਤਨ ਦਾ ਭੋਗ ਪੈਂਦਿਆਂ ਹੀ ਸ੍ਰੀ ਸਤਿਗੁਰੂ ਜੀ ਤੇ ਨਾਲ ਦੇ ਜਥੇ ਦੀਆਂ ਗੱਡੀਆਂ ਸੜਕੇ ਚੜ੍ਹ ਗਈਆਂ। ਅਤੇ ਪੱਕੀ ਸੜਕ ਨੂੰ ਪਿਠ ਦੇ ਉਸੇ ਕਚੀ ਸੜਕ ਤੇ ਅਗਾਂਹ ਵਧੀਆਂ ਜਿਸ ਤੇ ਅਸੀਂ ਰਹਿਤਪੁਰ ਆਏ ਸਾਂ। ਸੁਹਣੇ ਖੇਤਾਂ, ਹਰੀਆਂ ਕਚੂਰ ਕਣਕਾਂ, ਸਰਵਾਂ ਦੇ ਖੇਤਾਂ ਵਿਚਦੀ ਲੰਘਦੇ 7 ਵਜੇ ਤਕ ਪੰਜ ਕਿ:ਮੀ: ਸਫਰ ਕਰਕੇ ਬੁੱਧ ਸਿੰਘ ਦੇ ਪੁਰੇ ਜਾ ਪਹੁੰਚੇ। ਏਥੇ ਇਕ ਸ੍ਰੇਸ਼ਟ ਨਾਮਧਾਰਨ ਰਹਿੰਦੀ ਹੈ ਮਾਤਾ ਪਿਆਰ ਕੌਰ, ਸਵਰਗਵਾਸੀ ਸ. ਬੁੱਧ ਸਿੰਘ ਦੀ ਪਤਨੀ। ਦੂਜਾ ਨਾਮਧਾਰੀ ਘਰ ਉਸਦੇ ਜੁਆਈ ਸ. ਮਿਲਖਾ ਸਿੰਘ ਦਾ ਹੈ। ਇਸ ਸਾਰੇ ਇਲਾਕੇ ਦੇ ਕਿਸਾਨ ਏਨੇ ਸੌਖੇ ਹਨ ਕਿ ਅਜੇ ਤਕ ਛੋਨੇ ਦੇ ਅੰਬਾਰ ਪਰਾਲੀ ਨਾਲ ਸਜੇ ਇਹਨਾਂ ਦੇ



Sri Satguru Jagjit Singh Ji Elibrary NamdhariElibrary@gmail.com

ਵਿਹੜਿਆਂ ਵਿਚ ਹਨ। ਰਹਿਤਪੁਰੇ ਵੀ ਹਜ਼ਾਰ ਹਜ਼ਾਰ ਮਣ ਧਾਨ ਵਿਹੜਿਆਂ ਵਿਚ ਪਰਾਲੀ ਕੱਜੇ ਵੇਖੇ ਅਤੇ ਬੁੱਧ ਸਿੰਘ ਦੇ ਪੁਰੇ ਵੀ ਏਹੋ ਹਾਲ ਹੈ।

ਮਾਤਾ ਪਿਆਰ ਕੌਰ ਕੇ ਘਰ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਏ। 10 ਮਿੰਟ ਬੈਠੇ। ਮਾਤਾ ਜੀ ਨੇ 500 ਰੁਪਏ ਭੇਟ ਕੀਤਾ, ਹੋਰ ਪਰਵਾਰ ਨੇ ਵੀ ਤਿਲਫੁਲ ਧਰ ਨਮਸਕਾਰ ਕੀਤਾ। ਇਜ ਹੀ ਸ. ਮਿਲਖਾ ਸਿੰਘ ਦੇ ਘਰ ਵੀ ਦਰਸ਼ਨ ਦਿਤੇ। ਦੋਹੀਂ ਘਰ ਨਾਮ ਸਿਮਰਨ ਇਕ ਘੰਟਾ ਰੋਜ਼ਾਨਾ ਤੇ ਇਕ ਪਾਠ ਮਹੀਨਾ ਜ਼ਰੂਰੀ ਦਸਿਆ।

ਪਰਵਾਰਕ ਜਾਣਕਾਰੀ:

ਮਾਤਾ ਪਿਆਰ ਕੌਰ

ਸੁਪਤਨੀ ਸ. ਬੁਧ ਸਿੰਘ ਸੁਰਗਵਾਸੀ   ਇਕ ਲੜਕਾ

ਲੜਕਾ: ਸ. ਨਿਸ਼ਾਨ ਸਿੰਘ

ਬੀਬੀ ਤਰਸੇਮ ਕੌਰ   ਤਿੰਨ ਲੜਕੇ ਦੋ ਲੜਕੀਆਂ

ਪ੍ਰਾਹੁਣਾ: ਸ. ਮਿਲਖਾ ਸਿੰਘ ਸਪੁਤ੍ਰ ਸ. ਮੋਹਨ ਸਿੰਘ

ਬੀਬੀ ਭਜਨ ਕੌਰ ਸਪੁਤ੍ਰੀ ਸ. ਬੁੱਧ ਸਿੰਘ

ਇਹ ਪਿੰਡ ਜ਼ਰਾ ਨੀਵੀਂ ਥਾਂ ਤੇ ਬੱਝਾ ਪ੍ਰਤੀਤ ਹੁੰਦਾ ਹੈ। ਲਾਲ ਰੋੜੀ ਵਾਲੀ ਕੱਚੀ ਸੜਕ ਤੇ ਵਾਪਸੀ ਕੀਤੀ। ਰਾਹ ਵਿਚ ਸੱਜੇ ਪਾਸੇ 7.35 ਤੇ ਜਾ ਉਤਰੇ। ਪਹਿਲੇ ਹੀ ਤੇ ਛੱਪੜ ਕੰਢੇ ਦੇ ਨਾਮਧਾਰੀ ਘਰ ਨੂੰ ਜਾ ਨਿਵਾਜਿਆ। ਮਾਤਾ ਪਿਤਾ ਦੀ ਬੜੀ ਰੀਝ ਸੀ ਕਿ ਕਦੇ ਸਤਿਗੁਰਾਂ ਦੇ ਚਰਨ ਉਹਨਾਂ ਦੇ ਪਿੰਡ ਅਤੇ ਘਰ ਪੈਣ। ਸੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਸਿਖ ਸ. ਸ਼ਿੰਗਾਰਾ ਸਿੰਘ 68 ਅਤੇ ਇਸਦੀ ਪਤਨੀ ਸੁਰਜੀਤ ਕੌਰ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਆ ਦਰਸ਼ਨ ਦਿਤੇ। 15 ਮਿੰਟ ਨਿੱਠ ਕੇ ਦਰਸ਼ਨ ਦਿਤੇ। ਬੱਚਿਆਂ ਨੂੰ ਮਾਸ ਸ਼ਰਾਬ ਤੋਂ ਬਚੇ ਰਹਿਣ, ਅੰਮ੍ਰਿਤ ਵੇਲੇ ਦਾ ਸਕੇਸ਼ ਸ਼ਨਾਨ, ਇਕ ਘੰਟਾ ਨਾਮ ਸਿਮਰਨ ਤੇ ਮਹੀਨੇ ਪਿਛੋਂ ਇਕ ਪਾਠ ਦੀ ਪੱਕੀ ਕੀਤੀ। ਦੋਹਾਂ ਬਜ਼ੁਰਗਾਂ ਦੀ ਸੰਤਾਨ ਹੇਠ ਲਿਖੇ ਅਨੁਸਾਰ ਹੈ:

| | |
|---|---|
| 1. ਸ. ਧੀਰ ਸਿੰਘ (34) | 1 ਲੜਕਾ, ਸੁਰਿੰਦਰ ਸਿੰਘ |
| ਬੀਬੀ ਜਸਵੰਤ ਕੌਰ | 5 ਲੜਕੀਆਂ |
| 2. ਸ. ਗੁਰਮੇਲ ਸਿੰਘ (28) | 3 ਲੜਕੇ |
| ਬੀਬੀ ਦਲਜੀਤ ਕੌਰ | 2 ਲੜਕੀਆਂ |

ਸ੍ਰੀ ਸਤਿਗੁਰੂ ਜੀ ਦੀ ਕਾਰ ਦੀ ਅਗਵਾਈ ਵਿਚ ਸਾਡੀਆਂ ਚਾਰੇ ਕਾਰਾਂ ਫਿਰ ਚੱਲੀਆਂ। ਰਹਿਤਪੁਰਾ ਲੰਘ ਕੇ ਮੁੜ ਭਿੰਡ-ਇਟਾਵਾ ਰੋਡ ਤੇ ਪਹੁੰਚ, ਇਕ ਕਿਲੋਮੀਟਰ ਗਵਾਲੀਅਰ ਵਲ ਜਾ ਇਕ ਸੂਏ ਦੇ ਨਾਲ ਨਾਲ ਸੱਜੇ ਹੱਥ ਚਲ ਕੇ 2 ਕਿਲੋਮੀਟਰ ਤੇ ਦੁਆਬੀਆਂ ਦੇ 25 ਘਰਾਂ ਦੇ ਪਿੰਡ ਚੱਲ ਤੁਕੇੜਾ ਵਿਖੇ ਸਤਿਗੁਰੂ ਦਰਸ਼ਨ ਦਿਤੇ। ਏਥੇ ਸ. ਟੇਕ ਸਿੰਘ ਦੇ ਘਰ ਪਧਾਰੇ ਜੋ ਸ. ਮੱਸਾ ਸਿੰਘ ਦੇ ਕੁੜਮਾਂ ਦਾ ਘਰ ਹੈ। ਏਥੇ ਵੀ ਪੱਥਰ ਮਿਲਾਂ ਦੇ ਵੇਹੜੇ, ਧਾਨ ਦੇ ਢੇਰ, ਅਤੇ ਪਸ਼ੂ ਧਨ। ਸ੍ਰੀ ਸਤਿਗੁਰੂ ਜੀ ਨੇ ਵਿਛੇ



Sri Satguru Jagjit Singh Ji Elibrary NamdhariElibrary@gmail.com

ਮੰਜੇ ਤੇ ਬੈਠ ਦਰਸ਼ਨ ਦਿਤੇ। ਸਤਿਗੁਰੂ ਜੀ ਵਾਰ ਤੋਂ ਉਠਦੇ ਹੀ ਨਿੱਜੀ ਨਿਤਨੇਮ ਕਰ ਰਹੇ ਅਤੇ ਬੋਲ ਨਹੀਂ ਰਹੇ। ਸਤਿਗੁਰੂ ਜੀ ਦੇ ਲਿਖਤ ਇਸ਼ਾਰੇ ਤੇ ਤਰਸੇਮ ਸਿੰਘ ਸਕੱਤਰ ਹੀ ਉਪਦੇਸ਼ ਕਾਰਜ ਕਰਦਾ ਰਿਹਾ ਹੈ। ਇਥੇ ਵੀ ਪਰਵਾਰ ਨੂੰ ਭਜਨ ਬੰਦਗੀ ਦਾ ਉਪਦੇਸ਼ ਦਿਤਾ ਗਿਆ। ਪਰਵਾਰ ਦੇ ਨਵੇਂ ਜੀਆਂ ਨੇ ਭਜਨ ਪੁਛਕੇ ਜਨਮ ਸਫਲਾ ਕੀਤਾ:

ਪਰਵਾਰਕ ਸਥਿਤੀ ਇਸ ਪਰਕਾਰ ਹੈ:

1. ਸ. ਟੇਕ ਸਿੰਘ (58) ਸਪੁੱਤਰ ਸਵ: ਸ. ਜੁਆਲਾ ਸਿੰਘ
   ਬੀਬੀ ਕਰਤਾਰ ਕੌਰ ਸੁਰਗਵਾਸੀ
   ਸਪੁੱਤਰ: 1 ਸ. ਗੁਰਮੁਖ ਸਿੰਘ (35) ਤਿਨ ਲੜਕੇ
   ਬੀਬੀ ਸੁਖਦੇਵ ਕੌਰ 2 ਲੜਕੀਆਂ
2. ਸ. ਚਰਨ ਸਿੰਘ (32)
   ਬੀਬੀ ਦਲਜੀਤ ਕੌਰ
3. ਸ. ਅਰਜਨ ਸਿੰਘ (20)
   ਬੀਬੀ ਅਮਰਦੀਪ ਕੌਰ
4. ਸ੍ਰੀ ਬਹਾਦਰ ਸਿੰਘ (16)

ਏਥੋਂ ਵਾਪਸ ਪਰਤ ਕੇ 8.45 ਵਜੇ ਰਹਿਤਪੁਰੇ ਪੁਜ ਗਏ। ਸ. ਮੱਸਾ ਸਿੰਘ ਵਲੋਂ ਅੱਜ ਵੀ ਪਿੰਡ ਦੇ ਭਾਈਚਾਰੇ ਦਾ ਲੰਗਰ ਸੀ। ਸ੍ਰੀ ਸਤਿਗੁਰੂ ਜੀ ਨੇ ਡੇਰੇ ਪਹੁੰਚ, ਕੁਛ ਜਲਪਾਨ ਕਰ ਆਰਾਮ ਕੀਤਾ। ਮੈਂ ਕੁਛ ਪਰਵਾਰਕ ਜਾਣਕਾਰੀ ਹੋਰ ਦਿੰਦਾ ਹਾਂ:

1. ਸਭ ਤੋਂ ਵੱਡਾ: ਸ. ਪ੍ਰੀਤਮ ਸਿੰਘ ਪਟੇਲ (60)
   ਬੀਬੀ ਟਿਆਲ ਕੌਰ
   ਸੰਤਾਨ: 1. ਸ. ਬਖਸ਼ੀਸ਼ ਸਿੰਘ (35) 1 ਲੜਕਾ
   ਬੀਬੀ ਰਾਜਿੰਦਰ ਕੌਰ 1 ਲੜਕੀ
2. ਸ. ਅਜੀਤ ਸਿੰਘ (32) 1 ਲੜਕਾ
   ਬੀਬੀ ਹਰਜਿੰਦਰ ਕੌਰ 2 ਲੜਕੀਆਂ
3. ਸ. ਸੁਖਦੇਵ ਸਿੰਘ 30 3 ਲੜਕੇ
   ਬੀਬੀ ਜਸਵਿੰਦਰ ਕੌਰ 1 ਲੜਕੀ
4. ਸ. ਹਰਦੇਵ ਸਿੰਘ 28 1 ਲੜਕਾ
   ਬੀਬੀ ਤਲਵਿੰਦਰ ਕੌਰ 1 ਲੜਕੀ
5. ਸ੍ਰੀ ਅਵਤਾਰ ਸਿੰਘ
6. ਬੀਬੀ ਪਰਮਜੀਤ ਕੌਰ 24
   ਸ. ਕੁਲਵੰਤ ਸਿੰਘ ਚੱਕ ਬੰਨ੍ਹ ਵਾਲਾ ਪੁਰ



Sri Satguru Jagjit Singh Ji Elibrary NamdhariElibrary@gmail.com

ਬੀਤੀ ਰਾਤੀਂ ਦਿਵਾਨ ਵਿਚੋਂ ਉਠਕੇ ਸੱਚੇ ਪਾਤਸ਼ਾਹ ਜੀ ਨੇ ਪਿੰਡ ਵਿਚ ਆਪਣੇ ਪ੍ਰੇਮੀਆਂ ਦੇ ਘਰੀਂ ਚਰਨ ਪਾਏ ਤੇ ਸਾਰੇ ਪਰਵਾਰਾਂ ਵਿਚ ਮਾਸ ਸ਼ਰਾਬ ਦੇ ਪਰਵੇਸ਼ ਦਾ ਪਤਾ ਕੀਤਾ ਤੇ ਰੋਕਿਆ ਟੋਕਿਆ। ਪ੍ਰੀਤਮ ਸਿੰਘ ਖੁਦ ਵੀ ਕੁਸੰਗਤ ਦਾ ਸ਼ਿਕਾਰ ਸੀ। ਇਸਨੂੰ ਸ਼ਰਾਬ ਤੋਂ ਵਰਜਿਆ ਸ. ਬਖਸ਼ੀਸ਼ ਸਿੰਘ ਗਵਾਲੀਅਰ ਵਿਚ ਸਿੰਘ ਸਭਾ ਗੁਰਦੁਆਰਾ ਦਾ ਮੈਂਬਰ ਹੈ। ਇਸਨੂੰ ਵੀ ਸ਼ਰਾਬ ਪੀਣ ਦੀ ਲਤ ਲਗ ਗਈ ਹੈ। ਸਤਿਗੁਰੂ ਜੀ ਨੇ ਪ੍ਰਣ ਕਰਵਾਇਆ ਨਾ ਪੀਣ ਦਾ।

ਸ. ਪਟੇਲ ਦੇ ਦੋ ਲੜਕਿਆਂ ਸ. ਹਰਦੇਵ ਸਿੰਘ ਅਤੇ ਸ. ਅਵਤਾਰ ਸਿੰਘ ਨੇ ਪੂਰੀ ਤਰ੍ਹਾਂ ਨਾਮਧਾਰੀ ਵੇਸ਼ ਭੂਸ਼ਾ ਅਪਣਾਣ ਦਾ ਬਚਨ ਦਿਤਾ।

ਸ. ਪਟੇਲ ਦੇ ਪੋਤਰੇ ਅਤੇ ਪੋਤਰੀਆਂ ਨੇ ਪਹਿਲੀ ਵਾਰ ਭਜਨ ਪੁਛਿਆ। ਇੰਜ ਇਹ ਸਾਰਾ ਪਰਵਾਰ ਮੁੜ ਤੋਂ ਸੰਸ਼ੋਧਿਤ ਹੋਇਆ।

1. ਸ. ਮੱਸਾ ਸਿੰਘ (55) ਪਿਛੋਂ ਚਵਿੰਡਾ ਜ਼ਿ: ਅੰਮ੍ਰਿਤਸਰ ਦੇ
   ਬੀਬੀ ਗੁਰਮੀਤ ਕੌਰ
   ਸੰਤਾਨ: 1. ਸ. ਹਰਜੀਤ ਸਿੰਘ (30) 1 ਲੜਕਾ
   ਬੀਬੀ ਗੁਰਜੀਤ ਕੌਰ 1 ਲੜਕੀ
2. ਸ. ਸਰਵਣ ਸਿੰਘ (24)
3. ਸ. ਚਤਰ ਸਿੰਘ (22)
   ਬੀਬੀ ਬਲਵਿੰਦਰ ਕੌਰ 1 ਲੜਕੀ
4. ਸ੍ਰੀ ਗੁਰਲਾਲ ਸਿੰਘ (18)
5. ਬੀਬੀ ਸਰਬਜੀਤ ਕੌਰ

ਸ. ਨਿੰਦਰ ਸਿੰਘ ਚੱਕ ਕਨੀਪੁਰ, ਐਮ. ਪੀ.

ਸ. ਮੱਸਾ ਸਿੰਘ ਸੁਹਣੀ ਦਿੱਖ ਵਾਲਾ ਨਿਸ਼ਠਾਵਾਨ ਨਾਮਧਾਰੀ ਹੈ। ਇਸਦਾ ਪਹਿਰਾਵਾ ਪ੍ਰਭਾਵਸ਼ਾਲੀ ਨਾਮਧਾਰੀਆਂ ਵਾਲਾ ਹੈ। ਇੰਜ ਹੀ ਇਸਦੀ ਸੁਪਤਨੀ ਬੀਬੀ ਗੁਰਮੀਤ ਕੌਰ ਵੀ ਬਣਦੀ ਫਬਦੀ ਉਚੀ ਲੰਮੀ ਨਾਮਧਾਰਨ ਹੈ। ਮੱਸਾ ਸਿੰਘ ਹੁਰਾਂ ਦੀ ਇਹ ਦੂਜੀ ਸੁਪਤਨੀ ਹੈ। ਪਹਿਲੀ ਪਤਨੀ ਮਹਿੰਦਰ ਕੌਰ, ਸ. ਵਸਾਖਾ ਸਿੰਘ ਅਤੇ ਬੀਬੀ ਹਰਨਾਮ ਕੌਰ ਦੀ ਸਪੁਤ੍ਰੀ ਸੀ। ਸ. ਮੱਸਾ ਸਿੰਘ ਨੂੰ ਉਸਤੋਂ 10 ਸਾਲ ਸੰਤਾਨ ਨ ਪ੍ਰਾਪਤ ਹੋਣ ਤੇ ਗੁਰਮੀਤ ਕੌਰ ਨੂੰ ਵਿਆਹਿਆ। ਇਸ ਦੇ ਘਰ ਪੁੱਤਰ ਰਤਨ ਹੋਇਆ ਤਾਂ ਪਹਿਲੀ ਪਤਨੀ ਮਹਿੰਦਰ ਕੌਰ ਵੀ ਪ੍ਰਸੂਤਾ ਹੋ ਗਈ। ਉਸਦੀ ਸੰਤਾਨ ਇਕ ਪੁੱਤਰੀ ਸਰਬਜੀਤ ਕੌਰ। ਡੇਢ ਕੁ ਸਾਲ ਪਹਿਲਾਂ ਮਹਿੰਦਰ ਕੌਰ ਇਕ ਹਾਦਸੇ ਵਿਚ ਗੁਜ਼ਰ ਗਈ।

ਇਸ ਵੇਲੇ ਮਹਿੰਦਰ ਕੌਰ ਦੀ ਮਾਤਾ, ਹਰਨਾਮ ਕੌਰ, ਸ. ਮੱਸਾ ਸਿੰਘ ਦੀ ਸੇਵਾ ਸੰਭਾਲ ਵਿਚ ਹੈ। ਉਸਦੀ ਪੁੱਤਰੀ ਸਰਬਜੀਤ ਕੌਰ ਭਾਵੇਂ ਮਾਂ ਦਾ ਵਿਛੋੜਾ ਮਹਿਸੂਸਦੀ ਝੂਰਦੀ ਰਹਿੰਦੀ ਹੈ ਪਰ ਉਸਦੀ ਨਾਨੀ ਦੀ ਇਸ ਘਰ ਸੇਵਾ ਬਖੂਬੀ ਹੋ ਰਹੀ ਹੈ। ਮੈਂ ਇਕ ਫੋਟੋਗ੍ਰਾਫ ਮਾਤਾ ਹਰਨਾਮ ਕੌਰ (80) ਦਾ ਵੀ ਲਿਆ।



Sri Satguru Jagjit Singh Ji Elibrary NamdhariElibrary@gmail.com

1. ਸ. ਬਾਜ ਸਿੰਘ (46)
ਬੀਬੀ ਅਮਰਜੀਤ ਕੌਰ
ਸੰਤਾਨ: 1. ਜਸਬੀਰ ਸਿੰਘ (24) 3 ਲੜਕੇ
ਬੀਬੀ ਬਲਵਿੰਦਰ ਕੌਰ
2. ਸ. ਹਰਦੀਪ ਸਿੰਘ (24) ਬੀ.ਏ. ਸੈਕੰਡ ਈਅਰ
3. ਸ. ਗੁਰਮੀਤ ਸਿੰਘ (22) ਬੀ. ਐਸ. ਸੀ. ਫਸਟ ਈਅਰ
4. ਬੀਬੀ ਮਨਜੀਤ ਕੌਰ (20)

ਇਹਨਾਂ ਚੋਂ ਸ੍ਰੀ ਗੁਰਮੀਤ ਸਿੰਘ ਨੇ ਸਤਿਗੁਰੂ ਜੀ ਦੇ ਸਨਮੁਖ ਨਾਮਧਾਰੀ ਪਹਿਰਾਵਾ ਧਾਰਨ ਦਾ ਵਚਨ ਲਿਆ।

10 ਵਜੇ ਸ੍ਰੀ ਸਤਿਗੁਰੂ ਜੀ ਨੇ ਮੱਸਾ ਸਿੰਘ ਕੇ ਘਰ ਤਿਨਾਂ ਨਾਮਧਾਰੀ ਪਰਵਾਰਾਂ ਦੇ ਮੈਂਬਰਾਂ ਨੂੰ ਬੁਲਵਾਇਆ ਅਤੇ ਉਨ੍ਹਾਂ ਨੂੰ ਆਪਣੇ ਮਤ ਵਿਚ ਪੱਕਿਆਂ ਰਹਿਣ, ਭਜਨ ਬਾਣੀ ਕਰਨ ਆਦਿ ਦੀ ਪ੍ਰੇਰਨਾ ਦਿਤੀ। ਸ. ਮੱਸਾ ਸਿੰਘ ਨੇ 1000 ਭੇਟ ਕੀਤਾ। ਸੂਬਾ ਜੀ ਤੋਂ ਪਤਾ ਲੱਗਾ ਕਿ ਬਾਕੀ ਪਰਵਾਰਾਂ ਵੀ 1000-1000 ਭੇਟਾ ਕੀਤਾ ਹੈ। ਇਹ ਸਾਰਾ ਇਕੱਠ ਹੇਠਾਂ ਵਰਾਂਡੇ ਵਿਚ ਸੀ। ਸੱਚੇ ਪਾਤਸ਼ਾਹ ਵਿਛੇ ਹੋਏ ਮੰਜੇ ਤੇ ਬਿਰਾਜਮਾਨ ਸਨ। ਸ. ਪਟੇਲ ਦੇ ਲੜਕੇ ਬਖਸ਼ੀਸ਼ ਸਿੰਘ ਨੇ ਸਤਿਗੁਰੂ ਨੂੰ ਅਰਜ਼ ਕੀਤੀ: ਗਰੀਬ ਨਿਵਾਜ, ਸਾਡੇ ਬਜ਼ੁਰਗਾਂ ਨੂੰ ਵਰਜੋ, ਇਹ ਹਰ ਤੀਜੇ ਚੌਥੇ ਮਹੀਨੇ ਲੜਾਈ ਦਾ ਵਿਢਣ ਵਿਢ ਬਹਿੰਦੇ ਹਨ। ਗਾਲਾਂ ਮੰਦਾ ਫਿਕਾ ਰੱਜ ਕੇ ਬੋਲ ਲੈਂਦੇ ਹਨ। ਪੁਤ੍ਰ ਦੀ ਪਿਉਆਂ, ਚਾਚਿਆਂ ਬਾਰੇ ਸ਼ਕਾਇਤ ਸੁਣ ਕੇ ਸਤਿਗੁਰੂ ਜੀ ਨੇ ਸਭ ਨੂੰ ਸਿਖ ਮੱਤ ਦਿਤੀ। ਈਰਖਾ ਦਵੈਖ ਤੋਂ ਬਚੇ ਰਹਿਣ ਦੀ ਪ੍ਰੇਰਨਾ ਦਿਤੀ। ਰਾਈਆਂ ਦੇ ਡੇਰੇ ਦਾ ਕਬਜ਼ਾ ਲੈਣ, ਇਸ ਤੋਂ ਪਹਿਲੇ ਮੁਹੰਤਾਂ ਦੇ ਜਤਨ- ਪਰ ਮੰਦਾ ਫਿਕਾ ਬੋਲਿਆ ਨਹੀਂ ਗਿਆ ਤੇ ਚਿੜਾਇਆ ਨਹੀਂ ਗਿਆ। ਹੁਣ ਉਹਨਾਂ ਹੀ ਮਹੰਤਾਂ ਨਾਲ ਮੁੜ ਦੋਸਤੀ ਦਾ ਹੱਥ ਵਧਾਕੇ ਰਾਈਆਂ ਵਿਚ ਆਉਣਾ ਜਾਣਾ ਦੱਸਕੇ ਸਿਖਾਂ ਨੂੰ ਪਰਸਪਰ ਇਤਿਫਾਕ ਨਾਲ ਰਹਿਣ ਲਈ ਉਪਦੇਸ਼ ਦਿੱਤਾ।

ਸ੍ਰ. ਬਖਸ਼ੀਸ ਸਿੰਘ ਨੇ ਪੰਜਾਬ ਵਿਚ ਚਲਦੀ ਅੱਤਿਵਾਦੀ ਲਹਿਰ ਦੇ ਨੁਕਸਾਨ ਦੀ ਚਰਚਾ ਵੀ ਛੇੜੀ ਤੇ ਪੁੱਛਿਆ: ਅਸੀਂ ਕੀ ਕਰੀਏ। ਸ੍ਰੀ ਸਤਿਗੁਰੂ ਜੀ ਨੇ ਪੰਜਾਬ ਦੇ ਦੁਰਭਾਗ ਦੀ ਗੱਲ ਕਰਦਿਆਂ ਸਪਸ਼ਟ ਕੀਤਾ ਕਿ ਕਿਵੇਂ ਪਾਕਿਸਤਾਨ ਅਤੇ ਅਮਰੀਕਾ ਦਾ ਜਸੂਸੀ ਸੰਗਠਨ ਇਸ ਕੁਟਿਲ ਨੀਤੀ ਨੂੰ ਚਲਾ ਰਿਹਾ ਹੈ। ਪੰਜਾਬ ਵਿਚ ਹਰ ਕੋਈ ਅਸੁਰੱਖਿਅਤ ਹੈ। ਹਥਿਆਰਾਂ ਦਾ ਬੋਲਬਾਲਾ ਹੈ। ਸਤਿਗੁਰੂ ਜੀ ਨੇ ਰਾਜਾਂ ਵਿਚ ਅਮਨ ਬਹਾਲ ਕਰਨ ਲਈ ਪ੍ਰਧਾਨ ਮੰਤਰੀ ਰਾਜੀਵ ਦੇ ਜਤਨਾਂ ਦੀ ਸ਼ਲਾਘਾ ਵੀ ਕੀਤੀ।

ਬਖਸ਼ੀਸ਼ ਸਿੰਘ ਨੇ ਆਪਣੇ ਪਿਤਾ ਦੀ ਸ਼ਰਾਬ ਪੀਣ ਦੀ ਲਤ ਦੀ ਸਤਿਗੁਰੂ ਜੀ ਪਾਸ ਸ਼ਕਾਇਤ ਕੀਤੀ। ਸਤਿਗੁਰੂ ਜੀ ਨੇ ਉਸ ਨੂੰ ਪੁਛ ਲਿਆ ਕਿ ਉਹ ਬਚਿਆ



Sri Satguru Jagjit Singh Ji Elibrary NamdhariElibrary@gmail.com

ਹੋਇਆ ਹੈ? ਦੋਵੇਂ ਗ਼ਲਤ ਸਾਬਤ ਹੋਏ ਤੇ ਦੋਹਾਂ ਨੂੰ ਸੱਚੇ ਪਾਤਸ਼ਾਹ ਜੀ ਨੇ ਆਦਰਸ਼ ਰੂਪ ਵਿਚ ਪੇਸ਼ ਹੋਣ ਦੀ ਗੱਲ ਕੀਤੀ।

ਏਥੇ ਜੁੜਦਿਆਂ ਜੁੜਦਿਆਂ 50 ਨਰ ਨਾਰ ਇਕਤਰ ਹੋ ਗਏ। ਅੱਧਾ ਘੰਟਾ ਰੂਹ ਨਾਲ ਗੁਰੂ ਕੇ ਦਰਸ਼ਨ ਹੋਏ। ਫੋਟੋਗ੍ਰਾਫ਼ ਵੀ ਹੋਇਆ।

ਉਪਰੰਤ ਸਤਿਗੁਰੂ ਜੀ ਨੇ ਇਸ਼ਨਾਨ ਪਾਣੀ ਕਰਕੇ ਪ੍ਰਸ਼ਾਦ ਛਕਿਆ ਅਤੇ ਫਿਰ ਆਰਾਮ ਹਿਤ ਬਿਰਾਜ ਗਏ।

1.30 ਵਜੇ ਰਹਿਤਪੁਰਾ ਨੂੰ ਤਿਆਗ ਸਾਡੀਆਂ ਗੱਡੀਆਂ ਗਵਾਲੀਅਰ ਵੱਲ ਪਰਤੀਆਂ। ਪਰ ਸੱਚੇ ਪਾਤਸ਼ਾਹ ਜੀ ਨੂੰ ਕਿਸੇ ਹੋਰ ਪਿੰਡ, ਜੋ ਕੱਚੀ ਦੇ ਨੇੜੇ ਹੀ ਕਿਤੇ ਸੀ, ਦਰਸ਼ਨ ਦੇਣ ਲਈ ਸ. ਮੱਸਾ ਸਿੰਘ ਹੁਰੀਂ ਲੈ ਗਏ। ਪਰ ਦੋ ਗੱਡੀਆ ਸਿੱਧੀ ਸੜਕੇ ਹੀ ਪੈ ਗਈਆਂ। ਨਾਮ ਸਿਮਰਨ ਲਈ ਅਰਦਾਸ ਹੋ ਗਈ।

ਗਵਾਲੀਅਰ ਤੋਂ ਢਾਈ ਕਿਲੋਮੀਟਰ ਬਾਹਰ ਆ, ਸੰਤ ਮਨਮੋਹਨ ਸਿੰਘ ਅਤੇ ਪੰ: ਚੰਦ੍ਰ ਕਾਂਤ ਸ਼ੰਕਰ ਗੰਧਰਵ ਮਹਾਂਵਿਦਿਆਲਾ ਦੇ ਪ੍ਰਿੰਸੀਪਲ, ਸ੍ਰੀ ਸਤਿਗੁਰੂ ਜੀ ਦੀ ਉਡੀਕ ਕਰਨ ਲਗੇ। ਪਤਾ ਲਗਾ ਕਿ ਉਹ ਸਵੇਰੇ 9 ਵਜੇ ਦੇ ਇੰਤਜ਼ਾਰ ਵਿਚ ਸਨ। 2 ਵਜੇ ਛੋਟੀ ਲਾਈਨ ਪਾਸ ਦੀ ਸੜਕ ਤੇ ਸਾਡੇ ਉਹਨਾਂ ਦੇ ਮੇਲ ਹੋਏ। ਪੰਦਰਾਂ ਮਿੰਟ ਬਾਅਦ ਸ੍ਰੀ ਸਤਿਗੁਰੂ ਜੀ ਨੇ ਵੀ ਆ ਦਰਸ਼ਨ ਦਿੱਤੇ।

ਸੰਤ ਤਰਸੇਮ ਸਿੰਘ ਮੈਨੂੰ ਦਸਿਆ ਕਿ ਸ੍ਰੀ ਚੰਦ੍ਰ ਕਾਂਤ ਕ੍ਰਿਸ਼ਨਾ ਰਾਓ ਨੇ ਦੋ ਪੁਸਤਕ ਸ੍ਰੀ ਸਤਿਗੁਰੂ ਜੀ ਦੀ ਭੇਟ ਕੀਤੇ, ਸੰਗੀਤ ਪਰਵੇਸ਼ਿਕਾ ਭਾਗ 1 ਅਤੇ 2। ਸਤਿਗੁਰੂ ਜੀ ਨੇ ਦੱਸਿਆ ਕਿ ਜਦੋਂ ਪੰ: ਕ੍ਰਿਸ਼ਨਾ ਰਾਓ ਸ਼ੰਕਰ ਸਰੀਰ ਕਰਕੇ ਬੜੇ ਨਰੋਏ ਸਨ, ਉਹ ਵੀ ਘੰਟਿਆਂ ਬੱਧੀ ਉਡੀਕ ਕਰ ਲਿਆ ਕਰਦੇ ਸਨ। ਇੰਤਜ਼ਾਰ ਬਿਨਾ ਪਿਆਰ ਦੇ ਨਹੀਂ ਹੋ ਸਕਦੀ।

ਅਸੀਂ ਗਵਾਲੀਅਰ ਵਿਚ ਆਏ, ਅਗੇ ਡਬਰੇ ਜਾਣ ਲਈ ਤਾਂ ਇਕ ਜਗਹ ਸਤਿਗੁਰੂ ਜੀ ਵਾਲੀ ਗਡੀ ਠੀਕ ਕਰਵਾਣ ਲਈ ਰੁਕਿਆਂ ਸੰਤ ਸਰਬਜੀਤ ਸਿੰਘ ਨੇ "ਸਵਦੇਸ਼" ਨਾਂ ਦਾ ਹਿੰਦੀ ਦੈਨਿਕ ਸਤਿਗੁਰੂ ਜੀ ਦੇ ਲਿਆ ਪੇਸ਼ ਕੀਤਾ। ਇਸ ਦੇ ਤੀਜੇ ਪੇਜ਼ ਦੇ ਕੋਨੇ ਤੇ 'ਸੰਘ ਇਨਕੀ ਦ੍ਰਿਸ਼ਟੀ ਮੇਂ' ਕਾਲਮ ਵਿਚ ਸਤਿਗੁਰੂ ਜੀ ਦੀ ਤਸਵੀਰ ਦੇ ਪਰਸੋਂ ਦਾ ਸਾਖਿਆਤਕਾਰ ਛਪਿਆ ਸੀ। ਸਤਿਗੁਰੂ ਜੀ ਨੇ ਸੁਰਖੀ ਵੇਖਦਿਆਂ ਹੀ ਨਾਰਾਜ਼ਗੀ ਦਾ ਇਜ਼ਹਾਰ ਕੀਤਾ ਤੇ ਮਿਨੂੰ ਸੁਨੇਹਾ ਭੇਜਿਆ। ਤਦ ਤਕ ਉਹਨਾਂ ਸਾਰਾ ਸਾਖਿਆਤਕਾਰ ਪੜ੍ਹ ਲਿਆ। ਮਿਨੂੰ ਆਇਆਂ ਹਜ਼ੂਰ ਨੇ ਦਸਿਆ ਕਿ ਇਹ ਸਾਖਿਆਤਕਾਰ ਮੂਲੋਂ ਹੀ ਸਾਡੀ ਭਾਵਨਾਂ ਤੇ ਸ਼ਬਦਾਂ ਦੇ ਉਲਟ ਹੈ। ਸਿਰਲੇਖ ਹੀ ਗ਼ਲਤ ਹੈ। ਇਸਦੀ ਤਰਦੀਦ ਕਰ ਦਿਓ। ਸਰਬਜੀਤ ਨੂੰ ਹੁਕਮ ਹੋਇਆ ਕਿ ਅੱਵਲ ਤਾਂ ਇਸੇ ਅਖ਼ਬਾਰ ਵਿਚ ਨਹੀਂ ਤਾਂ ਦੂਜੇ ਕਿਸੇ ਦੈਨਿਕ ਵਿਚ ਸਾਡੇ ਵਲੋਂ ਤਰਦੀਦ ਛਪਵਾਏ।



Sri Satguru Jagjit Singh Ji Elibrary NamdhariElibrary@gmail.com

ਮੈਨੂੰ ਗਵਾਲੀਅਰ ਵਿਚ ਬੈਠ ਤਰਦੀਦ ਲਿਖਣ ਤੇ ਅਖ਼ਬਾਰ ਵਿਚ ਦਿਵਾਣ ਦੀ ਆਗਿਆ ਦੇ ਸ. ਮਨਮੋਹਨ ਸਿੰਘ ਨੂੰ ਕੱਲ੍ਹ ਮੈਨੂੰ ਡਬਰੇ ਲੈ ਆਉਣ ਦਾ ਬਚਨ ਕਰ ਸਾਰੀਆਂ ਗਡੀਆਂ ਡਬਰਾ ਰੋਡ ਤੇ ਪੈ ਗਈਆਂ।

ਮੈਂ 'ਸਵਦੇਸ਼' ਦੈਨਿਕ ਦੀ ਤਰਦੀਦ ਯੋਗ ਕਟਿੰਗ ਏਥੇ ਲਗਾ ਰਿਹਾ ਹਾਂ।

ਏਥੇ ਇਹ ਦੱਸ ਦੇਣਾ ਵੀ ਯੋਗ ਹੋਵੇਗਾ ਕਿ ਜਦੋਂ ਸ੍ਰੀ ਜੈ ਭਾਨ ਸਿੰਘ ਵਿਦੀਆ ਨੂੰ ਪਤਾ ਲਗਾ ਕਿ ਅਸੀਂ ਉਸਦੇ ਸਾਖਿਆਤਕਾਰ ਦੀ ਪੇਸ਼ਕਾਰੀ ਤੇ ਨਾਰਾਜ਼ ਹਾਂ ਤਾਂ ਉਹ ਦੋ ਹੋਰ ਵਿਅਕਤੀਆਂ ਅਤੇ ਸ. ਜਗਜੀਤ ਸਿੰਘ ਨਾਲ ਮੇਰੀ ਰਿਹਾਇਸ਼ ਗਾਹ, ਸੂਬਾ ਰਤਨ ਸਿੰਘ ਦੇ ਘਰ ਰਾਤੀਂ 10 ਵਜੇ ਆ ਗਿਆ। ਮੇਰੀ ਨਾਰਾਜ਼ਗੀ ਜਾਣ ਉਸਨੇ ਮਾਫ਼ੀ ਮੰਗੀ, ਪਰ ਉਹ ਆਪਣੇ ਪਰਚੇ ਵਿਚ ਤਰਦੀਦ ਛਾਪਣ ਲਈ ਤਿਆਰ ਨਹੀਂ ਸੀ। ਇਹ ਸੰਘ ਦੇ ਸਤਿਕਾਰ ਦਾ ਮਾਮਲਾ ਸੀ।

## 29 ਦਸੰਬਰ 1985, ਐਤਵਾਰ
## ਗਵਾਲੀਅਰ-ਡਬਰਾ ਐਮ. ਪੀ.

ਮੈਂ ਰਾਤ ਗਵਾਲੀਅਰ ਸਾਂ। ਅੱਜ ਮਨਮੋਹਣ ਸਿੰਘ ਨੇ ਸਵੇਰੇ ਹੀ ਮੇਰੇ ਨਾਲ ਤੈ ਕਰ ਲਿਆ ਸੀ ਕਿ ਅਸੀਂ 12 ਵਜੇ ਡਬਰੇ ਲਈ ਚੱਲਾਂਗੇ, ਜੋ ਏਥੋਂ 50 ਕਿ:ਮੀ: ਦੀ ਵਾਟ ਤੇ ਹੈ। ਤੁਰਦਿਆਂ ਕਰਦਿਆਂ 1 ਵਜ ਗਿਆ। ਜਾਂ ਅਸੀਂ ਨਾਮਧਾਰੀ ਮੈਡੀਕਲ ਸਟੋਰ, ਉਨ੍ਹਾਂ ਦੀ ਦੁਕਾਨ ਤੇ ਆਏ ਤਾਂ ਮੈਨੂੰ ਏਥੇ ਇਕ ਜੀਵਨ ਨਗਰ ਇਲਾਕੇ ਦਾ ਨੌਜੁਆਨ ਨਜ਼ਰ ਪਿਆ। ਪੁੱਛਣ ਤੇ ਪਤਾ ਲੱਗਾ ਇਹ ਹਾਕੀ ਟੀਮ ਵਿਚ ਫੁਲਬੈਕ ਸ੍ਰੀ ਗੁਰਦੀਪ ਸਿੰਘ ਸਪੁਤ੍ਰ ਸੰਤ ਜਸਵੰਤ ਸਿੰਘ ਜੀਵਨ ਨਗਰ ਤੋਂ ਹੈ। ਇਸਨੇ ਦੱਸਿਆ ਕਿ ਗੁਰੂ ਹਰੀ ਸਿੰਘ ਕਾਲਜ ਜੋ ਕਿ ਨਾਮਧਾਰੀ ਕਾਲਜ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ, ਜਿਸ ਵਿਚ ਨਾਮਧਾਰੀ ਹਾਕੀ ਟੀਮ ਸੰਮਿਲਤ ਹੈ ਜਗਾਧਰੀ ਹਰਿਆਣਾ ਵਿਚ ਇੰਟਰ ਜ਼ੋਨ ਮੁਕਾਬਲਾ ਜਿੱਤ ਕੇ ਹੁਣ ਰੋਹਤਕ ਵਿਚ ਹੋ ਰਹੇ 29 ਜਨਵਰੀ 1986 ਨੂੰ ਇੰਟਰ ਵਰਸਿਟੀ ਮੁਕਾਬਲਿਆਂ ਵਿਚ ਭਾਗ ਲਵੇਗਾ। ਉਸਨੂੰ ਆਸ ਸੀ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਨਾਮਧਾਰੀ ਹਾਕੀ ਟੀਮ ਹੁਣ ਹਰਿਆਣਾ ਦੀ ਟੀਮ ਦੇ ਤੌਰ ਤੇ ਖੇਲੇਗੀ, ਓਥੇ ਵੀ ਜਿੱਤ ਹਾਸਲ ਕਰੇਗੀ। ਗੁਰਦੀਪ ਸਿੰਘ ਏਥੇ ਆਪਣੀ ਪੜ੍ਹਾਈ ਦੇ ਸੰਬੰਧ ਵਿਚ ਕੁਝ ਜ਼ਰੂਰੀ ਕਾਗਜ਼ਾਤ ਲੈਣ ਆਇਆ ਸੀ।

ਸੰਤ ਸਰਬਜੀਤ ਸਿੰਘ ਨੇ ਮੇਰੇ ਨਾਮ ਹੇਠ ਗਏ 'ਸਾਖਿਆਤਕਾਰ ਅਸਹਿਮਤੀ' ਦੇ ਸ਼ਬਦ ਛਪਵਾਣ ਲਈ ਰਾਤ 10.30 ਤਕ ਪ੍ਰਯਤਨ ਕੀਤੇ ਪਰ ਅਖ਼ਬਾਰਾਂ ਤਦ ਤਕ ਤਿਆਰ ਹੋ ਚੁਕੀਆਂ ਸਨ। ਅੱਜ ਫਿਰ ਕੋਸ਼ਸ਼ ਕਰੇਗਾ।

ਇਸ ਦੌਰੇ ਵਿਚ ਸਤਿਗੁਰੂ ਜੀ ਦੇ ਸੁਆਗਤ ਹਿਤ ਸੰਤ ਸਤਨਾਮ ਸਿੰਘ ਰਮੇਸ਼ ਨਗਰ ਅਤੇ ਸ. ਸਤਨਾਮ ਸਿੰਘ ਕਲਸੀ ਸਾਹਿਬਪੁਰਾ ਪੁੱਜੇ ਹੋਏ ਸਨ। ਦੋਵੇਂ ਸੱਜਣ



Sri Satguru Jagjit Singh Ji Elibrary NamdhariElibrary@gmail.com

ਦਿੱਲੀ ਤੋਂ ਸਨ। ਅੱਜ ਇਹ ਗਵਾਲੀਅਰ ਤੋਂ ਦਿਲੀ ਵਾਪਸ ਹੋ ਰਹੇ ਹਨ। ਪਹਿਲਾ ਸਤਨਾਮ ਸਿੰਘ ਸੂਬਾ ਰਤਨ ਸਿੰਘ ਜੀ ਦਾ ਕੁੜਮ ਹੈ, ਦੂਜਾ ਦਾਮਾਦ। ਪਹਿਲਾ ਆਪਣੀ ਪੁੱਤਰੀ ਲੈ ਜਾ ਰਿਹਾ ਹੈ। ਦੂਜਾ ਆਪਣੀ ਪਤਨੀ ਮਨਵਿੰਦਰ ਕੌਰ। ਦੋ ਦਿਨ ਪਹਿਲਾਂ ਏਥੇ ਇਕ ਹੋਰ ਸਤਨਾਮ ਵੀ ਸੀ ਤੇ ਉਹ ਸੀ ਗੁਰੂ ਕਾ ਲਾਂਗਰੀ।

ਸੰਤ ਮਨਮੋਹਨ ਸਿੰਘ ਨੂੰ ਆਗਿਆ ਸੀ ਕਵੀ ਹੁਰਾਂ ਨੂੰ ਬੱਸ ਤੇ ਲੈ ਕੇ ਆਵੇ, ਮੋਟਰ ਸਾਈਕਲ ਤੇ ਨਹੀਂ। ਰੇਲਵੇ ਸਟੇਸ਼ਨ ਤੋਂ ਕੋਸ਼ਿਸ਼ ਕੀਤੀ। ਅਜੇ ਕੋਈ ਗੱਡੀ ਜਾਣ ਵਾਲੀ ਨਹੀਂ ਸੀ। ਬੱਸ ਸਟੈਂਡ ਭਾਵੇਂ ਕਾਫ਼ੀ ਵਡੇਰਾ ਸੀ ਪਰ ਬੜਾ ਉਦਾਸ ਜਿਹਾ, ਕੇਵਲ ਤਿੰਨ ਬਸਾਂ ਖਲੋਤੀਆਂ ਸਨ ਪਰ ਸਵਾਰੀ ਕੋਈ ਨਹੀਂ ਸੀ। ਪੰਜਾਬ ਦੇ ਬਸ ਸਟੈਂਡ ਯਾਦ ਆਏ, ਜਿਥੇ ਸਵਾਰੀਆਂ ਦੀ ਘੜਮਸ ਮੱਚੀ ਹੀ ਰਹਿੰਦੀ ਹੈ।

ਝਕਦੇ ਝਕਦੇ ਮਨਮੋਹਣ ਸਿੰਘ ਨੇ ਪੁੱਛਿਆ: ਬੁਰਾ ਨ ਮੰਨੋ ਤਾਂ ਮੋਟਰ ਸਾਈਕਲ ਤੇ ਹੀ ਚਲੇ ਜਾਈਏ। ਭਾਵੇਂ ਸ਼ੀਤ ਲਹਿਰ ਦਾ ਪ੍ਰਕੋਪ ਤਾਂ ਨਹੀਂ ਪਰ ਹਵਾ ਵਿਚ ਠੰਢ ਦੀ ਚੱਸ ਤਾਂ ਹੈ ਸੀ। ਇਕ ਵਜੇ ਦਾ ਵਕਤ ਹੋਣ ਕਰਕੇ ਠੰਢ ਦਾ ਡਰ ਨਹੀਂ ਸੀ ਅਸੀਂ ਜਿਉਂ ਮੋਟਰ ਸਾਈਕਲ ਤੇ ਦੌੜੇ 2.15 ਤੇ ਡਬਰੇ ਪਹੁੰਚ ਗਏ। ਰਾਹ ਵਿਚ ਮਲ੍ਹਿਆਂ ਲੱਦੇ ਛੋਟੇ ਛੋਟੇ ਪਰਬਤੀ ਟਿੱਲੇ, ਕੁਛ ਚੰਗਾ ਆਬਾਦ ਇਲਾਕਾ, ਭਾਰਤ ਵਿਚ ਬੀ.ਐਸ.ਐਫ. ਦਾ ਵੱਡਾ ਕੇਂਦਰ ਵੇਖਣ ਨੂੰ ਮਿਲਿਆ।

ਬੱਸ ਅੱਡੇ ਤੋਂ ਜੁ ਝਾਂਸੀ ਨੂੰ ਜਾਣ ਵਾਲੀ ਮੁਖ ਸੜਕ ਉਤੇ ਹੀ ਸੀ, ਸੰਤ ਬਲਵੰਤ ਸਿੰਘ ਆਰੇ ਵਾਲੇ ਦਾ ਪਤਾ ਕੀਤਾ ਕਿ ਇਹ ਨਾਮਧਾਰੀ ਘਰ ਕਿਥੇ ਕਰਕੇ ਹੋਵੇਗਾ, ਛੇਤੀ ਹੀ ਸੱਜੇ ਹੱਥ ਇਕ ਮਕਾਨ ਉਤੇ ਲੰਮਾ ਤਿਕੋਨ ਪਿੰਡਾਲ ਬਣਿਆ ਨਜ਼ਰ ਪੈ ਗਿਆ। ਸੰਤ ਬਲਵੰਤ ਸਿੰਘ ਦਾ ਲੜਕਾ ਰਘੁਬੀਰ ਸਿੰਘ ਅਤੇ ਸ. ਜੁਗਿੰਦਰ ਸਿੰਘ ਸੋਨਾਗਿਰ ਪਹਿਲਾਂ ਹੀ ਦਿੱਸ ਪਏ, ਫਿਰ ਸਾਤੀਆਂ ਕੁਛ ਗੱਡੀਆਂ ਤੇ ਗੁਰੂ ਕੇ ਜਥੇ ਦੇ ਸਿੰਘ।

ਘਰ ਆ ਕੇ ਵੇਖਿਆ, ਆਰਾ ਮਸ਼ੀਨ ਤੇ ਇਹਦਾ ਆਲਾ ਦੁਆਲਾ ਕੱਜਿਆ ਹੋਇਆ ਸੀ ਸ਼ੈੱਡ ਨਾਲ। ਕਿਤੇ ਕੜਾਹ ਪ੍ਰਸ਼ਾਦ ਬਣ ਰਿਹਾ ਸੀ ਕਿਤੇ ਲੰਗਰ ਤਿਆਰ ਹੋ ਰਿਹਾ ਸੀ। ਛੋਟੀ ਜਿਹੀ ਚਿਟੀ ਦਾੜ੍ਹੀ ਤੇ ਵਡੀ ਸਾਰੀ ਸਿੱਧੀ ਚਿੱਟੀ ਦਸਤਾਰ ਵਾਲੇ, ਚੰਗੇ ਕੱਦ ਕਾਠ ਦੇ ਸਵਾਮੀ ਬਲਵੰਤ ਸਿੰਘ (66) ਮੋਟਾ-ਮੋਟਾ ਪ੍ਰਬੰਧ ਵੇਖ ਚਾਖ ਰਹੇ ਸਨ।

ਸ੍ਰੀ ਸਤਿਗੁਰੂ ਜੀ ਬਾਰੇ ਪੁਛਿਆ, ਉਹ ਰਾਤ ਦੇ ਨਿਭੇਰੇ ਗਏ ਹੋਏ ਸਨ। ਸ਼ਾਮ ਦਾ ਦਿਵਾਨ ਓਥੇ ਸੀ ਕੱਲ ਦਾ ਤੇ ਅੱਜ ਦੀ ਆਸਾ ਦੀ ਵਾਰ ਵੀ। ਭੋਗ ਪਾਉਂਦਿਆਂ ਹੀ ਕੁਛ ਨੇੜੇ ਦੇ ਪਿੰਡਾਂ ਵਿਚ ਸਿੱਖਾਂ ਦੇ ਘਰੀਂ ਦਰਸ਼ਨ ਦੇ ਕੇ ਆਏ। ਪ੍ਰਸ਼ਾਦ ਛਕ ਕੇ ਇਕ ਦੋ ਪਿੰਡੀਂ ਹੋਰ ਚਰਨ ਪਾਏ। ਸੱਚੇ ਪਾਤਸ਼ਾਹ ਜੀ 5 ਵਜੇ ਦਰਸ਼ਨ ਦੇਣਗੇ।

ਮੈਂ ਅਤੇ ਹਰਭਜਨ ਸਿੰਘ ਸਿਤਾਰ, ਡਬਰੇ ਦਾ ਇਕੋ ਇਕ, ਕਿਲੋਮੀਟਰ ਲੰਮਾ ਤੇ ਵੰਨ ਵੇ ਟ੍ਰੈਫਿਕ ਨੂੰ ਲੋੜੀਂਦੀ ਚੌੜੀ ਸੜਕ ਤੇ ਬਣਿਆ ਬਾਜ਼ਾਰ ਵੇਖਣ ਗਏ। ਘਰ, ਦੁਕਾਨਾਂ। ਸਾਵੀਂ ਜਿਹੀ ਆਬਾਦੀ। ਇਕ ਦੁਕਾਨ ਤੇ ਰਾਮ ਜੀ ਮਿਸ਼ਰਾ ਤੇ ਸਚਿੰਦਰ ਸਿੰਘ ਪੱਪੂ ਬੈਠੇ ਵੇਖ ਅਸੀਂ ਵੀ ਜਾ ਬੈਠੇ। ਤਦੇ ਖ਼ਬਰ ਜੁ 4.30 ਵਜਦਿਆਂ ਨੂੰ ਸ੍ਰੀ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਦੀ ਕਾਰ ਤੇ ਦੋ ਗੱਡੀਆਂ ਹੋਰ ਅੱਗਤ ਪਿਛਤ ਲੰਘ ਗਈਆਂ। ਇਹ ਸੰਤ ਬਲਵੰਤ ਸਿੰਘ ਵਲ ਜਾ ਰਹੇ ਸਨ।

ਫੱਤੂ ਉਤਲੇ ਤਿਨੁਕਰੇ ਕੱਜਵੇਂ ਪੰਡਾਲ ਵਿਚ ਸੰਤ ਸੇਵਾ ਸਿੰਘ ਜਥੇਦਾਰ ਦਿੱਲੀ ਦਾ ਦਿਵਾਨ ਪ੍ਰਭਾਵਸ਼ਾਲੀ ਢੰਗ ਨਾਲ ਲਗਾ ਹੋਇਆ ਸੀ। ਨਿਡੇਰੇ ਦੇ ਜੁਆਨ ਬੱਚੇ ਢੋਲਕ ਦੀ ਲੈਅ ਛੈਣਿਆਂ ਨਾਲ ਪਕੜਦੇ ਨਾਲ ਨਾਲ ਧਾਰਨ ਵੀ ਗੰਵੀਂ ਜਾਂਦੇ ਸਨ। ਨੇੜੇ ਦੇ ਪਿੰਡਾਂ ਦੇ ਆਏ ਨਰ ਨਾਰ ਇਕ ਚਿਤ ਹੋ ਕੇ ਸੁਣ ਰਹੇ ਸਨ ਕਿ ਸ੍ਰੀ ਸਤਿਗੁਰੂ ਜੀ ਨੇ ਜਥੇ ਸਮੇਤ ਦਿਵਾਨ ਵਿਚ ਆ ਦਰਸ਼ਨ ਦਿਤੇ। ਸੁਹਣਾ ਆਸਣ ਤੇ ਫੁਲ-ਹਾਰ ਲਟਕਾਂਦਾ ਚਿੰਦੋਆ ਸੱਚੇ ਪਾਤਸ਼ਾਹ ਜੀ ਦੇ ਬਿਰਾਜਮਾਨ ਹੋਣ ਨਾਲ ਸਕਾਰਥਾ ਹੋ ਗਿਆ। ਸੇਵਾ ਸਿੰਘ ਜੀ ਦਾ ਹਿਰਦਾ ਗਦ ਗਦ ਹੋ ਗਿਆ। ਉਹਨਾਂ ਬੜੇ ਰਉਂ ਵਿਚ ਗੁਰੂ ਰਾਮ ਸਿੰਘ ਦੇ ਸਿੰਘਾਂ ਦੀਆਂ ਸਾਖੀਆਂ ਸੁਣਾਈਆਂ। 'ਐਸੇ ਗੁਰ ਕਉ ਘਲਿ ਬਲਿ ਜਾਈਐ' ਦੀ ਟੇਕ ਲੈ ਕੇ।

ਜਥੇਦਾਰ ਜੀ ਨੇ 4 ਘੰਟੇ ਲਗਾਤਾਰ ਕੀਰਤਨ ਕੀਤਾ। ਅੰਤ ਉਤੇ 14 ਜਵਾਨੀਆਂ ਨੇ ਨਾਮਧਾਰੀ ਪਹਿਰਾਵੇ ਦਾ ਪ੍ਰਣ ਲਿਆ, 12 ਬੀਬੀਆਂ ਨੇ ਵੀ ਨਾਮਧਾਰੀ ਪਹਿਰਾਵੇ ਨੂੰ ਤਰਜੀਹ ਦੇਣ ਦਾ ਬਚਨ ਕੀਤਾ। 6 ਵਜੇ ਭੋਗ ਪੈ ਗਿਆ। 7 ਸਿੰਘਾਂ ਨੇ ਭਜਨ ਪੁਛ ਕੇ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਗ੍ਰਹਿਣ ਕੀਤੀ। ਭਜਨ ਜਥੇਦਾਰ ਅਮਰ ਸਿੰਘ ਤੋਂ ਦਿਵਾਇਆ ਗਿਆ।

ਇਸ ਸਮੇਂ ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਕੀਤਾ, ਸਾਰ ਸੰਖੇਪ:

"ਜਪੁਜੀ ਵਿਚ 'ਮੰਨੈ' ਕੀਆਂ ਪਉੜੀਆਂ ਪੜ੍ਹਿਆਂ ਲਾਭ ਨਹੀਂ ਜੇ ਮੰਨਿਆਂ ਕੁਛ ਨ ਜਾਵੇ। ਸਤਿਗੁਰਾਂ ਦਾ ਹੁਕਮ ਹੈ: ਕਰਹਿ ਜਿ ਗੁਰੂ ਫਰਮਾਇਆ ਸਿਲਿ ਜੋਗ ਅਲੂਣੀ ਚਟੀਐ। ਸਤਿਗੁਰਾਂ ਦਾ ਬਚਨ ਮੰਨਣਾ ਹੀ ਜੀਵ ਲਈ ਕਲਿਆਣਕਾਰੀ ਹੈ।"

"ਸਤਿਗੁਰੂ ਹੀ ਸਾਨੂੰ ਏਥੇ ਛੁਡਾਉਂਦਾ ਹੈ, ਮੰਦੀਆਂ ਗੱਲਾਂ ਤੋਂ, ਬੁਰੇ ਵਿਅਸਨਾਂ ਤੋਂ ਅਤੇ ਭਲੇ ਪਾਸੇ ਲਾਉਂਦਾ ਹੈ ਜਿਸ ਨਾਲ ਜੀਵਨ ਸਹਿਜਚਾਲ ਵਿਕਾਸ ਕਰਦਾ ਹੈ, ਅਤੇ 'ਓਥੇ' ਵੀ ਸਾਡੀ ਮਦਦ ਕਰਦਾ ਹੈ, ਜਿਥੇ ਕਿਸੇ ਆਮ ਖਾਸ ਦੀ ਪਹੁੰਚ ਨਹੀਂ। ਸਤਿਗੁਰ ਸੇਤੀ ਰੱਤਿਆ ਦਰਗਾਹ ਪਾਈਐ ਠਾਉ।"

"ਸਾਨੂੰ ਆਪਣੀ ਨਿਤ ਦੀ ਅਰਦਾਸ ਵਿਚ ਬੇਨਤੀ ਕਰਦੇ ਰਹਿਣਾ ਚਾਹੀਦਾ ਹੈ ਕਿ ਸਤਿਗੁਰੂ ਦੇ ਬਚਨ ਸਾਡੇ ਹਿਰਦੇ ਵਿਚ ਵਸਣ।

"ਤੁਰ ਪਈਏ ਤਾਂ ਹੀ ਰਾਹ ਲਭਦਾ ਏ। ਘਰ ਬੈਠਿਆਂ ਮਾਰਗ ਨੇ ਚੱਲ ਕੇ ਕੋਲ ਨਹੀਂ ਆਉਣਾ। ਸਤ ਸੰਗਤ ਤੋਂ ਬਿਨਾ ਸਹੀ ਰਸਤੇ ਦੀ ਪ੍ਰਾਪਤੀ ਨਹੀਂ ਹੁੰਦੀ। ਜੇ ਕੋਈ ਸੋਚੇ ਕਿ ਉਹ ਆਪ ਹੀ ਠੀਕ ਰਾਹ ਤਲਾਸ਼ ਕਰ ਲਏਗਾ, ਇਹ ਅਸੰਭਵ ਹੈ।

"ਅਸੀਂ ਸਤ ਸੰਗਤ ਵਿਚ ਜਾ ਕੇ ਸੱਚ ਤੇ ਝੂਠ, ਭਗਵਾਨ ਅਤੇ ਮਾਇਆ ਦੀ ਵਿਚਾਰ ਕਰਦੇ ਹਾਂ। ਸੰਤਾਂ ਦੀ ਸਭਾ ਵਿਚ ਇਕ ਗਵਾਲਨ ਨੂੰ ਧਰਮ ਦਾ ਤੱਤ



Sri Satguru Jagjit Singh Ji Elibrary NamdhariElibrary@gmail.com

ਸਮਝਾਇਆ ਗਿਆ: ਜੇ ਤੂੰ ਦੁੱਧ ਵੇਚਦੀ ਹੈਂ ਤਾਂ ਦੁੱਧ ਸੱਚ ਹੈ, ਪਾਣੀ ਝੂਠ ਹੈ। ਗੁਜਰੀ ਨੇ ਇਹ ਗੱਲ ਮੰਨ ਲਈ ਅਤੇ ਜਦੋਂ ਉਹ ਨਿਰੋਲ ਦੁੱਧ ਵੇਚਣ ਲੱਗੀ ਤੇ ਗੁੱਜਰ-ਪਿਤਾ ਨੇ ਧੀ ਨੂੰ ਖਰਾ ਦੁਧ ਵੇਚਣ ਤੋਂ ਮਾਰਿਆ। ਸਬੱਬ ਨਾਲ ਬੀਰ ਯਾਤਰਾ ਤੇ ਚੜੇ ਨੇ ਬੂਹੇ ਉਹਲਿਓਂ ਸਾਰੀ ਵਾਰਦਾਤ ਸੁਣ ਵੇਖ ਲਈ। ਸਵੇਰੇ ਗੁੱਜਰ ਨੂੰ ਦਰਬਾਰ ਵਿਚ ਸੱਦਕੇ ਗੁੱਸੇ ਹੋਇਆ ਤੇ ਗਵਾਲਨ ਲੜਕੀ ਨੂੰ ਧੀ ਬਣਾ ਕੇ ਘਰ ਲੈ ਆਂਦਾ। ਸਤਿ ਸੰਗਤ ਕੀਤੀ ਤੇ ਮੰਨੀ ਦਾ ਇਹ ਕ੍ਰਿਸ਼ਮਾ ਸੀ।

"ਅਜ ਕਲ ਧਾਗੇ ਤਵੀਤਾਂ ਦਾ ਬੜਾ ਰਿਵਾਜ ਹੈ। ਕਈ ਲੋਕ ਇਸ ਭਰਮ ਦਾ ਸ਼ਿਕਾਰ ਹੋਏ ਵੇਲੇ ਸਿਰ ਸਹੀ ਇਲਾਜ ਨਹੀਂ ਕਰਵਾਂਦੇ। ਅਸਾਂ ਇਕ ਮੰਜਾ ਰਖਿਆ ਹੋਇਆ ਹੈ, ਉਸਨੂੰ ਜਿਹੜਾ ਵਰਤੇ ਉਹਦੀਆਂ ਦਿਮਾਗੀ ਬਿਮਾਰੀਆਂ ਦੂਰ ਹੋ ਜਾਂਦੀਆਂ ਹਨ। ਇਕ ਮਹੀਨਾ ਭਰ ਇਲਾਜ ਕਰਕੇ ਅਸਾਂ ਇਕ ਐਸੇ ਬੰਦੇ ਨੂੰ ਠੀਕ ਕੀਤਾ। ਅਜ ਕਲ ਉਹ ਮਰੀਜ਼ ਆਪ ਡਾਕਟਰ ਬਣਿਆ ਹੋਇਆ ਹੈ, ਮੰਜੇ ਨਾਲ ਉਸ ਅਨੇਕਾਂ ਇਲਾਜ ਕੀਤੇ ਹਨ।"

ਸਤਿਗੁਰੂ ਜੀ ਨੇ ਅਨੇਕਾਂ ਮਿਸਾਲਾਂ ਦੇ ਕੇ ਲੋਕਾਂ ਨੂੰ ਭੂਤਾਂ ਦੇ ਪ੍ਰਭਾਵ ਹੇਠੋਂ ਨਿਕਲਣ ਲਈ ਪ੍ਰੇਰਿਆ। ਅੰਤ ਉਤੇ ਇਕ ਘੰਟਾ ਨਾਮ ਸਿਮਰਨ, ਇਕ ਪਾਠ ਪ੍ਰਤੀ ਘਰ ਪ੍ਰਤੀ ਮਹੀਨਾ ਕਰਨ ਤੇ ਬਲ ਦੇ ਕੇ ਸਮਾਪਤੀ ਕੀਤੀ।

ਛਤ ਉਪਰ, ਪਿੰਡਾਲ ਵਿਚ ਹੀ ਗੁਰੂ ਕੇ ਲੰਗਰ ਲਈ ਪੰਗਤਾਂ ਲਗ ਗਈਆਂ। ਸੰਤ ਬਲਵੰਤ ਸਿਘ ਵਲੋਂ ਕੜਾਹ ਪ੍ਰਸ਼ਾਦ, ਸਬਜ਼ੀਆਂ, ਦਾਲਾਂ ਨਾਲ ਸਾਧ ਸੰਗਤ ਨੂੰ ਤ੍ਰਿਪਤ ਕੀਤਾ ਗਿਆ।

ਨਿਬੇਰਾ, ਜਿਥੇ ਸੱਚੇ ਪਾਤਸ਼ਾਹ ਕਲ ਦੇ ਪਧਾਰੇ ਹੋਏ ਸਨ, ਡਬਰੇ ਤੋਂ 5-6 ਕਿਲੋਮੀਟਰ ਦੇ ਫਾਸਲੇ ਤੇ ਹੈ। ਏਥੋਂ ਹੇਠ ਲਿਖੇ ਪਰਵਾਰ ਪਧਾਰੇ ਹੋਏ ਸਨ:

1. ਸੰਤ ਗੰਗਾ ਸਿਘ ਪਰਵਾਰ ਸਮੇਤ
2. ਜਥੇਦਾਰ ਅਮਰ ਸਿੰਘ ''
3. ਸ. ਕਰਨੈਲ ਸਿਘ ਸਵਰਗਵਾਸੀ ਦਾ ਪਰਵਾਰ
4. ਸ. ਰਤਨ ਸਿਘ ਸਮੇਤ ਪਰਵਾਰ
5. ਸ: ਬਚਨ ਸਿਘ ਸਮੇਤ ਪਰਵਾਰ
6. ਸ. ਨਿਰੰਜਨ ਸਿੰਘ ''
7. ਸ. ਚਰਨ ਸਿਘ ਸਮੇਤ ਪਰਵਾਰ
8. ਸ: ਪਾਲ ਸਿਘ ''
9. ਸ. ਸ਼ੁਵਿੰਦਰ ਸਿਘ ''
10. ਸੰਤ ਗੁਰਦਿਆਲ ਸਿਘ 'ਦਿਆਲ ਜੀ' ਬੀਰ ਮਾਨਾਵਾ (ਏਥੋਂ 12 ਕਿ:ਮੀ: ਤੋਂ)
11. ਸੰਤ ਬਖਸ਼ੀਸ਼ ਸਿਘ ਸ਼ਾਮਪੁਰ ਜੋਰੇ ਤੋਂ (ਏਥੋਂ 26 ਕਿ:ਮੀ: ਤੋਂ)



Sri Satguru Jagjit Singh Ji Elibrary NamdhariElibrary@gmail.com

12. ਸ. ਮਖਣ ਸਿੰਘ ਖਜੂਰਿਆਈ ਤੋਂ

13. ਸੰਤ ਤਰਲੋਕ ਸਿੰਘ ਚੋਰੇ ਖੇੜਾ ਤੋਂ

14. ਜਥੇਦਾਰ ਮੋਹਣ ਸਿੰਘ ਬਧੇਸਰ ਤੋਂ

ਸੰਤ ਬਲਵੰਤ ਸਿੰਘ ਦੇ ਇਕ ਤਕੜਾ ਮੇਲਾ ਹੋ ਗਿਆ। ਠੰਢੀ ਰਾਤ ਵਿਚ ਲਗਭਗ ਸਭਨਾਂ ਦਾ ਪ੍ਰਬੰਧ ਏਥੇ ਹੀ ਹੋ ਗਿਆ।

ਸੰਗੀਤਕਾਰਾਂ ਤੇ ਗੁਰੂ ਕੇ ਜਥੇ ਨੂੰ ਏਥੇ ਸਿੰਧੀਆਂ ਦੇ ਗੁਰਦੁਆਰੇ ਸੁਹਣਾ ਵਿਸ਼ਰਾਮ ਮਿਲ ਗਿਆ।

ਰਾਤੀਂ 7 ਵਜੇ ਸੰਤ ਬਲਵੰਤ ਸਿੰਘ ਕੇ ਘਰ ਦੇ ਇਕ ਕਮਰੇ ਵਿਚ ਸ੍ਰੀ ਸਤਿਗੁਰੂ ਜੀ ਦਾ ਸੰਗੀਤ ਸਿਖਿਆ ਸਕੂਲ ਲਗ ਗਿਆ। ਕਲਾਕਾਰ ਗਰੁਪ ਜੋੜੀ ਵਾਜਾ ਲੈ ਸ਼ੁਧ ਮਲ੍ਹਾਰ, ਜਿਦ੍ਹੀ ਚਿਰਾਂ ਤੋਂ ਖੋਜ ਜਾਰੀ ਸੀ। "ਉਹ ਮਲ੍ਹਾਰ ਕੇ ਪ੍ਰਕਾਰ" ਨਾਮੀ ਪੁਸਤਕ ਚੋਂ ਮਿਲ ਗਿਆ। ਸੁ ਮਲ੍ਹਾਰ ਦੀ ਸੁਰ-ਸਾਧਨਾ ਸ਼ੁਰੂ ਹੋ ਗਈ: ਮਾ ਪ ਧ ਸੱ, ਧ ਸੱ, ਰੇ ਸ, ਥ ਸ, ਸ ਪ ਮਾ, ਸ ਰ ਪ ਸਾ (ਸਾਰੇ ਸ਼ੁਧ)। ਸਤਿਗੁਰੂ ਜੀ ਗਹਿਰੀ ਦਿਲਚਸਪੀ ਨਾਲ ਜਵਾਨਾਂ ਨੂੰ ਸੁਣ ਤੇ ਸਮਝਾ ਰਹੇ ਹਨ।

## 30 ਦਸੰਬਰ 1985, ਸੋਮਵਾਰ
## ਡਬਰਾ ਮੰਡੀ-ਛਤ੍ਰਪੁਰ ਐਮ.ਪੀ.

ਛੱਤ ਉਪਰਲੇ ਤਿਕੋਨੇ ਪਿੰਡਾਲ ਵਿਚ, ਸ੍ਰੀ ਸਤਿਗੁਰੂ ਜੀ ਦੇ ਸਨਮੁਖ ਲੱਗੀ ਆਸਾ ਦੀ ਵਾਰ ਦਾ ਕੀਰਤਨ 6 ਵਜੇ ਸਮਾਪਤ ਹੋ ਗਿਆ। ਏਨੀ ਠੰਢ ਅਤੇ ਸਵੇਰੇ ਦੇ 4.30 ਵਜੇ ਤੋਂ ਵੀ ਸਰੋਤੇ ਹਾਜ਼ਰ ਸਨ। ਹੇਠਾਂ ਸਾਧ ਸੰਗਤ ਲਈ ਛਕਣ ਛਕਾਣ ਦਾ ਪ੍ਰਬੰਧ ਨਾਲੋ ਨਾਲ ਹੋ ਰਿਹਾ ਸੀ ਕਿਉਂਕਿ ਏਥੋਂ ਡੇਢ ਪੌਣੇ ਦੋ ਸੌ ਕਿਲੋਮੀਟਰ ਛੱਤਰਪੁਰ ਵਿਖੇ ਪਹੁੰਚਣਾ ਸੀ। ਛੱਤਰ ਪੁਰ ਤੋਂ ਸ. ਸੇਵਾ ਸਿੰਘ ਦਾ ਲੜਕਾ ਨਰਿੰਦਰ ਸਿੰਘ ਆਪਣੀ ਜੀਪ ਲੈ ਕੇ 6.15 ਤਕ ਪਹੁੰਚ ਚੁਕਾ ਸੀ। ਸਾਰੀ ਤਿਆਰੀ ਨਾਲ ਜੀਪ ਦੀ ਅਗਵਾਈ ਵਿਚ 5 ਕਾਰਾਂ 7.30 ਵਜੇ ਤੁਰ ਪਈਆਂ ਝਾਂਸੀ ਰੋਡ ਤੇ।

ਸ੍ਰੀ ਸਤਿਗੁਰੂ ਜੀ ਸਵੇਰੇ ਸਵੇਰੇ ਸ. ਸੰਪੂਰਨ ਸਿੰਘ ਖਜੂਰਿਆਈ ਦੇ ਖੇਤਾਂ ਵਿਚਲੇ ਘਰ ਵਿਖੇ ਚਰਨ ਪਾ ਆਏ ਸਨ। ਰਾਤੀਂ ਇਸ ਸਿੰਘ ਨੇ ਸਤਿਗੁਰੂ ਜੀ ਵਾਸਤੇ ਆਪਣਾ ਟ੍ਰੈਕਟਰ ਦੇਣ ਦਾ ਕਸ਼ਟ ਕੀਤਾ ਸੀ। ਸਤਿਗੁਰੂ ਜੀ ਦੇ ਪ੍ਰੇਮ ਤੋਂ ਪ੍ਰੇਰਿਤ ਦੋਵੇਂ ਪਿਤਾ ਪੁਤਰ ਟ੍ਰੈਕਟਰ ਲੈ ਕੇ ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ, ਭਜਨ ਪੁੱਛ ਮਾਸ ਸ਼ਰਾਬ ਦਾ ਤਿਆਗ ਕਰ, ਸਤਿਗੁਰੂ ਜੀ ਨੂੰ ਘਰ ਚਰਨ ਪੁਆਣ ਲਈ ਰਜ਼ਾਮੰਦ ਕਰ ਲਿਆ। ਸੱਚੇ ਪਾਤਸ਼ਾਹ ਘਰ ਦਰਸ਼ਨ ਦੇ ਕੇ ਡਬਰੇ ਆਏ ਜਿਥੋਂ ਅਗਲਾ ਪ੍ਰਸਥਾਨ ਕੀਤਾ।



Sri Satguru Jagjit Singh Ji Elibrary NamdhariElibrary@gmail.com

ਡਬਰੇ ਤੋਂ 18 ਕਿ:ਮੀ. ਹੀ ਗਏ ਹੋਵਾਂਗੇ ਕਿ ਅੱਗੇ ਇਕ ਸੱਜੇ ਪਾਸੇ ਲਗੇ ਸੜਕ-ਗੇਟ ਤੇ ਸਿੰਘ ਉਡੀਕਦੇ ਪਏ ਸਨ। ਉਹਨਾਂ ਦੇ ਪਿਛੇ ਹੋ ਤੁਰੇ ਤੇ ਕੋਈ 2.50 ਕਿਲੋਮੀਟਰ ਤੇ ਸੋਨਾਗਿਰ ਪਰਵਾਰ ਤੇ 100 ਦਿਗੰਬਰ ਜੈਨ, ਮੰਦਰਾਂ ਦਾ ਇਕ ਸਿਲਸਿਲਾ ਚਮਕਿਆ। ਮੰਦਰ ਸਾਰੇ ਹੀ ਕਲੀ ਗੱਚ ਹਨ ਤੇ ਇਕ ਪਰਬਤੀ ਚੱਟਾਨ ਤੇ ਹੋਂਦ ਹੋਣ ਕਰਕੇ ਰੇਲ-ਮਾਰਗ ਤੋਂ ਵੀ ਦਿਸਦੇ ਹਨ ਅਤੇ ਸੜਕ ਤੋਂ ਵੀ।

ਬਿਨਾ ਜੀਪ ਤੋਂ, ਸਾਡੀਆਂ ਗੱਡੀਆਂ ਸੋਨਾਗਿਰ ਮੰਦਰਾਂ ਤੋਂ ਲਗਭਗ 1.50 ਕਿ:ਮੀ: ਖੇਤਾਂ ਵਲ ਉਤਰ ਗਈਆਂ। ਇਕ ਘਣ ਵੈਲੇ ਅੰਬ ਦੇ ਦਰਖਤ ਪਾਸ ਪੰਜਾਬੀ ਸਰਦਾਰ ਜੁਗਿੰਦਰ ਸਿੰਘ ਦਾ ਘਰ ਸੀ। ਇਹ ਮੇਰੇ ਜੀਵਨ ਨਗਰ ਨਿਵਾਸ ਸਮੇਂ ਦਾ ਮਿਤਰ ਹੈ - ਮਾ: ਜੁਗਿੰਦਰ ਸਿੰਘ ਇਸਦੇ ਘਰ ਬੀਬੀ ਲਖਬੀਰ ਕੌਰ ਸੰਤ ਨਗਰ (ਸਰਸਾ-ਹਰਿਆਣਾ) ਦੇ ਪ੍ਰਸਿੱਧ ਸੰਤ ਕੰਧਾਰਾ ਸਿੰਘ ਦੀ ਪੁਤਰੀ ਹੈ। ਇਸਨੂੰ ਤੇ ਸਾਰੇ ਬਾਲ ਬੱਚੇ ਨੂੰ ਗੁਰੂ ਕੇ ਦਰਸ਼ਨਾਂ ਦਾ ਚਾਅ ਚੜ੍ਹ ਗਿਆ।

ਕਲ ਡਬਰੇ ਆਗ੍ਰਹਿ ਪੂਰਵਕ ਬੇਨਤੀ ਸੀ ਜੁਗਿੰਦਰ ਸਿੰਘ-ਲਖਬੀਰ ਕੌਰ ਵਲੋਂ ਡੇਰੇ ਤੇ ਦਰਸ਼ਨ ਦੇਣ ਲਈ। ਧੁੱਪੇ ਮੰਜਾ ਵਿਛ ਗਿਆ। ਪਰਾਲੀ ਖਿਲਾਰ ਦਿਤੀ ਗਈ। ਸ੍ਰੀ ਸਤਿਗੁਰੂ ਜੀ ਪਰਮ ਪ੍ਰਸੰਨ ਸਨ ਸਿਖ ਨੂੰ ਏਥੇ ਮਿਲ ਕੇ। ਰਹੁ ਤਾਂ ਵੇਲੇ ਸਿਰ ਉਪਲਬਧ ਨਾ ਹੋ ਸਕੀ, ਗੰਨਿਆਂ ਦੇ ਥੱਬੇ ਆ ਗਏ। ਹਰ ਕੋਈ ਰੁੱਝ ਗਿਆ। ਘਰ ਵਿਚ ਦੁੱਧ ਗਰਮ ਹੋਣ ਲਗਾ। ਮੂਲੀਆਂ ਲੇਖੇ ਲਗਣ ਲਗੀਆਂ। ਵਧੀਆ ਕਾਸ਼ਤ, ਉਪਜਾਊ ਖੇਤੀ ਵੇਖਕੇ, ਜ਼ਮੀਨ ਦੇ ਭਾ-ਭੱਤੇ ਹੋਣ ਲਗੇ ਤੇ ਇਕ 40 ਏਕੜ ਦੇ ਫਾਰਮ ਦਾ ਸੌਦਾ ਕਰਨ ਲਈ ਵੀ ਜੁਗਿੰਦਰ ਸਿੰਘ ਨੂੰ ਆਦੇਸ਼ ਦੇ ਦਿਤੇ ਗਏ। ਸਕੱਤਰ ਤਰਸੇਮ ਸਿੰਘ ਵੀ ਕਾਫ਼ੀ ਦਿਲਚਸਪੀ ਲੈ ਰਿਹਾ ਸੀ। ਉਪਜਾਊ ਜ਼ਮੀਨ 8000 ਏਕੜ ਤੋਂ ਮਿਲਣ ਦੀ ਗੱਲ ਕੀਤੀ ਗਈ ਸੀ। ਸ. ਜੁਗਿੰਦਰ ਸਿੰਘ ਦੀ ਏਥੇ 30 ਏਕੜ ਜ਼ਮੀਨ ਹੈ। ਘਰ ਦੇ ਕੋਲ ਹੀ ਖੂਹ ਅਤੇ ਟਿਊਬਵੈੱਲ ਹੈ।

ਸ੍ਰੀ ਸਤਿਗੁਰੂ ਜੀ ਨੇ ਸਾਰੇ ਪਰਵਾਰ ਨੂੰ ਬੁਲਾ ਕੇ ਪਹਿਰਾਵੇ ਠੀਕ ਕਰਨ, ਸਵੇਰੇ ਉਠ ਇਸ਼ਨਾਨ ਕਰ ਨਾਮ ਸਿਮਰਨ ਵਾਸਤੇ ਇਕ ਘੰਟਾ ਲਗਾਣ ਦਾ ਉਪਦੇਸ਼ ਸਤਿਗੁਰੂ ਜੀ ਨੇ ਕੀਤਾ।

ਪਰਵਾਰਕ ਸਥਿਤੀ:

ਸ. ਜੁਗਿੰਦਰ ਸਿੰਘ 2 ਲੜਕੇ

ਬੀਬੀ ਲਖਬੀਰ ਕੌਰ 4 ਲੜਕੀਆਂ

ਸੰਤਾਨ: 1. ਜਗਦੀਸ਼ ਸਿੰਘ (22)

2. ਸੁਰਿੰਦਰਪਾਲ ਸਿੰਘ (16)
3. ਬੀਬੀ ਜਸਬੀਰ ਕੌਰ (19)
4. ਬੀਬੀ ਕਸ਼ਮੀਰ ਕੌਰ (14)
5. ਬੀਬੀ ਰਣਜੀਤ ਕੌਰ (11)
6. ਬੀਬੀ ਰਣਬੀਰ ਕੌਰ (9)



Sri Satguru Jagjit Singh Ji Elibrary NamdhariElibrary@gmail.com

8 ਤੋਂ 9 ਤਕ ਦਾ ਸਮਾਂ ਏਥੇ ਦੇ ਕੇ ਪ੍ਰਸਥਾਨ ਅਗਲੇ ਪੰਧ ਲਈ ਕੀਤਾ ਗਿਆ।

ਇਹਨਾਂ ਘਰ ਚਰਨ ਪੁਆਕੇ ਕੀ ਭੇਟਾ ਕੀਤਾ, ਇਹ ਤਾਂ ਪਤਾ ਲੱਗਾ ਪਰ ਮੈਨੂੰ ਸੰਤ ਬਲਵੰਤ ਸਿੰਘ ਦੀ ਸਵੇਰੇ ਵੇਲੇ 1000 ਕੀਤੀ ਭੇਟਾ ਯਾਦ ਆਈ। ਬਲਵੰਤ ਸਿੰਘ ਚਾਂਹਦੇ ਸਨ ਕਿ ਸੂਬਾ ਜੀ ਹੀ ਇਸ ਰਕਮ ਨੂੰ ਮੱਥਾ ਟੇਕ ਦੇਣ। ਜਦੋਂ ਸੂਬਾ ਜੀ ਨੇ ਬਲਵੰਤ ਸਿੰਘ ਹੁਰਾਂ ਨੂੰ ਹੀ ਭੇਟ ਕਰਨ ਲਈ ਆਖਿਆ ਤਾਂ ਉਹ ਬੋਲੇ: ਮਾਇਆ ਤਾਂ ਸਭ ਸਤਿਗੁਰਾਂ ਦੀ ਹੀ ਹੈ, ਅਸੀਂ ਤਾਂ ਵਖਾਲਾ ਹੀ ਕਰਨਾ ਹੁੰਦਾ ਹੈ। ਹੋਰ ਅਸੀਂ ਕੌਣ ਹੋਏ ਪੈਸੇ ਮੱਥਾ ਟੇਕਣ ਵਾਲੇ। ਉਸਨੇ ਇਹ ਰਚਨਾ ਕਰਕੇ ਪਰਸਪਰ ਸੰਬੰਧਾਂ ਨੂੰ ਬਣਾਈ ਰੱਖਣ ਦਾ ਬਹਾਨਾ ਹੀ ਕੀਤਾ ਹੋਇਆ ਹੈ।

ਸ. ਜੁਗਿੰਦਰ ਸਿੰਘ ਦੀ ਦੋ ਥਾਈਂ ਜ਼ਮੀਨ ਹੈ। ਉਹ ਇਕ ਪਾਸੇ ਸਫੈਦਾ ਲੌਣਾ ਚਾਹੁੰਦਾ ਸੀ, ਸਤਿਗੁਰੂ ਜੀ ਨੇ ਰੀਜੈਕਟ ਕਰ ਦਿਤਾ: ਸਫੈਦੇ 7 ਜਾਂ 10 ਸਾਲ ਵਿਚ ਪੈਸੇ ਦਿੰਦੇ ਹਨ ਪਰ ਬਾਗ਼ ਤੀਜੇ ਸਾਲ ਹੀ ਅੱਛਾ ਫਲ ਦੇਣ ਲਗ ਪੈਂਦਾ ਹੈ। ਤੂੰ ਏਥੇ ਨਿੰਬੂ, ਸੰਤਰੇ ਆਦਿ ਲਗਾ ਜ਼ਮੀਨ ਵਧੀਆ ਲਗਦੀ ਹੈ।

ਜੰਗਲ ਪਾਣੀ ਜਾ ਸਤਿਗੁਰੂ ਜੀ ਨੇ ਏਥੇ ਹੀ ਇਸ਼ਨਾਨ ਕੀਤਾ।

ਏਨੇ ਚਿਰ ਵਿਚ ਇਕ ਹੋਰ ਗੱਲ ਦੀ ਆਗਿਆ ਮੰਗੀ ਗਈ। ਜੁਗਿੰਦਰ ਸਿੰਘ ਆਪਣੇ ਵਡੇ ਲੜਕੇ ਨੂੰ ਏਥੇ ਕਿਸੇ ਪਿੰਡ ਖੁਲ੍ਹਿਆਂ ਵੱਲ ਵਿਆਹੁਣਾ ਚਾਹੁੰਦਾ ਸੀ। ਸਤਿਗੁਰੂ ਜੀ ਨੇ ਉਹਦੀਆਂ ਮਜਬੂਰੀਆਂ ਸੁਣਕੇ ਭੈ:ਸਾ: ਜਾ ਕੇ ਵਿਆਹ ਕਰਵਾਣ ਦੀ ਆਗਿਆ ਦੇ ਦਿਤੀ ਪਰ ਬੀਬੀ ਜ਼ੋਰ ਦੇਵੇ ਕਿ ਘਰੇ ਹੀ ਵਿਆਹ ਦੀ ਆਗਿਆ ਦਿਤੀ ਜਾਵੇ। ਪਰ ਇਹ ਕਿਵੇਂ ਮੰਨਿਆ ਜਾ ਸਕਦਾ ਸੀ। ਅਤੇ ਵਿਦਾਇਗੀ ਬੀਬੀ ਦੇ ਹੰਝੂਆਂ ਵਿਚ ਹੋਈ। ਜਿਸ ਪਰਵਾਰ ਨੂੰ ਘੜੀ ਕੁ ਪਹਿਲਾਂ ਚਾਵਾਂ ਦਾ ਕੋਈ ਸ਼ੁਮਾਰ ਨਹੀਂ ਸੀ, ਉਹ ਵਿਦਾ ਕਰਨ ਵੇਲੇ ਦੁਬਿਧਾ ਵਿਚ ਫਸਿਆ ਹੋਇਆ ਸੀ।

9.30 ਵਜੇ ਥੋੜੇ ਫਾਸਲੇ ਤੇ, ਰੇਲਵੇ ਲਾਈਨ ਪਾਰ ਕਰਕੇ ਸੋਨਾਗਿਰ: ਸਟੇਸ਼ਨ ਤੇ ਇਕ ਮੁਲਾਜ਼ਮ ਸਿਖ ਨੂੰ ਜਾ ਦਰਸ਼ਨ ਦਿਤੇ। ਉਸਨੇ ਵੀ ਜੁਗਿੰਦਰ ਸਿੰਘ ਕੇ ਘਰ ਆ ਕੇ ਚਰਨ ਪਾਉਣ ਦੀ ਬੇਨਤੀ ਕੀਤੀ ਸੀ। ਸ. ਜੁਗਿੰਦਰ ਸਿੰਘ ਅਤੇ ਬੀਬੀ ਸਵਰਨਜੀਤ ਕੌਰ ਏਥੇ ਸਟੇਸ਼ਨ ਤੇ ਰਹਿੰਦੇ ਹਨ ਅਤੇ ਇਹਨਾਂ ਦੇ 2 ਲੜਕੇ ਅਤੇ 1 ਲੜਕੀ ਹੈ। ਲੜਕੇ ਦੋਵੇਂ ਹੀ ਨਾਮਧਾਰੀਆਂ ਵਰਗੇ ਨਹੀਂ ਲਗਦੇ ਸਨ। ਉਹਨਾਂ ਨੂੰ ਭਜਨ ਦੇ ਕੇ ਸਕੇਸ ਰਹਿਣ ਦਾ ਉਪਦੇਸ਼ ਦਿਤਾ।

ਏਥੋਂ ਪੰਜ ਕਾਰਾਂ ਦਾ ਕਾਫ਼ਲਾ ਛੱਤਰਪੁਰ ਨੂੰ ਚਲ ਪਿਆ। ਦਤੀਆ, ਇਕ ਸਾਬਕਾ ਰਿਆਸਤ, ਦਾ ਹੈਡ ਕੁਆਰਟਰ ਜੁ 16 ਕੁ ਕਿਲੋਮੀਟਰ ਹੀ ਦੂਰ ਸੀ, ਤਕ ਜ਼ਮੀਨਾਂ ਕੁਛ ਚੰਗੀਆਂ ਰਹੀਆਂ, ਅੱਗੇ ਪਥਰੀਲਾ ਇਲਾਕਾ, ਕਦੇ ਯੂ.ਪੀ. ਕਦੇ ਮਧ ਪ੍ਰਦੇਸ਼ ਦੀਆਂ ਸੀਮਾਵਾਂ ਕਰਿਗੜੀ ਪਾਈ, ਝਾਂਸੀ ਤੋਂ 105 ਕਿਲੋਮੀਟਰ, ਗਵਾਲੀਅਰ ਤੋਂ 200 ਕਿਲੋਮੀਟਰ ਸਫਰ ਕਰਕੇ 12.30 ਵਜਦੇ ਨੂੰ ਛੱਤਰਪੁਰ ਆ ਗਏ।



Sri Satguru Jagjit Singh Ji Elibrary NamdhariElibrary@gmail.com

ਛਤਰਪੁਰ ਵਿਚ ਸ. ਸੇਵਾ ਸਿੰਘ ਦੇ ਘਰ ਵਿਆਹ ਵਰਗਾ ਵਾਤਾਵਰਣ ਸੀ। ਮੇਰੇ ਸਵਰਗਵਾਸੀ ਮਿੱਤਰ ਸੰਤ ਮੰਗਲ ਸਿੰਘ ਲਾਇਲਪੁਰੀ ਦੀ ਭਣੇਵੀ ਬੀਬੀ ਲਾਜਾਂ ਸਪੁਤ੍ਰੀ ਸੰਤ ਕੇਸਰ ਸਿੰਘ ਦਿੱਲੀ (ਸੁਰਗਵਾਸੀ) ਪਾਰਬਤੀ ਦੇਵੀ, ਸੇਵਾ ਸਿੰਘ ਦੀ ਸੁਪਤਨੀ ਹੈ। ਇਹ ਜੋੜਾ 25-30 ਸਾਲ ਦਾ ਛਤ੍ਰਪੁਰ ਵਿਚ ਮੁਕੀਮ ਹੈ। ਪਾਕਿਸਤਾਨ ਵਿਚੋਂ ਆਣ ਕੇ ਇਹਨਾਂ ਮੁਸਤਕਿਲ ਨਿਵਾਸ ਲਈ ਛਤ੍ਰਪੁਰ ਨੂੰ ਹੀ ਚੁਣਿਆ। ਸ. ਸੇਵ੍ਹਾ ਸਿੰਘ ਦੀ ਇਮਾਨਦਾਰੀ, ਮਿਹਨਤ ਅਤੇ ਉਦਾਰਤਾ ਕਾਰਨ ਏਥੋਂ ਦੇ ਸ੍ਰੀ ਗੁਰੂ ਸਿੰਘ ਸਭਾ ਦੀ ਪ੍ਰਧਾਨਗੀ ਵੀ ਇਸਨੂੰ ਪ੍ਰਾਪਤ ਹੈ।

ਸ. ਸੇਵਾ ਸਿੰਘ ਦਾ ਵਡਾ ਲੜਕਾ ਟੇਢੀ ਪੱਗ ਬੰਨ੍ਹਦਾ ਬੜਾ ਚਤੁਰ ਵਿਅਕਤੀ ਹੈ ਅਤੇ ਰੀਵਾੜ ਵਿਚ ਕੰਮ ਕਾਜ ਕਰਦਾ ਹੈ। ਅਜ ਉਹ ਵੀ ਪਰਵਾਰ ਸਮੇਤ ਏਥੇ ਮੌਜੂਦ ਸੀ। ਦੂਜਾ ਸ. ਮਹਿੰਦਰ ਸਿੰਘ ਅਤੇ ਨਰਿੰਦਰ ਸਿੰਘ ਨਾਮਧਾਰੀ ਪਹਿਰਾਵਾ ਰਖਣ ਵਾਲੇ ਹਨ।

ਪੰਦਰਾਂ ਸਾਲਾਂ ਤੋਂ ਮੁਤਵਾਤਰ ਹੁੰਦੀ ਆਈ ਅਰਜ਼ ਅਜ ਹੀ ਪਰਵਾਨ ਹੋਈ ਜਦੋਂ ਸੱਚੇ ਪਾਤਸ਼ਾਹ ਆਪਣੇ ਮਧ ਪ੍ਰਦੇਸ਼ ਦੌਰੇ ਸਮੇਂ ਜਥੇ ਸਮੇਤ ਏਥੇ ਪਧਾਰੇ।

ਪੰਜਾਂ, ਦੌਰੇ ਦੀਆਂ ਕਾਰਾਂ ਵਿਚੋ, ਸ. ਸਚਿੰਦਰ ਸਿੰਘ ਪੱਪੂ ਦੀ ਕਾਰ ਕਿਸੇ ਖਰਾਬੇ ਕਾਰਨ ਪਿਛੇ ਰਹਿ ਗਈ ਸੀ ਤੇ ਸਾਰੇ ਕਲਾਕਾਰ ਇਸ ਵਿਚ ਸਵਾਰ ਸਨ। ਬਾਕੀ ਸਾਰੀ ਸੰਗਤ ਨੇ ਅਤੇ ਸ੍ਰੀ ਸਤਿਗੁਰੂ ਜੀ ਨੇ ਏਥੇ ਆ ਕੇ ਪ੍ਰਸ਼ਾਦ ਛਕਿਆ। ਘਰੋਂ ਬਾਹਰ, ਕਾਨਪੁਰ ਜਾਂਦੀ ਸੜਕ ਦੇ ਨਾਲ ਹੀ ਵਿਸ਼ਾਲ ਪਿੰਡਾਲ ਤਿਆਰ ਕਰਕੇ, ਥੱਲੇ ਜ਼ਮੀਨ ਪੱਧਰੀ ਕਰ ਵਿਛਾਈ ਕੀਤੀ ਗਈ ਸੀ ਜਿਥੇ 2.45 ਵਜੇ ਤੋਂ 3.45 ਤਕ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਹੋਇਆ। ਇਸ ਵਿਚ ਸ਼ਹਿਰ ਦੇ ਜਾਣੇ ਪਹਿਚਾਣੇ ਜਾਂਦੇ ਸਿਖ ਪਰਵਾਰ ਵੀ ਸ਼ਰੀਕ ਹੋਏ। ਉਪਰੰਤ 'ਪ੍ਰਾਨੀ ਕਉ ਹਰਿ ਜਸ ਮਨ ਨਹੀਂ ਆਵੈ' ਸ਼ਬਦ ਦਾ ਕੀਰਤਨ ਹੋਇਆ। ਸ੍ਰੀ ਮੋਹਨ ਸਿੰਘ ਦੁਆਰਾ ਅਰਦਾਸ ਨਾਲ ਪਿੰਡਾਲ ਦੇ ਦਿਵਾਨ ਦੀ ਸਮਾਪਤੀ ਹੋ ਗਈ।

ਨਾਮ ਸਿਮਰਨ ਚਲਦਿਆਂ ਸੰਤ ਸੇਵਾ ਸਿੰਘ ਜਥੇਦਾਰ ਨੇ ਮੈਨੂੰ ਲਿਖਕੇ ਪੁਛਿਆ ਜਾ ਕਰਹੁ ਰਸੋਈ ਸੰਤ ਜੀ...ਦੀਆਂ ਤੁਕਾਂ ਕੈਸੀਆਂ ਅਤੇ ਕਿੰਨੀਆਂ ਹਨ ਤਾਂ ਸ੍ਰੀ ਸਤਿਗੁਰੂ ਜੀ ਨੇ ਮੇਰੀ ਯਾਦਦਾਸ਼ਤ ਦੀ ਸਥਿਤੀ ਸਮਝ, ਗੁਰੂ ਨਾਨਕ – ਦੇਵਲੂਤ ਸੰਵਾਦ ਆਪ ਲਿਖਕੇ ਦਿਤਾ:

*(ਦੇਵਲੂਤ) ਕਰਹੁ ਰਸੋਈ ਸੰਤ ਜੀ ਭੋਜਨ ਅਚਰੁ ਬਣਾਇ।*
*ਕਿਰਪਾ ਮੁਝ ਪਰ ਕੀਜੀਏ, ਸ੍ਰੀ ਗੁਰ ਮੁਖਹੁ ਅਲਾਇ।*
*(ਗੁਰੂ ਨਾਨਕ) ਪ੍ਰਥਮ ਤਜਹੁ ਆਮਿਖ ਲਊ ਖਾਨਾ।*
*ਕਰ ਹੁ ਜਾਸੁ ਹਿਤ ਜੀਵਨ ਹਾਨਾ।*
*ਯੋ ਨਹਿ ਤੁਮਰੋ ਖਾਇ ਕਦਾਪੀ।*
*ਹੋ ਤੁਮ ਜੀਵਨ ਕੇ ਸੰਤਾਪੀ।*


Sri Satguru Jagjit Singh Ji Elibrary NamdhariElibrary@gmail.com

ਗੁਰੂ ਘਰ ਵਿਚ ਮਾਸ-ਵਿਰੋਧਤਾ ਦਾ ਇਹ ਠੋਸ ਪ੍ਰਮਾਣ ਹੈ।

ਕੱਲ ਦਾ ਇਕ ਦਾਗ ਸ੍ਰੀ ਸਤਿਗੁਰੂ ਜੀ ਦੇ ਮਸਤਕ ਤੇ ਦੇਖ ਰਿਹਾ ਹਾਂ। ਇਸ ਬਾਰੇ ਮੈਨੂੰ ਨਿਜੀ ਸਕੱਤ੍ਰ ਤਰਸੇਮ ਸਿੰਘ ਨੇ ਦੱਸਿਆ ਕਿ 28.12.85 ਨੂੰ ਰਹਿਤ ਪੁਰਿਓਂ ਚਲ ਕੇ ਜਿਸ ਨਗਰ ਵਿਚ ਦਰਸ਼ਨ ਦੇਣ ਗਏ, ਉਥੇ ਜਾਣ ਲਈ ਸੜਕ ਬੜੀ ਖਰਾਬ ਸੀ। ਗੱਡੀ ਥੱਲੇ ਇਕ ਵੱਡਾ ਪੱਥਰ ਆ ਜਾਣ ਕਰਕੇ ਮਸਤਕ ਅਚਾਨਕ ਜ਼ੋਰ ਨਾਲ ਅੱਗੇ ਵਜਿਆ ਜਿਸਤੋਂ ਥੋੜਾ ਜ਼ਖਮ ਹੋ ਲਹੂ ਸਿਮਿਆ।

ਮੋਹਨ ਸਿੰਘ ਦੁਆਰਾ ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕੁਛ ਮਿੰਟ ਉਪਦੇਸ਼ ਦਿਤਾ। ਉਸਦਾ ਸੰਖੇਪ:

- ਮਾਸ ਖਾਣਾ ਸਿਖਾਂ ਲਈ, ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਵਿਵਰਜਤ ਹੈ।

- ਗੁਰਬਾਣੀ ਅਨੁਸਾਰ ਤਾਂ ਰਾਮ ਕ੍ਰਿਸ਼ਨ ਵੀ ਸਾਡੇ ਗੁਰੂ ਹਨ। ਹਿੰਦੂ ਸਿਖਾਂ ਵਿਚ ਦੁਫੇੜ ਪਾਉਣ ਵਾਲੇ ਗੁਰੂਆਂ ਦੀ ਸਿਖਿਆ ਦੇ ਉਲਟ ਚਲਦੇ ਹਨ।

- ਅਜ ਕਲ ਹਿੰਦੂ ਵਿਰੋਧੀ ਭਾਵਨਾ ਵਾਧੇ ਤੇ ਹੋਣ ਕਾਰਨ ਕਥਾ ਵਾਚਕ ਲੋਕ ਅਰਥਾਂ ਦਾ ਅਨਰਥ ਕਰਨ ਤੇ ਤੁਲੇ ਹੋਏ ਹਨ: 'ਟੇਕ ਏਕ ਰਘੁ ਨਾਥ' ਦਾ ਅਰਥ 'ਪ੍ਰਕਾਸ਼ਮਾਨ ਸਹਾਇਤਾ ਕਰਦਾ ਹੈ।' ਕੀਤਾ ਜਾਂਦਾ ਹੈ।

- ਮਾਨਤਾਵਾਂ ਦਾ ਵੀ ਕੋਈ ਓਭ ਫੋਭ ਨਹੀਂ ਰਿਹਾ। ਇਹ ਸਿਧਾਂਤਹੀਨਤਾ ਦਾ ਹੀ ਚਮਤਕਾਰ ਹੈ ਕਿ ਕਲ ਮੈਨੂੰ ਇਕ ਸਿਖ ਦੇ ਦਰਸ਼ਨ ਹੋਏ। ਉਹ ਮਾਸ ਸ਼ਰਾਬ ਤੋਂ ਬਚਿਆ ਹੋਇਆ ਸੀ। ਮੈਂ ਉਸਨੂੰ ਪੁਛਿਆ: ਕਿਹੜੇ ਸੰਤਾਂ ਨੂੰ ਮੰਨਦੇ ਹੋ? ਕਹਿਣ ਲਗਾ ਜੀ, ਮੈਂ ਕੇਵਲ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੰਨਦਾ ਹਾਂ ! ਮਤਲਬ ਕਿ ਨਾ ਪਹਿਲੇ ਗੁਰੂ ਉਹਦੀ ਲੋੜ ਹਨ ਨਾ ਪਿਛਲਿਆਂ ਨਾਲ ਵਾਸਤਾ ਹੈ।

- ਗੁਰਬਾਣੀ ਗੁਰੂਮਤ ਅਨੁਸਾਰ ਮਾਸ ਸ਼ਰਾਬ ਦਾ ਤਿਆਗ ਕਰਕੇ ਜਿਸ ਕੋਲੋਂ ਤੇ ਜਿਹੜਾ ਵੀ ਨਾਮ ਤੁਸਾਂ ਲਿਆ ਹੈ ਉਸੇ ਨੂੰ ਜਪੋ। ਦੂਜਿਆਂ ਲਈ ਸਹਿਨਸ਼ੀਲ ਹੋਵੋ। ਗੁਰਮਤ ਦਾ ਆਦਰਸ਼ ਹੈ: *ਗਰੀਬੀ ਗਦਾ ਹਮਾਰੀ। ਖੰਨਾ ਸਗਲ ਰੇਨੁ ਛਾਰੀ। ਇਸੁ ਆਗੈ ਕੋ ਨ ਟਿਕੈ ਵੇਕਾਰੀ।*

- ਜੀ ਪ੍ਰਤੀ ਇਕ ਘੰਟਾ ਨਾਮ ਸਿਮਰਨ ਜ਼ਰੂਰ ਕੀਤਾ ਜਾਵੇ ਅਤੇ ਘਰ ਪ੍ਰਤੀ ਇਕ ਸਾਧਾਰਨ ਪਾਠ ਹਰ ਮਹੀਨੇ। ਭਜਨ ਤਾਂ ਜਨਮ ਲੈਣ ਵਾਲੇ ਬੱਚੇ ਦੇ ਨਮਿਤ ਵੀ ਕੀਤਾ ਜਾਵੇ। ਉਹਦਾ ਵੀ ਭਲਾ, ਕਰਨ ਵਾਲੇ ਦਾ ਵੀ ਭਲਾ।

*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ।*

ਸਤਿਗੁਰੂ ਜੀ ਦੇ ਅਮ੍ਰਿਤ ਬਚਨਾਂ ਪਿਛੋਂ ਇਸ ਪਿੰਡਾਲ ਦੀ ਕਾਰਵਾਈ ਖ਼ਤਮ ਹੋ ਗਈ।

ਸਾਰੇ ਪਰਵਾਰ ਨੂੰ ਇਕੱਠਿਆਂ ਬੈਠਕੇ ਉਨ੍ਹਾਂ ਨੂੰ ਰੋਜ਼ਾਨਾ ਇਕ ਘੰਟਾ ਸਿਮਰਨ ਅਤੇ ਇਕ ਪਾਠ ਮਹੀਨੇ ਪ੍ਰਤੀ ਦੱਸ ਨਾਮਧਾਰੀ ਪ਼ਹਿਰਾਵੇ ਦਾ ਪੱਕ ਕੀਤਾ।



Sri Satguru Jagjit Singh Ji Elibrary NamdhariElibrary@gmail.com

ਸੰਤ ਸੁਰਜੀਤ ਸਿੰਘ ਗਾਂਧੀ ਨਗਰ (ਬੈਂਕੋਕ) ਦੀ ਨੂੰਹ, ਸੇਵਾ ਸਿੰਘ ਹੁਰਾਂ ਦੀ ਪੁਤਰੀ ਬੀਬੀ ਰਣਜੀਤ ਸੁਪਤਨੀ ਸੰਤ ਗੁਰਦੀਪ ਸਿੰਘ ਗਾਂਧੀ ਨਗਰ ਦੇ ਘਰ 17 ਦਿਨਾਂ ਦਾ ਇਕ ਲੜਕਾ ਹੈ। ਉਹ ਵੀ ਏਥੇ ਸਨ ਸਾਰਾ ਪਰਵਾਰ। ਬੱਚੇ ਨੂੰ ਲੈ ਕੇ ਗੁਰੂ ਚਰਨਾਂ ਵਿਚ ਹਾਜ਼ਰ ਹੋਏ। ਸਤਿਗੁਰੂ ਜੀ ਨੂੰ ਬੱਚੇ ਦਾ ਨਾਮ ਰਖਣ ਦੀ ਅਰਜ਼ ਕੀਤੀ। ਤੁਰਤ ਬਚਨ ਕੀਤਾ: ਗਿਆਨ ਸਿੰਘ ਇਸਦਾ ਨਾਮ ਹੈ। ਬੱਚੇ ਦੇ ਵੱਡੇ ਦਾ ਮਾਤਾ ਪਿਤਾ ਭਜਨ ਕਰਿਆ ਕਰੋ।

ਸ. ਸੇਵਾ ਸਿੰਘ ਲਾਜਾਂ ਹੁਰਾਂ ਦੀਆਂ ਚਾਰ ਲੜਕੀਆਂ ਹਨ। ਵੱਡੀ ਸਤਵੰਤ ਕੌਰ ਸੰਤ ਭੋੜਾ ਸਿੰਘ ਮਿਟਗੁਮਰੀ, ਦਿੱਲੀ ਵਾਲਿਆਂ ਦੀ ਨੂੰਹ ਹੈ। ਦੂਜੀ ਰਣਜੀਤ ਕੌਰ ਬੈਂਕੋਕ ਵਾਲੇ ਸੁਰਜੀਤ ਸਿੰਘ ਦੀ ਨੂੰਹ, ਤੀਜੀ ਪਰਮਜੀਤ ਕੌਰ, ਬਰੇਲੀ ਯੂ.ਪੀ. ਵਾਲੇ ਸੰਤ ਕਰਤਾਰ ਸਿੰਘ ਖਰਬੰਦਾ ਦੀ ਨੂੰਹ ਅਤੇ ਚੌਥੀ ਪੁਤ੍ਰੀ ਅਮਰਜੀਤ ਕੌਰ ਸੰਤ ਕਿਸ਼ਨ ਸਿੰਘ ਛਾਬੜਾ ਡਾਲਟਨਗੰਜ ਵਾਲਿਆਂ ਵਲ ਵਿਵਾਹਤ ਹੈ।

ਸਮੁੱਚਾ ਪਰਵਾਰ: ਸ. ਸੇਵਾ ਸਿੰਘ ਸਪੁਤਰ
ਬੀਬੀ ਲਾਜਾਂ ਸਪੁਤ੍ਰੀ ਸੰਤ ਕੇਸਰ ਸਿੰਘ
ਸੰਤਾਨ: 1. ਸ. ਹਰਦੀਪ ਸਿੰਘ ਗੁਲਾਟੀ (43) 1 ਲੜਕਾ ਜਸਵੀਰ ਸਿੰਘ
ਬੀਬੀ ਅਮਰਜੀਤ ਕੌਰ ਸਪੁਤ੍ਰੀ ਸੰਤ ਹਰਬੰਸ ਸਿੰਘ 1 ਲੜਕੀ ਕਮਲਜੀਤ ਕੌਰ
2. ਸ. ਮਹਿੰਦਰ ਸਿੰਘ ਗੁਲਾਟੀ(35)
ਬੀਬੀ ਸਰਬਜੀਤ ਕੌਰ ਸਪੁਤ੍ਰੀ ਸੰਤ ਤਰਲੋਕ ਸਿੰਘ ਬਦਾਛੀ 1 ਲੜਕੀ ਵੱਡੇ ਭਾਈ ਦੀ ਗੋਦ ਲਈ
3. ਸ. ਨਰਿੰਦਰ ਸਿੰਘ (30) 1 ਲੜਕਾ
ਬੀਬੀ ਵਿਜਿੰਦਰ ਕੌਰ ਸਪੁਤਰੀ ਸ. ਮੁਕੰਦ ਸਿੰਘ ਗਵਾਲੀਅਰ 1 ਲੜਕੀ
4. ਸ. ਬਲਦੇਵ ਸਿੰਘ ਗੁਲਾਟੀ (25) ਦੋ ਲੜਕੀਆਂ
ਬੀਬੀ ਪਰਮਿੰਦਰ ਕੌਰ ਸਪੁਤ੍ਰੀ ਸ. ਬਲਦੇਵ ਸਿੰਘ ਖਰਬੰਦਾ ਦਿੱਲੀ
5. ਬੀਬੀ ਸਤਵੰਤ ਕੌਰ ਸੁਪਤਨੀ ਸ. ਸੁਰਜੀਤ ਸਿੰਘ ਗਰੋਵਰ 1 ਲੜਕਾ 2 ਲੜਕੀਆਂ
6. ਬੀਬੀ ਰਣਜੀਤ ਕੌਰ ਸੁਪਤਨੀ 2 ਲੜਕੇ
ਸੰਤ ਗੁਰਦੀਪ ਸਿੰਘ ਗਾਂਧੀ ਨਗਰ ਦਿੱਲੀ 1 ਲੜਕੀ
7. ਬੀਬੀ ਪਰਮਜੀਤ ਕੌਰ ਸੁਪਤਨੀ 1 ਲੜਕਾ
ਸੰਤ ਅਜੀਤ ਸਿੰਘ ਬ੍ਰੇਲੀ ਯੂ.ਪੀ. 1 ਲੜਕੀ
8. ਬੀਬੀ ਅਮਰਜੀਤ ਕੌਰ ਸੁਪਤਨੀ
ਸ. ਜੁਗਿੰਦਰ ਸਿੰਘ ਛਾਬੜਾ ਕਮਾਲ ਪੁਰ ਕਾਲੋਨੀ, ਲੁਧਿਆਣਾ।

ਰਾਤੀਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਵਿਚ ਜਥੇਦਾਰ ਸੇਵਾ ਸਿੰਘ ਦਿੱਲੀ ਵਾਲਿਆਂ ਦਾ ਦਿਵਾਨ ਸਜਿਆ ਜਿਸ ਵਿਚ ਉਹਨਾਂ ਮਾਸ ਖਾਣ ਦੀ ਵਿਰੋਧਤਾ ਵਿਚ


Sri Satguru Jagjit Singh Ji Elibrary NamdhariElibrary@gmail.com

ਗੁਰਬਾਣੀ, ਗੁਰਮਤ ਤੇ ਗੁਰ ਇਤਿਹਾਸ ਅਨੁਸਾਰ ਰੌਸ਼ਨੀ ਪਾਈ ਜਿਸਨੂੰ ਸੁਣਕੇ ਵਾਂਗ, ਸਾਰੇ ਹੀ ਛਤ੍ਰਪੁਰੀ ਸਿੰਘ ਸਿੰਘਣੀਆਂ ਸਨ। ਮਾਸ ਸ਼ਰਾਬ ਦਾ ਤਿਆਗ ਕਰਨ ਵਾਲੇ ਤਾਂ ਉਨ੍ਹਾਂ ਦੇ ਡੇਰੇ ਤਕ ਵੀ ਆਉਂਦੇ ਰਹੇ।

ਸ. ਸੇਵਾ ਸਿੰਘ ਦੀ ਰੀਝ ਵੀ ਸੀ ਤੇ ਸੱਚੇ ਪਾਤਸ਼ਾਹ ਜੀ ਵੀ ਦਰਸ਼ਨ ਖਾਤਰ ਫਿਰਨਾ ਤੁਰਨਾ ਲੋੜਦੇ ਸਨ। ਸ. ਸੇਵਾ ਸਿੰਘ ਦੇ ਫਾਰਮ ਤੇ 5 ਵਜੇ ਦਰਸ਼ਨ ਦਿੱਤੇ. 14 ਏਕੜ ਦਾ ਫਾਰਮ ਸ਼ਹਿਰ ਦੇ ਅਸਲੋਂ ਨਾਲ ਲਗਦਾ ਸੀ। ਸੱਚੇ ਪਾਤਸ਼ਾਹ ਨਾਲ ਉਨ੍ਹਾਂ ਦਾ ਜਥਾ ਤੇ ਕੁਛ ਗਵਾਲੀਅਰ ਅਤੇ ਛਤ੍ਰਪੁਰ ਵਾਲੀ ਖੇਤਾਂ ਦੀ ਮੁੱਖ ਸੜਕ ਤੇ ਪੈਦਲ ਚਲੇ। ਏਥੇ ਸੱਚੇ ਪਾਤਸ਼ਾਹ ਜੀ ਨਾਲ ਜ਼ਮੀਨਾਂ ਬਾਰੇ ਤੇ ਹੋਰ ਸਭ ਪਰਵਾਰ ਨੂੰ ਬਚਨ ਕੀਤੇ ਗਏ। ਵਾਪਸੀ ਉਤੇ ਸ. ਮਹਿੰਦਰ ਸਿੰਘ ਗੁਲਾਟੀ ਦੀ ਸਪੇਅਰ ਪਾਰਟਸ ਦੀ ਦੁਕਾਨ ਤੇ ਚਰਨ ਵੀ ਪਾਏ।

ਸ. ਸੇਵਾ ਸਿੰਘ ਦਾ ਵੀ ਇੰਦ੍ਰਾ ਕਾਂਡ ਸਮੇਂ ਲੋਕਲ ਸ਼ੈਤਾਨਾਂ ਵਲੋਂ ਬਹੁਤ ਨੁਕਸਾਨ ਕੀਤਾ ਗਿਆ ਸੀ। ਇਕ ਨਵਾਂ ਟ੍ਰਕ ਅਤੇ ਇਕ ਨਵਾਂ ਟ੍ਰੈਕਟਰ ਸਾੜ ਦਿੱਤੇ ਗਏ ਸਨ। ਦੁਕਾਨ ਲੁਟੀ ਗਈ ਸੀ। ਸਿੰਘ ਬਹੁਤ ਨਿਰਾਸ ਤੇ ਉਦਾਸ ਹੋ ਗਿਆ ਸੀ। ਸਤਿਗੁਰੂ ਜੀ ਨੇ ਸੇਵਾ ਸਿੰਘ ਦਿੱਲੀ ਆਏ ਨੂੰ ਪ੍ਰੇਰਨਾ ਦਿਤੀ ਸੀ ਕਿ ਪਾਤਝੜਨੇ ਦਾ ਦੌਰ ਲਗਾਤਾਰ ਨਹੀਂ ਜਾਰੀ ਰਹਿੰਦਾ। ਬਣੀ ਹੋਈ ਸਮਿੱਧੀ ਨੂੰ ਭਰਪੂਰ ਹੀ ਬਹਾਲ ਕਰੋ। ਨਹੀਂ ਤਾਂ ਏਥੋਂ ਸਸਤਾ ਵੇਚਕੇ ਜਾਓਗੇ ਅਗੋਂ ਮਹਿੰਗਾ ਖਰੀਦੋਗੇ। ਕਾਰੋਬਾਰ ਸੈੱਟ ਕਰਦਿਆਂ ਨੂੰ ਕਾਫ਼ੀ ਸਮਾਂ ਬਰਬਾਦ ਹੋ ਜਾਏਗਾ।

ਮੈਂ ਸਕੱਤਰ ਸਾਹਿਬ ਤੋਂ 28.12.85 ਦੀ ਰਿਪੋਰਟ ਪੁੱਛੀ। ਕਿਉਂਕਿ ਮੈਂ ਗਵਾਲੀਅਰ ਤੋਂ ਅੱਗੇ ਡਬਰੇ-ਨਿਭੇਰੇ ਨਹੀਂ ਜਾ ਸਕਿਆ ਸਾਂ। ਸੰਤ ਤਰਸੇਮ ਸਿੰਘ ਨੇ ਦਸਿਆ:

ਰਹਿਤ ਪੁਰਿਓਂ ਤੁਰ ਕੇ ਸੱਚੇ ਪਾਤਸਾਹ 'ਧਮਸਾ ਕਾ ਪੁਰਾ' ਪੋਸਟ ਆਫਿਸ ਸਰਵਾ ਜਿ: ਭਿੰਡ ਵਿਖੇ ਸ. ਬਹਾਲ ਸਿੰਘ ਕੇ ਘਰ ਚਰਨ ਪਾਉਣ ਪਧਾਰੇ। ਬਹਾਲ ਸਿੰਘ ਰਹਿਤਪੁਰੀਏ ਸ. ਮੱਸਾ ਸਿੰਘ ਦਾ ਸਾਲਾ ਹੈ। ਇਸਦੇ ਚਾਰ ਲੜਕੇ ਹਨ। ਜਿਨ੍ਹਾਂ ਨੇ ਮਾਸ ਸ਼ਰਾਬ ਤਿਆਗ ਸਮੇਤ ਪਰਵਾਰ ਦੀਆਂ ਬੀਬੀਆਂ ਦੇ ਭਜਨ ਪੜ੍ਹਿਆ 1.30 ਤੋਂ ਚੱਲ ਗਵਾਲੀਅਰ ਥਾਣੀ ਹੋ ਕੇ 4.30 ਵਜੇ ਸੱਚੇ ਪਾਤਸ਼ਾਹ ਜੀ ਅਤੇ ਨਾਲ ਦਾ ਜਥਾ ਨਿਭੇਰੇ ਪਿੰਡ ਵਿਖੇ ਪੁਜਾ। ਇਹ ਸਾਰਾ ਨਗਰ ਨਾਮਧਾਰੀਆਂ ਦਾ ਹੈ। ਡਬਰੇ ਤੋਂ 6-7 ਕਿ:ਮੀ: ਦੇ ਫਾਸਲੇ ਤੇ ਹੈ। ਸ੍ਰੀ ਸਤਿਗੁਰੂ ਜੀ ਨੇ ਤਾਂ ਆਪਣਾ ਨਿਵਾਸ ਸੰਤ ਗੰਗਾ ਸਿੰਘ ਜੀ ਦੇ ਘਰ ਰਖਿਆ। ਨਾਲ ਦਾ ਜਥਾ ਵਖ ਵਖ ਘਰੀਂ ਵੰਡ ਦਿਤਾ ਗਿਆ। ਸੰਤ ਗੰਗਾ ਸਿੰਘ ਇਰਾਦੇ ਦੇ ਏਨੇ ਮਜਬੂਤ ਨਾਮਧਾਰੀ ਸਨ ਕਿ ਜਦੋਂ ਸੰਤ ਮੋਹਣ ਸਿੰਘ ਗੁਰੂ ਵਿਮੁਖ ਹੋ ਕੇ ਨਿੰਦਾ ਕਰਨ ਤੇ ਆ ਗਏ ਤਾਂ ਏਥੇ ਇਹਨਾਂ ਕੋਲ ਵੀ ਪੁੱਜੇ। ਸੰਤ ਗੰਗਾ ਸਿੰਘ ਪਾਸ ਗੁਰੂ ਨਿੰਦਾ ਸ਼ੁਰੂ ਹੋਈ ਤਾਂ ਉਸਨੇ ਸੰਤ ਨੂੰ ਪਿੰਡੋਂ ਕੱਢ ਕੇ ਹੀ ਦਮ ਲਿਆ। ਗੰਗਾ ਜੀ 80 ਸਾਲ ਦੇ ਬਜ਼ੁਰਗ ਹਨ। ਇਹਨਾਂ ਦੀ ਇਹ



Sri Satguru Jagjit Singh Ji Elibrary NamdhariElibrary@gmail.com

ਜ਼ਬਰਦਸਤ ਇੱਛਾ ਸੀ ਕਿ ਸੱਚੇ ਪਾਤਸ਼ਾਹ ਜੀਉਂਦੇ ਜੀ ਇਹਨਾਂ ਦੇ ਘਰ ਦਰਸ਼ਨ ਦੇਣ। ਸੋ ਅੱਜ ਇਹ ਇੱਛਾ ਪੂਰਣ ਹੋਈ।

ਏਥੋਂ ਦੇ ਸਾਰੇ ਪਰਵਾਰ ਸੰਤ ਕਰਨੈਲ ਸਿੰਘ ਲਾਭ ਸਿੰਘ ਦੀ ਹੀ ਸੰਤਾਨ ਹਨ।

1. ਸੰਤ ਗੰਗਾ ਸਿੰਘ ਸਪੁਤ੍ਰ ਸੰਤ ਕਰਨੈਲ ਸਿੰਘ
2. ਸੰਤ ਅਮਰ ਸਿੰਘ ਜਥੇਦਾਰ ਸੰਤ ਕਰਨੈਲ ਸਿੰਘ
3. ਸ. ਕੁਲਦੀਪ ਸਿੰਘ
4. ਸ. ਰਘੁਬੀਰ ਸਿੰਘ
5. ਸ. ਬਲਦੇਵ ਸਿੰਘ ਸਪੁਤਰ ਸੰਤ ਕਰਨੈਲ ਸਿੰਘ
6. ਸ. ਦਿਆਲ ਸਿੰਘ ”
7. ਸ. ਹਰਦੇਵ ਸਿੰਘ ”
8. ਸ. ਜੁਗਿੰਦਰ ਸਿੰਘ ” 3 ਲੜਕੇ
9. ਸ. ਸੁਲੱਖਣ ਸਿੰਘ ”
10. ਸ. ਬਚਨ ਸਿੰਘ ਸਪੁਤਰ ਸੰਤ ਲਾਭ ਸਿੰਘ 4 ਲੜਕੇ 1 ਲੜਕੀ
11. ਸ. ਰਤਨ ਸਿੰਘ ” 4 ਲੜਕੇ
12. ਸ. ਪਾਲ ਸਿੰਘ 2 ਲੜਕੇ
13. ਸ. ਚਰਨ ਸਿੰਘ ” 2 ਲੜਕੇ
14. ਸ. ਨਿਰੰਜਨ ਸਿੰਘ ” 2 ਲੜਕੇ
15. ਸ. ਸੁਰਿੰਦਰ ਸਿੰਘ ” 2 ਲੜਕੇ 3 ਲੜਕੀਆਂ
16. ਸ.ਸੁੱਚਾ ਸਿੰਘ ਸ. ਰਤਨ ਸਿੰਘ ਦੇ ਪੋਤਰੇ
17. ਸ. ਮਹਿੰਦਰ ਸਿੰਘ

ਰਾਤ ਦੇ 7 ਵਜੇ ਤਕ ਇਹਨਾਂ ਪਰਵਾਰਾਂ ਤੇ ਪੁੱਤਰ ਪੋਤਰਿਆਂ ਦੇ ਘਰੀਂ ਚਰਨ ਪਾਏ। ਅਨੇਕਾਂ ਨੇ ਭਜਨ ਪੁਛਕੇ, ਮਾਸ ਸ਼ਰਾਬ ਤਿਆਗ ਕੇ, ਨਾਮਧਾਰੀ ਪਹਿਰਾਵੇ ਦਾ ਬਚਨ ਲਿਆ। ਬੱਚੇ ਕੁਸੰਗ ਦਾ ਸ਼ਿਕਾਰ ਹੋ ਰਹੇ ਸਨ। ਸਤਿਗੁਰੂ ਜੀ ਦੇ ਦਰਸ਼ਨ ਦੇਣ ਨਾਲ ਮੁੜ ਤੋਂ ਹਰੇ ਹੋਏ।

ਨਿਡੇਰੇ ਵਿਚ 3.30 ਤੋਂ 4.30 ਤਕ ਨਾਮ ਸਿਮਰਨ ਹੋਇਆ ਫਿਰ 5.15 ਤਕ ਗੁਰੂ ਕੀ ਹਜ਼ੂਰੀ ਵਿਚ ਕੀਰਤਨ ਹੋਇਆ, ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਵੀ ਕੀਤਾ। ਉਪਰੰਤ 5.43 ਤੋਂ ਚਰਨ ਪਾਉਣ ਦਾ ਪ੍ਰੋਗਰਾਮ ਜਾਰੀ ਹੋਇਆ।

ਨਿਡੇਰੇ ਵਿਖੇ ਹੀ ਇਕ ਸਿੰਘ ਜੋ ਕਿ ਪਿੰਡ ਹੇਲਰਾਂ ਦਾ ਰਹਿਣ ਵਾਲਾ ਸੀ ਦਿਆਲ ਸਿੰਘ ਨਾਮੀ ਸਜਣ ਨੂੰ ਨਾਲ ਲੈ ਕੇ ਆਇਆ। ਮਾਸ ਸ਼ਰਾਬ ਛੁਡਾ ਭਜਨ ਤੇ ਭਰੋਤੀਆਂ ਕਰਨ ਤੇ ਲਾਇਆ, ਉਸ ਨਮਿਤ ਅਰਦਾਸ ਵੀ ਕਰਾਈ।

2 ਘੰਟੇ ਰਾਤੀਂ ਨਾਲ ਆਏ ਕਲਾਕਾਰਾਂ ਨੂੰ ਵੀ ਸੁਸਿਖਿਅਤ ਕੀਤਾ।

ਸਕਤ੍ਰ ਤਰਸੇਮ ਸਿੰਘ ਦੇ ਦਸਣ ਅਨੁਸਾਰ 29.12.85 ਦੀ ਸਵੇਰੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਕੀਰਤਨ ਹੋਇਆ। 6.40 ਵਜੇ ਤੇ ਭੋਗ


Sri Satguru Jagjit Singh Ji Elibrary NamdhariElibrary@gmail.com

ਪਾ ਕੇ ਪਿੰਡ ਖਜੁਰਿਆਈ ਦਾ ਬਹੁਤ ਭੈੜਾ ਰਸਤਾ ਪਾਰ ਕਰਕੇ ਸ. ਮੱਖਣ ਸਿੰਘ ਨੂੰ ਜਾ ਨਿਵਾਜਿਆ। ਇਹ ਘਰ ਖੇਤਾਂ ਵਿਚ ਹੀ ਸੀ। ਮੱਖਣ ਸਿੰਘ ਸ. ਸੰਪੂਰਨ ਸਿੰਘ ਦਾ ਪਤਿਅਹੁਰਾ ਹੈ।

ਫੇਰ ਬਦੇਸਰ ਪਿੰਡ ਜਾ ਕੇ ਨਾਮਧਾਰੀ ਸਿੰਘਾਂ ਦੇ ਘਰੀਂ ਚਰਨ ਪਾਏ। ਬਹੁਤੇ ਸਿੰਘਾਂ ਦੇ ਡੇਰੇ ਖੂਹਾਂ ਤੇ ਹੀ ਸਨ ਤੇ ਪਰਸਪਰ ਫਾਸਲਾ ਫਰਲਾਂਗਾਂ ਦੇ ਹਿਸਾਬ ਸੀ। ਸਭ ਨੂੰ ਨਿਵਾਜਿਆ। ਬਧੇਸਰੋਂ ਚੱਲ ਕੇ ਹੀ ਡਬਰੇ ਵਿਖੇ ਪਧਾਰੇ ਸਨ।

ਛੱਤਰਪੁਰ ਸ. ਸੇਵਾ ਸਿੰਘ ਕੇ ਘਰ ਗੁਰੂ ਕੇ ਕਮਰੇ ਵਿਚ 6.30 ਵਜੇ ਸੰਗੀਤ ਸਭਾ ਜਾਰੀ ਹੋ ਗਈ। ਉਸਤਾਦ ਹਰਭਜਨ ਸਿੰਘ, ਬਲਜੀਤ ਸਿੰਘ, ਮੋਹਣ ਸਿੰਘ ਸੁਖਦੇਵ ਸਿੰਘ ਤੇ ਸੁਖਦੇਵ ਸਿੰਘ ਸਤਿਗੁਰੂ ਜੀ ਤੋਂ ਕੁਛ ਲੈਅ ਮਾਤਰਾਂ ਸਮਝ ਰਹੇ ਸਨ ਕਿ ਅੰਦਰ ਤਿੰਨ ਹਿੰਦੂ ਜੈਂਟਲਮੈਨ ਆ ਗਏ। ਉਹਨਾਂ ਚੋਂ ਇਕ ਆਲ ਇੰਡੀਆ ਰੇਡੀਓ ਛੱਤਰ ਪੁਰ ਦੇ ਕਲਾਕਾਰ, ਤਬਲਾ ਵਾਦਕ ਸ੍ਰੀ ਰਾਮ ਸਰੂਪ ਰਠੌਲੀਆ ਦੂਜਾ ਰਾਜਿੰਦ੍ਰ ਪ੍ਰਸ਼ਾਦ ਪੁਰੋਹਿਤ ਸੀ, ਤੀਜੇ ਦਾ ਨਾਂ ਯਾਦ ਨਹੀਂ ਰਿਹਾ। ਸ੍ਰੀ ਰਤੌਨੀਆ ਦੀ ਇੱਛਾ ਸੀ ਕਿ ਉਹ ਸਤਿਗੁਰੂ ਜੀ ਪਾਸ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ। 20 ਕੁ ਮਿੰਟ ਉਨ੍ਹਾਂ ਨੂੰ ਸੁਣਿਆ ਗਿਆ। ਤਬਲੇ ਦੇ ਬੋਲ ਸਪਸ਼ਟ, ਹੱਥ ਸੁੰਦਰ ਤੇ ਲੈਅ ਤਾਰ ਦਾ ਸੁਮੇਲ ਵਧੀਆ ਆਯੋਜਨ ਸੀ।

ਰਾਤੀਂ 8.30 ਵਜੇ ਕਲਾਕਾਰ ਨੂੰ ਛੁਟੀ ਬਖਸ਼ਦਿਆਂ ਸਤਿਗੁਰੂ ਜੀ ਨੇ ਘਰ ਵਾਲਿਆਂ ਤੋਂ 200 ਰੁਪਏ ਸ੍ਰੀ ਰਤੌਨੀਆ ਨੂੰ ਦਵਾਇਆ। ਇਹ ਜਾਣਕੇ ਸੱਚੇ ਪਾਤਸ਼ਾਹ ਸਵੇਰੇ ਹੀ ਪ੍ਰਸਥਾਨ ਕਰ ਜਾਣਗੇ ਸ. ਸੇਵਾ ਸਿੰਘ ਨੇ 3000 ਚਰਨਾਂ ਵਿਚ ਭੇਟ ਰਖਕੇ ਸਤਿਗੁਰਾਂ ਦੀ ਕ੍ਰਿਪਾ ਦਾ ਧਨਵਾਦ ਤੇ ਕਿਸੇ ਅਵੱਗਿਆ ਵਲੋਂ ਜਾਂ ਸੇਵਾ ਵਿਚੋਂ ਕਸਰ ਰਹਿ ਗਈ ਦੀ ਖਿਮਾ ਮੰਗੀ।

ਸੱਚੇ ਪਾਤਸ਼ਾਹ ਜੀ ਨੇ ਸਿਖ ਨੂੰ ਖੁਸ਼ੀਆਂ ਬਖਸ਼ੀਆਂ।

ਸਤਿਗੁਰੂ ਜੀ ਏਥੋਂ 50 ਕਿ:ਮੀ: ਤੇ ਖਜੁਰਾਹੋ ਤੋਂ ਹਵਾਈ ਸਫਰ ਕਰਕੇ ਦਿੱਲੀ ਪਹੁੰਚਣਾ ਚਾਹੁੰਦੇ ਸਨ। ਪਰ ਸ਼ਾਮੀ 4 ਵਜੇ ਤਕ ਅਨਿਸਚਤਤਾ ਬਣੀ ਰਹੀ। ਵਾਯੂਦੂਤ ਵਾਲੇ ਸੀਟਾਂ ਦੀ ਜ਼ਿਮੇਵਾਰੀ ਨਹੀਂ ਸਨ ਲੈ ਰਹੇ। ਸੁ ਸਵੇਰੇ 4 ਵਜੇ ਤੁਰ ਪੈਣ ਦਾ ਪ੍ਰੋਗਰਾਮ ਬਣ ਗਿਆ। ਤਾ ਕਿ ਸਾਰਾ ਸਫ਼ਰ ਇਕੋ ਸਾਹੇ ਨਿਬੇੜ ਲਿਆ ਜਾਵੇ। 500 ਕਿਲੋਮੀਟਰ ਦਾ ਸਫਰ 11 ਘੰਟੇ ਦਾ ਸਮਾਂ ਤਾਂ ਮੰਗਦਾ ਹੀ ਸੀ।

ਰਾਤ ਪਰਵਾਰ ਨੇ ਖੁਲੇ ਸਿੰਘਾਂ ਲਈ ਪਰਾਉਂਠੇ ਸਬਜ਼ੀਆਂ ਤਿਆਰ ਕੀਤੇ। ਸਾਧ ਸੰਗਤ ਨੇ ਸ਼ਾਮ ਦਾ ਲੰਗਰ ਵੀ ਤਸੱਲੀ ਨਾਲ ਛਕਿਆ।

ਅਸੀਂ ਇਸ ਉਤੇਜਨਾਂ ਨਾਲ ਸੁੱਤੇ ਕਿ ਸਵੇਰੇ 2 ਵਜੇ ਉਠਕੇ ਸ਼ਨਾਨ ਕਰਨਾ ਹੈ। ਸਾਡਾ ਬਹੁਤ ਸਾਰਿਆਂ ਦਾ ਡੇਰਾ ਸਿੰਘ ਸਭਾ ਗੁਰਦੁਆਰੇ ਹੀ ਸੀ।



Sri Satguru Jagjit Singh Ji Elibrary NamdhariElibrary@gmail.com

# 31 ਦਸੰਬਰ 1985, ਮੰਗਲਵਾਰ
## ਦਿੱਲੀ ਨੂੰ ਧਾਈ

ਸਵੇਰੇ 2 ਕੁ ਵਜੇ ਤੋਂ ਹੀ ਸ. ਸੇਵਾ ਸਿੰਘ ਦੇ ਮਕਾਨ ਵਿਚ ਅਤੇ ਏਧਰ ਸਿੰਘ ਸਭਾ ਗੁਰਦੁਆਰੇ ਦੇ ਉਤਲੇ ਕਮਰਿਆਂ ਵਿਚ ਹਲਚਲ ਹੋ ਗਈ। ਗੁਰਦੁਆਰਾ ਅਤੇ ਸੇਵਾ ਸਿੰਘ ਦਾ ਮਕਾਨ ਲਾਗੋ ਲਾਗੀ ਦੀ ਸੜਕ ਦੇ ਦੋਹੀਂ ਪਾਸੀ ਹਨ। ਇਸ਼ਨਾਨ ਪਾਣੀ ਲਈ ਗੁਰਦੁਆਰੇ ਦੇ ਖੂਹ ਤੇ ਰੌਣਕਾਂ ਲਗ ਗਈਆਂ। ਸ਼ਾਇਦ ਇਸ ਖੂਹ ਨੂੰ ਏਨੀ ਸਵਖਤੇ ਕਿਸੇ ਨੇ ਵੀ ਖੇਚਲ ਨਾ ਦਿਤੀ ਹੋਵੇ। 3.45 ਤੱਕ ਇਸ਼ਨਾਨ ਪਾਣੀ ਤੇ ਹਰ ਤਰ੍ਹਾਂ ਦੀ ਤਿਆਰੀ ਹੋ ਚੁਕੀ ਸੀ।

ਸੰਤ ਤਰਸੇਮ ਸਿੰਘ ਦੇ ਦਸਣ ਅਨੁਸਾਰ ਸ. ਜਸਵੰਤ ਸਿੰਘ-ਮਨੋਹਰ ਸਿੰਘ ਦੋਨੋ ਗਈ ਸਵੇਰੇ 3 ਵਜੇ ਤੋਂ ਹੀ ਦਰਸ਼ਨਾਂ ਦੀ ਇੰਤਜ਼ਾਰ ਵਿਚ ਸਨ। ਸਤਿਗੁਰੂ ਜੀ 3.30 ਬਾਹਰ ਆਏ ਤਾਂ ਇਹਨਾਂ ਸ਼ਰਧਾ ਸੰਜੁਗਤ ਭੇਟਾ ਧਰ ਨਮਸ਼ਕਾਰ ਕੀਤੀ। ਕਿਹਾ ਜਾਂਦਾ ਹੈ ਪੰਜਾਬੀਆਂ ਵਿਚੋਂ ਛਤ੍ਰਪੁਰ ਵਿਚ ਇਹ ਸਭ ਤੋਂ ਅਮੀਰ ਹਨ। ਇਹਨਾਂ ਨੂੰ ਸਤਿਗੁਰੂ ਜੀ ਦੀ ਆਮਦ ਤੇ ਜਾਣ ਦੇ ਸਮੇਂ ਦਾ ਰਾਤੀਂ ਕੁਵੇਲੇ ਹੀ ਪਤਾ ਲਗਾ।

ਘਰ ਪਰਵਾਰ ਵਲੋਂ ਰਾਤ ਚੋਖੀ ਦੇਰ ਤਕ ਸਾਡਾ ਸਵੇਰ ਦਾ ਲੰਗਰ ਤਿਆਰ ਹੁੰਦਾ ਰਿਹਾ। ਗੁਰੂ ਕੇ ਲਾਂਗਰੀਆਂ ਵੀ 3.45 ਤਕ ਤਾਜ਼ਾ ਪ੍ਰਸ਼ਾਦ ਪਾਣੀ ਤਿਆਰ ਕਰਕੇ ਨਾਲ ਰਖ ਲਿਆ। ਪੂਰੇ 4 ਵਜੇ ਜਦੋਂ ਠੰਢ ਅਤੇ ਅਨ੍ਹੇਰੇ ਨੇ ਛਤਰਪੁਰ ਨੂੰ ਪੂਰੀ ਤਰ੍ਹਾਂ ਘੇਰਿਆ ਹੋਇਆ ਸੀ, ਪੰਜ ਕਾਰਾਂ ਤੇ ਸ੍ਰੀ ਸਤਿਗੁਰੂ ਜੀ ਅਤੇ ਆਪਦਾ ਜਥਾ ਅਰਦਾਸਾ ਸੋਧ ਕੇ ਦਿੱਲੀ ਲਈ ਰਵਾਨਾ ਹੋ ਤੁਰਿਆ। ਸੇਵਾ ਸਿੰਘ ਹੁਰਾਂ ਘਰ, ਅੱਧੇ ਦਿਨ ਤੇ ਰਾਤ ਦਾ ਮੇਲਾ ਸੰਪੰਨ ਹੋ ਗਿਆ।

ਸਵੇਰੇ ਉਸਤਾਦ ਹਰਭਜਨ ਸਿੰਘ ਦੁਆਰਾ 4 ਵਜੇ ਤੋਂ ਪਹਿਲਾਂ ਪਹਿਲਾਂ ਆਸਾ ਦੀ ਵਾਰ ਸੁਣ ਲਈ ਗਈ ਸੀ। 500 ਕਿ:ਮੀ: ਦਾ ਸਫਰ ਕਰਨ ਲਈ ਏਨੀ ਸਵਖਤੇ ਚਲਣਾ ਹੀ ਜ਼ਰੂਰੀ ਸੀ।

ਇਕ ਘੰਟੇ ਦੇ ਸਫਰ ਬਾਅਦ ਸਾਡੀ ਗੱਡੀ, ਜਿਸਨੂੰ ਜੁਗਿੰਦਰ ਸਿੰਘ ਬਿਟੂ ਚਲਾ ਰਿਹਾ ਸੀ, ਦੇ ਇਕ ਟਾਇਰ ਦੀ ਫੂਕ ਨਿਕਲ ਗਈ। ਪੰਦਰਾਂ ਮਿੰਟ ਤਕ ਸਾਡੀ ਗੱਡੀ ਸੜਕ ਤੇ ਨਾ ਵੇਖ ਸੱਚੇ ਪਾਤਸ਼ਾਹ ਆਪ ਸਾਡੀ ਸੁਧ ਨੂੰ ਗੱਡੀ ਵਾਪਸ ਲਿਆਏ। ਅਜੇ ਅਸਮਾਨ ਤੇ ਕਿਸੇ ਤਰ੍ਹਾਂ, ਰੋਸ਼ਨੀ ਵਾਲੀ ਗੱਲ ਨਹੀਂ ਸੀ।

ਸਾਨੂੰ ਤੋਰ ਫਿਰ ਚਲੇ ਤਾਂ ਡਬਰੇ ਤਕ ਜਾਂਦਿਆਂ, ਇਕ ਵਾਰ ਫਿਰ, ਦੂਜੇ ਟਾਇਰ ਦੀ ਪਰੇਸ਼ਾਨੀ ਪੈਦਾ ਹੋ ਗਈ। ਸ਼ਾਇਦ ਕਾਫ਼ਲੇ ਦੀ ਇੰਤਜ਼ਾਰ ਸੀ ਜਾਂ ਪਤਾ ਦੇ ਦਿਤਾ ਗਿਆ, ਸੰਤ ਬਲਵੰਤ ਸਿੰਘ ਰਘਬੀਰ ਸਿੰਘ ਘਰੋਂ ਬਾਹਰ ਆ ਸੜਕ ਤੇ ਹੀ ਸ੍ਰੀ ਸਤਿਗੁਰੂ ਜੀ ਦੇ ਗੱਡੀ ਵਿਚ ਬੈਠਿਆਂ ਹੀ ਨਮਸਕਾਰ ਕੀਤੀ। ਸਤਿਗੁਰੂ ਜੀ



Sri Satguru Jagjit Singh Ji Elibrary NamdhariElibrary@gmail.com

ਹੁਣ ਪੰਧ ਨਹੀਂ ਸਨ ਖੋਟਾ ਕਰਨਾ ਚਾਂਹਦੇ। ਅਸੀਂ ਟਾਇਰ-ਟਿਊਬਾਂ ਠੀਕ ਕਰਵਾ ਫਿਰ ਤੁਰ ਪਏ।

ਡਬਰੇ ਤੋਂ ਪਹਿਲਾਂ ਪੈਂਦੇ ਸੋਨਾਗਿਰ, ਸ. ਜੁਗਿੰਦਰ ਸਿੰਘ ਪਰਵਾਰ ਨੂੰ ਭੀ ਪਹਿਲਾਂ ਤੁਰੀਆਂ ਗੱਡੀਆਂ, ਜਿਨ੍ਹਾਂ ਵਿਚ ਕਲਾਕਾਰ ਤੇ ਲਾਂਗਰੀ ਸਵਾਰ ਸਨ, ਨਿਵਾਜ ਕੇ ਨਾਲ ਰਲ ਗਈਆਂ ਸਨ। ਦੁੱਧ ਗੰਨੇ ਕੁਛ ਛਕੇ, ਕੁਛ ਨਾਲ ਰਖੇ- ਪਰ ਸਚੇ ਪਾਤਸ਼ਾਹ ਤੇ ਸਾਡੀ ਗੱਡੀ ਸਿੱਧੇ ਹੀ ਸਫਰ ਕਰਦੇ ਗਏ। 9 ਵਜਦੇ ਨੂੰ ਅਸੀਂ ਗਵਾਲੀਅਰ ਆ ਗਏ।

ਸੂਬਾ ਰਤਨ ਸਿੰਘ ਏਨੇ ਦਿਨ ਲਗਾਤਾਰ ਗੁਰੂ ਚਰਨਾਂ ਵਿਚ ਹਾਜ਼ਰ ਰਹੇ। ਨਗਰੀ ਖੇੜੀਂ ਅਰਜ਼ ਕਰ ਕਰ ਚਰਨ ਪੁਆਂਦੇ ਰਹੇ। ਮੱਧ ਪਰਦੇਸ਼ ਦੇ ਇੰਨੇ ਦਿਨ ਦੇ ਦੌਰੇ ਬਾਅਦ ਆਪ ਗਵਾਲੀਅਰ ਉਤਰ ਪਏ ਤੇ ਗੁਰੂ ਕੀ ਗੱਡੀ ਪਾਸ ਜਾ ਸ੍ਰੀ ਸਤਿਗੁਰੂ ਜੀ ਤੋਂ ਚਰਨ ਸਪਰਸ਼ ਆਗਿਆ ਲਈ। ਸ੍ਰੀ ਸਤਿਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ। ਇਹ ਉਤਾਰਾ ਆਗਰਾ ਰੋਡ ਤੇ ਹੋਇਆ।

ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਅਫਸੋਸ ਸੀ ਕਿ ਜਥੇਦਾਰ ਸੇਵਾ ਸਿੰਘ ਦਾ ਢੁਲਕਈਆ ਸੰਤ ਦਿਆਲ ਸਿੰਘ ਇਕੱਲਿਆ ਹੀ 4.30 ਵਜੇ ਛਤ੍ਰਪੁਰੋਂ ਬਸ ਲੈ ਕੇ ਗਵਾਲੀਅਰ ਆਵੇਗਾ ਅਤੇ ਫਿਰ ਦਿੱਲੀ ਵਾਸਤੇ ਰੇਲ ਫੜੇਗਾ। ਜਥੇਦਾਰ ਜੀ ਤਾਂ ਸਾਡੇ ਨਾਲ ਆ ਰਹੇ ਸਨ।

9.10 ਵਜੇ ਤਾਂ ਇਕ ਵਾਰ ਫਿਰ ਅਸਾਂ ਸਤਿਗੁਰਾਂ ਨੂੰ ਪਰੇਸ਼ਾਨ ਕੀਤਾ। ਹੁਣ ਸਾਡੀ ਗੱਡੀ ਨੂੰ ਮੋਬਿਲ ਆਇਲ ਦੀ ਲੋੜ ਪੈ ਗਈ ਸੀ। ਅਸੀਂ ਆਗਰਾ ਰੋਡ ਤੇ ਮੁੜਦਿਆਂ ਹੀ ਨੇੜੇ ਇਕ ਪੈਟਰੋਲ ਪੰਪ ਤੇ ਰੁਕ ਗਏ। ਸਤਿਗੁਰੂ ਜੀ ਨੇ ਅੰਗ ਰਖਿਅਕ ਉਤਾਰ ਸ. ਸੁਰਿੰਦਰ ਸਿੰਘ ਰਮੇਸ਼ ਨਗਰੀਏ ਨੂੰ ਸਾਡੀ ਭਾਲ ਲਈ ਪਿਛੇ ਭੇਜਿਆ ਉਹ ਗਵਾਲੀਅਰ ਤਕ ਗਿਆ ਜਦੋਂ ਨੂੰ ਅਸੀਂ ਸੜਕ ਤੇ ਆਏ ਸਤਿਗੁਰੂ ਜੀ ਦੀ ਗਡੀ ਵੀ ਸਾਨੂੰ ਢੂੰਡਦੀ ਆ ਮਿਲੀ। ਸਤਿਗੁਰੂ ਜੀ ਨਾਲ ਦੇ ਸਾਥੀਆਂ ਵਲ ਬਹੁਤ ਧਿਆਨ ਰਖਦੇ ਹਨ। ਮੈਂ ਕਦੇ ਵੀ ਥੋੜੀ ਜਿੰਨੀ ਬੇਪਰਵਾਹੀ ਦੀ ਭਾਵਨਾ ਨੋਟ ਨਹੀਂ ਕੀਤੀ। ਸੁਰਿੰਦਰ ਸਿੰਘ ਵੀ ਛੇਤੀ ਹੀ ਪਰਤ ਆਇਆ।

ਸਫ਼ਰ ਫਿਰ ਸ਼ੁਰੂ ਹੋ ਗਿਆ।

9.30 ਤਕ ਚੰਬਲ ਘਾਟੀ ਤੋਂ ਚੰਬਲ ਨਦੀ ਤੇ ਆ ਗਏ। ਏਥੇ ਪਿਕਨਿਕ ਮਨਾ ਲੈਂਣ ਦਾ ਮਨ ਬਣ ਗਿਆ। ਥੱਲੇ ਗੱਡੀਆਂ ਉਤਾਰ ਲਈਆਂ ਗਈਆਂ ਅਤੇ ਨਦੀ ਦੇ ਪਾਟ ਦੇ ਨੇੜੇ ਤਕ ਲੈ ਜਾ ਕੇ ਅਗਲਾ ਰੇਤੀਲਾ ਹਿਸਾ ਪੈਦਲ ਮਾਰਚ ਕਰ ਏਥੇ ਪ੍ਰਸ਼ਾਦ ਪਾਣੀ ਛਕਿਆ ਜਾਣ ਲਗਾ, ਜੋ ਸਾਡੀ ਗੱਡੀ ਦੀ ਹੀ ਡਿੱਗੀ ਵਿਚ ਬੰਦ ਸੀ। ਏਥੇ ਠੰਢ ਕਾਫ਼ੀ ਪ੍ਰਤੀਤ ਹੋਈ। ਸੀਤ ਹਵਾ ਪਿੰਡੇ ਨੂੰ ਪਤਾ ਦੇ ਰਹੀ ਸੀ। ਸੱਚੇ ਪਾਤਸ਼ਾਹ ਜੀ ਨੇ ਨਿਰਮਲ ਚੰਬਲ ਦੇ ਪਾਣੀ ਵਿਚ ਚੁੱਭੇ ਮਾਰੇ ਤੇ ਗਿੱਲੇ ਕਛਹਿਰੇ ਨਾਲ ਹੀ ਬੈਠਕੇ ਭੋਜਨ ਛਕਿਆ।



Sri Satguru Jagjit Singh Ji Elibrary NamdhariElibrary@gmail.com

ਉਪਰੰਤ ਤਿਆਰ ਹੋ ਕੇ, ਮੇਰੀ ਅਰਜ ਤੇ, ਇਸ ਦੌਰੇ ਦੇ ਡਰਾਈਵਰਾਂ ਅਤੇ ਜਥੇ ਨਾਲ ਫ਼ੋਟੋਗ੍ਰਾਫ ਸਮੇਂ ਨਾਲ ਹੋ ਕੇ ਦਰਸ਼ਨ ਦਿਤੇ। ਇਕ ਘੰਟਾ ਚੰਬਲ ਦੇ ਕੰਢੇ ਆਨੰਦ ਲੈ ਕੇ 6.30 ਵਜੇ ਦੇ ਚਲੇ ਹੋਏ 3.30 ਤਕ ਪੂਸਾ ਰੋਡ ਪਹੁੰਚ ਗਏ। ਸ੍ਰੀ ਸਤਿਗੁਰੂ ਜੀ ਸਾਥੋਂ 15 ਮਿੰਟ ਲੇਟ ਪੁੱਜੇ। ਪਰ ਧੰਨ ਹਨ ਸਤਿਗੁਰੂ ਜੀ, ਪੂਸਾ ਰੋਡ ਕੋਠੀ ਪਹੁੰਚ, ਇਸ਼ਨਾਨ ਕਰ, ਫਿਰ ਰਮੇਸ਼ ਨਗਰ ਧਰਮਸਾਲਾ ਦਿਵਾਨ ਵਿਖੇ ਨਿਤਨੇਮ ਨਾਮ ਸਿਮਰਨ ਸਮੇਂ ਦਰਸ਼ਨ ਦਿਤੇ। 66ਵਾਂ ਸਾਲ ਆਯੂ ਦਾ ਸ਼ੁਰੂ, 500 ਕਿਲੋਮੀਟਰ ਦਾ ਨਿਰੰਤਰ ਸਫ਼ਰ ਅਤੇ ਫਿਰ ਵੀ ਆ ਕੇ ਦਿਵਾਨ ਵਿਚ ਸਸ਼ੋਭਤ ਹੋਣਾ-ਇਹ ਸਤਿਗੁਰੂ ਹੀ ਕਰ ਸਕਦੇ ਹਨ।

ਮੈਂ ਤਾਂ 76 ਵੇਂ ਵਰ੍ਹੇ ਦੇ ਲਾਗੇ ਜਾਣ ਦਾ ਲਾਭ ਘਰ ਪਹੁੰਚ ਆਰਾਮ ਕਰਨ ਨਾਲ ਲਿਆ।

25 ਸਰੀਰਾਂ ਦੇ ਇਸ ਯਾਤਰਾ ਜਥੇ ਨੂੰ ਸਾਲ 1985 ਦੇ ਅੰਤਮ ਦਿਨ ਸ੍ਰੀ ਸਤਿਗੁਰੂ ਜੀ ਦੀ ਨਜ਼ਰ ਵਿਚ ਤੇ ਨਾਲ ਬਿਤਾਣ ਤੋਂ ਯਕੀਨ ਹੈ ਕਿ ਅਗਲਾ ਸਾਲ ਸਾਡੇ ਲਈ ਮਹਾਂ ਸ਼ੁਭ ਹੋਵੇਗਾ।

## 1 ਜਨਵਰੀ 1986, ਬੁੱਧਵਾਰ
## ਨਵੀਂ ਦਿੱਲੀ

1986 ਦਾ ਸੁਭਾਗਾ ਸਾਲ ਦਿੱਲੀ ਵਾਲਿਆਂ ਲਈ ਗੁਰੂ ਕੇ ਦਰਸ਼ਨਾਂ ਨਾਲ ਚੜ੍ਹਿਆ ਹੈ, ਇਸ ਲਈ ਮਹਾਂ ਮੰਗਲ ਜਾਰੀ ਹੈ। ਦੀਨ ਦਿਆਲ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਸਵੇਰੇ 4.30 ਵਜੇ ਦਿਵਾਨ ਵਿਚ, ਰਮੇਸ਼ ਨਗਰ ਧਰਮਸਾਲਾ ਵਿਖੇ ਦਰਸ਼ਨ ਦਿਤੇ।

ਮੈਂ ਦਰਸ਼ਨ ਕਰਨ ਹਿਤ ਪੂਸਾ ਰੋਡ ਕੋਠੀ 8.35 ਵਜੇ ਪੁਜਾ-ਪਰ ਅਜੇ ਤਕ ਸੱਚੇ ਪਾਤਸ਼ਾਹ ਏਥੇ ਨਹੀਂ ਸਨ ਪੁੱਜੇ। ਇਸ ਸਮੇਂ ਜੁੜਦੇ ਜੁੜਦੇ ਕਈ ਸਿੰਘ ਇਕੱਤਰ ਹੋ ਗਏ। ਮੰਡੀ ਹਿਮਾਂਚਲ ਦੇ ਸੰਤ ਮਹਿੰਦਰ ਸਿੰਘ, ਲੁਧਿਆਣੇ ਦੇ ਸੰਤ ਦਲੀਪ ਸਿੰਘ ਨਿਰੀਖਿਅਕ, ਸ. ਹਰਭਜਨ ਸਿੰਘ ਉਦੈ ਨਿਟਵੀਅਰ, ਗਵਾਲੀਅਰ ਦੇ ਸੰਤ ਸਰਬਜੀਤ ਸਿੰਘ, ਨਡੇਰੇ ਐਮ. ਪੀ. ਤੋਂ ਸਬ ਇੰਨਸਪੈਕਟਰ ਪੁਲਿਸ ਸ. ਬਲਦੇਵ ਸਿੰਘ, ਸ. ਜਸਵਿੰਦਰ ਸਿੰਘ ਦਿੱਲੀ, ਸੰਤ ਦਿਆਲ ਸਿੰਘ ਰਮੇਸ਼ ਨਗਰ, ਸ. ਸੁਖਬੀਰ ਸਿੰਘ ਖੁਰਾਣਾ, ਸ. ਰਜਿੰਦਰ ਸਿੰਘ, ਨਿਰਮਾਣ-ਪੋਤ੍ਰਾ ਅਤੇ ਹੋਰ ਵੀ ਅਨੇਕਾਂ ਨਾ ਜਾਣਕਾਰ ਸਿੰਘ-ਅਨੇਕਾਂ ਬੀਬੀਆਂ।

ਇਹਨਾਂ ਵਿਚ ਇਕ ਸੁਨਹਿਰੀ ਫਰੇਮ ਦੀ ਐਨਕ, ਖਿਲਰਵੇਂ ਖੂਬਸੂਰਤ ਦਾੜ੍ਹੇ ਵਾਲੇ ਸੁਮਧਰ ਕਦ ਦੇ ਨੌਜੁਆਨ ਸ. ਗੁਰਦੇਵ ਸਿੰਘ ਬਹਿਰੀਨ ਵਿਚੋਂ ਆਏ ਹੋਏ



Sri Satguru Jagjit Singh Ji Elibrary NamdhariElibrary@gmail.com

ਹਨ। ਮੈਂ ਉਸ ਨੂੰ ਜਾ ਮਿਲਿਆ। ਗੱਲਬਾਤ ਤੋਂ ਪਤਾ ਲਗਾ ਕਿ ਆਪ ਨਾਮਧਾਰੀ ਜੀਵਨ ਤੇ ਜਿਸ ਵਿਚ ਸ੍ਰੀ ਸਤਿਗੁਰੂ ਜੀ ਦੀ ਭੂਮਿਕਾ ਪ੍ਰਮੁਖ ਹੋਵੇ, ਇਕ ਡਾਕੂਮੈਂਟਰੀ ਵੀਡੀਓ ਫਿਲਮ ਬਣਾਨਾ ਚਾਹੁੰਦਾ ਹੈ। ਇੰਗਲੈਂਡ ਹੋਲੇ ਦੀ ਵੀਡੀਓ ਪੇਸ਼ਕਾਰੀ ਠੀਕ ਨਾ ਹੋਣ ਕਰਕੇ, ਇਕ ਵਧੀਆ ਡਾਕੂਮੈਂਟਰੀ ਫਿਲਮ ਬਣਾਣ ਦੀ ਭਾਵਨਾ ਪੈਦਾ ਹੋਈ।

10.15 ਵੱਜੇ ਤਾਂ ਸ੍ਰੀ ਸਤਿਗੁਰੂ ਜੀ ਤੇ ਹਜ਼ੂਰੀ ਜਥੇ ਦੀਆਂ ਕਾਰਾਂ ਕੋਠੀ ਵਿਚ ਪਰਵੇਸ਼ ਹੋਈਆਂ। ਸਤਿਗੁਰੂ ਜੀ ਕਾਰ ਵਿਚੋਂ ਬਾਹਰ ਨਿਕਲੇ ਤਾਂ ਅਨੇਕਾਂ ਸਰੀਰਾਂ ਦਾ ਨਮਸਕਾਰ ਹਿਤ ਝੁਰਮੁਟ ਪੈ ਗਿਆ। ਇਹਨਾਂ ਵਿਚ "ਵਰਿਆਮ" ਦੇ ਜਗਦੀਸ਼ ਸਿੰਘ ਹੁਰੀਂ ਵੀ ਪਰਗਟ ਹੋ ਗਏ।

ਜਦੋਂ ਮੈਂ ਸ੍ਰੀ ਸਤਿਗੁਰੂ ਜੀ ਨੂੰ ਅੰਗਰੇਜ਼ੀ ਨਵੇਂ ਸਾਲ ਦੀ ਮੁਬਾਰਕਬਾਦ ਪੇਸ਼ ਕੀਤੀ ਤਾਂ ਆਪ ਜੀ ਨੇ ਖੁਸ਼ੀਆਂ ਬਖਸ਼ਦਿਆਂ ਜਗਦੀਸ਼ ਸਿੰਘ ਬਾਰੇ ਕਿਹਾ: ਤੁਹਾਡੇ ਲਈ ਆਏ ਹਨ। ਤੁਹਾਨੂੰ ਜਲੰਧਰ ਨਾ ਜਾਣਾ ਪਏ। ਇਹਨਾਂ ਸੋਚਿਆ ਕਵੀ ਹੁਰਾਂ ਨੂੰ ਜਾ ਕੇ ਨਵਾਂ ਸਾਲ ਮੁਬਾਰਕ ਕਹਿ ਆਈਏ।

ਇੰਜ ਸੱਚੇ ਪਾਤਸ਼ਾਹ ਪਰਸਪਰ ਘਨਿਸ਼ਟ ਵਿਅਕਤੀਆਂ ਨੂੰ ਕਦੇ ਕਦੇ, ਸੁੰਦਰ ਵਾਰਤਾਲਾਪ ਕਰਕੇ ਉਨ੍ਹਾਂ ਦੀ ਘਨਿਸ਼ਟਤਾ ਨੂੰ ਤੋਲਦੇ ਵੀ ਹਨ ਅਤੇ ਰੰਗ ਵੀ ਦਿੰਦੇ ਹਨ।

ਸਭ ਸੰਗਤ ਦੀਆਂ ਨਮਸਕਾਰਾਂ ਪਰਵਾਨ ਕਰ, ਸੇਠ ਧਰਮ ਸਿੰਘ ਚਾਵਲਾ ਦਾ ਹਾਰ ਪਹਿਨ, ਉਪਰ ਆਪਣੇ ਡੇਰੇ ਵਲ ਪਧਾਰੇ।

ਦਿੱਲੀ ਵਿਚ ਉਤਰਾਖੰਡ ਦੀ ਸ਼ੀਤ ਲਹਿਰ ਜ਼ੋਰਾਂ ਤੇ ਹੈ। ਕੱਲ ਚੰਬਲ ਨਦੀ ਦੇ ਕਿਨਾਰਿਓਂ ਜੋ ਆਭਾਸ ਠੰਢ ਦਾ ਮਿਲਿਆ ਸੀ ਉਸਨੂੰ ਦਿੱਲੀ ਵਿਚ ਹੋਰ ਵੀ ਗੂੜ੍ਹਿਆਂ ਹੁੰਦਿਆਂ ਵੇਖਿਆ। ਅੱਜ ਦੀਆਂ ਅਖਬਾਰਾਂ ਨੇ ਸਰਦੀ ਨਾਲ ਮਰਨ ਵਾਲਿਆਂ ਦੀ ਗਿਣਤੀ 50 ਦੱਸੀ ਹੈ।

ਸਤਿਗੁਰੂ ਜੀ ਵਲ ਜਾਂਦਿਆਂ ਇਕ ਇਸਤ੍ਰੀ ਮੁਖ ਦੀ ਰਸੋਈ ਵਿਚੋਂ ਮੇਰੇ ਵਲ ਸਤਿ ਸ੍ਰੀ ਅਕਾਲ ਆਈ ਸੀ। ਉਦੋਂ ਤਾਂ ਮੈਂ ਸਿਰ ਝੁਕਾ ਅਗੇ ਲੰਘ ਗਿਆ। ਫਿਰ ਮਿਲਿਆ ਤਾਂ ਵੇਖਿਆ ਕਿ ਇਹ ਤਾਂ ਕੈਨੇਡਾ ਦੇ ਸੂਬਾ ਰੇਸ਼ਮ ਸਿੰਘ ਦੀ ਪਤਨੀ ਬੀਬੀ ਹਰਜਿੰਦਰ ਕੌਰ ਰਾਣੀ ਹੈ। ਉਹ ਆਪਣੇ ਵਡੇ ਲੜਕੇ ਰਤਨ ਸਿੰਘ (14) ਨਾਲ 5-6 ਦਿਨਾਂ ਦੀ ਭਾਰਤ ਆਈ ਹੋਈ ਹੈ ਅਤੇ ਜਦੋਂ ਉਸਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਦਿੱਲੀ ਆਉਣ ਹੀ ਵਾਲੇ ਹਨ ਤਾਂ ਦਰਸ਼ਨ ਸੁਖ ਪ੍ਰਾਪਤ ਕਰਨ ਲਈ ਆਪਣੀ ਸਹੇਲੀ ਜਸਪਾਲ ਕੌਰ ਸੁਪਤਨੀ ਸੰਤ ਤਰਸੇਮ ਸਿੰਘ ਵੱਲ ਰਮੇਸ਼ ਨਗਰ ਅਟਕ ਗਈ।

ਸਤਿਗੁਰੂ ਜੀ ਦੇ ਉੱਪਰ ਗਿਆਂ, ਆਪ ਜੀ ਦੇ ਆਰਾਮ ਕਮਰੇ ਨਾਲ ਧੁੱਪੇ ਗਲੀਚੇ ਵਿਛ ਗਏ, ਸ੍ਰੀ ਸਤਿਗੁਰੂ ਜੀ ਲਈ ਲੰਮੀ ਸਫੈਦ-ਆਰਾਮ ਕੁਰਸੀ ਆ ਗਈ। ਅਤੇ ਏਥੇ ਇਕ ਮੀਟਿੰਗ ਅਗਾਮੀ ਬਸੰਤ ਮੇਲੇ ਬਾਬਤ ਹੋਣ ਲਗ ਪਈ। ਸ੍ਰੀ ਸਤਿਗੁਰੂ ਜੀ ਵੀ ਆ ਬੈਠੇ। ਮੀਟਿੰਗ ਦਾ ਏਜੰਡਾ ਸੀ ਰਾਈਆਂ ਵਿਖੇ 13.2.86



Sri Satguru Jagjit Singh Ji Elibrary NamdhariElibrary@gmail.com

ਬਸੰਤ ਪਰਬ ਮਨਾਣਾ। ਮੀਟਿੰਗ ਵਿਚ ਭਾਗ ਲੈਣ ਵਾਲੇ ਸਨ: ਸਕਤ੍ਰ ਸੰਤ ਤਰਸੇਮ ਸਿਘ, ਸ. ਹੰਸਪਾਲ, ਸ. ਜਗਦੀਸ਼ ਸਿੰਘ ਵਰਿਆਮ, ਸ੍ਰੀ ਦਲੀਪ ਸਿੰਘ ਨਿਰੀਖਿਅਕ ਸ. ਸੁਰਿੰਦਰ ਸਿੰਘ ਲਾਇਲ ਅਤੇ ਸ. ਹਰਭਜਨ ਸਿੰਘ, ਲੁਧਿਆਣਾ। ਹੋਰ ਸਜਣ ਵੀ ਹਾਜ਼ਰ ਸਨ: ਸ. ਬਲਬੀਰ ਸਿੰਘ ਢਿਲੋਂ, ਸੰਤ ਗੁਰਬਚਨ ਸਿੰਘ, ਪ੍ਰਧਾਨ ਸੁਰਿੰਦਰ ਸਿੰਘ ਰਮੇਸ਼ ਨਗਰ, ਸ਼ਿਵਪੁਰ ਕਲਾਂ ਮੱਧ ਪਰਦੇਸ਼ ਦੇ ਸੰਤ ਦਰਬਾਰਾ ਸਿਘ ਤੇ ਗਵਾਲੀਅਰ ਦੇ ਸਰਬਜੀਤ ਸਿਘ।

ਤਜਵੀਜ਼ ਇਹ ਹੈ ਕਿ ਐਤਕਾਂ ਬਸੰਤ ਪਰਬ ਹੋਰ ਥਾਈਂ ਨਾ ਮਨਾਇਆ ਜਾ ਕੇ ਗੁਰੂ ਰਾਮ ਸਿੰਘ ਜੀ ਦੇ ਜਨਮ ਸਥਾਨ ਰਾਈਆਂ ਵਿਖੇ ਹੀ ਵਿਸ਼ੇਸ਼ ਤਿਆਰੀ ਨਾਲ ਮਨਾਇਆ ਜਾਇ। ਇਕ ਦਿਨਾ ਮੇਲੇ ਵਿਖੇ ਦਿਨੇ 10 ਤੋਂ 3 ਵਜੇ ਤਕ ਦਾ ਸਮਾਂ ਵਿਸ਼ੇਸ਼ ਮਹੱਤਤਾ ਵਾਲਾ ਹੋਵੇ, ਸੱਚੇ ਪਾਤਸ਼ਾਹ ਦਰਸ਼ਨ ਦੇਣ ਅਤੇ ਬਾਹਰੋਂ ਬੁਲਾਏ ਹੋਇਆਂ ਦੀਆਂ ਤਕਰੀਰਾਂ ਹੋਣ। ਸਾਡੇ ਵਲੋਂ ਮੁਖ ਤਕਰੀਰ ਪੰ: ਗੋਪਾਲ ਸਿੰਘ ਦੀ ਹੋਵੇ। ਧਰਮ ਸੰਸਥਾਵਾਂ ਦੇ ਮੁਖੀ ਬੁਲਾਏ ਜਾਣ ਤੇ ਖਾਸ ਤੌਰ ਤੇ ਸਤਿਕਾਰੇ ਜਾਣ। ਵਿਸ਼ੇਸ਼ ਮਾਣ ਮਹੰਤ ਮਨਸਾ ਰਾਮ ਦਾ ਕੀਤਾ ਜਾਵੇ।

ਸ੍ਰੀ ਸਤਿਗੁਰੂ ਜੀ ਤਨਜ਼ਾਨੀਆ ਦੇ ਡੀ.ਪੀ. ਮਰਵਾਹਾ ਦਾ ਫੋਨ ਸੁਣ ਕੇ ਆਏ ਸਨ। ਆਪਨੇ ਮੈਨੂੰ ਦੱਸਿਆ ਕਿ ਸਾਡੀ ਮਿਹਨਤ ਸਕਾਰਥੀ ਹੋਈ ਹੈ। ਮਰਵਾਹਾ ਜੀ ਦੇ ਸਾਲੇ ਨੂੰ ਕੀਨੀਆਂ ਦੇ ਸ਼ਹਿਰ ਵਿਚ ਗਲੇ ਦਾ ਕੈਂਸਰ ਸੀ। ਡਾ: ਮੂਸਾ ਨੂੰ ਵਿਸੇਸ਼ ਕਰ ਭੇਜਿਆ ਸੀ। ਉਸਦੇ ਇਲਾਜ ਨਾਲ ਮਰਵਾਹਾ ਦੇ ਨਿਕਟ ਸੰਬੰਧੀ ਨੂੰ ਆਰਾਮ ਆ ਰਿਹਾ ਹੈ। ਸ. ਮੂਸਾ ਦੀ ਚੋਖੀ ਭਾਲ ਕਰਕੇ ਕੀਨੀਆ ਭੇਜਿਆ ਸੀ। ਗੁਰਚੈਨ ਸਿੰਘ ਫਲੋਰਾ ਨੂੰ ਉਸ ਵਲ ਖਾਸ ਧਿਆਨ ਦੇਣ ਲਈ ਆਖਿਆ ਸੀ। ਹੁਣ ਟੈਲੀਫੋਨ ਤੇ ਸਾਰੀ ਗੱਲ ਬਾਤ ਜਾਣਕੇ ਤਸੱਲੀ ਹੋਈ ਹੈ।

ਠਾਕੁਰ ਦਲੀਪ ਸਿੰਘ, ਸਮੇਤ ਪਰਵਾਰ, ਪਿਛਲੇ ਕਈ ਦਿਨਾਂ ਤੋਂ ਦਿੱਲੀ ਹਨ। ਉਨ੍ਹਾਂ ਨੇ ਸਤਿਗੁਰੂ ਜੀ ਨੂੰ ਤਾਈਪੇਹ ਵਿਖੇ ਕੌਮਾਂਤਰੀ ਫੋਟੋਗ੍ਰਾਫੀ ਮੁਕਾਬਲੇ ਵਿਚ ਜੇਤੂਆਂ ਦਾ ਇਕ ਫੋਟੋਗ੍ਰਾਫਿਕ ਸੋਵੀਨੀਅਰ ਵਖਾਇਆ, ਜਿਸ ਵਿਚ ਉਨ੍ਹਾਂ ਦੀ ਆਪਣੀ ਇਕ ਫੋਟੋ ਪ੍ਰਕਾਸ਼ਤ ਸੀ। ਠਾਕਰ ਜੀ ਭਾਰਤ ਵਿਚੋਂ ਇਕੱਲੇ ਹੀ ਸਨ ਜੁ ਜੇਤੂ ਸਾਬਤ ਹੋਏ। ਇਹਨਾਂ ਨੂੰ ਇਕ ਮੈਡਲ ਵੀ ਭੇਜਿਆ ਗਿਆ ਹੈ। ਸਤਿਗੁਰਾਂ ਨੂੰ ਉਹ ਮੈਡਲ ਪੇਸ਼ ਕੀਤਾ ਗਿਆ ਤਾਂ ਆਪ ਜੀ ਬੋਲੇ: ਕਾਕਾ, ਇਸ ਤੇ ਤੇਰਾ ਨਾਮ ਨਹੀਂ ਲਿਖਿਆ, ਦੀਨ ਦਿਆਲ ਜੀ, ਇਹ ਉਹਨਾਂ ਦੀ ਮੂਰਖਤਾ ਹੈ। ਠਾਕਰ ਜੀ ਦਾ ਫੋਟੋਗ੍ਰਾਫ "ਅੰਮ੍ਰਿਤ ਵੇਲੇ ਹਵਨ ਕਰਨ ਵਾਲੇ ਨਾਮਧਾਰੀ ਸਿੰਘ" ਦਾ ਹੈ।

ਏਥੇ ਹੀ ਸੰਤ ਸਰਬਜੀਤ ਸਿੰਘ ਨੇ ਮੱਧ ਪ੍ਰਦੇਸ਼ ਦੇ ਅਗਲੇ ਦੌਰੇ ਜੁ 7. 1. 86 ਤੋਂ ਸ਼ੁਰੂ ਹੋਵੇਗਾ, ਦਾ ਨਕਸ਼ਾ ਪੇਸ਼ ਕਰਦਿਆਂ ਫੇਰ 500 ਕਿ:ਮੀ: ਦੇ ਦੌਰੇ ਦਾ ਪ੍ਰਸਤਾਵ ਪਾਸ ਕਰਵਾਇਆ। ਪਹਿਲਾਂ ਜੀਵਨ ਨਗਰ ਵਾਲੀ, ਬੀਬੀ ਚਤਰ ਕੌਰ ਦਾ ਬੇਟਾ, ਸੰਤ ਦਰਬਾਰਾ ਸਿੰਘ ਸ਼ਿਵਪੁਰ ਕਲਾਂ ਐਮ.ਪੀ. ਤੋਂ ਵਿਸ਼ੇਸ਼ ਕਰ ਇਸ ਦੌਰੇ ਦੀ



Sri Satguru Jagjit Singh Ji Elibrary NamdhariElibrary@gmail.com

ਪ੍ਰਵਾਨਗੀ ਲਈ ਏਥੇ ਆਇਆ ਸੀ। ਮੈਨੂੰ ਇਸ ਦੌਰੇ ਬਾਰੇ ਸੰਤ ਤਰਸੇਮ ਸਿੰਘ ਨੇ ਪਹਿਲਾਂ ਹੀ ਤਿਆਰ ਹੋ ਕੇ ਰਹਿਣ ਲਈ ਕਹਿ ਰੱਖਿਆ ਸੀ।

ਸਤਿਗੁਰੂ ਜੀ ਦੇ ਸੇਵਕ ਘੜੀ ਮੁੜੀ ਸਤਿਗੁਰੂ ਜੀ ਨੂੰ ਆ ਆ ਕੇ ਆਪਣਾ ਆਪ ਵਿਖਾਲਦੇ ਸਨ ਜਿਸਦਾ ਅਰਥ ਇਹ ਸੀ ਕਿ ਛੇਤੀ ਉਠ ਕੇ ਇਸ਼ਨਾਨ ਕੀਤਾ ਜਾਇ। ਬਲਬੀਰ ਸਿੰਘ ਢਿਲੋਂ ਮੇਰਾ ਵੱਡਾ ਦਾਮਾਦ- ਮੇਰੇ ਦੁਆਰਾ ਆਪਣੀ ਇਕ ਅਰਜ਼ ਕਰਵਾਨਾ ਚਾਂਹਦਾ ਸੀ ਮੈਂ ਉਸਨੂੰ ਕਹਿ ਦਿਤਾ ਸੀ ਕਿ ਤੇਰੀ ਬੇਨਤੀ ਵੀ ਮੇਰੇ ਵਾਂਗ ਹੀ ਪਰਵਾਨ ਕੀਤੀ ਜਾਵੇਗੀ- ਪਰ ਉਸਨੂੰ ਚੁਪ ਬੈਠਾ ਤੇ ਜ਼ਰਾ ਫ਼ਿਕਰਮੰਦ ਵੇਖ ਮੈਂ ਸਤਿਗੁਰੂ ਜੀ ਨੂੰ ਆਖਿਆ: ਇਕ ਅਰਜ਼ ਬਲਬੀਰ ਸਿੰਘ ਵੀ ਕਰਨੀ ਹੈ। ਸਤਿਗੁਰੂ ਜੀ ਨੇ ਬਲਬੀਰ ਸਿੰਘ ਨਾਲ ਮਨੋ ਮੇਲ ਬਚਨ ਕੀਤਾ: "ਤੈਨੂੰ ਵੀ ਕਵੀ ਜੀ ਤੋਂ ਕਹਾਣ ਦੀ ਲੋੜ ਹੈ?" ਅਤੇ ਬਲਬੀਰ ਨੂੰ ਅੰਦਰ ਲੈ ਗਏ।

ਬਲਬੀਰ ਸਿੰਘ ਨੇ ਅੰਦਰ ਜਾ ਕੇ ਅਰਜ਼ ਕੀਤੀ ਕਿ ਨਾਮਧਾਰੀ ਸਾਹਿਤ ਸਭਾ ਦੇ ਕਵੀਆਂ ਨੇ ਮਨ ਬਣਾਇਆ ਹੈ ਕਿ ਗੁਰਪਰਬ ਪਾਤਸ਼ਾਹੀ 10 ਦੇ ਸਮੇਂ ਬੈਂਕੋਕ ਪਹੁੰਚ ਕੇ ਕਵੀ ਦਰਬਾਰ ਕੀਤਾ ਜਾਵੇ। ਕਵੀ ਹੁਰੀਂ ਲੀਡਰ ਹੋਣਗੇ। ਅਹਿ ਨਾਵਾਂ ਦੀ ਫਹਿਰਿਸਤ ਹੈ। ਸਤਿਗੁਰੂ ਜੀ ਨੇ ਮੇਰਾ ਤੇ ਬਲਬੀਰ ਸਿੰਘ ਦਾ ਮਾਣ ਰਖਣ ਲਈ ਤੁਰਤ ਫੁਰਮਾਇਆ- ਜੇ ਕਵੀ ਹੁਰਾਂ ਨਾਲ ਜਾਣਾ ਹੈ ਤਾਂ ਮੈਨੂੰ ਨਾਮ ਸੁਣਨ ਦੀ ਲੋੜ ਨਹੀਂ। ਜਾਓ ਚਲੇ ਜਾਓ, ਮੈਂ ਤੁਹਾਡੇ ਪ੍ਰਬੰਧ ਲਈ ਓਥੇ ਕਹਿ ਦਿਆਂਗਾ।

ਸਤਿਗੁਰੂ ਜੀ ਨੇ ਬਲਬੀਰ ਸਿੰਘ ਨੂੰ ਵਿਹਲਿਆਂ ਕਰਕੇ, ਅੰਦਰ ਮੈਨੂੰ ਬੁਲਾ ਲਿਆ। ਬਲਬੀਰ ਸਿੰਘ ਨਾਲ ਹੋਈ ਸਾਰੀ ਗੱਲ ਬਾਤ ਦੱਸੀ। ਅਤੇ ਨਾਲ ਇਸ ਵੇਲੇ ਥਾਈਲੈਂਡ ਦੇ ਨਾਮਧਾਰੀਆਂ ਤੇ ਰੌਸ਼ਨੀ ਪਾਈ। ਸਤਿਗੁਰਾਂ ਬਚਨ ਕੀਤਾ: ਅਸਲ ਵਿਚ ਬੈਂਕੋਕ ਵਿਚ ਹੁਣ ਖੁਸ਼ਕੀ ਵਰਤੀ ਹੋਈ ਹੈ। ਮੈਂ ਚੁਪ ਕੀਤਾ ਬੈਠਾ ਹਾਂ। ਅਸਲੋਂ ਹੀ ਮੈਂ ਬੈਂਕੋਕ ਬਾਰੇ ਅਜੇ ਕੁਛ ਨਹੀਂ ਸੋਚਦਾ। ਜਾਣਾ ਆਉਣਾ ਬੰਦ ਕੀਤਾ ਹੋਇਆ ਹੈ। ਜਵੰਦ ਸਿੰਘ, ਸੁਰਿੰਦਰ ਸਿੰਘ ਦਾ ਕਿਸੇ ਕਾਰਜ ਵਿਚ ਭਾਈਵਾਲ ਸੀ। ਸੁਰਿੰਦਰ ਵਿਸ਼ਵਾਸ ਕਰਕੇ ਉਸਨੂੰ ਚੈੱਕ ਬੁਕ ਦੇ ਆਇਆ। ਇਹ ਬੜਾ ਭਾਰੀ ਜੁਰਮ ਹੈ ਓਥੇ। ਕਿਸੇ ਦੀ ਚੈਕ ਬੁਕ ਕਿਸੇ ਦੂਜੇ ਪਾਸ ਹੋਵੇ। ਅਤੇ ਉਸਨੇ ਸੁਣਾ ਵੀ ਦਿਤਾ ਕਿ ਜੇ ਤੂੰ ਭਉਂ ਕੇ ਥਾਈਲੈਂਡ ਆਇਆ ਤਾਂ ਚੈੱਕ ਬੁਕ ਮੇਰੇ ਪਾਸ ਹੈ। ਹੋਰ ਤੇ ਹੋਰ , ਸੰਗ੍ਰਿਤ ਰੋਜ਼ ਮੇਰੇ ਨਾਲ ਫੋਨ ਤੇ ਗੱਲਾਂ ਕਰਦਾ ਰਿਹਾ ਹੈ। ਜੇ ਮੈਂ ਉਸਦੇ ਭਣਵੱਯੇ ਕੁਲਦੀਪ ਸਿੰਘ ਦੀ ਖਬਰ ਨੂੰ ਏਥੋਂ ਬਿਨਾ ਕਿਸੇ ਨੂੰ ਦੱਸਿਆਂ, ਤੁਰ ਗਿਆ ਹਾਂ ਤਾਂ ਉਸਨੂੰ ਟਿਕਟ ਖਰਚਾ ਦੇਣ ਦੀ ਵੀ ਨਹੀਂ ਸੁਣੀ। ਕੁਲਦੀਪ ਸਿੰਘ ਜਿਦ੍ਹੇ ਵਾਸਤੇ ਗਿਆ ਸਾਂ, ਉਸਨੇ ਵੀ ਧਿਆਨ ਨਹੀਂ ਕੀਤਾ। ਅਜਿਹੀ ਹਾਲਤ ਵਿਚ ਮੈਂ ਤਾਂ ਅਜੇ ਬੈਂਕੋਕ ਬਾਰੇ ਸੋਚਦਾ ਵੀ ਨਹੀਂ। ਪਰ ਜੇ ਇਹ ਕਵੀ ਜਥਾ ਜਾ ਰਿਹਾ ਹੈ ਤਾਂ ਪ੍ਰਿਥੀਪਾਲ ਸਿੰਘ ਨੂੰ ਚਿਠੀ ਲਿਖਵਾ ਦਿੰਦਾ ਹਾਂ।

ਮੈਂ ਜਿਨਾ ਕੁ ਮੈਨੂੰ ਪਤਾ ਸੀ ਇਸ ਮਸਲੇ ਤੇ ਅਰਜ਼ ਕਰ ਦਿਤੀ ਕਿ ਅਸਲ ਵਿਚ ਬਿਅੰਤ ਸਿੰਘ ਸੋਖਲ ਸਾਡੇ ਕਵੀ ਸਭਾ ਦੇ ਮੈਂਬਰ ਦੇ ਸੱਦੇ ਤੇ ਹੀ ਇਹ ਕਵੀ ਲੋਕ ਜਾ



Sri Satguru Jagjit Singh Ji Elibrary NamdhariElibrary@gmail.com

ਰਹੇ ਹਨ। ਇਕ ਦੋ ਕਵੀ ਦਰਬਾਰ ਕਰਨਗੇ, ਬਾਕੀ ਕੁਛ ਇਕਲ ਹੋਏ ਅਖੰਡਪਾਠ ਕਰਕੇ ਖਰਚਾ ਬਣਾ ਲਿਆਉਣਗੇ। ਸਤਿਗੁਰੂ ਜੀ ਨੇ ਪਰਵਾਨਗੀ ਦੇ ਦਿਤੀ।

11.30 ਵਜ ਚੁਕੇ ਸਨ। ਭਾਵੇਂ ਆਪ ਗੁਸਲਖਾਨੇ ਵੱਲ ਚਲੇ ਗਏ ਤਾਂ ਵੀ ਇਕ ਦੋ ਜਣਿਆਂ ਦੀਆਂ ਅਰਜ਼ਾਂ ਸੁਣੀਆਂ ਹੀ ਗਈਆਂ।

ਮੈਂ ਸੰਤ ਤਰਸੇਮ ਸਿੰਘ ਨੂੰ ਪੁਛਿਆ ਕਿ ਸੱਚੇ ਪਾਤਸ਼ਾਹ 10.15 ਤਕ ਕਿਥੇ ਕਿਥੇ ਰਹੇ, ਆਸਾ ਦੀ ਵਾਰ ਪਿਛੋਂ। ਉਤਰ ਵਜੋਂ ਇਹ ਪਤਾ ਲਗਾ ਕਿ ਪਹਿਲਾਂ ਬਾਬੂ ਕਰਤਾਰ ਸਿੰਘ-ਜਸਵੰਤ ਸਿੰਘ ਹੁਣਾਂ ਦੇ ਘਰ ਇੰਦਰਪੁਰੀ ਦਰਸ਼ਨ ਦਿਤੇ। ਰੱਜਵੇਂ ਦਰਸ਼ਨ ਦੇ ਕੇ ਉਹਨਾਂ ਦੀਆਂ ਖੁਸ਼ੀਆਂ ਲਈਆਂ। ਬੀਬੀ ਕੁਲਦੀਪ ਕੌਰ ਸੁਪਤਨੀ ਸ. ਜਸਵੰਤ ਸਿੰਘ ਅਜੇ ਬੱਚਿਆਂ ਵਲੋਂ ਮਹਿਰੂਮ ਹੈ, ਉਸਦੀ ਪੁਕਾਰ ਤਾਂ ਸੰਤਾਨ ਵਾਸਤੇ ਹੋਵੇਗੀ ਹੀ। ਜਦੋਂ ਅਸੀਂ ਗਵਾਲੀਅਰ ਨੂੰ ਗਏ ਸਾਂ ਪਹਿਲੇ ਦਿਨ ਬਾਬੂ ਜੀ ਨੂੰ ਕਾਫ਼ੀ ਨਾਰਾਜ਼ਗੀ ਸੀ ਕਿਉਂਕਿ ਉਹ ਸਵੇਰੇ 3 ਵਜੇ ਤੋਂ ਹੀ ਦਰਸ਼ਨਾਂ ਲਈ ਇੰਤਜ਼ਾਰ ਕਰਦੇ ਰਹੇ ਸਨ, ਪਤਾ ਨਹੀਂ ਕਿਉਂ, ਸੱਚੇ ਪਾਤਸ਼ਾਹ ਪਹੁੰਚ ਨਹੀਂ ਸਕੇ ਸਨ। ਪਰ ਤਰਸੇਮ ਸਿੰਘ ਹੁਰਾਂ ਦੱਸਿਆ ਕਿ ਅੱਜ ਬਾਬੂ ਜੀ ਦੀਆਂ ਰੱਜਵੀਆਂ ਖੁਸ਼ੀਆਂ ਮਿਲ ਗਈਆਂ।

ਸੰਤ ਮੰਗਲ ਸਿੰਘ ਚੰਡੀਗੜ੍ਹ ਵਾਲਿਆਂ ਦੀ ਭੈਣ ਸ਼ਾਂਤੀ ਸੁਪਤਨੀ ਸ. ਅਵਤਾਰ ਸਿੰਘ ਦੀ ਬੇਨਤੀ ਨੂੰ ਵੀ ਫਲ ਲਗਾ, ਸੱਚੇ ਪਾਤਸ਼ਾਹ ਉਨ੍ਹਾਂ ਦੇ ਘਰ ਚਰਨ ਪਾ ਕੇ ਆਏ। ਤੀਜਾ ਘਰ ਸੰਤ ਜਸਵੰਤ ਸਿੰਘ-ਬੀਬੀ ਬਲਕਾਰ ਕੌਰ ਦਾ ਸੀ, ਇਹਨਾਂ ਨੂੰ ਵੀ ਨਿਵਾਜਿਆ ਏਥੇ ਤਾਂ ਸਗੋਂ ਜਲ ਪਾਣੀ ਵੀ ਛਕਿਆ।

ਬਿਹਾਰ ਦੇ ਸੂਬਾ ਸੇਵਾ ਸਿੰਘ ਪਟਨੇ ਵਾਲੇ ਕਾਫ਼ੀ ਬਿਰਧਾਵਸਥਾ ਵਿਚ ਕਰੋਲ ਬਾਗ ਆਪਣੇ ਲੜਕੇ ਪਾਸ ਰਹਿ ਰਹੇ ਹਨ, ਦਰਸ਼ਨ ਦੀ ਇੱਛਾ ਤਾਂ ਰਹਿੰਦੀ ਹੀ ਸੀ, ਅੱਜ ਸੱਚੇ ਪਾਤਸ਼ਾਹ ਜੀ ਨੇ ਜਦੋਂ ਬਿਨਾ ਅਰਜ਼ੋਂ, ਜਾ ਦਰਸ਼ਨ ਦਿਤੇ ਤਾਂ ਸਿਖ ਖੁਸ਼ੀ ਭਰਪੂਰ ਹੋ ਕੇ ਧੰਨ ਹੋ ! ਧੰਨ ਹੋ!! ਕਰ ਉਠਿਆ। ਸੂਬਾ ਜੀ ਨੇ ਕਿਹਾ: ਦੀਨ ਦਿਆਲ ਅੱਜ ਆਇਆ ਨ ਸੁਆਦ, ਬਿਰਧ ਦੀ ਸੁਧ ਲੈਣ ਆਪੇ ਆ ਗਏ ਹੋ। ਜਦੋਂ ਦਿੱਲੀ ਆਓ, ਜ਼ਰੂਰ ਹੀ ਸੇਵਕ ਨੂੰ ਕਦੇ ਨਾ ਕਦੇ ਯਾਦ ਕਰ ਲਿਆ ਕਰੋ। ਸੱਚੇ ਪਾਤਸ਼ਾਹ ਜੀ ਨੂੰ ਅਜਿਹੇ ਸਮੇਂ ਵਿਸ਼ੇਸ਼ ਅਨੰਦ ਅਨੁਭਵ ਹੁੰਦਾ ਹੈ।

ਅਤੇ ਕੋਠੀ ਆਉਣ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਗੰਗਾ ਰਾਮ ਹਸਪਤਾਲ ਸ. ਕੇਹਰ ਸਿੰਘ ਰੋਪੜ ਦੇ ਭਤੀਜੇ, ਸ. ਗੁਰਮੇਲ ਸਿੰਘ ਜੀ.ਐਮ ਨੂੰ ਜਾ ਕੇ ਦਰਸ਼ਨ ਦਿਤੇ।

ਸ਼ਾਮੀ 4.30 ਵਜੇ ਸੰਤ ਸਤਨਾਮ ਸਿੰਘ ਰਮੇਸ਼ ਨਗਰ ਦੇ ਘਰ, ਸ੍ਰੀ ਸਤਿਗੁਰੂ ਜੀ ਨੇ ਹਜ਼ੂਰੀ ਜਥੇ ਸਮੇਤ ਦਰਸ਼ਨ ਦੇ ਕੇ ਉਸਦੀ ਬੇਨਤੀ ਨੂੰ ਫਲੀ ਭੂਤ ਕੀਤਾ। ਏਥੇ ਜਥੇ ਸਮੇਤ ਜਲਪਾਨ ਤੇ ਫਲੋਹਾਰ ਕੀਤਾ। ਅਤੇ 5 ਵਜੇ ਤੋਂ ਨਾਮਧਾਰੀ ਧਰਮਸਾਲਾ ਵਿਚ ਸਮੂਹਿਕ ਨਾਮ ਸਿਮਰਨ ਲਈ ਪਧਾਰੇ। ਅੱਜ ਧਰਮਸਾਲਾ ਵਿਚ ਸੰਤ ਸਤਨਾਮ ਸਿੰਘ ਦੇ ਵਡਾਰੂਆਂ ਦੇ ਭੋਗ ਵੀ ਪੈਣੇ ਹਨ।



Sri Satguru Jagjit Singh Ji Elibrary NamdhariElibrary@gmail.com

ਦਿਵਾਨ ਵਿਚ ਮੈਨੂੰ ਕੁਛ ਨਵੇਂ ਚਿਹਰੇ ਵੀ ਵੇਖਣ ਨੂੰ ਮਿਲੇ। ਸ੍ਰੀ ਭੁਪਿੰਦਰ ਸਿੰਘ ਨਾਮਧਾਰੀ, ਹਿੰਦੂ ਸ਼ਕਲ ਵਿਚ ਦਿਵਾਨ ਵਿਚ ਆ ਸਤਿਗੁਰੂ ਜੀ ਨੂੰ ਨਮਸਕਾਰ ਕਰ, ਸਤਿਗੁਰੂ ਜੀ ਵਾਲੇ ਪਾਸੇ ਸੰਗਤ ਵਿਚ ਬੈਠੇ। ਸ. ਜੁਗਿੰਦਰ ਸਿੰਘ ਨਾਗੀ ਦਾ ਵਲਾਇਤੀ ਦਾਮਾਦ ਸ. ਬਲਵਿੰਦਰ ਸਿੰਘ ਸਪੁਤ੍ਰ ਸੰਤ ਰਤਨ ਸਿੰਘ ਬਰਮਿੰਘਮ ਅਤੇ ਨਾਗੀ-ਪੁਤ੍ਰੀ ਬੀਬੀ ਨਰਿੰਦਰ ਕੌਰ ਆਪਣੇ ਪਹਿਲੇ ਬੱਚੇ ਨੂੰ ਕੁੱਛੜ ਲਈ ਆਈ। ਬੀਬੀ ਹਰਜਿੰਦਰ ਕੌਰ ਰਾਣੀ ਸੁਪਤਨੀ ਸੂਬਾ ਰਤਨ ਸਿੰਘ ਟੋਰਾਂਟੋ, ਕੈਨੇਡਾ, ਅਤੇ ਇਸਦਾ ਲੜਕਾ ਰਤਨ ਸਿੰਘ। ਸ੍ਰੀ ਰਾਜੇਸ਼ ਬੇਦੀ ਪ੍ਰਸਿਧ ਫੋਟੋਗ੍ਰਾਫਰ, ਸ. ਜਗਦੀਸ਼ ਸਿੰਘ 'ਵਰਿਆਮ' ਸ. ਦਲੀਪ ਸਿੰਘ 'ਨਿਰੀਖਿਅਕ'।

ਨਾਮ ਸਿਮਰਦਿਆਂ ਭੋਗਾਂ ਦੇ ਸਲੋਕ ਸੁਣੇ ਗਏ। ਸੰਤ ਸੇਵਾ ਸਿੰਘ ਜਥੇਦਾਰ ਨੇ ਅਰਦਾਸ ਸਮੇਂ ਹੋਰ ਵੇਰਵਾ ਦਿੱਤਾ।

ਇਕ ਪਾਠ ਸੰਤ ਅਨੰਤਾ ਸਿੰਘ ਪੰਥ ਰਤਨ ਬਾਰੇ ਸੰਤ ਸੁਖਦਰਸ਼ਨ ਸਿੰਘ ਪਰਵਾਰ ਨੇ ਕੀਤਾ ਸੀ, ਉਹਦਾ ਭੋਗ ਵੀ ਅੱਜ ਪਿਆ।

ਇਕ ਪਾਠ ਦਾ ਭੋਗ ਸੰਤ ਗੁਰਬਚਨ ਸਿੰਘ ਰਮੇਸ਼ ਨਗਰ ਨੇ ਆਪਣੇ ਪਿਤਾ ਸੰਤ ਇੰਦਰ ਸਿੰਘ ਕਬੀਰ ਨਮਿਤ ਵਰੀਣੇ ਦਾ ਪੁਆਇਆ।

ਹਰਭਜਨ ਸਿੰਘ-ਜਥੇ ਨੇ ***"ਉਕਤ ਸਿਆਣਪ ਕਛੂਆ ਨ ਜਾਨਾ"*** ਦਾ ਕੀਰਤਨ ਕੀਤਾ।

ਕੀਰਤਨ ਜਾਰੀ ਸੀ ਕਿ ਮੇਰੇ ਪਾਸ ਸੰਤ ਸਤਨਾਮ ਸਿੰਘ ਦਾ ਦਾਮਾਦ ਸੰਤ ਸਰਬਜੀਤ ਸਿੰਘ ਗਵਾਲੀਅਰ ਆਇਆ। ਸਤਿਗੁਰੂ ਜੀ ਨੂੰ ਨਮਸਕਾਰ ਕਰ ਉਸਨੇ ਮੈਨੂੰ ਦੋ ਅਹਿਮ ਕਾਗਜ਼ ਦਿਤੇ। ਇਕ ਤਾਂ 'ਦੈਨਿਕ ਭਾਸਕਰ' ਗਵਾਲੀਅਰ ਦੇ 30.12.85 ਦੇ 8ਵੇਂ ਸਫੇ ਦੇ ਕਾਲਮ 1-2 ਤੇ ਛਪੀ 'ਸਾਖਿਆਤਕਾਰ ਸੇ ਅਸਹਮਤੀ' ਦੀ ਕਟਿੰਗ, ਦੂਜੇ ਇਸੇ 'ਅਸਹਮਤੀ' ਦੀ ਮੂਲ ਦੀ ਪ੍ਰਤੀ ਤੇ ਦੈਨਿਕ ਸਵਦੇਸ਼ ਵਾਲਿਆਂ ਦੇ ਦਫ਼ਤਰ ਚੋਂ ਕਿਸੇ ਦੇ ਦਸਤਖਤ'

ਸਾਡੇ ਵਲੋਂ, ਮੇਰੇ ਨਾਮ ਹੇਠ ਗਏ 'ਸਾਖਿਅਤਕਾਰ ਸੇ ਅਸਹਿਮਤੀ' ਦਾ ਪੰਜਾਬੀ ਅਨਵਾਦ:

"ਮਿਤੀ 28.12.85 ਦੇ ਹਿੰਦੀ ਦੈਨਿਕ 'ਸਵਦੇਸ਼' ਦੇ ਸਫਾ 3 ਦੇ 'ਸੰਘ ਇਨਕੀ ਦ੍ਰਿਸ਼ਟੀ ਮੇਂ' ਕਾਲਮ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ ਨਾਲ ਇਕ ਸਾਖਿਆਤਕਾਰ ਪ੍ਰਕਾਸ਼ਤ ਹੋਇਆ ਹੈ। ਉਸਨੂੰ ਪੜ੍ਹ ਕੇ ਸਾਨੂੰ ਖੇਦ ਹੋਇਆ ਹੈ ਕਿ ਸਾਖਿਆਤਕਾਰ ਲੈਣ ਵਾਲੇ ਨੇ ਸ੍ਰੀ ਸਤਿਗੁਰੂ ਜੀ ਦੇ ਸ਼ਬਦਾਂ ਅਤੇ ਭਾਵਾਂ ਨੂੰ ਉਨ੍ਹਾਂ ਦੇ ਅਨੁਸਾਰ ਨ ਦੇ ਕੇ ਅਪਣੀ ਇੱਛਾ ਅਨੁਸਾਰ ਢਾਲ ਕੇ ਪੇਸ਼ ਕੀਤਾ ਹੈ। ਮਜ਼ੇਦਾਰ ਗੱਲ ਇਹ ਹੈ ਕਿ ਸ੍ਰੀ ਸਤਿਗੁਰੂ ਜੀ ਅਤੇ ਮੈਂ ਜਿਨ੍ਹਾਂ ਮੁੱਦਿਆਂ ਤੇ ਭਾਵਾਂ ਤੇ ਜ਼ੋਰ ਦਿਤਾ ਉਨ੍ਹਾਂ ਨੂੰ ਇਸ ਵਿਚੋਂ ਗੋਲ ਕਰ ਦਿੱਤਾ ਗਿਆ।



Sri Satguru Jagjit Singh Ji Elibrary NamdhariElibrary@gmail.com

ਸੋ ਅਸੀਂ ਇਸਤੇ ਹੋਰ ਚਰਚਾ ਨਾ ਕਰਦਿਆਂ ਇਸ ਸਾਖਿਆਤਕਾਰ ਦੀ ਪੇਸ਼ਕਾਰੀ ਨੂੰ ਅਯੋਗ ਮੰਨਦੇ ਹਾਂ ਅਤੇ ਅਸਹਿਮਤੀ ਪ੍ਰਗਟ ਕਰਦੇ ਹਾਂ। ”

ਦਿਨਾਂਕ 28.12.85

ਪ੍ਰੀਤਮ ਸਿੰਘ
ਪ੍ਰਧਾਨ ਸੇਵਕ
ਸਾਖਿਆਤਕਾਰੀ ਦੇ ਸ਼ਬਦਾਂ ਵਿਚ

ਸੋ ਮੇਰਾ 28.12.85 ਨੂੰ ਰਾਤ ਰਹਿਣਾ ਸਫਲ ਹੋ ਗਿਆ।

ਸੱਚੇ ਪਾਤਸ਼ਾਹ ਜੀ ਨੇ ਵਿਸ਼ੇਸ਼ ਹੁਕਮ ਦੇ ਕੇ ਸਕੱਤਰ ਦੁਆਰਾ ਦੋ ਪੁਸਤਕਾਂ 'ਨੀਲ ਬਸਤਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲ ਗਵਾਇਆ' ਨੂੰ ਦੂਜਿਆਂ ਵਾਸਤੇ ਦ੍ਰਿੜ ਕਰਵਾਣ ਹਿਤ ਦੋ ਪੁਸਤਕਾਂ ਮੰਗਵਾਈਆਂ। ਪਹਿਲੀ: ਦਸਮ ਗੁਰ ਚਮਤਕਾਰ, ਸੂਰਜ ਪ੍ਰਕਾਸ਼ ਦਾ ਵਾਰਤਕ ਟੀਕਾ। ਦੂਜੀ ਸ. ਕਰਤਾਰ ਸਿੰਘ ਕਲਾਸਵਾਲੀਏ ਦੀ ਰਚਨਾ ਦਸਮੇਸ਼ ਪ੍ਰਕਾਸ਼।' ਇਹਨਾਂ ਦੋਹਾਂ ਵਿਚ ਲਿਖਿਆ ਸੀ ਕਿ ਸਤਿਗੁਰੂ ਨੀਲਾ ਪਹਿਰਾਵਾ ਲਾਹ ਅੱਗ ਵਿਚ ਸਾੜਿਆ ਤੇ ਇਹ ਉਪਰ ਲਿਖਤੀ ਤੁਕ ਪੜ੍ਹੀ..

ਇਹਨਾਂ ਪੁਸਤਕਾਂ ਦਾ ਵੇਖਣਾ ਧਰਮਸਾਲਾ ਉਤਲੇ ਇਕ ਕਮਰੇ ਵਿਚ ਹੋਇਆ ਜਿਸਨੂੰ ਗੁਰਦੁਆਰਾ ਪ੍ਰਬੰਧਕਾਂ ਨੇ ਵਾਲ ਪੇਪਰ ਲਗਾ ਕੇ ਅਤੇ ਵਿਚ ਸ਼ਾਨਦਾਰ ਪਲੰਘ ਤਿਆਰ ਕਰਵਾਕੇ ਤੇ ਫਰਸ਼ ਤੇ ਅਛਾ ਗਲੀਚਾ ਵਿਛਾਕੇ ਤਿਆਰ ਕਰਵਾਇਆ ਸੀ। ਇਸਨੂੰ ਵੇਖ ਮੈਨੂੰ ਤਾਂ ਐਉਂ ਲਗਾ ਜਿਵੇਂ ਸੇਠਾਂ ਦੀ ਕੋਠੀ ਵਿਚ ਉਪਰੰਤ ਸਤਿਗੁਰਾਂ ਦਾ ਡੇਰਾ ਏਥੇ ਲਗਾਣਾ ਹੋਵੇ। ਹਾਲਾਂਕਿ ਸਤਿਗੁਰਾਂ ਦਾ ਡੇਰਾ ਇਥੇ ਲਗ ਸਕਣਾ ਅਸੰਭਵ ਹੈ ਪਰ ਇਸਦੀ ਵਿਸ਼ੇਸ਼ ਵੱਥਣ ਹੁਣ ਕਰਨੀ ਹੀ ਕਿਉਂ ਸੁਣੀ।

ਏਥੇ ਉਪਰ ਸ. ਜਸਵਿੰਦਰ ਸਿੰਘ ਸ਼ਕੂਰ ਬਸਤੀ ਨੇ ਸ. ਗੁਰਚਰਨ ਸਿੰਘ ਵਲੋਂ ਮੁੜਕੇ ਤਿਆਰ ਕੀਤਾ ਗੁਰੂ ਰਾਮ ਸਿੰਘ ਜੀ ਦੇ ਭਾਰਤ ਦੌਰਿਆਂ ਦਾ ਨਕਸ਼ਾ ਪੇਸ਼ ਕੀਤਾ। ਸ੍ਰੀ ਸਤਿਗੁਰੂ ਜੀ, ਸਕਤ੍ਰ, ਹੰਸਪਾਲ ਜੀ, ਵਰਿਆਮ, ਨਿਰੀਖਿਅਕ, ਪੰਥ ਰਤਨ ਮਾ: ਨਿਹਾਲ ਸਿੰਘ ਜੀ ਆਦਿ ਨੇ ਵੇਖਿਆ ਪਰ ਇਸ ਦੀ ਗੰਭੀਰਤਾ ਵਿਚ ਜਾਣ ਲਈ ਕੁਛ ਤਜਵੀਜ਼ਾਂ ਨਾਲ ਮਾ: ਨਿਹਾਲ ਸਿੰਘ ਜੀ ਪ੍ਰਧਾਨ ਨਾਮਧਾਰੀ ਦਰਬਾਰ ਅਤੇ ਸ. ਜਸਵਿੰਦਰ ਸਿੰਘ ਜਿੰਮੇ ਲਗਾਇਆ ਗਿਆ ਤੇ ਅੰਤਮ ਪ੍ਰਵਾਨਗੀ ਲਈ ਇਸਨੂੰ ਪਰਸੋਂ ਤਕ ਭੈਣੀ ਸਾਹਿਬ ਪੇਸ਼ ਕਰਨ ਲਈ ਪੱਕੀ ਕੀਤੀ ਗਈ। ਤਰਸੇਮ ਸਿੰਘ ਨਕਸ਼ਾ ਨਵੀਸ ਸਰਦਾਰ ਜੀ ਦਾ ਬੜਾ ਕ੍ਰਿਤਾਰਥ ਸੀ, ਕਿ ਉਹ ਆਪਣੀ ਮਿਹਨਤ ਹੈਡ ਕੁਆਰਟਰ ਦੀ ਮਨਜ਼ੂਰੀ ਨਾਲ ਹੀ ਪਰਵਾਨ ਕਰਾਣੀ ਚਾਹੁੰਦਾ ਹੈ।

ਹੇਠਾਂ ਆਏ ਤਾਂ ਮੈਨੂੰ ਜਗਦੀਸ਼ ਸਿੰਘ ਨੇ ਲੱਭ ਕੇ ਦੱਸਿਆ: ਤੁਸੀਂ ਤੇ ਛੇਤੀ ਹੀ ਆ ਗਏ (ਕਿਉਂਕਿ ਸਤਿਗੁਰੂ ਜੀ ਨੇ ਠਾਕਰ ਜੀ ਅਤੇ ਸ੍ਰੀ ਰਾਜੇਸ਼ ਬੇਦੀ ਨਾਲ ਇਕਾਂਤ ਬੈਠਣਾ ਸੀ।) ਤੁਹਾਨੂੰ ਇਹ ਖਬਰ ਦੇਣ ਵਾਸਤੇ ਯਾਦ ਕੀਤਾ ਜਾ ਰਿਹਾ ਸੀ ਕਿ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਪਾਸ, ਉਪਰਲੇ ਕਮਰੇ ਵਿਚ ਹੀ ਨਾਮਧਾਰੀ ਹਾਕੀ ਟੀਮ ਦੇ ਨੌਜੁਆਨ ਠਾਕੁਰ ਦਲੀਪ ਸਿੰਘ ਦੀ ਸਰਦਾਰੀ ਹੇਠ ਸ੍ਰੀ ਸਤਿਗੁਰੂ ਜੀ ਨੂੰ ਆਪਣੀ ਜਿੱਤ ਦੀ ਖਬਰ ਦੇਣ ਆਏ ਸਨ। ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਦੱਸਿਆ ਗਿਆ ਕਿ ਹਰਿਆਣੇ ਦੀ ਕੁਰੂਕਸ਼ੇਤਰ ਯੂਨੀਵਰਸਿਟੀ ਨੂੰ (ਇਸ ਵਿਚ 8 ਨਾਮਧਾਰੀ ਹਾਕੀ ਟੀਮ ਦੇ ਲੜਕੇ ਖੇਡੇ) ਬਨਾਰਸ ਯੂਨੀਵਰਸਿਟੀ ਨਾਲ ਹਾਕੀ ਪੁਰਸ਼ ਮੁਕਾਬਲਾ ਜਿੱਤ ਕੇ ਨਾਰਥ ਜ਼ੋਨ ਇੰਟਰ ਯੂਨੀਵਰਸਿਟੀ ਹਾਕੀ ਮੁਕਾਬਲਿਆਂ ਦੇ ਖੇਤਰ ਵਿਚ ਸਫਲਤਾ ਲੈ ਕੇ ਦਿਤੀ ਹੈ।

ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਕੀਤਾ। ਆਪਣਾ ਨਾਮਣਾ, ਸਮਾਜ ਦਾ, ਕਾਲਜ ਦਾ, ਪ੍ਰਾਂਤ ਦਾ ਨਾਮਣਾ ਉੱਚਾ ਕਰਨਾ ਤਹਾਡੀ ਜਵਾਨੀ ਦੇ ਹਿੱਸੇ ਆਇਆ ਹੈ। ਇਹ ਤੁਹਾਡੀ ਹਿੰਮਤ, ਦਲੇਰੀ ਅਤੇ ਏਕਤਾ ਤੇ ਨਿਰਭਰ ਸੀ। ਇਸੇ ਮੁਕਾਬਲੇ ਦੀ ਭਾਵਨਾ ਭਜਨ ਬੰਦਗੀ ਵਿਚ ਵੀ ਰਖੋ। ਸੁੱਚੇ ਆਚਾਰ ਵਿਚਾਰ ਦੇ ਬਣੋ ਅਤੇ ਇਕ ਘੰਟਾ ਰੋਜ਼ਾਨਾ ਨਾਮ ਸਿਮਰਨ ਜੀਵਨ ਦਾ ਅੰਗ ਬਣਾਓ।

ਅਗਲੇ ਦਿਨ ਦੀ ਹਿੰਦੁਸਤਾਨ ਟਾਈਮਜ਼ ਵਿਚ ਕੁਰੂਕਸ਼ੇਤਰ ਦੀ ਜਿਤ ਬਾਰੇ ਖਬਰ ਛਪੀ।

## 6 ਜਨਵਰੀ 1986 ਸੋਮਵਾਰ
## ਨਵੀਂ ਦਿੱਲੀ

ਸਵੇਰੇ ਸੁਖਬੀਰ ਸਿੰਘ, ਆਪਣੇ ਛੋਟੇ ਲੜਕੇ ਦੀ ਖੰਘ ਦੇ ਇਲਾਜ ਲਈ ਗੁਰਦੇਵ ਸਿੰਘ ਸਰੋਦ ਤੋਂ ਡਾਕਟਰ ਦਾ ਪਤਾ ਪੁਛਣ ਗਿਆ। ਉਸ ਤੋਂ ਮਾਲੂਮ ਹੋਇਆ ਕਿ ਸ੍ਰੀ ਸਤਿਗੁਰੂ ਜੀ ਰਾਤ ਦੇ ਦਿੱਲੀ ਪਧਾਰੇ ਹੋਏ ਹਨ ਅਤੇ ਅਜ ਰਮੇਸ਼ ਨਗਰ ਆਸਾ ਦੀ ਵਾਰ ਲਗੀ ਹੈ। ਉਸਦਾ ਖਿਆਲ ਸੀ ਕਿ ਮੈਂ ਸ਼ਾਇਦ ਆਸਾ ਦੀ ਵਾਰ ਵਿਚੋਂ ਵਿਹਲਾ ਹੋ ਕੇ ਆ ਰਿਹਾ ਹਾਂ।

10.30 ਤਕ ਮੈਂ ਪੂਸਾ ਰੋਡ ਕੋਠੀ ਪਹੁੰਚ ਗਿਆ। ਸੰਤ ਤਰਸੇਮ ਸਿੰਘ ਨਿੱਜੀ ਸਕੱਤ੍ਰ ਸ. ਜਗਤਾਰ ਸਿੰਘ ਪਨਿਹਾਰੀ ਅਤੇ ਬੀਬਾ ਸਾਹਿਬ ਕੌਰ ਸਤਿਗੁਰੂ ਜੀ ਦੇ ਕਮਰੇ ਵਿਚ ਬੈਠੇ ਗੱਲਬਾਤ ਕਰ ਰਹੇ ਸਨ। ਸੱਚੇ ਪਾਤਸ਼ਾਹ ਜੀ ਦਾ ਪਤਾ ਲੱਗਾ ਕਿ ਉਹ ਡਾ: ਮੂਸਾ ਨੂੰ ਮਾਣ ਬਖਸ਼ਣ ਲਈ ਉਸ ਨੂੰ ਨੈਰੋਬੀਓਂ ਕੀਨੀਆਂ ਦੀ ਰਾਜਧਾਨੀ ਆਉਂਦਿਆਂ ਏਅਰ ਪੋਰਟ ਤੇ ਲੈਣ ਗਏ ਹਨ।

11 ਵਜਦਿਆਂ ਨੂੰ ਸਤਿਗੁਰੂ ਜੀ ਭੀ ਆ ਗਏ: ਗਏ ਨਾ। ਵਕਤ ਨਹੀਂ ਸੀ, ਮੈਂ ਸੋਚਿਆ ਨਾਲੇ ਡਾ: ਮੂਸਾ ਦਾ ਮਾਣ-ਤਾਣ ਹੋ ਜਾਇਗਾ ਨਾਲੇ ਉਸ ਨਾਲ ਕੋਠੀ ਤਕ ਆਉਂਦਿਆਂ ਨੈਰੋਬੀ ਤੇ ਕੀਨੀਆਂ ਦੀ ਰਿਪੋਰਟ ਲੈ ਲਈ ਜਾਏਗੀ। ਸਾਡਾ ਜਹਾਜ਼ ਤਾਂ ਸਮੇਂ ਸਿਰ ਹੀ ਆ ਗਿਆ ਪਰ ਡਾਕਟਰ ਜੀ ਨਹੀਂ ਉਤਰੇ।



Sri Satguru Jagjit Singh Ji Elibrary NamdhariElibrary@gmail.com

ਸ਼ਨਾਨ ਪਾਣੀ ਦੀ ਤਿਆਰੀ ਕਰਦਿਆਂ ਡਾ: ਮੂਸਾ ਵਲੋਂ ਫੋਨ ਖੜਕਿਆ ਕਿ ਉਹ ਘਰ ਪਹੁੰਚ ਚੁਕਾ ਹੈ। ਸਤਿਗੁਰੂ ਜੀ ਪਤਾ ਨਹੀਂ ਕਦੋਂ ਉਸ ਨਾਲ ਮੁਲਾਕਾਤ ਕਰਨ ਪਰ ਆਪ ਅਜ ਪ੍ਰਸਾਦ ਪਾਣੀ ਉਪਰੰਤ ਪ੍ਰਗਤੀ ਮੈਦਾਨ ਜਾਣਗੇ ਜਿਥੇ ਨਵੀਨਤਮ ਕਾਰਾਂ ਅਤੇ ਸਕੂਟਰ, ਬਾਈਕਾਂ ਆਦਿ ਦੀ ਜਾਪਾਨ ਵਲੋਂ ਨੁਮਾਇਸ਼ ਲਗੀ ਹੋਈ ਹੈ।

ਪਰ ਸ਼ਨਾਨ ਆਦਿ ਦੇ ਦੌਰਾਨ ਮੈਂ ਅਰਜ਼ ਕਰ ਲਈ: ਥਾਈਲੈਂਡ ਜਾਣ ਵਾਲੇ ਜਵਾਨਾਂ ਨੇ ਮੇਰਾ ਨਾਂ ਤਾਂ ਆਗੂ ਰੂਪ ਵਿਚ ਆਪ ਜੀ ਤੋਂ ਪਰਵਾਨ ਕਰਵਾ ਲਿਆ ਪਰ ਮੇਰੀ ਹਵਾਈ ਟਿਕਟ ਦਾ ਖਰਚ ਉਹ ਮੇਰੇ ਤੋਂ ਹੀ ਕਰਵਾਣਾ ਚਾਹੁੰਦੇ ਹਨ। ਮੇਰਾ ਇਨਕਾਰ ਸੀ, ਮੈਂ ਕਮਾਊ ਨਹੀਂ, ਕਿਥੋਂ ਲਿਆਵਾਂ ਪੈਸੇ? ਪਰ ਉਹ ਅੱਧਾ ਖਰਚ ਦੇਣ ਲਈ ਮੰਨ ਗਏ ਹਨ।

"ਪੂਰੀ ਟਿਕਟ ਤੇ ਕਿਨੇ ਪੈਸੇ ਲਗਣਗੇ?" ਸਤਿਗੁਰਾਂ ਪੁੱਛਿਆ।

"3600 ਦੀ ਗੱਲ ਕਰਦੇ ਹਨ!"

"ਚਲੋ 1800 ਅਸੀਂ ਦੇ ਦਿਆਂਗੇ। ਪਰ ਅਜੇ ਕੋਲ ਨਹੀਂ। ਪਹਿਲਾਂ ਬੁਕਿੰਗ ਕਰਵਾਣੀ ਪੈਂਦੀ ਹੈ।"

ਅਤੇ ਆਪ ਜੀ ਗੁਸਲਖਾਨੇ ਵਿਚ ਚਲੇ ਗਏ।

ਠਾਕਰ ਜੀ ਵਡੇ ਸਮੇਤ ਪਰਵਾਰ ਅਜੇ ਏਥੇ ਹੀ ਹਨ। ਰਾਤ ਦੇ ਜਗਤਾਰ ਸਿੰਘ - ਬੀਬਾ ਜੀ ਵੀ ਆ ਗਏ ਹੋਏ ਹਨ। ਬੀਬਾ ਜੀ ਨੇ ਦੱਸਿਆ ਕਿ ਕਾਕਾ ਜੈ ਸਿੰਘ ਸਕੂਲ ਵਿਚੋਂ ਵਧੀਆ ਨੰਬਰ ਲਿਆਇਆ ਹੈ। ਇਹ ਜਾਣਕੇ ਉਹ ਤਸੱਲੀ ਵਿਚ ਸਨ ਕਿ ਜੈ ਸਿੰਘ ਨਾਲ ਰਿਆਇਤ ਨਹੀਂ ਵਰਤੀ ਗਈ।

ਅੱਜ ਸਤਿਗੁਰੂ ਜੀ ਦੁਆਰਾ ਮੈਨੂੰ ਇਹ ਵੀ ਪਤਾ ਲਗਾ ਕਿ ਸਵੇਰੇ ਗਵਾਲੀਅਰ ਜਾਣਾ ਹੈ। ਐਮ.ਪੀ. ਦਾ ਦੌਰਾ ਅਧੂਰਾ ਰਿਹਾ ਸੀ। ਆਸਾਮ ਜਾਣ ਲਈ ਸਤਿਗੁਰੂ ਜੀ ਵਲੋਂ ਤਾਂ ਤਿਆਰੀ ਹੀ ਸੀ ਪਰ ਅਗਲੇ ਪਾਸੇ ਅਜੇ ਤਿਆਰੀ ਨਹੀਂ ਸੀ। ਓਧਰ ਸ਼ਿਓਪੁਰ ਵਾਲਾ ਦਰਬਾਰਾ ਸਿੰਘ ਅਤੇ ਸੂਬਾ ਜੀ ਦਾ ਪੁਤ੍ਰ ਸਰਬਜੀਤ ਸਿੰਘ ਗਵਾਲੀਅਰ ਤੋਂ ਮੱਧ ਪ੍ਰਦੇਸ਼ ਦੇ ਬਕਾਇਆ ਦੌਰੇ ਦਾ ਪ੍ਰੋਗਰਾਮ ਲੈਣ ਆਏ ਸਨ।

ਮੈਨੂੰ ਵੀ ਗੁਰੂ ਜੀ ਦੇ ਨਿੱਜੀ ਸਕੱਤਰ ਨੇ ਪੱਕੀ ਪਕਾਈ ਕਿ ਮੈਂ ਕੱਲ ਜ਼ਰੂਰ ਨਾਲ ਚੱਲਾਂ ਸੋ ਮੈਂ 12.30 ਵਜਦੇ ਨੂੰ ਘਰ ਵਾਸਤੇ ਚਲ ਪਿਆ। ਬੱਸ ਸਟੈਂਡ ਤੇ ਖਲੋਤਾ ਹੀ ਸਾਂ ਕਿ ਇਕ ਕਾਰ ਕੋਲ ਆ ਰੁਕੀ: ਆਓ, ਬਹਿ ਜਾਓ ਕਵੀ ਜੀ, ਕਿੱਧਰ ਜਾਣਾ ਜੇ? ਇਹ ਸੰਤ ਬਲਵੰਤ ਸਿੰਘ ਬਾਲੀ ਨਗਰ ਸਨ।

ਮੈਂ ਗੱਡੀ ਵਿਚ ਬੈਠਾ ਤਾਂ ਸੰਤਾਂ ਦੱਸਿਆ ਕਿ ਪਿਛਲੇ ਹਫਤੇ ਜਾਗੀਰ ਸਿੰਘ, ਆਤਮਾ ਸਿੰਘ ਐਂਡ ਸਨਜ਼ ਪਹਾੜ ਗੰਜ ਦੇ ਪਿਤਾ ਜੀ ਸੰਤ ਆਤਮਾ ਸਿੰਘ ਪੂਰੇ ਹੋ ਗਏ ਹਨ ਅਜ ਪਾਂਡਵਪੁਰ-ਜਮਨਾ ਪਾਰ- ਵਿਖੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ਼ਾਮ ਦੇ ਦਿਵਾਨ ਵਿਚ ਆਤਮਾ ਸਿੰਘ ਨਮਿਤ ਭੋਗ ਪੈਣਾ ਹੈ। ਮੈਨੂੰ ਪੁਛਿਓ ਨੇ: ਤੁਸਾਂ ਨਹੀਂ ਜਾਣਾ?



Sri Satguru Jagjit Singh Ji Elibrary NamdhariElibrary@gmail.com

ਮੈਨੂੰ ਸੁਣਕੇ ਸਦਮਾ ਤਾਂ ਹੋਇਆ ਕਿ ਮਿਤ੍ਰ ਜਾਗੀਰ ਸਿੰਘ ਨਾਲ ਜਾ ਕੇ ਅਫਸੋਸ ਕਰਨਾ ਸੀ। ਪਰ ਮੇਰਾ ਸਰੀਰ ਕੱਲ ਦੇ ਸਫਰ, 500 ਕਿ:ਮੀ: ਦੀ ਮਾਰ ਤਾਂ ਹੀ ਖਾ ਸਕਦਾ ਸੀ ਜੇ ਅੱਜ ਬਾਕੀ ਦਿਨ ਆਰਾਮ ਕਰੇ-ਤੇ ਤਿਆਰੀ ਵੀ ਕਰੇ।

ਰਾਮ ਜੀ ਮਿਸ਼ਰਾ ਦੀ ਪਤਨੀ ਤੇ ਬੱਚੇ ਰਾਤ ਦੇ ਆਏ ਹੋਏ ਹਨ। ਸਤਿਗੁਰਾਂ ਬਚਨ ਕਰਦਿਆਂ ਦੱਸਿਆ ਸੀ ਕਿ ਮਿਸ਼ਰਾ ਪਤਨੀ ਦੇ ਨਾਮ ਤੋਂ ਹੀ ਚਿੜ ਜਾਂਦਾ ਹੈ। ਉਸਦੀ ਪਤਨੀ ਨੇ ਕਿਹਾ ਕਿ ਜਿਥੇ ਸਤਿਗੁਰੂ ਚਾਹੁਣ ਉਹ ਰਹਿ ਸਕਦੀ ਹੈ, ਭੈ: ਸਾ:, ਦਿੱਲੀ ਜਾਂ ਬਨਾਰਸ। ਸਤਿਗੁਰੂ ਜੀ ਨੇ ਦਸਿਆ ਮਿਸ਼ਰਾ ਦਾ ਛੇਵੀਂ ਵਿਚ ਪੜ੍ਹਦਾ ਬੱਚਾ ਬੜਾ ਵਧੀਆ ਤਬਲਾ ਵਜਾਂਦਾ ਹੈ। ਰਾਤ ਕੋਠੀ ਵਿਚ ਸੰਖੇਪ ਜਿਹਾ ਪ੍ਰੋਗਰਾਮ ਸੀ।

ਮਿਸ਼ਰਾ ਪਰਵਾਰ ਅਜ ਕਲ ਸ. ਸੁਖਦਰਸ਼ਨ ਸਿੰਘ-ਸਚਿੰਦਰ ਸਿੰਘ ਹੁਰਾਂ ਦੇ ਘਰ ਆਇਆ ਹੋਇਆ ਹੈ।

## 7 ਜਨਵਰੀ 1986 ਮੰਗਲਵਾਰ
## ਨਵੀਂ ਦਿੱਲੀ

ਸਵੇਰੇ ਤੜਕੇ ਉਠਕੇ ਇਸ਼ਨਾਨ ਪਾਨ ਦੀ ਤਿਆਰੀ ਕਰਨ ਦੀ ਨੀਤ ਨਾਲ ਸੁੱਤਾਂ ਸਾਂ ਪਰ ਮੈਂ 5.45 ਵਜੇ ਹੀ ਕੋਠੀ ਪੂਸਾ ਰੋਡ ਪੁਜਾ। ਪਿਛਲੀ ਵਾਰ ਇਸ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ- ਪਰ ਅੱਜ ਤਾਂ ਇਸ ਵੇਲੇ ਕੋਠੀ ਸ਼ਾਂਤ ਤੇ ਪੂਰੀ ਤਰ੍ਹਾਂ ਚੁਪ ਸੀ। ਮੱਥਾ ਠਣਕਿਆ ਉਹ ਤੁਰ ਗਏ ਹੋਣਗੇ! ਫੇਰ ਵੀ ਮੈਂ ਲੋਹੇ ਦੀਆਂ ਪੌੜੀਆਂ ਵੱਲ ਗਿਆ। ਬੀਬੀ ਸੁਰਜੀਤ ਕੌਰ ਮਿਲੀ: ਉਹ ਤਾਂ ਪੰਜ ਵਜੇ ਦੇ ਹੀ ਗਵਾਲੀਅਰ ਨੂੰ ਤੁਰ ਗਏ ਹਨ। ਸੱਚੇ ਪਾਤਸ਼ਾਹ ਵਾਸਤੇ ਦਹੀਂ ਤੇ ਕੁਛ ਜੂਸ ਤਿਆਰ ਕੀਤਾ ਸੀ ਪਰ ਉਹ ਤਾਂ ਪੰਜ ਵਜੇ ਕਾਰ ਵਿਚ ਬੈਠੇ ਹੋਏ ਸਨ, ਜਾਣ ਲਈ ਤਿਆਰ।

ਅਤੇ ਮੈਂ ਸ਼ਾਂਤ ਚਿਤ ਵਾਪਸ ਪਰਤ ਆਇਆ ਮੈਂ ਓਨਾ ਚਿਰ ਘਰ ਲਿਖਤ ਪੜ੍ਹਤ ਤੇ ਛੋਲੇ ਆਦਿ ਬਣਵਾਣ ਦਾ ਕੰਮ ਕਰ ਲਵਾਂਗਾ।

ਅੱਜ ਗੁਰਦੇਵ ਸਿੰਘ ਸਰੋਦ ਮਿਲਿਆ ਤਾਂ ਉਸ ਦਸਿਆ ਕਿ ਰਾਤੀਂ ਕੋਠੀ ਵਾਹਵਾ ਰੌਣਕ ਰਹੀ। ਰਾਜਨ ਸਾਜਨ ਮਿਸ਼ਰਾ ਬੰਧੂ, ਪੰ: ਦੁਰਗਾ ਲਾਲ ਕੱਥਕ, ਰਾਮ ਜੀ ਮਿਸ਼ਰਾ ਉਹਦੇ ਬੱਚੇ- ਕਲਾ ਦਾ ਅੱਛਾ ਸੰਯੋਜਨ ਸੀ।



Sri Satguru Jagjit Singh Ji Elibrary NamdhariElibrary@gmail.com

# 8 ਜਨਵਰੀ 1896, ਬੁੱਧਵਾਰ
# ਨਵੀਂ ਦਿੱਲੀ

ਅੱਜ ਦਿੱਲੀ ਅੱਧੇ ਦਿਨ ਤਕ ਚੋਖੀ ਧੁੰਧ ਵਿਚ ਡੁੱਬੀ ਰਹੀ। ਹੱਥ ਪਸਾਰਿਆਂ ਨਾ ਦਿਸਣ ਵਾਲੀ ਧੁੰਧ ਕਾਰਨ ਅੱਜ ਰਾਜਾ ਗਾਰਡਨ ਚੌਕ ਵਿਚ 4 ਸਾਈਕਲ ਸਵਾਰ ਹਾਦਸੇ ਦਾ ਸ਼ਿਕਾਰ ਹੋ ਕੇ ਮਰ ਗਏ। ਉੱਤਰ ਭਾਰਤ ਵਿਚ ਸ਼ੀਤ ਲਹਿਰ ਨਾਲ ਮਰਨ ਵਾਲਿਆਂ ਦੀ ਗਿਣਤੀ ਅੱਜ ਦੇ ਅਖਬਾਰਾਂ ਅਨੁਸਾਰ 160 ਤਕ ਵਧ ਗਈ ਹੈ।

ਵਧੇਰੇ ਠੰਢ ਹੋਣ ਕਾਰਨ ਤੇ ਕੁਛ ਹੋਰ ਕਾਰਨਾਂ ਕਾਰਨ ਮੈਂ ਅਜ ਘਰੋਂ ਨਿਕਲਿਆ ਹੀ ਨਹੀਂ। ਅਤੇ ਸ਼ਾਮੀ 7 ਵਜੇ ਅਚਾਨਕ ਮੇਰੇ ਕਮਰੇ ਦਾ ਦਰਵਾਜ਼ਾ ਖੁਲ੍ਹਿਆ ਅਤੇ ਸੀ.ਸੀ. ਕਰਦਾ ਸ੍ਰੀ ਗੁਰਦੇਵ ਸਿੰਘ ਸਰੋਦ ਆ ਵੜਿਆ। ਦੋ ਰਾਡ ਵਾਲਾ ਹੀਟਰ ਜਲ ਰਿਹਾ, ਤਾਜ਼ਾ ਰੰਗ ਰੋਗਨ ਕੀਤਾ ਹੋਇਆ ਮਕਾਨ ਅਤੇ ਮੇਰੇ ਕਮਰੇ ਵਿਚ ਦੋ ਦੀਵਾਨਾਂ ਦਰਮਿਆਨ ਡਾਈਨਿੰਗ ਟੇਬਲ ਗੁਰਦੇਵ ਸਿੰਘ ਤੇ ਅਸਰ ਕਰ ਗਿਆ। ਬੋਲਿਆ: ਵਾਹ ਕਵੀ ਜੀ, ਤੁਸੀਂ ਤਾਂ ਬੜੇ ਅਮੀਰ-ਅਮੀਰ ਲਗਦੇ ਹੋ। ਪਰ ਮੇਰੀ ਸਰਦਾਰੀ ਦਾ ਇਹ ਹਾਲ ਹੈ ਕਿ ਅਗਲੇ ਸਾਰੇ ਮਹੀਨੇ ਦੇ ਖਰਚੇ ਲਈ ਮੇਰੀ ਜੇਬ ਵਿਚ ਇਸ ਵੇਲੇ ਕੇਵਲ 50 ਰੁਪਏ ਹਨ।

ਏਨੀ ਗੱਲ ਨਾਲ ਮੇਰੇ ਨਾਲ ਤਾਲਮੇਲ ਬੈਠਾਕੇ ਗੁਰਦੇਵ ਸਿੰਘ ਨੇ ਹੈਰਾਨਕੁਨ ਤੇ ਇਕ ਡਰਾਉਣੀ ਖਬਰ ਸੁਣਾ ਦਿਤੀ: ਤੁਹਾਨੂੰ ਨਹੀਂ ਪਤਾ ਲਗਾ, ਸਤਿਗੁਰੂ ਜੀ ਵਾਪਿਸ ਦਿੱਲੀ ਪਹੁੰਚ ਗਏ ਹਨ। 'ਸੁਖ ਵੇ?' ਮੈਂ ਪੁੱਛਿਆ। "ਨਹੀਂ, ਸੁਖ ਵਾਲੀ ਗੱਲ ਕੋਈ ਨਹੀਂ, ਸਤਿਗੁਰੂ ਜੀ ਗੰਭੀਰ ਰੂਪ ਵਿਚ ਬਿਮਾਰ ਹੋਏ ਪਰਤੇ ਹਨ। ਅੱਜ ਰਾਤ ਡਾ: ਮੂਸਾ ਉਹਨਾਂ ਦੇ ਪਾਸ ਹੀ ਰਿਹਾ ਤੇ ਓਥੇ ਹੀ ਸੁੱਤਾ।" ਗੁਰਦੇਵ ਸਿੰਘ ਰੋਣਹਾਕਾ ਹੋ ਕੇ ਬੋਲਿਆ: ਮੈਨੂੰ ਤਾਂ ਕਵੀ ਜੀ ਓਦੋਂ ਦਾ 3-4 ਵਾਰ ਰੋਣ ਆ ਚੁਕਾ ਹੈ। ਜਦੋਂ ਦਾ ਮੈਂ ਸਤਿਗੁਰਾਂ ਪਾਸੋਂ ਹੋ ਕੇ ਆਇਆ ਹਾਂ। ਨਾ ਖਈ, ਉਹਨਾਂ ਨੂੰ ਤਾਂ ਤੱਤੀ ਵਾਅ ਨ ਲਗੇ। ਸੱਚੇ ਪਾਤਸ਼ਾਹ ਦੇ ਦਰਸ਼ਨ ਤਾਂ ਮੈਨੂੰ ਨਹੀਂ ਹੋਏ। ਉਨ੍ਹਾਂ ਪਾਸ ਕਿਸੇ ਨੂੰ ਵੀ ਜਾਣ ਨਹੀਂ ਦਿਤਾ ਜਾ ਰਿਹਾ।

ਫੇਰ ਧੀਰਜ ਨਾਲ ਗੁਰਦੇਵ ਸਿੰਘ ਨੇ ਦਸਿਆ, ਤਰਸੇਮ ਸਿੰਘ ਹੁਰੀਂ ਕਹਿੰਦੇ ਸਨ, ਜਾਪਦਾ ਹੈ ਕਵੀ ਹੁਰਾਂ ਨੂੰ ਪਤਾ ਨਹੀਂ ਲਗਾ। ਤੂੰ ਜਾ ਕੇ ਉਨ੍ਹਾਂ ਨੂੰ ਦੱਸ ਦੇਈਂ। ਕੱਲ 10 ਵਜੇ ਹੀ ਜਾਣਾ ਹੈ। ਤਰਸੇਮ ਸਿੰਘ ਕਹਿੰਦਾ ਸੀ ਸਵੇਰੇ ਆਉਣ ਦੀ ਕਾਹਲ਼ ਨਾ ਕਰਨ।

ਮੈਂ ਗੁਰਦੇਵ ਨੂੰ ਆਪਣੀ ਇਕ ਰੁਬਾਈ ਦੀ ਤੁਕ ਸੁਣਾਈ: ਤੇਰੇ ਨਾਲ ਬਹਾਰਾਂ ਸਾਨੂੰ ਤੂੰ ਸਤਿਗੁਰ ਮਨ ਭਾਣਾ। ਉਂਜ ਮੈਨੂੰ ਯਕੀਨ ਹੈ ਕੱਲ ਜਦੋਂ ਮੈਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਵਾਂਗਾ ਉਹ ਨੌ-ਬਰ-ਨੌ ਹੋਣਗੇ। ਉਨ੍ਹਾਂ ਦਾ ਮਨ ਬੜਾ ਮਜ਼ਬੂਤ ਹੈ ਤਨ ਭਾਵੇਂ ਕਿਸੇ ਤਰ੍ਹਾਂ ਬੁਖਾਰ ਦੇ ਕਾਬੂ ਆ ਗਿਆ ਹੈ।



Sri Satguru Jagjit Singh Ji Elibrary NamdhariElibrary@gmail.com

ਗੁਰਦੇਵ ਸਿੰਘ ਤੋਂ ਇਹ ਵੀ ਪਤਾ ਲਗਾ ਕਿ ਮਹਾਰਾਜ ਬੀਰ ਸਿੰਘ ਬੈਂਗਲੋਰ ਲਈ ਗੱਡੀ ਚੜ੍ਹਨ ਲਈ ਤਿਆਰ ਸਨ, ਜਦੋਂ ਉਨ੍ਹਾਂ ਨੂੰ ਸਟੇਸ਼ਨ ਤੇ ਖਬਰ ਮਿਲ ਗਈ ਸਤਿਗੁਰੂ ਜੀ ਦੇ ਬਿਮਾਰ ਹੋ ਕੇ ਦਿੱਲੀ ਪਰਤਣ ਦੀ। ਸੁ ਮਹਾਰਾਜ ਜੀ ਵੀ ਉਹਨੀਂ ਪੈਰੀਂ ਵਾਪਸ ਕੋਠੀ ਆ ਗਏ।

ਅੱਜ ਰਾਤ ਮਸਾਂ ਹੀ ਗੁਜ਼ਰੇਗੀ। ਪਰ ਮੈਂ ਜੁ ਅਜ ਕਲ ਦਿਨ ਰਾਤ ਭਜਨ ਕਰ ਰਿਹਾ ਹਾਂ ਹੁਣ ਤੋਂ ਉਹ ਸ੍ਰੀ ਸਤਿਗੁਰੂ ਜੀ ਦੀ ਸਿਹਤ ਲਈ ਉਹਨਾਂ ਵਲ ਮੁੰਤਕਿਲ ਕਰ ਰਿਹਾ ਹਾਂ। ਥੱਲੇ ਗਲੀਚੇ ਤੇ ਮਾਤਾ ਚੰਦ ਕੌਰ ਜੀ ਗਰਮ ਲੋਈ ਦੀ ਬੁਕਲ ਮਾਰੀ ਬੈਠੇ ਸਨ। ਥੋੜ੍ਹੇ ਚਿਰ ਦੇ ਹੰਸਪਾਲ ਜੀ ਵੀ ਤਸ਼ਰੀਫ਼ ਰਖ ਰਹੇ ਸਨ। ਠਾਕਰਾਂ ਦੇ ਘਰੋਂ ਬੀਬੀ ਗੁਰਮੀਤ ਕੌਰ ਵੀ ਦੋਹਾਂ ਧੀਆਂ ਨਾਲ ਏਸੇ ਅੰਦਰ ਬੈਠੀ ਸੀ। ਨਿੰਜੀ ਸੇਵਕ ਬਲਦੇਵ ਸਿੰਘ ਵੀ ਦੀਵਾਰ ਨਾਲ ਢਾਸਣਾ ਲਾਈ ਬੈਠਾ ਸੀ।

ਸਤਿਗੁਰੂ ਜੀ ਮਨਚੰਦਾ ਨਾਲ ਗੱਲ ਬਾਤ ਕਰਦਿਆਂ ਕਾਫ਼ੀ ਖੇਚਲ ਮਹਿਸੂਸ ਕਰ ਰਹੇ ਸਨ। ਗੱਲ ਬਾਤ ਵਿਚ ਮਨਜਿੰਦਰ ਸਿੰਘ ਨੂੰ (ਟੋਰਾਂਟੋ ਜਾਂ ਡੁਬਈ) ਭੇਜਣ ਦਾ ਜ਼ਿਕਰ ਸੀ। ਸੰਤ ਰੇਸ਼ਮ ਸਿੰਘ ਮਸਤਾਨੇ ਦਾ ਵੀ ਨਾਂ ਸੀ। ..ਸਤਿਗੁਰੂ ਜੀ ਮਨਚੰਦਾ ਨੂੰ ਇਕ ਵਾਰ ਭਾਰਤ ਬੁਲਾ ਰਹੇ ਸਨ ਫੇਰ ਭਾਵੇਂ ਟੋਰਾਂਟੋ ਚਲਾ ਜਾਵੇ। ਇਹ ਵੀ ਹੋ ਸਕਦਾ ਹੈ ਕਿ ਡੁਬਈ ਤਕ ਹੀ ਉਸਨੂੰ ਸਦਿਆ ਗਿਆ ਹੋਵੇ। ਮਨਚੰਦਾ ਦੀ ਪਤਨੀ ਜਣੇਪੇ ਲਈ ਟੋਰਾਂਟੋ ਭੇਜੀ ਗਈ ਸੀ। ਉਸਦੇ ਘਰ ਲੜਕਾ ਹੋਇਆ ਹੈ ਅਤੇ ਹੁਣ ਉਹ ਕੈਨੇਡਾ ਦੀ ਸਿਟੀਜ਼ਨਸ਼ਿਪ ਦਿਲਵਾਕੇ ਪਰਵਾਰ ਨੂੰ ਵਾਪਸ ਲਿਆਉਣ ਗਿਆ ਹੈ। ਟੈਲੀਫੋਨ ਤੇ ਰੇਸ਼ਮ ਸਿੰਘ ਗੱਲ ਕਰਨ ਲਗਾ ਤਾਂ ਕੋਰਡਲੈੱਸ ਸਕੱਤਰ ਨੂੰ ਦੇ ਦਿਤਾ ਗਿਆ... ਤੇ ਅਸੀਂ ਬਾਹਰ ਨਿਕਲ ਆਏ।

ਮੈਨੂੰ ਤੁਰਨ ਲਗਿਆਂ ਤਰਸੇਮ ਸਿੰਘ ਨੇ ਦਸਿਆ ਕਿ 7.1.86 ਨੂੰ ਜਦੋਂ ਸਵੇਰੇ ਸਵੇਰੇ ਆਗਰਾ ਪਾਸ ਪੁੱਜੇ ਤਾਂ ਗੁਰਦੁਆਰਾ ਤਾਲ ਸਰ ਦੇ ਮੁਖੀ ਸੰਤ ਸਾਧੂ ਸਿੰਘ ਮੇਨ ਸੜਕ ਉਤੇ ਸਤਿਗੁਰਾਂ ਦੀ ਇੰਤਜ਼ਾਰ ਵਿਚ ਸੜਕ ਤੇ ਖਲੋ ਸਨ। ਆਦਰ ਪੂਰਵਕ ਆਗ੍ਰਹਿ ਕਰਕੇ ਨਾਲ ਲੈ ਗਏ ਅਤੇ ਸਚੇ ਪਾਤਸ਼ਾਹ ਜੀ ਨੂੰ ਜੋੜਾ ਵੀ ਨਾ ਲਾਹੁਣ ਦਿਤਾ ਤੇ ਸੁਆਗਤ ਸਥਾਨ ਤਕ ਲੈ ਗਏ। ਸੱਚੇ ਪਾਤਸ਼ਾਹ ਜੀ ਨੇ ਨੇੜੇ ਜਾ ਕੇ ਜੋੜਾ ਉਤਾਰ ਪਊਏ ਪਾਏ ਤਾਂ ਸੰਤ ਸਾਧੂ ਸਿੰਘ ਕਹਿਣ ਲਗੇ: ਆਪ ਤਾਂ ਜੀ ਸਦਾ ਹੀ ਪਵਿਤਰ ਹੋ। ਜੋ ਕੁਝ ਆਪ ਜੀ ਨਾਲ ਲਗੇ ਸੋ ਵੀ ਪਰਮ ਪਾਵਨ। ..ਫੇਰ ਜਿਸ ਨਵੇਂ ਤਾਲਾਬ ਦੀ ਉਸਾਰੀ ਕਰਵਾਣ ਲਗੇ ਸਨ, ਉਸਦੀ ਇੱਟ ਸ੍ਰੀ ਸਤਿਗੁਰੂ ਜੀ ਕੋਲੋਂ ਲਵਾਕੇ ਮਿਸਤ੍ਰੀ ਨੂੰ ਕਹਿਣ ਲਗੇ, ਇਸਨੂੰ ਐਸੀ ਪੁਖ਼ਤਾ ਕਰੀਂ ਕਿ ਇਹ ਇੱਟ ਨਾ ਹਿੱਲੇ ਹੋਰ ਭਾਵੇਂ ਸਭ ਕੁਝ ਹਿੱਲ ਜਾਵੇ। ਸਾਧੂ ਸਿੰਘ ਜੀ ਨੇ ਬਹੁਤ ਪ੍ਰੇਮ ਕੀਤਾ। ਸਤਿਗੁਰੂ ਜੀ ਵਿਦਾ ਹੋਣ ਲਗੇ ਤਾਂ ਸੰਤਾਂ ਨੇ 1101 ਰੱਖ ਕੇ ਨਾਲ ਦਸਤਾਰ ਧਰ ਕੇ ਮੱਥਾ ਟੇਕਿਆ। ਸਤਿਗੁਰੂ ਜੀ ਨੇ 1 ਰੁਪਏ ਤੇ ਦਸਤਾਰ ਰਖ ਕੇ ਬਾਕੀ ਰਕਮ ਲੌਟਾਣੀ ਚਾਹੀ ਤਾਂ ਸੰਤਾਂ ਅਰਜ਼ ਕੀਤੀ: ਨਹੀਂ ਮਹਾਰਾਜ, ਇਹ ਨਹੀਂ ਹੋਵੇਗਾ। ਇਹ ਆਪ



Sri Satguru Jagjit Singh Ji Elibrary NamdhariElibrary@gmail.com

ਦੀਆਂ ਮੋਟਰਾਂ ਦਾ ਜਲਪਾਨ ਹੈ। ਅਤੇ ਸਤਿਗੁਰੂ ਜੀ ਦੀ ਗੱਡੀ ਚਲਦਿਆਂ ਪੈਦਲ ਨਾਲ ਚਲਦੇ ਸੜਕ ਤਕ ਆਏ ਤੇ ਫੇਰ ਅਰਜ਼ ਕੀਤੀ: ਜਦੋਂ ਵਾਪਸ ਆਓ ਫੇਰ ਵੀ ਸਾਨੂੰ ਨਿਵਾਜਣਾ। ਜਦੋਂ ਸਤਿਗੁਰੂ ਜੀ ਨੇ ਸੰਤਾਂ ਦੇ ਪ੍ਰੇਮ ਨਮ੍ਰਤਾ ਅਤੇ ਪਹੁੰਚ ਦੀ ਸ਼ਲਾਘਾ ਕੀਤੀ ਤਾਂ ਸੰਤ ਜੀ ਨੇ ਹੱਥ ਜੋੜ ਕੇ ਆਖਿਆ।

ਸੰਤ ਸਾਧੂ ਸਿੰਘ ਜੀ ਦੇ ਨਾਲ ਆਏ 25 ਸਰੀਰਾਂ ਨੂੰ ਸਿਰੋਪਾ ਵਜੋਂ ਪੀਲੇ ਪਟਕੇ ਦੇ ਕੇ ਆਦਰ ਭਾਉ ਕੀਤਾ:

ਸੰਤ ਤਰਸੇਮ ਸਿੰਘ ਦੱਸਿਆ ਇਸ ਵਾਰ ਨਾਲ 4 ਗੱਡੀਆਂ ਸਨ।

1. ਸ੍ਰੀ ਸਤਿਗੁਰੂ ਜੀ ਵਾਸਤੇ ਸੰਤ ਲਛਮਣ ਸਿੰਘ ਫਗਵਾੜਾ ਦੀ ਗੱਡੀ।

2. ਸੰਤ ਪ੍ਰੀਤਮ ਸਿੰਘ ਬਾਲੀ ਨਗਰ ਦੀ ਫੀਅਟ, ਉਸਦੇ ਵਡੇ ਲੜਕੇ ਦਲਬੀਰ ਸਿੰਘ ਨਾਲ।

3. ਸੰਤ ਮਹਿੰਦਰ ਸਿੰਘ ਬਾਲੀ ਨਗਰ ਦੀ ਜੀਪ, ਚਾਲਕ ਸ. ਜੰਗ ਬਹਾਦਰ ਸਿੰਘ।

4. ਅਤੇ ਸ. ਮੱਖਣ ਸਿੰਘ ਨਿਰਮਾਣ ਦੀ ਕਾਰ ਸ. ਰਜਿੰਦਰ ਸਿੰਘ ਦੀ ਡ੍ਰਾਈਵਰ ਸੇਵਾ ਨਾਲ।

ਬੁਖਾਰ ਆਗਰੇ ਤੋਂ ਹੀ ਹੋ ਗਿਆ ਸੀ। ਰਹਿਤਪੁਰੇ ਦਿਵਾਨ ਦੇ ਸਮੇਂ ਹੀ ਪੁੱਜੇ। ਦਿਵਾਨ ਵਿਚ ਦਰਸ਼ਨ ਦਿਤੇ। ਜਦੋਂ ਉਪਦੇਸ਼ ਕਰਨ ਦੀ ਵਾਰੀ ਆਈ ਤਾਂ ਕਮਜ਼ੋਰ ਸਿਹਤ ਦੇ ਬਾਵਜੂਦ 15 ਮਿੰਟ ਬਚਨ ਕੀਤੇ। ਤਰਸੇਮ ਸਿੰਘ ਨੇ ਕਿਹਾ, ਸਿਹਤ ਬਾਰੇ ਐਤਕਾਂ ਮੇਰੀ ਅਰਜ਼ ਮਨਜ਼ੂਰ ਕਰਕੇ ਤੁਰਤ ਵਾਪਸੀ ਲਈ ਦਿੱਲੀ ਨੂੰ ਚਾਲੇ ਪਾ ਦਿਤੇ ਗਏ। ਹਵਾਈ ਸਫਰ ਵੀ ਤਿਆਗ ਦਿਤਾ ਗਿਆ। ਰਾਤ ਨੂੰ 11 ਵਜੇ ਪੂਸਾ ਰੋਡ ਪੁੱਜੇ। ਅਤੇ ਡਾਕਟਰ ਮੁਸੱਰਫ਼ ਅਲੀ ਮੂਸਾ ਦਾ ਪ੍ਰੇਮ ਵੇਖੋ। ਉਸਦਾ ਅੱਜ ਜਨਮ ਦਿਨ ਸੀ। ਲੋਕ ਉਸਨੂੰ ਮੁਬਾਰਕਾਂ ਦੇਣ ਆ ਜਾ ਰਹੇ ਤੇ ਪਾਰਟੀ ਚਲ ਰਹੀ ਸੀ- ਪਰ ਉਸਨੂੰ ਸੂਚਨਾ ਦਿਤੀ ਗਈ ਕਿ 9 ਵਜੇ ਰਾਤੀਂ ਸਤਿਗੁਰੂ ਜੀ ਬੁਖ਼ਾਰ ਨਾਲ ਦਿੱਲੀ ਪਹੁੰਚ ਰਹੇ ਹਨ ਤਾਂ ਉਹ ਜਸ਼ਨਾਂ ਭਰਿਆ ਸਮਾਂ ਤਿਆਗ ਕੋਠੀ ਪਹੁੰਚ ਗਏ। ਦੋ ਘੰਟੇ ਬੇਚੈਨ ਇੰਤਜ਼ਾਰ ਕੀਤੀ। ਸਤਿਗੁਰੂ ਜੀ ਆਏ ਤਾਂ ਉਨ੍ਹਾਂ ਦੀ ਸੇਵਾ ਵਿਚ ਜੁਟ ਗਏ - ਰਾਤ ਵੀ ਏਥੇ ਹੀ ਸੁੱਤੇ।

ਤਰਸੇਮ ਸਿੰਘ ਨੇ 13.2.1986 ਦੀ ਰਾਈਆਂ ਵਿਖੇ ਬਸੰਤ ਮੇਲੇ ਦੇ ਸੰਬੰਧ ਵਿਚ ਮੇਰੇ ਦੁਆਰਾ ਸੰਤ ਬਲਬੀਰ ਸਿੰਘ ਜੀ ਨਿਰਮਲੇ ਡੇਰਾ ਸੰਤ ਪੁਰਾ ਵਾਲਿਆਂ ਨੂੰ ਖ਼ਬਰ ਦੇਣ ਅਤੇ ਰਾਈਆਂ ਵਿਚ ਪਧਾਰਨ ਦੀ ਬੇਨਤੀ ਕਰਨ ਅਤੇ ਬਲਬੀਰ ਸਿੰਘ ਰਾਹੀਂ ਸ੍ਰੀ 108 ਪੰ: ਸੁੱਚਾ ਸਿੰਘ ਮਹਾਰਾਜ 102 ਨੂੰ ਰਾਈਆਂ ਪਧਾਰਨ ਲਈ ਨਿਮੰਤ੍ਰਣ ਦੇਣ ਲਈ ਆਖਿਆ।

ਘਰ ਆਇਆ ਤਾਂ ਮੇਰੀ ਸ੍ਰੀਮਤੀ ਸੰਤ ਤਰਸੇਮ ਸਿੰਘ ਦੇ ਘਰ ਬੀਬੀ ਜਸਪਾਲ ਕੌਰ ਦੇ ਸੱਦੇ ਤੇ ਜਾਣ ਨੂੰ ਤਿਆਰ ਬੈਠੀ ਸੀ। ਬੀਬੀ ਜਸਪਾਲ ਸਤਿਗੁਰੂ ਜੀ ਦੀ



Sri Satguru Jagjit Singh Ji Elibrary NamdhariElibrary@gmail.com

ਸਿਹਤ ਬਹਾਲੀ ਲਈ ਭਜਨ ਦੀ ਵਰਨੀ ਕਰਵਾ ਰਹੀ ਸੀ। ਗੁਰਬਚਨ ਕੌਰ ਨੇ ਮੈਨੂੰ ਇਹ ਵੀ ਦੱਸਿਆ ਕਿ ਰਮੇਸ਼ ਨਗਰ ਦੀ ਸੰਗਤ ਨੇ ਸਤਿਗੁਰੂ ਜੀ ਨਮਿਤ ਅਖੰਡ ਪਾਠ ਵੀ ਰਖਵਾ ਦਿੱਤਾ ਹੈ।

ਜਿਉਂ ਜਿਉਂ ਦਿੱਲੀ ਦੇ ਨਾਮਧਾਰੀਆਂ ਨੂੰ ਸਤਿਗੁਰੂ ਜੀ ਦੀ ਮਾੜੀ ਸਿਹਤ ਦਾ ਪਤਾ ਲਗ ਰਿਹਾ ਹੈ, ਫਿਕਰ ਵੀ ਵਧਦਾ ਜਾ ਰਿਹਾ ਹੈ ਤੇ ਭਜਨ ਪੂਜਾ ਪਾਠ ਵੀ ਸ਼ੁਰੂ ਹੋ ਰਹੇ ਹਨ। ਕਿਉਂ ਨ ਹੋਣ ਹਰ ਨਾਮਧਾਰੀ ਦੀ ਧੜਕਣ ਸਤਿਗੁਰੂ ਜੀ ਹੀ ਤਾਂ ਹਨ।

ਜਾਂ ਮੈਂ ਦੋ ਵਜੇ ਦੇ ਕਰੀਬ ਡੇਰਾ ਸੰਤ ਪੁਰਾ, ਮਾਡਲ ਟਾਊਨ, ਦਿੱਲੀ ਵਿਖੇ ਪੁੱਜਾ ਤਾਂ ਮੈਨੂੰ ਸੰਤ ਬਲਬੀਰ ਸਿੰਘ ਨਿਰਮਲੇ, ਮੇਰੇ ਮਿਤ੍ਰ ਤਾਂ ਮਿਲ ਪਵੇ ਪਰ ਇਕ ਨਾ-ਪਸੰਦ ਸਮਾਚਾਰ ਵੀ ਸੁਣਨ ਨੂੰ ਮਿਲ ਪਿਆ। ਪੰਃ ਸੁੱਚਾ ਸਿੰਘ ਮਹਾਰਾਜ ਹਰਦੁਆਰ ਵਿਖੇ 28.12.85 ਦੇ ਪੂਰੇ ਹੋ ਚੁਕੇ ਸਨ ਅਤੇ ਸੰਤ ਬਲਬੀਰ ਸਿੰਘ ਤਾਂ ਹਰਦੁਆਰ ਅਗੋ ਵੀ ਹੋ ਆਏ ਹਨ ਤੇ ਹੁਣ ਵੀ 12.1.86 ਨੂੰ ਨਿਰਮਲ ਪੰਚਾਇਤੀ ਅਖਾੜਾ, ਕਨਖਲ ਹਰਦੁਆਰ ਵਿਖੇ ਦਸਤਾਰਬੰਦੀ ਅਤੇ ਫਿਰ 13.1.86 ਨੂੰ ਭੰਡਾਰੇ ਅਤੇ ਸ਼ਰਧਾਂਜਲੀ ਸਮਾਗਮ ਦੀ ਤਿਆਰੀ ਅਤੇ ਉਸ ਵਿਚ ਭਾਗ ਲੈਣ ਲਈ ਜਾ ਰਹੇ ਸਨ।

ਸੰਤ ਬਲਬੀਰ ਸਿੰਘ ਮੇਰਾ ਹਾਣ ਪਰਮਾਣ ਹਨ। ਉਹਨਾਂ ਦੇ ਬਿਸਤਰੇ ਤੇ ਇਕ ਹੋਰ ਸੁਮੱਧਰ, ਦੁਹਰੇ ਸਰੀਰ ਵਾਲੇ ਸਫੈਦ ਦਾੜ੍ਹੇ ਵਾਲੇ , ਚੋਖੇ ਬਿਰਧ ਦਿਸਦੇ ਸੱਜਣ ਬੈਠੇ ਸਨ, ਬਲਬੀਰ ਸਿੰਘ ਜੀ ਉਹਨਾਂ ਦੇ ਚਰਨਾਂ ਵਿਚ ਬੈਠੇ ਸਨ। ਪੁੱਛਣ ਤੇ ਪਤਾ ਲਗਾ ਕਿ ਇਹ ਸ੍ਰੀਮਾਨ ਸੰਤ ਗੁਰਮੁਖ ਸਿੰਘ ਮਹਾਰਾਜ ਸੇਵਾ ਪੰਥੀਏ ਹਨ ਜੁ ਗੁਃ ਟਿਕਾਣਾ ਸਾਹਿਬ ਪੰਜਾਬੀ ਬਾਗ ਦੇ ਸ੍ਰੀ ਮਹੰਤ ਹਨ। ਇਹ ਵੀ ਸੰਤ ਬਲਬੀਰ ਸਿੰਘ ਨੂੰ ਪੰਡਿਤ ਸੁੱਚਾ ਸਿੰਘ ਜੀ ਵਲੋਂ ਕੁਆਣ ਬੁਲਾਣ ਆਏ ਸਨ।

ਸੰਤ ਬਲਬੀਰ ਸਿੰਘ ਦੇ ਪੁੱਛਣ ਤੇ ਵੀ ਮੈਂ ਸਤਿਗੁਰਾਂ ਬਾਰੇ ਨਹੀਂ ਦਸਿਆ ਕਿ ਉਹ ਸ੍ਰੀ ਹਜ਼ੂਰ ਦੀ ਸਿਹਤ ਬਾਰੇ ਜਾਣਕਾਰੀ ਲਈ ਉਠ ਨੱਠਣ। ਸੰਤ ਜੀ ਮਾਤਾ ਚੰਦ ਕੌਰ ਜੀ ਦੇ ਗੋਤੀ (ਸਿੱਧੂ) ਅਤੇ ਉਨ੍ਹਾਂ ਦਾ ਮਾਣ ਭਣੇਵੀਂ ਦੇ ਤੌਰ ਤੇ ਕਰਦੇ ਹਨ।

## 10 ਜਨਵਰੀ 1986 ਸ਼ੁਕਰਵਾਰ
## ਨਵੀਂ ਦਿੱਲੀ

ਸਤਿਗੁਰਾਂ ਦੇ ਕੱਲ੍ਹ ਦੇ ਦਰਸ਼ਨਾਂ ਤੋਂ ਮੈਂ ਬਾਹਲਾ ਫਿਕਰਮੰਦ ਨਹੀਂ ਸਾਂ। ਤਰਸੇਮ ਸਿੰਘ ਦੇ ਦੱਸਣ ਮੁਤਾਬਕ ਬੁਖਾਰ 99 ਡਿਗਰੀ ਤਕ ਆ ਚੁਕਾ ਸੀ। ਪਰ ਅੱਜ ਜਦੋਂ ਮੈਂ 11 ਵਜੇ ਪਹੁੰਚਿਆ ਤਾਂ ਉਪਰ, ਸਤਿਗੁਰੂ ਜੀ ਦੇ ਕਮਰੇ ਦੇ ਬਾਹਰਵਾਰ, ਧੁੱਪੇ ਇਕ ਪੱਥਰ ਦਾ ਜਾਂ ਸੀਮੇਂਟਡ ਲੰਮਾ ਕੁੰਡ ਜਲ ਨਾਲ ਭਰਿਆ ਜਾ ਰਿਹਾ ਸੀ ਅਤੇ ਇਸ ਵਿਚ ਗਰਮ ਜਲ ਦੀਆਂ ਗਾਗਰਾਂ ਵੀ ਉਲਟਾਈਆਂ ਜਾ



Sri Satguru Jagjit Singh Ji Elibrary NamdhariElibrary@gmail.com

ਰਹੀਆਂ ਸਨ। ਮੈਨੂੰ ਦੱਸਿਆ ਗਿਆ ਇਸ ਵਿਚ ਕੋਈ ਦਵਾਈ ਮਿਲਾਈ ਗਈ ਹੈ ਜੁ ਸਰੀਰ ਤੇ ਪੈਦਾ ਹੋਏ ਧੱਫੜਾਂ ਆਦਿ ਨੂੰ ਸ਼ਾਂਤ ਕਰੇਗੀ। ਸ੍ਰੀ ਸਤਿਗੁਰੂ ਜੀ ਬਾਹਰ ਆਏ ਤਾਂ ਮੈਂ ਨਮਸਕਾਰ ਕਰ ਲਈ, ਪਰ ਸਭ ਲੋਕਾਂ ਨੂੰ ਅੰਦਰੋਂ ਬਾਹਰ ਕਰ ਦਿਤਾ ਗਿਆ। ਸਿਰਫ਼ ਪਹਿਰੇਦਾਰ ਅੰਗ ਰਖਿਅਕਾਂ ਦਾ ਜਥਾ ਹੀ ਏਧਰ ਓਧਰ ਦਿਸ ਰਿਹਾ ਸੀ। ਜਾਂ ਨਿੱਜੀ ਸੇਵਾਦਾਰ।

ਸੰਤ ਤਰਸੇਮ ਸਿੰਘ ਨੇ ਮੈਨੂੰ ਦਸਿਆ: ਸਤਿਗੁਰੂ ਜੀ ਦੇ ਸਰੀਰ ਤੇ ਐਲਰਜੀ ਦਾ ਪ੍ਰਭਾਵ ਹੈ। ਜਾਂ ਤੇ ਜੁ ਅਮ੍ਰਿਤਧਾਰਾ ਦੀਆਂ ਬੂੰਦਾਂ 4-5 ਵੇਰੀ ਲਈਆਂ ਗਈਆਂ ਉਹਨਾਂ ਦਾ ਪ੍ਰਤੀਕਰਮ ਹੈ ਜਾਂ ਕੋਈ ਹੋਰ ਕਾਰਨ।

ਤਾਂ ਵੀ ਸਤਿਗੁਰੂ ਜੀ ਨੇ ਟੱਬ ਵਿਚ ਬਾਥ ਕਰਨ ਤੋਂ ਪਹਿਲੋਂ ਅਮਰੀਕਾ ਤੋਂ ਆਏ ਸ. ਬਲਦੇਵ ਸਿੰਘ ਚਾਵਲਾ ਦਾ ਕੋਰਡਲੈੱਸ ਦੁਆਰਾ ਹਾਲ ਚਾਲ ਸੁਣਿਆ ਫੇਰ ਕਨਾਡਾ ਤੇ ਟੋਰਾਂਟੋ ਸ਼ਹਿਰ ਵਿਚੋਂ ਸ. ਰਣਜੀਤ ਸਿੰਘ ਬਾਜਵਾ ਦੀ ਕਾਲ ਸੁਣੀ।

ਮੈਨੂੰ ਸੰਤੋਖ ਸਿੰਘ ਚਾਵਲਾ ਨੇ ਦਸਿਆ ਕਿ ਬਲਦੇਵ ਸਿੰਘ ਹੁਰਾਂ ਦੀ ਇਕ ਘੋੜੀ ਨੇ ਅੱਜ ਹੀ, ਹੁਣ ਤੋਂ ਦੋ ਘੰਟੇ ਪਹਿਲਾਂ ਇਕ ਰੇਸ ਜਿੱਤੀ ਹੈ। ਪਹਿਲੇ ਨੰਬਰ ਤੇ ਆ ਕੇ ਅਤੇ ਉਸਨੂੰ ਇਨਾਮ ਦਾ 50,000 ਪ੍ਰਾਪਤ ਹੋਇਆ ਹੈ, ਸੱਚੇ ਪਾਤਸ਼ਾਹ ਕਿਰਪਾ ਕੀਤੀ ਹੈ। ਮੇਰਾ ਖਿਆਲ ਹੈ ਬਲਦੇਵ ਸਿੰਘ ਚਾਵਲਾ ਨੇ ਏਸੇ ਜਿੱਤ ਦੀ ਸੂਚਨਾ ਸਤਿਗੁਰੂ ਜੀ ਨੂੰ ਦੇ ਕੇ ਆਸ਼ੀਰਵਾਦ ਪ੍ਰਾਪਤ ਕੀਤੀ ਹੋਵੇਗੀ।

ਤਰਸੇਮ ਸਿੰਘ ਤੋਂ ਇਹ ਸੁਣਕੇ ਮੈਨੂੰ ਬਹੁਤ ਖੁਸ਼ੀ ਹੋਈ ਕਿ ਸਤਿਗੁਰੂ ਜੀ ਦੇ ਸੇਵਕ ਬਲਦੇਵ ਸਿੰਘ ਅਤੇ, ਖਜ਼ਾਨਚੀ ਮਹਿੰਦਰ ਸਿੰਘ ਪੂਰਬਾ ਦੀ ਉਸਨੇ ਸੁਲਹ ਕਰਵਾ ਦਿੱਤੀ ਹੈ। ਦੋਹਾਂ ਨੇ ਇਕ ਦੂਜੇ ਦੇ ਪੈਰੀਂ ਹੱਥ ਲਾ ਕੇ ਅੰਦਰਲਾ ਮਨ ਮੁਟਾਵ ਤਿਆਗ ਦਿਤਾ ਹੈ। ਪਹਿਲਾਂ ਇਹਨਾਂ ਦਾ ਪਰਸਪਰ ਵਿਰੋਧ ਇਕ ਦੂਜੇ ਨਾਲ ਨਾ-ਬੋਲਣ ਤਕ ਪੁੱਜਾ ਹੋਇਆ ਸੀ। ਸ੍ਰੀ ਸਤਿਗੁਰੂ ਜੀ ਦੋਹਾਂ ਦੇ ਸੁਭਾਵ ਦੇ ਅਨਮੋਲ ਪੱਖਾਂ ਨੂੰ ਵੀ ਜਾਣਦੇ ਸਨ ਤੇ ਮੇਲ ਵਾਲੇ ਪੱਖਾਂ ਨੂੰ ਵੀ, ਪਰ ਉਹਨਾਂ ਦੀ ਸੇਵਾ ਵਿਚ ਕਿਸੇ ਤਰ੍ਹਾਂ ਦਾ ਫ਼ਰਕ ਨਹੀਂ ਸੀ ਆ ਰਿਹਾ। ਸ਼ਾਇਦ ਇਸੇ ਲਈ ਆਪ ਜੀ ਨੇ ਇਹਨਾਂ ਨੂੰ ਗੰਭੀਰਤਾ ਨਾਲ ਨਾ ਲਿਆ ਹੋਵੇ। ਪਰ ਸੰਤ ਤਰਸੇਮ ਸਿੰਘ ਨੇ ਤਾਂ ਦੋਹਾਂ ਪ੍ਰਚੰਡ ਸ਼ਕਤੀਆਂ ਨੂੰ ਇਕੋ ਥਾਂ ਬੰਨ੍ਹ ਬਹਾਲ ਦਿੱਤਾ।

ਸੁਣਿਆ ਹੈ ਬੀਤੀ ਰਾਤ ਸੁਖਵਿੰਦਰ ਸਿੰਘ ਪਿੰਕੀ ਬੰਬਈ ਤੋਂ ਆ ਕੇ ਗੁਰੂ ਦੇ ਚਰਨਾਂ ਵਿਚ ਹਾਜ਼ਰ ਹੋਇਆ ਸੀ ਅਤੇ ਆਸ਼ੀਰਵਾਦ ਲੈ ਕੇ ਉਸਤਾਦ ਅਮਜਦ ਅਲੀ ਖਾਂ ਦੇ ਇਕ ਪ੍ਰੋਗਰਾਮ ਵਿਚ ਸ਼ਾਮਲ ਹੋਇਆ, ਜਿਥੇ ਇਕ ਹੋਰ ਮੁਸਲਿਮ ਨੌਜਵਾਨ ਕਲਾਕਾਰ ਦਾ ਵੀ ਤਬਲਾ ਵਾਦਨ ਸੀ। ਦੋਹਾਂ ਨੇ ਉਸਤਾਦ ਅਮਜਦ ਅਲੀ ਖਾਂ ਨਾਲ ਵਜਾਇਆ। ਪਰ ਅੱਜ ਪਿੰਕੀ ਦੀ ਸ਼ੁਰੂਆਤ ਜ਼ੋਰਦਾਰ ਹੋ ਕੇ ਵੀ, ਵਾਦਨ ਫਿੱਕਾ ਰਿਹਾ। ਕਨਸਰਟ ਤੋਂ ਬਾਅਦ ਉਸਤਾਦ ਅਮਜ਼ਦ ਅਲੀ ਖਾਂ ਨੇ ਪਿੰਕੀ ਨੂੰ ਸਲਾਹ ਵਰਗੀ ਆਗਿਆ ਦਿਤੀ ਕਿ ਕੁਛ ਦਿਨ ਬੂਹੇ ਮਾਰਕੇ ਆਰਾਮ ਕਰੇ-ਬੇ ਆਰਾਮੀ ਤੇ ਨਿਰੰਤਰ ਵਾਦਨ ਨੇ ਉਸਨੂੰ ਥਕਾ ਛੱਡਿਆ ਹੈ।



Sri Satguru Jagjit Singh Ji Elibrary NamdhariElibrary@gmail.com

ਘਰ ਆਇਆਂ ਪਤਾ ਲੱਗਾ ਕਿ ਸ. ਸੰਤੋਖ ਸਿੰਘ ਸਾਜਨ ਅਤੇ ਸੰਤ ਹਰਭਜਨ ਸਿੰਘ ਪਰਵਾਨਾ ਸਾਡੇ ਘਰ ਆਏ ਸਨ ਤੇ ਬੈਂਕੋਕ ਦੇ ਪ੍ਰੋਗਰਾਮ ਬਾਰੇ ਮੇਰਾ ਪਾਸਪੋਰਟ ਲੈ ਗਏ ਹਨ।

## 11 ਜਨਵਰੀ 1986, ਸ਼ਨੀਵਾਰ
## ਨਵੀਂ ਦਿੱਲੀ

ਸਵੇਰੇ 10 ਵਜੇ ਮੈਂ ਬੜੀ ਆਸ ਨਾਲ ਪੂਸਾ ਰੋਡ ਕੋਠੀ ਗਿਆ। ਕੋਠੀ ਵਿਚ ਚੁੱਪ ਚਾਂ ਸੀ। ਕਮਰਿਓਂ ਕਮਰੀ ਫਿਰਿਆ। ਬੀਬੀ ਸੁਰਜੀਤ ਕੌਰ ਦੇ ਇਸ਼ਾਰੇ ਤੋਂ ਪਤਾ ਲਗਾ ਜਿਵੇਂ ਸਤਿਗੁਰੂ ਜੀ ਬਿਰਾਜੇ ਹੋਣ ਤਾਂ ਵੀ ਧੁਰ ਦੀ ਛੱਤੇ ਕੁਛ ਧੜਕਣ ਵੇਖ ਮੈਂ ਉਪਰ ਪਹੁੰਚ ਗਿਆ। ਦੀਨ ਦਿਆਲ ਇਕ ਵਿਛੇ ਮੰਜੇ ਤੇ ਧੁੱਪੇ ਬੈਠੇ ਹੋਏ ਸਨ, ਸਾਹਵੇਂ ਚੱਟਾਈਆਂ ਤੇ ਕੁਝ ਜ਼ਰੂਰੀ ਬੈਠੇ ਸਨਃ ਮਾਤਾ ਜੀ, ਸਕੱਤਰ, ਧਰਮ ਸਿੰਘ ਚਾਵਲਾ, ਸ਼ੇਰ ਸਿੰਘ ਚਾਵਲਾ, ਸੇਵਕ ਬਲਦੇਵ ਸਿੰਘ, ਸੰਤ ਕਪੂਰ ਸਿੰਘ ਭੈ:ਸਾ:, ਮੋਹਨ ਸਿੰਘ ਭੈ:ਸਾ:, ਸੰਤ ਕਿਰਪਾਲ ਸਿੰਘ ਬਸਤਰ ਸੇਵਕ, ਫੇਰ ਨਰਿੰਦਰ ਸਿੰਘ ਮਨਚੰਦਾ ਆ ਗਿਆ। ਠਾਕਰ ਦਲੀਪ ਸਿੰਘ ਪਹੁੰਚ ਗਏ। ਥੋੜੇ ਚਿਰ ਪਿਛੋਂ ਹੰਸਪਾਲ ਜੀ ਪਹੁੰਚ ਗਏ। ਕਾਂਗਰਸ ਆਈ ਲੁਧਿਆਣੇ ਦਾ ਇਕ ਲੀਡਰ, ਨਿਧਾਨ ਸਿੰਘ ਵੀ ਅਪੜ ਗਿਆ।

ਸਤਿਗੁਰੂ ਜੀ ਨੇ, ਪਿਛੇ ਤਿੰਨਾਂ ਦੇ ਆਉਣ ਤੋਂ ਪਹਿਲੋਂ, ਕੋਰਡਲੈੱਸ ਤੇ ਸ. ਹਰਭਜਨ ਸਿੰਘ ਔਰੰਗਾਬਾਦ ਨਾਲ ਗੱਲ ਕੀਤੀ, "ਹਾਂ, ਤਕਲੀਫ਼ ਤਾਂ ਬੜੀ ਜ਼ਬਰਦਸਤ ਆਈ ਸੀ, ਪਰ ਸਤਿਗੁਰਾਂ ਦੀ ਕਿਰਪਾ ਨਾਲ ਛੇਤੀ ਹੀ ਵਾਪਸ ਹੋ ਗਈ ਹੈ।" ਅਤੇ ਸੁਖ ਸਾਂਦ ਦੀ ਨਿੱਕੀ ਮੋਟੀ ਗੱਲ-ਬਾਤ ਦੇ ਬਾਅਦ ਇਸ਼ਾਰਾ ਕੀਤਾ ਫੋਨ ਤੇ : 4 ਤਿਆਰ ਕਰਕੇ 20 ਜਨਵਰੀ ਤਕ। ਕੋਰਡਲੈੱਸ ਤੇ ਗੱਲ ਠੀਕ ਤਰ੍ਹਾਂ ਅਗਲੇ ਪਾਸੇ ਸਮਝ ਨਹੀਂ ਸੀ ਆ ਰਹੀ ਜੋ ਸਤਿਗੁਰੂ ਜੀ ਨੇ ਸਕੱਤਰ ਤਰਸੇਮ ਸਿੰਘ ਨੂੰ ਕੋਰਡਲੈੱਸ ਫੜਾ ਦਿੱਤਾ: ਤੂੰ ਗੱਲ ਕਰ!

ਅਜੇ ਜੋ ਕੁਝ ਸਕਤਰ ਦੀ ਗੱਲ ਬਾਤ ਤੋਂ ਤਸਵੀਰ ਉਘੜੀ ਕਿ ਹਰਭਜਨ ਸਿੰਘ ਹੁਰਾਂ ਨੂੰ ਅਪ੍ਰੈਲ ਦੇ ਮਹੀਨੇ ਪੈਸੇ ਮਿਲਣੇ ਹਨ ਸਰਕਾਰੋਂ। ਐਸ ਵੇਲੇ ਤਾਂ ਇਕ ਦੇਣਾ ਵੀ ਬੜਾ ਮੁਸ਼ਕਲ ਹੈ। ਪਰ ਉਹਨਾਂ ਨੇ ਸਾਢੇ ਤਿਨ ਤਾਂ ਅਜੇ ਥੋੜੇ ਦਿਨ ਹੋਏ ਬੰਬਈ ਦਿਤਾ ਸੀ। ਪਰ ਇਹ ਰਕਮ ਕਿਸੇ ਹੋਰ ਮਕਸਦ ਵਾਸਤੇ ਸੀ।

ਸਤਿਗੁਰੂ ਜੀ ਏਥੇ ਕੋਲ ਬੈਠੇ ਬਲਜੀਤ ਸਿੰਘ ਨੂੰ ਅੱਜ ਦਾ ਸੁਪਨਾ ਸੁਣਾ ਰਹੇ ਸਨ ਕਿ ਉਹ ਸੁਪਨੇ ਵਿਚ ਉਸਦੇ ਕਮਰੇ ਦੇ ਕੋਲੋਂ ਦੀ ਲੰਘ ਰਹੇ ਸਨ ਕਿ ਬਲਜੀਤ ਸਿੰਘ ਦੀ ਤਾਰਸ਼ਹਿਨਾਈ ਦੀ ਬੇਸੁਰੀਆਂ ਸੁਰਾਂ ਸੁਣ ਉਹਨਾਂ ਤੱਮਕ



Sri Satguru Jagjit Singh Ji Elibrary NamdhariElibrary@gmail.com

ਨਾਲ ਮੂੰਹ ਫੇਰਿਆ ਤੇ ਜਾਗ ਆ ਗਈ। ਹੈਰਾਨੀ ਇਸ ਗੱਲ ਦੀ ਹੋ ਰਹੀ ਸੀ ਕਿ ਬਲਜੀਤ ਏਨਾ ਬੇਸੁਰਾ ਕਿਵੇਂ ਵਜਾ ਰਿਹਾ ਹੈ। ਉਹ ਧੌਣ ਸੁੱਟੀ ਸਾਰੀ ਸੁਪਨ ਲੀਲਾ ਸੁਣਦਾ ਰਿਹਾ।

ਸਮਾਂ ਵਿਚਾਰ ਕੇ ਮੈਂ ਰਾਤੀਂ ਸਾਜਨ-ਪਰਵਾਨਾ ਤੋਂ ਲਈ ਜਾਣਕਾਰੀ, ਕੌਣ ਕੌਣ ਥਾਈਲੈਂਡ ਜਾ ਰਿਹਾ ਤੇ ਪ੍ਰਤੀ ਵਿਅਕਤੀ ਕਿਨਾ ਸੰਭਾਵਤ ਖਰਚਾ ਹੈ, ਇਕ ਕਾਗਜ਼ ਤੇ ਲਿਖੀ, ਸ੍ਰੀ ਸਤਿਗੁਰੂ ਜੀ ਦੀ ਦ੍ਰਿਸ਼ਟੀਓਂ ਜਰਾ ਲਈ।

ਸ੍ਰੀ ਸਤਿਗੁਰੂ ਜੀ ਭਲੇ-ਚੰਗੇ ਸਵਾਸਥ ਦੇ ਮਾਲਿਕ ਦਿੱਸ ਰਹੇ ਸਨ। ਚਿਹਰੇ ਤੇ ਜ਼ਰਾ ਲੰਘ ਚੁਕੀ ਕਮਜ਼ੋਰੀ ਦੇ ਚਿਨ੍ਹ ਮੌਜੂਦ ਸਨ। ਪਰ ਸਤਿਗੁਰੂ ਹਨ ਨ ਅੰਮ੍ਰਿਤ ਵੇਲੇ ਦਾ ਇਸ਼ਨਾਨ ਨਹੀਂ ਤਿਆਗਿਆ। ਆਸਾ ਦੀ ਵਾਰ ਦਾ ਕੀਰਤਨ ਰੋਜ਼ਾਨਾ ਕੋਠੀ ਵਿਚ ਸੁਣਿਆ। ਅਤੇ ਅੱਜ ਸਮੁਚੀ ਸੰਗਤ ਨੂੰ ਦਰਸ਼ਨ ਦੇਣ ਰਮੇਸ਼ ਨਗਰ ਧਰਮਸਾਲਾ ਜਾਣ ਦਾ ਪ੍ਰੋਗਰਾਮ ਹੈ।

ਸੰਤ ਤਰਸੇਮ ਸਿੰਘ ਨੇ ਮੇਰਾ ਭਾਰਤੀ ਜੀ ਨਾਲ ਹਰਦੁਆਰ ਜਾਣਾ ਸੁਣ ਕੇ ਸਤਿਗੁਰਾਂ ਵਲੋਂ ਸ੍ਰੀ 108 ਪੰ: ਸੁੱਚਾ ਸਿੰਘ ਜੀ ਮਹਾਰਾਜ ਦੇ ਸ਼ਰਧਾਂਜਲੀ ਦਿਵਸ ਉਤੇ ਡੈਲੀਗੇਸ਼ਨ ਦਾ ਮੁੱਖੀ ਦੇ ਤੌਰ ਤੇ ਜਾਣ ਵਾਸਤੇ ਆਖਿਆ।

ਸੱਚੇ ਪਾਤਸ਼ਾਹ ਜੀ 11 ਵਜਦੇ ਨੂੰ ਸਾਮਾਨ ਸਮੇਟ ਹੇਠਾਂ ਆਪਣੇ ਆਰਾਮ ਕਮਰੇ ਨੂੰ ਚਲੇ। ਆਪ ਜੀ ਨੇ ਆਪਣੀ ਗਰਮ ਚੱਦਰ ਦੀ ਕੋਰ ਦੀ ਹਰੀ ਪੱਟੀ ਵੱਲ ਧਿਆਨ ਦੁਆਕੇ ਬਚਨ ਕੀਤਾ: ਤਰਸੇਮ ਸਿੰਘ ਕਹਿੰਦਾ ਹੈ ਇਹ ਨਹੀਂ ਹੋਣੀ ਚਾਹੀਦੀ। ਮੈਂ ਕਿਹਾ, ਇਹ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚੱਦਰ ਨੂੰ ਵੀ ਹੁੰਦੀ ਸੀ। ਮੈਂ ਅਜੇ ਉਨ੍ਹਾਂ ਤੋਂ ਅੱਗੇ ਨਹੀਂ ਜਾਣਾ ਚਾਹੁੰਦਾ। ਸਤਿਗੁਰੂ ਜੀ ਚੋਗੇ ਪਹਿਨਿਆ ਕਰਦੇ ਸਨ ਤੇ ਸਾਡੇ ਵਾਸਤੇ ਵਿਸ਼ੇਸ਼ ਬਣਵਾਇਆ ਕਰਦੇ ਸਨ ਪਰ ਮਹਾਰਾਜ ਜੀ ਨੇ ਇਸ ਵਾਰ ਕਿਹਾ ਸੀ ਕਿ ਇਹ ਚੋਗੇ ਤਾਂ ਹੁਣ ਚਪੜਾਸੀ ਵੀ ਪਾਈ ਫਿਰਦੇ ਹਨ। ਪਰ ਮੈਂ ਤਾਂ ਅਜੇ ਵੀ ਪਹਿਨ ਲੈਂਦਾ ਹਾਂ।

ਦੂਜੀ ਵਾਰ ਮੈਂ ਦਰਸ਼ਨ ਦਿਵਾਨ ਵਿਚ ਕੀਤੇ, ਰਮੇਸ਼ ਨਗਰ ਨਾਮਧਾਰੀ ਧਰਮਸਾਲਾ 4 ਤੋਂ 5 ਤੱਕ ਨਾਮ ਸਿਮਰਨ ਸੀ। ਸ੍ਰੀ ਸਤਿਗੁਰੂ ਜੀ ਦੋ ਗਰਮ ਚੱਦਰਾਂ ਦੀ ਬੁਕਲ ਮਾਰੀ ਆਸਣ ਤੇ ਸੁਸ਼ੋਭਤ ਸਨ। ਸਾਧ ਸੰਗਤ ਕੰਨੋ ਕੰਨੀਂ ਖਬਰ ਹੁੰਦਿਆਂ ਹਾਲ ਕਮਰੇ ਵਿਚ ਪਰੀਪੂਰਣ ਸੀ। ਅਤੇ ਨਾਮ ਸਿਮਰਨ ਉਪਰੰਤ ਕਲਾਕਾਰਾਂ ਨੇ ਗਾਇਆ: ਛਤ੍ਰਧਾਰੀ ਚੜੀ ਪਤਿ, ਅਤੇ ਹਰਿ ਹਰਿ ਨਾਮ ਨਿਧਾਨ ਹੈ। ਸਤਿਗੁਰੂ ਜੀ ਤਿਹਾਈਆਂ ਪੂਰੀ ਦਿਲਚਸਪੀ ਅਤੇ ਜ਼ੋਰ ਨਾਲ ਲਗਾ ਰਹੇ ਸਨ।

ਦਿਵਾਨ ਵਿਚ ਇਕ ਐਲਬਮ ਸਤਿਗੁਰੂ ਜੀ ਨੂੰ ਭੇਟ ਕੀਤੀ ਗਈ। ਇਸ ਵਿਚ ਸ੍ਰੀ ਸਤਿਗੁਰੂ ਜੀ ਦਾ ਹਾਪੜ-ਆਗਮਨ ਸੀ। ਦੇਖੋਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਡੇਰੇ ਦੇ ਮੁਖੀ ਸ੍ਰੀ ਸੇਵਾ ਰਾਮ ਜੀ ਸਤਿਗੁਰੂ ਜੀ ਨਾਲ ਬੜਾ ਸਨੇਹ ਕਰਦੇ ਸਨ ਅਤੇ ਸਕਤ੍ਰ ਨੇ ਦੱਸਿਆ ਕਿ ਸੰਤ ਸੇਵਾ ਰਾਮ ਜੀ ਦੀ ਸੰਗਤ ਵੀ ਬੜੀ ਅਨੁਸ਼ਾਸਤ ਹੈ।



Sri Satguru Jagjit Singh Ji Elibrary NamdhariElibrary@gmail.com

ਦੂਸਰਾ ਗੁਰੂ ਬਾਲਕ ਸਿੰਘ ਜੀ ਦਾ ਡੇਰਾ ਮੇਰਠ ਹੈ ਜਿਸਦੇ ਮੁਖੀ ਸ੍ਰੀ ਅਵਿਨਾਸ਼ੀ ਰਾਮ ਜੀ ਹਨ। ਇਹ ਐਲਬਮ ਹਾਪੁੜ ਵਿਖੇ ਸ੍ਰੀ ਸੇਵਾ ਰਾਮ ਜੀ ਦੇ ਡੇਰੇ ਦੇ ਸਮਾਗਮ ਅਤੇ ਸ੍ਰੀ ਸਤਿਗੁਰੂ ਜੀ ਦੇ ਸਤਿਕਾਰ ਨਾਲ ਸੰਬੰਧਤ ਸੀ।

ਸੱਚੇ ਪਾਤਸ਼ਾਹ 19.12.85 ਨੂੰ ਯੂ.ਪੀ ਦੇ ਦੌਰੇ ਦੇ ਆਰੰਭ ਵਿਚ ਹੀ ਹਾਪੁੜ ਅਤੇ ਮੇਰਠ ਦੇ ਗੁਰੂ ਬਾਲਕ ਸਿੰਘ ਜੀ ਦੇ ਨਾਮ ਨਾਲ ਚਲੇ ਡੇਰਿਆਂ ਵਿਖੇ ਦਰਸ਼ਨ ਦਿਤੇ।

ਸ਼ਬਦ ਕੀਰਤਨ ਦੇ ਅੰਤ ਤੇ ਆਸਾ ਦੀ ਵਾਰ ਤੇ ਨਾਮ ਸਿਮਰਨ ਦਾ ਪ੍ਰੋਗਰਾਮ ਕਲ੍ਹ ਵੀ ਏਥੇ ਹੋਵੇਗਾ, ਸ. ਭੁਪਿੰਦਰ ਸਿੰਘ ਭੁਰਜੀ ਦੁਆਰਾ ਐਲਾਨ ਕੀਤਾ ਗਿਆ। ਅਜੇ ਸਤਿਗੁਰੂ ਜੀ ਦੋ ਤਿੰਨ ਦਿਨ ਦਿੱਲੀ ਹੀ ਦਰਸ਼ਨ ਦੇਣਗੇ।

ਮੈਨੂੰ ਠਾਕਰ ਦਲੀਪ ਸਿੰਘ ਨੇ ਅੱਜ ਸਵੇਰੇ ਸਤਿਗੁਰਾਂ ਪਾਸ ਬੈਠਿਆਂ ਨਾਮਧਾਰੀ ਹਾਕੀ ਟੀਮ ਦੀ ਜਿੱਤ ਹਾਰ ਦੀ ਕਹਾਣੀ ਸੁਣਾਈ। ਨਾਰਥ ਜ਼ੋਨ ਦੇ ਹਾਕੀ ਮੈਚ ਦਾ ਵੇਰਵਾ ਦਸਦਿਆਂ ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰਾ ਯੂਨੀਵਰਸਿਟੀ ਵਿਚ ਸਾਡੀ ਟੀਮ ਦੇ 9 ਬੱਚੇ ਸਨ:

1. ਗੁਰਚਰਨ ਸਿੰਘ ਪੱਪੂ ਸਪੁਤ੍ਰ ਸੰਤ ਮੱਘਰ ਸਿੰਘ ਜੀਵਨ ਨਗਰ ਸਰਸਾ
2. ਬੱਗਾ ਸਿੰਘ ਸਪੁਤ੍ਰ ਜਥੇਦਾਰ ਮੇਵਾ ਸਿੰਘ ਸੰਤ ਨਗਰ ਸਰਸਾ
3. ਧਿਆਨ ਸਿੰਘ ਮੁਕਤਾ ਸੰਤ ਨਗਰ, ਸਰਸਾ
4. ਗੁਰਨਾਮ ਸਿੰਘ ਸਪੁਤ੍ਰ ਸੰਤ ਰਤਨ ਸਿੰਘ ਵਰਨ ਸੰਤ ਨਗਰ ਸਰਸਾ
5. ਦਰਸ਼ਨ ਸਿੰਘ ਸਪੁਤ੍ਰ ਜੀਤ ਲਾਲ ਸਿੰਘ ਕੰਬੋਜ
6 ਹਰਮਿੰਦਰ ਪਾਲ ਸਿੰਘ ਸਪੁਤ੍ਰ ਸੰਤ ਹਰਭਜਨ ਸਿੰਘ ਪਰਵਾਨਾ ਸੰਤ ਨਗਰ
7. ਦੀਦਾਰ ਸਿੰਘ ਕੱਕੜ ਸਪੁਤ੍ਰ ਸੰਤ ਸੰਤੋਖ ਸਿੰਘ ਸੰਤ ਨਗਰ
8. ਬਲਵਿੰਦਰ ਸਿੰਘ ਮੁਕਤਾ
9. ਜਸਵਿੰਦਰ ਸਿੰਘ ਮੁਕਤਾ

ਦਿੱਲੀ ਵਿਚ ਹੋਏ ਹਾਕੀ ਮੁਕਾਬਲਿਆਂ ਦਾ ਅੰਤ ਇਸ ਪਰਕਾਰ ਰਿਹਾ:

30.12.85 ਨੂੰ ਲਖਨਊ ਯੂਨੀਵਰਸਿਟੀ ਨਾਲ ਮੁਕਾਬਲੇ ਵਿਚ 4-3 ਤੇ ਜਿੱਤਿਆ।

1.1.86 ਨੂੰ ਅਲਾਹਾਬਾਦ ਯੂਨੀਵਰਸਿਟੀ ਨਾਲ ਮੁਕਾਬਲੇ ਵਿਚ 3-1 ਨਾਲ ਜਿੱਤਿਆ।

3.1.86 ਨੂੰ ਮੇਰਠ ਯੂਨੀਵਰਸਿਟੀ ਨਾਲ ਮੁਕਾਬਲੇ ਵਿਚ 9-3 ਤੇ ਜਿੱਤਿਆ।

ਪਰ 4.1.86 ਨੂੰ ਕੁਰੂਕਸ਼ੇਤਰਾ ਗੁਰੂ ਨਾਨਕ ਤੋਂ 2-0 ਤੇ ਹਾਰ ਗਈ।

ਫੇਰ ਕੀ ਹੋਇਆ ਅਜੇ ਉਮਰ ਗੁਰੂ ਹਰੀ ਸਿੰਘ ਕਾਲਿਜ ਦੀ 3 ਸਾਲ ਹੈ ਅਤੇ ਇਹਨਾਂ ਮੁਕਾਬਲਿਆਂ ਦਾ ਤਜਰਬਾ ਨਵਾਂ। ਤਿੰਨ ਯੂਨੀਵਰਸਿਟੀਆਂ ਜਿਤ ਕੇ ਜੇ ਗੁਰੂ ਨਾਨਕ ਤੋਂ ਹਾਰ ਗਏ ਤਾਂ ਫੇਰ ਕੀ ਹੋਇਆ।



Sri Satguru Jagjit Singh Ji Elibrary NamdhariElibrary@gmail.com

ਅੱਜ ਏਸੇ ਮੌਕੇ ਠਾਕਰ ਉਦੈ ਸਿੰਘ ਨੇ ਫੋਨ ਤੇ ਸ੍ਰੀ ਸਤਿਗੁਰੂ ਜੀ, ਮਾਤਾ ਜੀ ਅਤੇ ਆਪਣੇ ਵੱਡੇ ਵੀਰ ਦੇ ਕਰਨ ਦਰਸ਼ਨ ਕੀਤੇ!

ਸੰਤ ਤਰਸੇਮ ਸਿੰਘ ਨੇ ਦੱਸਿਆ ਕਿ ਬੈਂਕੋਕ ਦੇ ਡਾਨਮੌਂਗ ਏਅਰਪੋਰਟ ਤੇ ਤੁਹਾਨੂੰ ਲੈਣ ਆਉਣਗੇ ਪਿਰਥੀ ਪਾਲ ਸਿੰਘ। ਅੱਜ ਸ਼ਾਮ ਨੂੰ ਪ੍ਰਿਥੀਪਾਲ ਸਿੰਘ ਨੇ ਫੋਨ ਕਰਨਾ ਹੈ, ਉਸ ਨਾਲ ਇਸ ਜਥੇ ਦੇ ਜਾਣ ਦੀ ਗੱਲ ਕਰ ਦਿਆਂਗਾ।

ਮੇਰੇ ਨਾਲ ਰਮੇਸ਼ ਨਗਰ ਤੋਂ ਵਾਪਸ ਆਉਂਦਿਆਂ ਮੇਰੀ ਪਤਨੀ ਤੇ ਲੜਕੀ ਬੜੀਆਂ ਖੁਸ਼ ਸਨ। ਸੁਪਤਨੀ ਕਹਿਣ ਲਗੀ: ਸਤਿਗੁਰੂ ਜੀ ਨੇ ਦਿਵਾਨ ਤੋਂ ਉਠ ਕੇ ਜਾਣ ਸਮੇਂ, ਮੇਰੇ ਕੋਲੋਂ ਲੰਘਦਿਆਂ ਮੇਰੇ ਵਲ ਵੇਖ ਬਚਨ ਕੀਤਾ, ਹੁਣ ਮੈਂ ਸਿਹਤ ਵਲੋਂ ਠੀਕ ਹਾਂ ਅਤੇ ਏਨੇ ਸ਼ਬਦ ਨਾਲ ਮੇਰਾ ਪਰਵਾਰ ਰੰਗਿਆ ਰੰਗਿਆ ਘਰ ਆਇਆ।

## 12 ਜਨਵਰੀ 1986, ਐਤਵਾਰ
## ਹਰਿਦਵਾਰ ਯੂ.ਪੀ.

ਮਹਾਨ ਹਿੰਦੂ ਤੀਰਥ ਨਾਲ, ਸਿਖ ਪਰਵਾਰ ਵਿਚ ਜਨਮ ਲੈਣ ਕਰਕੇ ਹਰਿਦੁਆਰ ਨਾਲ ਸਾਡੀ ਸਾਂਝ ਨਹੀਂ ਰਹੀ। ਸਤਿਗੁਰੂ ਰਾਮ ਸਿੰਘ ਸੌ ਸਵਾ ਸੌ ਸਿੰਘਾਂ ਨਾਲ ਪਹਿਲੀ ਵਾਰ 1861 ਵਿਚ ਹਰਿਦੁਆਰ ਪਧਾਰੇ ਸਨ। ਅਤੇ ਕਾਫ਼ੀ ਦਿਨ ਰਹਿ ਉਨ੍ਹਾਂ ਕਈ ਕੌਤਕ ਕੀਤੇ। ਗੁਰੂ ਹਰੀ ਸਿੰਘ ਜੀ ਦਾ ਹਰਿਦੁਵਾਰ ਜਾਣਾ ਨਹੀਂ ਪੜ੍ਹਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੁੰਭ ਮੇਲਿਆਂ ਸਮੇਂ ਹਰਿਦੁਵਾਰ ਦਰਸ਼ਨ ਦਿੰਦੇ ਰਹੇ। ਆਪਜੀ ਦੇ ਡੇਰੇ ਨੂੰ ਕਨਖਲ ਦੇ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਦੇ ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਲੁੜੀਂਦੀ ਸਹਾਇਤਾ ਸਮੱਗਰੀ ਵੀ ਪ੍ਰਵਾਨ ਕਰਦੇ ਅਤੇ ਸਤਿਗੁਰੂ ਜੀ ਦਾ ਵੀ ਵਿਸ਼ੇਸ਼ ਆਦਰ ਸਨਮਾਨ ਕਰਦੇ। ਨਿਰਮਲੇ ਸਿਖਾਂ ਨਾਲ ਊਂ ਵੀ ਨਾਮਧਾਰੀਆਂ ਦੀ ਮਾਨਸਿਕ ਸਾਂਝ ਹੈ।

ਦੋ ਦਿਨ ਪਹਿਲਾਂ ਮੈਂ ਆਪਣੇ ਨਿਰਮਲੇ ਮਿਤ੍ਰ ਸੰਤ ਬਲਬੀਰ ਸਿੰਘ ਵਿਓਗੀ ਜੀ ਪਾਸੋਂ ਸ੍ਰੀ 108, ਪੰ: ਸੁੱਚਾ ਸਿੰਘ ਜੀ ਮਹਾਰਾਜ ਦਾ 102 ਸਾਲ ਦੀ ਉਮਰ ਭੋਗ ਕੇ ਸਰੀਰ ਸ਼ਾਂਤ ਹੋਣਾ ਸੁਣ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦੱਸ ਦਿਤਾ ਸੀ। ਸਤਿਗੁਰੂ ਜੀ ਵਲੋਂ ਇਕ ਡੈਲੀਗੇਸ਼ਨ ਨਵੇਂ ਸ੍ਰੀ ਮਹੰਤ ਜੀ ਦੀ ਪਗੜੀ ਦੀ ਰਸਮ ਸਮੇਂ ਜਾਣਾ ਨਿਸ਼ਚਿਤ ਹੋਇਆ, ਜਿਸਦਾ ਮੁਖੀ ਮੈਨੂੰ ਟਿੱਕਿਆ ਗਿਆ। ਡੈਲੀਗੇਸ਼ਨ ਤੇ ਕੱਲ੍ਹ ਨੂੰ ਤੁਰਨਾ ਜਾਂ ਅਜ ਕਿਸੇ ਮੌਕੇ ਚਲਣਾ ਸੀ, ਮੈਂ ਆਪਣੇ ਚਿਰ ਮਿਤ੍ਰ ਡਾ: ਅਮਰ ਭਾਰਤੀ ਨਾਲ ਅੱਜ ਹੀ ਸਵੇਰੇ 10 ਵਜੇ ਬਸ ਪਕੜ ਸ਼ਾਮੀ 4.30 ਵਜੇ ਹਰਿਦਵਾਰ ਪਹੁੰਚ ਗਿਆ।



Sri Satguru Jagjit Singh Ji Elibrary NamdhariElibrary@gmail.com

ਡਾ: ਅਮਰ ਭਾਰਤੀ ਨੇ ਪਹਿਲਾਂ ਹੀ ਆਪਣੇ ਮਾਨਸਿਕ ਗੁਰੂ ਸਵਾਮੀ ਮ੍ਰਿਤੂ ਅੰਜੇ ਕੋਲ ਪਹੁੰਚਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ ਜੁ ਹਰਿਦਵਾਰ ਦੇ ਇਕ ਪ੍ਰਸਿਧ ਤਾਂਤ੍ਰਿਕ ਹਨ।

ਸੰਤ ਬਲਬੀਰ ਸਿੰਘ ਜੀ ਵਿਓਗੀ ਨੂੰ ਜਾ ਕੇ ਅਸੀਂ ਅਖਾੜੇ ਵਿਚ ਮਿਲੇ। ਏਥੇ ਅਗੇ 200 ਦੇ ਕਰੀਬ ਪੰਜਾਬ ਅਤੇ ਦੇਸ਼ ਦੇ ਹੋਰ ਨਿਰਮਲੇ ਡੇਰਿਆਂ ਦੇ ਮਹੰਤ ਸਾਹਿਬਾਨ ਪਹੁੰਚੇ ਹੋਏ ਸਨ। ਸਾਨੂੰ ਇਹ ਖ਼ਬਰ ਵਿਓਗੀ ਜੀ ਤੋਂ ਹੀ ਸੁਣਨ ਨੂੰ ਮਿਲੀ ਕਿ ਸ੍ਰੀ ਮਹੰਤ ਦੇ ਤੌਰ ਤੇ ਪਟਨਾ ਮੈਣੀ ਸੰਗਤ ਦੇ ਮਹੰਤ ਸੰਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਨੂੰ ਟਿਕਿਆ ਗਿਆ ਹੈ। ਇਸ ਵਿਚ ਪਹਿਲ ਤੇ ਉਦਮ ਵੀ ਵਿਓਗੀ ਜੀ ਦਾ ਹੀ ਸੀ। ਇਹ ਮਾਲਵੇ ਦਾ ਸੰਧੂ ਜੱਟ ਵਿਦਵਾਨਾਂ ਵਿਚ ਵੀ ਸ੍ਰੇਸ਼ਟ, ਸੁਭਾਉ ਦਾ ਸਾਊ, ਸੇਵਕ ਤੇ ਉਦਾਰ ਹੈ। ਮੈਂ ਏਥੇ ਆ ਕੇ ਅਨੁਭਵ ਕੀਤਾ ਕਿ ਨਿਰਮਲੇ ਡੇਰੇ ਦਾਰਾਂ ਵਿਚ ਭਾਰੂ ਜੱਟ ਭਾਈਚਾਰਾ ਹੈ ਅਤੇ ਜੱਟਾਂ ਵਿਚੋਂ ਵੀ ਮਾਲਵੇ ਦੇ ਬਹੁਤੇ ਹਨ। ਸ੍ਰੀ ਮਹੰਤ ਦੀ ਚੋਣ ਵੀ ਮਲਵਈ ਦੇ ਆਧਾਰ ਤੇ ਹੀ ਚੁਣੇ ਗਏ।

ਸਾਨੂੰ ਵੇਖਕੇ ਸੰਤ ਬਲਬੀਰ ਸਿੰਘ ਜੀ ਬੜੇ ਪ੍ਰਸੰਨ ਹੋਏ ਅਤੇ ਅਸਾਂ ਉਹਨਾਂ ਨੂੰ ਦਸਿਆ ਕਿ ਕੱਲ੍ਹ ਦੇ ਸ਼ਰਧਾਂਜਲੀ ਦਿਵਸ ਵਿਚ ਸ਼ਾਮਲ ਹੋਣ ਲਈ ਸ੍ਰੀ ਸਤਿਗੁਰੂ ਜੀ ਅਤੇ ਨਾਮਧਾਰੀਆਂ ਦੀ ਪ੍ਰਤੀਨਿਧਤਾ ਲਈ ਮੈਨੂੰ ਭੇਜਿਆ ਗਿਆ ਹੈ। ਹੋਰ ਡੈਲੀਗੇਸ਼ਨ ਕਿਸੇ ਵੇਲੇ ਵੀ ਆ ਸਕਦਾ ਹੈ।

ਸੁਭਾਵ ਵੇਖੋ ਜਿਸ ਸਾਧਾਰਨ ਲੋਹੇ ਦੇ ਮੰਜੇ ਤੇ ਰਾਤੀਂ ਆਪਣੇ ਸਹਿਯੋਗੀਆਂ ਸ੍ਰੀ ਮਾਨ ਸੰਤ ਬਲਬੀਰ ਸਿੰਘ ਜੀ ਵਿਓਗੀ ਡੇਰਾ ਸੰਤਪੁਰ, ਮਾਡਲ ਟਾਊਨ ਦਿੱਲੀ ਅਤੇ ਸੰਤ ਗੁਰਦੀਪ ਸਿੰਘ ਜੀ ਕੇਸਰੀ ਬਨਾਰਸ, ਨਾਲ ਸ੍ਰੀ ਮਹੰਤ ਬਲਬੀਰ ਸਿੰਘ ਜੀ ਪਟਨਾ ਪਏ ਸਨ, ਅੱਜ ਰਾਤ ਦੇ ਵਿਸ਼ਰਾਮ ਲਈ ਮੈਨੂੰ ਮਿਲ ਗਿਆ ਅਤੇ ਵਿਓਗੀ ਜੀ ਵਾਲਾ ਭਾਰਤੀ ਜੀ ਨੂੰ। ਇਸ ਅਖਾੜੇ ਦੇ ਸਾਰੇ ਕਮਰੇ ਨਿਰਮਲੇ ਸੰਤਾਂ ਮਹੰਤਾਂ ਨਾਲ ਜਿਵੇਂ ਆਫਰੇ ਪਏ ਸਨ। ਰਾਤੀਂ ਬਿਸਤਰਿਆਂ ਦੀ ਤੋਟ ਆ ਗਈ। ਕਿਤੇ ਅੱਧੀ ਰਾਤੀਂ ਸ਼ਹਿਰੋਂ ਫੇਰ ਆਏ। ਸ੍ਰੀ ਮਹੰਤ ਅੱਜ ਦੀ ਰਾਤ ਸ੍ਰੀ ਵਿਓਗੀ ਜੀ ਅਤੇ ਹੋਰ ਨਿਰਮਲੇ ਸੰਤਾਂ ਨਾਲ ਉਪਰਲੇ ਹਾਲ ਜਿਥੇ ਸ੍ਰੀ 108 ਪੰ: ਸੁੱਚਾ ਸਿੰਘ ਜੀ ਮਹਾਰਾਜ ਵਿਰਾਜਿਆ ਕਰਦੇ ਸਨ, ਭੁੰਜੇ ਹੀ ਅੱਜ ਦੀ ਰਾਤ ਬਿਤਾਈ। ਸ੍ਰੀ ਮਹੰਤੀ ਦੀ ਜ਼ਿਮੇਵਾਰੀ ਤੇ ਸਵਰਗਾਸੀ ਸ੍ਰੀ ਮਹੰਤ ਦੇ ਆਦਰ ਵਿਚ ਮੰਜੇ ਤੇ ਸੌਣਾ ਵੀ ਤਿਆਗਣਾ ਪਿਆ।

ਡਾ: ਅਮਰ ਭਾਰਤੀ ਨੇ ਇਕ ਵਾਰ ਲੋਕਾਂ ਨੂੰ ਇਕ ਰਸਾਲੇ ਵਿਚ ਲਿਖਕੇ ਦੱਸਿਆ ਸੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਤਾਂ ਉਨ੍ਹਾਂ ਦੇ ਮਾਂ ਬਾਪ ਦੇ ਸਹੇੜੇ ਸਤਿਗੁਰੂ ਹਨ ਉਸਨੇ ਆਪਣੇ ਲਈ ਤਾਂਤ੍ਰਿਕ ਸਵਾਮੀ ਮ੍ਰਿਤੂਅੰਜੇ ਨੂੰ ਚੁਣਿਆ ਹੈ। ਅਤੇ ਮਿਤ੍ਰ ਹੋਣ ਦੇ ਨਾਤੇ ਮੈਨੂੰ ਭਾਵੇਂ ਇਸਦੀ ਇਹ ਕਰਨੀ ਉੱਕਾ ਨ ਜਚੀ, ਪਰ ਹਰ ਕੋਈ ਆਪਣੇ ਆਚਾਰ ਵਿਚਾਰ ਲਈ ਸੁਤੰਤਰ ਹੋਣ ਕਾਰਨ ਕਿਸੇ ਨੂੰ ਕੁਛ ਕਹਿ ਭੀ ਕੀ ਸਕਦਾ ਹੈ, ਖਾਸ ਕਰ ਪੜ੍ਹੇ ਲਿਖੇ ਵਿਅਕਤੀ ਨੂੰ।



Sri Satguru Jagjit Singh Ji Elibrary NamdhariElibrary@gmail.com

ਪਰ ਅੱਜ ਐਸਾ ਸਮਾਂ ਆ ਗਿਆ ਕਿ ਮੈਨੂੰ ਇਸ ਨਵੇਂ ਗੁਰੂ ਚੇਲੇ ਦੇ ਆਸ਼ਰਮ ਵਿਚ ਜਾਣਾ ਪਿਆ। ਸਵਾਮੀ ਜੀ ਦੀ ਅਜ ਕਲ ਚਰਚਾ ਮਨੋਹਰ ਕਹਾਣੀਆਂ ਮੈਗਜ਼ੀਨ ਵਿਚ ਚਲਾਈ ਗਈ ਹੈ। ਗੰਗਾ ਦੇ ਪਛਮੀ ਤਟ ਤੇ, ਜਿਥੋਂ ਉਹ ਭਾਰਤ ਦੇ ਵਿਸ਼ਾਲ ਮੈਦਾਨਾਂ ਵਿਚ ਅਵਤਰਣ ਕਰਦੀ ਹੈ ਮ੍ਰਿਤੁੰਜੈ ਜੀ ਦਾ ਇਕ ਛੋਟਾ ਜਿਹਾ ਆਸ਼ਰਮ ਹੈ ਜਿਸ ਵਿਚ 5-6 ਛੱਪਰ-ਕੁਟੀਆਂ ਹਨ ਦੋ ਕੁ ਪੱਕੇ ਪੂਜਾ ਸਥਾਨ ਅਤੇ ਸਮੁਚਾ ਕੁਝ ਇਕ ਵਾਟਿਕਾ ਦੇ ਤੌਰ ਤੇ ਜਚਦਾ ਹੈ। ਲੋਹੇ ਦੇ ਫ੍ਰੇਮਾਂ ਦੇ ਦੋ ਵੇਖ-ਸ਼ਾਲਾ ਦਰਸਾਉਂਦੇ ਗੋਲਾਕਾਰ, ਰਸੋਈ ਅਤੇ ਟੱਟੀਆਂ , ਸ਼ਨਾਨਗ੍ਰਹਿ। ਫਰਸ਼ ਸੰਗਮਰਮਰੀ ਜਾਂ ਚਿਪਸ ਜੜੇ, ਇਹਨਾਂ ਵਿਚੋਂ ਉਠਦੇ ਕਾਹੀ ਸਰਕੜੇ ਦੀਆਂ ਚਾਰ-ਪੰਜ ਕੁਟੀਆਵਾਂ। ਸਭਾ ਸਥਲ ਦੇ ਤੌਰ ਤੇ ਇਕ ਲੰਬਾ ਫਰਸ਼, ਜਿੱਥੇ ਕਿੱਥੇ ਕਲਾਮਈ ਆਯੋਜਨ। ਥੋੜ੍ਹੀ ਜਿਹੀ ਥਾਂ ਵਿਚ ਹੀ ਲੋਹੇ ਦੇ ਫ੍ਰੇਮਾਂ ਦੀਆਂ ਬੀਥੀਆਂ, ਫੁੱਲ-ਬੂੱਟੇ ਸਮੁਚੇ ਦ੍ਰਿਸ਼ ਨੂੰ ਮਾਨਸਿਕ ਅਨੰਦ ਦੀ ਭਰਪੂਰਤਾ ਬਖਸ਼ਣ ਵਾਲੇ।

ਮੈਂ ਸਵਾਮੀ ਜੀ ਨੂੰ ਭਾਰਤੀ ਨੂੰ ਆਪਣੀ ਯਾਤ੍ਰਾ-ਕਥਾ ਸੁਣਾਂਦਿਆਂ ਵੇਖ ਸਾਰੇ ਚੁਗਿਰਦੇ ਨੂੰ ਜਾਂਚਿਆ-ਕੁਲ ਮਿਲਾਕੇ ਸੁੰਦਰਤਾ ਦਾ ਸਿਰਜਣ ਸੀ। ਸਵਾਮੀ ਜੀ ਦੇ ਅੰਦਰਲਾ ਹੁਸਨ ਬਾਹਰ ਦੀ ਦਿਖ ਵਿਚ ਪ੍ਰਤੱਖ ਸੀ। ਜਦੋਂ ਅਨ੍ਹੇਰੇ ਹੋਏ ਅਸੀਂ ਸਵਾਮੀ ਜੀ ਦੀ ਨਿਜ-ਕੁਟੀਆ ਵਿਚ ਗਏ ਤਾਂ ਕੱਖਾਂ ਕਾਨਿਆਂ ਦੀ ਕੁਟੀਆ ਵਿਚ ਤੰਤਰ-ਪਟ, ਦੇਵੀਆਂ ਦੀਆਂ ਮੂਰਤੀਆਂ ਅਤੇ ਹੋਰ ਹਿੰਦੂ ਦੇਵਤਿਆਂ ਦੇ ਚਿਤਰ ਸੁੰਦਰ ਦਿਖ ਦਿੰਦੇ ਵੇਖੇ।

ਸੰਤ ਜੀ ਨਾਲ ਗੱਲ ਕਰਦਿਆਂ ਮੈਂ ਆਖਿਆ:

1: ਤੁਹਾਡਾ ਇਹ ਆਯੋਜਨ ਭਾਵੇਂ ਅਤੀ ਸੁੰਦਰ ਹੈ ਪਰ ਕੀ ਤੁਸੀਂ ਗੰਗਾ ਕੰਢੇ ਦੀਆਂ ਅਨ੍ਹੇਰੀਆਂ, ਬਾਰਸ਼ਾਂ ਤੇ ਤੂਫਾਨਾਂ ਦੇ ਹੁੰਦਿਆਂ ਇਹਨਾਂ ਛੱਪਰਾਂ ਨਾਲ ਚਲ ਸਕੋਗੇ? ਤੁਹਾਡਾ ਸਮਾਂ ਅਤੇ ਸ਼ਕਤੀ ਇਹਨਾਂ ਦੀ ਮੁੜ-ਮੁੜ ਸਥਾਪਤੀ ਲਈ ਜਾਇਆ ਹੁੰਦੇ ਰਹਿਣਗੇ। ਸਵਾਮੀ ਜੀ ਬੋਲੇ: ਫਿਰ ਦੱਸੋ ਕੋਈ ਸੁਝਾਉ, ਕਿਵੇਂ ਕਰੀਏ? ਮੈਂ ਅਫਰੀਕਾ ਦੇ ਇਕ ਹੋਟਲ ਦਾ ਜ਼ਿਕਰ ਕਰ ਕੇ ਉਹਨਾਂ ਨੂੰ ਦੱਸਿਆ ਕਿ 5 ਤਾਰਾ ਹੋਟਲ ਵੇਖਣ ਚਾਖਣ ਨੂੰ ਪਿੰਡ ਦੀ ਇਕ ਸਾਧਾਰਨ ਹਵੇਲੀ ਜਾਪਦਾ ਸੀ। ਤੁਸੀਂ ਜੇ ਪੁਰਾਣਾ ਆਸ਼ਰਮ ਜੀਵਨ ਅੱਜ ਦੀ ਦੁਨੀਆਂ ਵਿਚ ਪੇਸ਼ ਕਰਨਾ ਚਾਹੁੰਦੇ ਹੋ ਤਾਂ ਇਸਦੀ ਪੁਖ਼ਤਗੀ ਦਾ ਪਹਿਲਾਂ ਖਿਆਲ ਕਰੋ। ਮੇਰਾ ਸੁਝਾਅ ਸਵਾਮੀ ਜੀ ਨੂੰ ਜਚ ਗਿਆ।

2.: ਦੂਜੀ ਗੱਲ ਜੁ ਮੈਂ ਕੀਤੀ ਉਹ ਕਾਫ਼ੀ ਕਰੜੀ ਪਰ ਯਥਾਰਥ ਸੀ। ਉਸ ਤੋਂ ਪਿਛੋਂ ਦੋਹਾਂ ਗੁਰੂ ਚੇਲੇ ਦੀਆਂ ਸਮਾਧੀਆਂ ਲਗ ਗਈਆਂ-ਉੱਤਰ ਕੋਈ ਨਹੀਂ ਸੀ। ਦਸ ਮਿੰਟ ਦੀ ਚੁੱਪ ਬਾਅਦ ਮੈਂ ਹੀ ਇਸ ਖਾਮੋਸ਼ੀ ਨੂੰ ਤੋੜਿਆ 'ਜ਼ਿੰਦਗੀ' ਨਾਮ ਦੇ ਇਹਨਾਂ ਦੇ ਇਕ ਸੁਝਾਉ ਮਨ ਤੇ ਇਸ ਭਾਵ ਦਾ ਕੁਛ ਲਿਖਿਆ ਸੀ ਕਿ ਐਸੇ ਬਣੋ ਕਿ ਜੇ ਸਾਰੇ ਤੁਹਾਡੇ ਵਰਗੇ ਬਣ ਜਾਣ ਤਾਂ ਦੁਨੀਆਂ ਹੋਰ ਸੁਹਣੀ ਹੋ ਜਾਵੇ ਤੇ ਇਕ ਦਿਨ ਈਸ਼ਵਰ ਆਪ ਚੱਲ ਕੇ ਆਵੇ ਇਹ ਵੇਖਣ ਲਈ। ਮੈਂ ਆਖਿਆ: ਕਥਨ ਅਤੀ ਸੁੰਦਰ



Sri Satguru Jagjit Singh Ji Elibrary NamdhariElibrary@gmail.com

ਤੇ ਮੰਨਣਯੋਗ ਹੈ-ਪਰ ਜੇ ਤੁਸੀਂ ਹੀ ਇਸਦੇ ਆਦਰਸ਼ ਹੋਵੋ ਤਾਂ ਸੰਸਾਰ ਦਾ ਵਿਨਾਸ਼ ਹੋ ਜਾਏ। ਕਿਸੇ ਦਿਨ ਕੁਛ ਵੀ ਵੇਖਣ ਨੂੰ ਨਾ ਮਿਲੇ! ਮੇਰਾ ਭਾਵ ਸੀ ਕਿ ਬਿਹੰਗਮ ਜੀਵਨ ਇਸ ਆਦਰਸ਼ ਦੀ ਪੂਰਤੀ ਨਹੀਂ ਕਰ ਸਕਦਾ, ਇਸਦਾ ਅਨੁਕਰਣ ਤਾਂ ਸੰਸਾਰ ਦੀ ਉਤਪਤੀ ਰੋਕ ਦੇਵੇ, ਫਿਰ ਕੌਣ ਈਸ਼ਵਰ ਅਤੇ ਕੌਣ ਮਨੁੱਖ।

ਸਵਾਮੀ ਜੀ ਦੇ ਆਸ਼ਰਮ ਵਿਚ ਅੱਜ ਮੈਨੂੰ ਚੰਨ ਦੂਜ ਦੇ ਦਰਸ਼ਨ ਹੋਏ। ਇਹ ਚੰਨ ਪਤਝੜ ਤੋਂ ਪ੍ਰਭਾਵਤ ਇਕ ਬਿਰਛ ਦੀ ਟਾਹਣੀ ਨਾਲ ਲਟਕਿਆ ਅਟਕਿਆ ਖੜਾ ਸੀ। ਪਰ ਇਕ ਗਲੋਂ ਮੇਰੇ ਲਈ ਹੈਰਾਨੀ ਭਰੀ ਸੀ ਕਿ ਇਸਦਾ ਉਪਰਲਾ ਹਿੱਸਾ ਤਾਂ ਇਕੋ ਸਿੰਗੀ ਦਰਸਾਂਦਾ ਸੀ ਜਦੋਂ ਕਿ ਹੇਠਲਾ ਕਾਂਟਿਆਂ ਵਾਂਗ ਦੋ ਸਿਰੇ ਵਖਾ ਰਿਹਾ ਸੀ।

ਸ਼ਹਿਰ ਤੋਂ ਦੂਰ ਸਵਾਮੀ ਜੀ ਨੇ ਆਪਣਾ ਇਹ ਕਲਪਨਾ ਚਿੱਤਰ ਸੁਹਣੀ ਤਰ੍ਹਾਂ ਸੰਜੋਇਆ ਹੋਇਆ ਸੀ। ਰਾਤੀਂ 8.15 ਵਜੇ ਅਸੀਂ ਮੁੜ ਕਨਖਲ ਅਖਾੜੇ ਵਿਚ ਆ ਗਏ।

## 13 ਜਨਵਰੀ 1986, ਸੋਮਵਾਰ
## ਹਰਿਦੁਵਾਰ, ਯੂ.ਪੀ.

ਅੱਜ ਸਵੇਰੇ ਇਸ਼ਨਾਨ ਪਾਣੀ ਕਰਕੇ ਮੈਂ ਅਤੇ ਡਾ:ਅਮਰ ਭਾਰਤੀ ਹਰਕੀ ਪੌੜੀ ਵੱਲ ਨੂੰ ਰਿਕਸ਼ੇ ਤੇ ਗਏ। ਪਿਛੇ ਸ੍ਰੀ ਨਿਰਮਲ ਪੰਚਾਇਤਾ ਅਖਾੜਾ ਕਨਖਲ ਵਿਚ 8.30 ਵਜੇ ਤੋਂ ਭੋਗ ਪੈਣਾ ਸੀ ਤੇ ਫਿਰ ਸ਼ਰਧਾਂਜਲੀਆਂ ਸ਼ੁਰੂ ਹੋ ਜਾਣੀਆਂ ਸਨ। ਅਸੀਂ ਮਾਇਆਪੁਰੀ ਕਿ ਮਾਇਆ ਨਗਰ ਵਿਚ ਪਹੁੰਚੇ ਹੀ ਸਾਂ ਕਿ ਦੂਜੇ ਇਕ ਰਿਕਸ਼ੇ ਤੇ ਦੋ ਸਿਧੀਆਂ ਸਫੈਦ ਦਸਤਾਰਾਂ ਵਾਲੇ ਵਿਅਕਤੀ ਨਜ਼ਰ ਪਏ। ਸਾਨੂੰ ਤਸੱਲੀ ਤੇ ਖੁਸ਼ੀ ਹੋਈ ਪਰ ਇਹ ਕੇਵਲ ਦੋ ਹੀ ਕਿਉਂ ਨੇ ਚਾਰ ਜਾਂ ਪੰਜ ਕਿਉਂ ਨਹੀਂ? ਨੇੜੇ ਆਏ ਤਾਂ ਸ. ਹਰਮੀਤ ਸਿੰਘ ਟੋਕਰ ਅਤੇ ਸ. ਤੇਜਿੰਦਰਪਾਲ ਸਿੰਘ ਪਟਨਾ ਸਨ। ਇਹੋ ਦਿਲੀਓਂ ਆ ਸਕੇ ਸਨ। ਕਿਤੇ ਅੱਧੀ ਰਾਤ ਦੇ ਆਏ ਹੋਏ ਹੋਟਲ ਨਵੀਨ ਵਿਚ ਠਹਿਰੇ ਹੋਏ ਸਨ ਅਤੇ ਸਵੇਰੇ ਸਾਨੂੰ ਬੇਫਿਕਰ ਹੀ ਕਰਨ ਆਏ ਸਨ।

ਪਿਛੇ ਅਸੀਂ 11 ਵਜੇ ਤਕ ਵਕਤ ਲੈ ਆਏ ਸਾਂ, ਜੋ ਅਸੀਂ ਸਾਰੇ ਹੀ ਗੰਗਾ ਦੇ ਬੜੇ ਵਖਵੇਂ ਸੰਸ਼ੋਧਿਤ ਕਿਨਾਰਿਆਂ ਦਾ ਠਾਠ ਲੈਂਦੇ ਹੋਏ ਸਵਾਮੀ ਮਿਤ੍ਰਅੰਜੈ ਦੇ ਆਸ਼ਰਮ ਨੂੰ ਹੋ ਤੁਰੇ। ਮੈਂ ਜਲ ਵਰਤ ਕੇ ਆਇਆ ਤਾਂ ਆਸ਼ਰਮ ਵਾਟਿਕਾ ਦੀ ਸੁੰਹਦੀ ਸੁੰਹਦੀ ਧੁਪੇ ਸਵਾਮੀ ਜੀ ਪਾਸ ਬੈਠੇ ਮੇਰੇ ਸਾਥੀ ਛੋਲਿਆਂ ਦੀਆਂ ਘੁੰਘਣੀਆਂ ਛਕ ਰਹੇ ਸਨ।

ਸਵਾਮੀ ਜੀ ਨੇ ਮੇਰਾ ਮਧੁਰ ਮੁਸਕਾਨ ਨਾਲ ਸੁਆਗਤ ਕੀਤਾ ਤੇ ਕੁਛ ਹੋਰ ਗੱਲ ਬਾਤਾਂ ਦੇ ਨਾਲ ਇਹ ਵੀ ਕਿਹਾ ਕਿ ਨਾਮਧਾਰੀ ਸਿਖੋਂ ਕੀ ਔਛਾਈਓਂ ਕਾ ਅਵਿਸ਼ੇਸ਼



Sri Satguru Jagjit Singh Ji Elibrary NamdhariElibrary@gmail.com

ਹੈਂ। ਅਤੇ ਮੇਰੇ ਤੇ ਸਵਾਲ ਕੀਤਾ ਗੁਰੂ ਨਾਨਕ ਮਤ ਕੀ ਜੋ ਗਹਿਰਾਈ ਹੈ ਇਸਕੀ ਸਾਧਨਾ ਮੇਂ ਤੁਮ ਲੋਗੋਂ ਮੇਂ ਗੰਭੀਰਤਾ ਨਹੀਂ ਹੈ। ਮੈਂ ਛੁਟਦਿਆਂ ਹੀ ਕਿਹਾ: ਸਵਾਮੀ ਜੀ, ਯੇਹ ਸੀਧਾ ਸਾਧਾ ਰਾਸਤਾ ਹੈ ਗੁਰੂ ਨਾਨਕ ਮਤ ਹੈ। ਯੇਹ ਭਗਤੀ ਮਾਰਗ ਹੈ ਸੰਸਾਰਿਕ ਕਾਮ ਧੰਧੋਂ ਮੇਂ ਵਿਲਿਪਤ ਰਹਤੇ ਹੁਏ ਭੀ। ਯਹਾਂ ਤੋਂ ਸਿਮਰਨ ਕੀ ਮਹਾਨਤਾ ਹੈ। ਸੀਧੇ ਸਾਧੇ ਸਿਮਰਨ ਕੀ। ਤਾਕਿ ਜ਼ਿੰਦਗੀ ਹੀ ਪ੍ਰਫੁਲਿਤ ਰਹੇ ਔਰ ਈਸ਼ਵਰੀਯ ਗਿਆਨ ਭੀ ਇਤਨਾ ਜਟਿਲ ਨ ਹੋ ਜਾਇ ਕਿ ਲੋਗੋਂ ਕੀ ਉਸ ਕੀ ਗਹਿਰਾਈ ਮੇਂ ਜਾਤੇ ਜਾਤੇ ਜਾਨ ਨਿਕਲ ਜਾਇ।

ਭਾਰਤੀ ਜੀ ਨੇ ਸਵਾਮੀ ਜੀ ਨੂੰ ਦਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨਾਲ ਗੋਸ਼ਟ ਸਮੇਂ ਇੜਾ, ਪਿੰਗਲਾ, ਸੁਖਮਨਾ ਅਤੇ ਰੇਚਕ, ਪੂਰਕ, ਕੁੰਭਕ ਯੋਗਮਤ ਦੀਆਂ ਗੱਲਾਂ ਦਾ ਜ਼ਿਕਰ ਕੀਤਾ ਹੈ ਵੈਸੇ ਇਹ ਮਤ ਤਿਆਗੀਆਂ ਵੈਰਾਗੀਆਂ ਦਾ ਨਹੀਂ। ਮਾਇਆ ਵਿਚ ਉਦਾਸ ਰਹਿਣਾ ਹੀ ਇਸ ਮਤ ਦਾ ਸਾਰ ਹੈ।

ਸਵਾਮੀ ਜੀ ਤੋਂ ਛੁੱਟੀ ਲੈਂਦਿਆਂ, ਮੈਂ ਤੇ ਸਵਾਮੀ ਜੀ ਇਕ ਦੂਜੇ ਨੂੰ ਜਾਣਨ ਲਗ ਪਏ ਸਾਂ, ਉਨ੍ਹਾਂ ਨੇ ਕਿਹਾ: ਬਹੁਤ ਅਨੰਦ ਆਇਆ ਤੁਹਾਨੂੰ ਮਿਲਕੇ? ਦਿਲਚਸਪ ਵਿਅਕਤੀ ਹੋ। ਮੈਂ ਉਤਰ ਦਿਤਾ: ਆਦਮੀ ਨੂੰ ਆਨੰਦ ਉਦੋਂ ਹੀ ਆਉਂਦਾ ਹੈ ਜਦੋਂ ਅਗਲੇ ਪਾਸੇ ਵਿਚੋਂ ਆਪਣੇ ਆਪ ਦੇ ਦਰਸ਼ਨ ਕਰਨ ਲਗ ਪਏ।

ਨਾਲ ਹੀ ਮੈਂ ਕਾਮਨਾ ਕੀਤੀ: ਅੱਜ ਦਾ !ਇਹ ਸੀਮਤ ਆਸ਼ਰਮ, ਜਿਸਨੂੰ ਬਾਂਡੰਬਰ ਹੀਨ ਕਿਹਾ ਜਾ ਰਿਹਾ ਹੈ, ਕੱਲ ਨੂੰ ਵਿਸ਼ਾਲ ਹੋਵੇਗਾ ਤੇ ਵਿਸ਼ਾਲ ਅਡੰਬਰ ਵਾਲਾ!

ਕੱਲ ਦੀ ਗੱਲ ਬਾਤ ਚੋਂ ਇਕ ਪੁਆਇੰਟ ਰਹਿ ਗਿਆ ਅਤੇ ਨੰਬਰਾਂ ਵਲੋਂ ਇਹ ਪਹਿਲਾ ਹੀ ਸੀ। ਮੈਂ ਸਵਾਮੀ ਜੀ ਨਾਲ ਪਹਿਲੀ ਗੱਲ ਜੁ ਕੀਤੀ ਉਹ ਇੰਜ ਸੀ: ਅਸਲ ਵਿਚ ਜਿੰਨੀ ਸੁੰਦਰਤਾ ਅਸੀਂ ਤਸਵੀਰ ਵਿਚ ਵੇਖਦੇ ਹਾਂ, ਉਹ ਸੁਣਿਆਂ ਪਤਲੀ ਪੈ ਜਾਂਦੀ ਹੈ, ਅਤੇ ਵੇਖਿਆਂ ਤਾਂ ਉਕਾ ਹੀ ਸੰਕੁਚਿਤ ਹੋ ਜਾਂਦੀ ਹੈ। ਸਵਾਮੀ ਜੀ ਨੇ ਮੈਨੂੰ ਇਹਦੇ ਅਰਥ ਪੁਛੇ। ਮੁਮਕਿਨ ਹੈ ਉਹਨਾਂ ਨੂੰ ਆਪਣਾ ਚਿਹਰਾ ਅਤੇ ਫੋਟੋ ਦਾ ਪ੍ਰਭਾਵ ਨਜ਼ਰ ਆ ਰਹੇ ਹੋਣ- ਭਾਵੇਂ ਗੱਲ ਇਹ ਵੀ ਠੀਕ ਹੈ।

ਪਰ ਮੈਂ ਦੱਸਿਆ ਕਿ ਆਸ਼ਰਮ ਦੀਆਂ ਫੋਟੋ ਤੋਂ ਇਹਦੇ ਵਿਸਤਾਰ ਦਾ ਆਭਾਸ ਨਹੀਂ ਸੀ ਹੁੰਦਾ, ਜੋ ਕੁਛ ਸੁਣਿਆ ਸੀ ਉਸ ਤੋਂ ਜਾਪਦਾ ਸੀ ਕਿ ਆਸ਼ਰਮ ਅੰਤ ਆਸ਼ਰਮ ਹੈ ਕਾਫ਼ੀ ਖਿਲਾਰ ਹੋਵੇਗਾ ਅਤੇ ਜੋ ਵੇਖਿਆ ਹੈ ਤਾਂ ਸੁੰਦਰ ਭਾਵੇਂ ਫੋਟੋ ਤੋਂ ਵੀ ਹੋਵੇ ਪਰ ਵਿਸਤਾਰ ਉਕਾ ਹੀ ਨਹੀਂ। ਅਤੇ ਮੈਂ ਸਵਾਮੀ ਜੀ ਨੂੰ ਆਪਣੀ ਕਲਪਣਾ ਦਾ ਸੰਕੇਤ ਦਿਤਾ ਆਡੰਬਰ ਹੀਨਤਾ ਤੋਂ ਬੰਦਾ ਡਰਦਾ ਹੈ ਪਰ ਅੰਤ ਜਿਸਨੇ ਵਿਆਪਕ ਹੋਣਾ ਹੁੰਦਾ ਹੈ, ਆਡੰਬਰ ਉਸਦੇ ਦੁਆਲੇ ਇਕਤਰ ਹੋ ਜਾਂਦੇ ਹਨ।

ਕੁਲ ਮਿਲਾਕੇ ਸਵਾਮੀ ਜੀ ਮ੍ਰਿਦੁਲ ਸੋਮਿਆਂ, ਧੀਰਜਵਾਨ ਅਤੇ ਚਤੁਰ ਪੁਰਸ਼ ਹਨ। ਰਾਜ ਘਰਾਣੇ ਚੋਂ ਆਇਆ ਵਿਅਕਤੀ ਸੁੰਦਰ ਆਲੇ ਦੁਆਲੇ ਬਿਨਾ ਕਿਥੂ ਰਹਿ



Sri Satguru Jagjit Singh Ji Elibrary NamdhariElibrary@gmail.com

ਸਕੇ। ਭਾਰਤੀ ਜੀ ਨੂੰ ਸਵਾਮੀ ਜੀ ਕਹਿ ਰਹੇ ਸਨ: ਮੇਰੇ ਅੰਦਰ ਕੁਛ ਐਸਾ ਹੈ, ਜੁ ਫੁਟਣਾ ਲੋੜਦਾ ਹੈ, ਮੈਨੂੰ ਅਜੇ ਪਤਾ ਨਹੀਂ ਲਗਦਾ ਉਹ ਕੀ ਹੈ ਤੇ ਕੀ ਨਹੀਂ।

10.45 ਤਕ ਅਸੀਂ ਕਨਖਲ ਨਿਰਮਲ ਅਖਾੜੇ ਵਿਚ ਪਹੁੰਚ ਗਏ। ਗ੍ਰੰਥ ਸਾਹਿਬ ਜੀ ਦੇ ਪਾਸ ਸ੍ਰੀ ਮਹੰਤ ਜੀ ਬੈਠੇ ਸਨ। ਉਹਨਾਂ ਦੇ ਗਿਰਦ ਬਾਹਰੋਂ, ਦੇਸ਼ ਅਤੇ ਪੰਜਾਬ ਵਿਚੋਂ ਪਧਾਰੇ ਮਹੰਤਗਣ ਇਕਤਰ ਸਨ। ਅਨੇਕਾਂ ਵਿਦਵਾਨ ਸ੍ਰੀ 108 ਮਹੰਤ ਸੁੱਚਾ ਸਿੰਘ ਜੀ ਮਹਾਰਾਜ ਨੂੰ ਸ਼ਰਧਾਂਜਲੀਆਂ ਦੇ ਚੁਕੇ ਸਨ , ਅਤੇ ਇਹ ਕ੍ਰਮ ਜਾਰੀ ਸੀ। ਹੈੱਡ ਗ੍ਰੰਥੀ ਸਾਹਿਬ ਭਾਈ ਦਿਆਲ ਸਿੰਘ ਜੀ ਅਤੇ ਸ਼੍ਰੋ: ਗੁ:ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੋਹੜਾ ਦੇ ਪ੍ਰਤੀਨਿਧ ਭੀ ਆਏ ਹੋਏ ਸਨ। ਮੰਚ ਸੰਚਾਲਨ ਸੰਤ ਗੁਰਦੀਪ ਸਿੰਘ ਕੇਸਰੀ ਬਨਾਰਸ ਵਾਲੇ ਕਰ ਰਹੇ ਸਨ।

ਮੇਰਾ ਅਤੇ ਭਾਰਤੀ ਜੀ ਦਾ ਨਾਮ ਸਤਿਗੁਰੂ ਜੀ ਅਤੇ ਨਾਮਧਾਰੀ ਦਰਬਾਰ ਦੇ ਪ੍ਰਤਿਨਿਧ ਦੇ ਤੌਰ ਤੇ ਪੇਸ਼ ਕਰਕੇ ਮੈਨੂੰ ਬੁਲਾਇਆ ਗਿਆ। ਮੈਂ ਸ੍ਰੀ ਸਤਿਗੁਰੂ ਜੀ ਵਲੋਂ ਗੜਵਾ, ਮਾਲਾ, ਪਊਏ, ਗੁਟਕਾ, ਰੇਸ਼ਮੀ ਦਸਤਾਰ ਅਤੇ 101 ਰੁਪੈਆ ਸ੍ਰੀ ਮਹੰਤ ਜੀ ਨੂੰ ਸਮਰਪਤ ਕਰਨ ਉਪਰੰਤ ਪੰਜ ਕੁ ਮਿੰਟਾਂ ਵਿਚ ਸ੍ਰੀ ਸਤਿਗੁਰੂ ਜੀ ਦਾ ਸ੍ਰੀ ਮਹੰਤ ਪੰ: ਸੁੱਚਾ ਸਿੰਘ ਜੀ ਨੂੰ ਯਾਦ ਫਰਮਾਣਾ ਰਾਈਆ ਵਿਖੇ ਮਨਾਈ ਜਾਣ ਵਾਲੀ ਬਸੰਤ ਵਾਸਤੇ, ਸੰਤ ਬਲਬੀਰ ਸਿੰਘ ਜੀ ਵਿਯੋਗੀ ਤੋਂ ਸ੍ਰੀ ਮਹੰਤ ਜੀ ਦੇ ਚਲਾਣੇ ਦਾ ਪਤਾ ਲਗਣਾ ਅਤੇ ਨਵੇਂ ਸ੍ਰੀ ਮਹੰਤ ਜੀ ਦੇ ਪਦਵੀ ਸ਼ਸ਼ੋਭਤ ਹੋਣ ਸਮੇਂ ਸਤਿਗੁਰੂ ਜੀ ਵਲੋਂ ਮਾਣ ਦੇਣ ਇਹਨਾਂ ਵਸਤੂਆਂ ਦਾ ਭੇਜਣਾ ਦੱਸਕੇ ਸ੍ਰੀ ਮਹੰਤ ਸੰਤ ਬਲਬੀਰ ਸਿੰਘ ਸ਼ਾਸਤਰੀ ਪਟਨੇ ਵਾਲਿਆਂ ਨੂੰ ਮੁਬਾਰਕ ਦੇ ਨਿਮੰਤ੍ਰਿਤ ਕੀਤਾ ਰਾਈਆਂ ਵਿਖੇ ਮਨਾਈ ਜਾਣ ਵਾਲੀ 13.2.86 ਦੀ ਬਸੰਤ ਵਾਸਤੇ।

ਭਾਰਤੀ ਜੀ ਦਾ ਕਹਿਣ ਸੀ ਕਿ ਮੈਂ ਆਪਣੀ ਗੱਲ ਨੂੰ ਸੁਹਣੀ ਤਰ੍ਹਾਂ ਪੇਸ਼ ਕਰ ਸਕਿਆ ਹਾਂ।

ਸ. ਹਰਮੀਤ ਸਿੰਘ ਢੇਡਾ, ਸ੍ਰੀ ਤੇਜਿੰਦਰ ਪਾਲ ਸਿੰਘ ਅਤੇ ਮੈਂ ਤਾਂ 1.30 ਵਜੇ ਹੀ ਸ੍ਰੀ ਵਿਯੋਗੀ ਜੀ ਤੋਂ ਆਗਿਆ ਲੈ ਕੇ ਦਿੱਲੀ ਨੂੰ ਚਲ ਪਏ ਅਤੇ ਰਾਤੀਂ 8.15 ਤਕ ਅਤੇ 9.15 ਵਜੇ ਤੱਕ ਘਰੋਂ ਘਰੀ ਪੁੱਜ ਗਏ।

## 14 ਜਨਵਰੀ 1986, ਮੰਗਲਵਾਰ
## ਨਵੀਂ ਦਿੱਲੀ

ਆਸਾ ਦੀ ਵਾਰ ਦਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿਚ ਹੋਇਆ, ਪਰ ਮੈਂ ਗੁਰੂ ਦਰਸ਼ਨ ਕਰਨ ਲਈ ਨਾ ਜਾ ਸਕਿਆ।

ਜਦੋਂ 10.15 ਵਜੇ ਮੈਂ ਕੋਠੀ ਵਿਚ, ਪੂਸਾ ਰੋਡ ਪੁੱਜਾ, ਤਾਂ ਸਿੰਘ ਕਾਰਾਂ ਵਿਚ ਬੈਠੇ ਜਾਂ ਕੋਲ ਖਲੋਤੇ ਹੋਣ ਜਿਵੇਂ ਚੁਣੇ ਜਾਣ ਨੂੰ ਤਿਆਰ ਹੋਣ! ਪਰ ਸ੍ਰੀ ਸਤਿਗੁਰੂ ਜੀ



Sri Satguru Jagjit Singh Ji Elibrary NamdhariElibrary@gmail.com

ਮੈਨੂੰ ਕਿਤੇ ਨਜ਼ਰ ਨਾ ਪਏ ! ਫਿਰ ਮਨਚੰਦਾ ਨੂੰ ਅਵਾਜ਼ ਪਈ ਤਾਂ ਮੈਂ ਪਿੱਛਾ ਕੀਤਾ। ਉਸਨੇ ਹੇਠਲੇ ਹਾਲ ਵਿਚ ਦਾਖਲਾ ਕੀਤਾ ਪਰ ਬਾਰ ਭੀੜ ਦਿਤੇ ਗਏ, ਸਤਿਗੁਰੂ ਜੀ ਨਾਲ ਅੱਖਾਂ ਮਿਲੀਆਂ ਪਰ: ਉਹਨਾਂ ਦੀ ਇਕਾਂਤ ਲੋੜ ਨੂੰ ਮੁੱਖ ਰੱਖ, ਮੈਂ ਝਲਕ ਪਾ ਗੱਡੀਆਂ ਪਾਸ ਆ ਖਲੋਤਾ। ਥੋੜੇ ਚਿਰ ਪਿਛੋਂ ਮੈਨੂੰ ਵੀ ਅੰਦਰ ਬੁਲਾ ਲਿਆ ਗਿਆ। ਮੈਂ ਨਮਸਕਾਰ ਕਰ ਵੇਖਿਆ ਤਾਂ ਸਾਹਵੇਂ ਉਸਤਾਦ ਅਮਜਦ ਅਲੀ ਜੀ ਇਕ ਵਿਛੇ ਕਪੜੇ ਤੇ ਬੈਠੇ ਸਨ। ਉਹਨਾਂ ਨੇ ਨਮਸਕਾਰ ਕਰਨ ਲਗਿਆ ਆਖਿਆ: ਸਤਿਗੁਰੂ ਜੀ, ਆਪਨੇ ਸੰਗੀਤ ਵਲ ਤਵੱਜੋ ਦੇ ਕੇ ਇਸਦੀ ਰਖਿਆ ਕੀਤੀ ਹੈ। ਭਾਰਤ ਭਰ ਵਿਚ ਤਮਾਮ ਪੱਧਰਾਂ ਦੇ ਕਲਾਕਾਰ ਆਪ ਜੀ ਦੀ ਆਸ਼ਰੀਰਵਾਦ ਪ੍ਰਾਪਤ ਕਰਨ ਲਈ ਚਾਹੁੰਦੇ ਰਹਿੰਦੇ ਹਨ। ਆਪ ਆਪਣੀਆਂ ਕਾਨਫਰੰਸਾਂ ਜਾਂ ਨਿੱਜੀ ਹਜ਼ੂਰੀ ਵਿਚ ਹਰੇਕ ਘਰਾਣੇ ਦੇ ਸ਼ਾਸਤ੍ਰੀ ਸੰਗੀਤਕਾਰ ਨੂੰ ਨਿਵਾਜੋ। ਲੋਕ ਸਮਝਦੇ ਹਨ ਜਿਵੇਂ ਉਸਤਾਦ ਵਲਾਇਤ ਖਾਂ ਅਤੇ ਅਮਜਦ ਅਲੀ ਹੀ ਦੂਜਿਆਂ ਦਾ ਰਾਹ ਰੋਕੀ ਰਖਦੇ ਹਨ।

ਸ੍ਰੀ ਸਤਿਗੁਰੂ ਜੀ ਨਾਲ ਖਾਂ ਸਾਹਿਬ ਕੋਈ ਵਿਸ਼ੇਸ਼ ਹੀ ਗੱਲ ਕਰਕੇ ਹਟੇ ਸਨ। ਸੰਭਵ ਹੈ ਕਿਸੇ ਨਵੀਂ ਕਾਰ ਵਾਸਤੇ ਕੋਈ ਸਹੂਲਤ ਚਾਹ ਰਹੇ ਹੋਣ।

ਮੈਂ ਵੀ ਅਰਜ਼ ਕੀਤੀ: ਕਿਰਪਾ ਕੀਤੀ ਜੁ ਇਸ ਤਰ੍ਹਾਂ ਸਹਿਜ ਭਾ ਮੱਥਾ ਟੇਕਣ ਦਾ ਮੌਕਾ ਦਿਤਾ।

ਸਤਿਗੁਰੂ ਜੀ ਦੀ ਸਿਹਤ ਵਧੀਆ ਸੀ। ਮੈਨੂੰ ਕੈਮਰਾ ਯਾਦ ਆਇਆ। ਸੱਚੇ ਾਤਸ਼ਾਹ ਅੰਦਰੋਂ ਬਾਹਰ ਆਏ ਤਾਂ 25-30 ਇਕੱਤਰ ਹੋਏ ਨਰ ਨਾਰ ਨੇ ਨਮਸਕਾਰ ੀਤੀ। ਸਤਿਗੁਰੂ ਜੀ ਨੇ ਇਸੇ ਵੇਲੇ ਬਾਹਰ ਜਾਣ ਦਾ ਇਰਾਦਾ ਕਰ ਪੌੜੀਆਂ ਵਲ ਰੁਖ਼ ਕੀਤਾ ਅਤੇ ਤੁਰਤ ਸ਼ਨਾਨ ਕਮਰੇ ਵਿਚ ਪਹੁੰਚ ਗਏ।

ਅੱਜ ਬੀਬੀ ਗੁਰਮੀਤ ਕੌਰ ਆਪਣੀ ਧੀਆਂ ਦੀ ਜੋੜੀ ਅਤੇ ਬੀਬੀ ਪੂਰੋ ਨਾਲ ਜੀਵਨ ਨਗਰ ਨੂੰ ਚਲੇ ਗਏ। ਇਕ ਸਰੀਰ ਨੂੰ ਨਾਲ ਹਿਫਾਜਤ ਲਈ ਭੇਜਿਆ ਗਿਆ।

ਸਤਿਗੁਰੂ ਜੀ ਨੇ ਆਰਾਮ ਕਮਰੇ ਦੇ ਬਾਹਰ ਦੀ ਟੈਰੇਸ ਤੇ ਵਿਛੀ ਚੌਕੀਂ ਤੇ ਬੈਠ ਪ੍ਰਸ਼ਾਦ ਛਕਿਆ। ਮਾਤਾ ਜੀ ਸਭ ਕਾਸੇ ਦਾ ਧਿਆਨ ਰਖ ਰਹੇ ਸਨ। ਸੇਵਕ ਦਾਲ, ਸਬਜ਼ੀਆਂ, ਪ੍ਰਸ਼ਾਦਾ ਦੇਈ ਜਾ ਰਿਹਾ ਸੀ। ਸੱਚੇ ਪਾਤਸ਼ਾਹ ਜੀ ਦੇ ਪ੍ਰਸ਼ਾਦ ਛਕਦੇ ਛਕਦੇ ਮੈਂ ਸ੍ਰੀ ਨਿਰਮਲ ਪੰਚਾਇਤ ਅਖਾੜੇ ਵਿਚ ਨਵੇਂ ਸ੍ਰੀ ਮਹੰਤ ਨਾਲ ਸੰਬੰਧਤ ਅਤੇ ਸਵਾਮੀ ਮਿਤ੍ਰਅੰਜੈ ਬਾਰੇ ਰਿਪੋਰਟ ਕਰ ਦਿਤੀ।

ਸਤਿਗੁਰੂ ਜੀ ਪ੍ਰਸ਼ਾਦ ਛਕਦਿਆਂ ਹੀ ਨੁਮਾਇਸ਼ ਵੇਖਣ ਪ੍ਰਗਤੀ ਮੈਦਾਨ ਚਲੇ ਗਏ।

ਮੈਨੂੰ ਸੰਤ ਤਰਸੇਮ ਸਿੰਘ ਨੇ ਦੱਸਿਆ ਕਿ ਸੱਚੇ ਪਾਤਸ਼ਾਹ ਇਰਾਦਾ ਕਰ ਰਹੇ ਹਨ ਕਿ ਇਕ ਪੂਰਾ ਸਾਲ ਭੈਣੀ ਸਾਹਿਬ ਟਿਕ ਕੇ ਲਗਾਇਆ ਜਾਇ। ਕੱਲ੍ਹ ਦੀਨ ਦਿਆਲ ਵਾਰ ਦਾ ਭੋਗ ਪਾ ਕੇ 10-11 ਵਜੇ ਦੇ ਕਰੀਬ ਜਗਾਧਰੀ ਪਧਾਰਨਗੇ। ਸੰਤ



Sri Satguru Jagjit Singh Ji Elibrary NamdhariElibrary@gmail.com

ਅਮਰ ਸਿੰਘ ਜਮਨਾ ਨਗਰ ਸ਼ਾਇਦ ਦੇਸੇ ਵਾਸਤੇ ਦੋ ਦਿਨ ਪਹਿਲਾਂ ਆਏ ਹੋਏ ਸਨ।

ਮੇਰੇ ਪੁੱਛਣ ਤੇ ਸਕੱਤਰ ਨੇ ਦੱਸਿਆ ਕਿ ਮੇਰੀ ਲੜਕੀ ਜਸਕਿਰਨ ਦਾ ਅਨੰਦ ਕਾਰਜ ਬਸੰਤ-ਸਮਾਗਮ ਤੇ ਹੋ ਜਾਇਗਾ-ਮੈਂ ਨਿਸਚਿੰਤ ਰਹਾਂ।

ਸਤਿਗੁਰੂ ਜੀ ਨੇ ਫੋਟੋਗ੍ਰਾਫੀ ਵਿਚ ਠਾਕਰ ਦਲੀਪ ਸਿੰਘ ਜੀ ਦੇ ਸਾਬਕਾ ਸਹਾਇਕ ਅਤੇ ਮੌਜੂਦਾ ਤਬਲਾ ਵਾਦਕ ਨੂੰ ਪੰ: ਦੁਰਗਾ ਲਾਲ ਕੱਥਕ ਨ੍ਰਿਤਕਾਰ ਪਾਸ 10. 1. 86 ਨੂੰ ਮ੍ਰਿਦੰਗ ਦੀ ਸਿਖਿਆ ਲਈ ਸ਼ਾਗਿਰਦ ਬੈਠਾ ਦਿਤਾ ਹੈ। ਇਹ ਗੱਲ ਮੈਨੂੰ ਸਤਿਗੁਰੂ ਜੀ ਤੋਂ ਹੀ ਪਤਾ ਲਗੀ।

ਅੱਜ ਸਾਡੇ ਘਰ, ਮੇਰੇ ਮਿਤਰ ਸੰਤ ਮੰਗਲ ਸਿੰਘ ਲਾਇਲਪੁਰੀ ਦਾ ਲੜਕਾ ਕਰਤਾਰ ਸਿੰਘ ਪ੍ਰਾਗਰੈਸ ਪ੍ਰਿੰਟਰਜ਼ ਬਾਲੀ ਨਗਰ ਆਇਆ। ਜਦੋਂ ਮੈਂ ਉਸਤੋਂ ਉਸਦੀ ਪਤਨੀ ਦੇ ਹੁਣ ਦੇ ਅਚਾਰਨ ਬਾਰੇ ਪੁੱਛਿਆ ਤਾਂ ਉਸ ਕਿਹਾ: ਜਦੋਂ ਦਾ ਸਤਿਗੁਰੂ ਜੀ ਨੇ ਨਿਗਾਹ ਕੀਤੀ ਹੈ,ਉਦੋਂ ਤੋਂ ਉਸਦੇ ਸੁਭਾਅ ਵਿਚ ਨਰਮੀ ਆਈ ਹੈ, ਅਜੇ ਤਕ ਤਾਂ ਸ਼ਕਾਇਤ ਦਾ ਮੌਕਾ ਕੋਈ ਨਹੀਂ ਮਿਲਿਆ। ਅਤੇ ਉਸਨੇ ਸ੍ਰੀ ਸਤਿਗੁਰੂ ਜੀ ਫੈਸਲੇ ਵਾਲੇ ਦਿਨ ਮੁੜ ਬੁਲਾਵੇ ਦੀ ਡੀਟੇਲ ਦੱਸੀ। ਕਰਤਾਰ ਸਿੰਘ ਸੰਤ ਤਰਸੇਮ ਸਿੰਘ ਦੀ ਪਹੁੰਚ ਬਾਰੇ ਵੀ ਤਸੱਲੀ ਵਿਚ ਅਤੇ ਪ੍ਰਸੰਨ ਸੀ।

ਮੈਨੂੰ ਸੁਣਕੇ ਬਹੁਤ ਖੁਸ਼ੀ ਹੋਈ ਅਤੇ ਇਸ ਸੁਧਾਰ ਦੀ ਖਬਰੀਆ ਸਕੱਤਰ ਨੂੰ ਸਤਿਗੁਰੂ ਜੀ ਤਕ ਪੁਚਾਣ ਲਈ ਦੇ ਦਿਤੀ।

ਸ਼ਾਮ ਦੇ ਦਿਵਾਨ ਵਿਚ ਮੈਂ 4 ਤੋਂ 5 ਨਾਮ ਸਿਮਰਨ ਸਮੇਂ ਪੁੱਜਾ। ਸਾਰਾ ਹਾਲ ਸ੍ਰੀ ਸਤਿਗੁਰੂ ਜੀ ਦੀ ਸ਼ੋਭਾ ਨਾਲ ਜਗਮਗਾ ਰਿਹਾ ਸੀ। ਸਾਧ ਸੰਗਤ ਬੂਹਿਆਂ ਦੇ ਅਖ਼ੀਰ ਤਕ ਸੀ। ਅੱਜ ਪਿੰਡਾਂ ਚੋਂ ਕਈ ਸਿੰਘ ਵੀ ਆਏ ਵੇਖੇ। ਸੰਤ ਬਾਰਲੀ ਸਿੰਘ ਬੁੱਢੀ ਮਾੜੀ ਤਾਂ ਨਜ਼ਰ ਪਿਆ, ਸ਼ਾਇਦ ਸ. ਸਾਧੂ ਸਿੰਘ ਕਿਸਾਨ ਵੀ ਆਇਆ ਹੋਵੇ। ਅੱਜ ਬਹੁਤ ਸਾਰੇ, ਜੀਵਨ ਨਗਰ ਸਾਹਿਤ ਸਭਾ ਦੇ ਕਵੀ ਆਉਣੇ ਹਨ, ਸ਼ਾਇਦ ਉਹ ਵੀ ਆਏ ਹੋਣ।

ਸ੍ਰੀ ਰਾਮ ਜੀ ਮਿਸ਼ਰਾ ਤਾਂ ਪਰਵਾਰ ਸਮੇਤ ਹਾਜ਼ਰ ਸੀ। ਸ੍ਰੀ ਰਾਜਨ ਦੇ ਛੋਟੇ ਭਾਈ ਸ੍ਰੀ ਸਾਜਨ ਆਪਣੇ ਇਕ ਸਾਲ ਦੇ ਬੱਚੇ ਨੂੰ ਨਾਲ ਲੈ ਕੇ ਹਾਜ਼ਰ ਹੋਏ। ਉਸਨੂੰ ਸ਼ਰਧਾ ਸੰਜੁਗਤ ਮਥਾ ਟਿਕਾ, ਆਪ ਟੇਕ ਬੈਠਣ ਲਗੇ ਤਾਂ ਸੱਚੇ ਪਾਤਸ਼ਾਹ ਜੀ ਨੇ ਖੱਬੇ ਪਾਸੇ, ਸੇਵਕ ਦੀ ਜਗਹ ਤੇ ਇਸ਼ਾਰੇ ਨਾਲ ਬੈਠਾਏ। ਸਤਿਗੁਰੂ ਜੀ ਮੇਰੇ ਨਾਲ ਹਮਕਲਮ ਹੋਏ: ਜਦੋਂ ਐਸੇ ਐਸੇ ਕਲਾਕਾਰ ਦਿਵਾਨ ਵਿਚ ਹਾਜ਼ਰ ਹੁੰਦੇ ਤਾਂ ਸਤਿਗੁਰੂ ਜੀ ਦੀ ਕਿਰਪਾ ਹੀ ਚਮਤਕਾਰ ਕਰ ਰਹੀ ਜਾਪਦੀ ਹੈ।

ਕੀਰਤਨ ਦੀ ਸਮਾਪਤੀ ਬਾਦ ਸਤਿਗੁਰੂ ਜੀ ਨੇ ਹਰਭਜਨ ਸਿੰਘ-ਬਲਜੀਤ ਸਿੰਘ ਨੂੰ ਗੁਰਦੁਆਰੇ ਉੱਪਰ ਸੱਦਕੇ ਕੱਲ੍ਹ ਜਗਾਧਰੀ ਪਹੁੰਚਣ ਦਾ ਆਦੇਸ਼ ਦਿਤਾ ਕਿਉਂਕਿ ਸਤਿਗੁਰੂ ਜੀ ਨੇ ਕੱਲ੍ਹ ਰਾਤ ਤਕ ਜਗਾਧਰੀ ਪਧਾਰਨਾ ਹੈ।



Sri Satguru Jagjit Singh Ji Elibrary NamdhariElibrary@gmail.com

## 15 ਜਨਵਰੀ 1986, ਬੁੱਧਵਾਰ
## ਨਵੀਂ ਦਿੱਲੀ

ਸਵੇਰੇ ਆਸਾ ਦੀ ਵਾਰ ਰਮੇਸ਼ ਨਗਰ ਹੀ , ਗੁਰ ਕੀ ਹਜ਼ੂਰੀ ਵਿਚ, ਭਰਪੂਰ ਸੰਗਤ ਦੇ ਦਰਮਿਆਨ ਲੱਗੀ। ਰਾਤ ਦੇ ਸ. ਕੇਹਰ ਸਿੰਘ ਹਮਰਾਹੀ ਤੇ ਬਲਬੀਰ ਸਿੰਘ ਢਿਲੋਂ ਵੀ ਆ ਚੁਕੇ ਸਨ। ਅੱਜ ਸ੍ਰੀ ਸਤਿਗੁਰੂ ਜੀ ਪਾਸ ਸ: ਸਾਧੂ ਸਿੰਘ ਕਿਸਾਨ ਅਤੇ ਹਮਰਾਹੀ ਹੁਰੀਂ ਕੋਠੀ ਪਹੁੰਚ ਗਏ। ਪਤਾ ਲਗਾ ਕਿ ਸਤਿਗੁਰੂ ਜੀ 10 ਵਜੇ ਪੂਸਾ ਰੋਡ ਤੋਂ ਜਗਾਧਰੀ ਲਈ ਪ੍ਰਸਥਾਨ ਕਰ ਗਏ।

ਆਸਾ ਦੀ ਵਾਰ ਚੋਂ ਮੇਰੇ ਨਾਲ ਆਉਂਦਿਆਂ, ਸ. ਬਾਰਲੀ ਸਿੰਘ ਬੁੱਢੀ ਮਾੜੀ-ਵਹਿਮੀ ਸਪੁਤ੍ਰ ਨੇ ਦੱਸਿਆ ਕਿ ਰਾਤ ਉਹ ਕੋਠੀ ਪੂਸਾ ਰੋਡ, ਸਤਿਗੁਰੂ ਜੀ ਪਾਸ ਹੀ ਰਿਹਾ। ਰਾਤੀਂ ਓਥੇ ਸੰਗੀਤ ਦਾ ਆਯੋਜਨ ਸੀ। ਮੁੱਖ ਪ੍ਰੋਗਰਾਮ ਤਬਲਾ ਵਾਦਨ ਸੀ। ਸ੍ਰੀ ਰਾਮ ਜੀ ਮਿਸ਼ਰਾ ਦੇ ਤਬਲੇਵਾਦਨ ਦੀ ਬੜੀ ਪ੍ਰਸੰਸਾ ਕੀਤੀ ਬਲੀ ਸਿੰਘ ਨੇ। ਅਤੇ ਪਿੰਕੀ ਨੂੰ ਵੀ ਅਖੀਰ ਤੇ ਸੁਣਿਆ ਗਿਆ। ਬਲੀ ਸਿੰਘ ਕਿਹਾ: ਜੋ ਰਸ ਮਿਸ਼ਰਾ ਜੀ ਦੇ ਵਾਦਨ ਤੋਂ ਆਇਆ, ਉਹ ਪਿੰਕੀ ਤੋਂ ਪ੍ਰਾਪਤ ਨਹੀਂ ਹੋਇਆ।

ਨਾਮਧਾਰੀ ਸਾਹਿਤ ਸਭਾ ਦੇ ਹੇਠ ਲਿਖੇ ਕਵੀ ਤੇ ਦੋ ਸੱਜਣ ਹੋਰ ਅੱਜ ਥਾਈਲੈਂਡ ਜਾਣ ਦੀ ਤਿਆਰੀ ਵਿਚ ਜੁੱਟੇ ਰਹੇ:

1. ਸ. ਸਾਧੂ ਸਿੰਘ ਕਿਸਾਨ, ਬੁਢੀ ਮਾੜੀ, ਸਰਸਾ, ਲੁਧਿਆਣਾ।
2. ਮਾ: ਅਮਰੀਕ ਸਿੰਘ, ਅੰਮ੍ਰਿਤਸਰ ਕਲਾਂ,
3 ਸ. ਬਲਬੀਰ ਸਿੰਘ ਢਿਲੋਂ ਰਾਣੀਆਂ
4. ਸ. ਕੇਹਰ ਸਿੰਘ ਹਮਰਾਹੀ, 890, 7 ਫੇਜ਼ , ਮੁਹਾਲੀ, ਪੰਜਾਬ।
5. ਸ. ਹਰਭਜਨ ਸਿੰਘ ਪਰਵਾਨਾ, ਸੰਤ ਨਗਰ, ਸਰਸਾ, ਹਰਿਆਣਾ।
6. ਸੰਤ ਹਰਭਜਨ ਸਿੰਘ ਰਾਜਾ, " "
7. ਸੰਤ ਜੁਗਿੰਦਰ ਸਿੰਘ ਮੁਕਤਾ, " "
8. ਸੰਤ ਗੁਰਦਿਆਲ ਸਿੰਘ ਪ੍ਰੀਤ, " "
9. ਸੰਤ ਗੁਰਮੇਲ ਸਿੰਘ ਹੰਸ, " "
10. ਪ੍ਰੀਤਮ ਸਿੰਘ ਕਵੀ ਜੇ-3, 199 ਏ, ਰਾਜ਼ੌਰੀ ਗਾਰਡਨ, ਨਵੀਂ ਦਿੱਲੀ।
11. ਸ. ਖਜ਼ਾਨ ਸਿੰਘ ਖਾਰਾ, ਦਲੀਪ ਨਗਰ, ਨਾਈਵਾਲਾ, ਸਰਸਾ,
12. ਸ. ਸੰਤੋਖ ਸਿੰਘ ਸਾਜਨ, ਸੰਤ ਨਗਰ, ਸਰਸਾ, ਹਰਿਆਣਾ।

ਅਗਲੀਆਂ ਗੱਲਾਂ ਫੇਰ ਕਰਾਂਗੇ।

ਅਸੀਂ ਪ੍ਰਤੀ ਵਿਅਕਤੀ 4350/- ਟਿਕਟ, 6300/- ਡਾਲਰ; 500 ਵਾਸਤੇ ਖਰਚ ਕੀਤੇ। ਕੁਲ ਟਿਕਟ ਖਰਚ 52200.00 ਅਤੇ ਡਾਲਰਾਂ ਵਾਸਤੇ 75600/- ਇਕੱਤਰ ਕੀਤੇ। ਕੁਲ 127800/- ਅਦਾਇਗੀ ਕੀਤੀ।



Sri Satguru Jagjit Singh Ji Elibrary NamdhariElibrary@gmail.com

ੳ

ਓਂਕਾਰ ਸਿੰਘ - 21.
ਉਦੇ ਸਿੰਘ ਠਾਕੁਰ - 33, 34, 36, 39, 40, 41, 57, 64, 86, 226.
ਬੀਬੀ ਉਰਮਲਾ - 39, 56.
ਉਦੇ ਸਿੰਘ (ਸੂਬਾ) - 64, 70, 81, 102, 103, 106, 112, 113, 114, 122, 135, 145.
ਉਦੇ ਸਿੰਘ - 117.
ਉਜਾਗਰ ਸਿੰਘ - 121, 126.

ਅ

ਅਵਤਾਰ ਸਿੰਘ ਘੁੰਮਣ - 9, 10, 13, 34, 60, 140, 143, 146.
ਅਲੇਖ ਸਿੰਘ - 11.
ਅਜੈਬ ਸਿੰਘ - 12, 13.
ਆਤਮਾ ਸਿੰਘ ਸਨਖਤਰਾ - 10, 15, 19, 69.
ਅਵਤਾਰ ਸਿੰਘ - 10, 48, 59, 64, 80, 136, 154, 166, 170, 171, 177, 178, 181, 190, 212.
ਅਮਰ ਸਿੰਘ ਨਕੋੜਾ ਜੱਥੇਦਾਰ - 16, 22, 166.
ਅਜੀਤ ਸਿੰਘ ਚੀਮਾ - 21
ਅਮਰ ਸਿੰਘ - 22, 50, 62, 63, 86.
ਅਜੀਤ ਸਿੰਘ - 22, 23, 40, 49, 50, 74.
ਅਜੀਤ ਸਿੰਘ ਬਟਾਲਾ - 22.
ਅਮਰ ਕੌਰ ਢੋਟੀਆ - 29.
ਅਮਰੀਕ ਸਿੰਘ - 30, 31, 148, 149, 162, 167, 181, 234.
ਆਤਮਾ ਸਿੰਘ ਰਾਵਲਪਿੰਡੀ - 37, 130.
ਅਰਵੇਲ ਸਿੰਘ - 46, 51, 142.
ਅਮਰ ਕੌਰ - 49.
ਅਤਿੰਦਰਪਾਲ ਸਿੰਘ - 55.
ਅਜਮੇਰ ਸਿੰਘ - 68, 117.
ਅਨੰਤਾ ਸਿੰਘ - 79, 93, 94, 97, 98.
ਅਮਜਦ ਅਲੀ ਉਸਤਾਦ - 111, 222, 232.
ਅਰਜਨ ਸਿੰਘ - 133.
ਅਮਰ ਭਾਰਤੀ - 134, 141, 229.
ਐਸ. ਐਸ. ਮਨਧੀਰ - 136, 144, 155.
ਆਲਾ ਸਿੰਘ - 141.
ਅਰਵਿੰਦਰ ਸਿੰਘ - 160.
ਅਮਰੀਤ ਸਿੰਘ - 180.
ਅਮਰਜੀਤ ਸਿੰਘ - 180.
ਅਰਜਨ ਸਿੰਘ - 181.
ਅਮਰ ਸਿੰਘ ਜੱਥੇਦਾਰ - 195.
ਅਮਰਜੀਤ ਕੌਰ - 202.
ਆਤਮਾ ਸਿੰਘ - 216.

ੲ

ਇੰਦਰ ਸਿੰਘ ਗਿੱਲ - 10.
ਇੰਦਰਾ ਗਾਂਧੀ - 26, 30.




Sri Satguru Jagjit Singh Ji Elibrary NamdhariElibrary@gmail.com

ਹੀਸ਼ਰ ਸਿੰਘ - 72, 121, 122.

ਸ

ਸੁਰਅੰਮ੍ਰਿਤ ਸਿੰਘ (ਟਿਕਾ) - 10, 31, 100, 101, 110.
ਸੁਰਿੰਦਰ ਸਿੰਘ - 10, 182.
ਸੁਰਿੰਦਰ ਸਿੰਘ ਜੜਕੀਆ - 10.
ਸੁਰਤ ਸਿੰਘ - 11, 59, 64, 76, 121.
ਸੁਖਦੇਵ ਸਿੰਘ - 11, 60, 62, 64, 84, 104, 114, 117, 129, 131, 134.
ਸਵਰਨ ਸਿੰਘ - 11, 23, 54, 119.
ਸਵਰਨ ਸਿੰਘ ਸਨੇਹੀ - 12.
ਸੁਰਜੀਤ ਸਿੰਘ - 12, 21, 138, 146, 154, 202, 203.
ਸਾਧੂ ਸਿੰਘ ਕਿਸਾਨ - 14, 15, 233.
ਸਾਧੂ ਸਿੰਘ - 15, 18, 22, 49, 61, 62, 63, 64, 116, 119, 126, 127, 128, 129, 162, 219, 220, 234.
ਸੁਖਦੇਵ ਸਿੰਘ ਤੈ: ਸਾ - 16, 34, 63, 66, 80, 81, 101, 102, 147, 148, 177.
ਸੇਠ ਸੰਤੋਖ ਸਿੰਘ - 17, 36, 39, 57.
ਸੁਲੱਖਣ ਸਿੰਘ ਮੈਟਰੋਪੋਲੀਟਨ - 21, 32, 50, 153, 156.
ਸੰਤ ਸਿੰਘ - 21, 27, 29, 41, 47, 72
ਸੁਖਦਰਸ਼ਨ ਸਿੰਘ - 24, 50, 57, 76, 132, 213, 217.
ਸਚਿੰਦਰ ਸਿੰਘ - 24, 76, 90, 132, 161, 171, 200, 217.
ਸੁਖਦੇਵ ਸਿੰਘ ਸੁਖੀ - 25.
ਸੁਰਿੰਦਰ ਸਿੰਘ - 22, 29, 32, 43, 46, 64, 74, 77, 79, 103, 123, 135, 140, 156, 157, 183, 207, 211.
ਸਤਨਾਮ ਸਿੰਘ ਹਜ਼ੂਰੀ ਸੇਵਾ - 22, 63, 171.
ਸੁਰਿੰਦਰ ਸਿੰਘ ਮਨਚੰਦਾ - 22, 36, 41, 50, 55, 82, 86, 101, 145, 154, 168.
ਸੰਤ ਸੇਵਾ ਸਿੰਘ - 23, 31, 45, 49, 50, 51, 57, 87, 94, 141, 142, 163, 174, 180, 184, 187, 195, 197, 199, 203, 205, 206, 207.
ਸੁਜਾਨ ਸਿੰਘ - 25, 39, 72.
ਸਤਪਾਲ ਸਿੰਘ - 25, 180, 181.
ਸਤਨਾਮ ਸਿੰਘ - 26, 34, 36, 51, 162, 166, 179, 194, 212.
ਸੁਖਬੀਰ ਸਿੰਘ - 30, 33, 35, 133, 208, 215.
ਸੁਰਿੰਦਰ ਸਿੰਘ ਮਾਲੂਵਾਲ - 31, 49.
ਸਿਮਰਜੀਤ ਕੌਰ - 35.
ਸੰਤੋਖ ਸਿੰਘ ਠੇਕੇਦਾਰ - 35.
ਸਤਵਿੰਦਰ ਸਿੰਘ ਮੰਡੀ - 35.
ਸਤਨਾਮ ਸਿੰਘ ਲਾਂਗਰੀ - 40, 99, 158, 179.



Sri Satguru Jagjit Singh Ji Elibrary NamdhariElibrary@gmail.com

ਸਤਨਾਮ ਸਿੰਘ ਮੁਕਤਾ - 40, 143, 146.
ਸੁਰਅੰਮ੍ਰਿਤ ਸਿੰਘ (ਬੈਂਕੋਕ) - 41, 44, 91, 143.
ਸੇਵਾ ਸਿੰਘ (ਸੂਬਾ ਜੀ) - 212.
ਸਾਧਾ ਸਿੰਘ (ਪ੍ਰਧਾਨ) - 41.
ਸਤਵੰਤ ਕੌਰ - 47, 202.
ਸੁਖਦੇਵ ਸਿੰਘ, ਬਾਲੀਨਗਰ - 49, 137.
ਸਵਰਨ ਕੌਰ - 58, 175, 180.
ਸੰਤੋਖ ਸਿੰਘ - 61, 62, 68, 125, 141, 234.
ਸੰਪੂਰਨ ਕੌਰ - 62.
ਸੁਰੈਣ ਸਿੰਘ - 63, 128.
ਸਰਵਣ ਸਿੰਘ - 64.
ਸੁੱਚਾ ਸਿੰਘ - 65, 111, 126.
ਸੰਤਾ ਸਿੰਘ - 65.
ਸੁਖਵਿੰਦਰ ਸਿੰਘ - 68, 84.
ਸੰਤੋਖ ਸਿੰਘ ਮਹੰਤ - 71.
ਸੁਖਵਿੰਦਰ ਕੌਰ - 72, 88.
ਸੁਰਜੀਤ ਕੌਰ - 84, 132, 136, 144, 188, 223.
ਸੂਬਾ ਸੇਵਾ ਸਿੰਘ - 91.
ਸੁਖਦੇਵ ਸਿੰਘ ਸਰਪੰਚ - 105, 106, 108, 114.
ਸੁਰਿੰਦਰ ਪਾਲ ਸਿੰਘ - 117.
ਸੰਪੂਰਨ ਕੌਰ - 127.
ਸਰਦੂਲ ਸਿੰਘ - 139.
ਸੁਰਿੰਦਰ ਕੌਰ - 160.
ਸਰਬਜੀਤ ਸਿੰਘ - 162, 171, 179, 192, 193, 210, 213, 216.
ਸਰੂਪ ਸਿੰਘ - 166.
ਸਰਬਜੀਤ ਕੌਰ - 190.
ਸੰਪੂਰਨ ਸਿੰਘ - 197.
ਸਵਰਨਜੀਤ ਕੌਰ - 199.
ਸੰਤੋਖ ਸਿੰਘ ਚਾਵਲਾ - 222.

ਹ

ਹਰੀ ਸਿੰਘ - 9, 12, 13, 20.
ਹਰਜੀਤ ਸਿੰਘ - 9, 81, 180.
ਹੰਸਪਾਲ ਜੀ - 10, 12, 14, 16, 19, 20, 21, 22, 26, 30, 32, 33, 34, 41, 44, 45, 50, 56, 57, 74, 77, 79, 81, 84, 85, 94, 95, 101, 103, 133, 137, 138, 139, 141, 167.
ਹਜਾਰਾ ਸਿੰਘ ਜੱਥੇਦਾਰ - 10, 19, 126.
ਹਰੀ ਸਿੰਘ ਵਡਾਣੀਆ - 12, 19.
ਹਰਚਰਨ ਸਿੰਘ ਰੰਧਾਵਾ - 14, 22, 56, 69, 70, 89, 95.
ਹਾਕਮ ਸਿੰਘ ਪ੍ਰੋਫੈਸਰ - 14.
ਹਰਸਾ ਸਿੰਘ ਮਾਸਟਰ - 15.
ਹਰਭਜਨ ਸਿੰਘ ਸੰਤ ਨਗਰ - 15, 34.
ਹਰਭਜਨ ਸਿੰਘ ਪਰਵਾਨਾ - 15, 22.
ਹਰਭਜਨ ਸਿੰਘ ਠੇਕੇਦਾਰ - 17.
ਹਰਚਰਨ ਸਿੰਘ ਰੰਧਾਵਾ - 19.
ਹਰਚੰਦ ਸਿੰਘ ਲੌਂਗੋਵਾਲ - 19, 26.
ਹਰਬੰਸ ਸਿੰਘ ਗਿਆਨੀ - 21, 22.



Sri Satguru Jagjit Singh Ji Elibrary NamdhariElibrary@gmail.com

23.
ਹਰਪ੍ਰੀਤ ਸਿੰਘ - 24.
ਹਰਭਜਨ ਸਿੰਘ ਉਸਤਾਦ - 25, 34, 51, 56, 57, 84, 87, 89, 95, 111, 131, 133, 135, 140, 156, 158, 177, 187, 194, 206.
ਹਰਬੰਸ ਸਿੰਘ (ਘੁੱਲਾ ਜੀ) - 25, 60, 66, 104.
ਹਰਨਾਮ ਸਿੰਘ - 33, 34, 36, 39, 62, 67, 68, 82, 144.
ਹਰਬੰਸ ਸਿੰਘ - 37, 49, 50, 119, 125, 162.
ਹਰਭਜਨ ਸਿੰਘ (ਬੈਂਕੋਕ) - 39.
ਹੀਰਾ ਸਿੰਘ (ਸਾਹਿਬਪੁਰ) - 41.
ਹਰਭਜਨ ਸਿੰਘ - 49, 64, 72, 85, 86, 88, 93, 111, 131, 133, 134, 137, 138, 140, 144, 153, 159, 160, 162, 167, 168, 208, 233.
ਹਰਭਜਨ ਸਿੰਘ ਔਰੰਗਾਬਾਦ - 57, 132, 223.
ਹਰਦੇਵ ਸਿੰਘ ਮਸਤਾਨਾ - 59.
ਹਰਦੇਵ ਸਿੰਘ - 125, 190.
ਹਰਬੰਸ ਸਿੰਘ ਸੂਬਾ ਜੀ - 132.
ਹਰਬੰਸ ਕੌਰ - 159.
ਹਰਿੰਦਰ ਕੌਰ - 166.
ਹਰਭਜਨ ਸਿੰਘ ਲਖਨਊ - 167.
ਹਜੂਰਾ ਸਿੰਘ - 167.
ਹਰਨਾਮ ਕੌਰ - 190.
ਹਰਮੀਤ ਸਿੰਘ - 229, 231.

ਕ

ਕਰਨੈਲ ਸਿੰਘ - 9, 23.
ਕੁਲਦੀਪ ਸਿੰਘ - 14, 61, 69, 91, 100, 109, 123, 135, 161, 182.
ਕਰਤਾਰ ਸਿੰਘ - 17, 31, 47, 50, 62, 121, 136, 140, 144, 150, 155, 168, 202.
ਕੁਲਦੀਪ ਸਿੰਘ ਸ਼ੁਤਰਾਣਾ - 17, 60.
ਕਿਰਪਾਲ ਸਿੰਘ - 22, 51, 63, 130, 181.
ਕਾਨ੍ਹ ਸਿੰਘ ਜਥੇਦਾਰ - 27.
ਕੇਹਰ ਸਿੰਘ - 30, 33, 34, 35, 45, 121, 143.
ਕਰਨ ਸਿੰਘ - 55.
ਕੇਹਰ ਸਿੰਘ ਹਮਰਾਹੀ - 55, 67, 82, 111, 112, 123, 139, 144, 234.
ਕਸ਼ਮੀਰ ਸਿੰਘ - 60, 70, 114, 116.
ਕਪੂਰ ਸਿੰਘ - 81, 121.
ਕੁਲਵੰਤ ਹਮਰਾਹੀ - 82.
ਕਿਰਪਾ ਸਿੰਘ - 82.
ਕੁਲਵੰਤ ਸਿੰਘ - 83, 86, 180, 181.
ਕਾਲਾ ਸਿੰਘ - 86.
ਕੁਲਵੰਤ ਸਿੰਘ ਰੂਪਰਾਇ - 95.
ਕਰਤਾਰ ਸਿੰਘ ਸੂਬਾ - 124.
ਕਿਸ਼ਨ ਸਿੰਘ - 135, 202.
ਕਿਰਪਾਲ ਸਿੰਘ ਖੋਖਰ - 157.



Sri Satguru Jagjit Singh Ji Elibrary NamdhariElibrary@gmail.com

ਕੁਲਬੀਰ ਸਿੰਘ - 181.
ਕੰਧਾਰਾ ਸਿੰਘ - 198.
ਕੇਸਰ ਸਿੰਘ - 200.

ਖ

ਖਜਾਨ ਸਿੰਘ - 16, 23, 68, 234.
ਖਜਾਨ ਸਿੰਘ ਰਾਗੀ - 25, 66, 67.
ਖੜਕ ਸਿੰਘ - 122.

ਗ

ਗੁਰਬਚਨ ਸਿੰਘ ਜੱਥੇਦਾਰ - 10, 20.
ਗੁਰਬਚਨ ਸਿੰਘ ਜੱਥੇਦਾਰ, ਸੰਤ ਨਗਰ - 10.
ਗੁਰਦੀਪ ਸਿੰਘ ਜੱਥੇਦਾਰ, ਭੈਣੀ ਸਾਹਿਬ - 10, 60, 94.
ਗੋਪਾਲ ਸਿੰਘ ਪੰਡਿਤ - 11, 45, 58, 59, 61, 63, 73, 123, 210.
ਗੁਰਦੇਵ ਸਿੰਘ ਮਦਾਰ - 13, 81, 134.
ਗੁਰਦਿਆਲ ਸਿੰਘ ਮੰਜੀ ਰਾਣੀਆ - 15.
ਗੁਰਦਿਆਲ ਸਿੰਘ ਪ੍ਰੀਤ - 15.
ਗੁਰਬਖਸ਼ ਸਿੰਘ - 15, 50, 94, 122, 162, 163, 174.
ਗੁਰਭਜਨ ਸਿੰਘ - 19, 21, 22, 77, 79, 94, 95, 141.
ਗਿਆਨ ਸਿੰਘ ਜੱਥੇਦਾਰ - 20.
ਗੁਰਮੇਲ ਸਿੰਘ ਚੀਮਾ - 21, 81, 85.
ਗੁਰਬਚਨ ਸਿੰਘ ਠੇਕੇਦਾਰ - 21, 100.
ਗੁਰਮੀਤ ਕੌਰ - 22, 34, 35, 36, 54, 154, 186, 190, 232.
ਗੁਰਸ਼ਰਨ ਕੌਰ - 22, 33.
ਗੁਰਦੀਪ ਸਿੰਘ, ਦਿੱਲੀ - 22, 40, 152, 181.
ਗੁਰਚਰਨ ਸਿੰਘ ਪੰਛੀ - 23.
ਗੁਰਦੇਵ ਸਿੰਘ ਸਰੋਦ - 25, 34, 56, 57, 69, 86, 87, 111, 131, 132, 133, 138, 140, 218.
ਗੁਲਾਬ ਸਿੰਘ - 26.
ਗਿਆਨ ਸਿੰਘ ਹੰਸਪਾਲ - 31.
ਗੁਰਦੇਵ ਸਿੰਘ ਨੰਬਰਦਾਰ - 34, 36, 40, 103, 125, 143, 146, 166, 177, 183, 184.
ਗੁਰਮੁਖ ਸਿੰਘ - 37, 38, 58, 59, 61, 62, 64, 103, 110, 111, 114, 169, 175, 221.
ਗੁਰਚਰਨ ਸਿੰਘ - 40, 87, 99.
ਗੁਰਦਰਸ਼ਨ ਸਿੰਘ - 41.
ਗੁਰਪਾਲ ਸਿੰਘ - 47, 62.
ਗੁਰਦੀਪ ਸਿੰਘ - 47, 50.
ਗੰਡਾ ਸਿੰਘ - 48, 52.
ਗਨੇਸ਼ਾ ਸਿੰਘ - 49.
ਗੋਪਾਲ ਸਿੰਘ - 50, 185.
ਗੁਰਸ਼ਰਨ ਸਿੰਘ - 52.
ਗੁਰਦਿਆਲ ਸਿੰਘ - 53, 68, 130, 135, 234.
ਗੁਰਦੀਪ ਸਿੰਘ ਢੋਡਾ - 54.
ਗੁਰਬਚਨ ਸਿੰਘ - 58, 59, 143.
ਗੁਰਦਿੱਤ ਸਿੰਘ - 59, 122.



Sri Satguru Jagjit Singh Ji Elibrary NamdhariElibrary@gmail.com

ਗੁਰਮੇਲ ਸਿੰਘ - 59, 64, 86, 102, 104, 108, 112, 234.
ਗੁਲਜ਼ਾਰ ਸਿੰਘ - 62, 96, 98.
ਗੁਰਤੇਜ ਸਿੰਘ - 64.
ਗੁਰਬਖਸ਼ੀਸ਼ ਸਿੰਘ - 72.
ਗੋਪਾਲ ਦਾਸ ਮਹੰਤ - 78.
ਗੁੱਜਰ ਸਿੰਘ - 96.
ਗੁਰਨਾਮ ਸਿੰਘ - 100.
ਗੁਰਚੈਨ ਸਿੰਘ - 152, 210.
ਗੁਰਚਰਨ ਸਿੰਘ ਪੰਡੋਰੀ - 153.
ਗੁਰਦੇਵ ਕੌਰ - 161.
ਗੁਰਚਰਨ ਸਿੰਘ - 181.
ਗੁਰਮੀਤ ਸਿੰਘ - 183, 191.
ਗੁਰਦੀਪ ਸਿੰਘ - 193, 202, 227.
ਗੰਗਾ ਸਿੰਘ - 203.
ਗੁਰਬਚਨ ਕੌਰ - 221.
ਗੁਰਚਰਨ ਸਿੰਘ ਟੋਹੜਾ - 231.

ਚ

ਚਤਰ ਸਿੰਘ ਚੁੱਪ - 22.
ਚੰਦ੍ਰਹਾਸ - 25.
ਚਰਨ ਸਿੰਘ - 63, 127, 131, 135.
ਚੰਨਣ ਕੌਰ - 83.

ਛ

ਬਾਬਾ ਛਿੰਦਾ ਸਿੰਘ - 22

ਜ

ਜਸਬੀਰ ਸਿੰਘ - 9, 42, 49, 57.
ਜਗਦੀਸ਼ ਸਿੰਘ ਵਰਿਆਮ - 12, 15, 17, 19, 21, 23, 63, 69, 70, 77, 79, 80.
ਜਗਜੀਤ ਸਿੰਘ ਜੀ ਸਤਿਗੁਰੂ - 13, 14.
ਜੁਗਿੰਦਰ ਸਿੰਘ ਮੁਕਤਾ - 15.
ਜਗਦੀਸ਼ ਸਿੰਘ - 19, 70, 76, 126, 163, 209, 214.
ਜਵੰਦ ਸਿੰਘ - 21, 211.
ਜਸਮੀਤ ਕੌਰ - 21.
ਬੀਬੀ ਜੀਤਾ - 22.
ਜਸਵੰਤ ਸਿੰਘ ਕੱਲ੍ਹਾ - 22, 70, 80, 112, 123.
ਗਿਆਨੀ ਜ਼ੈਲ ਸਿੰਘ - 23.
ਜਗਤਾਰ ਸਿੰਘ - 29, 35, 36, 42, 43, 44, 117, 118, 132, 215, 216.
ਜਗਮੋਹਨ ਸਿੰਘ - 31, 58.
ਜੁਗਿੰਦਰ ਸਿੰਘ - 31, 37, 40, 121, 156, 158, 160, 194, 198, 199, 206, 207, 213, 234.
ਜਗਜੀਤ ਸਿੰਘ (ਕਾਕਾ) - 39.
ਜੀਊਣ ਸਿੰਘ - 46, 113, 142, 143.
ਜਸਵੰਤ ਸਿੰਘ - 47, 48, 52, 64, 93, 94, 97, 116, 193, 206, 212.



Sri Satguru Jagjit Singh Ji Elibrary NamdhariElibrary@gmail.com

ਜਸਪਾਲ ਸਿੰਘ - 62, 157, 182, 183.
ਜੱਸਾ ਸਿੰਘ - 65.
ਜਸਵੰਤ ਸਿੰਘ ਦਰਜੀ - 79, 94.
ਜਸਵੰਤ ਸਿੰਘ ਪੰਡਿਤ - 81.
ਜਸਬੀਰ ਸਿੰਘ ਮੁਹਾਰਾਂਵਾਲੇ - 83.
ਕਾਕਾ ਜੈ ਸਿੰਘ - 84, 111, 132, 216.
ਜਸਵਿੰਦਰ ਸਿੰਘ - 86, 110, 208, 214.
ਜਗਤ ਸਿੰਘ - 98.
ਜਸਵੰਤ ਸਿੰਘ ਸਰਪੰਚ - 102, 104, 114, 117.
ਜੰਗ ਬਹਾਦਰ ਸਿੰਘ - 111.
ਜੋਗਾ ਸਿੰਘ - 121, 122, 123, 166.
ਜਸਵੰਤ ਸਿੰਘ ਮੰਡੀ - 123.
ਜੋਧ ਸਿੰਘ - 128.
ਜੈਮਲ ਸਿੰਘ - 130.
ਜਾਗੀਰ ਸਿੰਘ - 150, 151, 216.
ਜੈ ਭਾਨ ਸਿੰਘ - 171.
ਡਾ. ਜਗਜੀਤ ਸਿੰਘ - 173, 180, 182, 193.
ਜਸਪਾਲ ਕੌਰ - 209.

ਝ

ਝੰਡਾ ਸਿੰਘ - 47.

ਟ

ਟੇਕ ਸਿੰਘ - 188.

ਠ

ਠਾਕਰ ਸਿੰਘ - 122.

ਤ

ਤਰਸੇਮ ਸਿੰਘ ਸਕੱਤਰ - 9, 34, 35, 36, 37, 40, 48, 51, 61, 63, 65, 70, 75, 79, 82, 95, 111, 112, 114, 120, 135, 152, 153, 166, 171, 173, 198, 201, 204, 215.
ਤਾਰਾ ਸਿੰਘ ਪੁਤਰ ਸੰਤ ਸੁੰਦਰ ਸਿੰਘ - 11.
ਤਾਰਾ ਸਿੰਘ ਅਨਜਾਨ - 15.
ਤਰਲੋਕ ਸਿੰਘ ਐਲਨਾਬਾਦੀ - 15.
ਤ੍ਰਿਲੋਕ ਸਿੰਘ ਸੇਠ - 17, 22, 36, 41, 44, 55, 168.
ਤਰਸੇਮ ਸਿੰਘ ਖਜ਼ਾਨਚੀ - 22, 35.
ਤੇਜਬੀਰ ਸਿੰਘ - 29.
ਤਜਿੰਦਰ ਕੌਰ - 39, 40.
ਤਰਸੇਮ ਸਿੰਘ - 41, 54, 55, 64, 100, 123, 132, 139, 143, 152, 155, 156, 160, 192, 203, 206, 209, 211, 214, 218, 219, 220, 221, 222, 224, 226, 232, 233.



Sri Satguru Jagjit Singh Ji Elibrary NamdhariElibrary@gmail.com

ਤੇਜਾ ਸਿੰਘ - 50, 113, 141.
ਤਜਿੰਦਰ ਸਿੰਘ - 59.
ਤੇਜ ਕੌਰ - 76.
ਤਰਲੋਕ ਸਿੰਘ (ਮੰਡੀ) - 110, 123.
ਤਰਲੋਕ ਸਿੰਘ - 135, 170, 173, 174, 175, 180.
ਤੇਜਵਿੰਦਰ ਸਿੰਘ - 160.
ਤੇਜਿੰਦਰ ਪਾਲ ਸਿੰਘ - 229, 231.

ਦ

ਦਲੀਪ ਕੌਰ ਬੇਬੇ ਜੀ - 12.
ਦਲੀਪ ਸਿੰਘ ਠਾਕੁਰ ਜੀ - 12, 15, 34, 36, 123, 124, 210, 215, 225, 233.
ਦਇਆ ਸਿੰਘ - 13.
ਦਲੀਪ ਸਿੰਘ - 15, 19, 21, 25, 57, 61, 72, 121, 123, 135, 208.
ਦਿਆਲ ਸਿੰਘ ਫਗਵਾੜਾ - 22, 70, 71, 81, 82, 144.
ਦਸਵਿੰਦਰ ਸਿੰਘ - 37, 46, 51.
ਦਲਜੀਤ ਸਿੰਘ - 37.
ਦੀਪ ਸਿੰਘ - 40.
ਦਿਆਲ ਸਿੰਘ ਮਾਹੂਵਾਲ - 44.
ਦੇਵਾ ਸਿੰਘ - 49.
ਦਰਸ਼ਨ ਸਿੰਘ, 50, 144, 145, 161.
ਦਿਆਲ ਸਿੰਘ - 58, 163, 187, 204, 207, 208, 231.
ਦੀਦਾਰ ਸਿੰਘ - 59, 74, 80, 121.
ਦਰਸ਼ਨ ਸਿੰਘ ਮਹੰਤ - 60.
ਦਰਸ਼ਨ ਸਿੰਘ - 61, 86, 104.
ਦਰਬਾਰਾ ਸਿੰਘ - 65, 166, 210, 216.

ਧ

ਧਰਮ ਸਿੰਘ ਜੱਥੇਦਾਰ - 22.
ਧਿਆਨ ਕੌਰ - 72.
ਧਰਮ ਸਿੰਘ ਚਾਵਲਾ ਸੇਠ - 90, 209, 223.
ਧਰਮ ਕੌਰ - 121.
ਧਨਵੰਤ ਸਿੰਘ - 124.

ਨ

ਨੱਥੂ ਰਾਮ - 17.
ਨਿਹਾਲ ਸਿੰਘ ਮਾਸਟਰ - 19, 21, 87, 111, 123, 214.
ਨਿਰੰਜਨ ਸਿੰਘ ਕੱਕੜ ਜੱਥੇਦਾਰ - 20, 22, 160.
ਨੱਥਾ ਸਿੰਘ - 26, 128.
ਨਰਾਇਣ ਸਿੰਘ - 52, 126, 166.
ਨਵਜੀਤ ਸਿੰਘ - 52.
ਨਰਿੰਦਰ ਸਿੰਘ - 58, 83, 85, 160, 166, 170, 171, 180, 197, 200.
ਨਿਰਮਲ ਸਿੰਘ - 74, 121, 125.
ਨਿਰੰਜਨ ਸਿੰਘ ਟਮਕੌਦੀ - 121, 123.
ਨਾਹਰ ਸਿੰਘ ਜੱਥੇਦਾਰ - 124.
ਨਰਾਇਣ ਸਿੰਘ - 128, 184.



Sri Satguru Jagjit Singh Ji Elibrary NamdhariElibrary@gmail.com

ਬੀਬੀ ਨਰਿੰਦਰ ਕੱਲਾ - 136.
ਨਰਿੰਦਰ ਸੂਰੀ - 141.
ਨਰਿੰਦਰ ਮਨਚੰਦਾ - 154.
ਨਸੀਬ ਕੌਰ - 161.
ਨਰਿੰਦਰ ਕੌਰ - 166.

ਪ

ਪ੍ਰੀਤਮ ਸਿੰਘ ਜੱਥੇਦਾਰ - 11.
ਪਿਆਰਾ ਸਿੰਘ - 12, 21, 31, 34, 44, 45, 46, 56, 65, 74, 78, 90, 102, 103, 118, 121, 147, 153.
ਪ੍ਰੀਤਮ ਸਿੰਘ - 15, 16, 49, 94, 117, 121, 123, 125, 130, 141, 150.
ਪ੍ਰਕਾਸ਼ ਕੌਰ - 17, 21, 31.
ਪ੍ਰੀਤਮ ਸਿੰਘ ਕਵੀ - 19, 172, 173, 234.
ਪ੍ਰੀਤਮ ਸਿੰਘ ਕਨੇਡਾ - 22.
ਪ੍ਰੇਮ ਸਿੰਘ - 35, 57.
ਪ੍ਰੀਤਮ ਸਿੰਘ ਮੰਡੀ - 35.
ਬੀਬੀ ਪੁਸ਼ਪਾ - 37.
ਪਿਆਰਾ ਸਿੰਘ ਮੰਡੀ - 40.
ਪਿਆਰ ਕੌਰ - 41, 187, 188.
ਪੂਰਨ ਕੌਰ - 42.
ਪਿਆਰਾ ਸਿੰਘ ਸਚਦੇਵ - 43, 83.
ਪਵਿਤ੍ਰ ਕੌਰ ਬੈਂਕੋਕ - 43.
ਸੰਤ ਪ੍ਰਤਾਪ ਸਿੰਘ - 55.
ਪੂਰਨ ਸਿੰਘ - 59, 120, 121, 154.
ਪ੍ਰਿਥੀਪਾਲ ਸਿੰਘ - 66, 109, 211, 226.
ਪ੍ਰੀਤਮ ਕੌਰ - 67, 68.
ਪਾਲ ਸਿੰਘ - 117.
ਪਰਮਿੰਦਰ ਪਾਲ ਸਿੰਘ - 127.
ਪਰਮਜੀਤ ਸਿੰਘ - 141, 142, 162.
ਪਰਮਜੀਤ ਕੌਰ - 202.

ਫ

ਫਕੀਰ ਸਿੰਘ - 124.

ਬ

ਬਾਲਕ ਸਿੰਘ ਜੀ ਸਤਿਗੁਰੂ - 14.
ਬਲਬੀਰ ਸਿੰਘ ਢਿਲੋਂ - 15, 211, 234.
ਬਲਵੰਤ ਸਿੰਘ - 16, 49, 69, 155, 194, 196, 199, 206.
ਬਲਵਿੰਦਰ ਪਾਲ ਸਿੰਘ - 17.
ਬੀਰ ਸਿੰਘ ਮਹਾਰਾਜ - 19, 20.
ਬਲਵੰਤ ਸਿੰਘ ਬਾਲੀ ਨਗਰ - 19, 22, 46, 54, 216.
ਬਲਵੰਤ ਸਿੰਘ ਸੇਖੀ - 19, 27.
ਬਲਵੰਤ ਸਿੰਘ ਜਮਨਾ ਨਗਰ - 19, 20.
ਬੀਬੀ ਬੇਅੰਤ ਕੌਰ - 21, 29, 41, 42, 46, 84, 137, 138, 143, 167.
ਬਖਸ਼ੀਸ਼ ਸਿੰਘ - 21, 52, 190, 191.



Sri Satguru Jagjit Singh Ji Elibrary NamdhariElibrary@gmail.com

ਬਲਦੇਵ ਸਿੰਘ - 22, 34, 44, 58, 82, 92, 101, 121, 126, 146, 161, 166, 171, 208, 222.
ਬਲਕਾਰ ਸਿੰਘ - 22.
ਬਲਬੀਰ ਸਿੰਘ ਰਾਣੀਆ - 22.
ਬਲਜੀਤ ਸਿੰਘ - 25, 34, 45, 90, 128, 129, 147, 178, 223, 224, 233.
ਬੂਟਾ ਸਿੰਘ - 30.
ਬਲਵੰਤ ਸਿੰਘ - 31, 195.
ਬਲਦੇਵ ਸਿੰਘ ਚਾਨਾ - 32, 50.
ਬਲਤੇਜ ਸਿੰਘ - 34, 60, 64, 101.
ਬਲਬੀਰ ਕੌਰ - 38, 99, 143, 144.
ਬੇਅੰਤ ਸਿੰਘ - 47, 48.
ਬਾਲ ਸਿੰਘ - 51.
ਬਿਧੀ ਸਿੰਘ - 65.
ਬਲਬੀਰ ਸਿੰਘ - 68, 121, 220, 221, 227, 231, 234.
ਬਲਵੰਤ ਕੌਰ - 80.
ਬਚਨ ਸਿੰਘ - 83.
ਬਲਰਾਜ ਸਿੰਘ - 89, 90.
ਬਲਵਿੰਦਰ ਸਿੰਘ - 94, 121, 122, 213.
ਬੁੱਧ ਸਿੰਘ - 117, 187.
ਬੀਬੀ ਬਖਸ਼ੀਸ਼ ਕੌਰ - 126.
ਬਿਸ਼ਨ ਸਿੰਘ - 135, 161.
ਬਲਜੀਤ ਕੌਰ - 145.
ਬਾਜ ਸਿੰਘ - 187.
ਬਹਾਲ ਸਿੰਘ - 203.
ਬਲਦੇਵ ਸਿੰਘ ਚਾਵਲਾ - 222.
ਬਲੀ ਸਿੰਘ - 234.

ਭ

ਭਗਵਾਨ ਸਿੰਘ - 10, 71, 106, 113.
ਭਗਵਾਨ ਦਾਸ - 17, 21, 22.
ਭਗਵੰਤ ਸਿੰਘ - 49.
ਭਜਨੀਕ ਸਿੰਘ - 86.
ਭਪਿੰਦਰ ਸਿੰਘ - 89.
ਭਗਤ ਸਿੰਘ - 94.
ਭਜਨਾ ਸਿੰਘ - 121.
ਭੁਪਿੰਦਰ ਸਿੰਘ ਭੁਰਜੀ - 225.

ਮ

ਮੇਲਾ ਸਿੰਘ ਸੂਬਾ ਜੀ - 10, 19, 70.
ਮਹਿੰਦਰ ਸਿੰਘ ਥੱਲ - 14, 19, 36.
ਮਹੇਸ਼ ਅਹੂਜਾ - 17.
ਮੋਹਨ ਸਿੰਘ - 17, 23, 25, 60, 63, 129, 147, 148.
ਮਹਿੰਦਰ ਸਿੰਘ ਬਾਲੀ ਨਗਰ - 20, 21, 43.
ਮੋਹਨ ਸਿੰਘ ਜੱਥੇਦਾਰ - 20, 66, 165, 177, 184.
ਬੀਬੀ ਮਹਿੰਦਰ ਕੱਲ੍ਹਾ - 21.
ਮਹਿੰਦਰ ਸਿੰਘ ਪੁਰਬਾ - 22, 34, 60, 65, 82, 88, 101, 109, 145, 222.
ਮੇਵਾ ਸਿੰਘ, ਸੰਤ ਨਗਰ - 22.



Sri Satguru Jagjit Singh Ji Elibrary NamdhariElibrary@gmail.com

ਮਨੋਹਰ ਸਿੰਘ - 34, 206.
ਮੁਨਸ਼ਾ ਸਿੰਘ - 35.
ਮਨਰਾਜ ਸਿੰਘ - 35.
ਮੰਗਲ ਸਿੰਘ ਲਾਇਲਪੁਰੀ - 37, 38, 52, 136, 153, 200, 233.
ਮਹਿੰਦਰ ਸਿੰਘ - 42, 50, 59, 60, 75, 83, 93, 111, 116, 120, 144, 145, 180, 200, 208.
ਮਨਜਿੰਦਰ ਸਿੰਘ - 47.
ਮੰਗਲ ਸਿੰਘ - 55, 56, 80.
ਮਨਿੰਦਰ ਬੀਰ ਸਿੰਘ - 62.
ਮਹਿੰਦਰ ਕੌਰ - 69, 183, 190.
ਮੁਖਤਿਆਰ ਸਿੰਘ - 70.
ਮੁਸ਼ਰਫ ਅਲੀ - 110.
ਮਨਜੀਤ ਸਿੰਘ - 158, 159, 160, 182.
ਮਨਮੋਹਨ ਸਿੰਘ - 162, 171, 179, 180, 181, 192, 193, 194.
ਮੁਕੰਦ ਸਿੰਘ - 174, 181.
ਮਨਵਿੰਦਰ ਕੌਰ - 180, 183.
ਮਨਜੀਤ ਕੌਰ - 182.
ਮੱਸਾ ਸਿੰਘ - 183, 186, 188, 190, 191, 192, 203.
ਮਿਲਖਾ ਸਿੰਘ - 188.
ਮੱਖਣ ਸਿੰਘ - 205, 220.
ਮੰਗਲ ਸਿੰਘ - 212.
ਮਨਜਿੰਦਰ ਸਿੰਘ - 219.

ਰ

ਰਾਜਿੰਦਰ ਸਿੰਘ ਗੁਰੂਸਰ - 14.
ਰਾਜਿੰਦਰ ਸਿੰਘ - 15, 17, 19, 208.
ਰਾਜਿੰਦਰ ਸਿੰਘ ਗਹੋਡੋਬ - 19.
ਰਾਮ ਰਤਨ ਸਿੰਘ, ਦਿੱਲੀ - 22, 37, 38, 57, 85.
ਮਾਤਾ ਰਾਮ ਰੱਖੀ - 22.
ਰਾਜੀਵ ਗਾਂਧੀ - 23, 27, 32.
ਰਾਮ ਜੀ ਮਿਸ਼ਰਾ - 25, 63, 178.
ਰਛਪਾਲ ਸਿੰਘ - 28.
ਰਤਨ ਸਿੰਘ - 34, 44, 83, 127, 140, 213.
ਰਵਿੰਦਰ ਸਿੰਘ - 53, 63, 76, 80, 119, 120, 123, 132, 133, 135.
ਰਘੁਬੀਰ ਸਿੰਘ - 59, 116, 120, 168, 194, 206.
ਰਾਜਨ ਮਿਸ਼ਰਾ - 76, 148.
ਰਤਨਾ - 85, 87.
ਰਮਣੀਕ ਸਿੰਘ - 91.
ਰਤਨ ਸਿੰਘ ਸੂਬਾ ਜੀ - 139, 162, 163, 166, 171, 183, 193, 194, 207.
ਰਾਜਿੰਦਰ ਸਿੰਘ ਸਟੀਲਮੈਨ - 140.
ਰੇਸ਼ਮ ਸਿੰਘ - 166, 209, 219.



Sri Satguru Jagjit Singh Ji Elibrary NamdhariElibrary@gmail.com

## ਲ

ਲਾਭ ਸਿੰਘ - 17, 91.
ਲਹਿਣਾ ਸਿੰਘ - 42.
ਲਾਲ ਸਿੰਘ - 52.
ਲੀਲਾਵੰਤੀ - 83.
ਲਛਮਣ ਸਿੰਘ - 145, 156, 186.
ਲਛਮਣ ਸਿੰਘ ਫਗਵਾੜਾ - 168.
ਲਖਬੀਰ ਕੌਰ - 198.

## ਵ

ਵੀਰ ਸਿੰਘ - 78.
ਵਿਸ਼ੇਸ਼ਰ ਸਿੰਘ - 105.
ਵਰਿਆਮ ਸਿੰਘ (ਸੂਬਾ) - 110.
ਵਲਾਇਤ ਖਾਂ ਉਸਤਾਦ - 148, 232.
ਵਸਾਖਾ ਸਿੰਘ - 190.

## ਸ਼

ਸ਼ੇਰ ਸਿੰਘ ਜੱਥੇਦਾਰ - 10, 121, 135.
ਬੀਬੀ ਸ਼ਕੁੰਤਲਾ ਭੁਟਾਨੀ - 21.
ਬੀਬੀ ਸ਼ਾਂਤੀ - 22.
ਸ਼ਮਸ਼ੇਰ ਸਿੰਘ ਠਾਕੁਰ - 39, 86, 145.
ਸ਼ੇਰ ਸਿੰਘ ਚਾਵਲਾ - 44, 151, 223.
ਸ਼ਿਗਾਰਾ ਸਿੰਘ - 58, 166, 188.
ਸ਼ਰਨਜੀਤ ਸਿੰਘ - 61, 62.
ਸ਼ਮਸ਼ੇਰ ਸਿੰਘ - 117, 118.



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਲੇਖਕ ਪ੍ਰੀਤਮ ਸਿੰਘ ਕਵੀ

ISBN 818299308-2
9788182993082

51, ਪੜਦਾ ਬਾਗ, ਨੇੜੇ ਪੈਟ੍ਰੋਲ ਪੰਪ
ਦਰਿਆਗੰਜ, ਨਵੀਂ ਦਿੱਲੀ - 110002

Sri Satguru Jagjit Singh Ji Elibrary NamdhariElibrary@gmail.com